ਮਣ ਕਣਕ ਵੀ ਨਹੀਂ ਸੀ ਹੋਈ ਉਸ ਨੂੰ 163 ਮਣ ਕਣਕ ਵੰਡੀ ਗਈ ਹੈ। ਲੋਲ੍ਹੇ ਪਿੰਡ ਦੀ ਗਿਰਦਾਵਰੀ ਫਿਰ ਕਰਵਾ ਲਈ ਗਈ ਤੇ ਕਣਕ 163 ਮਣ ਅਜਿਹੇ ਆਦਮੀ ਨੂੰ ਦੇ ਦਿਤੀ ਗਈ ਜਿਸ ਦੀ ਕਦੀ 10 ਮਣ ਕਣਕ ਵੀ ਨਹੀਂ ਸੀ ਹੋਈ। ਜੇਕਰ ਕਿਤੇ ਕਮਿਊਨਿਸਟ ਪਿੰਡ ਆਇਆ ਤਾਂ ਗਿਰਦਾਵਰੀ ਨਹੀਂ ਕਰਵਾਈ ਗਈ। ਰੇਣੀ ਤੇ ਸਿਆਲਕਾ ਜ਼ੈਲ ਦੇ ਸਾਰੇ ਪਿੰਡ ਤਬਾਹ ਹੋ ਗਏ ਪਰ ਕਣਕ ਨਹੀਂ ਵੰਡੀ ਗਈ। ਜਿਥੇ ਵਾਕਈ ਖਰਾਬਾ ਹੋਇਆ ਸੀ ਉਥੇ ਕਣਕ ਨਹੀਂ ਵੰਡੀ ਗਈ। ਗਰਾਂਟਾਂ ਕੇਵਲ ਵੋਟਾਂ ਨੂੰ ਪਕਿਆਂ ਕਰਨ ਲਈ ਦਿਤੀਆਂ ਗਈਆਂ ਹਨ। ਜੇਕਰ ਮੇਰਾ ਇਹ ਇਲਜ਼ਾਮ ਗਲਤ ਹੈ ਤਾਂ ਇਕ ਕਮਿਸ਼ਨ ਅਸੈਂਬਲੀ ਦੇ ਮੈਂਬਰਾਂ ਦਾ ਬਣਾ ਦਿਤਾ ਜਾਵੇ ਜੋ ਨਿਰਪਖ ਹੋਕੇ ਵਿਚਾਰ ਕਰੇ ਅਤੇ ਵੇਖੇ ਕਿ ਸਰਹਾਲੀ ਦੇ ਇਲਾਕੇ ਵਿਚ ਕੀ ਕੁਝ ਨਹੀਂ ਕੀਤਾ ਗਿਆ।

ਫਿਰ ਤਕਾਵੀਆਂ ਦਾ ਸਵਾਲ ਸੀ। ਪੰਜ ਪੰਜ ਸੌ, ਹਜ਼ਾਰ ਹਜ਼ਾਰ ਰੁਪਿਆ ਦੀਆਂ ਤਕਾਵੀਆਂ ਵੰਡੀਆਂ ਗਈਆਂ, ਪਰ ਜਿਥੇ ਤਹਿਸੀਲਦਾਰਾਂ ਨੂੰ ਚੀਫ ਮਨਿਸਟਰ ਨੇ ਅਤੇ ਹੋਰਨਾਂ ਵਜ਼ੀਰਾਂ ਨੇ ਹੀ ਕਿਹਾ। ਤੁਸੀਂ ਹੁਣ ਜਾਕੇ ਆਪ ਪਤਾ ਕਰ ਲਉ ਕਿ ਕਿਨ੍ਹਾਂ ਨੂੰ ਤਕਾਵੀਆਂ ਦਿਤੀਆਂ ਗਈਆਂ ਹਨ। ਪਿੰਡ ਤਨੇਲ ਨੂੰ ਇਕੱਠਾ ਕੀਤਾ ਗਿਆ ਅਤੇ ਤਹਿਸੀਲਦਾਰ ਨੇ ਆਪ ਕਿਹਾ ਕਿ ਇਹ ਪਿੰਡ ਕਮਿਊਨਿਸਟਾਂ ਦਾ ਹੈ ਇਸ ਲਈ ਇਥੇ ਤਕਾਵੀਆਂ ਨਾ ਦਿਤੀਆਂ ਜਾਣ। ਤਨੇਲ ਪਿੰਡ ਵਿਚ, ਹੋਰਨਾਂ ਪਿੰਡਾਂ ਵਿਚ ਇਹੋ ਹੀ ਹਾਲ ਹੋਇਆ। ਤਹਿਸੀਲਦਾਰ ਖੁਲ੍ਹਮ ਖੁਲ੍ਹਾ ਕਹਿੰਦੇ ਫਿਰਦੇ ਸੀ ਕਿ ਜਾਉ ਧੂਲਕਾ ਸਾਹਿਬ ਨੂੰ ਨਾਲ ਲੈ ਆਓ। ਫਿਰ ਜਿਸ ਹਿਸਾਬ ਨਾਲ figures ਇਕੱਠੇ ਕੀਤੇ ਗਏ, ਉਹ ਆਪ ਨੂੰ ਪਤਾ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਤਕਾਵੀਆਂ ਜਿਨ੍ਹਾਂ ਨੂੰ ਦਿਤੀਆਂ ਗਈਆਂ ਹਨ ਉਨ੍ਹਾਂ ਦੀਆਂ figures ਨੂੰ ਇਕੱਠਾ ਕਰ ਲਿਆ ਜਾਵੇ ਅਤੇ ਫਿਰ ਪੜਤਾਲ ਕਰਾਈ ਜਾਵੇ। ਸਾਰਾ ਪੈਸਾ ਅੰਮ੍ਰਿਤਸਰ ਜ਼ਿਲ੍ਹੇ ਵਿਚ ਆਪਣੇ ਧੜੇ ਨੂੰ ਵੰਡ ਦਿਤਾ ਗਿਆ ਹੈ। ਜਿਥੇ ਪਹਿਲਾਂ 300 ਪਿੰਡ ਸਨ ਉਥੇ 400 ਤੇ ਫਿਰ 600 ਬਣਾ ਦਿਤੇ ਗਏ। ਗਿਰਦਾਵਰੀਆਂ ਬਦਲ ਦਿਤੀਆਂ ਗਈਆਂ ਅਤੇ ਨਵੀਆਂ ਗਿਰਦਾਵਰੀਆਂ ਤਿਆਰ ਕਰਵਾ ਲਈਆਂ ਗਈਆਂ ਤਾਂ ਕਿ ਆਪਣੇ ਆਦਮੀਆਂ ਨੂੰ ਫਾਇਦਾ ਪਹੁੰਚਾਇਆ ਜਾ ਸਕੇ। ਅਤੇ ਇਸ ਤਰ੍ਹਾਂ ਇਹ ਸਾਰਾ ਪੈਸਾ ਗਰੀਬਾਂ ਦੀ ਮਦਦ ਲਈ ਨਹੀਂ ਸਗੋਂ ਇਲੈਕਸ਼ਨ ਤੇ ਖਰਚ ਕੀਤਾ ਗਿਆ ਅਤੇ ਗਰੀਬਾਂ ਨੂੰ ਕੁਚਲ ਦਿਤਾ ਗਿਆ (ਇਕ ਆਵਾਜ਼ : ਤੁਸੀਂ ਤਾਂ ਪੰਜੇ ਨਾਲ ਜਿਤੇ ਹੋ)।

ਇਸ ਤੋਂ ਅਗਾਂਹ ਘਰਾਂ ਦੀਆਂ ਗਰਾਂਟਾਂ ਹਨ। ਇਨ੍ਹਾਂ ਬਾਰੇ ਜ਼ਿਲ੍ਹਾ ਅੰਮ੍ਰਿਤਸਰ ਵਿਚ ਇਕ ਪੈਸਾ ਵੀ ਉਨ੍ਹਾਂ ਲੋਕਾਂ ਨੂੰ ਨਹੀਂ ਦਿਤਾ ਗਿਆ ਜਿਨ੍ਹਾਂ ਦੇ ਘਰ ਢਠੇ ਹੋਏ ਸਨ ਜਾਂ ਜਿਨ੍ਹਾਂ ਦਾ ਨੁਕਸਾਨ ਹੋਇਆ ਸੀ। ਮੁਖ ਮੰਤਰੀ ਜਾਂ ਸਬੰਧਤ ਵਜ਼ੀਰ ਸਾਹਿਬ ਕਿਸੇ ਇਕ ਵੀ ਪਿੰਡ ਦੀ ਲਿਸਟ ਮੰਗਵਾ ਕੇ ਵੇਖ ਲੈਣ ਕਿ ਕਿੰਨਿਆਂ ਅਜਿਹੇ ਆਦਮੀ ਨੂੰ ਗਰਾਂਟ ਦਿਤੀ ਗਈ ਜਿਨ੍ਹਾਂ ਦਾ ਮਕਾਨ ਢਠਾ ਪਿਆ ਸੀ। ਤੇ ਜਿਨ੍ਹਾਂ ਦੇ ਪਕੇ ਮਕਾਨ ਸਨ ਉਨ੍ਹਾਂ ਨੂੰ ਗਰਾਂਟਾਂ ਕੇਵਲ ਆਪਣੀ ਪਾਰਟੀ ਨੂੰ ਮਜ਼ਬੂਤ ਕਰਨ ਲਈ ਦਿੱਤੀਆਂ ਗਈਆਂ। ਇਨ੍ਹਾਂ ਪਕਿਆਂ ਘਰਾਂ ਵਾਲਿਆਂ ਦਾ ਰੱਤੀ ਭਰ ਨੁਕਸਾਨ ਨਹੀਂ ਸੀ ਹੋਇਆ। ਇਹ ਗਰਾਂਟਾਂ ਆਪ ਪੜਤਾਲ ਕਰਕੇ ਵੇਖ ਲਉ ਕਿੰਨੇ ਮਜ਼ਬੀਆਂ ਨੂੰ ਜਾਂ ਕਿੰਨਿਆਂ ਗਰੀਬ ਮੁਜ਼ਾਰਿਆਂ ਨੂੰ ਜਾਂ ਗਰੀਬ ਕਿਸਾਨਾਂ ਨੂੰ ਜਿਨ੍ਹਾਂ ਦੇ ਮਕਾਨ ਢਠ ਗਏ ਹੋਣ, ਦਿਤੀਆਂ ਗਈਆਂ ਹਨ।

ਤਕਾਵੀਆਂ ਦੀ ਜਿਥੋਂ ਤਕ ਗੱਲ ਹੈ ਜਿਨ੍ਹਾਂ ਨੇ ਤਾਂ ਹਨੇਰ ਹੀ ਮਚਾ ਦਿਤਾ ਹੈ ਪਹਿਲਾਂ ਪੰਜ ਸੌ ਤਕ ਸੀ ਫਿਰ ਦੂਜਾ ਚੱਕਰ ਚਲਾ ਦਿੱਤਾ ਗਿਆ ਅਤੇ ਇਸ ਨੂੰ ਇਕ ਹਜ਼ਾਰ ਤਕ

[ਕਾਮਰੇਡ ਮੱਖਣ ਸਿੰਘ ਤਰਸਿੱਕਾ]

ਕਰ ਦਿੱਤਾ ਗਿਆ ਅਤੇ ਹੁਣ ਦੂਜੇ ਦੌਰ ਵਿਚ ਇਹ ਕਿਹਾ ਜਾ ਰਿਹਾ ਹੈ ਕਿ ਇਸ ਨੂੰ ਗਰਾਂਟ ਨਾ ਦਿਉ ਕਿਉਂਕਿ ਇਸ ਨੇ ਕਮਿਊਨਿਸਟ ਨੂੰ ਵੋਟ ਪਾਈ ਸੀ ਜਾਂ ਇਸ ਨੂੰ ਨਾ ਦਿਉ ਕਿਉਂਕਿ ਇਸ ਨੇ ਅਕਾਲੀ ਦੀ ਮਦਦ ਕੀਤੀ ਸੀ । ਤੇ ਜੇ ਕਿਤੇ ਕੋਈ ਚਲਾ ਜਾਵੇ ਤਾਂ ਕਹਿ ਦਿਤਾ ਜਾਂਦਾ ਹੈ ਕਿ ਜਾਂ ਮੰਡਲ ਕਾਂਗਰਸ ਦੇ ਪ੍ਰਧਾਨ ਨੂੰ ਨਾਲ ਲੈ ਆ ਜਾਂ ਲਾਲਾ ਮਨੋਹਰ ਲਾਲ ਨੂੰ ਨਾਲ ਲੈ ਆ । ਇਸ ਲਈ ਮੈਂ ਇਹ ਪੁਰਜ਼ੋਰ ਬੇਨਤੀ ਇਸ ਹਾਊਸ ਪਾਸ ਕਰਦਾ ਹਾਂ ਕਿ ਹੜ੍ਹ-ਪੀੜਤਾਂ ਨੂੰ ਗਰਾਂਟਾਂ ਦੇਣ ਲਈ ਜੋ ਰਕਮ ਅੰਮ੍ਰਿਤਸਰ ਲਈ ਰਖੀ ਗਈ ਹੈ ਇਹ ਬਿਲਕੁਲ ਪਾਸ ਨਹੀਂ ਕੀਤੇ ਜਾਣੀ ਚਾਹੀਦੀ ਕਿਉਂਕਿ ਇਸ ਦੇ ਰਾਹੀਂ ਧੜਾ ਪਾਲਿਆ ਗਿਆ ਹੈ ।

ਇਸ ਤੋਂ ਅਗਾਂਹ ਇਕ ਹੋਰ ਹਨੇਰ ਵੇਖੋ ਇਸ ਸਰਕਾਰ ਦਾ ਅਤੇ ਇਸ ਚੀਫ ਮਨਿਸਟਰ ਸਾਹਿਬ ਦਾ ਕਿ ਰੋਹੀਆਂ ਪੂਰੀਆਂ ਨਹੀਂ ਪੁਟੀਆਂ ਗਈਆਂ ਅਤੇ ਇਹ ਕੰਮ ਵੀ ਆਪਣੇ ਧੜੇ ਦੇ ਠੇਕੇਦਾਰਾਂ ਨੂੰ ਦੇ ਦਿਤਾ ਗਿਆ ਹੈ । ਪਟੀ ਕਸੂਰ ਆਦ ਪਾਸ ਰੋਹੀਆਂ ਪੁਟੀਆਂ ਗਈਆਂ ਅਤੇ ਇਸ ਕੰਮ ਤੇ ਕਰੋੜਾਂ ਰੁਪਿਆ ਖਰਚ ਕੀਤਾ ਗਿਆ ਪਰ ਇਹ ਰੁਪਿਆ ਸਾਰੇ ਦਾ ਸਾਰਾ ਜ਼ਾਇਆ ਕੀਤਾ ਗਿਆ ਹੈ ਮੈਂ ਇਸ ਹਾਊਸ ਵਿਚ ਇਸ ਗੱਲ ਦਾ ਚੈਲੰਜ ਦਿੰਦਾ ਹਾਂ ਕਿ ਕੋਈ ਇਸ ਗੱਲ ਨੂੰ ਗਲਤ ਸਾਬਤ ਕਰੇ । ਜਿੰਨੇ ਵੀ ਠੇਕੇਦਾਰ ਹਨ ਉਹ ਸਰਕਾਰ ਦੇ ਧੜੇ ਦੇ ਆਦਮੀ ਹਨ ਇਨ੍ਹਾਂ ਲਈ ਮੁਕੱਦਮੇ ਲੜਦੇ ਹਨ ਉਹ ਠੇਕੇਦਾਰ ਕਦੀ ਦਿੱਲੀ ਤੇ ਕਦੀ ਕਿਸੇ ਹੋਰ ਥਾਂ ਭਜੇ ਫਿਰਦੇ ਹਨ ਅਤੇ ਇਨ੍ਹਾਂ ਠੇਕੇਦਾਰਾਂ ਨੇ ਬਹੁਤ ਹੀ ਅੰਨ੍ਹੀ ਪਾਈ ਹੋਈ ਹੈ । ਇਨ੍ਹਾਂ ਨੇ ਪੂਰੀਆਂ ਰੋਹੀਆਂ ਨਹੀਂ ਪੁਟੀਆਂ ਅਤੇ ਪਾਣੀ ਦਾ ਨਿਕਾਸ ਪੂਰਾ ਨਹੀਂ ਕੀਤਾ ਅਤੇ ਨਾ ਹੀ ਉਸ ਪਾਣੀ ਨੂੰ ਅਗਾਂਹ ਕਿਸੇ ਨਾਲ ਮਿਲਾਣ ਦਾ ਯਤਨ ਕੀਤਾ ਹੈ ਜਿਸ ਦਾ ਸਿਟਾ ਇਹ ਹੋਇਆ ਕਿ ਅੰਮ੍ਰਿਤਸਰ ਦੇ ਜ਼ਿਲ੍ਹੇ ਵਿਚ ਤਬਾਹੀ ਹੋਈ ਹੈ ਅਤੇ ਇਹ ਤਬਾਹੀ ਮੈਂ ਤਾਂ ਕਹਾਂਗਾ ਕਿ ਇਨ੍ਹਾਂ ਠੇਕੇਦਾਰਾਂ ਨੇ ਕਰਵਾਈ ਹੈ ਅਤੇ ਉਹ ਇਸ ਗੱਲ ਦੇ ਜ਼ਿੰਮੇਵਾਰ ਹਨ । ਕਿਉਂਕਿ ਪੈਸਾ ਬਹੁਤ ਬੁਰੀ ਤਰ੍ਹਾਂ ਜ਼ਾਇਆ ਕੀਤਾ ਗਿਆ ਹੈ । ਇਸ ਲਈ ਮੈਂ ਸਮਝਦਾ ਹਾਂ ਕਿ ਇਹ ਗਰਾਂਟ ਪਾਸ ਨਹੀਂ ਕੀਤੀ ਜਾਣੀ ਚਾਹੀਦੀ । ਮੈਂ ਸੰਬਧਤ ਵਜ਼ੀਰ ਸਾਹਿਬ ਨੂੰ ਚੈਲੰਜ ਕਰਦਾ ਹਾਂ ਕਿ ਉਹ ਇਸ ਗੱਲ ਦੀ ਪੜਤਾਲ ਕਰਕੇ ਵੇਖ ਲੈਣ ਕਿ ਇਹ ਉਹ ਠੇਕੇਦਾਰ ਹਨ ਜੋ ਸਰਕਾਰ ਦੇ ਵਜ਼ੀਰਾਂ ਲਈ ਮੁਕੱਦਮੇ ਲੜਦੇ ਹਨ ਕਾਂਗਰਸ ਦੇ ਮੰਡਲਾਂ ਦੇ ਪ੍ਰਧਾਨ ਹਨ ਅਤੇ ਇਨ੍ਹਾਂ ਨੇ ਲੋਕਾਂ ਨੂੰ corrupt ਕਰ ਦਿਤਾ ਹੈ ਸਾਰੇ ਜ਼ਿਲੇ ਨੂੰ corrupt ਕਰ ਦਿਤਾ ਹੈ । ਜਿਸ ਨੇ ਸਿਆਸੀ ਤਹਿਰੀਕਾਂ ਵਿਚ ਸਭ ਤੋਂ ਵਧ ਹਿੱਸਾ ਲਿਆ ਸੀ ਅਤੇ ਸਨ 14-15 ਵਿਚ ਸਭ ਤੋਂ ਵਧ ਜੇਹਲਾਂ ਵਿਚ ਗਏ ਸਨ ਪਰ ਅਜ ਇਸ ਤਰੀਕੇ ਨਾਲ corrupt ਕੀਤਾ ਜਾ ਰਿਹਾ ਹੈ ਵੋਟਾਂ ਪੱਕੀਆਂ ਕਰਨ ਲਈ, ਗਰਾਂਟਾਂ ਦੇ ਕੇ ਸਮਗਲਰ ਬਣਾਏ ਜਾ ਰਹੇ ਹਨ । ਅਜ ਅੰਮ੍ਰਿਤਸਰ ਜ਼ਿਲ੍ਹੇ ਵਿਚ ਸਮਗਲਰਾਂ ਦੀ ਤਾਦਾਦ ਵਧਦੀ ਜਾ ਰਹੀ ਹੈ ।

Mr. Speaker : The hon. Member should please confine himself to the Appropriation Bill. He should not try to be vague and level baseless charges. He should not throw challenge after challenge.

Minister for Revenue : Sir, the hon. Member may be told what is meant by Appropriation Bill.

ਕਾਮਰੇਡ ਮੱਖਣ ਸਿੰਘ ਤਰਸਿੱਕਾ : ਇਸ ਲਈ ਮੇਰੀ ਬੇਨਤੀ ਇਹ ਹੈ ਕਿ ਤਿੰਨ ਕਰੋੜ 70 ਲੱਖ ਰੁਪਏ ਦੀ ਗਰਾਂਟ ਜੋ ਹੜ੍ਹ-ਪੀੜਤਾਂ ਲਈ ਰਖੀ ਗਈ ਹੈ ਨਹੀਂ ਪਾਸ

ਕੀਤੀ ਜਾਣੀ ਚਾਹੀਦੀ । ਕਿਉਂਕਿ ਇਸ ਨੂੰ ਵੰਡਣ ਲਈ ਜ਼ਿਲ੍ਹਾ ਅੰਮ੍ਰਿਤਸਰ ਦੇ ਅੰਦਰ ਅੰਨ੍ਹੀ ਪਈ ਹੋਈ ਹੈ । ਪਹਿਲਾਂ ਇਸ ਧੜੇਪਾਲੂ ਨੀਤੀ ਦੀ ਪੜਤਾਲ ਕਰੋ ।

ਫਿਰ ਇਸ ਤੋਂ ਅਗੇ ਮੈਂ ਵਜ਼ੀਰਾਂ ਦੇ discretionary fund ਦਾ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਕਿਸ ਤਰੀਕੇ ਨਾਲ ਜ਼ਿਲ੍ਹਾ ਅੰਮ੍ਰਿਤਸਰ ਵਿਚ ਇਸ ਨੂੰ ਵੰਡਿਆ ਗਿਆ ਹੈ ਅਤੇ ਆਪਣੀ ਪਾਰਟੀ ਨੂੰ ਪਕਿਆਂ ਕੀਤਾ ਗਿਆ ਹੈ । ਜਿਸ ਤਰੀਕੇ ਨਾਲ ਉਨ੍ਹਾਂ ਨੇ ਇਹ ਪੈਸਾ ਵਰਤਿਆ ਹੈ ਇਹ ਕਿਸੇ ਕੋਲੋਂ ਲੁਕਿਆ ਹੋਇਆ ਨਹੀਂ । ਕਿਸਤਰ੍ਹਾਂ ਆਪਣੀ ਧੜੇਬੰਦੀ ਬਣਾਉਣ ਲਈ ਅਤੇ ਲੋਕਾਂ ਤੋਂ ਵੋਟਾਂ ਪਵਾਉਣ ਲਈ ਇਹ ਪੈਸਾ ਵਰਤਿਆ ਗਿਆ ਹੈ । ਕੈਰੋਂ ਸਾਹਿਬ ਲੋਕਾਂ ਕੋਲ ਜਾ ਜਾ ਕੇ ਕਹਿੰਦੇ ਰਹੇ ਹਨ ਕਿ ਅਜੇ ਨਾ ਤੁਸੀਂ ਮੇਰੇ ਕੋਲੋਂ ਕੁਝ ਮੰਗੋ, 26 ਤਾਰੀਖ ਨੂੰ ਮੈਂ ਤੁਹਾਨੂੰ ਸਭ ਕੁਝ ਦੇ ਦਿਆਂਗਾ । ਹਰ ਮੁਮਕਿਨ ਤਰੀਕੇ ਨਾਲ ਆਪਣੀ ਕਾਮਿਆਬੀ ਲਈ ਸਰਕਾਰੀ ਪੈਸਾ ਜ਼ਾਇਆ ਕੀਤਾ ਗਿਆ ਹੈ । ਮੈਂ ਹੈਰਾਨ ਹਾਂ ਕਿ ਇਸ ਖਰਚ ਦੀ ਜੂਨ, 1961 ਵਿਚ ਕਿਤਨੇ ਲੱਖ ਅਤੇ ਫੇਰ ਨਵੰਬਰ, 1961 ਵਿਚ ਕਿਤਨੇ ਲੱਖ ਇਲੈਕਸ਼ਨ ਫੰਡ ਬਣਾਕੇ ਵਰਤਿਆ ਗਿਆ ਹੈ । ਮੈਨੂੰ ਦੱਸਿਆ ਜਾਵੇ ਕਿ ਇਹ ਫੰਡ ਕਿਸ ਭਲੇ ਦੇ ਕੰਮ ਲਈ ਵਰਤਿਆ ਗਿਆ ਹੈ । ਸਾਨੂੰ ਇਹ ਸਭ ਪਤਾ ਹੈ ਕਿ ਕਿਹੜੇ ਕਿਹੜੇ ਸਕੂਲ ਤੇ ਹਸਪਤਾਲਾਂ ਦੇ, ਮੁਖ ਮੰਤ੍ਰੀ ਨੇ ਫ਼ਰਵਰੀ ਦੇ ਮਹੀਨੇ ਵਿਚ ਨੀਂਹ ਪੱਥਰ ਰੱਖਣ ਦਾ ਵਿਖਾਵਾ ਕੀਤਾ ਹੈ । ਅਸੀਂ ਸਮਝਦੇ ਹਾਂ ਕਿ ਕੁਝ ਖਾਸ ਮਕਸਦਾਂ ਨੂੰ ਸਾਹਮਣੇ ਰੱਖਕੇ ਪੰਜਾਬ ਸਰਕਾਰ ਨੇ, ਪੰਜਾਬ ਦੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀ ਗਾੜ੍ਹੇ ਪਸੀਨੇ ਦੀ ਕਮਾਈ ਦਾ ਪੈਸਾ ਜ਼ਾਇਆ ਕਰਨ ਦੀ ਕੋਸ਼ਸ਼ ਕੀਤੀ ਹੈ । ਮੈਂ ਇਕ ਹੋਰ ਅਰਜ਼ ਕਰ ਦਿਆਂ ਕਿ Discretionary Fund ਬਹੁਤਾ ਵਰਤਿਆ ਗਿਆ ਹੈ ਤਾਂ ਉਹ ਅੰਮ੍ਰਿਤਸਰੀਆਂ ਦੇ ਆਪਣੇ ਧੜੇ ਦੇ ਲਾਭ ਲਈ ਹੀ ਵਰਤਿਆ ਹੈ । ਇਸ ਚੀਜ਼ ਦੀ ਪੜਤਾਲ ਲਈ ਮੈਂ ਅਰਜ਼ ਕਰਾਂਗਾ ਕਿ ਉਨ੍ਹਾਂ ਨੂੰ ਚਾਹੀਦਾ ਹੈ ਕਿ ਤਿੰਨ ਮੈਂਬਰਾਂ ਦੀ ਇਕ ਕਮੇਟੀ ਬਣਾਉਣ, ਜੋ ਇਸ ਗੱਲ ਦੀ ਜਾਂਚ ਕਰੇ ਕਿ ਇਹ ਪੈਸਾ ਕਿਥੇ ਕਿਥੇ ਅਤੇ ਕਿਸਤਰ੍ਹਾਂ ਵਰਤਿਆ ਗਿਆ ਹੈ । ਮੈਂ ਇਹ ਪੂਰੇ ਵਸੂਖ ਨਾਲ ਕਹਿ ਸਕਦਾ ਹਾਂ ਕਿ ਜਿਤਨਾ ਵੀ ਪੈਸਾ ਵਜ਼ੀਰਾਂ ਵੱਲੋਂ ਦਿੱਤਾ ਜਾਂਦਾ ਰਿਹਾ ਹੈ ਉਹ ਕਿਸੇ ਨਾ ਕਿਸੇ ਤਰੀਕੇ ਨਾਲ ਆਪਣੇ ਲੋਕਾਂ ਦਾ ਪੇਟ ਪਾਲਣ ਤੇ ਹੀ ਖਰਚ ਕੀਤਾ ਜਾਂਦਾ ਰਿਹਾ ਹੈ । ਜੋ ਵੀ ਤਕਾਵੀਆਂ ਦਿੱਤੀਆਂ ਗਈਆਂ ਜਾਂ ਕਣਕ ਵੰਡੀ ਗਈ ਜਾਂ ਹੋਰ ਰਿਆਇਤਾਂ ਦਿੱਤੀਆਂ ਗਈਆਂ, ਉਹ ਇਨ੍ਹਾਂ ਦੇ ਤਹਿਸੀਲਦਾਰਾਂ ਰਾਹੀਂ ਇਨ੍ਹਾਂ ਦੇ ਆਪਣੇ ਇਲਾਕਿਆਂ ਵਿਚ ਅਤੇ ਇਨ੍ਹਾਂ ਦੇ ਆਪਣੇ ਚਹੇਤਿਆਂ ਨੂੰ ਹੀ ਦਿੱਤੀਆਂ ਗਈਆਂ । ਵੰਡਣ ਵਾਲੇ ਤਾਂ ਪਹਿਲਾਂ ਹੀ ਇਨ੍ਹਾਂ ਦੇ ਆਪਣੇ ਰਿਸ਼ਤੇਦਾਰ ਭਰਤੀ ਕੀਤੇ ਹੋਏ ਹਨ । ਮੈਂ ਸਰਕਾਰ ਨੂੰ ਇਸ ਗੱਲ ਤੇ ਚੈਲੇਂਜ ਕਰਦਾ ਹਾਂ ਕਿ ਇਸ ਚੀਜ਼ ਲਈ ਇਕ ਪੜਤਾਲੀਆ ਕਮੇਟੀ ਬਣਾਈ ਜਾਵੇ ਅਤੇ ਅਸੈਂਬਲੀ ਦੇ ਤਿੰਨ ਮੈਂਬਰ ਇਸ ਵਿਚ ਲਏ ਜਾਣ । ਜਿਤਨੀਆਂ ਵੀ ਮੈਂ ਗੱਲਾਂ ਕਹੀਆਂ ਹਨ ਜੇ ਉਹ ਗ਼ਲਤ ਹੋਣ ਤਾਂ ਬੇਸ਼ਕ ਮੈਨੂੰ prosecute ਕੀਤਾ ਜਾਵੇ । ਇਸ ਦੀ ਬਾਕਾਇਦਾ enquiry ਹੋਣੀ ਚਾਹੀਦੀ ਹੈ । ਅਸੀਂ ਤਹਿਸੀਲਦਾਰਾਂ ਅਤੇ ਦੂਜਿਆਂ ਅਫ਼ਸਰਾਂ ਪਾਸ ਜਾਕੇ ਉਨ੍ਹਾਂ ਦੇ ਨੋਟਿਸ ਵਿਚ ਬਹੁਤ ਸਾਰੀਆਂ ਚੀਜ਼ਾਂ ਲਿਆਉਂਦੇ ਰਹੇ ਹਾਂ ਪਰ ਕਿਸੇ ਨੇ ਕੋਈ ਪਰਵਾਹ ਨਹੀਂ ਕੀਤੀ । ਉਹ ਕਹਿੰਦੇ ਹਨ ਕਿ ਏਥੇ ਤਾਂ ਜਾਂ ਨਾਰਾਇਣ ਸਿੰਘ ਸ਼ਹਿਬਾਜ਼ਪੁਰੀ ਦੀ ਹਕੂਮਤ ਹੈ ਜਾਂ ਚੀਫ ਮਨਿਸਟਰ ਦੀ, ਕੋਈ ਕਾਇਦੇ ਕਾਨੂੰਨ ਦਾ ਸਵਾਲ ਨਹੀਂ । ਇਨ੍ਹਾਂ ਸ਼ਬਦਾਂ ਨਾਲ, ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਇਹ ਗਰਾਂਟ ਪਾਸ ਨਹੀਂ ਹੋਣੀ ਚਾਹੀਦੀ ।

ਸਰਦਾਰ ਗੁਰਚਰਨ ਸਿੰਘ (ਮੋਗਾ): ਸਪੀਕਰ ਸਾਹਿਬ, ਇਹ ਜੋ ਰਕਮ relief ਦੇਣ ਵਾਸਤੇ ਮਨਜ਼ੂਰ ਕਰਵਾਈ ਜਾ ਰਹੀ ਹੈ । ਮੈਂ ਸਮਝਦਾ ਹਾਂ ਕਿ ਜਿਨ੍ਹਾਂ ਦਾ ਵਾਕਈ ਨੁਕਸਾਨ ਹੋਇਆ ਹੋਵੇ ਉਨ੍ਹਾਂ ਨੂੰ ਮਿਲਣੀ ਚਾਹੀਦੀ ਸੀ । ਪਰ ਦਿੱਤੀ ਇਹ ਉਨ੍ਹਾਂ ਨੂੰ ਗਈ ਜਿਨ੍ਹਾਂ ਦਾ ਕੋਈ ਹਕ ਨਹੀਂ ਸੀ ਬਣਦਾ ਮੈਂ ਸਮਝਦਾ ਹਾਂ ਸਰਕਾਰ ਨੇ ਇਹ ਠੀਕ ਤਰੀਕੇ ਨਾਲ ਨਾ ਵੰਡ ਕੇ ਇਸ ਨੂੰ ਜ਼ਾਇਆ ਕੀਤਾ ਹੈ। ਪੰਜਾਬ ਵਿਚ ਮਹਿਜ਼ ਕਿਸੇ ਖਾਸ ਆਦਮੀ ਦੇ ਕਹਿਣ ਤੇ relief ਕਿਸੇ ਖਾਸ ਨੂੰ ਹੀ ਦਿੱਤਾ ਗਿਆ ਹੈ । ਜਿਨ੍ਹਾਂ ਲੋਕਾਂ ਦਾ ਵਾਕਈ ਨੁਕਸਾਨ ਹੋਇਆ ਹੈ ਉਨ੍ਹਾਂ ਨੂੰ ਪੁਛਿਆ ਤੱਕ ਨਹੀਂ ਗਿਆ । ਜਿਸ ਤਰ੍ਹਾਂ ਵਜ਼ੀਰ ਸਾਹਿਬ ਨੇ ਏਥੇ ਫਰਮਾਇਆ ਹੈ ਕਿ ਕੋਈ specific ਗੱਲਾਂ ਕੀਤੀਆਂ ਜਾਣ ਮੈਂ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਜ਼ਿਲ੍ਹਾ ਸੰਗਰੂਰ ਵਿਚ ਇਕ ਚੰਦਭਾਨ drain ਕਢੀ ਗਈ ਹੈ । ਇਸ ਦੀ demarcation, demolish ਹੋ ਚੁਕੀ ਹੈ । ਸਰਕਾਰ ਨਾਲ ਇਸ ਬਾਰੇ ਲੋਕਾਂ ਦੀ ਬੜੀ ਲਿਖਾ ਪੜ੍ਹੀ ਚਲ ਰਹੀ ਹੈ ਕਿ ਜੇ ਇਹ drain ਇਥੋਂ ਕਢੀ ਗਈ ਤਾਂ ਇਸ ਨਾਲ ਲੋਕਾਂ ਦਾ ਬੜਾ ਭਾਰੀ ਨੁਕਸਾਨ ਹੋਵੇਗਾ । ਇਸ ਦੇ ਬਾਰੇ ਲੋਕਾਂ ਨੇ ਚੀਫ ਮਨਿਸਟਰ ਨੂੰ ਕਿਹਾ, ਉਨ੍ਹਾਂ ਨੇ ਡੀ. ਸੀ. ਨੂੰ ਲਿਖਿਆ ਅਤੇ ਡੀ. ਸੀ. ਸਾਹਿਬ ਨੇ ਪੁਲਸ ਦੇ ਸਟਾਫ ਨੂੰ ਲਿਖਿਆ ਪਰ ਅਜੇ ਤੱਕ ਇਸ ਝਗੜੇ ਬਾਰੇ ਕਿਸੇ ਨੇ ਕੋਈ ਪ੍ਰਵਾਹ ਨਹੀਂ ਕੀਤੀ । ਪਰ ਹੁਣ ਇਹ ਬਿਲਕੁਲ demolish ਹੋ ਚੁਕੀ ਹੈ, ਲੋਕਾਂ ਦੀ ਸਾਰੀ ਜ਼ਮੀਨ ਬਰਬਾਦ ਹੋ ਗਈ ਹੈ । ਇਸ ਨਾਲ ਸਤ ਪਿੰਡ ਤਾਂ ਬਿਲਕੁਲ ਹੀ ਬਰਬਾਦ ਹੋ ਗਏ ਹਨ । ਇਹ ਹਨ ਪਤੋਕੀ, ਭਾਗੀ ਕੇ, ਮਾਛੀ ਕੇ, ਪੇਧਨੀ ਕਲਾਂ, ਸੱਦਾ ਸਿੰਘ ਵਾਲਾ, ਕਾਹਨ ਸਿੰਘ ਵਾਲਾ ਅਤੇ ਸਲੀਨਾ । ਇਹ ਪਿੰਡ ਤਾਂ ਬਿਲਕੁਲ ਹੀ ਬਰਬਾਦ ਹੋ ਗਏ ਹਨ ਅਤੇ ਰੀਲੀਫ ਦੇਣ ਬਾਰੇ ਕੋਈ ਗੱਲ ਵੀ ਨਹੀਂ ਕਰਦਾ । ਜਿਨ੍ਹਾਂ ਨੂੰ ਕੋਈ ਰੀਲੀਫ ਜਾਂ ਤਕਾਵੀ ਵਜੋਂ ਕਣਕ ਵਗੈਰਾ ਦਿੱਤੀ ਵੀ ਜਾਂਦੀ ਹੈ ਹੈ ਉਹ ਮਹਿਜ਼ ਕਾਂਗਰਸ ਪਾਰਟੀ ਦੇ ਨੁਮਾਇੰਦੇ ਦੇ ਕਹਿਣ ਤੇ ਹੀ ਦਿੱਤੀ ਜਾਂਦੀ ਹੈ । ਜਿਸ ਨੂੰ ਉਹ relief ਦਿਵਾਉਣ ਉਹ ਹੀ ਹਾਸਲ ਕਰ ਸਕਦਾ ਹੈ ਕਿਸੇ ਦੂਸਰੇ ਨੂੰ ਨਹੀਂ ਮਿਲਦਾ ।

ਦੂਸਰੀ specific ਗੱਲ ਮੈਂ ਜੋ ਇਨ੍ਹਾਂ ਦੇ ਧਿਆਨ ਵਿਚ ਲਿਆਉਣੀ ਚਾਹੁੰਦਾ ਹਾਂ ਉਹ ਇਹ ਹੈ ਕਿ ਮੋਗੇ ਵਿਚ ਸਰਕਾਰ ਨੇ ਇਕ Ginning Factory ਲਾਈ ਹੈ । ਇਸ ਨੂੰ ਲਗਿਆਂ ਅੱਜ ਕੋਈ 7 ਸਾਲ ਹੋ ਗਏ ਹਨ । ਇਸ ਤੇ ਸਰਕਾਰ ਦਾ ਲੱਖਾਂ ਰੁਪਿਆ ਖਰਚ ਆ ਚੁਕਿਆ ਹੈ ਪਰ ਇਹ Ginning Factory ਇਕ ਦਿਨ ਵੀ ਨਹੀਂ ਚੱਲੀ । ਜਿਨ੍ਹਾਂ ਲੋਕਾਂ ਦਾ ਇਸ ਵਿਚ ਕੋਈ 105/- ਰੁਪਏ ਦਾ ਹਿੱਸਾ ਸੀ ਅੱਜ ਉਨ੍ਹਾਂ ਨੂੰ ਇਹ ਨੋਟਿਸ ਆਉਣ ਵਾਲਾ ਹੈ ਕਿ ਉਨ੍ਹਾਂ ਦਾ ਹਿੱਸਾ ਮਹਿਜ਼ 50/- ਰਹਿ ਗਿਆ ਹੈ ।

Mr. Speaker : The hon. Member is going off the track. There is no mention of the Ginning Factory. He can raise discussion only on those items in respect of which money has been asked for in the Appropriation Bill, now under discussion. He cannot raise general discussion about the Co-operative Department. This can be done at the time of the general discussion of the budget.

ਸਰਦਾਰ ਗੁਰਚਰਨ ਸਿੰਘ : ਸਪੀਕਰ ਸਾਹਿਬ, ਫੇਰ ਮੋਗੇ ਵਿਚ ਇਕ Co-operative Marketing Society ਹੈ । ਸਾਰੇ Sub-Division ਦੀ ਲੱਖਾਂ ਰੁਪਏ ਦੀ

ਜਿਣਸ ਇਸ ਦੁਕਾਨ ਵਿਚ ਜਾਂਦੀ ਹੈ ਪਰ ਇਸ ਦੀ ਸਰਮਾਏ ਦੀ ਹਾਲਤ ਇਹ ਹੈ ਕਿ ਇਨ੍ਹਾਂ ਨੇ ਨਫਾ ਮਹਿਜ਼ 0-6-0 ਹੀ ਵਿਖਾਇਆ ਹੈ । ਜਿਥੇ ਇਤਨੀ ਮਿਕਦਾਰ ਵਿਚ ਜਿਣਸ ਆਉਂਦੀ ਹੋਵੇ, ਅਤੇ ਉਥੇ ਨਫਾ ਮਹਿਜ਼ 0-6-0 ਦਾ ਹੀ ਹੋਵੇ ਫੇਰ ਸਪੀਕਰ ਸਾਹਿਬ (*Interruptions*)

ਅਖੀਰ ਵਿਚ ਸਪੀਕਰ ਸਾਹਿਬ ਮੈਂ ਇਹੋ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਡੀਮਾਂਡ ਪਾਸ ਨਹੀਂ ਹੋਣੀ ਚਾਹੀਦੀ ।

श्री बाबू दयाल शर्मा : On a point of order, Sir. गुज़ारिश यह है कि time ज्यादा अपोज़ीशन के मेम्बरान को ही दिया जा रहा है । (*Interruptions.*)

Mr. Speaker : No such thing please. The hon. Member should please take his seat.

ਮੁਖ ਮੰਤ੍ਰੀ (ਸਰਦਾਰ ਪਰਤਾਪ ਸਿੰਘ ਕੈਰੋਂ) : ਸਪੀਕਰ ਸਾਹਿਬ, ਜੰਡਿਆਲੇ ਦੇ ਹਲਕੇ ਦੇ ਮੈਂਬਰ ਨੇ ਬਹੁਤ ਸਾਰੀਆਂ ਐਸੀਆਂ ਗੱਲਾਂ ਕਹੀਆਂ ਹਨ ਜਿਹੜੀਆਂ ਕਿ ਬਹੁਤ ਹੀ ਗ਼ਲਤ ਹਨ । ਉਹ ਐਸੀਆਂ ਗੱਲਾਂ ਕਰਦੇ ਹਨ ਜਿਹੜੀਆਂ ਕਿ ਬਿਲਕੁਲ ਹੀ ਬੇਬੁਨਿਆਦ ਹਨ ਅਤੇ ਜਿਨ੍ਹਾਂ ਦਾ ਕੋਈ ਸਿਰ ਪੈਰ ਨਹੀਂ । ਇਕ ਪਿੰਡ ਵੱਲ ਇਸ਼ਾਰਾ ਕਰਕੇ ਫੇਰ ਢਾਈ ਕਰੋੜ ਰੁਪਏ ਦੀ ਗੱਲ ਛੇੜ ਦਿੱਤੀ । ਫੇਰ ਅਗਲੇ ਪਿੰਡ ਦੀ ਗੱਲ ਛੱਡ ਕੇ ਬੀਬੀ ਪ੍ਰਕਾਸ਼ ਕੌਰ ਦਾ ਜ਼ਿਕਰ ਕਰ ਦਿੱਤਾ, ਪਰ ਉਨ੍ਹਾਂ ਨੇ ਆਪਣੀ ਤਕਰੀਰ ਵਿਚ ਜੰਡਿਆਲੇ ਦੀ ਇਕ ਵੀ ਗੱਲ ਨਹੀਂ ਕਹੀ । ਅਤੇ ਜਿਹੜੀ ਗੱਲ ਕਹੀ ਉਸ ਤੋਂ ਇਉਂ ਮਲੂਮ ਹੁੰਦਾ ਹੈ ਕਿ ਖਬਰ ਨਹੀਂ ਕਿ ਹਨੇਰ ਪੈ ਗਿਆ ਹੈ । ਗੱਲ ਇਤਨੀ ਹੈ ਕਿ ਜਦੋਂ ਪਹਿਲਾਂ ਮੀਂਹ ਪਿਆ ਉਸ ਵੇਲੇ ਲੋਕਾਂ ਦਾ ਕੁਝ ਨੁਕਸਾਨ ਹੋਇਆ, ਕਈ ਥਾਈਂ ਗੜੇ ਵੀ ਪਏ । ਪਹਿਲੇ ਮੀਂਹ ਤੇ ਹੀ ਗਿਰਦਾਵਰੀ ਕਰਨ ਦਾ ਹੁਕਮ ਦੇ ਦਿੱਤਾ ਸੀ । ਗਿਰਦਾਵਰੀ ਕੁਝ ਹਿੱਸਾ ਛੱਡ ਕੇ ਤਕਰੀਬਨ ਖਤਮ ਹੋ ਗਈ ਸੀ ਕਿ ਫੇਰ ਮੀਂਹ ਪੈ ਗਿਆ, ਜਿਸ ਨੇ ਕਿ ਪਹਿਲੇ ਦੀ ਨਿਸਬਤ ਜ਼ਿਆਦਾ ਨੁਕਸਾਨ ਕੀਤਾ....

ਕਾਮਰੇਡ ਮੱਖਣ ਸਿੰਘ ਤਰਸਿੱਕਾ : On a point of order, Sir, ਮੈਂ ਅਰਜ਼ ਕਰਾਂ ਕਿ ਮੁਖ ਮੰਤ੍ਰੀ ਸਾਹਿਬ ਉਠੇ ਹਨ ਉਨ੍ਹਾਂ ਨੇ ਆਉਂਦਿਆ ਹੀ ਮੀਂਹ ਪਾਉਣਾ ਸ਼ੁਰੂ ਕਰ ਦਿੱਤਾ ਹੈ । ਉਹ ਹਾਊਸ ਵਿਚ ਗ਼ਲਤ ਬਿਆਨੀ ਕਰ ਰਹੇ ਹਨ । (*Interruptions*)

Mr. Speaker : This is no point of Order.

ਮੁਖ ਮੰਤ੍ਰੀ : ਫੇਰ ਅਜੇ ਪੂਰੀ ਤਰ੍ਹਾਂ ਗਿਰਦਾਵਰੀ ਵੀ ਨਹੀਂ ਸੀ ਹੋਈ, ਦੂਸਰਾ ਮੀਂਹ ਪੈ ਗਿਆ, ਜਿਨ੍ਹਾਂ ਦਾ ਫੇਰ ਬਹੁਤਾ ਨੁਕਸਾਨ ਹੋਇਆ ਉਹ ਆਖਦੇ ਸੀ ਕਿ ਗਿਰਦਾਵਰੀ ਫੇਰ ਕਰੋ । ਮੈਂ ਅਰਜ਼ ਕਰਾਂ ਕਿ ਉਹ ਅਜਨਾਲੇ ਦਾ ਨਾਂ ਲੈ ਕੇ ਭੱਜ ਗਏ ਹਨ । ਬਹੁਤਾ ਨੁਕਸਾਨ ਜਗਦੇਵ ਕਲਾਂ ਪਿੰਡ ਦਾ ਹੋਇਆ ਹੈ । ਮੇਰੇ ਮੂੰਹੋਂ ਇਹ ਗੱਲ ਨਿਕਲਦੀ ਚੰਗੀ ਨਹੀਂ ਲਗਦੀ ਕਿ ਉਹ ਪਿੰਡ ਕਮਿਊਨਿਸਟਾਂ ਦਾ ਗੜ੍ਹ ਹੈ, ਜਿੱਥੇ ਉਹ ਪਿੰਡ ਵੀ ਗੜ੍ਹ ਹੈ । ਉਥੇ ਲੋਕ ਵੀ ਖੂਬ ਹਨ । ਉਥੇ ਲੋਕਾਂ ਦਾ 25% ਨੁਕਸਾਨ ਹੋਇਆ ਹੈ ਪਰ ਉਹ ਆਖਦੇ ਹਨ ਕਿ 70% ਹੋਇਆ ਹੈ । ਪਰ ਇਸ ਗੱਲ ਦਾ ਨਿਰਨਾ ਕਿਵੇਂ ਕੀਤਾ ਜਾਵੇ । ਪਹਿਲਾਂ ਜੋ

[ਮੁਖੱ ਮੰਤਰੀ]

ਗਿਰਦਾਵਰੀ ਕੀਤੀ ਉਸ ਤੋਂ ਬਾਦ ਬਾਰਸ਼ ਹੋ ਗਈ, ਜਿਸ ਦੇ ਨਾਲ ਹੋਰ ਨੁਕਸਾਨ ਹੋ ਗਿਆ। ਨੁਕਸਾਨ ਦੇ ਅੰਦਾਜ਼ੇ ਦਾ ਸਹੀ ਹਿਸਾਬ ਲਾਉਣ ਲਈ ਇਕ ਢੰਗ ਕਢਿਆ ਗਿਆ। ਮੈਂ ਪਿੰਡ ਜਗਦੇਵ ਕਲਾਂ ਦੇ ਲੋਕਾਂ ਨੂੰ ਕਿਹਾ ਕਿ ਤੁਸੀਂ ਇੱਕਲਾ ਇੱਕਲਾ ਪਿੰਡ ਦੇ ਗੁਰਦਵਾਰੇ ਦੇ ਵਿਚ ਜਾ ਕੇ ਸਾਰੇ ਪਿੰਡ ਦੇ ਲੋਕਾਂ ਦੇ ਸਾਹਮਣੇ ਡਿਪਟੀ ਕਮਿਸ਼ਨਰ ਸਾਹਿਬ ਨੂੰ ਇਹ ਗਲ ਦਸ ਦਿਉ ਕਿ ਸਾਡਾ ਇਤਨਾ ਨੁਕਸਾਨ ਹੋਇਆ ਹੈ ਤਾਂ ਡਿਪਟੀ ਕਮਿਸ਼ਨਰ ਸਾਹਿਬ ਉਸ ਨੂੰ ਮੰਨ ਲੈਣਗੇ । ਸਪੀਕਰ ਸਾਹਿਬ, ਅਸੀਂ ਕਿਸੇ ਹੋਰ ਪਿੰਡ ਦੇ ਵਿਚ ਇਸ ਤਰ੍ਹਾਂ ਦੀ ਰਿਆਇਤ ਨਹੀਂ ਦਿੱਤੀ ਸਿਰਫ ਜਗਦੇਵ ਕਲਾਂ ਦੇ ਵਿਚ ਇਹ ਗੱਲ ਕੀਤੀ ਹੈ ਜਿਥੇ ਕਿ ਕਮਿਊਨਿਸਟਾਂ ਦਾ ਗੜ੍ਹ ਹੈ । ਸਪੀਕਰ ਸਾਹਿਬ, ਜਿਸ ਪਿੰਡ ਦੇ ਵਿਚ ਕਮਿਊਨਿਸਟਾਂ ਦਾ ਗੜ੍ਹ ਹੋਵੇ ਅਗਰ ਉਸ ਪਿੰਡ ਨੂੰ ਇਨਸਾਫ ਦੇਣ ਦੇ ਵਾਸਤੇ ਮੈਂ ਇਸ ਤਰ੍ਹਾਂ ਕਰਵਾਇਆ ਹੋਵੇ ਤਾਂ ਫੇਰ ਵੀ ਜੇਕਰ ਇਹ ਖੁਸ਼ ਨਹੀਂ ਹੁੰਦੇ ਤਾਂ ਫੇਰ ਹੋਰ ਇਸ ਤੋਂ ਜ਼ਿਆਦਾ ਮੈਂ ਕੀ ਕਰ ਸਕਦਾ ਹਾਂ । ਇਹ ਕਹਿੰਦੇ ਹਨ ਕਿ ਵਜ਼ੀਰਾਂ ਨੇ ਆਪਣੇ ਰਿਸ਼ਤੇਦਾਰਾਂ ਨੂੰ ਫਾਇਦਾ ਪਹੁੰਚਾਉਣ ਲਈ ਇਸ ਤਰ੍ਹਾਂ ਕੀਤਾ ਹੈ । ਮੈਂ ਕਹਿੰਦਾ ਹਾਂ ਕਿ ਉਥੇ ਕਿਸੇ ਵਜ਼ੀਰ ਦਾ ਕੋਈ ਰਿਸ਼ਤੇਦਾਰ ਨਹੀਂ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਹੁਣ ਵਜ਼ੀਰ ਬਹੁਤੇ ਹੋ ਗਏ ਹਨ, ਰਿਸ਼ਤੇਦਾਰੀਆਂ ਵਧ ਗਈਆਂ ਹੋਣਗੀਆਂ ।

ਮੁੱਖ ਮੰਤ੍ਰੀ : ਨਹੀਂ ਕੋਈ ਰਿਸ਼ਤੇਦਾਰੀ ਨਹੀਂ ਵਧੀ ।

Sardar Gurnam Singh : On a point of order, Sir. Can there be any conversation between two Members in the House ?

Mr. Speaker : Some Members are new and they would learn by experience.

Sardar Gurnam Singh : Sir, the Leader of the House was also seen indulging in such conversation.

Chief Minister : What can I do if some Members make some remarks interrupting me when I am speaking ? I have got to answer them. Unfortunately, the Leader of the Akali Group had stood up on one occasion.

Sardar Gurnam Singh : Then , you failed in your duty.

ਮੁੱਖ ਮੰਤ੍ਰੀ : ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਗੌਰਮੈਂਟ ਵੱਲੋਂ ਕੋਈ ਕਿਸੇ ਕਿਸਮ ਦੀ ਬੇਈਮਾਨੀ ਨਹੀਂ ਕੀਤੀ ਗਈ । ਇਸ ਤੋਂ ਇਲਾਵਾ discretionary fund ਦੇ ਬਾਰੇ ਇਤਰਾਜ਼ ਕੀਤਾ ਗਿਆ ਸੀ । ਇਸ ਸਬੰਧੀ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਜਿਹੜਾ ਪੈਸਾ ਹੁੰਦਾ ਹੈ ਇਹ ਡਿਪਟੀ ਕਮਿਸ਼ਨਰਾਂ ਦੇ ਰਾਹੀਂ ਖਰਚ ਕੀਤਾ ਜਾਂਦਾ ਹੈ । Discretionary fund ਡੀਵੈਲਪਮੈਂਟ ਦੇ ਮਹਿਕਮੇ ਰਾਹੀਂ ਖਰਚ ਕੀਤਾ ਜਾਂਦਾ ਹੈ । ਇਸ ਕਰਕੇ ਇਸ ਦੇ ਬਾਰੇ ਏਸ ਢੰਗ ਦੇ ਨਾਲ ਨੁਕਤਾਚੀਨੀ ਕਰਨੀ ਠੀਕ ਨਹੀਂ । ਮੈਂ ਹਾਊਸ ਦੇ ਵਿਚ ਆਪਣੇ ਅਪੋਜ਼ੀਸ਼ਨ ਦੇ ਵੀਰਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਜੇ ਕਿਤੇ ਕਿਸੇ ਥਾਂ ਤੇ ਗਲਤੀ ਹੋਈ ਹੈ ਤਾਂ ਤੁਸੀਂ ਮੈਨੂੰ ਲਿਖਕੇ ਦਿਉ

ਮੈਂ ਉਸ ਚੀਜ਼ ਦੀ ਪੜਤਾਲ ਕਰਾਂਗਾ । ਉਸ ਸੂਰਤ ਵਿਚ ਜੇ ਸਾਨੂੰ ਦੋ ਚਾਰ ਅਫਸਰਾਂ ਨੂੰ face ਵੀ ਕਰਨਾ ਪਿਆ ਤਾਂ ਅਸੀਂ ਕਰ ਲਵਾਂਗੇ । ਲੇਕਿਨ ਸਪੀਕਰ ਸਾਹਿਬ ਕਈ ਸਿਆਸੀ ਪਾਰਟੀਆਂ ਐਸੀਆਂ ਹਨ ਜਿਹੜੀਆਂ ਥਲੇ ਦੇ ਅਫਸਰਾਂ ਦੇ ਨਾਲ ਮਿਲ ਕੇ ਲੋਕਾਂ ਦਾ ਗਿਰਦਾਵਰੀਆਂ ਦੇ ਵਿਚ ਵੀ ਨੁਕਸਾਨ ਕਰਵਾਉਂਦੀਆਂ ਹਨ । (ਸ਼ੋਰ) ਮੈਨੂੰ ਪਤਾ ਹੈ ਜਿਸ ਢੰਗ ਦੇ ਨਾਲ ਤੁਸੀਂ ਕੰਮ ਕਰਦੇ ਹੋ, ਜਦੋਂ ਤੁਸੀਂ ਆਮੋਸਾਹਮਣੀ ਆਵੋਗੇ ਉਦੋਂ ਮੈਂ ਤੁਹਾਨੂੰ ਦੱਸਾਂਗਾ । ਸਪੀਕਰ ਸਾਹਿਬ, ਮੈਂ irrelevant ਨਹੀਂ ਹੋਣਾ ਚਾਹੁੰਦਾ ਮਗਰ ਜਦੋਂ ਮੌਕਾ ਆਵੇਗਾ ਉਦੋਂ ਮੈਂ ਦਸਾਂਗਾ ਕਿ ਸਰਕਾਰੀ ਅਫਸਰਾਂ ਨੇ ਅਪੋਜ਼ੀਸ਼ਨ ਵਾਲਿਆਂ ਦੀ ਇਲੈਕਸ਼ਨ ਦੇ ਵਿਚ ਕਿਤਨੀ ਕੁ ਮਦਦ ਕੀਤੀ ਹੈ ।

ਅਪੋਜ਼ੀਸ਼ਨ ਦੇ ਮੈਂਬਰਾਂ ਦੀ ਤਰਫੋਂ ਆਵਾਜ਼ਾਂ : ਇਸ ਤਰੀਕੇ ਦੇ ਨਾਲ ਤੁਸੀਂ ਆਪਣੀ ਇਲੈਕਸ਼ਨ ਦੇ ਵਿਚ ਕੀਤੀਆਂ ਬੇਕਾਇਦਗੀਆਂ ਨੂੰ ਨਹੀਂ ਛਿਪਾ ਸਕਦੇ । ਸਾਰੀ ਪਬਲਿਕ ਨੂੰ ਪਤਾ ਹੈ ਕਿ ਤੁਸੀਂ ਕਿਸ ਤਰ੍ਹਾਂ ਮੈਂਬਰ ਬਣ ਕੇ ਆਏ ਹੋ ।

ਮੁੱਖ ਮੰਤ੍ਰੀ : ਮੈਂ ਇਸ ਮਸਲੇ ਨੂੰ ਬਜਟ ਵਿਚ ਛੇੜਾਂਗਾ । ਲਿਸਟ ਆਖੋਗੇ ਤਾਂ ਉਹ ਵੀ ਤੁਹਾਨੂੰ ਪੜ੍ਹ ਕੇ ਦਸ ਦਿਆਂਗਾ ਕਿ ਕਿਹੜੇ ਕਿਹੜੇ ਅਫਸਰਾਂ ਨੇ ਤੁਹਾਡੀ ਮਦਦ ਕੀਤੀ ਸੀ ਜੇ ਹਿਸਾਬ ਕਰੋਗੇ ਤਾਂ ਹਿਸਾਬ ਚੁਕਾਇਆ ਜਾਵੇਗਾ । ਤੁਹਾਡੀ ਵਲ ਜ਼ਿਆਦਾ ਆਵੇਗਾ ।

ਬਾਬੂ ਬਚਨ ਸਿੰਘ : ਸਪੀਕਰ ਸਾਹਿਬ, ਕੀ ਇਕ ਮੈਂਬਰ ਦੂਸਰੇ ਮੈਂਬਰਾਂ ਨੂੰ ਇਸ ਤਰੀਕੇ ਨਾਲ ਧਮਕੀ ਦੇ ਸਕਦਾ ਹੈ ? ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਕੀ ਕੋਈ ਮੈਂਬਰ ਆਪਣੀ ਸਪੀਚ ਵਿਚ ਆਪਣੀ ਮਨਿਸਟੀਰੀਅਲ ਗੱਦੀ ਦਾ ਫਾਇਦਾ ਉਠਾ ਕੇ ਕਿਸੇ ਦੂਸਰੇ ਮੈਂਬਰ ਨੂੰ ਧਮਕੀ ਦੇ ਸਕਦਾ ਹੈ ਕਿ ਤੁਹਾਡੇ ਨਾਲ ਹਿਸਾਬ ਚੁਕਾਇਆ ਜਾਵੇਗਾ ?

ਮੁੱਖ ਮੰਤ੍ਰੀ : ਬਾਬੂ ਬਚਨ ਸਿੰਘ ਜੀ, ਜਿਹੜਾ ਵੈਸੇ ਮੈਦਾਨ ਦੇ ਵਿਚ ਲੜ ਸਕਦਾ ਹੈ ਉਸ ਨੂੰ ਧਮਕੀਆਂ ਦੇਣ ਦੀ ਕੀ ਲੋੜ ਹੈ ।

ਬਾਬੂ ਬਚਨ ਸਿੰਘ : On a point of order, Sir. ਕੀ ਕੋਈ ਮੈਂਬਰ ਆਪਣੀ ਸਪੀਚ ਦੇ ਵਿਚ ਕਿਸੇ ਦੂਸਰੇ ਮੈਂਬਰ ਨੂੰ ਇਹ ਕਹਿ ਸਕਦਾ ਹੈ ਕਿ ਜਿਹੜਾ ਆਦਮੀ ਤੁਹਾਨੂੰ ਮੈਦਾਨ ਵਿਚ ਹਰਾ ਸਕਦਾ ਹੈ ਉਸ ਨੂੰ ਜ਼ਬਾਨੀ ਧਮਕੀਆਂ ਦੇਣ ਦੀ ਕੀ ਲੋੜ ਹੈ । ? (ਸ਼ੋਰ)

ਸਰਕਾਰੀ ਬੈਂਚਾਂ ਵਲੋਂ ਆਵਾਜ਼ਾਂ : ਬੈਠੋ, ਬੈਠੋ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : On a point of order, Sir. ਸਪੀਕਰ ਸਾਹਿਬ, ਕੀ ਕੋਈ ਮੈਂਬਰ ਜਾਂ ਚੀਫ ਮਨਿਸਟਰ ਸਾਹਿਬ ਸਰਕਾਰੀ ਅਫਸਰਾਂ ਨੂੰ ਇਹ ਧਮਕੀ ਦੇ ਸਕਦਾ ਹੈ ਕਿ ਮੈਂ ਉਨ੍ਹਾਂ ਨੂੰ ਸਿਝਾਂਗਾ ਜਿਨ੍ਹਾਂ ਨੇ ਆਪੋਜ਼ੀਸ਼ਨ ਪਾਰਟੀ ਵਾਲਿਆਂ ਨੂੰ ਵੋਟਾਂ ਪਾਈਆਂ ਹਨ । (ਸ਼ੋਰ)

ਮੁੱਖ ਮੰਤ੍ਰੀ : ਸਪੀਕਰ ਸਾਹਿਬ, ਮੈਂ ਜੋਸ਼ ਸਾਹਿਬ ਨੂੰ ਕਹਿੰਦਾ ਹਾਂ ਕਿ ਉਹ ਮਿਹਰਬਾਨੀ ਕਰਕੇ ਇਸ ਤਰ੍ਹਾਂ ਜੋਸ਼ ਦੇ ਵਿਚ ਨਾ ਆਉਣ । ਮੈਂ ਅਸਲੀਅਤ ਬਿਆਨ ਕਰ ਰਿਹਾ ਹਾਂ । ਮੈਂ ਇਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਕਣਕ ਵੰਡਣ ਦਾ ਕੰਮ ਇਲੈਕਸ਼ਨ ਤੋਂ ਇਕ ਮਹੀਨਾ ਪਹਿਲਾਂ ਨਹੀਂ ਬਲਕਿ ਦੋ ਮਹੀਨੇ ਪਹਿਲਾਂ ਬੰਦ ਕਰ ਦਿੱਤਾ ਗਿਆ ਸੀ । ਜਦੋਂ ਕਣਕ ਬੀਜਣ ਦਾ ਸਮਾਂ ਸੀ ਸਿਰਫ ਉਦੋਂ ਲੋਕਾਂ ਵਿਚ ਕਣਕ ਵੰਡੀ ਸੀ । ਬਾਕੀ ਜੇ ਕਿਸੇ ਨੂੰ ਕੋਈ ਸ਼ਿਕਾਇਤ ਹੈ ਤਾਂ ਉਹ ਸਾਨੂੰ ਲਿਖ ਕੇ ਦੇ ਦੇਵੇ ਅਸੀਂ ਉਸ ਦੀ ਪੜਤਾਲ ਕਰ ਲਵਾਂਗੇ ਔਰ ਜੇ ਕਿਸੇ ਅਫਸਰ ਨੇ ਗ਼ਲਤੀ ਕੀਤੀ ਹੋਵੇਗੀ ਤਾਂ ਉਸ ਦੀ ਵੀ ਫੜਫੜਾਈ ਕਰਾਂਗੇ । ਜਦੋਂ ਅਸੀਂ ਪੜਤਾਲ ਲਈ ਤਿਆਰ ਹਾਂ ਔਰ ਅਸੀਂ ਕਹਿੰਦੇ ਹਾਂ ਕਿ ਜਿੱਥੇ ਕਿਥੇ ਬੇਕਾਇਦਗੀ ਹੋਈ ਹੈ ਉਹ ਸਾਡੇ ਨੋਟਸ ਵਿਚ ਲਿਆਉ ਪਰ ਫੇਰ ਮੈਂ ਸਮਝਦਾ ਹਾਂ ਕਿ ਗ਼ਲਤ ਢੰਗ ਨਾਲ ਨੁਕਤਾਚੀਨੀ ਕਰਨ ਦਾ ਕੋਈ ਫਾਇਦਾ ਨਹੀਂ । ਆਖਿਰਕਾਰ ਕਿਸਾਨ ਦਾ ਭਲਾ ਕਿਸ ਢੰਗ ਦੇ ਨਾਲ ਹੋ ਸਕਦਾ ਹੈ ।

ਬਾਬੂ ਬਚਨ ਸਿੰਘ : ਸਾਨੂੰ ਕਾਣੀ ਵੰਡ ਤੇ ਇਤਰਾਜ਼ ਹੈ ।

ਮੁੱਖ ਮੰਤ੍ਰੀ : ਉਨ੍ਹਾਂ ਦਿਨਾਂ ਵਿਚ ਸ਼ਾਇਦ ਤੁਸੀਂ ਪੀਲੀਭੀਤ ਵਿਚ ਨਾ ਗਏ ਹੋਏ ਹੋਵੇ । ਇਸ ਕਰਕੇ ਇਸ ਗੱਲ ਦੀ ਤੁਹਾਨੂੰ ਜ਼ਿਆਦਾ ਜਾਣਕਾਰੀ ਹੀ ਨਾ ਹੋਵੇ ।

ਬਾਬੂ ਬਚਨ ਸਿੰਘ : ਸਪੀਕਰ ਸਾਹਿਬ, ਸਾਡੇ ਮੁੱਖ ਮੰਤ੍ਰੀ ਸਾਹਿਬ ਕਹਿ ਰਹੇ ਹਨ ਕਿ ਕਣਕ ਅਕਤੂਬਰ ਔਰ ਨਵੰਬਰ ਦੇ ਵਿਚ ਵੰਡੀ ਗਈ ਸੀ ਮਗਰ ਦੂਸਰੇ ਪਾਸੇ ਮੈਨੂੰ ਇਹ ਕਹਿ ਰਹੇ ਹਨ ਕਿ ਤੁਸੀ ਪੀਲੀਭੀਤ ਗਏ ਹੋਏ ਸੀ । ਮੈਂ ਤਾਂ ਉਨ੍ਹਾਂ ਦਿਨਾਂ ਦੇ ਵਿਚ ਏਥੇ ਸੀ । ਇਸ ਕਰ ਕੇ ਮੈਂ ਮੁਖ ਮੰਤ੍ਰੀ ਸਾਹਿਬ ਦੀ ਕਿਹੜੀ ਸਟੇਟਮੈਂਟ ਨੂੰ ਸੱਚੀ ਮੰਨਾਂ ।

ਮੁਖ ਮੰਤਰੀ : ਤੁਹਾਡੀ ਜਿਥੇ ਰਿਸ਼ਤੇਦਾਰੀ ਹੋਵੇ ਉਥੇ ਤੁਸੀਂ ਜਾ ਸਕਦੇ ਹੋ ਇਸ ਵਿਚ ਕਿਹੜੀ ਮਾੜੀ ਗੱਲ ਹੈ (ਹਾਸਾ) ਤੇ ਮੈਂ ਅਰਜ਼ ਕਰਦਾ ਹਾਂ ਕਿ ਸਾਰੀ ਜੋ grant ਵੰਡੀ ਗਈ ਹੈ ਉਹ ਪਿੰਡ ਪਿੰਡ ਜਾਕੇ ਉਸ ਪਿੰਡ ਦੀ ਪੰਚਾਇਤ ਦੀ ਸਲਾਹ ਦੇ ਨਾਲ ਸਾਰੇ ਪਿੰਡ ਦੇ ਸਾਮ੍ਹਣੇ ਵੰਡੀ ਗਈ ਹੈ । ਕਿਸੇ ਨੂੰ ਲੁਕਾ ਕੇ ਕੁਝ ਨਹੀਂ ਦਿਤਾ ਹੈ । ਜੇਕਰ ਤੁਸੀਂ ਕਹਿੰਦੇ ਹੋ ਕਿ ਕਿਤੇ ਕਾਣੀ ਵੰਡ ਹੋਈ ਹੈ ਤਾਂ ਇਸ ਵਿਚ ਸਾਰੇ ਪਿੰਡ ਦਾ ਕਸੂਰ ਹੈ ਅਤੇ ਪੰਚਾਇਤ ਤੇ ਸਾਰਾ ਪਿੰਡ ਗੁਨਾਹਗਾਰ ਹੈ । ਕਿਉਂਕਿ ਜੋ ਅਫਸਰ ਸੀ ਉਸਨੇ ਤਾਂ ਪੰਚਾਇਤ ਤੇ ਪਿੰਡ ਦੀ ਮਰਜ਼ੀ ਦੇ ਮੁਤਾਬਿਕ ਵੰਡ ਕੀਤੀ ਹੈ । ਫਿਰ ਵੀ ਜੇਕਰ ਕਿਸੇ ਅਫਸਰ ਨੇ ਪਿੰਡ ਵਾਲਿਆਂ ਦੀ ਮਰਜ਼ੀ ਦੇ ਖਿਲਾਫ ਕੋਈ ਕੰਮ ਕੀਤਾ ਹੈ ਤਾਂ ਉਸ ਤੇ ਅਸੀਂ ਗੌਰ ਕਰਨ ਲਈ ਤਿਆਰ ਹਾਂ । ਫਿਰ ਕਿਹਾ ਗਿਆ ਕਿ ਅੰਮ੍ਰਿਤਸਰ ਲਈ ਬਹੁਤ ਰੁਪਿਆ ਦਿਤਾ ਗਿਆ ਹੈ । ਮੈਂ ਕਹਿੰਦਾ ਹਾਂ ਕਿ ਅੰਮ੍ਰਿਤਸਰ ਨੇ ਨੁਕਸਾਨ ਵੀ ਕਾਫੀ ਉਠਾਇਆ ਹੈ । ਸਿਰਫ 1960-61 ਵਿਚ ਹੀ ਨੁਕਸਾਨ ਨਹੀਂ ਹੋਇਆ । ਬਲਕਿ ਪਹਿਲਾਂ ਵੀ ਤੇ 1961-62 ਵਿਚ ਵੀ ਬਹੁਤ ਨੁਕਸਾਨ ਹੋਇਆ ਹੈ । ਨਾਲਿਆਂ ਦੇ ਪਾਣੀ ਨੇ ਅੰਮ੍ਰਿਤਸਰ ਵਿਚ ਬਹੁਤ ਤਬਾਹੀ ਮਚਾਈ ਹੈ । ਕੀ ਉਨ੍ਹਾਂ ਲੋਕਾਂ ਦੀ ਇਮਦਾਦ ਨਾ ਕੀਤੀ ਜਾਂਦੀ ?

ਫਿਰ ਇਕ ਸਾਹਿਬ ਕਹਿਣ ਲਗੇ ਕਿ ਰੋਹਤਕ ਵਿਚ ਕੁਝ ਨਹੀਂ ਹੋਇਆ । ਕੀ ਰੋਹਤਕ ਜ਼ਿਲ੍ਹੇ ਦਾ ਕੋਈ ਮੈਂਬਰ ਅਜੇ ਵੀ ਇਹ ਕਹਿ ਸਕਦਾ ਹੈ ਕਿ ਉਥੇ ਨਾਲਾ ਨਹੀਂ ਪੁਟਿਆ ? ਕੀ ਹੁਣ ਵੀ ਕੋਈ ਕਸਰ ਰਹਿ ਗਈ ਹੈ ? ਸਭ ਨੂੰ ਪਤਾ ਹੈ ਕਿ ਰੋਹਤਕ ਨੂੰ ਬਚਾਉਣ ਲਈ ਕਿਤਨਾ ਰੁਪਿਆ ਖਰਚ ਕੀਤਾ ਹੈ । ਉਸ ਨਾਲੇ ਦੀ ਮੁਰੰਮਤ ਲਈ ਅਤੇ ਉਸ ਨਾਲੇ ਦਾ ਪਾਣੀ ਦੂਜੇ ਨਾਲੇ ਵਿਚ ਪਾਉਣ ਲਈ ਪੰਜਾਬ ਸਰਕਾਰ ਕਰੋੜ ਰੁਪਿਆ ਖਰਚ ਕਰਨ ਤਕ ਚਲੀ ਗਈ ਹੈ । ਜੇਕਰ ਅਜੇ ਵੀ ਕੋਈ ਸ਼ਕ ਹੈ ਤਾਂ ਹੋਰ ਮੇਰੇ ਕੋਲ ਕੀ ਇਲਾਜ ਹੈ ? ਜੇਕਰ ਤੁਸੀਂ ਐਨਾ ਕੁਝ ਕਰਨ ਤੇ ਵੀ ਮੈਂ ਨਾ ਮਾਨੂੰ ਹੀ ਕਹਿਣਾ ਹੈ ਤਾਂ ਫਿਰ ਤਾਂ ਇਹ ਮੁਖਾਲਫਤ ਦੀ ਖਾਤਰ ਮੁਖਾਲਫਿਤ ਹੀ ਹੈ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਚੰਗੀ ਗਲ ਦੀ ਅਸੀਂ ਤਾਰੀਫ ਵੀ ਕਰਾਂਗੇ ਪਰ ਮਾੜੀ ਨੂੰ ਮਾੜੀ ਹੀ ਕਹਿਣਾ ਹੈ ।

ਮੁਖ ਮੰਤਰੀ : ਆਸ ਤਾਂ ਮੈਨੂੰ ਜ਼ਰੂਰ ਹੈ ਕਿ ਤੁਸੀਂ ਤਾਰੀਫ ਕਰੋਗੇ ਭਾਵੇਂ practically ਤੁਸੀਂ ਇਸ ਤਰ੍ਹਾਂ ਨਹੀਂ ਕਰਦੇ । ਮੈਂ ਚਾਹੁੰਦਾ ਹਾਂ ਕਿ ਤੁਸੀਂ ਜਿਹੜੀਆਂ ਗੱਲਾਂ theory ਵਿਚ ਕਰਦੇ ਹੋ ਉਨ੍ਹਾਂ ਨੂੰ in practice ਵੀ ਕਰੋ ।

ਬਾਬੂ ਬਚਨ ਸਿੰਘ : On a point of order, Sir. ਕੀ ਕੋਈ ਮੈਂਬਰ ਜਾਂ ਮੰਤਰੀ ਕਿਸੇ ਮੈਂਬਰ ਨਾਲ ਹਾਊਸ ਵਿਚ ਸਿੱਧਾ ਹੀ ਗਲਬਾਤ ਕਰ ਸਕਦਾ ਹੈ ?

ਮੁਖ ਮੰਤਰੀ : ਸਪੀਕਰ ਸਾਹਿਬ, ਮੇਰੇ ਦੋਸਤ ਨੂੰ ਪਤਾ ਹੋਣਾ ਚਾਹੀਦ ਹੈ ਕਿ ਇਸ ਤਰ੍ਹਾਂ ਦੀ ਨੋਕ ਝੋਂਕ ਚਲਦੀ ਹੀ ਰਹਿੰਦੀ ਹੈ ਅਤੇ ਉਹ ਹਰ ਵੇਲੇ Mr. point of order ਹੀ ਬਣਨ ਦੀ ਕੋਸ਼ਸ਼ ਨਾ ਕਰਨ । (ਹਾਸਾ)

ਬਾਬੂ ਬਚਨ ਸਿੰਘ : ਧਮਕੀਆਂ ਦੇਣਾ ਤਾਂ ਨੋਕ ਝੋਕ ਨਹੀਂ ।

ਮੁਖ ਮੰਤਰੀ : ਮੈਂ ਤੁਹਾਡੇ ਨਾਲ ਹੀ ਅਸੈਂਬਲੀਆਂ ਵਿਚ ਸਾਰੀ ਉਮਰ ਇਕਠੇ ਕੱਟੀ ਹੈ ਹੁਣ ਤੁਹਾਨੂੰ ਕੀ ਧਮਕੀ ਦੇਣੀ ਹੈ । (ਹਾਸਾ) ਮੈਂ ਅਰਜ਼ ਕਰਦਾ ਹਾਂ ਕਿ ਅਸੀਂ, ਤੁਸੀਂ ਸਭਨੇ ਮਿਲਕੇ ਜਨਤਾ ਦੀ ਸੇਵਾ ਕਰਨੀ ਹੈ । ਜੇਕਰ ਲੋਕਾਂ ਤੇ ਕੋਈ ਮੁਸੀਬਤ ਆਉਂਦੀ ਹੈ ਤਾਂ ਸਾਡਾ ਸਭ ਦਾ ਫਰਜ਼ ਹੈ ਕਿ ਅਸੀ ਉਨ੍ਹਾਂ ਦੀ ਦਿਲ ਖੋਲ ਕੇ ਮਦਦ ਕਰੀਏ ਕਿਉਂਕਿ ਸਾਨੂੰ ਉਨ੍ਹਾਂ ਲੋਕਾਂ ਨੇ ਹੀ ਇਥੇ ਭੇਜਿਆ ਹੈ । ਅਸੀਂ ਸਭ ਨੇ ਕਿਸਾਨਾਂ ਦੀ, ਮੁਜ਼ਾਰਿਆਂ ਦੀ, ਹਰੀਜਨਾਂ, ਟੋਕਰੀ ਚੋਣ ਵਾਲਿਆਂ, ਕੱਸੀ ਚਲਾਉਣ ਵਾਲਿਆਂ, ਲਕੜ ਘੜਾਂ ਤੇ ਲੋਹਾ ਘੜਾਂ ਦੀ ਇਮਦਾਦ ਕਰਨੀ ਹੈ । ਮੈਂ ਇਹ ਨਹੀਂ ਕਹਿੰਦਾ ਕਿ ਤੁਸੀਂ ਨੁਕਤਾਚੀਨੀ ਨਾ ਕਰੋ । ਤੁਸੀਂ ਦਿਲ ਖੋਲ ਕੇ ਨੁਕਤਾਚੀਨੀ ਕਰੋ ਲੇਕਿਨ ਗਲਤ ਢੰਗ ਨਾਲ ਨਾ ਕਰੋ । ਅਸੀਂ ਬਿਹਤਰ ਤੋਂ ਬਿਹਤਰ ਤਰੀਕੇ ਨਾਲ relief ਵੰਡੀ ਹੈ ਲੇਕਿਨ ਜੇਕਰ ਤੁਹਾਨੂੰ ਹੋਰ ਕੋਈ ਬਿਹਤਰ ਤਰੀਕਾ ਆਉਂਦਾ ਹੈ ਤਾਂ ਸਾਨੂੰ ਦਸੋ ਲੇਕਿਨ ਨੁਕਤਾਚੀਨੀ ਤੇ ਹੀ ਲੱਕ ਨਾ ਬੰਨ੍ਹ ਲਉ । ਜੋ grant ਦਿਤੀ ਹੈ ਉਹ ਤਹਿਸੀਲ ਵਿਚ ਬੁਲਾ ਕੇ ਲੋਕਾਂ ਦੀ ਜੇਬ ਵਿਚ ਨਹੀਂ ਪਾਈ । ਅਫਸਰ ਪਿੰਡਾਂ ਵਿਚ ਗਏ ਹਨ ਅਤੇ ਸਾਰੇ ਪਿੰਡ ਦੇ ਸਾਮ੍ਹਣੇ ਪੀੜਤਾਂ ਨੂੰ ਨਕਦ ਪੈਸੇ ਦਿਤੇ ਹਨ ਤਾਕਿ ਕੋਈ ਵਿਚੋਂ ਵਿਚ ਹੀ ਉਡਾ ਨਾ ਲੈ ਜਾਵੇ । ਇਹ ਰੁਪਿਆ ਜਨਤਾ ਦਾ ਹੈ

[ਮੁਖ ਮੰਤਰੀ]

ਅਤੇ ਅਸੀਂ ਇਸ ਰੁਪਏ ਦੇ ਰਾਖੇ ਹਾਂ । ਅਸੀਂ ਦੁਖ ਦੇ ਸਮੇਂ ਲੋਕਾਂ ਦੀ ਇਮਦਾਦ ਕੀਤੀ ਅਤੇ ਨਾਲ ਹੀ ਇਹ ਵੀ ਖਿਆਲ ਰਖਿਆ ਹੈ ਕਿ ਇਸ ਜਨਤਾ ਦੇ ਰੁਪਏ ਦੀ ਪੂਰੀ ਰਾਖੀ ਕੀਤੀ ਜਾਵੇ ਅਤੇ ਇਕ ਪੈਸਾ ਵੀ ਜ਼ਾਇਆ ਨਾ ਜਾਵੇ । ਹਾਂ ਜੇਕਰ ਕਿਤੇ ਕੋਈ ਸ਼ਿਕਾਇਤ ਵਾਲੀ ਗੱਲ ਹੋਈ ਹੈ ਤਾਂ ਸਾਨੂੰ ਦਸੋ ਅਸੀਂ ਹਰ ਵੇਲੇ ਗੌਰ ਕਰਨ ਲਈ ਤਿਆਰ ਹਾਂ ।

ਕਾਮਰੇਡ ਹਰਨਾਮ ਸਿੰਘ ਚਮਕ (ਮਹਿਲ ਕਲਾਂ): ਸਪੀਕਰ ਸਾਹਿਬ, ਇਸ ਤੋਂ ਪਹਿਲਾਂ ਕਿ ਮੈਂ ਹੋਰ ਗਲ ਕਰਾਂ ਮੈਂ ਤੁਹਾਡਾ ਧਿਆਨ ਸਰਕਾਰੀ ਬੈਂਚਾਂ ਵਲੋਂ ਕੀਤੀਆਂ ਗਈਆਂ ਤਕਰੀਰਾਂ ਵਲ ਦਿਵਾਉਣਾ ਚਾਹੁੰਦਾ ਹਾਂ । ਜੋ ਗਲਾਂ ਇਨ੍ਹਾਂ ਨੇ ਇਥੇ ਕਹੀਆਂ ਹਨ ਉਨ੍ਹਾਂ ਵਿਚ ਇਨ੍ਹਾਂ ਨੇ ਇਹ ਜ਼ਾਹਰ ਕੀਤਾ ਹੈ ਕਿ ਸਰਕਾਰੀ ਪਖ ਦੇ ਮੈਂਬਰ ਤਾਂ ਸਚ ਦਾ ਅਵਤਾਰ ਹਨ ਪਰ ਵਿਰੋਧੀ ਦਲ ਵਾਲੇ ਜੋ ਕੁਝ ਕਹਿੰਦੇ ਹਨ ਉਹ ਬਿਲਕੁਲ ਝੂਠ ਹੈ । ਖਾਸ ਤੌਰ ਤੇ ਮੁਖ ਮੰਤਰੀ ਜੀ ਨੇ ਇਸ ਤਰੀਕੇ ਨਾਲ ਸਪੀਚ ਕੀਤੀ ਹੈ ਕਿ ਜੋ ਆਪੋਜ਼ੀਸ਼ਮ ਵਾਲਿਆਂ ਨੇ ਨੁਕਤਾਚੀਨੀ ਕੀਤੀ ਹੈ ਉਹ ਗਲਤ ਹੈ ਅਤੇ ਜੋ ਉਨ੍ਹਾਂ ਦੇ ਪੱਖ ਵਲੋਂ ਕਿਹਾ ਜਾ ਰਿਹਾ ਹੈ ਉਹ ਸੋਲ੍ਹਾਂ ਆਨੇ ਸਚ ਹੈ । ਜੇਕਰ ਅਸੀਂ ਇਥੇ ਆਕੇ ਇਸ ਤਰ੍ਹਾਂ ਹੀ ਸੋਚਣਾ ਹੈ ਅਤੇ ਇਸ ਨਜ਼ਰਿਏ ਨਾਲ ਸਚਾਈ ਲਭਣੀ ਹੈ ਤਾਂ ਅਸੀਂ ਜਨਤਾ ਦੀ ਸੱਚੀ ਸੇਵਾ ਨਹੀਂ ਕਰ ਸਕਾਂਗੇ । ਮੈਂ ਬੇਨਤੀ ਕਰਦਾ ਹਾਂ ਅਤੇ ਇਨ੍ਹਾਂ ਸਾਰੇ ਮੰਤਰੀ ਸਾਹਿਬਾਨ ਨੂੰ ਅਰਜ਼ ਕਰਦਾ ਹਾਂ ਕਿ ਤੁਸੀਂ ਸਾਨੂੰ ਸਭ ਨੂੰ ਇਹੋ ਨਾ ਸਮਝ ਲਉ ਕਿ ਅਸੀਂ ਇਥੇ ਸਿਰਫ ਝੂਠ ਬੋਲਨ ਲਈ ਹੀ ਆਏ ਹੋਏ ਹਾਂ । ਆਖਰ ਅਸੀਂ ਵੀ ਜਨਤਾ ਦੇ ਨੁਮਾਇੰਦੇ ਹਾਂ ਅਤੇ ਅਸੀਂ ਇਸ ਹੈਸੀਅਤ ਵਿਚ ਉਨ੍ਹਾਂ ਦੇ ਦੁਖ ਦਰਦ ਦਸਣੇ ਹਨ ਲੇਕਿਨ ਜੇਕਰ ਤੁਸੀਂ ਇਹੋ ਹੀ ਸਮਝ ਲਉ ਕਿ ਅਸੀਂ ਸਾਰੇ ਹੀ ਝੂਠ ਬੋਲਦੇ ਹਾਂ ਤਾਂ ਇਹ ਬਹੁਤ ਦੁਖ ਵਾਲੀ ਗੱਲ ਹੈ ।

ਅਵਾਜ਼ਾਂ : ਅਸੀਂ ਸਭ ਨੂੰ ਝੂਠਾ ਨਹੀਂ ਕਹਿੰਦੇ ।

ਕਾਮਰੇਡ ਹਰਨਾਮ ਸਿੰਘ ਚਮਕ : ਮੇਰੀ ਅਰਜ਼ ਹੈ ਕਿ ਠੀਕ ਹੈ ਕਿ ਤੁਸੀਂ ਹੀ ਸਚ ਬੋਲਦੇ ਹੋ ਪਰ ਸਚ ਕਹਿਣ ਲਈ ਹੀ ਨਹੀਂ ਹੁੰਦਾ ਸਚ ਸੁਨਣ ਲਈ ਤੇ ਸਹਿਣ ਲਈ ਵੀ ਹੁੰਦਾ ਹੈ । ਜੇਕਰ ਤੁਸੀਂ ਇਸ ਤਰ੍ਹਾਂ ਦਾ ਰਵਈਆ ਰਖੋਗੇ ਤਾਂ ਫਿਰ ਤੁਹਾਨੂੰ ਤੁਹਾਡੀਆਂ ਗਲਤੀਆਂ ਕੌਣ ਦੱਸੇਗਾ ? ਦੂਸਰੀ ਅਰਜ਼ ਮੈਂ ਇਹ ਕਰਨੀ ਚਾਹੁੰਦਾ ਹਾਂ ਪਰ ਅਰਜ਼ ਕਰਨ ਤੋਂ ਪਹਿਲਾਂ ਮੈਂ ਮੰਤਰੀ ਸਾਹਿਬਾਨ ਕੋਲੋਂ ਇਸ ਗਲ ਦੀ ਮਾਫੀ ਮੰਗਦਾ ਹਾਂ ਜੇਕਰ ਮੈਂ ਉਨ੍ਹਾਂ ਦੇ ਸਹੀ ਅਹੁਦੇ ਨਾ ਦਸ ਸਕਾਂ । ਇਸਦੀ ਵਜਹ ਇਹ ਹੈ ਕਿ ਮੰਤਰੀ ਸਾਹਿਬਾਨ ਦੀ ਤਾਦਾਦ ਐਨੀ ਜ਼ਿਆਦਾ ਹੈ ਕਿ ਮੈਨੂੰ ਅਜੇ ਤਕ ਪਤਾ ਨਹੀਂ ਲਗ ਸਕਿਆ ਕਿ ਉਪ ਮੰਤਰੀ ਕਿਹੜਾ ਹੈ ਤੇ ਰਾਜ ਮੰਤਰੀ ਕਿਹੜਾ ਹੈ (ਹਾਸਾ) ਤੇ ਮੈਂ ਅਰਜ਼ ਕਰਦਾ ਹਾਂ ਕਿ ਸਰਦਾਰ ਪ੍ਰੇਮ ਸਿੰਘ ਪ੍ਰੇਮ ਹੋਰਾਂ ਨੇ ਪਤਾ ਨਹੀਂ ਉਹ ਰਾਜ ਮੰਤਰੀ ਹਨ ਜਾਂ ਉਪ ਮੰਤਰੀ ਕਿਹਾ ਕਿ ਕਮਿਊਨਿਸਟ ਪਹਿਲਾਂ ਤਾਂ ਮੁਜ਼ਾਰਿਆਂ ਨੂੰ ਵਰਤ ਲੈਂਦੇ ਸਨ ਪਰ ਹੁਣ ਨਹੀਂ ਵਰਤ ਸਕਣਗੇ । ਉਸ ਦੀ ਵਜਹ ਇਹ ਦਿਤੀ ਹੈ ਕਿ ਅਸੀਂ ਜ਼ਮੀਨ ਦੀ ceiling 30 standard ਏਕੜ ਮੁਕਰਰ ਕਰਕੇ ਬਾਕੀ ਦੀ surplus ਜ਼ਮੀਨ ਲੈ ਕੇ ਕਿਸਾਨਾਂ ਵਿਚ ਵੰਡ ਦਿਤੀ ਹੈ । ਗੱਲ ਤਾਂ ਉਨ੍ਹਾਂ ਨੇ ਬੜੇ ਕਮਾਲ ਦੀ ਕੀਤੀ ਹੈ ਪਰ ਉਹ ਇਹ ਗੱਲ

ਭੁਲ ਗਏ ਹਨ ਕਿ ਉਨ੍ਹਾਂ ਦੇ ਹੁਕਮਰਾਨ ਟੋਲੇ ਨੇ ਤਾਂ ਵਧੇਰਾ ਜ਼ੋਰ ਲਾਇਆ ਸੀ ਕਿ ਇਹ ਜ਼ਮੀਨ ਮੁਜ਼ਾਰਿਆਂ ਨੂੰ ਨਾ ਮਿਲੇ ਪਰ ਉਨ੍ਹਾਂ ਦਾ ਵਸ ਨਹੀਂ ਚਲਿਆ ਸੀ। ਉਨ੍ਹਾਂ ਨੂੰ ਯਾਦ ਹੋਣਾ ਚਾਹੀਦਾ ਹੈ ਕਿ ਜਦੋਂ ਪੈਪਸੂ ਦੀ ਅਸੈਂਬਲੀ ਖਤਮ ਹੋਈ ਹੈ ਤਾਂ 30 standard ਏਕੜ ਦੀ ਰਾਖੀ ਕਰਨ ਵਾਲੀ ਹੁਕਮਰਾਨ ਪਾਰਟੀ ਨੇ ਇਸ ਬਾਰੇ ਕੀ ਫੈਸਲਾ ਕੀਤਾ ਸੀ ਅਤੇ ਬਾਅਦ ਵਿਚ ਕਿਨਾਂ ਹਾਲਾਤ ਵਿਚ ਉਸ ਫੈਸਲੇ ਨੂੰ ਬਦਲਿਆ ਗਿਆ ਸੀ। ਤੁਹਾਡੀ ਹੁਕਮਰਾਨ ਪਾਰਟੀ ਨੇ ਜਿਸ ਨੂੰ ਤੁਸੀਂ ਕਿਸਾਨਾਂ ਦੀ ਹਮਦਰਦ ਕਹਿੰਦੇ ਹੋ ਉਸਨੇ ਉਨ੍ਹਾਂ ਸਾਰੇ ਬਿੱਲਾਂ ਨੂੰ ਜੋ ਕਿਸਾਨਾਂ ਦੇ ਫਾਇਦੇ ਲਈ ਪਾਸ ਹੋਏ ਸਨ ਉਨ੍ਹਾਂ ਨੂੰ ਲਾਗੂ ਨਹੀਂ ਕੀਤਾ ਸੀ ਅਤੇ ਅਸੈਂਬਲੀ ਖਤਮ ਕਰ ਦਿਤੀ ਸੀ। ਉਸ ਵਕਤ ਕਿਸਾਨਾਂ ਦੀ ਅਗਵਾਈ ਇਸ ਕਮਿਊਨਿਸਟ ਪਾਰਟੀ ਨੇ ਹੀ ਕੀਤੀ ਸੀ ਅਤੇ ਅਸੈਂਬਲੀ ਨੂੰ ਨਵੇਂ ਸਿਰੇ ਤੋਂ ਬੁਲਵਾ ਕੇ ਉਸ ਬਿਲ ਨੂੰ ਪਾਸ ਕਰਵਾਣਾ ਪਿਆ ਸੀ ......(Interruptions)

ਉਪ ਮੰਤਰੀ (ਸਰਦਾਰ ਹਰਚੰਦ ਸਿੰਘ) : ਪਰ ਹੁਣ ਮਦਦ ਤਾਂ ਅਕਾਲੀਆਂ ਨੇ ਹੀ ਕੀਤੀ ਹੈ।

ਕਾਮਰੇਡ ਹਰਨਾਮ ਸਿੰਘ ਚਮਕ : ਕੀ ਤੁਸੀਂ ਆਪਣੀ ਗਲ ਕਰਦੇ ਹੋ ? ਪਿਛਲੀ ਦਫਾ ਤੁਸੀਂ ਹੀ ਅਕਾਲੀਆਂ ਨਾਲ ਸਾਂਝ ਪਾਇਆ ਸੀ ਅਤੇ ਉਨ੍ਹਾਂ ਦੀ ਸ਼ਰਣ ਲੈਕੇ ਜਿੱਤੇ ਸੀ ਪਰ ਅਸੀਂ ਤਾ ਉਨ੍ਹਾਂ ਦੀ ਬੁਕੱਲ ਵਿਚ ਅਜ ਤਕ ਨਹੀਂ ਗਏ। (ਹਾਸਾ) ਤੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਚੰਗਾ ਹੁੰਦਾ ਜੇ ਉਹ ਆਪਣੀ ਤਕਰੀਰ ਵਿਚ ਇਹ ਵੀ ਦਸ ਦਿੰਦੇ ਕਿ ਕਿੰਨਾਂ ਹਾਲਾਤ ਵਿਚ ਇਨਾਂ ਨੂੰ ਉਹ ਬਿਲ ਪਾਸ ਕਰਨਾ ਪਿਆ ਸੀ ਅਤੇ ਉਸ ਬਿਲ ਦੇ ਪਾਸ ਹੋਣ ਦੇ ਵਕਤ ਕਿਤਨੀ ਜ਼ਮੀਨ surplus ਨਿਕਲਦੀ ਸੀ ਅਤੇ ਉਹ ਬਾਅਦ ਵਿਚ ਕਿਸ ਤਰ੍ਹਾਂ ਖੁਰਦੀ ਚਲੀ ਗਈ। ਤੇ ਮੈਂ ਉਨ੍ਹਾਂ ਕੋਲੋਂ ਪੁਛਣਾ ਚਾਹੁੰਦਾ ਹਾਂ ਕਿ ਕੀ ਉਹ ਸਾਰੀ ਜ਼ਮੀਨ ਜਿਹੜੀ ਖੁਰ ਗਈ ਹੈ ਉਹ ਕਮਿਊਨਿਸਟ ਪਾਰਟੀ ਉਡਾ ਕੇ ਲੈ ਗਈ ਹੈ ? ਮੈਂ ਕਹਿੰਦਾ ਹਾਂ ਕਿ ਮੁਜ਼ਾਰਿਆਂ ਦਾ ਮਸਲਾ ਅਜੇ ਵੀ ਹਲ ਨਹੀਂ ਹੋਇਆ ਹੈ।

ਮੁਖ ਮੰਤਰੀ : ਬਜਟ ਵੇਲੇ ਜੇ ਇਨ੍ਹਾਂ ਗੱਲਾਂ ਦਾ ਜ਼ਿਕਰ ਕਰਦੇ ਤਾਂ ਚੰਗਾ ਹੁੰਦਾ।

ਕਾਮਰੇਡ ਹਰਨਾਮ ਸਿੰਘ ਚਮਕ : ਮੈਂ ਤਾਂ ਵੇਲੇ ਸਿਰ ਹੀ ਜਿਕਰ ਕਰਨਾ ਸੀ ਪਰ ਕਲ੍ਹ ਉਨ੍ਹਾਂ ਨੇ challenge ਕੀਤਾ ਸੀ ਅਤੇ ਬੜੇ ਤਮਤਕਾਰ ਨਾਲ ਕਿਹਾ ਸੀ ਕਿ ਉਹ ਦਿਨ ਗਏ ਜਦੋਂ ਖਲੀਲ ਖਾਂ ਫਾਖਤਾ ਉਡਾਇਆ ਕਰਦੇ ਸਨ। ਮੈਂ ਉਨ੍ਹਾਂ ਨੂੰ ਦਸ ਦੇਵਾਂ ਕਿ ਇਹ ਫਾਖਤਾ ਪਿਛਲੇ 5 ਸਾਲ ਏਸੇ ਖਲੀਲ ਖਾਂ ਨੇ ਹੀ ਉਡਾਈ ਹੈ। (ਹਾਸਾ) ਇਹ ਸਭ ਨੂੰ ਪਤਾ ਹੈ ਤੇ ਮੁਜ਼ਾਰਿਆਂ ਨੂੰ ਵੀ ਪਤਾ ਹੈ ਕਿ ਉਨ੍ਹਾਂ ਦੇ ਹਕਾਂ ਦੀ ਰਾਖੀ ਕੌਣ ਕਰਦਾ ਹੈ। ਸਰਦਾਰ ਦਰਬਾਰਾ ਸਿੰਘ ਜੀ ਨੇ ਇਕ ਨਵੀਂ theory ਇਥੇ ਪੇਸ਼ ਕੀਤੀ ਹੈ ਉਨ੍ਹਾਂ ਦੇ ਆਗੂ ਤੇ ਪਾਰਟੀ ਤਾਂ ਇਹ ਆਖਦੀ ਹੈ ਕਿ socialistic pattern of society ਕਾਇਮ ਕਰ ਰਹੇ ਹਾਂ। ਉਨ੍ਹਾਂ ਨੇ socialism ਲਿਆਉਣ ਦੇ ਬਜਾਏ co-operation ਦੀ theory ਪੇਸ਼ ਕੀਤੀ ਹੈ। ਚੰਗਾ ਹੁੰਦਾ ਜੇ ਉਹ ਇਹ ਵੀ ਦਸ ਦਿੰਦੇ ਕਿ ਉਹ socialism ਕਿਸ ਤਰ੍ਹਾਂ ਲਿਆ ਰਹੇ ਹਨ। Socialism ਲਿਆਉਣ ਲਈ ਇਹ ਜ਼ਰੂਰੀ ਹੁੰਦਾ ਹੈ ਕਿ ਪੈਦਾਵਾਰ ਦੇ ਜੋ ਸਾਧਨ ਹਨ ਉਨ੍ਹਾਂ ਨੂੰ nationalise ਕੀਤਾ ਜਾਵੇ।

[ਕਾਮਰੇਡ ਹਰਨਾਮ ਸਿੰਘ ਚਮਕ]
ਇਨ੍ਹਾਂ ਨੇ ਪੈਦਾਵਾਰ ਦੇ ਕਿਤਨੇ ਕੁ ਸਾਧਨ ਸੋਸ਼ਲਾਇਜ਼ ਕੀਤੇ ਹਨ ? ਜੇਕਰ ਸਾਡੇ ਸਾਹਮਣੇ ਇਹ ਅਜਿਹੀਆਂ ਚੰਗੀਆਂ ਗਲਾਂ ਦਸਣ ਤਾਂ ਅਸੀਂ ਉਨ੍ਹਾਂ ਨਾਲ ਸਹਿਮਤ ਹੋਣ ਦਾ ਯਤਨ ਕਰੀਏ ।

10·00 a.m.

ਇਸ ਤੋਂ ਇਲਾਵਾ ਸਰਦਾਰ ਅਜਮੇਰ ਸਿੰਘ, ਸਾਡੇ Revenue Minister ਸਾਹਿਬ ਨੇ ਕਿਹਾ ਸੀ ਕਿ ਮੇਰੇ ਨੋਟਿਸ ਵਿਚ ਲਿਆਓ, facts ਦੱਸੋ ਇਨਕੁਆਇਰੀ ਕਰਾਂਗਾ, ਪੜਤਾਲ ਕਰਾਂਗਾ । ਜਦੋਂ ਆਪੋਜੀਸ਼ਨ ਵਲੋਂ ਦਸਿਆ ਜਾ ਰਿਹਾ ਹੈ ਤਾਂ ਇਹ ਬਜਾਏ ਨੋਟ ਕਰਨ ਦੇ ਮੱਥੇ ਤੇ ਤਿਉੜੀ ਪਾ ਕੇ ਕਹਿੰਦੇ ਹਨ ਕਿ ਇਹ ਗਲਤ ਹੈ । ਜੋ ਕੁਛ ਅਸੀਂ ਕਹਿੰਦੇ ਹਾਂ ਉਸ ਦੀ ਪੜਤਾਲ ਕੀਤੀ ਜਾਏ ਅਤੇ ਪੜਤਾਲ ਕਰਕੇ ਦਸਿਆ ਜਾਏ ਕਿ ਇਹ ਠੀਕ ਹੈ ਯਾ ਗਲਤ ਹੈ, ਅਸੀਂ ਠੀਕ ਹਾਂ ਯਾ ਇਹ ਦਰੁਸਤ ਹਨ । ਅਸੀਂ ਗ਼ਲਤ ਹੋ ਸਕਦੇ ਹਾਂ । ਮਨਿਸਟਰਾਂ ਕੋਲ ਜਿਹੜੀਆਂ ਹੇਠ ਤੋਂ ਰਿਪੋਰਟਾਂ ਆਉਂਦੀਆਂ ਹਨ ਜੇ ਕਰ ਉਨ੍ਹਾਂ ਦੀ ਇਨਕੁਆਇਰੀ ਕੀਤੀ ਜਾਵੇ ਤਾਂ ਪਤਾ ਲਗੇ ਕਿ ਉਨ੍ਹਾਂ ਰਿਪੋਰਟਾਂ ਵਿਚੋਂ ਜੇ ਸੌ ਫ਼ੀ ਸਦੀ ਨਹੀਂ ਤਾਂ 80 ਫ਼ੀ ਸਦੀ ਜ਼ਰੂਰ ਵਧਾ ਚੜ੍ਹਾ ਕੇ ਕੀਤੀਆਂ ਹੁੰਦੀਆਂ ਹਨ । ਅਜਿਹੀਆਂ ਗੱਲਾਂ ਜ਼ਰੂਰ ਹੁੰਦੀਆਂ ਹਨ ।

ਤੀਸਰੀ ਗਲ ਇਹ ਹੈ ਕਿ ਕਲ ਫਾਈਨੈਂਨਸ ਮਨਿਸਟਰ ਸਾਹਿਬ ਨੇ ਫਰਮਾਇਆ ਸੀ ਕਿ ਇਨ੍ਹਾਂ ਨੇ Cut Motions ਤਾਂ ਦਿੱਤੀਆਂ ਹਨ ਪਰ ਇਨ੍ਹਾਂ ਨੂੰ ਪਤਾ ਨਹੀਂ ਕਿ ਕਟ ਮੋਸ਼ਨ ਦਾ ਮਕਸਦ ਤੇ ਮਤਲਬ ਕੀ ਹੈ । ਸਰਦਾਰ ਹਰਦਿਤ ਸਿੰਘ ਨੇ ਕਟ ਮੋਸ਼ਨ ਪੇਸ਼ ਕੀਤੀ । ਮੈਂ ਉਸ ਵੇਲੇ point out ਕੀਤਾ ਅਤੇ ਅਰਜ਼ ਕੀਤੀ ਕਿ ਉਸ ਵਿਚ ਹੇਠਲੇ ਰੀਮਾਰਕਸ ਵੀ ਵੇਖ ਲਏ ਜਾਣ । ਜੇਲ੍ਹਾਂ ਦੇ ਬਾਰੇ ਉਨ੍ਹਾਂ ਨੇ ਕਟ ਮੋਸ਼ਨ ਦਿਤੀ । ਸਾਡੇ ਗਰੁਪ ਵਲੋਂ ਹੋਰ ਵੀ ਕਟ ਮੋਸ਼ਨਜ਼ ਆਈਆਂ । ਸਰਦਾਰ ਹਰਦਿਤ ਸਿੰਘ ਨੇ ਜੋ ਕਟ ਮੋਸ਼ਨ ਦਿਤੀ ਉਸ ਦੇ ਹੇਠਾਂ ਇਹ ਲਿਖਿਆ ਹੋਇਆ ਸੀ ਕਿ ਇਹ ਕਟ ਮੋਸ਼ਨ ਇਸ ਲਈ ਦਿਤੀ ਹੈ ਕਿਉਂਕਿ ਜੇਲ੍ਹਾਂ ਵਿਚ ਕੌਮਿਊਨਿਸਟ ਕੈਦੀਆਂ ਨਾਲ ਭੈੜਾ ਰਵੈਯਾ ਵਰਤਿਆ ਗਿਆ ਹੈ । ਇਹ ਮੌਕਾ ਸੀ ਕਿ ਸਾਡੇ ਫਾਈਨੈਂਨਸ ਮਨਿਸਟਰ ਸਾਹਿਬ ਦੀ ਤਵੱਜੁਹ ਉਸ ਪਾਸੇ ਦਿਲਾਈ ਜਾਂਦੀ ਤੇ ਉਹ ਜਵਾਬ ਦਿੰਦੇ ਇਸ ਤਰ੍ਹਾਂ ਕਰਕੇ ਉਨ੍ਹਾਂ ਨੂੰ ਮੌਕਾ ਦਿੰਦੇ ਇਹ ਦੱਸਣ ਦਾ ਕਿ ਉਨ੍ਹਾਂ ਦੇ ਨਾਲ ਜੇਲ੍ਹ ਵਿਚ ਕਿਸ ਤਰ੍ਹਾਂ ਹੁੰਦਾ ਰਿਹਾ । ਉਨ੍ਹਾਂ ਨੇ ਮਜਬੂਰ ਹੋ ਕੇ ਜਿਹੜੀਆਂ ਗਲਾਂ ਉਨ੍ਹਾਂ ਦੇ ਸਾਹਮਣੇ ਆਈਆਂ ਹਨ ਕਹੀਆਂ ਹਨ । ਹੁਣ ਇਹ ਕਹਿ ਕੇ ਰੁਪਿਆ ਮੰਗਿਆ ਗਿਆ ਹੈ ਕਿ ਫਲੱਡ ਆਏ ਹਨ । ਇਹ ਅਜੀਬ ਗੱਲ ਹੈ, ਅੱਜ ਸਾਰੇ ਪਾਸੇ ਕਿਉਂ ਰੌਲਾ ਪੈ ਰਿਹਾ ਹੈ ? ਅੱਗੇ ਵੀ 14, 15 ਸਾਲ ਵਿਚ ਫਲੱਡਜ਼ ਆਉਂਦੇ ਰਹੇ ਹਨ । ਇਹ ਸਾਡੇ ਸਿਰ ਮੁਲਾਮਤ ਪਈ ਹੋਈ ਹੈ, ਪਤਾ ਨਹੀਂ ਕਿਸ ਨੇ ਕੀ ਕੀਤਾ ਤੇ ਕੀ ਨਹੀਂ ਕੀਤਾ । ਆਪੋਜ਼ੀਸ਼ਨ ਬੈਂਚਾਂ ਨੇ ਹਰ ਵੇਲੇ ਹਕੂਮਤ ਦੇ ਨੋਟਿਸ ਵਿਚ ਲਿਆਉਣ ਦਾ ਯਤਨ ਕੀਤਾ ਕਿ ਇਹ ਚੀਜ਼ ਇਸ ਤਰ੍ਹਾਂ ਹੈ । ਅਸੀਂ ਆਪਣੀਆਂ ਠੋਸ suggestions ਦਿੰਦੇ ਰਹੇ ਹਾਂ । ਅਸੀਂ ਹੁਣ ਵੀ ਮਿਲਵਰਤਨ ਦਿਆਂਗੇ । ਜਿਥੋਂ ਤਕ ਇਨ੍ਹਾਂ ਮਸਲਿਆਂ ਨੂੰ ਹਲ ਕਰਨ ਦਾ ਸਵਾਲ ਹੈ ਇਸ ਵਾਸਤੇ ਅਸੀਂ ਆਪਣੇ ਲੋਕਾਂ ਨੂੰ ਵੀ ਪਰੇਰਾਂਗੇ ਅਤੇ ਸਾਡੇ ਠੋਸ suggestions ਦਿਤੇ ਹੋਏ ਵੀ ਹਨ । ਸਾਨੂੰ nvite ਕਰੋਗੇ ਤਾਂ ਅਸੀਂ ਠੋਸ suggestions ਦਿਆਂਗੇ । ਸਾਨੂੰ ਦੱਸਿਆ ਜਾਵੇ ਕਿ ਕਿਹੜੀ suggestion ਅਮਲ ਵਿਚ ਆ ਸਕਦੀ ਹੈ ਤੇ ਕਿਹੜੀ ਨਹੀਂ ਆ ਸਕਦੀ । ਇਹ

ਨਾ ਕਿਹਾ ਜਾਵੇ ਕਿ ਸਾਰੇ ਆਪੋਜ਼ੀਸ਼ਨ ਵਾਲੇ ਰੌਲਾ ਪਾ ਰਹੇ ਹਨ । ਇਹ ਕਿਉਂ ਰੌਲਾ ਪਾ ਰਹੇ ਹਨ ਕਿਉਂਕਿ ਅਗੇ 15 ਸਾਲ ਵਿਚ ਕੁਝ ਨਹੀਂ ਕੀਤਾ ਤੇ ਹੁਣ ਇਲੈਕਸ਼ਨ ਦੇ ਸ਼ੁਰੂ ਵਿਚ ਰਿਲੀਫ ਦੀ ਵੰਡ ਹੋਈ ਹੈ । ਇਹ ਅਜੀਬ ਜਿਹੀ ਗਲ ਹੋ ਜਾਂਦੀ ਹੈ । ਲੋਕਲ ਅਫਸਰਾਂ ਨੇ ਇਹੋ ਜਿਹੀਆਂ ਗਲਾਂ ਕੀਤੀਆਂ ਹਨ । ਰਿਲੀਫ ਵੰਡਣ ਵੇਲੇ ਦੋ ਤਿੰਨ ਤਰੀਕਿਆਂ ਵਾਲਾ ਰਿਲੀਫ ਵੰਡਿਆ ਗਿਆ ਹੈ । ਕੁਛ ਬੈਲਾਂ ਲਈ ਤਕਾਵੀਆਂ ਦਿਤੀਆਂ ਗਈਆਂ ਸਨ, ਕੁਛ ਬੀਜ ਵਾਸਤੇ ਅਤੇ ਕੁਝ ਹੋਰ । ਇਹ ਦਰੁਸਤ ਹੈ । ਮੈਨੂੰ ਆਪਣੇ ਡਿਸਟ੍ਰਿਕਟ ਦਾ ਤਜਰਬਾ ਹੈ ਜਿਥੇ ਕਿ ਰਿਲੀਫ ਵੰਡਣ ਲਈ ਛੋਟੇ ਅਫਸਰ ਲਾਏ ਸਨ, ਮੈਂ ਵਡੇ ਅਫਸਰਾਂ ਦੇ ਮੁਤੱਲਿਕ ਨਹੀਂ ਕਹਿੰਦਾ । ਪਤਾ ਨਹੀਂ ਉਨ੍ਹਾਂ ਨੂੰ ਉਪਰੋਂ ਹਦਾਇਤਾਂ ਸਨ ਜਾਂ ਉਹ ਖੁਦ ਬਖੁਦ ਕਰਦੇ ਸਨ, ਉਹ ਇਹ ਗੱਲ ਕਹਿੰਦੇ ਸਨ ਅਤੇ ਖੁਲ੍ਹਮ ਖੁਲ੍ਹਾ ਕਹਿੰਦੇ ਸਨ ਕਿ ਜਿਹੜਾ ਉਥੇ ਕਾਂਗਰਸੀ ਉਮੀਦਵਾਰ ਸੀ ਉਸ ਨੂੰ ਲਿਆਓ ਫਿਰ ਰਿਲੀਫ ਮਿਲੇਗਾ (voices of shame shame from Opposition Benches) ਇਹ ਚੀਜ਼ ਖੁਲ੍ਹਮ ਖੁਲ੍ਹਾ ਹੁੰਦੀ ਸੀ । ਮੇਰੇ ਇਲਾਕੇ ਵਿਚ ਕਾਂਗਰਸੀ ਉਮੀਦਵਾਰ ਪਿੰਡ ਗਹਿਲ੍ਹਾਂ ਵਿਚ ਗਿਆ । ਉਸ ਦੇ ਨਾਲ ਕੁਝ ਹੋਰ ਆਦਮੀ ਸਨ । ਉਸ ਨੇ ਪੰਚਾਂ ਨੂੰ ਸੱਦਿਆ ਤੇ ਕਿਹਾ ਕਿ ਮੈਂ ਤੁਹਾਨੂੰ ਤਕਾਵੀ ਦਿਲਾਉਂਦਾ ਹਾਂ । ਜਿਹੜੇ ਛੋਟੇ ਅਫਸਰ ਸਨ ਉਹ ਵੀ ਉਸ ਦੇ ਨਾਲ ਸਨ । ਪਿੰਡ ਦੇ ਲੋਕਾਂ ਨੂੰ ਕਿਹਾ ਗਿਆ ਕਿ ਮੰਗ ਪੇਸ਼ ਕੀਤੀ ਜਾਏ । ਫਿਰ ਉਨ੍ਹਾਂ ਤੋਂ ਦਰਖਾਸਤਾਂ ਮੰਗੀਆਂ ਗਈਆਂ । ਮੇਰਾ ਖਿਆਲ ਹੈ ਕਿ ਉਨ੍ਹਾਂ ਦਰਖਾਸਤਾਂ ਦਾ ਢੇਰ ਲਗਿਆ ਪਿਆ ਹੈ । ਜਿਹੜਾ ਉਥੇ ਕਾਂਗਰਸ ਦਾ ਉਮੀਦਵਾਰ ਸੀ ਉਸ ਨੇ ਦੋ ਦੋ ਤਿੰਨ ਤਿੰਨ; ਚਾਰ ਚਾਰ ਵਾਰੀ ਦਰਖਾਸਤਾਂ ਦਿਲਾਈਆਂ । ਉਹ ਲੋਕ ਸੰਗਰੂਰ ਅਤੇ ਹੋਰ ਜਗ੍ਹਾ ਬਾਰਾਂ੨, ਪੰਦਰ੍ਹਾਂ ੨ ਰੁਪਏ ਖਰਚ ਕਰਕੇ ਜਾਂਦੇ ਰਹੇ । ਉਨ੍ਹਾਂ ਨੂੰ ਤਕਾਵੀ ਦੇਣ ਵਿਚ ਨਹੀਂ ਆਉਂਦੇ ।

ਮੁਖ ਮੰਤਰੀ : ਉਸ ਵੇਲੇ ਤਾਂ, ਭਰਾ ਜੀ, ਅਜੇ ਨਾਮ ਵੀ ਨਹੀਂ ਸਨ ਚੁਣੇ ।

ਕਾਮਰੇਡ ਹਰਨਾਮ ਸਿੰਘ ਚਮਕ : ਉਨ੍ਹਾਂ ਨੂੰ ਛੋਟੇ ਅਫਸਰ ਕਹਿੰਦੇ ਸਨ ਕਿ ਵੋਟਾਂ ਪੈਣ ਤੋਂ ਬਾਅਦ ਦੇਖਾਂਗੇ ਕਿ ਤੁਸੀਂ ਕਿਹੜੇ ਪਾਸੇ ਜਾਂਦੇ ਹੋ, ਤੁਸੀਂ ਕਿਧਰ ਵੋਟ ਪਾਉਂਦੇ ਹੋ, ਫੇਰ ਤਕਾਵੀ ਦਾ ਫੈਸਲਾ ਕਰਾਂਗੇ ।

ਮੈਂ ਭਦੌੜ ਦੀ ਇਕ ਮਿਸਾਲ ਦਿੰਦਾ ਹਾਂ, ਕਿਸ ਤਰ੍ਹਾਂ ਪੱਖ-ਪਾਤ ਨਾਲ ਕੰਮ ਕੀਤਾ ਜਾਂਦਾ ਹੈ । ਭਦੌੜ ਵਿਚ ਸਾਰੀ ਗਿਰਦਾਵਰੀ ਹੋ ਗਈ । ਜਿਥੇ ਸਰਦਾਰ ਅਰਜਨ ਸਿੰਘ ਐਕਸ ਐਮ, ਐਲ. ਏ. ਦੀ ਜ਼ਮੀਨ ਆਈ ਉਥੇ ਗਿਰਦਾਵਰੀ ਬੰਦ ਕਰ ਦਿਤੀ ਅਤੇ ਉਸ ਤੋਂ ਅਗਲੇ ਪਾਸੇ ਸਾਰੀ ਪੱਤੀ ਦੀ ਗਰਦੌਰੀ ਬੰਦ ਕਰ ਦਿਤੀ । ਉਸ ਪੱਤੀ ਨੂੰ ignore ਕਰ ਦਿੱਤਾ ਗਿਆ ਕਿਉਂਕਿ ਉਹ ਪੱਤੀ ਅਰਜਨ ਸਿੰਘ ਦੀ ਸੀ ਇਸ ਲਈ ਕਹਿਣ ਲਗੇ ਕਿ ਇਸ ਪੱਤੀ ਨੂੰ ਅਰਜਨ ਸਿੰਘ ਹੀ ਗਿਰਦਾਵਰੀ ਕਰਵਾਕੇ ਵਿਖਾਵੇਗਾ । ਇਹੋ ਜਿਹੀਆਂ ਚੀਜ਼ਾਂ ਹੁੰਦੀਆਂ ਰਹੀਆਂ । ਬਿਹਤਰ ਹੋਵੇ ਕਿ ਇਨ੍ਹਾਂ ਚੀਜ਼ਾਂ ਨੂੰ ਪੜਤਾਲ ਕੇ ਵੇਖਿਆ ਜਾਵੇ ।

ਮੁਖ ਮੰਤਰੀ : ਇਸ ਦੀ ਪੜਤਾਲ ਕਰਾਂਗੇ । This will be inquired into.

ਕਾਮਰੇਡ ਹਰਨਾਮ ਸਿੰਘ ਚਮਕ : ਜਿਹੜਾ ਢੰਗ ਸੀ ਉਹ ਪੱਖ ਪਾਤੀ ਢੰਗ ਸੀ । ਨਾਜਾਇਜ਼ ਤੌਰ ਤੇ ਕੰਮ ਕੀਤਾ ਗਿਆ ਹੈ । ਮੇਰੇ ਡਿਸਟ੍ਰਿਕਟ ਵਿਚ ਜੀ ਪ੍ਰਤੀ ਕਣਕ ਦਿਤੀ ਗਈ ਹੈ । ਜਿਥੇ 50% ਤੋਂ ਘਟ ਨੁਕਸਾਨ ਹੋਇਆ ਹੈ ਉਥੇ ਇਕ ਮਣ ਕਣਕ ਜੀ ਪਰਤੀ ਦਿਤੀ ਗਈ ਹੈ । ਜਿਥੇ ਕੁਛ ਜ਼ਿਆਦਾ ਨੁਕਸਾਨ ਹੋਇਆ ਹੈ ਉਥੇ ਜ਼ਿਆਦਾ ਤਕਾਵੀ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ । ਜੋ criterion ਰੱਖਿਆ ਹੈ ਉਸ ਦੇ ਮੁਤਾਬਿਕ ਠੀਕ ਵੰਡ ਹੋਈ ਹੈ ਯਾ ਨਹੀਂ ਇਹ ਦੇਖਿਆ ਜਾਵੇ । ਇਹ criterion ਸਾਰੇ ਇਕੋ ਜਿਹਾ ਨਹੀਂ ਵਰਤਿਆ ਗਿਆ । ਜਿਹੜੀ ਵੰਡ ਬਿਹਤਰ ਸੀ ਉਹ ਕੀਤੀ ਜਾਂਦੀ । ਸਾਡੇ ਕੋਲ ਇਕ ਜਾਂ ਦੋ ਚਾਰ ਮਿਸਾਲਾਂ ਨਹੀਂ ਬਲਕਿ ਸੈਂਕੜੇ ਮਿਸਾਲਾਂ ਹਨ । ਜਿਹੜੇ ਵੱਡੇ ਟੱਬਰ ਸਨ ਉਨ੍ਹਾ ਨੂੰ ਛੋਟਾ ਦਿਖਾਇਆ ਗਿਆ ਅਤੇ ਜਿਹੜੇ ਛੋਟੇ ਟੱਬਰ ਸਨ ਉਨ੍ਹਾਂ ਨੂੰ ਵਡਾ ਦਿਖਾਇਆ ਗਿਆ । ਜਿਹੜੇ ਵੱਡੇ ਟੱਬਰ ਸਨ ਉਨ੍ਹਾਂ ਨੂੰ ਛੋਟੇ ਛੋਟੇ ਟੱਬਰ ਦਿਖਾ ਕੇ relief ਜ਼ਿਆਦਾ ਦਿਤਾ ਗਿਆ । ਇਕ ਵੱਡੇ ਟੱਬਰ ਨੂੰ ਕਈ ਕਈ ਤਕਾਵੀਆਂ ਦਿਤੀਆਂ ਗਈਆਂ । ਤਕਾਵੀਆਂ ਠੀਕ ਨਹੀਂ ਮਿਲੀਆਂ । ਇਸੇ ਤਰ੍ਹਾਂ ਪੱਖ ਪਾਤ ਨਾਲ ਆਪਣੇ favourite ਆਦਮੀਆਂ ਨੂੰ, ਜਿਹੜੇ ਚਹੇਤੇ ਲੋਕ ਸਨ ਉਨ੍ਹਾਂ ਨੂੰ ਅਨਾਜ ਦੀ ਰਿਲੀਫ ਦਿਤੀ ਗਈ ਹੈ । ਬੈਲਾਂ ਲਈ ਤਕਾਵੀ ਦੇਣ ਵੇਲੇ ਵੀ ਇਸੇ ਤਰ੍ਹਾਂ ਕੀਤਾ ਗਿਆ ਹੈ । ਇਹ ਚੀਜ਼ਾਂ ਹੋਈਆਂ ਹਨ । ਜ਼ਿਲਾ ਸੰਗਰੂਰ ਵਿਚ ਪੜਤਾਲ ਕੀਤੀ ਜਾਵੇ, ਅਸੀਂ ਮਦਦ ਕਰਾਂਗੇ ਸਚਾਈ ਤਕ ਪਹੁੰਚਣ ਲਈ । ਜੇ ਅਸੀਂ ਗਲਤ ਹੋਵਾਂਗੇ ਤਾਂ ਹਾਊਸ ਵਿਚ ਖੜ੍ਹੇ ਹੋ ਕੇ ਕਹਾਂਗੇ ਕਿ ਅਸੀਂ ਗਲਤ ਬਿਆਨੀ ਕੀਤੀ ਹੈ, ਜੋ ਹਾਊਸ ਸਜ਼ਾ ਦੇਵੇਗਾ, condemn ਕਰੇਗਾ, ਉਹ ਭੁਗਤਣ ਲਈ ਤਿਆਰ ਹਾਂ ।

Chief Minister: Very good.

ਕਾਮਰੇਡ ਹਰਨਾਮ ਸਿੰਘ ਚਮਕ: ਸਚਾਈ ਨੂੰ ਮੁਖ ਰਖਿਆ ਜਾਵੇ ਭਾਵੇਂ ਕਾਂਗਰਸ ਉਨ੍ਹਾਂ ਬੈਂਚਾਂ ਤੇ ਬੈਠੀ ਹੈ, ਚਾਹੇ ਅਸੀਂ ਬੈਠੇ ਹੋਈਏ, ਜੇ ਸਚਾਈ ਨੂੰ ਮੁਖ ਰਖ ਕੇ ਲੋਕਾਂ ਦੀ ਸੇਵਾ ਕਰਾਂਗੇ ਤਾਂ ਲੋਕ ਕਹਿਣਗੇ ਕਿ ਅਸੀਂ ਏਥੇ ਆਕੇ ਉਨ੍ਹਾਂ ਲਈ ਕੰਮ ਕੀਤਾ ਹੈ । ਹੁਣ ਕਾਂਗਰਸ ਦੇ ਹਥ ਵਿਚ ਹਕੂਮਤ ਦੀ ਵਾਗ ਡੋਰ ਹੈ । ਸਾਡਾ ਫਰਜ਼ ਹੈ ਕਿ ਉਨ੍ਹਾਂ ਚੀਜ਼ਾਂ ਨੂੰ ਸਹੀ ਤੌਰ ਤੇ ਇਨ੍ਹਾਂ ਦੇ ਸਾਹਮਣੇ point out ਕਰੀਏ । ਅਸੀਂ ਇਸ ਵਾਸਤੇ ਨਹੀਂ ਕਹਿੰਦੇ ਕਿ ਉਹ ਕਾਂਗਰਸੀ ਹਨ ਤੇ ਉਨ੍ਹਾਂ ਬੈਂਚਾਂ ਤੇ ਕਿਉਂ ਬੈਠੇ ਹਨ । ਇਸ ਵਾਸਤੇ ਕਹਿੰਦੇ ਹਾਂ ਕਿ ਲੋਕਾਂ ਦੇ ਮਸਲੇ ਹਨ ਲੋਕਾਂ ਨਾਲ ਇਨਸਾਫ ਨਹੀਂ ਹੋ ਰਿਹਾ । ਜਿਥੇ ਬੇਇਨਸਾਫੀ ਹੋ ਰਹੀ ਹੈ ਉਥੇ ਸਾਡਾ ਫਰਜ਼ ਹੈ ਕਿ ਅਸੀਂ point out ਕਰੀਏ । ਸਾਡਾ ਮਕਸਦ ਹੈ ਕਿ ਅਸੀਂ ਲੋਕਾਂ ਦੀ ਆਵਾਜ਼ ਸਹੀ ਤੌਰ ਤੇ ਦਸੀਏ । ਜੇ ਗਲਤ ਕਹੀਏ ਤਾਂ ਪੜਤਾਲ ਕਰਕੇ ਦਸਿਆ ਜਾਵੇ ਕਿ ਇਹ ਗਲਤ ਹੈ । ਐਵੇਂ ਗਲਤ ੨ ਕਹਿ ਕੇ ਅਸੀਂ ਆਪਣੇ ਆਪ ਨੂੰ ਜਨਤਾ ਦੇ ਸੱਚੇ ਸੇਵਕ ਨਹੀਂ ਸਿਧ ਕਰ ਸਕਦੇ । ਮੇਰਾ ਇਹ ਖਿਆਲ ਹੈ ।

ਮਾਲ ਮੰਤ੍ਰੀ : ਪਰਲੇ ਪਾਸੇ ਵਾਲਿਆਂ ਨੂੰ ਕਹੋ ।

ਕਾਮਰੇਡ ਹਰਨਾਮ ਸਿੰਘ ਚਮਕ : ਮੈਂ ਸਾਰੇ ਪਰਲੇ ਪਾਸੇ ਵਾਲਿਆਂ ਵਲੋਂ ਹੀ ਕਹਿ ਰਿਹਾ ਹਾਂ । ਸਾਰਾ ਹਾਊਸ ਐਵੇਂ ਨਹੀਂ ਕਹੀ ਜਾਂਦਾ । ਇਹ ਦਰੁਸਤ ਹੈ ਤੇ ਇਸੇ ਤਰ੍ਹਾਂ ਹੀ ਹੋਇਆ ਹੈ ।

ਇਸ ਲਈ ਇਸ ਤਰ੍ਹਾਂ ਕਹਿ ਕੇ ਟਾਲੋ ਨਾ, ਇਹ ਠੀਕ ਹੈ ਕਿ ਇਸ ਰਕਮ ਨੂੰ ਇਲੈਕਸ਼ਨ ਪ੍ਰੋਪੇਗੰਡਾ ਲਈ ਵਰਤਿਆ ਗਿਆ ਹੈ, ਇਸ ਲਈ ਨਿਰਾ ਨਾਂਹ ਨਾਂਹ ਨਾਲ ਨਹੀਂ ਸਰਦਾ। ਲੋਕਾਂ ਨੂੰ ਪੜਤਾਲ ਨਾਲੋਂ ਵਿਸ਼ਵਾਸ਼ ਦਿਵਾਉਣ ਦੀ ਲੋੜ ਹੈ ਕਿ ਇਹ ਰਕਮ ਠੀਕ ਤੌਰ ਤੇ ਖਰਚ ਕੀਤੀ ਗਈ ਹੈ । ਬਾਰਸ਼ਾਂ ਤਾਂ ਅਜ ਨਹੀਂ ਹਰ ਸਾਲ ਹੁੰਦੀਆਂ ਆ ਰਹੀਆਂ ਹਨ ਅਤੇ ਹੋਰ ਹਰ ਤਰ੍ਹਾਂ ਦੀਆਂ ਕਾਰਵਾਈਆਂ ਹੁੰਦੀਆਂ ਆ ਰਹੀਆਂ ਸਨ ਪਰ ਜੋ ਇਸ ਸਾਲ ਕੀਤਾ ਗਿਆ ਹੈ ਇਸ ਦੀ ਮਿਸਾਲ ਨਹੀਂ ਮਿਲਦੀ ਅਤੇ ਇਸ ਗੱਲ ਨੂੰ point out ਕਰਨ ਲਈ ਹੀ ਮੈਂ ਇਥੇ ਖੜਾ ਹੋਇਆ ਹਾਂ ।

गृह निर्माण राज्य मंत्री (श्री राम किशन) : अध्यक्ष महोदय, यह Appropriation Bill जो इस वक्त हमारे सामने पेश है इस के जरिये 75,97,110 रुपये की रकम की मंज़ूरी हासिल की जा रही है इस के सम्बन्ध में मैं दो तीन बातें अर्ज़ करूँगा । पहली बात, स्पीकर महोदय, मैं आप की विसातत से Opposition के तमाम मैम्बरों से यह कहना चाहता हूँ कि उन्होंने जो पंजाब के अवाम की नुमायंदगी करने के बड़े बड़े दावे किये हैं वह सब बातिल हैं । कल जब supplementary demands की सारी items हाउस के सामने पेश हुई तो उन्होंने हर एक item की मुखालिफत की । ऐसा मालूम होता है कि उन्होंने supplementary demands की हर एक मद्द पर अच्छी तरह गौर करने की ज़रूरत नहीं समझी । स्पीकर महोदय, इस Appropriation Bill में ऐसी मांगें हैं जिन का ताल्लुक poor students से है, tenants से है और agricultural production से है । इन पर बहुत हद तक ऐसा रुपया खर्च होना है जिस का बोझ पंजाब की सरकार पर पड़ना नहीं है । इस में से बहुत सा रुपया Government of India ने पंजाब सरकार को देना है । दो लाख रुपये के करीब ऐसा है जो United Nations ने देना है । मुझे अफसोस के साथ कहना पड़ता है कि Opposition में बड़े बड़े लायक आदमी हैं लेकिन उन्होंने एक एक चीज़ की मुखालिफत की है, । स्पीकर महोदय, इन में से चार पांच items ले कर मैं आप की विसातत से हाउस को बताना चाहता हूं कि वे किस मुंह से मुखालिफत करने की कोशिश करते हैं । आप जानते हैं कि पिछले दो तीन साल से border issue पर हमारा झगड़ा China के साथ चल रहा है । Lahaul और Spiti में हम काफी रुपया खर्च कर रहे हैं । लाहौल में हम बिजली महैया कर रहे हैं । Tribal Advisory Committee ने 1961 में फैसला किया और हम अभी से उसे अमली जामा पहनाने जा रहे हैं । स्पीकर महोदय, आप जानते हैं कि सारा हिन्दुस्तान एक आवाज़ हो कर इस बात की मांग कर रहा है कि China का border मज़बूत किया जाये । लेकिन इस सम्बन्ध में जब demand कल ज़ेरे बहस थी तो Opposition के सारे भाइयों ने इस की पुर ज़ोर मुखालिफत। की इस से आप खुद ही अंदाज़ा लगा सकते हैं कि उन की opposition कहां तक दुरुस्त है ।

लाहौल और स्पिटी में बिजली के अलावा सड़कों का भी मुनासिब प्रबन्ध किया जा रहा है ताकि उस इलाके में transport का प्रबन्ध किया जा सके । इस काम के लिये चार लाख रुपये का provision किया जा रहा है । इस item को भी

[गृह निर्माण राज्य मंत्री]

Opposition के मैम्बरों ने मुखालिफत की है । स्पीकर महोदय, Opposition में बहुत से इसहाब ऐसे हैं जिन्होंने tenants और landless लोगों की हिमायत कर के elections जीती हैं । गवर्नमैण्ट ने इस Appropriation Bill में 50 हज़ार रुपये का provision कर tenants की इमदाद की है ताकि वे उन मुकद्दमों की पैरवी कर सकें जो उन्होंने landlords के खिलाफ दायर किये हुए हैं । इस item की भी उन्होंने पुरज़ोर मुखालिफत की है ।

स्पीकर महोदय, इस के अलावा, United Nations Fund में से दो लाख रुपया हमें compaign against hunger के लिये मिला है । इस पर भी मेरे दोस्तों ने मुखालिफत की है । बेहतर होता कि वे पढ़ लेते कि यह रुपया पंजाब सरकार नहीं दे रही और न ही इस का बोझ tax-payers पर पड़ रहा है ।

इस Appropriation Bill में एक Supplementary Demand में Police की item आती है । P.A.P. की एक battalion जम्मु और काश्मीर के border पर तईनात की गई है । स्पीकर साहबि, कौन नहीं जानता कि काश्मीर का broder बहुत मज़बूत करने की जरूरत है और इस मकसद के लिये रुपया खर्च हो गया है । इस सिलसिले में 1960 में payments हो गईं । Accountant-General का note आ गया है कि 2,50,000 रुपया देना है । इस पर भी मेरे दोस्तों ने मुखालिफत की है ।

स्पीकर साहिब, मुझे इस बात की खुशी है कि Opposition और ruling party के benches पर अच्छे अच्छे parliamentarian कामयाब हो कर आये हैं । उन्हें चाहिये कि वह healthy conventions कायम करने की कोशिश करें । Democracy में अगर ruling party गलती करती है तो फायदा Opposition को होगा और अगर Opposition Party गलती करे तो उसे ruling party exploit करेगी । जहां तक elections का सम्बन्ध है, election petitions जो दायर की गई हैं उन का फैसला इस तरह होना चाहिये कि पंजाब के लोग दाद दे सकें ।

स्पीकर महोदय, जहां तक local funds की payment का सम्बन्ध है मेरे दोस्तों ने ruling party को criticise किया है । काश कि वह देखते कि पंजाब सरकार इस मकसद के लिये रुपया हासिल कर रही है ता कि medical college में poor students अपनी तालीम जारी रख सकें । जो विद्यार्थी गरीब हैं, लेकिन लायक हैं, गरीब होने के कारण वे मैडिकल कालेज में तालीम नहीं पा सकते । हमारी खाहिश है कि उन को सहायता दे कर इस योग्य बनाएं कि वे तालीम हासिल कर सकें । हम चाहते हैं कि अच्छे अच्छे डाक्टर हमारे राज्य में बनें, लायक डाक्टर बन कर निकलें । अच्छे डाक्टर पैदा करने के लिये सरकार ने फैसला किया है कि जो लायक तालबइल्म हैं उन को माली इमदाद दी जाए ताकि वे loan ले कर अपनी तालीम को पूरा कर सकें । इसी लिये पंजाब सरकार ने उन को interest free loan देने का

फैसला किया है । उन से हम ने यह मांग की है कि पांच साल की मैडिकल तालीम को खत्म कर के वे interest free loan के बदले पांच साल तक किसी rural dispensary में service करें । लेकिन स्पीकर महोदय, मुझे यह जान कर बड़ा अफसोस होता है कि आपोजीशन ने इस बात पर भी एतराज़ उठाया है ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : On a point of order, Sir. ਸਪੀਕਰ ਸਾਹਿਬ, ਅਪੋਜ਼ੀਸ਼ਨ ਵਲੋਂ, ਮੈਡੀਕਲ ਸਟੂਡੈਂਟਸ ਦੀ ਗਰਾਂਟਸ ਤੇ ਕਿਸੇ ਨੇ ਕੋਈ ਇਤਰਾਜ਼ ਨਹੀਂ ਕੀਤਾ। ਫੇਰ ਵਜ਼ੀਰ ਸਾਹਿਬ ਕਿਉਂ ਇਸਤਰ੍ਹਾਂ ਦੀਆਂ ਗੱਲਾਂ ਕਰਦੇ ਹਨ ।

Mr. Speaker : This is no point of Order.

गृहनिर्माण राज्य मन्त्री : स्पीकर महोदय, इस Appropriation Bill के ज़रिये सरकार 6,49,430 रुपये उन नालों और सड़कों की मुरम्मत करने के लिये ले रही है जो कि अगस्त और सितम्बर के महीनों में बाढ़ और तुगयानियां आने के कारण टूट गए थे । क्या हमारा फर्ज़ नहीं है कि हम उन की मुरम्मत करवाएं ? अवाम ने हम पर अपना विश्वास रख कर, एतमाद हमारे ऊपर कर के हमें यहां पर भेजा है । क्या हम अपने कर्त्तव्य को न निभाएं ? जितने नाले राजस्थान की तरफ जाते हैं क्या उन की मुरम्मत करवाना हमारा फर्ज़ नहीं है ? अगर हम उन की मुरम्मत करवाते हैं तो आपोज़ीशन वाले नुक्ताचीनी करते हैं और अगर मुरम्मत न करवाएं तो फिर भी नुक्ताचीनी करेंगे कि मुरम्मत नहीं की जा रही ।

ਕਾਮਰੇਡ ਮੱਖਣ ਸਿੰਘ ਤਰਸਿੱਕਾ : On a point of Order, Sir. ਸਪੀਕਰ ਸਾਹਿਬ, ਵਜ਼ੀਰ ਸਾਹਿਬ, ਗ਼ਲਤ ਬਿਆਨੀ ਕਰ ਰਹੇ ਹਨ (*Interruptions*) ।

गृह निर्माण राज्य मंत्री : स्पीकर महोदय, एक और बात जिस की आड़ में कल भी और आज भी ज्यादा शोर मचाया गया वह local development schemes के बारे में है । मेरे दोस्त इस बात को नज़र अंदाज़ कर देते हैं कि इस प्लान के मातहत केंद्रीय सरकार ने 22 लाख रुपया पंजाब सरकार को दिया है । मेरे भाई इस बात को भूल जाते हैं । फिर 64 हज़ार रुपया non-plan head के नीचे provide किया गया है अगर सरकार की बदनीयती होती तो वह यह रुपया contingency funds से खर्च कर सकती थी । सरकार की ईमानदारी का सबूत इस से बढ़ कर और क्या हो सकता है । अक्तूबर के महीने से पंजाब सरकार ने जो खर्च किया है चूंकि पिछली असैम्बली का कोई सेशन अक्तूबर के महीने के बाद नहीं हुआ उस का सारा हिसाब इस हाउस के सामने रखा जा रहा है । इस सम्बन्ध में मैं आप की विसातत से यह अर्ज़ करना चाहता हूँ कि लोकल डिवेल्पमेंट स्कीम्ज़ पर जो भी खर्च होता है वह Financial Commissioner, Development के ज़रिये से होता है । किसी मिनिस्टर, किसी मेम्बर या किसी भी M.L.A. को individually खर्च करने का अख्तियार नहीं है । हर एक डिस्ट्रिक्ट के अंदर एक कमेटी बनी हुई है जिस के मेम्बर M.L.As. भी हैं, पंचायत के मेम्बर भी वहां पर बैठते हैं ।

[गृह निर्माण राज्य मन्त्री]

इस तरह से यह सारा खर्च पंचायतों के ज़रिये से होता है। यह खर्च Rural Water-supply Schemes पर और छोटी छोटी libraries कायम करने पर किया जाता है यह खर्च उन कामों पर होता है जो कि सिर्फ अवाम से सम्बन्धित हैं। अब बताइए कि इन कामों से voters पर कैसे असर पड़ सकता है। मेरे दोस्त एतराज़ करते हैं कि यह रुपया वोट खरीदने के लिये खर्च किया जाता है। मैं पूछता हूँ कि अगर किसी सड़क की मुरम्मत कर दी जाए तो इस में वोटों के खरीदने का सवाल कहां से आ जाता है, इस में बेईमानी कहां से आ जाती है ?

ਕਾਮਰੇਡ ਹਰਨਾਮ ਸਿੰਘ ਚਮਕ : ਸਪੀਕਰ ਸਾਹਿਬ, ਵਜ਼ੀਰ ਸਾਹਿਬ off the point ਜਾ ਰਹੇ ਹਨ।

गृह निर्माण राज्य मन्त्री : स्पीकर साहिब, मैं आप की विसातत से हाउस को बताना चाहता हूँ कि इस Appropriation Bill के ज़रिए सरकार ने agricultural implements के लिये 76 हज़ार रुपया मांगा है। सारे देश के अंदर आवाज़ बुलंद होती है कि foodgrains की production को बढ़ावा दिया जाए। नीलोखेड़ी में एक वर्कशाप थी जिस में रेलवे के लिये टूल्ज़ की स्पलाई की जाती थी अब पंजाब सरकार ने उस वर्कशाप को ले कर वहां पर agricultural implements तैयार करने का फैसला किया है ताकि पंजाब के किसानों को cheap implements मिल सकें और देश में foodgrains की production को बढ़ावा दिया जा सके। पंजाब सरकार इस स्कीम को जल्दी से जल्दी implement करना चाहती है। अब देखिये कि यह बात किसानों के भले के लिये है या कि उन के नुकसान के लिए है। इस से तो सारे देश को लाभ पहुँचेगा। मैं आप के द्वारा अपने आपोज़ीशन के भाइयों से कहना चाहता हूँ कि उन को चाहिये कि जो डिमांड हाउस में पेश हो या कोई बिल हाउस में पेश हो तो उस को अच्छी तरह से स्टडी कर लिया करें और फिर उस पर नुक्ताचीनी करें।

इस से आगे पंजाब सरकार ने फैसला किया है कि पंजाब के एरियाज़ को, जिन को electrify करना है, जल्दी से जल्दी बिजली स्पलाई की जाए। पंजाब सरकार का इरादा है कि इस सारे काम को तीसरी पांच साला प्लान शुरू होने से पहले खत्म कर दिया जाए। मैं हाउस को विश्वास दिलाना चाहता हूँ कि जो भी रुपया हम इस बिल के द्वारा मंज़ूर करवा रहे हैं वह सही तौर पर अवाम की भलाई के लिये इस्तेमाल किया जाएगा। गलती भी हो सकती है लेकिन मैं विश्वास दिलाता हूँ कि हम कोशिश करेंगे कि रुपये का सही इस्तेमाल हो। मैं आप की विसातत से फिर आपोज़ीशन के दोस्तों से कहना चाहता हूँ कि उन को कम से कम उन items की सराहना तो करनी चाहिये जिन issues पर कि वे चुनाव लड़ कर आए हैं और सरकार उन को पाया तकमील तक पहुँचाने जा रही है। उन को जल्दी से ही इस बिल को पास करना चाहिये ताकि हम अपने पंजाब का भला कर पाएं।

ਕਾਮਰੇਡ ਹਰਦਿਤ ਸਿੰਘ ਭੱਠਲ (ਸੰਗਰੂਰ): ਸਪੀਕਰ ਸਾਹਿਬ, ਜਦੋਂ ਹੜ੍ਹਾਂ ਦੇ ਨਾਲ ਲੋਕਾਂ ਦੀਆਂ ਫਸਲਾਂ ਦਾ ਜਾਂ ਮਕਾਨਾਂ ਦਾ ਨੁਕਸਾਨ ਹੋਇਆ ਹੋਵੇ ਤਾਂ ਉਦੋਂ ਉਨ੍ਹਾਂ ਨੂੰ ਰੀਲੀਫ ਦੇਣਾ ਇਕ ਚੰਗੀ ਗੱਲ ਹੈ। ਅਸੀਂ ਇਸ ਚੀਜ਼ ਦੇ ਹਕ ਵਿਚ ਹਾਂ। ਅਤੇ ਅਸੀਂ ਵੇਖਿਆ ਹੈ ਕਿ ਪਿਛਲੇ ਦਿਨਾਂ ਵਿਚ ਲੋਕਾਂ ਵਿਚ ਕਣਕ ਵੰਡੀ ਗਈ ਜਾਂ ਚਾਰੇ ਵਾਸਤੇ ਲੋਕਾਂ ਦੀ ਮਦਦ ਕੀਤੀ ਗਈ ਤਾਂ ਉਸ ਦੀ ਵੰਡ ਗਲਤ ਢੰਗ ਦੇ ਨਾਲ ਕੀਤੀ ਗਈ ਜਿਹੜੇ ਲੋਕ ਮਦਦ ਕਰਨ ਦੇ ਕਾਬਲ ਸਨ, ਜਿਹੜੇ ਲੋਕਾਂ ਦਾ ਨੁਕਸਾਨ ਹੋਇਆ ਸੀ ਉਨ੍ਹਾਂ ਦੀ ਤਾਂ ਸਰਕਾਰ ਨੇ ਮਦਦ ਨਹੀਂ ਕੀਤੀ ਮਗਰ ਇਸ ਦੇ ਮੁਕਾਬਲੇ ਵਿਚ ਜਿਨ੍ਹਾਂ ਲੋਕਾਂ ਦਾ ਜ਼ਿਆਦਾ ਕੁਛ ਵੀ ਨਹੀਂ ਸੀ ਹੋਇਆ ਹੋਇਆ ਔਰ ਜਿਹੜੇ ਪੈਸੇ ਵਾਲੇ ਸਨ ਅਤੇ ਵੈਸੇ ਹਕੂਮਤ ਦੇ ਨੇੜੇ ਲਗਦੇ ਸਨ ਉਨ੍ਹਾਂ ਦੀ ਗਰਾਂਟਾਂ ਰਾਹੀਂ ਬਹੁਤੀ ਮਦਦ ਕੀਤੀ ਗਈ। ਇਸ ਦੇ ਇਲਾਵਾ ਉਨ੍ਹਾਂ ਨੂੰ ਕਣਕ ਵੀ ਬਹੁਤੀ ਦਿਤੀ ਗਈ। ਮੈਂ ਆਪ ਨੂੰ ਆਪਣੇ ਸੰਗਰੂਰ ਦੇ ਜ਼ਿਲੇ ਦੀ ਮਿਸਾਲ ਦੇ ਸਕਦਾ ਹਾਂ। ਉਥੇ ਬਿਲਕੁਲ ਕਾਣੀ ਵੰਡ ਕੀਤੀ ਗਈ ਸੀ। ਸਪੀਕਰ ਸਾਹਿਬ, ਜਿਹੜੇ ਲੋਕ ਕਾਂਗਰਸ ਪਾਰਟੀ ਦੇ ਨਾਲ ਸਬੰਧ ਰਖਨ ਵਾਲੇ ਸਨ ਜਾਂ ਇਨ੍ਹਾਂ ਦੇ ਹਮਾਇਤੀ ਸਨ ਉਨ੍ਹਾਂ ਦੇ ਸਾਰੇ ਡੰਗਰ ਗਿਣ ਕੇ ਚਾਰੇ ਲਈ ਗਰਾਂਟ ਦਿਤੀ ਗਈ। ਅਤੇ ਜਿਹੜੇ ਇਨ੍ਹਾਂ ਦੇ ਹਮਾਇਤੀ ਨਹੀਂ ਸਨ ਜਾਂ ਕਿਸੇ ਹੋਰ ਪਾਰਟੀ ਦੇ ਨਾਲ ਸਬੰਧ ਰਖਦੇ ਸਨ ਉਨ੍ਹਾਂ ਨੂੰ ਅਵਲ ਤਾਂ ਕੁਝ ਦਿਤਾ ਹੀ ਨਹੀਂ ਔਰ ਜੇ ਦਿਤਾ ਹੈ ਤਾਂ ਬਹੁਤ ਥੋੜਾ ਦਿਤਾ ਗਿਆ ਹੈ ਜੇ ਕਿਸੇ ਦੇ ਚਾਰ ਡੰਗਰ ਸਨ ਤਾਂ ਉਸ ਨੂੰ ਦੋ ਡੰਗਰਾਂ ਲਈ ਗਰਾਂਟ ਦਿਤੀ ਔਰ ਜੇ ਕਿਸੇ ਦੇ ੬ ਬਲਦ ਸਨ ਤਾਂ ਉਸ ਨੂੰ ਤਿੰਨਾਂ ਬਲਦਾਂ ਦੇ ਹਿਸਾਬ ਨਾਲ ਚਾਰੇ ਲਈ ਪੈਸੇ ਦਿਤੇ ਗਏ। ਇਸੇ ਤਰ੍ਹਾ ਜਦੋਂ ਬੀਜ ਲਈ ਕਣਕ ਵੰਡੀ ਗਈ ਤਾਂ ਉਸ ਦੇ ਵਿਚ ਵੀ ਕਾਣੀ ਵੰਡ ਕੀਤੀ ਗਈ। ਜਿਨ੍ਹਾਂ ਦੀਆਂ ਜ਼ਮੀਨਾਂ ਥੋੜੀਆਂ ਸੀ ਅਤੇ ਉਹ ਹਕੂਮਤ ਦੇ ਪਖ ਦੇ ਸਨ ਉਨ੍ਹਾਂ ਨੂੰ ਤਾਂ ਬਹੁਤੀ ਕਣਕ ਦਿਤੀ ਗਈ ਅਤੇ ਜਿਹੜੇ ਦੂਸਰੇ ਸਨ ਮੇਰਾ ਮਤਲਬ ਹੈ ਜਿਹੜੇ ਕਮਿਉਨਿਸਟ ਪਾਰਟੀ ਨਾਲ ਜਾਂ ਅਕਾਲੀ ਪਾਰਟੀ ਦੇ ਹਮਾਇਤੀ ਸਨ ਉਨ੍ਹਾਂ ਨੂੰ ਜ਼ਮੀਨ ਦੇ ਹਿਸਾਬ ਨਾਲ ਜਿਤਣੀ ਕਣਕ ਮਿਲਣੀ ਚਾਹੀਦੀ ਸੀ ਉਤਨੀ ਨਹੀਂ ਦਿਤੀ ਗਈ। ਅਸੀਂ ਇਹ ਚੀਜ਼ ਸਾਬਤ ਕਰਕੇ ਦਿਖਾ ਸਕਦੇ ਹਾਂ। ਇਸ ਗੱਲ ਦੀ ਪੜਤਾਲ ਹੋਣੀ ਚਾਹੀਦੀ ਹੈ। ਇਸੇ ਤਰ੍ਹਾਂ ਜਿਹੜਾ ਲੋਕਾਂ ਦਾ ਹੜ੍ਹਾਂ ਦੇ ਕਾਰਨ ਮਕਾਨਾਂ ਦਾ ਨੁਕਸਾਨ ਹੋਇਆ ਹੈ ਉਸ ਦੇ ਵਾਸਤੇ ਗੌਰਮੈਂਟ ਨੇ ਜਿਹੜੀ ਰੁਪਿਆਂ ਦੀ ਸ਼ਕਲ ਵਿਚ ਮਦਦ ਦਿਤੀ ਸੀ ਉਸ ਦੀ ਵੰਡ ਵੀ ਠੀਕ ਤਰੀਕੇ ਨਾਲ ਨਹੀਂ ਕੀਤੀ ਗਈ। ਜਿਹੜੇ ਲੋਕਾਂ ਦਾ ਬਹੁਤਾ ਨੁਕਸਾਨ ਹੋਇਆ ਸੀ ਉਨ੍ਹਾਂ ਨੂੰ ਕੁਝ ਨਹੀਂ ਦਿਤਾ ਗਿਆ ਕਿਉਂਕਿ ਉਹ ਹਕੂਮਤ ਦੇ ਪਖ ਦੇ ਨਹੀਂ ਸਨ। ਮਿਸਾਲ ਦੇ ਤੌਰ ਤੇ ਭਠਲਾਂ, ਹਰੀਗੜ੍ਹ ਔਰ ਧਨੌਲਾ ਵਗੈਰਾ ਬਹੁਤ ਸਾਰੇ ਐਸੇ ਪਿੰਡ ਹਨ ਜਿਨ੍ਹਾਂ ਦੇ ਵਿਚ ਕਾਣੀ ਵੰਡ ਕੀਤੀ ਗਈ ਹੈ। ਇਸ ਚੀਜ਼ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ। ਜੇ ਪੜਤਾਲ ਕਰਵਾਈ ਜਾਵੇ ਤਾਂ ਅਸੀਂ ਇਸ ਚੀਜ਼ ਨੂੰ ਸਾਬਤ ਕਰ ਸਕਦੇ ਹਾਂ। ਮੈਨੂੰ ਇਕ ਇਕ ਕੇਸ ਦਾ ਪਤਾ ਹੈ। ਇਕ ਆਦਮੀ ਦੇ ਘਰ ਦੇ 10 ਜੀ ਸਨ ਮਗਰ ਉਸ ਦੇ ਘਟਾ ਕੇ ਲਿਖੇ ਗਏ ਔਰ ਉਸ ਨੂੰ ਥੋੜਾ ਰੀਲੀਫ ਦਿਤਾ ਗਿਆ ਮਗਰ ਇਕ ਹੋਰ ਹਕੂਮਤ ਦੇ ਪੱਖ ਦਾ ਆਦਮੀ ਸੀ ਉਸ ਦੇ ੫ ਜੀ ਸਨ। ਉਸ ਦੇ ਪੰਜਾਂ ਦੇ 10 ਜੀ ਲਿਖ ਕੇ ਉਸ ਨੂੰ ਜ਼ਿਆਦਾ ਸਹਾਇਤਾ ਦਿਤੀ ਗਈ। ਇਸ ਤਰਾਂ ਦੀਆਂ ਜਿਹੜੀਆਂ ਪਖਪਾਤ ਵਾਲੀਆਂ ਚੀਜ਼ਾਂ ਕੀਤੀਆਂ ਜਾਂਦੀਆਂ ਹਨ ਅਸੀਂ ਇਨ੍ਹਾਂ ਨੂੰ ਚੰਗਾ ਨਹੀਂ ਸਮਝਦੇ। ਸਾਡੇ ਜ਼ਿਲੇ ਵਾਸਤੇ ਇਨ੍ਹਾਂ ਨੇ ਇਹ ਰੂਲ ਬਣਾਇਆ ਸੀ ਕਿ ਜਿਸ ਦੇ ਕੋਲ ੨੫ ਬਿਘੇ ਤੋਂ ਘਟ ਜ਼ਮੀਨ ਹੈ ਉਸ ਨੂੰ ਰੀਲੀਫ ਵਜੋਂ ਕਣਕ ਵਗੈਰਾ

[ਕਾਮਰੇਡ ਹਰਦਿਤ ਸਿੰਘ ਭੱਠਲ]

ਦਿਤੀ ਜਾਵੇਗੀ । ਅਤੇ ਅਸੀਂ ਦੇਖਿਆ ਹੈ ਕਿ ਜਿਹੜੇ ਕਾਂਗਰਸ ਦੇ ਨਾਲ ਤਅੱਲਕ ਰਖਣ ਵਾਲੇ ਸਨ ਉਨ੍ਹਾਂ ਦੇ ਕੋਲ ਚਾਹੇ 100 ਬਿਘਾ ਵੀ ਜ਼ਮੀਨ ਸੀ ਅਤੇ ਉਨ੍ਹਾਂ ਨੂੰ ਵੀ ਬੀਜ ਅਤੇ ਗਰਾਂਟਾਂ ਵਗੈਰਾ ਦਿਤੀਆਂ ਗਈਆਂ ਔਰ ਜਿਹੜੇ ਲੋਕਾਂ ਨੂੰ ਮਦਦ ਦੀ ਲੋੜ ਸੀ ਉਨ੍ਹਾਂ ਦਾ ਕੋਈ ਖਿਆਲ ਨਹੀਂ ਕੀਤਾ ਗਿਆ । ਪਿੰਡ ਢਡਰੀਆਂ ਦੇ ਵਿਚ ਪਿਛਲੇ ਲੋਕਾਂ ਨੇ ਮੰਗ ਕੀਤੀ ਸੀ ਕਿ ਇਸ ਬੇਕਾਇਦਗੀ ਦੀ ਪੜਤਾਲ ਕਰਵਾਈ ਜਾਵੇ । ਅਤੇ ਇਸ ਚੀਜ਼ ਦਾ ਕੋਈ ਧਿਆਨ ਨਹੀਂ ਕੀਤਾ ਗਿਆ । ਲੋਕਾਂ ਨੂੰ ਜੇਕਰ ਈਮਾਨਦਾਰੀ ਦੇ ਨਾਲ ਬਗੈਰ ਕਿਸੇ ਪਖਪਾਤ ਦੇ ਰੀਲੀਫ ਦਿਤਾ ਜਾਵੇ ਤਾਂ ਚੰਗੀ ਗੱਲ ਹੈ । ਮਗਰ ਏਥੇ ਹਕੂਮਤ ਸਾਰਾ ਕੰਮ ਪਖਪਾਤ ਦੇ ਨਾਲ ਕਰਦੀ ਹੈ । ਸਪੀਕਰ ਸਾਹਿਬ, ਪਿੰਡਾਂ ਦੇ ਵਿਚ ਇਹ ਲੋਕਾਂ ਨੂੰ ਜਾ ਜਾ ਕੇ ਕਹਿੰਦੇ ਰਹੇ ਕਿ ਅਸੀਂ ਤੁਹਾਨੂੰ ਕਣਕ ਤਾਂ ਦੇਵਾਂਗੇ ਜੇ ਕਰ ਤੁਸੀਂ ਵੋਟਾਂ ਕਾਂਗਰਸ ਨੂੰ ਦੇਵੋ ਜੇ ਕਰ ਤੁਸੀਂ ਕਾਂਗਰਸ ਨੂੰ ਵੋਟਾਂ ਨਹੀਂ ਦੇਵੋਗੇ ਤਾਂ ਤੁਹਾਡੇ ਕੋਲੋਂ ਕਣਕ ਵਾਪਸ ਲੈ ਲਈ ਜਾਵੇਗੀ ਹਕੂਮਤ ਦਾ ਇਹ ਜਿਹੜਾ ਢੰਗ ਹੈ ਅਸੀਂ ਇਸ ਨੂੰ ਚੰਗਾ ਨਹੀਂ ਸਮਝਦੇ । ਸਪੀਕਰ ਸਾਹਿਬ ਮੈਂ ਕਲ੍ਹ ਕਟਮੋਸ਼ਨ ਦਿਤੀ ਸੀ । ਅਤੇ ਮੈਨੂੰ ਟਾਈਮ ਨਹੀਂ ਦਿਤਾ ਗਿਆ । ਜੇ ਮੈਨੂੰ ਵਕਤ ਦਿਤਾ ਜਾਂਦਾ ਤਾਂ ਮੈਂ ਸਾਰੀਆਂ ਗੱਲਾਂ ਦਸਦਾ, ਵਜ਼ੀਰ ਸਾਹਿਬ ਨੇ ਆਪਣੀ ਸਪੀਚ ਦੇ ਵਿਚ ਕਿਹਾ ਸੀ ਕਿ ਅਸੀਂ ਜੇਲ੍ਹਾਂ ਦੇ ਵਿਚ ਵੀ ਮਹਿਮਾਨਾਂ ਤੇ ਖਰਚ ਕੀਤਾ ਹੈ । ਮਗਰ ਮੈਂ ਪੁਛਣਾ ਚਾਹੁੰਦਾ ਹਾਂ ਕਿ ਉਹ ਲੋਗ ਤੁਹਾਡੇ ਆਪ ਜਾ ਕੇ ਮਹਿਮਾਨ ਬਣੇ ਸੀ ਜਾਂ ਤੁਸੀਂ ਉਨ੍ਹਾਂ ਨੂੰ ਰਾਤ ਦੇ ਇਕ ਇਕ ਵਜੇ ਜਾ ਕੇ ਛਾਪੇ ਮਾਰ ਕੇ ਜ਼ਬਰਦਸਤੀ ਜੇਲ੍ਹਾਂ ਦੇ ਵਿਚ ਢਕਿਆ ਸੀ । ਸਪੀਕਰ ਸਾਹਿਬ, ਜੇਲ੍ਹਾਂ ਦੇ ਵਿਚ ਇਹ ਸਰਕਾਰ ਸਿਆਸੀ ਕੈਦੀਆਂ ਦੇ ਨਾਲ ਇਤਨਾ ਬੁਰਾ ਸਲੂਕ ਕਰਦੀ ਹੈ ਕਿ ਸ਼ਾਇਦ ਅੰਗਰੇਜ਼ਾਂ ਨੇ ਵੀ ਇਤਨਾ ਬੁਰਾ ਸਲੂਕ ਨਹੀਂ ਕੀਤਾ ਹੋਣਾ । ਇਹ ਖਾਣ ਵਾਸਤੇ ਸਾਨੂੰ ਘਟੀਆ ਤੋਂ ਘਟੀਆ ਚੀਜ਼ਾਂ ਦਿੰਦੇ ਰਹੇ ਹਨ । ਅਸੀਂ ਜਿਤਨਾ ਚਿਰ ਜੇਲ੍ਹ ਦੇ ਵਿਚ ਰਹੇ ਹਾਂ ਸਾਨੂੰ ਇਹ ਹਮੇਸ਼ਾ ਗਲਿਆ ਸੜਿਆ ਪੇਠਾ ਹੀ ਖਾਣ ਨੂੰ ਦਿੰਦੇ ਰਹੇ ਹਨ ਅਤੇ ਡਾਕਟਰੀ ਦਾ ਵੀ ਕੋਈ ਪ੍ਰਬੰਧ ਨਹੀਂ ਸੀ । ਮੈਂ ਕੈਰੋਂ ਸਾਹਿਬ ਨੂੰ ਇਹ ਗਲ ਕਹਿਣੀ ਚਾਹੁੰਦਾ ਹਾਂ ਕਿ—

"ਰੰਗ ਬਦਲਦੀ ਰਹੇਗੀ ਸਦਾ ਕੁਦਰਤ
ਵਕਤ ਬਣਦਾ ਕਿਸੇ ਦਾ ਯਾਰ ਨਹੀਂ ਉਂ"

ਹਮੇਸ਼ਾ ਹਕੂਮਤ ਤੁਹਾਡੇ ਹਥ ਵਿਚ ਹੀ ਨਹੀਂ ਰਹਿਣੀ । ਕੋਈ ਵਕਤ ਆਵੇਗਾ ਜਦੋਂ ਤੁਸੀਂ ਜੇਲ੍ਹਾਂ ਵਿਚ ਹੋਵੋਗੇ ਔਰ ਅਸੀਂ ਗੱਦੀਆਂ ਉਤੇ ਹੋਵਾਂਗੇ । ਫੇਰ ਤੁਸੀਂ ਮਹਿਸੂਸ ਕਰੋਗੇ ਕਿ ਜਿਹੜਾ ਵਰਤਾਉ ਅਜ ਸਿਆਸੀ ਕੈਦੀਆਂ ਦੇ ਨਾਲ ਕੀਤਾ ਜਾ ਰਿਹਾ ਹੈ ਇਹ ਠੀਕ ਹੈ ਜਾਂ ਨਹੀਂ । ਪਤਾ ਉਦੋਂ ਲਗਦਾ ਹੈ ਜਦੋਂ ਆਦਮੀ ਦੇ ਆਪਣੇ ਹੱਡਾਂ ਦੇ ਨਾਲ ਕੋਈ ਗਲ ਬੀਤੇ । ਸਪੀਕਰ ਸਾਹਿਬ, ਮੈਂ ਆਪ ਦੇ ਰਾਹੀਂ ਏਥੇ ਦਸਣਾ ਚਾਹੁੰਦਾ ਹਾਂ ਕਿ ਕਈ ਥਾਂਈਂ ਸਰਪੰਚਾ ਦੇ ਜਾਲੀ ਦਸਖਤ ਕਰਕੇ ਕਈ ਬੰਦੇ ਜਿਹੜੇ ਸਰਕਾਰ ਦੇ ਪਖ ਦੇ ਸੀ ਝੂਠੀਆਂ ਦਰਖਾਸਤਾਂ ਲੈ ਕੇ ਗਏ । ਡੀ. ਸੀ ਸੰਗਰੂਰ ਨੇ ਉਨ੍ਹਾਂ ਦੇ ਬਾਰੇ ਲਿਖਿਆ ਕਿ ਇਨ੍ਹਾਂ ਨੂੰ ਜ਼ਰੂਰ ਕਣਕ ਮਿਲਣੀ ਚਾਹੀਦੀ ਹੈ । ਸਾਡੇ ਧਨੌਲੇ ਦੇ ਵਿਚ ਕਿਸੇ ਵਜ਼ੀਰ ਨੇ ਕਦੀ ਗੇੜਾ ਨਹੀਂ ਸੀ ਮਾਰਿਆ । ਮਗਰ ਚੋਣਾ ਦੇ ਵਿਚ ਚੀਫ ਵਜ਼ੀਰ ਸਾਹਿਬ ਉਥੇ ਗਏ ਤੇ ਕਹਿਣ ਲਗੇ ਕਿ ਮੈਂ ਇਕ ਲਖ ਰੁਪਿਆ ਦਿੰਦਾ ਹਾਂ ਏਥੋਂ ਪਾਣੀ ਕਢਣ ਦੇ ਵਾਸਤੇ ਮਗਰ ਵੋਟਾਂ ਤੁਸੀਂ ਕਾਂਗਰਸ ਨੂੰ ਪਾਉਣੀਆਂ ਹੋਣਗੀਆਂ । ਮੇਰਾ ਕਹਿਣ ਦਾ ਮਤਲਬ ਇਹ ਹੈ ਕਿ ਇਨਾਂ ਨੇ ਪੈਸਾ ਚੋਣਾ ਦੇ ਵਾਸਤੇ ਵਰਤਿਆ ਹੈ । ਖੈਰ ਮੈਂ ਅਖੀਰ

ਵਿਚ ਸਿਰਫ ਇਤਨਾ ਹੀ ਕਹਿੰਦਾ ਹਾਂ ਕਿ ਜੇ ਉਥੇ ਮੁਖ ਮੰਤ੍ਰੀ ਸਾਹਿਬ ਈਮਾਨਦਾਰੀ ਦੇ ਨਾਲ ਵਾਅਦਾ ਕਰਕੇ ਆਏ ਹਨ ਤਾਂ ਧਨੌਲੇ ਦੇ ਵਿੱਚੋਂ ਜਲਦੀ ਤੋਂ ਜਲਦੀ ਪਾਣੀ ਕਢਾਉਣ ਦਾ ਹੁਕਮ ਦੇਣ। ਕਿਤੇ ਮੁੱਕਰ ਨਾ ਜਾਣ ਬਾਕੀ ਮੈਂ ਇਕ ਵਾਰੀ ਫੇਰ ਕਹਿੰਦਾ ਹਾਂ ਕਿ ਹਕੂਮਤ ਆਪਣੀ ਤਾਕਤ ਨੂੰ ਕਾਇਮ ਰਖਣ ਦੇ ਵਾਸਤੇ ਪੈਸੇ ਦਾ ਨਾਜਾਇਜ਼ ਇਸਤੇਮਾਲ ਕਰਨਾ ਛਡ ਦੇਵੇ। ਪੈਸੇ ਨੂੰ ਲੋਕਾਂ ਦਾ ਭਲਾ ਕਰਨ ਦੇ ਭਾਵ ਨਾਲ ਖਰਚਿਆ ਜਾਣਾ ਚਾਹੀਦਾ ਹੈ।

चौधरी राम सिंह (जींद) : स्पीकर साहिब, अभी एक वज़ीर साहिब ने कहा कि अपोज़ीशन वाले सरकार की तरफ से पेश की गई हर चीज़ की मुखालफत करते हैं. और सिर्फ मुखालफत के लिए मुखालफत करते हैं। मगर मैं कहना चाहता हूँ कि अगर सरकार जनता के भले के लिए रुपया मांगती है तो हमें इस बात पर एतराज़ नहीं, अच्छे कामों पर खर्च होना ही चाहिए मगर हम यह बताना चाहते हैं कि यह रुपया ठीक तरह से इस्तेमाल नहीं किया जाता और इसी बात के लिये हम सरकार की criticism करते हैं। (घंटी) जनाब, मैं दरखास्त करूँगा कि अपोज़ीशन में तीन चार मैम्बर्ज़ ही पुराने हैं इस लिये आप नए मैम्बर्ज़ को भी समय दें ताकि वह भी इस सदन की कार्यवाही में हिस्सा ले सकें।

जनाब, इस में एक डिमांड है जिस में त्यौहार मनाए जाने के बारे में खर्चे का ज़िक्र है। जनाब, हम इस बात को बुरा नहीं समझते कि त्यौहार मनाए जाएं। यह बुरी बात नहीं है और हम मना नहीं करते। जनाब गुरू रवि दास जी का जन्म दिन मनाया गया है चुनाव के दिनों में। गुरू रविदास का उत्सव था और वहां पर रंडियां मंगवाई गईं। फिर शराब पी गई। उस उत्सव को एस. डी. एम. साहब प्रिज़ाइड कर रहे थे। और जो दिल्ली से तवाइफ मंगाई गई थी उसने यहां तक शर्मनाक गाने गाए जो मैं हाउस के नोटिस में लाना चाहता हूँ कि "हुण मैनूं मिल मैं इकल्ली हां"...। स्पीकर साहिब, इससे ज्यादा शर्मनाक और क्या बातें हो सकती हैं ? फिर कहा जाता है कि हमारी मुखालफत की जाती है। मैं कहना चाहता हूँ कि जब गुरू रविदास का त्यौहार हो, उसमें उनके बताए हुए सिद्धांतों को न बता कर इस किस्म की हरकतें की जाएं और फिर जनता से वोट मांगे जाएं तो आपोज़ीशन मुखालफत न करे तो क्या करे ? इसकी मुखालफत ज़रूर की जाएगी।

इसी तरह मुसलमानों का त्यौहार 'ईद' मनाया गया। चाहिए तो यह था कि उस इलाके में कोई मुसलमान नहीं तो उसकी ज़रूरत ही नहीं थी लेकिन इन्होंने वहां पर ईद का त्यौहार मनाया और उसमें दिल्ली से कव्वाल बुलाए और कव्वालियां हुईं व डांस किया गया और इसके बाद फिर जनता से वोट मांगे। यह बातें होती हैं स्पीकर साहब, इस लिए हम इनकी मुखालफत करते हैं। यहां हाउस में हमारे चीफ़ मिनिस्टर साहब ने कहा था कि जो पैसा टोकरी ढोने वालों का है, कस्सी चलाने वालों का है, वह उन्हीं मज़दूरों के ऊपर, उनकी भलाई के लिए खर्च होगा लेकिन मैं स्पीकर साहिब, आपके द्वारा सरकार के नोटिस में यह बात लाना चाहता हूँ कि यह इन मज़दूरों की गाढ़ी कमाई का पैसा औरतों को नचाने के ऊपर खर्च किया जाता है और जहां औरतें नचाई जाती हैं उन त्यौहारों और उत्सवों को सरकारी कर्मचारी preside करते हैं।

अब, स्पीकर साहब, मैं जो दूसरी डिमांड ५० हज़ार रुपए की है, उसके बारे में

[चौधरी राम सिंह]

अर्ज़ करना चाहता हूँ । जींद शहर के पास एक गांव घाणी है वहां पर हमारे प्रतापसिंह कैरों की ज़मीन है.....

श्री अध्यक्ष : चौधरी साहब, आप डिमांड तक ही अपनी डिस्कशन महदूद रखिए । (The hon. Member should confine his speech to the demand under discussion.)

चौधरी राम सिंह : मैं जनाब, tenants के विषय में ही कहना चाहता हूँ । वहां पर इनके जो tenants थे उनकी मदद नहीं की गई । और उन पर गोलियां चलाई गईं, झगड़ा हुआ और रुपया सरकारी वकीलों पर खर्च हुआ । बल्कि कांग्रेस पार्टी के इलैक्शन फंड के लिए इस्तेमाल होगा.......

एक आवाज़ : अब इलैक्शन तो होना नहीं ।

श्री अध्यक्ष : आप यह कह सकते हैं कि रुपया वहां पर ठीक तरह से इस्तेमाल नहीं हुआ लेकिन जो बात irrelevant है उसको मत कहिए । (The hon. Member may say that the money has not been spent there properly. But he should not bring in irrelevant matter.)

That is an old story. At this stage, the hon. Member can say that the grant should not be made or that the amount of grant should be properly distributed. (Thumping by Treasury Benches).

चौधरी राम सिंह : जनाब, जो बातें मैं बयान कर रहा हूं वह हक़ीकत पर मबनी हैं । और अगर यह बातें यहां न कहूं सिर्फ यही कहूं कि रुयपा ठीक तरह से इस्तेमाल नहीं हुआ, तो इससे कोई बात बनती नहीं । यहां पर जो भी मिनिस्टर साहिबान बैठे हैं वे महज़ डैस्क बजाने के लिए भरती किए गए हैं । मुझे शक है कि उनमें से कुछ पढ़े लिखे आदमी भी हैं । अगर उनका यही रवैया है तो मैं उनसे दरखास्त करूंगा कि वे मुझे इस तरह से treat न करें और आपोज़ीशन को मखौल न समझें ।

तीसरी जो डिमांड है वह है को-आपरेटिव की । यह ठीक है कि कुछ अदारों में को-आपरेशन होना ज़रूरी है । इस सम्बन्ध में कल हमारे को-आपरेटिव महकमे के मंत्री महोदय ने कुछ academic discussion उठाने की कोशिश की थी और कहा था कि कोआपरेशन ज़रूरी है । लेकिन मैं उन्हें यह बताना चाहता हूं कि हमारी स्टेट के अन्दर गवर्नमैंट का कोई भी को-आपरेटिव अदारा ऐसा नहीं है जिसमें सरकार को मुनाफा हुआ हो । जींद को-आपरेटिव दुकान में नफा होने की बात कौन कहे 50 हज़ार रुपए का embezzelment हुआ । इसी तरह बड़ी बड़ी मिलें हैं उनमें घाटा हुआ । ग़र्ज़ कि आज तक एक भी अदारा ऐसा नहीं है, जो मुनाफे पर चल सके । फिर क्यों पब्लिक का रुपया सोशलिज्म के नाम पर खराब किया जा रहा है । मैं यह भी साफ तौर पर कह देना चाहता हूं कि हिन्दुस्तान के अन्दर को-आपरेटिव सिस्टम नाकामयाब हुआ है । असली बात यह है कि यहां के अधिकारी ईमानदार नहीं हैं ।

Mr. Speaker : The House is not expected to hear a sermon on the question whether Co-operation is good or not. The hon. Member should say whether the grant for Co-operation should be sanctioned or not.

Chaudhri Ram Singh : It should not be sanctioned because it *is* neither profitable nor good.

जनाब, यहां पर जो कुछ खर्च किया जाता है उसके पीछे यह बात है कि होती कांग्रेस को वोट कैसे मिलें। वोटों के लिए ही लोगों को नौकरियां दी जाती हैं। जितना रुपया को-आपरेटिव दुकानों को दिया गया अगर यही रुपया किसी बनिए को दिया जाता तो वह लाखों रुपया कमा कर दिखाता। लेकिन वज़ीर बनाने के लिए इस डिमांड को हाउस के सामने रखा गया।

Mr. Speaker : I would like to invite the attention of the hon. Member to Rule 225(4) which relates to the scope of debate on an Appropriation Bill. It reads—

> "The debate on an Appropriation Bill shall be restricted to matters of public importance or administrative policy implied in the grant covered by the Bill which have not already been raised while the relevant demands for grants were under consideration."

आप किसी और अदारे का ज़िक्र नहीं कर सकते। जिन अदारों के बारे में यहां ज़िक्र आया है उनके बारे में ही discussion कीजिए। (The hon. Member cannot refer to the institutions other than those mentioned here.)

ਫੀਰੋਜ਼ਪੁਰ ਸ਼ਹਿਰ ਨੂੰ ਔਰ ਉਥੋਂ ਦੇ ਲੋਕਾਂ ਨੂੰ ignore ਕਰ ਰਹੀ ਹੈ ਕਿਉਂਕਿ ਉਨ੍ਹਾਂ ਨੇ ਕਾਂਗਰਸ ਨੂੰ ਵੋਟਾਂ ਨਹੀਂ ਦਿੱਤੀਆਂ। ਮੈਂ ਕਹਿੰਦਾ ਹਾਂ ਕਿ ਜੇ ਸਰਕਾਰ ਦੀ ਨੀਅਤ ਸਾਫ ਹੈ ਔਰ ਉਨ੍ਹਾਂ ਦੇ ਦਿਲ ਵਿਚ ਕੋਈ ਐਸੀ ਗਲ ਨਹੀਂ ਹੈ ਤਾਂ ਫੇਰ ਇਹ ਉਸ ਸ਼ਹਿਰ ਨੂੰ ਬਚਾਉਣ ਦਾ ਛੇਤੀ ਤੋਂ ਛੇਤੀ ਇੰਤਜ਼ਾਮ ਕਰੇ ਔਰ ਸਾਨੂੰ ਇਹ ਵਿਸ਼ਵਾਸ ਦਿਲਾਵੇ ਕਿ ਸਰਕਾਰ ਦੀ ਪਾਲੀਸੀ ਜਨਤਾ ਲਈ ਬਰਾਬਰ ਹੈ। ਇਨ੍ਹਾਂ ਲਫਜ਼ਾਂ ਨਾਲ, ਸਪੀਕਰ ਸਾਹਿਬ, ਮੈਂ ਆਪ ਦਾ ਸ਼ੁਕਰੀਆ ਅਦਾ ਕਰਦਾ ਹਾਂ।

Shri Mangal Sein : On a point of personal explanation, Sir.

Mr. Speaker : No point of personal explanation please. The hon. Member should resume his seat.

Dr. Baldev Parkash : On a point of order, Sir. May I know, Sir, if an hon. Member cannot rise on a point of personal explanation to clear his position ?

Mr. Speaker : It would have been better if the hon. Member, Dr. Baldev Parkash had not risen on a point of order. Perhaps he did not hear what the hon. Member, Shri Mangal, Sein had said.

Shri Mangal Sein : On a point of personal explanation, Sir.........

4 p.m.

Mr. Speaker : The hon. Member should resume his seat. There is nothing for which the hon. Member wants to give a personal explanation.

श्री ओम प्रकाश अग्निहोत्री (फगवाड़ा) : स्पीकर साहिब, अर्थ मन्त्री ने Demands for Grants on Account को हाउस के सामने पेश करते हुए मजदूरों की भलाई के लिये या उन के रहन सहन के मयार को ऊंचा करने के लिये कोई नई तजवीज़ नहीं पेश की। जहां तक पंजाब के लेबर डिपार्टमैंट का ताल्लुक है मुझे तो ऐसा मालूम होता है कि.....

डाक्टर बलदेव प्रकाश : जनाब, मैं आप की रूलिंग चाहता हूं कि अगर कोई मैम्बर personal explanation पर उठता है तो क्या आप उस को वैसे ही बैठा देंगे.....

Mr. Speaker : The hon. Member should please resume his seat. This is no point of order.

श्री ओम प्रकाश अग्निहोत्री : मुझे आज बड़े दु:ख से कहना पड़ता है कि लेबर डिपार्टमैंट के अफसर और दूसरे कर्मचारी मिल मालिकों के हाथ की कठपुतली बने हुए हैं। वे लोग मजदूरों के मुफाद की बजाए मालिकान के मुफाद की तरफ ज्यादा ध्यान देते हैं। चुनाव के दौरान मालिकान ने वज़ीरों को और रूलिंग पार्टी को बड़े बड़े चंदे दिये और दावतें दीं। उस के बदले में वे लोग सरकार से licences, permits और quotas हासिल करते हैं। अपने रुपये के ज़ोर से वज़ीरों के द्वारा वे लोग डिपार्टमैंट के कर्मचारियों पर दबाव डालते हैं और उन को अपने मुफाद के लिये इस्तेमाल करते हैं। आज कोई भी केस मालिकान की मर्जी के खिलाफ लेबर डिपार्टमैंट की तरफ से Tribunal को

[श्री ओम प्रकाश अग्निहोत्री]

refer नहीं किया जाता । इस सम्बन्ध में मैं आप से अर्ज़ करना चाहता हूं कि फगवाड़ा शूगर मिल के चौकीदार की बीस साल की सर्विस थी.....

Mr. Speaker : The hon. Member should confine himself to the Demands for Grants on Account which are under discussion in the House.

श्री ओम प्रकाश अग्निहोत्री : मैं इतना अर्ज़ करना चाहता हूं कि आज प्राईवेट सैक्टर और पब्लिक सैक्टर में मज़दूरों की हालत पहले से भी खराब हो गई है.......

Mr. Speaker : The hon. Member is not speaking in a public meeting. He should confine himself to the Demands for Grants.

श्री ओम प्रकाश अग्निहोत्री · स्पीकर साहिब, सफा नम्बर दो पर labour और employment के बारे में ज़िक्र है ।

मैं कहना चाहता हूं कि आज कोई भी केस मालिकान की मर्ज़ी के खिलाफ लेबर डिपार्टमैंट Tribunal को refer नहीं करता । इस सिलसिले में मैं दो केस हाउस में पेश करना चाहता हूं । शूगर मिल फगवाड़ा में से डेढ़ छटांक चीनी जोगिन्दर सिंह चौकीदार के गांव के एक लड़के ने चुरा ली लेकिन dismiss जोगिन्द्र सिंह चौकीदार को कर दिया गया जिस की कि बीस साल की सर्विस थी । बार बार दरखास्तें देने के बावजूद भी उस का केस Tribunal के सुपुर्द नहीं किया गया । इसी तरह से मालवा शूगर मिल धूरी में से श्री दौलत राम को, जो कि Municipal Commissioner भी हैं इस लिये dismiss किया गया कि उन्होंने misbehave किया । उन का केस भी Tribunal को आज तक नहीं refer किया गया । Asia Electric Company, Phagwara में काम करने वालों को इस लिए चार्जशीट किया गया कि उन्होंने फैक्टरी के सामने सांझा फ्रंट ज़िंदाबाद के नारे लगाए ।

जहां तक छांटी का ताल्लुक है, वह बड़े ज़ोरों से चल रही है लेकिन डिपार्टमैंट ने उस की रोक थाम के लिये कोई कार्यवाही नहीं की । भाखड़ा नंगल में काम करने वालों के साथ सरकार ने वादे किये थे कि जब यहां पर काम खत्म हो जाएगा तो उस के मुतबादल काम उन को दिया जाएगा । जब बयास डैम बनना शुरू होगा तो उन को उसी ग्रेड में और उसी पोज़ीशन पर रखा जाएगा । मुझे दुख के साथ कहना पड़ता है कि उन को वहां पर अव्वल तो रखा नहीं गया और अगर रखा गया है तो न उन को वह ग्रेड दिया गया और न ही उन को पुरानी position पर रखा गया । नंगल में पुराने आदमियों को निकाल कर नए आदमी भरती कर लिये जाते हैं । जो आदमी मंज़ूरे नज़र होते हैं उन को ओवर टाईम भी दिया जाता है लेकिन दूसरों को छांटी कर दिया जाता है । नंगल वर्कशाप के Superintendent Shri J. S. Bajwa हैं वे चालीस पच्चास आदमी ले कर गुरदासपुर में कांग्रेस उम्मीदवार की चुनाव में मदद के लिये गए । 26 तारीख को वहां से वापस आए । इस तरह से अफसर लोग कांग्रेसी उम्मीदवारों की चुनाव में मदद करते हैं । Sugar Wage Board की सिफारिशात पर अभी तक अमल नहीं किया गया । फगवाड़ा में 48 केस उसी तरह से लटक रहे हैं ।

टैक्सटाईल वेज बोर्ड के बारे में मैं कहना चाहता हूं कि फगवाड़ा के अंदर मजदूरों और मिल मालिकान के दरमयान झगड़े पैदा हुए लेकिन disputed points की वज़ाहत Labour Department की गफलत की वजह से न की गई और नतीजे के तौर पर मज़दूरों को 38 दिन के लिये भूख हड़ताल करनी पड़ी। मज़दूरों और मालिकान के ताल्लुकात और भी खराब हो गए। इसी तरह से हादसात को रोकने के लिये जब मज़दूरों ने represent किया तो पंजाब के चीफ मैडिकल आफिसर श्री जैन फगवाड़ा में तशरीफ लाए। उन्होंने लगभग तीस कारखानों के मालिकान के बेज़ाबतगियों के कारण चालान किये। उन्होंने ज़रूरी कार्यवाही करने के लिये लेबर कमिशनर के दफतर को लिखा, लेकिन आज तक कोई कार्यवाही नहीं की गई। सुनने में आया है कि Joint Labour Commissioner और जैन साहिब के दरमयान किसी किस्म का झगड़ा था इसी लिये उन की रिपोर्ट पर कोई तवज्जो नहीं दी गई। डिपार्टमैंट में उसी तरह से बदउनवानियां और बेज़ाबतगियां चल रही हैं। Shop Inspectors उन लोगों का चालान करते हैं जिन के पास कोई कर्मचारी नहीं होता। जिन लोगों के पास कितने कितने कर्मचारी हैं उन का चालान नहीं करते। सुनने में यह आया है कि उन से वे लोग पैसे लेते हैं। उन की माहवारी मुकर्रर होती है, इसी लिये उन का चालान नहीं करते।

Mr. Speaker : The hon. Member should not make wild allegations.

श्री ओम प्रकाश अग्निहोत्री : लेकिन मैं यह कहे बगैर नहीं रह सकता कि वे लोग अपने कर्मचारियों से 11 घंटे काम लेते हैं और ओवरटाईम उन को नहीं देते। फिर ऐसी बेज़ाबतगी करने पर भी Shop Inspector उन के खिलाफ़ कोई कार्यवाही नहीं करते। एक बात मैं Industrial Tribunal के बारे में भी हाउस में रखना चाहता हूं। फगवाड़ा स्टार्च मिल के मज़दूरों और मालिकान में झगड़ा हुआ और वह Industrial Tribunal के सुपुर्द कर दिया गया। कई तारीखें भी पड़ीं। Tribunal के जज फगवाड़ा में जा कर मालिकान के पास दावत खा आए और अपनी कार भी उन के द्वारा रिपेयर करवा लाए। मालिकान की कार भी अपने रिश्तेदारों के लिये इस्तेमाल करते रहे। इन वाकयात से मज़दूरों के दिल में शकूक पैदा हो गए हैं। मैं सरकार से मुतालबा करता हूं कि ऐसे वाक्यात को रोकने के लिये ज़रूरी इकदाम करे।

जहां तक Public Relations Department का ताल्लुक है, यह सारे पंजाब में ही बदनाम है। वैसे तो सब जगहों पर इस department के खिलाफ इलजामात आयद किए गए हैं लेकिन जहां तक फगवाड़े का ताल्लुक है वहां इसकी और भी ज़्यादा अहमियत है क्योंकि इस department के incharge हमारे साबका Chief Parliamentary Secretary थे और मैं यह कहने में मजबूर हूं कि यह department दुराचार और भ्रष्टाचार का अड्डा बना हुआ है। इसके ज़रिए जो cultural programmes लोगों के सामने पेश किए जाते हैं...........

श्री अध्यक्ष : कोई specific cases हों तो आप मुझे बताएं। (The hon. Member should come out with specific cases.)

श्री ओम प्रकाश अग्निहोत्री : मैं जनाब, बहुत से वाक्यात बता सकता हूं। स्पीकर साहिब, उसी हलके में इस department के एक कर्मचारी ने, जिसका मैं नाम भी ले सकता हूं, नाजायज़ शराब में हिस्सा लिया। उसका चालान भी हुआ और उस पर जुर्माना भी हुआ लेकिन वह आज तक बाकायदा उसी तरह मलाज़मत में कायम है। स्पीकर साहिब, आज से दो अढ़ाई साल पहले की बात है कि इसी department के दो कर्मचारियों ने कोई बुराई की, बदमाशी की, और उसके लिए फगवाड़ा के 9 आदमियों का एक deputation वाक्यात पर रौशनी डालने के लिए शर्मा साहिब के पास गया लेकिन.. ....।

Mr. Speaker : The hon. Member should not mention the name of a person who is not present in the House to defend himself.

श्री ओम प्रकाश अग्निहोत्री : लेकिन उस वाक्यात को गलत कह कर दबा दिया गया। मुझे बड़े अफसोस के साथ कहना पड़ता है कि जब शर्मा साहिब ने अपने तौर पर enquiry की तो इसी department के एक supervisor को, जिसका नाम श्री ओम प्रकाश था, इसी बात पर सज़ा दी गई कि उसने इस बदमाशी को लोगों में ज़ाहिर क्यों किया। उसे वहां से तब्दील कर दिया गया।

श्री अध्यक्ष : यह House की एक रवायत है कि जो अफसर अपने आप को यहां defend नहीं कर सकते उनका नाम लेकर reference नहीं की जाती। (It is a convention of this House that officers who can not defend themselves here, should not be referred to by name)

श्री ओम प्रकाश अग्निहोत्री : तो मैं यही कहना चाहूंगा कि यह Public Relations Department कोई काम नहीं करता सिवाय इसके कि एक political संस्था का tool बना हुआ है। इसके जलसे और जलूस organise करता है और यहां तक कि general elections में भी, इसने ruling party के लिए खुल्लम खुला काम किया। खुद मेरे पास इनका एक supervisor आया। कई तरह के लालच और प्रलोभन बड़े अफसरों और वज़ीरों की तरफ से मुझे दिए। कितनी शर्म की बात है कि इस महकमें के मुलाज़म लोगों को corrupt करने के लिए, उन्हें अपने इखलाक से गिराने के लिए बड़ी तेजी से काम कर रहे हैं। इस महकमा में आज देवियां भी काम करती हैं—वह देवियां जिन की हमारे देश के अन्दर बड़ी इज्ज़त है, बड़ा सम्मान है।

Mr. Speaker : The hon. Member should try to be relevant.

श्री ओम प्रकाश अग्निहोत्री : आज जब वह dramas करती हैं तो जिस रंग और ढंग से उन्हें stage पर पेश किया जाता है उसके पेशे नज़र मैं यह कहने पर मजबूर हूं

कि इन्होंने हमारे समाज में इखलाक को, चरित्र को काफी हद तक गिरा दिया है और सिर्फ लोगों को खुश करने के लिए उन्हें इकट्ठा करने के लिए लड़कियों को स्टेज पर लाया जाता है। (*Voices : Shame, shame.*)

आखिर में एक बात और कहना जरूरी समझता हूं। जिस तरह इस लम्बी चौड़ी वज़ारत के खिलाफ दूसरे मैम्बर साहिबान ने नाराज़गी का इज़हार किया है मैं भी अपनी तरफ से और अपने हलके के लोगों की तरफ से इस पर पुरज़ोर नाराज़गी का इज़हार करता हूं। इन लफज़ों के साथ मैं अपनी जगह पर बैठता हूं।

ਮਾਲ ਮੰਤਰੀ (ਸਰਦਾਰ ਅਜਮੇਰ ਸਿੰਘ) : ਮਾਨਯੋਗ ਸਪੀਕਰ ਸਾਹਿਬ, ਆਪੋਜ਼ੀਸ਼ਨ ਵਲੋਂ ਅੱਜ ਦੀ ਬਹਿਸ ਦਾ ਮੌਜ਼ੂ ਕਿਸੇ ਮੁਖਤਲਿਫ ਤਰੀਕੇ ਨਾਲ ਪੇਸ਼ ਹੋਇਆ ਹੈ। ਸਵਾਲ ਇਹ ਸੀ ਕਿ ਇੰਨੇ ਥੋੜੇ ਵਕਤ ਵਿਚ ਬਜਟ ਤੇ general discussion ਨਹੀਂ ਹੋ ਸਕਦੀ। ਕੰਮ ਚਲਾਉਣ ਵਾਸਤੇ ਤਿੰਨ ਮਹੀਨਿਆਂ ਵਾਸਤੇ Vote on Account ਪੇਸ਼ ਕੀਤਾ ਗਿਆ ਸੀ ਜਿਹੜਾ ਕਿ ਅੱਜ ਹਾਊਸ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਪਾਸ ਕੀਤਾ ਜਾਵੇ। ਅਸੀਂ ਆਪਣੇ ਦੋਸਤਾਂ ਦੀਆਂ ਸਪੀਚਾਂ ਨੂੰ ਬੜੇ ਗਹੁ ਨਾਲ ਸੁਣਿਆ ਮਗਰ ਮੈਂ ਇਸ ਵਿਚੋਂ ਲਭਦਾ ਰਿਹਾ ਹਾਂ ਕਿ ਇਸ ਖਰਚ ਦੇ ਮੁਤਾਲਿਕ ਕੁਛ ਕਿਹਾ ਜਾਵੇ ਜਿਸ ਦੇ ਜਵਾਬ ਵਿਚ ਅਰਜ਼ ਕਰ ਸਕੀਏ। ਇਸ ਦੇ ਮੁਤੱਲਿਕ ਕੁਝ ਨਹੀਂ ਆਖਿਆ ਗਿਆ। ਮੇਰੇ ਇਕ ਦੋਸਤ ਨੇ ਆਖਿਆ ਹੈ ਕਿ ਇਕ ਵਜ਼ੀਰ ਨੂੰ ਗੰਦੀਆਂ ਨਾਲੀਆਂ ਸਾਫ ਕਰਨ ਦਾ ਮਹਿਕਮਾ ਦਿੱਤਾ ਗਿਆ ਹੈ। ਮੈਂ ਅਰਜ਼ ਕਰਾਂ ਕਿ ਗੰਦੀਆਂ ਨਾਲੀਆਂ ਸਾਫ ਕਰਨ ਦਾ ਕੰਮ ਸਚਮੁਚ ਆਪੋਜ਼ੀਸ਼ਨ ਨੇ ਸਾਂਭਿਆ ਹੋਇਆ ਹੈ। ਕੀ ਇਹ ਕਹਿਣ ਵਾਲੀ ਗੱਲ ਹੈ ? ਸਪੀਕਰ ਸਾਹਿਬ, ਹੁਣੇ ੨ ਆਪ ਵੱਲੋਂ ਕਿਹਾ ਗਿਆ ਕਿ ਜਿਹੜਾ ਅਫਸਰ ਏਥੇ ਮੌਜੂਦ ਨਾ ਹੋਵੇ ਉਸ ਦੇ ਮੁਤਾਲਿਕ ਨਾ ਕਿਹਾ ਜਾਵੇ। ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਆਪ ਰੂਲਿੰਗ ਦਿੰਦੇ ਹੋ, ਯਾ ਤਾਂ ਆਪੋਜ਼ੀਸ਼ਨ ਦੇ ਮੈਂਬਰ ਸਾਹਿਬਾਨ ਨੂੰ ਐਨੀ ਸੂਝ ਨਹੀਂ ਕਿ ਆਪ ਦੇ ਹੁਕਮ ਨੂੰ ਸਤਿਕਾਰ ਨਾਲ ਮੰਨਣਾ ਚਾਹੀਦਾ ਹੈ, ਜਦੋਂ ਆਪ ਖੜ੍ਹੇ ਹੋਵੋ ਤਾਂ ਜੇ ਉਹ ਖੜੇ ਹੋਣ ਤਾਂ ਉਨ੍ਹਾਂ ਨੂੰ ਬੈਠਣਾ ਚਾਹੀਦਾ ਹੈ। ਮੈਂ ਦਾਅਵੇ ਨਾਲ ਕਹਿ ਸਕਦਾ ਹਾਂ, ਸਪੀਕਰ ਸਾਹਿਬ, ਜਿਹੜੀਆਂ ਗੱਲਾਂ ਤੁਸੀਂ ਇਨ੍ਹਾਂ ਨੂੰ ਆਖੀਆਂ ਹਨ ਇਹ ਉਸ ਤੇ ਬਿਲਕੁਲ ਅਮਲ ਨਹੀਂ ਕਰਦੇ।

Sardar Gurnam Singh : On a point of order, Sir. Can the hon. Minister cast aspersions on the Speaker. The Speaker knows his job well.

Minister for Revenue : It is far away from me to cast aspersions on the Chair.

कामरेड मक्खन सिंह तरसिक्का : On a point of order, Sir. जब vote-on-account पर discussion हो रही हो तो क्या यह जरुरी नहीं है कि मिनिस्टर साहिबान House में हाज़िर हों? केवल दो तीन ही बैठे हुए हैं, बाकी फौज कहां है ?

श्री अध्यक्ष : उनमें से काफी यहां बैठे हुए हैं। (Quite a number of them are present here.)

कामरेड मक्खन सिंह तरसिक्का : स्पीकर साहिब, समझ में नहीं आता कि विखेवा कैसे किया जाए, इस लिए मेरी तजवीज़ है कि इन के सिरों पर कलगियां लगा दी जाएं ताकि उन की फौरन पहचान हो सके क्योंकि पल्टन जो काफी है।

Mr. Speaker : All the Ministers cannot be forced to be present in the House. The hon. Member should please resume his seat.

ਬਾਬੂ ਬਚਨ ਸਿਘ : On a point of order. Mr. Speaker, ਕੀ ਤੁਹਾਡੀ ਡਿਊਟੀ ਦੇ ਮੁਤੱਲਿਕ ਕੋਈ ਮੈਂਬਰ ਤੁਹਾਨੂੰ ਇਸ ਹਾਊਸ ਵਿਚੋਂ ਮਸ਼ਵਰਾ ਦੇ ਸਕਦਾ ਹੈ ?

ਮਾਲ ਮੰਤਰੀ : ਮੈਂ ਅਰਜ਼ ਕੀਤੀ ਹੈ ਕਿ ਇਨ੍ਹਾਂ ਨੇ ਤੁਹਾਡੇ ਹੁਕਮ ਦੀ ਤਾਮੀਲ ਨਹੀਂ ਕੀਤੀ। ਇਹ ਤੁਹਾਡੀ large heartedness ਹੈ, ਸ਼ਰਾਫਤ ਹੈ ਕਿ ਇਹ ਤੁਹਾਡੀ ਗੱਲ ਨਹੀਂ ਮੰਨਦੇ। ਮੈਂ ਇਸ ਗੱਲ ਨੂੰ ਛਡਦਾ ਹਾਂ। ਮੈਂ ਅਰਜ਼ ਕੀਤੀ ਸੀ ਕਿ ਅੱਜ ਉਨ੍ਹਾਂ ਨੇ ਡਰੇਨ ਸਾਫ ਕਰਨ ਦਾ ਕੰਮ ਕੀਤਾ ਹੈ। ਕੋਈ suggestion ਨਹੀਂ ਦਿੱਤੀ। ਇਹ ਜਨਤਾ ਕੋਲੋਂ ਵੋਟ ਲੈ ਕੇ ਆਏ ਹਨ। ਜਿਹੜੀਆਂ ਗੱਲਾਂ ਇਸ ਵੇਲੇ ਕਹੀਆਂ ਹਨ ਇਹ ਇਨ੍ਹਾਂ ਦੇ ਫਰਜ਼, ਡਿਊਟੀ ਤੋਂ ਬਿਲਕੁਲ ਮੁਖਤਲਿਫ ਹਨ। ਮੈਂ ਤੁਹਾਡੇ ਦੁਆਰਾ ਆਪਣੇ ਵੀਰਾਂ ਨੂੰ ਅਰਜ਼ ਕਰਾਂਗਾ ਕਿ ਜੇ ਉਹ ਜਮਹੂਰੀਅਤ ਦਾ ਦਾਅਵਾ ਕਰ ਰਹੇ ਹਨ ਤਾਂ ਕਹਿਣਾ ਚਾਹੀਦਾ ਹੈ ਕਿ ਇਸ ਸੂਬੇ ਦਾ ਚੰਗਾ ਸੁਧਾਰ ਹੋਵੇ, ਇਸ ਖਰਚ ਵਿਚੋਂ ਕਿਥੇ ਵੇਸਟ ਹੋ ਰਿਹਾ ਹੈ।

ਸਰਦਾਰ ਲਛਮਣ ਸਿੰਘ ਗਿਲ : On a point of order, Sir. ਕੀ ਇਹ Vote on Account ਤੇ ਬੋਲ ਰਹੇ ਹਨ ?

ਮਾਲ ਮੰਤਰੀ : ਮੈਂ ਅਰਜ਼ ਕਰਦਾ ਹਾਂ ਕਿ ਜਿਹੜੇ ਬਾਹਰ ਦੇ ਗੁਸੇ ਹਨ, ਈਲੈਕਸ਼ਨਾਂ ਦੇ ਗੁਸੇ ਹਨ, ਜੋ ਉਨ੍ਹਾਂ ਦੇ ਦਿਲ ਵਿਚ ਹੈ ਕਿ ਉਹ ਵਜ਼ਾਰਤ ਨਹੀਂ ਬਣਾ ਸਕੇ ਤਾਂ ਇਸ ਤਰ੍ਹਾਂ ਨਹੀਂ ਕਹਿਣਾ ਚਾਹੀਦਾ। ਹਾਊਸ ਵਿਚ ਇਹ ਕਹਿਣਾ ਕਿ 14 ਆਦਮੀ ਸਾਡੇ ਵਲ ਆ ਜਾਉ ਅਸੀਂ ਤੁਹਾਨੂੰ ਸਪੋਰਟ ਕਰਾਂਗੇ, ਠੀਕ ਨਹੀਂ। ਇਹ electorate ਨੇ, ਪਰਜਾ ਨੇ ਫੈਸਲਾ ਕੀਤਾ ਹੈ। ਜੇ ਇਹ minority ਵਿਚ ਆਏ ਹਨ ਤਾਂ ਆਪਣਾ ਸਿਰ ਨੀਵਾਂ ਕਰਕੇ ਮੰਨਣਾ ਚਾਹੀਦਾ ਹੈ। ਆਪੋਜ਼ੀਸ਼ਨ ਦਾ role adopt ਕਰਕੇ ਇਸ ਹਾਊਸ ਵਿਚ as hon. Member of the House part ਅਦਾ ਕਰਨਾ ਚਾਹੀਦਾ ਹੈ। ਇਹ ਗੁੱਸਾ ਛਡ ਦੇਣਾ ਚਾਹੀਦਾ ਹੈ। ਇਹ ਕਹਿਣਾ ਕਿ ਇਹ ਤਿੰਨ ਤਿੰਨ ਸੌ ਜਾਂ ਚਾਰ ਚਾਰ ਸੌ ਵੋਟਾਂ ਤੇ ਜਿਤੇ ਹਨ ਇਹ ਗੱਲ ਕੋਈ ਹਾਊਸ ਵਿਚ ਕਹਿਣ ਵਾਲੀ ਹੈ ? ਈਲੈਕਸ਼ਨਾਂ ਦੇ ਮੁਤੱਲਿਕ ਕਾਨੂੰਨ ਬਣਿਆ ਹੋਇਆ ਹੈ। Presiding Officers ਤੇ ਪੋਲਿੰਗ ਅਫਸਰ ਹੁੰਦੇ ਹਨ ਉਹ decision ਕਰਦੇ ਹਨ। Tribunals ਮੁਕੱਰਰ ਹੁੰਦੇ ਹਨ, ਸ਼ਹਾਦਤਾਂ ਹੁੰਦੀਆਂ ਹਨ, ਤੇ ਫੈਸਲੇ ਹੁੰਦੇ ਹਨ। (ਵਿਘਨ) ਮੈਂ ਅਰਜ਼ ਕਰ ਰਿਹਾ ਸੀ, ਸਪੀਕਰ ਸਾਹਿਬ, ਕਿ ਇਹ ਗੱਲਾਂ ਹਾਊਸ ਵਿਚ ਕਹਿਣ ਵਾਲੀਆਂ ਨਹੀਂ ਹਨ।

ਬਾਬੂ ਬਚਨ ਸਿੰਘ : On a point of order. Mr. Speaker, ਕੀ ਇਹ ਸਾਨੂੰ code of conduct ਪੜ੍ਹਾਇਆ ਜਾਂਦਾ ਹੈ ?

Mr. Speaker : It is no point of order.

ਮਾਲ ਮੰਤਰੀ : ਹੁਣੇ ੨ ਗੌਰਮੈਂਟ ਤੇ ਬੜੀ ਨੁਕਤਾਚੀਨੀ ਕੀਤੀ ਗਈ ਹੈ।

Chaudhri Satya Dev : On a point of order, Sir. Is the hon. Minister replying to the debate ?

Minister for Revenue : Yes, I am replying to the debate. ਗੌਰਮਿੰਟ ਤੇ ਬੜੀ ਨੁਕਤਾਚੀਨੀ ਕੀਤੀ ਗਈ। ਮੈਂ ਇਸ ਨੂੰ ਕਿਤਨਾ ਮੁਦੱਲਲ ਕਹਾਂ, ਕਿਤਨਾ weighty ਕਹਾਂ ਔਰ ਕਿਤਨਾ ਇਸ ਹਾਊਸ ਦੀ ਸ਼ਾਨ ਨੂੰ ਵਧਾਉਣ ਵਾਲੀ ਕਹਾਂ। ਸਪੀਕਰ ਸਾਹਿਬ, ਇਥੇ Opposition ਵਲੋਂ ਇਹ ਕਿਹਾ ਗਿਆ ਹੈ ਕਿ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਦੀ ਯਾਦ ਦੇ ਮੇਲੇ ਤੇ ਯਾਨੀ

ਉਸ ਦਾ ਸ਼ਹੀਦੀ ਦਿਨ ਮਨਾਉਣ ਲਈ ਜਿਹੜਾ ਮੇਲਾ ਲਗਾ ਉਸ ਵਿਚ ਗੌਰਮਿੰਟ ਵਲੋਂ ਰੇੜ੍ਹੀਆਂ ਦੇ ਠਹਿਰਨ ਦਾ ਇੰਤਜ਼ਾਮ ਨਹੀਂ ਸੀ ਕੀਤਾ ਗਿਆ, ਉਥੇ ਸਰਕਾਰ ਨੇ ਸਾਈਕਲਾਂ ਰਖਣ ਦਾ ਚੰਗਾ ਇੰਤਜ਼ਾਮ ਨਹੀਂ ਸੀ ਕੀਤਾ ਅਤੇ ਇਹ ਨਹੀਂ ਕੀਤਾ ਗਿਆ ਅਤੇ ਉਹ ਨਹੀਂ ਕੀਤਾ ਗਿਆ। ਇਸ ਤਰ੍ਹਾਂ ਦੀਆਂ ਗੱਲਾਂ ਉਸ ਸ਼ਹੀਦੇ ਆਜ਼ਮ ਦਾ ਨਾਂ ਲੈ ਕੇ ਕੀਤੀਆਂ ਗਈਆਂ ਨੇ ਔਰ ਉਸ ਦੇ ਨਾਂ ਨੂੰ ਫ਼ਿਰਕਾਪ੍ਰਸਤੀ ਦੇ ਨਾਲ ਇਸ ਤਰ੍ਹਾਂ ਜੋੜਨਾ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਉਸ ਦੇ ਨਾਂ ਤੇ ਵਟਾ ਲਾਉਣਾ ਹੈ। ਇਸ ਨਾਲ ਉਸ ਦੀ ਸ਼ਾਨ ਨਹੀਂ ਵਧੀ ਬਲਕਿ ਉਸ ਨੂੰ ਘਟਾਇਆ ਗਿਆ ਹੈ। ਸਪੀਕਰ ਸਾਹਬ, ਮੈਂ ਸਮਝਦਾ ਹਾਂ ਕਿ ਜੇਕਰ ਸਰਦਾਰ ਭੱਗਤ ਸਿੰਘ ਆਪਣੀ ਮੜ੍ਹੀ ਤੋਂ ਉਠੇ ਔਰ ਉਹ ਜੇਕਰ ਉਠ ਸਕਦਾ ਹੋਵੇ ਔਰ ਉਠੇ ਤਾਂ ਉਹ ਸ੍ਰੀ ਕੁਲਬੀਰ ਸਿੰਘ ਨੂੰ ਇਹ ਆਖੇਗਾ ਕਿ ਤੁਸੀਂ ਇਹ ਗੱਲਾਂ ਕਹਿ ਕੇ ਮੇਰੇ ਨਾਂ ਨੂੰ ਵਟਾ ਲਾਉਂਦੇ ਪਏ ਹੋ ਤੁਸੀਂ ਮੇਰੀ ਸ਼ਾਨ ਵਧਾ ਨਹੀਂ ਰਹੇ ਸਗੋਂ ਘਟਾ ਰਹੇ ਹੋ। ਇਸ ਲਈ, ਮੈਂ ਕੁਲਬੀਰ ਸਿੰਘ ਹੋਰਾਂ ਨੂੰ ਆਖਦਾ ਹਾਂ ਕਿ ਇਥੇ ਇਸ ਤਰ੍ਹਾਂ ਦੀਆਂ ਗੱਲਾਂ ਕਰਨੀਆਂ ਚੰਗੀਆਂ ਨਹੀਂ।

ਫਿਰ ਸਪੀਕਰ ਸਾਹਬ, ਸਾਨੂੰ code of conduct ਪੜ੍ਹਾਇਆ ਜਾਂਦਾ ਹੈ। ਆਖਦੇ ਨੇ ਕਿ ਜੇ ਜਮਹੂਰੀਅਤ ਨੂੰ ਬਚਾਉਣਾ ਹੈ ਤਾਂ ਇਹ ਗੱਲ ਕਰਨੀ ਚਾਹੀਦੀ ਹੈ, ਉਹ ਗੱਲ ਕਰਨੀ ਚਾਹੀਦੀ ਹੈ। ਸਪੀਕਰ ਸਾਹਬ, ਇਹ ਗੱਲ ਆਖਦੇ ਕੌਣ ਨੇ ? ਇਹ ਆਖਦੇ ਨੇ ਸਾਡੇ ਜਨ ਸੰਘ ਦੇ leader, ਜਿਨ੍ਹਾਂ ਦੀ ਅਪੀਲ ਹੀ ਸਿਰਫ ਇਕ ਫਿਰਕੇ ਨੂੰ ਹੋਵੇ ਔਰ ਉਹ ਗੱਲ ਜਾ ਤਾਂ ਮੇਰੇ ਇਹ ਜਨਸੰਘ ਦੇ ਵੀਰ ਕਹਿ ਸਕਦੇ ਨੇ ਯਾਂ ਅਕਾਲੀ ਪਾਰਟੀ ਦੇ ਵੀਰ ਕਹਿ ਸਕਦੇ ਨੇ...........

ਸਰਦਾਰ ਲਛਮਨ ਸਿਘ ਗਿਲ : ਤੁਸੀਂ ਵੀ ਇਧਰੋਂ ਹੀ ਗਏ ਹੋਏ ਹੋ।

ਮਾਲ ਮੰਤਰੀ : ਜਿਸ ਵੇਲੇ ਅਕਾਲੀ ਪਾਰਟੀ ਨੇ 1955-56 ਵਿਚ ਕਾਂਗਰੇਸ ਪਾਰਟੀ ਨਾਲ ਸਮਝੌਤਾ ਕੀਤਾ ਸੀ ਔਰ ਜਿਸ ਵੇਲੇ ਅਕਾਲੀ ਪਾਰਟੀ ਨੇ ਉਸ ਸਮਝੌਤੇ ਦੀ ਬਿਨਾ ਤੇ ਆਪਣੇ ਆਪ ਨੂੰ ਕਾਂਗਰੇਸ ਵਿਚ merge ਕੀਤਾ ਸੀ ਤਾਂ ਮੈਂ ਉਸ ਵੇਲੇ ਕਾਂਗਰੇਸ ਵਿਚ ਸ਼ਾਮਲ ਹੋਇਆ ਸਾਂ ਪਰ ਜਿਸ ਵੇਲੇ ਕੁਝ ਉਨ੍ਹਾਂ ਲੋਕਾਂ ਨੇ ਜਿਹੜੇ ਕੇਵਲ ਮੈਂਬਰੀਆਂ ਲੈਣਾ ਚਾਹੁੰਦੇ ਨੇ, ਉਨ੍ਹਾਂ ਨੇ ਉਸ ਸਮਝੌਤੇ ਨੂੰ ਤੋੜ ਦਿੱਤਾ ਤਾਂ ਮੈਂ ਇਧਰ ਹੀ ਰਹਿ ਗਿਆ ਸੀ। ਉਸ ਵੇਲੇ ਸਿਰਫ ਇਹ ਮੈਂਬਰੀ ਲੈਣ ਵਾਲੇ ਹੀ ਕਾਂਗਰੇਸ ਵਿਚੋਂ ਗਏ ਸੀ। ਸਪੀਕਰ ਸਾਹਿਬ, ਕੁਝ settlements ਹੋਇਆ ਕਰਦੇ ਨੇ, ਉਨ੍ਹਾਂ ਤੇ ਆਦਮੀ ਨੂੰ ਕਾਇਮ ਰਹਿਣਾ ਚਾਹੀਦਾ ਹੈ। ਪਰ ਇਹ ਤਾਂ ਸਿਰਫ ਫ਼ਿਰਕੂ ਗੱਲਾਂ ਕਰਕੇ ਹੀ leadership ਲੈਣਾ ਚਾਹੁੰਦੇ ਹਨ।

Sardar Lachhman Singh Gill : On a point of order, Sir. Can the hon. Minister cast such aspersions ?

Mr. Speaker : It is no point of order.

Sardar Lachhman Singh Gill : It is a point of order.

Mr. Speaker : It is for me to decide.

ਮਾਲ ਮੰਤਰੀ : ਸਪੀਕਰ ਸਾਹਿਬ, ਤੁਸੀਂ ਬੜੇ ਤਦੱਬਰ ਦਾ ਸਬੂਤ ਦਿੱਤਾ ਹੈ ਜੋ ਤੁਸਾਂ ਇਨ੍ਹਾਂ ਨੂੰ ਕੁਝ ਆਖਿਆ ਨਹੀਂ। (*Interruption*) ਮੈਂ ਇਨ੍ਹਾਂ ਨੂੰ ਦਸਦਾ ਹਾਂ ਕਿ ਜਮਹੂਰੀਅਤ ਦੀ ਬਿਨਾ ਤੇ ਹੀ ਅਸੀਂ ਇਥੇ 10 ਸਾਲਾਂ ਤੋਂ ਆਏ ਹੋਏ ਹਾਂ। ਸਾਡੀ ਪਾਰਟੀ ਨੂੰ ਇਸ election ਵਿਚ ਲੋਕਾਂ ਨੇ ਚੁਣ ਕੇ ਭੇਜਿਆ ਹੈ ਤੇ ਇਸ ਤੋਂ ਪਹਿਲੀ election ਵਿਚ ਵੀ ਚੁਣ ਕੇ ਭੇਜਿਆ ਸੀ। ਫਿਰ ਸਪੀਕਰ ਸਾਹਿਬ ਇਸ election ਵਿਚ ਲੋਕਾਂ ਤੋਂ ਹਰ ਨਾਂ ਤੇ ਵੋਟਾਂ ਮੰਗੀਆਂ ਗਈਆਂ, ਫਿਰਕੂ ਨਾਅਰਿਆਂ ਤੇ ਮੰਗੀਆਂ ਗਈਆਂ ਔਰ ਹਰ ਕਿਸਮ ਦੇ ਨਾਅਰੇ ਲਾਏ ਗਏ ਪਰ ਇਸ ਸਰਕਾਰ ਨੇ ਇਨ੍ਹਾਂ ਨਾਅਰਿਆਂ ਤੇ ਕੋਈ ਕਾਨੂੰਨੀ ਰੋਕ ਨਹੀਂ ਲਗਾਈ ਔਰ ਇਹ ਇਸੇ ਚੀਜ਼ ਦਾ ਪੁਨ ਪਰਤਾਪ ਹੈ ਕਿ ਇਹ

[ਮਾਲ ਮੰਤਰੀ]

ਵੀਰ ਇਥੇ ਆ ਗਏ ਨੇ ਔਰ ਇਹ ਕਹਿੰਦੇ ਨੇ ਕਿ ਗੌਰਮਿੰਟ ਨੇ election ਠੀਕ ਨਹੀਂ ਕਰਾਏ। ਮੈਂ ਕਹਿੰਦਾ ਹਾਂ ਕਿ ਇਹੀ ਵਜ੍ਹਾ ਹੈ ਕਿ ਸਰਕਾਰ ਨੇ elections ਠੀਕ ਕਰਾਏ ਹਨ ਇਹ Opposition strong ਆਈ ਹੈ। ਇਸ ਲਈ ਕਿਉਂ ਨਾ ਗੌਰਮਿੰਟ ਨੂੰ credit ਦਿਤਾ ਜਾਏ ਜਿਹੜਾ ਇਸ ਨੇ elections ਬੜੇ ਇਮਾਨਦਾਰਾਨਾ ਤਰੀਕੇ ਨਾਲ ਕਰਾਏ ਹਨ। (ਆਪੋਜ਼ੀਸ਼ਨ ਦੀ ਤਰਫੋਂ ਬੜਾ ਸ਼ੋਰ) ਸਪੀਕਰ ਸਾਹਬ, ਅਸੀਂ ਹਰ ਸਾਲ ਇਥੇ ਬਜਟ ਪਾਸ ਕਰਦੇ ਰਹੇ ਹਾਂ ਔਰ ਜਮਹੂਰੀਅਤ ਦੇ ਦਾਵੇਦਾਰ ਇਥੇ ਇਸ ਹਾਊਸ ਵਿਚ ਮੌਜੂਦ ਨੇ ਔਰ ਸਦਾ ਬੜੀ majority ਦੀ vote ਨਾਲ ਅਸੀਂ ਬਜਟ ਪਾਸ ਕਰਦੇ ਰਹੇ ਹਾਂ। ਜਿਥੇ elected members in a democratic set up in power ਹੋਣ ਉਹ ਹੀ ਨੁਮਾਇੰਦਾ ਸਰਕਾਰ ਹੁੰਦੀ ਹੈ।

ਇਸ ਦੇ ਇਲਾਵਾ ਮੈਂ ਦਸ ਦੇਣਾ ਚਾਹੁੰਦਾ ਹਾਂ ਕਿ ਇਹ ਹਾਲ ਉਨ੍ਹਾਂ ਮੈਂਬਰਾਂ ਵਾਸਤੇ ਵੀ ਬਣਿਆ ਹੈ ਜਿਹੜੇ ਇਸ ਹਾਲ ਵਾਸਤੇ ਜਿਥੇ ਕਿ ਇਸ Assembly ਦਾ ਇਜਲਾਸ ਹੋ ਰਿਹਾ ਹੈ ਉਸ ਬਾਰੇ ਇਹ ਸ਼ਬਦ ਕਹਿੰਦੇ ਨੇ ਕਿ ਇਹ ਤਾਂ ਮਕਬਰਾ ਬਣਿਆ ਹੈ। ਇਹੋ ਜਿਹੇ ਲਫਜ਼ਾਂ ਦਾ repeat ਕਰਨਾ ਇਨ੍ਹਾਂ ਦੇ ਮੁਖਾਰਬਿੰਦਾਂ ਨੂੰ ਹੀ ਸ਼ੋਭਦਾ ਹੈ ਕਿ ਇਹ ਕਬਰਸਤਾਨ ਹੈ। ਮੈਂ ਤਾਂ ਸਮਝਦਾ ਹਾਂ ਕਿ ਇਹੋ ਜਿਹੇ ਲਫਜ਼ ਇਹ ਫਿਰਕੂ ਪਾਰਟੀਆਂ ਹੀ ਕਹਿ ਸਕਦੀਆਂ ਹਨ ਹੋਰ ਕੋਈ ਨਹੀਂ ਕਹਿ ਸਕਦਾ। (ਸਰਕਾਰੀ ਬੈਂਚਾਂ ਵਲੋਂ ਤਾੜੀਆਂ)

ਸਰਦਾਰ ਲਛਮਨ ਸਿੰਘ ਗਿਲ : ਇਹ ਤਾਂ ਵਜ਼ੀਰੀ ਦੀ ਗੱਲ ਹੈ......

ਮਾਲ ਮੰਤਰੀ : ਤੁਸੀਂ ਤਾਂ ਇਥੇ ਅਜ ਆਏ ਹੋ ਅਸੀਂ ਦਸਾਂ ਸਾਲਾਂ ਤੋਂ ਹਾਂ। ਤੇ ਸਪੀਕਰ ਸਾਹਬ, ਮੈਂ ਅਰਜ਼ ਕਰ ਰਿਹਾ ਸੀ ਕਿ ਬੜੇ ਸਿਆਣੇ ਅਤੇ ਪੁਰਾਣੇ ਆਦਮੀ ਵੀ ਇਸ ਗੱਲ ਦਾ credit ਗੌਰਮਿੰਟ ਨੂੰ ਦੇਣ ਵਾਸਤੇ ਤਿਆਰ ਨਹੀਂ ਜੋ ਇਸ ਨੇ ਨਵੇਂ tax ਨਹੀਂ ਲਗਾਏ, ਜੋ ਇਸ ਨੇ ਲਗੇ ਹੋਏ tax ਵਾਪਸ ਕੀਤੇ ਨੇ, ਜੋ ਸਾਡੇ ਸੂਬੇ ਵਿਚ ਉਸਾਰੀ ਦੇ ਕੰਮ ਹੋ ਰਹੇ ਨੇ ਔਰ ਉਨ੍ਹਾਂ ਵਾਸਤੇ ਜੋ ਇਸ ਸਰਕਾਰ ਨੇ provision ਕੀਤਾ ਹੈ, ਜੋ ਇਸ ਸਰਕਾਰ ਨੇ ਤਲੀਮ ਦੇ ਫੈਲਾਣ ਵਾਸਤੇ 13,14 ਕਰੋੜ ਰੁਪਏ ਦੀ provision ਕੀਤੀ ਹੈ ਜਾਂ ਇਸ ਨੇ ਜੋ class 4 employees ਵਾਸਤੇ, ਉਨ੍ਹਾਂ ਦੀ pension ਵਧਾਣ ਵਾਸਤੇ, ਜਾਂ dearness allowance ਉਨ੍ਹਾਂ ਦੀ ਤਨਖਾਹ ਵਿਚ ਮਿਲਾਉਣ ਵਾਸਤੇ ਕੀਤਾ ਹੈ ; ਇਹ ਇਨ੍ਹਾਂ ਸਾਰੀਆਂ ਚੀਜ਼ਾਂ ਲਈ ਵੀ ਸਰਕਾਰ ਨੂੰ credit ਦੇ ਕੇ ਖੁਸ਼ ਨਹੀਂ। ਮੇਰੇ ਦੋਸਤ ਸਰਦਾਰ ਬਚਨ ਸਿੰਘ ਨੇ ਇਥੇ ਕੁਝ ਆਂਕੜੇ ਪੇਸ਼ ਕੀਤੇ ਪਰ ਉਹ ਵੀ ਗ਼ਲਤ ਕੀਤੇ।

ਬਾਬੂ ਬਚਨ ਸਿੰਘ : ਕੋਈ ਤਾਂ ਅਜਿਹੀ figure ਦਸੋ ਜੋ ਮੈਂ ਗਲਤ quote ਕੀਤੀ ਹੋਵੇ।

ਮਾਲ ਮੰਤਰੀ : ਫਿਰ ਸਪੀਕਰ ਸਾਹਬ, ਡਾਕਟਰ ਗੋਪੀ ਚੰਦ ਸਾਹਬ ਬਾਰੇ, ਜਿਹੜੇ ਕਿ ਇਤਨੇ ਪੁਰਾਣੇ parliamentarian ਨੇ, ਇਕ ਸਜਨ ਨੇ ਕਿਹਾ ਹੈ ਕਿ ਉਹ ਥਾਣੇਦਾਰ ਦੀ ਤਰ੍ਹਾਂ ਬੋਲਦੇ ਨੇ। ਮੇਰਾ ਖਿਆਲ ਹੈ ਕਿ ਇਨ੍ਹਾਂ ਨੂੰ ਇਸ ਲਫਜ਼ ਦੇ ਵਰਤੋਂ ਕਰਨ ਤੇ ਸ਼ਰਮ ਆਣੀ ਚਾਹੀਦੀ ਹੈ।

ਸਰਦਾਰ ਲਛਮਨ ਸਿੰਘ ਗਿਲ : On a point of order, Sir. ਕੀ 'ਸ਼ਰਮ ਆਉਣ ਦੇ' ਲਫਜ਼ unparliamentary ਨਹੀਂ ?

ਮਾਲ ਮੰਤਰੀ : ਇਹ ਬਿਲਕੁਲ parliamentary ਹੈ। ਤੁਸੀਂ ਵੀ ਤਾਂ shame, shame ਕਹਿੰਦੇ ਰਹਿੰਦੇ ਹੋ। Shame ਦੇ ਮਾਨੇ ਸ਼ਰਮ ਹੀ ਹੁੰਦੀ ਹੈ।

ਸਪੀਕਰ ਸਾਹਬ, ਮੈਂ ਤੁਹਾਡੀ ਮਾਰਫਤ ਅਰਜ਼ ਕਰਦਾ ਹਾਂ ਕਿ ਮੇਰੇ ਦੋਸਤ ਨੂੰ ਜੇ ਕੋਈ ਗੱਲ ਨਹੀਂ ਆਉਂਦੀ ਤਾਂ ਉਹ ਸਿਖ ਲੈਣ। He should learn how to acquit himself in the House.

ਤੋ ਸਪੀਕਰ ਸਾਹਬ, ਮੈਂ ਸਰਦਾਰ ਬਚਨ ਸਿੰਘ ਨੇ ਜੋ ਹੋਰ ਗੱਲਾਂ ਕਹੀਆਂ ਸਨ ਉਨ੍ਹਾਂ ਦੀ ਤਰਦੀਦ ਕਰ ਰਿਹਾ ਸਾਂ। Like a good lawyer, I should say. ਉਨ੍ਹਾਂ ਨੇ ਇਸ ਦਾ credit ਵੀ ਲੈਣ ਦੀ ਆਪ ਹੀ ਕੋਸ਼ਸ਼ ਕੀਤੀ ਹੈ। ਮੈਂ ਅਰਜ਼ ਕਰਦਾ ਹਾਂ ਕਿ ਜੇ ਇਸ ਦਾ credit ਇਨ੍ਹਾਂ ਨੂੰ ਜਾਂਦਾ ਹੈ ਤਾਂ ਠੀਕ ਹੈ ਪਰ credit ਦੇਣ ਵਾਲੀ ਤਾਂ ਜਨਤਾ ਹੈ ਜਿਸ ਨੇ ਸਾਡੀ ਪਾਰਟੀ ਨੂੰ ਤੀਜੀ ਵਾਰ ਚੁਣ ਕੇ ਭੇਜਿਆ ਹੈ। ਇਸ ਲਈ ਇਹ credit Congress Government ਨੂੰ ਜਾਂਦਾ ਹੈ ਜਿਹੜੀ ਤੀਜੀ ਦਫਾ ਚੁਣ ਕੇ ਆਈ ਹੈ। ਇਹ credit ਇਸ ਗੌਰਮਿੰਟ ਨੂੰ ਜਨਤਾ ਕਿਉਂ ਦੇ ਰਹੀ ਹੈ ? ਇਹ ਇਸ ਲਈ ਦੇ ਰਹੀ ਹੈ ਕਿਉਂਕਿ ਇਹ ਪੰਜਾਬ ਉੱਸਰਦਾ ਪਿਆ ਹੈ। ਜਿਥੇ ਪੰਜਾਬ ਵਿਚ ਹੋਰ ਬੜੀਆਂ ਚੀਜ਼ਾਂ ਉੱਸਰਦੀਆਂ ਪਈਆਂ ਨੇ, ਇਸੇ ਪੰਜਾਬ ਵਿਚ ਇਸੇ ਬਜਟ ਵਿਚੋਂ ਰੁਪਿਆ ਕਢ ਕੇ ਇਹ ਸਰਕਾਰ ਹੋਰ ਕਈ ਉਸਾਰੀ ਦੀਆਂ ਚੀਜ਼ਾਂ ਬਣਾ ਰਹੀ ਹੈ ਤਾਕਿ ਦੇਸ਼ ਵਿਚ ਖੁਸ਼ਹਾਲੀ ਆਏ, ਦੇਸ਼ ਵਿਚ ਬਿਜਲੀ ਆਏ, ਇਥੇ industry ਵਧੇ ਔਰ ਉਸ ਦੇ ਨਾਲ ਕਾਰੋਬਾਰ ਵਧੇ। ਇਸੇ ਲਈ ਅਸੀਂ technical education ਵਧਾ ਰਹੇ ਹਾਂ ਔਰ ਲੋਕਾਂ ਨੂੰ ਤਾਲੀਮ ਦੇ ਰਹੇ ਹਾਂ। ਮੇਰੇ ਵੀਰ ਨੂੰ ਸ਼ਾਇਦ ਪਤਾ ਨਾ ਹੋਵੇ ਜੋ ਇਨ੍ਹਾਂ ਦੇ mind ਵਿਚ ਇਹ ਗੱਲਾਂ ਆਈਆਂ ਨੇ। ਪਰ ਸਪੀਕਰ ਸਾਹਬ, ਮੈਂ ਅਰਜ਼ ਕਰਦਾ ਹਾਂ ਕਿ ਹਰ ਇਨਸਾਨ ਦੀ life ਵਿਚ ਕਈ ਅਜਿਹੇ moments ਵੀ ਆਉਂਦੇ ਨੇ ਜਦੋਂ ਉਹ ਠੀਕ ਗੱਲਾਂ ਕਰਦਾ ਹੈ। ਮੈਂ ਦਸਦਾ ਹਾਂ ਕਿ 20 ਮਾਰਚ ਨੂੰ ਮਾਸਟਰ ਤਾਰਾ ਸਿੰਘ ਭਾਖੜੇ ਗਏ। ਪਤਾ ਨਹੀਂ ਉਨ੍ਹਾਂ ਦਾ ਦਿਲ ਇਨ੍ਹਾਂ ਵੀਰਾਂ ਤੋਂ ਉਕਤਾ ਗਿਆ ਸੀ ਜੋ ਉਥੇ ਉਹ ਭਾਖੜਾ ਦੇਖਣ ਚਲੇ ਗਏ ਸਨ।

Sardar Lachhman Singh Gill : On a point of order, Sir. Is the hon. Minister speaking on the Demands for Grants on Account ? He is making allegations against the person who is not present in the House.

Mr. Speaker : He has not said anything objectionable.

Sardar Lachhman Singh Gill : Sir, the hon. Minister has used very undesirable words.

Mr. Speaker : He has not said anything undesirable. I will not allow him to use undesirable words.

ਮਾਲ ਮੰਤਰੀ : ਸਪੀਕਰ ਸਾਹਿਬ, ਜਦੋਂ ਮਾਸਟਰ ਜੀ ਨੂੰ ਭਾਖੜਾ ਡੈਮ ਵਿਖਾਇਆ ਗਿਆ ਤਾਂ ਉਨ੍ਹਾਂ ਦੇ ਮਨ ਤੇ ਦੇਸ਼ ਦੀ ਤਰੱਕੀ ਦੀਆਂ ਸਕੀਮਾਂ ਨੂੰ ਵੇਖ ਕੇ ਅਸਰ ਪਿਆ ਅਤੇ ਇਸ ਗੱਲ ਦਾ ਅਸਰ ਪਿਆ ਕਿ ਇਸ ਹਕੂਮਤ ਨੇ ਕੀ ਕੁਝ ਕੀਤਾ ਹੈ ਤਾਂ ਉਨ੍ਹਾਂ ਨੇ ਉਥੇ ਪਈ ਕਿਤਾਬ ਵਿਚ ਆਪਣੀ ਕਲਮ ਨਾਲ ਆਪਣੇ ਹਥਾਂ ਨਾਲ ਇਹ ਲਿਖਿਆ—

> "I saw the **Bhakra Dam** and its precincts today. It is a wonderful site and specimen of modern engineering. It is clear that it will help develop modern industry. We Indians must feel proud of this extraordinary project".

ਇਹ ਲਫਜ਼ ਉਹ ਆਪ ਲਿਖ ਕੇ ਆਏ ਨੇ। ਅਤੇ ਮੈਂ ਇਹ ਕਹਾਂਗਾ ਕਿ ਜੇਕਰ ਪੰਜਾਬ ਦੇ ਪ੍ਰਾਜੈਕਟਾਂ ਲਈ ਅਤੇ ਪੰਜਾਬ ਦੀਆਂ ਤਰੱਕੀ ਦੀਆਂ ਸਕੀਮਾਂ ਲਈ ਮਾਸਟਰ ਤਾਰਾ ਸਿੰਘ ਜੀ ਦੇ ਦਿਲ ਵਿਚ ਇੱਜ਼ਤ ਅਤੇ ਫ਼ਖਰ ਹੈ ਤਾਂ ਮੇਰੇ ਸਾਹਮਣੇ ਦੋਸਤਾਂ ਨੂੰ ਵੀ ਕੋਈ ਫਖਰ ਦੀ ਗਲ ਕਹਿਣੀ ਚਾਹੀਦੀ ਸੀ। ਪਰ ਇਨ੍ਹਾਂ ਨੇ ਇਕ ਵੀ ਗਲ ਫਖਰ ਦੀ ਨਹੀਂ ਕੀਤੀ।

(At this stage Sardar Gurnam Singh, a member of the Panel of Chairmen occupied the Chair.)

ਬਾਬੂ ਬਚਨ ਸਿੰਘ : On a point of order, Sir. ਜਨਾਬ ਚੇਅਰਮੈਨ ਸਾਹਿਬ, ਜੇਕਰ ਸਰਦਾਰ ਅਜਮੇਰ ਸਿੰਘ ਨੇ ਭਾਖੜਾ ਡੈਮ ਦਾ ਜ਼ਿਕਰ ਕਰਦਿਆਂ ਮਾਸਟਰ ਤਾਰਾ ਸਿੰਘ ਜੀ ਦਾ ਹਵਾਲਾ ਦਿੱਤਾ ਹੈ ਤਾਂ ਕੀ ਉਹ ਤਰਨਤਾਰਨ ਬਾਰੇ ਉਨ੍ਹਾਂ ਦੇ ਬਿਆਨ ਦਾ ਵੀ ਹਵਾਲਾ ਦੇਣ ਦੀ ਖੇਚਲ ਕਰਨਗੇ?

Mr. Chairman : This is no point of order.

ਮਾਲ ਮੰਤਰੀ : ਚੇਅਰਮੈਨ ਸਾਹਿਬ, ਅਜ ਪੰਜਾਬ ਉੱਸਰਦਾ ਪਿਆ ਹੈ ਅਤੇ ਤਰਕੀ ਦੇ ਰਾਹ ਵਲ ਜਾ ਰਿਹਾ ਹੈ ਤਾਂ ਇਸ ਦੀ ਤਾਰੀਫ ਕੀਤੇ ਬਿਨਾ ਸਰਦਾਰ ਬਚਨ ਸਿੰਘ ਹੋਰਾਂ ਨੂੰ ਨਹੀਂ ਸੀ ਰਹਿਣਾ ਚਾਹੀਦਾ। ਇਕ ਵੀ ਫਿਕਰਾ ਇਨ੍ਹਾਂ ਨੇ ਤਾਰੀਫ ਦਾ ਨਹੀਂ ਕਿਹਾ ਜਿਥੇ ਇਹ ਗੱਲਾਂ ਕਰਦੇ ਹਨ ਕਿ ਫਲਾਂ ਥਾਂ ਤੇ ਖਰਾਬੀ ਵੇਖੀ ਗਈ ਜਾਂ ਫਲਾਂ ਥਾਂ ਤੇ ਗੜਬੜ ਵੇਖੀ ਗਈ ਤਾਂ ਜੋ ਸ਼ਲਾਘਾ ਦੇ ਕੰਮ ਜੋ ਇਸ ਸਰਕਾਰ ਵਲੋਂ ਪੰਜਾਬ ਵਿਚ ਕੀਤੇ ਜਾ ਰਹੇ ਹਨ ਉਨ੍ਹਾਂ ਲਈ ਇਕ ਫਿਕਰਾ ਤਾਰੀਫ ਦਾ ਵੀ ਕਹਿੰਦੇ। ਕੁਝ ਊਣਤਾਈਆਂ ਦਾ ਜ਼ਿਕਰ ਇਨ੍ਹਾਂ ਮੇਰੇ ਸਾਹਮਣੇ ਬੈਠੇ ਵੀਰਾਂ ਵਲੋਂ ਕੀਤਾ ਗਿਆ ਹੈ ਖਰਾਬੀਆਂ ਦਾ ਜ਼ਿਕਰ ਕੀਤਾ ਹੈ ਅਸੀਂ ਅਜਿਹੇ ਕੜਵੇ ਸ਼ਬਦਾਂ ਨੂੰ ਜੀ ਸਦਕੇ ਸੁਣਨ ਲਈ ਤਿਆਰ ਹਾਂ ਪਰ ਨਿਕੀਆਂ ਨਿਕੀਆਂ ਗੱਲਾਂ ਦਾ ਜ਼ਿਕਰ ਕਰਨਾ ਅਤੇ ਇਹ ਕਹਿਣਾ ਕਿ ਸਰਕਾਰ ਦੇ ਬੰਦੇ ਫਲਾਂ ਥਾਂ ਤੇ ਖੜੇ ਸਨ ਜਾਂ ਫਲਾਂ ਥਾਂ ਤੇ ਇਹ ਕੁਝ ਹੋਇਆ ਇਹ ਗੱਲਾਂ ਇਨ੍ਹਾਂ ਨੂੰ ਕਰਨੀਆਂ ਸ਼ੋਭਦੀਆਂ ਨਹੀਂ। ਇਨ੍ਹਾਂ ਨੂੰ ਚਾਹੀਦਾ ਸੀ ਕਿ ਤਰੱਕੀ ਦੀਆਂ ਸਕੀਮਾਂ ਦਾ ਜ਼ਿਕਰ ਕਰਦੇ ਅਤੇ ਉਨ੍ਹਾਂ ਦੀ ਸ਼ਲਾਘਾ ਕਰਦੇ। ਮੈਂ ਕੇਵਲ ਤਿੰਨ ਚਾਰ ਗੱਲਾਂ ਹੀ ਕਹਿਣੀਆਂ ਚਾਹੁੰਦਾ ਸਾਂ ਅਤੇ ਸਾਰਿਆਂ ਤੋਂ ਜ਼ਰੂਰੀ ਇਹ ਸੀ ਕਿ ਇਸ ਹਾਊਸ ਦੀ sanctity ਅਤੇ decorum ਨੂੰ ਕਾਇਮ ਰਖਣਾ ਚਾਹੀਦਾ ਹੈ ਅਤੇ ਮੇਰੇ ਅਪੋਜ਼ੀਸ਼ਨ ਵਿਚ ਬੈਠੇ ਵੀਰਾਂ ਨੂੰ ਹਕੂਮਤ ਤੇ ਯਕੀਨ ਵੀ ਕਰਨਾ ਚਾਹੀਦਾ ਹੈ ਅਤੇ ਅਪੋਜ਼ੀਸ਼ਨ ਦੇ role ਨੂੰ ਚੰਗੀ ਤਰ੍ਹਾਂ ਨਿਭਾਉਣਾ ਚਾਹੀਦਾ ਹੈ। Criticism ਦਾ role ਜੋ ਇਨ੍ਹਾਂ ਦਾ ਹੈ ਉਸ ਨੂੰ ਪੂਰਾ ਪੂਰਾ ਨਿਭਾਉਣਾ ਚਾਹੀਦਾ ਹੈ, ਸਾਨੂੰ ਕੋਈ ਇਤਰਾਜ਼ ਨਹੀਂ, ਪਰ ਜੋ ਚੰਗੀਆਂ ਗਲਾਂ ਸਰਕਾਰ ਨੇ ਕੀਤੀਆਂ ਹਨ ਉਨ੍ਹਾਂ ਲਈ ਵੀ ਕੁਝ ਕਹਿ ਦੇਣ ਵਿਚ ਕੋਈ ਹਰਜ ਨਹੀਂ ਸੀ।

ਜੇਲ੍ਹ ਅਤੇ ਪਸ਼ੂ ਪਾਲਨ ਰਾਜ ਮੰਤਰੀ (ਗਿਆਨੀ ਜ਼ੈਲ ਸਿੰਘ) : ਸਤਿਕਾਰਯੋਗ ਚੇਅਰਮੈਨ ਸਾਹਿਬ, ਮੇਰਾ ਖਿਆਲ ਨਹੀਂ ਸੀ ਕਿ ਇਸ ਤਰ੍ਹਾਂ ਦੀ criticism ਇਸ Vote on Account ਤੇ ਅਪੋਜ਼ੀਸ਼ਨ ਵਲੋਂ ਕੀਤੀ ਜਾਵੇਗੀ। ਮੇਰਾ ਇਹ ਵੀ ਖਿਆਲ ਸੀ ਕਿ ਗਵਰਨਰ ਸਾਹਿਬ ਦੇ ਭਾਸ਼ਨ ਤੇ ਵਿਚਾਰ ਸਮੇਂ ਜਾਂ ਬਜਟ ਤੇ ਜਨਰਲ discussion ਸਮੇਂ ਕੋਈ ਚੰਗੀ criticism ਆਵੇਗੀ ਪਰ ਬਾਵਜੂਦ ਸਪੀਕਰ ਸਾਹਿਬ ਦੇ ਰੋਕਣ ਦੇ ਆਪਣਾ ਰਵਈਆ ਮੈਂਬਰ ਸਾਹਿਬਾਨ ਨੇ ਇਸ ਤਰ੍ਹਾਂ ਦਾ ਇਖਤਿਆਰ ਕੀਤਾ ਕਿ ਅਸਲ ਗਲ ਨੂੰ ਨਾ ਛੇੜ ਕੇ ਇਸ ਤਰ੍ਹਾਂ ਦਾ general criticism ਸਰਕਾਰ ਤੇ ਕੀਤਾ। ਤਿੰਨ main ਚੀਜ਼ਾਂ ਵਲ ਇਨ੍ਹਾਂ ਵੀਰਾਂ ਨੇ ਬਹੁਤ ਕੁਝ ਆਲੋਚਨਾ ਕੀਤੀ ਹੈ। ਇਕ ਤਾਂ ਇਹ ਕਿ ਮੰਤਰੀਆਂ ਦੀ ਗਿਣਤੀ ਬਹੁਤ ਵਧਾ ਦਿਤੀ ਗਈ ਹੈ ਦੂਜਾ ਇਹ ਕਿ ਅਸੈਂਬਲੀ ਹਾਲ ਤੇ ਬਹੁਤ ਭਾਰੀ ਖਰਚ ਕਰ ਦਿੱਤਾ ਗਿਆ ਹੈ ਅਤੇ ਤੀਜਾ ਇਹ ਕਿ ਪਿਛਲੀਆਂ ਇਲੈਕਸ਼ਨਾਂ ਵਿਚ ਸਰਕਾਰੀ ਮਸ਼ੀਨਰੀ ਵਲੋਂ ਮਦਾਖਲਤ ਕੀਤੀ ਗਈ ਹੈ। ਮੈਂ ਇਹ ਮਹਿਸੂਸ ਕਰਦਾ ਹਾਂ ਕਿ ਅਪੋਜ਼ੀਸ਼ਨ ਦੇ ਮੈਂਬਰਾਂ ਨੇ ਬਹੁਤ ਸਾਰੀਆਂ ਗਲਾਂ out of the way ਕਹੀਆਂ ਹਨ ਅਤੇ ਜੇਕਰ ਮਾਨਯੋਗ ਚੇਅਰਮੈਨ ਸਾਹਿਬ ਮੈਨੂੰ ਵੀ ਬੋਲਣ ਦੀ ਆਗਿਆ ਦੇਣ ਤਾਂ ਮੈਂ ਵੀ ਕੁਝ out of the way ਜਾਕੇ ਇਨ੍ਹਾਂ ਦੀਆਂ ਅਜਿਹੀਆਂ ਕੀਤੀਆਂ ਗੱਲਾਂ ਦਾ ਜਵਾਬ ਦੇ ਸਕਾਂ।

ਬਾਬੂ ਬਚਨ ਸਿੰਘ : Mr. Chairman, on a point of order, Sir. ਕੀ ਇਕ ਮੈਂਬਰ ਜੇਕਰ out of the way ਅਤੇ ਗ਼ਲਤ ਗੱਲਾਂ ਕਹਿ ਗਿਆ ਹੋਵੇ ਤਾਂ ਕੀ ਕਿਸੇ ਦੂਜੇ ਮੈਂਬਰ

ਨੂੰ ਇਸ ਗੱਲ ਦੀ ਇਜਾਜ਼ਤ ਮਿਲੇਗੀ ਕਿ ਉਹ ਵੀ out of the way ਜਾ ਕੇ ਉਨ੍ਹਾਂ ਗਲਾਂ ਦਾ ਜਵਾਬ ਦੇਵੇ ।

ਸ੍ਰੀ ਚੇਅਰਮੈਨ : ਅਜੇ ਤਕ ਉਹ out of the way ਗਏ ਨਹੀਂ । (He has not gone out of the way yet.) (*Laughter*)

ਜੇਲ੍ਹ ਅਤੇ ਪਸ਼ੂ ਪਾਲਨ ਰਾਜ ਮੰਤਰੀ : ਜਨਾਬ ਚੇਅਰਮੈਨ ਸਾਹਿਬ, ਆਪ ਨੂੰ ਮੇਰੇ ਵਲੋਂ ਕੋਈ ਸ਼ਿਕਾਇਤ ਕਰਨ ਦਾ ਮੌਕਾ ਨਹੀਂ ਦਿਤਾ ਜਾਵੇਗਾ ਕਿ ਮੈਂ out of way ਜਾਵਾਂ । ਬਾਕੀ ਜੋ ਇਨ੍ਹਾਂ ਨੇ ਵਜ਼ਾਰਤ ਦੇ ਬਾਰੇ ਵਿਚ ਗਲਾਂ ਕਹੀਆਂ ਹਨ ਉਨ੍ਹਾਂ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ ਇਸ ਵਿਚ ਸ਼ਕ ਨਹੀਂ ਕਿ ਇਕ ਵਡੀ ਵਜ਼ਾਰਤ ਪੰਜਾਬ ਲਈ ਇਸ ਵੇਰ ਬਣਾਈ ਗਈ ਹੈ ਪਰ ਕਦੀ ਕਿਸੇ ਨੇ ਇਸ ਗਲ ਦਾ ਨਹੀਂ ਸੋਚਿਆ ਕਿ ਵਜ਼ੀਰ ਕਿਉਂ ਇਨੇ ਰਖ ਲਏ ਗਏ ਹਨ । ਅਣਵੰਡੇ ਪੰਜਾਬ ਵਿਚ ਜਿਵੇਂ ਕਿ ਇਨ੍ਹਾਂ ਨੇ ਆਪ ਕਿਹਾ ਕਿ 6 ਜਾਂ 7 ਵਜ਼ੀਰ ਹੁੰਦੇ ਸਨ ਇਹ ਉਹ ਜ਼ਮਾਨਾ ਸੀ ਜਦੋਂ ਕਿ ਵਜ਼ੀਰਾਂ ਦੀ ਤਨਖਾਹ 3,000 ਰੁਪਏ ਮਾਹਵਾਰ ਹੁੰਦੀ ਸੀ ਅਤੇ ਚੀਫ ਮਨਿਸਟਰ ਦੀ ਤਨਖਾਹ 5,000 ਰੁਪਏ ਮਾਹਵਾਰ ਹੁੰਦੀ ਸੀ ਪਰ ਅੱਜ ਇਨ੍ਹਾਂ ਵਜ਼ੀਰਾਂ ਨੂੰ ਜਿਨ੍ਹਾਂ ਬਾਰੇ ਤੁਸੀਂ ਇਨੀ ਅਲੋਚਨਾ ਕੀਤੀ ਹੈ ਕੀ ਤਨਖਾਹ ਮਿਲਦੀ ਹੈ ਕੇਵਲ 500 ਰੁਪਏ ਤੁਹਾਡੇ ਨਾਲੋਂ ਵਧ । 300 ਰੁਪਏ ਮਾਹਵਾਰ ਜੋ ਇਨ੍ਹਾਂ ਵਜ਼ੀਰਾਂ ਨੂੰ ਮਿਲਦੇ ਹਨ ਉਹ ਤਾਂ ਮੇਰੇ ਸਾਹਮਣੇ ਬੈਠੇ ਵਿਰੋਧੀ ਮੈਂਬਰਾਂ ਨੂੰ ਵੀ ਮਿਲਦੇ ਹਨ, ਹੁਣ ਤੁਸੀਂ ਆਪ ਹੀ ਅੰਦਾਜ਼ਾ ਲਗਾਓ ਕਿ ਕਿਥੇ 500 ਰੁਪਏ ਤੇ ਕਿਥੇ 5,000 ਰੁਪਏ ਮਾਹਵਾਰ ਇਹ ਉਹ ਜ਼ਮਾਨਾ ਸੀ ਅਜ ਤੋਂ 20 ਸਾਲ ਪਹਿਲਾਂ ਜਾਂ 14 ਸਾਲ ਪਹਿਲਾਂ ਜਦੋਂ ਕਿ 5,000 ਰੁਪਏ ਚੀਫ ਮਨਿਸਟਰ ਨੂੰ ਮਿਲਦੇ ਸਨ ਪਰ ਅਜ .ਇਹ ਰਕਮ 25,000 ਦੇ ਬਰਾਬਰ ਆਉਂਦੀ ਹੈ ਤੇ ਅਜ ਜਿਨੇ ਵਜ਼ੀਰ ਪੰਜਾਬ ਵਿਚ ਰਖੇ ਗਏ ਹਨ ਇਨ੍ਹਾਂ ਸਾਰਿਆਂ ਦੀ ਤਨਖਾਹ ਮਿਲਾ ਕੇ ਉਸ ਸਮੇਂ ਦੇ ਵਜ਼ੀਰ ਆਜ਼ਮ ਨਾਲ ਬਰਾਬਰ ਆਉਂਦੀ ਹੈ, ਉਸੇ ਸਮੇਂ ਦਾ ਇਕਲਾ ਵਜ਼ੀਰ ਆਜ਼ਮ ਤੇ ਅਜ ਦੇ ਸਾਰੇ ਵਜ਼ੀਰ ਇਕ ਬਰਾਬਰ ਆਉਂਦੇ ਹਨ । ਇਸ ਲਈ ਸਭਾਪਤੀ ਜੀ ਇਸ ਗੱਲ ਤੇ ਇਤਰਾਜ਼ ਕਰਨ ਤੋਂ ਪਹਿਲਾਂ ਜ਼ਰਾ ਸੋਚਣ ਦੀ ਲੋੜ ਸੀ ਕਿ ਇਨ੍ਹਾਂ ਨੂੰ ਕਿਉਂ ਰਖਿਆ ਗਿਆ ਹੈ । ਉਸ ਸਮੇਂ ਵਿਚ ਵਜ਼ੀਰ ਪਾਸ ਕੀ ਕੰਮ ਹੁੰਦਾ ਸੀ ਕੇਵਲ ਇਸ ਦੇ ਕਿ ਲਾ ਅਤੇ ਆਰਡਰ ਨੂੰ maintain ਕਰਨਾ ਹੈ ਇਸ ਤੋਂ ਇਲਾਵਾ ਕੋਈ ਹੋਰ ਕੰਮ ਨਹੀਂ ਸੀ ਹੁੰਦਾ । ਅੱਜ ਉਸ ਜ਼ਮਾਨੇ ਦਾ ਅੱਜ ਦੇ ਜ਼ਮਾਨੇ ਨਾਲ ਮੁਕਾਬਲਾ ਕਰਕੇ ਤਕੋ ਕਿ ਕਿਨਾ ਫਰਕ ਪਿਆ ਹੈ, ਕਿਨੀ ਤਰੱਕੀ ਕੀਤੀ ਗਈ ਹੈ ਅਤੇ ਕਿਨੀਆਂ ਨਵੀਆਂ ਸਕੀਮਾਂ ਤੇ ਸਰਕਾਰ ਕੰਮ ਕਰ ਰਹੀ ਹੈ । ਉਸ ਜ਼ਮਾਨੇ ਵਿਚ ਜਿਥੇ 5 ਲੱਖ ਬੱਚੇ ਸਕੂਲਾਂ ਵਿਚ ਪੜ੍ਹਦੇ ਸਨ ਉਥੇ ਅੱਜ 25 ਲਖ ਬੱਚੇ ਸਕੂਲਾਂ ਵਿਚ ਪੜ੍ਹਦੇ ਹਨ । ਇਸੇ ਤਰ੍ਹਾਂ ਸੜਕਾਂ, ਹਸਪਤਾਲਾਂ, ਸਕੂਲਾਂ, ਕਾਲਜਾਂ, ਬਿਜਲੀ ਅਤੇ ਸਿੰਚਾਈ ਦੇ ਫੈਲਾਵ ਵਲ ਧਿਆਨ ਦਿਉ ਕਿ ਅੰਗਰੇਜ਼ ਗਵਰਨਰ ਦੇ ਸਮੇਂ ਕੀ ਕੁਝ ਹੁੰਦਾ ਸੀ ਤੇ ਹੁਣ ਕੀ ਕੁਝ ਕੀਤਾ ਜਾ ਰਿਹਾ ਹੈ । ਅੱਜ ਦਾ ਅੰਦਾਜ਼ਾ ਲਗਾਉ ਕਿ ਕਿਨੀ ਡਿਵੈਲਪਮੈਂਟ ਹੋਈ ਹੈ । ਇਸ ਤਰੀਕੇ ਨਾਲ ਜੇਕਰ ਡਿਵੈਲਪਮੈਂਟ ਹੋਈ ਹੈ ਤਾਂ ਕੰਮ ਵੀ ਅਗੇ ਨਾਲੋਂ ਪੰਜ ਗੁਣਾ ਵਧ ਗਿਆ ਹੈ ਇਸ ਪਾਸੇ ਸਾਰੇ ਕੰਮਾਂ ਨੂੰ ਵੇਖਣ ਲਈ ਹੋਰ ਵਜ਼ੀਰਾਂ ਦੀ ਲੋੜ ਸੀ ਤਾਂ ਜੋ ਤਰੱਕੀ ਦੇ ਕੰਮ ਵਿਚ ਕੋਈ ਰੁਕਾਵਟ ਨਾ ਪੈ ਸਕੇ ਅਤੇ ਕੰਮ ਵਿਚ ਕਿਸੇ ਕਿਸਮ ਦੀ ਸਿਥਲਤਾ ਨਾ ਆਵੇ । ਇਸ ਪਖ ਵਲ ਮੇਰੇ ਵੀਰਾਂ ਨੂੰ ਗੌਰ ਕਰਨਾ ਚਾਹੀਦਾ ਸੀ । (ਪ੍ਰਸ਼ੰਸਾ) ਇਤਨੇ ਫੈਲਾਵ ਦੇ ਸਾਹਮਣੇ ਇੰਤਜ਼ਾਮ ਕਰਨ ਦੀ ਵੀ ਲੋੜ ਸੀ । ਇਕ ਚੰਗੀ ਜ਼ਿਮੇਦਾਰ ਵਜ਼ਾਰਤ ਦੀ ਲੋੜ ਸੀ ਜੋ ਇਨ੍ਹਾਂ ਸਾਰੇ ਕੰਮਾਂ ਦੀ ਦੇਖ ਭਾਲ ਕਰਦੇ । ਇਸੇ ਲਈ ਠੀਕ ਇਸੇ ਤਰਾਂ ਕਿ ਜਿਸ ਤਰ੍ਹਾਂ ਕਿਸੇ ਚੰਗੇ ਜ਼ਿਮੀਂਦਾਰ ਦੀ ਖੇਤੀ ਬਾੜੀ ਦਾ ਕੰਮ ਵਧ ਜਾਵੇ ਤਾਂ ਉਹ ਹੋਰ ਨੌਕਰ ਰਖ ਲੈਂਦਾ ਹੈ ਤਾਕਿ ਉਹ ਉਸ ਖੇਤੀ ਦੀ ਸੰਭਾਲ ਕਰਨ ਇਸੇ ਤਰ੍ਹਾਂ ਪੰਜਾਬ ਦੇ ਮੁਖ ਮੰਤਰੀ ਨੇ ਪੰਜਾਬ ਦੀ ਤਰੱਕੀ ਅਤੇ ਫੈਲਾਵ ਨੂੰ ਵੇਖਣ ਲਈ ਕੁਝ ਵਧ ਰਖਵਾਲੇ ਰਖ ਲਏ ਹਨ ਅਤੇ ਇਹ ਉਹ ਵਜ਼ੀਰ ਹਨ ਜਿਨ੍ਹਾਂ ਵਿਚ ਜਨਤਾ ਦਾ confidence ਹੈ ਜਿਨ੍ਹਾਂ ਨੂੰ ਜਨਤਾ ਨੇ ਇਥੇ ਭੇਜਿਆ ਹੈ,

[ਰਾਜ ਮੰਤਰੀ]

ਜਿਨ੍ਹਾਂ ਵਿਚ ਲੋਕਾਂ ਨੇ ਆਪਣਾ ਭਰੋਸਾ ਕਾਇਮ ਕੀਤਾ ਹੈ ਇਹ ਇਸ ਲਈ ਰਖੇ ਗਏ ਹਨ ਕਿ ਇਹ ਸਰਕਾਰੀ ਮਸ਼ੀਨਰੀ ਨਾਲ ਮਿਲਕੇ ਸੂਬੇ ਵਿਚ ਤਰੱਕੀ ਦੀਆਂ ਸਕੀਮਾਂ ਦੀ ਨਿਗਰਾਨੀ ਕਰਨ ਤਾਂ ਜੋ ਸੂਬਾ ਹੋਰ ਤਰੱਕੀ ਕਰ ਸਕੇ। ਮੇਰੇ ਵੀਰ ਕਹਿ ਰਹੇ ਸਨ ਕਿ ਸਰਕਾਰ ਨੇ undemocratic ਕੰਮ ਕੀਤਾ ਹੈ ਅਤੇ ਗ਼ਲਤ ਤਰੀਕੇ ਨਾਲ behave ਕੀਤਾ ਹੈ ਪਰ ਇਸ ਵਿਚ ਕੋਈ irregularity ਨਹੀਂ ਸੀ ਅਤੇ ਜਿਸ ਚੀਜ਼ ਦੀ ਸੂਬੇ ਨੂੰ ਲੋੜ ਸੀ ਉਹ ਕਰ ਲਈ ਗਈ ਹੈ ਪਰ ਮੈਂ ਇਹ ਵੀ ਕਹਾਂਗਾ ਕਿ ਇਨ੍ਹਾਂ ਸਾਰੇ ਵਜ਼ੀਰਾਂ ਦੀ army ਦੀ ਲੋੜ ਇਸ ਕਰਕੇ ਪਈ ਕਿ ਜੋ ਬਗਾਵਤ ਤੇ ਸਨ ਉਨ੍ਹਾਂ ਨੂੰ misbehave ਕਰਨ ਤੋਂ ਰੋਕਿਆ ਜਾ ਸਕੇ।

ਬਾਬੂ ਅਜੀਤ ਕੁਮਾਰ : On a point of order Sir, ਕੀ, ਮਨਿਸਟਰ ਸਾਹਿਬ ਇਸ ਗਲ ਨੂੰ ਮੰਨਦੇ ਹਨ ਕਿ ਸਰਕਾਰ ਵਲੋਂ ਬੇਕਾਇਦਗੀਆਂ ਕੀਤੀਆਂ ਗਈਆਂ ਹਨ ?

Mr. Chairman : This is no point of order.

ਜੇਲ੍ਹ ਅਤੇ ਪਸ਼ੂ ਪਾਲਨ ਰਾਜ਼ ਮੰਤਰੀ : ਇਹ ਤਾਂ ਇਸ ਸਰਕਾਰ ਦੀ ਮਹਾਨਤਾ ਵਾਲੀ ਗਲ ਹੈ ਕਿ ਵਜ਼ੀਰਾਂ ਦੀਆਂ ਤਨਖਾਹਾਂ ਘਟਾ ਦਿੱਤੀਆਂ ਗਈਆਂ ਹਨ ਅਤੇ ਇਹ ਸਾਬਤ ਕਰ ਦਿੱਤਾ ਗਿਆ ਹੈ ਕਿ ਵਜ਼ੀਰ ਕੋਈ ਨਵਾਬ ਨਹੀਂ ਬਣ ਜਾਂਦੇ ਜਦੋਂ ਉਨ੍ਹਾਂ ਨੂੰ ਵਜ਼ਾਰਤ ਵਿਚ ਸ਼ਾਮਲ ਕੀਤਾ ਜਾਂਦਾ ਹੈ। ਅਤੇ ਉਹ ਵਡੇ ਨਹੀਂ ਬਣ ਜਾਂਦੇ। ਇਸ ਪਦਵੀ ਦੀ attraction ਨੂੰ ਬਹੁਤ ਘਟਾ ਦਿੱਤਾ ਗਿਆ ਹੈ ਅਤੇ ਇਸ ਨਾਲ ਲੋਕਾਂ ਨੂੰ ਇਹ ਮਹਿਸੂਸ ਕਰਨਾ ਚਾਹੀਦਾ ਹੈ ਕਿ ਸਰਕਾਰੀ ਵਜ਼ਾਰਤ ਵਿਚ ਅਤੇ ਸਾਡੇ ਵਿਚ ਕੋਈ ਫਰਕ ਨਹੀਂ। ਤੁਹਾਡੇ ਭਰੋਸੇ ਨੂੰ ਨਾਲ ਲੈਕੇ ਵਜ਼ੀਰ ਇਤਨੀ ਥੋੜ੍ਹੀ ਤਨਖਾਹ ਤੇ ਕੰਮ ਕਰ ਰਹੇ ਹਨ ਅਤੇ ਉਸ ਪੁਰਾਣੇ impression ਨੂੰ ਸਦਾ ਲਈ ਜਨਤਾ ਦੇ ਦਿਲ ਵਿਚੋਂ ਕਢ ਦਿੱਤਾ ਗਿਆ ਹੈ ਕਿ ਵਜ਼ੀਰ ਕੋਈ ਖਾਸ ਅਤੇ ਬਹੁਤ ਉਚੀ ਚੀਜ਼ ਹੈ। ਅਸਾਂ ਸਾਰਿਆਂ ਨੇ ਮਿਲਕੇ ਇਕ ਸਾਥੀ ਵਾਂਗ, ਇਕ comrade ਵਾਂਗ ਕੰਮ ਕਰਨਾ ਹੈ।

ਮੈਂ, ਸਭਾਪਤੀ ਜੀ, ਤੁਹਾਡੀ ਵਿਸਾਤਤ ਨਾਲ Opposition ਦੇ Members ਪਾਸ ਦਰਖਾਸਤ ਕਰਾਂਗਾ ਕਿ ਉਹ ਇਸ ਗੱਲ ਦਾ ਫਿਕਰ ਨਾ ਕਰਨ ਕਿ ਵਜ਼ੀਰਾਂ ਦੀਆਂ ਤਨਖਾਹਾਂ ਘਟ ਗਈਆਂ ਹਨ ਅਤੇ ਜੇ ਉਨ੍ਹਾਂ ਨੂੰ ਵਜ਼ਾਰਤ ਬਨਾਉਣੀ ਪਈ ਤਾਂ ਇਤਨੀ ਘਟ ਤਨਖਾਹ ਤੇ ਕੰਮ ਕਰਨਾ ਪਵੇਗਾ। ਉਨ੍ਹਾਂ ਦਾ ਅੱਵਲ ਤਾਂ ਆਪਣਾ ਇਕਠ ਹੀ ਮੁਮਕਿਨ ਨਹੀਂ ਅਤੇ ਨਾ ਹੀ ਉਨ੍ਹਾਂ ਦੀ majority ਵਿਚ ਆਉਣ ਦੀ ਉਮੀਦ ਹੈ। ਮਾਨਯੋਗ ਸਭਾਪਤੀ ਜੀ, ਮੈਂ ਇਸ ਮਜ਼ਮੂਨ ਨੂੰ ਲੰਮਾ ਕਰਨਾ ਨਹੀਂ ਸੀ ਚਾਹੁੰਦਾ ਅਤੇ ਨਾ ਹੀ ਮੇਰਾ ਇਰਾਦਾ ਸੀ ਕਿ ਇਸ ਤੇ ਕੁਝ ਬੋਲਾਂ। ਪਰ ਕੁਝ ਕੁ ਚੀਜ਼ਾਂ ਦਾ ਇਥੇ ਜ਼ਿਕਰ ਕੀਤਾ ਗਿਆ, ਜਿਹੜੀਆਂ ਕਿ ਜ਼ਰੂਰੀ ਨਹੀਂ ਸਨ ਅਤੇ ਜਿਨ੍ਹਾਂ ਦਾ ਮੈਨੂੰ ਮਜ਼ਬੂਰਨ ਜਵਾਬ ਦੇਣਾ ਪਿਆ।

ਇਕ ਬੇਨਤੀ ਜੋ ਮੈਂ ਕਰਨੀ ਚਾਹੁੰਦਾ ਹਾਂ ਉਹ ਇਹ ਹੈ ਕਿ ਜਿਸ Chamber ਵਿੱਚ ਅਸੀਂ ਬੈਠੇ ਹਾਂ, ਇਹ ਕਿਸੇ ਇਕ ਫਿਰਕੇ ਜਾਂ ਪਾਰਟੀ ਦੇ ਫਾਇਦੇ ਲਈ ਨਹੀਂ ਬਣਿਆ, ਇਹ ਸਾਰੀਆਂ ਪਾਰਟੀਆਂ ਦੇ ਸਾਂਝੇ ਮੁਫਾਦ ਲਈ ਬਣਿਆ ਹੈ। ਇਸ ਵਿੱਚ ਮਹਿਜ਼ Treasury Benches ਦਾ ਹੀ ਹਿੱਸਾ ਨਹੀਂ ਬਲਕਿ ਇਸ ਵਿੱਚ ਜਨ ਸੰਘ ਦਾ ਵੀ ਹਿੱਸਾ ਹੈ, ਅਕਾਲੀਆਂ ਦਾ ਵੀ ਹਿੱਸਾ ਹੈ ਅਤੇ ਕਮਿਊਨਿ-ਸਿਟਾਂ ਦਾ ਵੀ ਹਿੱਸਾ ਹੈ ਅਤੇ ਉਨ੍ਹਾਂ ਲੋਕਾਂ ਦਾ ਵੀ ਹਿੱਸਾ ਹੈ ਜਿਨ੍ਹਾਂ ਨੂੰ ਵੋਟਾਂ ਨਹੀਂ ਮਿਲੀਆਂ ਅਤੇ ਬਦ-ਕਿਸਮਤੀ ਨਾਲ ਉਹ ਇਥੇ ਨਹੀਂ ਆ ਸਕੇ। ਇਸ Chamber ਦੇ ਬਣਨ ਤੇ ਕੋਈ 1½ ਕਰੋੜ ਰੁਪਏ ਦਾ ਖਰਚਾ ਹੋਇਆ ਹੈ ਜਿਹੜਾ ਕਿ ਜੇ ਸਾਰੀ ਪੰਜਾਬ ਦੀ ਵਸੋਂ ਤੇ ਫੈਲਾਇਆ ਜਾਵੇ ਤਾਂ 0-12-0 ਇਕ ਪੰਜਾਬੀ ਤੇ ਆਉਂਦਾ ਹੈ। ਪਰ 0-12-0 per head ਦੇ ਖਰਚ ਨਾਲ ਪੰਜਾਬ ਦਾ ਕਿਤਨਾ ਮਾਣ

ਵਧਿਆ ਹੈ ਇਹ ਵੇਖਣ ਵਾਲੀ ਗੱਲ ਹੈ। 0-12-0 ਦਾ ਖਰਚਾ ਜੇ ਕੋਈ ਰੇਲਵੇ ਸਟੇਸ਼ਨ ਤੋਂ Secretariat ਤਕ ਆਵੇ ਤਾਂ ਹੋ ਜਾਂਦਾ ਹੈ ਪਰ ਅੱਜ ਦੁਨੀਆਂ ਭਰ ਦੇ ਬੰਦੇ ਇਥੇ ਆਉਂਦੇ ਹਨ ਅਤੇ ਇਸ ਦੀ ਤਾਰੀਫ ਕਰਕੇ ਜਾਂਦੇ ਹਨ। ਉਹ ਕਹਿੰਦੇ ਹਨ ਕਿ ਪੰਜਾਬੀ ਕਿਤਨੇ ਬਹਾਦਰ ਹਨ ਉਨ੍ਹਾਂ ਨੇ ਇਤਨੀਆਂ ਤਕਲੀਫਾਂ ਦੇ ਬਾਵਜੂਦ ਵੀ ਇਤਨੇ ਸ਼ਾਨਦਾਰ ਕੰਮ ਕੀਤੇ ਹਨ ਕਿ ਅੱਜ ਉਨ੍ਹਾਂ ਨੇ ਲਾਹੌਰ ਨੂੰ ਵੀ ਭੁਲਾ ਦਿੱਤਾ ਹੈ। (*cheers*) ਪੰਡਤ ਨਹਿਰੂ ਜੀ ਤੋਂ ਲੈਕੇ ਅੱਜ ਹਰ ਛੋਟੇ ਤੋਂ ਛੋਟਾ ਪੰਜਾਬੀ ਇਸ ਤੇ ਮਾਣ ਕਰਦਾ ਹੈ। ਉਹ ਅਸ਼ ਅਸ਼ ਕਰ ਉਠਦਾ ਹੈ ਇਸ ਨੂੰ ਵੇਖਦਿਆਂ ਹੀ ਇਸ ਤੇ ਲੱਗਿਆ ਖਰਚਾ ਭੁਲ ਜਾਂਦਾ ਹੈ। ਤੁਸੀਂ ਅੰਦਾਜ਼ਾ ਲਗਾਉ ਕਿ 0-12-0 ਫੀ ਆਦਮੀ ਦਾ ਲੱਗੇ ਹੋਏ ਖਰਚੇ ਨੇ ਇਸ ਪੰਜਾਬ ਦਾ ਕਿਤਨਾ ਮਾਣ ਵਧਾਇਆ ਹੈ ਅਤੇ ਕਿਤਨਾ ਸਤਿਕਾਰ ਵਧਾਇਆ ਹੈ। ਪਾਕਿਸਤਾਨ ਬਣ ਜਾਣ ਤੋਂ ਬਾਅਦ ਅਸੈਂਬਲੀ ਦੇ ਬੈਠਣ ਲਈ ਕੋਈ ਥਾਂ ਨਹੀਂ ਰਹੀ ਸੀ। ਅੱਜ ਇਸ Chamber ਦੇ ਬਣ ਜਾਣ ਨਾਲ ਹਾਊਸ ਦੀ ਸ਼ਾਨ ਦੋਬਾਲਾ ਹੋਈ ਹੈ। ਮੈਂ ਸਭਾਪਤੀ ਜੀ ਦੀ ਵਿਸਾਤਤ ਨਾਲ ਬੇਨਤੀ ਕਰਾਂਗਾ ਕਿ ਉਹ ਕਿਸੇ ਠੋਸ point ਤੇ ਨੁਕਤਾਚੀਨੀ ਕਰਨ। Criticism ਉਸ ਚੀਜ਼ ਤੇ ਕਰਨ ਜੋ ਪੰਜਾਬੀਆਂ ਦੇ ਫਾਇਦੇ ਲਈ ਨਹੀਂ। ਇਸ ਕਰਕੇ ਉਹ ਹਰ ਚੀਜ਼ ਦੀ ਮੁਖਾਲਫਤ ਨਾ ਕਰਨ ਕਿ ਕਿਉਂਕਿ ਇਹ ਕਾਂਗਰਸ ਵਜ਼ਾਰਤ ਨੇ ਬਣਾਈ ਹੈ। ਇਹ ਉਨ੍ਹਾਂ ਦੀ ਨੁਕਤਾ ਚੀਨੀ ਸੋਹਣੀ ਨਹੀਂ ਲਗਦੀ। ਅੱਜ ਉਨ੍ਹਾਂ ਦਾ ਪਹਿਲਾ ਦਿਨ ਹੈ ਅੱਜ ਸਾਰੀਆਂ ਪਾਰਟੀਆਂ ਨੇ ਇਕੋ ਤਰ੍ਹਾਂ ਦੀ ਬੋਲੀ ਬੋਲੀ ਹੈ। ਪਰ ਕੌਣ ਨਹੀਂ ਜਾਣਦਾ ਕਿ ਅਕਾਲੀਆਂ ਦਾ ਰਸਤਾ ਨੁਕਤਾਚੀਨੀ ਦਾ ਪੁਰਾਣਾ ਹੀ ਹੈ। ਉਨ੍ਹਾਂ ਨੂੰ ਇਕ ਦੂਸਰੇ ਨੂੰ ਭੁਲ ਨਹੀਂ ਜਾਣਾ ਚਾਹੀਦਾ। ਏਸੇ ਤਰ੍ਹਾਂ ਜਨ ਸੰਘੀਆਂ ਅਤੇ ਮੇਰੇ ਕਮਿਊਸਿਟ ਵੀਰਾਂ ਦੀ ਗਲ ਹੈ।

ਕਾਮਰੇਡ ਸਮਸ਼ੇਰ ਸਿੰਘ ਜੋਸ਼ : On a point of order, Sir, ਕੀ ਵਜ਼ੀਰ ਸਾਹਿਬ policy ਦੱਸ ਰਹੇ ਹਨ ਯਾ ਬਜਟ ਤੇ ਬੋਲ ਰਹੇ ਹਨ ?

ਸ੍ਰੀ ਸਭਾਪਤੀ : ਗਿਆਨੀ ਜੀ, ਹੁਣ ਬਜਟ ਤੇ ਵੀ ਕੁਝ ਬੋਲੋ ਨਾ। [Addressing the Minister of State.] [The hon. Minister should now say something about budget also.]

ਜੇਲ੍ਹ ਅਤੇ ਪਸ਼ੂ ਪਾਲਨ ਰਾਜ ਮੰਤਰੀ : ਸਭਾਪਤੀ ਜੀ, ਇਨ੍ਹਾਂ ਨੇ Congress Government ਨੂੰ criticise ਕੀਤਾ ਸੀ ਇਸ ਲਈ Congress Party ਦਾ ਨੁਕਤਾ ਨਿਗਾਹ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਸੀ। ਮੈਂ ਇਸ ਪਾਸੇ ਜ਼ਿਆਦਾ ਨਾ ਜਾਂਦਾ ਹੋਇਆ ਇਸ point ਨੂੰ ਏਥੇ ਹੀ ਛਡਦਾ ਹਾਂ।

ਇਨ੍ਹਾਂ ਨੇ ਸਰਕਾਰੀ ਮਸ਼ੀਨਰੀ ਦੀ elections ਵਿਚ ਮੁਦਾਖਲਤ ਬਾਰੇ ਵੀ ਜ਼ਿਕਰ ਕੀਤਾ। ਉਨ੍ਹਾਂ ਦੀ ਇਸ ਤਰ੍ਹਾਂ ਦੀ ਸ਼ਿਕਾਇਤ ਸਰਕਾਰੀ ਮੁਲਾਜ਼ਮਾਂ ਦਾ ਨੁਕਸਾਨ ਕਰ ਰਹੀ ਹੈ। ਅੱਜ ਦੀ ਬਹਿਸ ਦਾ ਭਾਵੇਂ ਸਰਕਾਰੀ ਮਸ਼ੀਨਰੀ ਨਾਲ ਕੋਈ ਤੁਅਲਕ ਨਹੀਂ ਪਰ ਫੇਰ ਵੀ ਕਿਉਂਕਿ ਇਸ ਨੂੰ ਲੈ ਆਂਦਾ ਗਿਆ ਹੈ ਇਸ ਬਾਰੇ ਮੈਂ ਆਪਣੀ party ਦੀ position ਵਾਜ਼ੇਹ ਕਰ ਦੇਣੀ ਚਾਹੁੰਦਾ ਹਾਂ।

ਸਭਾਪਤੀ ਜੀ, ਪੰਜਾਬ ਦੇ ਲੋਕ ਜਮਹੂਰੀਅਤ ਦੇ ਤਰਜ਼ੇ ਹਕੂਮਤ ਨੂੰ ਚੰਗੀ ਤਰ੍ਹਾਂ ਜਾਣਦੇ ਹਨ ਕਿ ਇਸ ਵਿਚ ਹਮੇਸ਼ਾ majority party ਦੀ ਹਕੂਮਤ ਹੁੰਦੀ ਹੈ। ਪਰ ਇਸ ਵਿਚ ਜਿਹੜੇ ਵੀ ਕਰਮਚਾਰੀ ਲਏ ਜਾਂਦੇ ਹਨ ਉਹ ਕਿਸੇ ਇਕ ਪਾਰਟੀ ਦੇ ਨੁਮਾਇੰਦੇ ਨਹੀਂ ਲਏ ਜਾਂਦੇ, ਜੇ ਕੋਈ ਐਸੀ ਗੱਲ ਹੋਵੇ ਤਾਂ ਮੈਨੂੰ ਉਹ ਦੱਸਣ। ਜਮਹੂਰੀਅਤ ਦੀਆਂ ਰਵਾਇਤਾਂ ਦੇ ਅਨੁਸਾਰ ਹਮੇਸ਼ਾ ਸਰਕਾਰੀ ਮਸ਼ੀਨਰੀ neutral ਹੁੰਦੀ ਹੈ। ਇਸ ਵਿੱਚ ਕਰਮਚਾਰੀ ਜਨਤਾ ਵਿੱਚੋਂ merit ਅਨੁਸਾਰ ਲਏ ਜਾਂਦੇ ਹਨ

[ਰਾਜ ਮੰਤਰੀ]

ਜਿਹੜੇ ਕਿ Subordinate Services Selection Board ਰਾਹੀਂ ਜਾਂ Public Service Commission ਰਾਹੀਂ ਲਏ ਜਾਂਦੇ ਹਨ। ਕਿਸੇ ਤਰ੍ਹਾਂ ਦਾ ਉਨ੍ਹਾਂ ਵਿੱਚ ਨਸਲੀ ਇਮਤਿਆਜ਼ ਨਹੀਂ ਰੱਖਿਆ ਜਾਂਦਾ। ਇਸ ਵਿਚ ਹਰ ਪਾਰਟੀ ਦੇ ਨੁਮਾਇੰਦੇ ਸ਼ਾਮਲ ਹੁੰਦੇ ਹਨ ਅਕਾਲੀਆਂ ਵਿਚੋਂ ਵੀ, ਜਨ ਸੰਘੀਆਂ ਵਿੱਚੋਂ ਵੀ, ਕਮਿਊਨਿਸਟਾਂ ਵਿੱਚੋਂ ਵੀ ਅਤੇ ਹੋਰ ਇਸ ਤਰ੍ਹਾਂ ਦੀਆਂ ਜਿਤਨੀਆਂ ਪਾਰਟੀਆਂ ਹਨ ਉਨ੍ਹਾਂ ਵਿੱਚੋਂ ਵੀ ਲਏ ਜਾਂਦੇ ਹਨ। ਇਹ ਠੀਕ ਹੈ ਕਿ ਉਹ ਕਿਸੇ ਖਾਸ ratio ਵਿਚ ਲਏ ਜਾਂਦੇ ਹਨ। ਪਰ ਇਸ ਕਰਕੇ ਨਹੀਂ ਲਏ ਜਾਂਦੇ ਕਿ ਉਹ ਅਕਾਲੀ ਹਨ ਜਾਂ ਜਨ ਸੰਘੀ ਹਨ ਜਾਂ ਕਮਿਊਨਿਸਟ ਹਨ। ਸਰਕਾਰੀ ਮਸ਼ੀਨਰੀ ਦੀ ਇਲੈਕਸ਼ਨਾਂ ਵਿੱਚ interference ਬਾਰੇ ਜੋ ਕਿਹਾ ਗਿਆ ਹੈ ਇਹ ਬਿਲਕੁਲ ਗ਼ਲਤ ਹੈ, baseless ਹੈ ਅਤੇ ਬੇ ਬੁਨਿਆਦ ਹੈ। ਬਲਕਿ ਮੈਂ ਕਹਿ ਸਕਦਾ ਹਾਂ ਕਿ ਸਰਕਾਰੀ ਮਸ਼ੀਨਰੀ ਦੇ ਆਦਮੀ ਐਸੇ ਸਨ ਜਿਨ੍ਹਾਂ ਦੇ ਖਿਆਲਾਤ ਬਿਲਕੁਲ ਉਲਟ ਸਨ। ਉਨ੍ਹਾਂ ਦੀ ਜੋ ਵਾਹ ਚਲੀ ਕਾਂਗਰਸ ਦੇ ਖਿਲਾਫ ਉਹ ਉਨ੍ਹਾਂ ਨੇ ਚਲਾਈ। ਮੈਂ ਇਸ ਗੱਲ ਦਾ ਸਬੂਤ ਦੇ ਸਕਦਾ ਹਾਂ ਕਿ ਬਹੁਤ ਸਾਰੇ ਲੋਕਾਂ ਨੇ ਚੋਰੀ ਛਿਪੇ ਅਕਾਲੀਆਂ ਦੀ ਇਮਦਾਦ ਕੀਤੀ ਹੈ। ਮੈਨੂੰ ਪਤਾ ਹੈ ਅੱਗੇ ਟੱਬਰਾਂ ਦਾ ਜਿਹੜੇ ਖੁਦ ਅਕਾਲੀ ਸਨ ਅਤੇ ਉਨ੍ਹਾਂ ਦੇ ਰਿਸ਼ਤੇ-ਦਾਰਾਂ ਨੂੰ Public Service Commission ਨੇ ਭਰਤੀ ਕੀਤਾ ਹੈ। ਸਰਕਾਰ ਨੇ ਉਨ੍ਹਾਂ ਦੀਆਂ ਤਰੱਕੀਆਂ ਕੀਤੀਆਂ ਹਨ ਕਿਉਂਕਿ ਪੰਜਾਬ ਸਰਕਾਰ ਉਨ੍ਹਾਂ ਦੀ ਜ਼ਮੀਰ ਨੂੰ ਕੁਚਲਨਾ ਨਹੀ ਚਾਹੁੰਦੀ। ਇਸ ਲਈ ਮੈਂ ਉਨ੍ਹਾਂ ਦੀ ਇਥੇ ਸ਼ਕਾਇਤ ਨਹੀਂ ਕਰਦਾ ਬਲਕਿ ਇਸ ਚੀਜ਼ ਦਾ ਸਰਕਾਰੀ ਕਰਮਚਾਰੀਆਂ ਨੂੰ credit ਜਾਂਦਾ ਹੈ। ਪੰਜਾਬ ਦੀ ਫਿਰਕਾਦਾਰਾਨਾ ਫਿਜ਼ਾ ਨੂੰ ਇਤਨਾ ਭੜਕਾਇਆ ਗਿਆ ਸੀ ਕਿ ਵੋਟਰਾਂ ਨੂੰ ਇਹ ਕਹਿਕੇ ਗੁਟਕੇ ਉਤੇ ਉਨ੍ਹਾਂ ਦਾ ਹੱਥ ਰਖਾਇਆ ਗਿਆ ਕਿ ਤੁਸੀਂ ਗੁਰੂ ਗੋਬਿੰਦ ਸਿੰਘ ਨੂੰ ਵੋਟ ਦੇਣੀ ਹੈ, ਆਦਮੀ ਦੇ ਹਥ ਦੇ ਨਿਸ਼ਾਨ ਪੰਜੇ ਨੂੰ ਨਹੀਂ ਬਲਕਿ ਤੁਸੀਂ ਪੰਜਾ ਸਾਹਿਬ ਨੂੰ ਵੋਟ ਦੇਣੀ ਹੈ। ਸਰਹਾਲੀ ਹਲਕੇ ਵਿੱਚ ਸੰਤ ਫਤਿਹ ਸਿੰਘ ਇਸ ਤਰ੍ਹਾਂ ਦਾ ਪਰਚਾਰ ਕਰਦੇ ਫਿਰਦੇ ਰਹੇ। ਮੈਂ ਸਮਝਦਾ ਹਾਂ Public ਨੂੰ ਇਸ ਤਰ੍ਹਾਂ ਦਾ ਧੋਖਾ ਦੇਣਾ ਇਸ ਤੋਂ ਵੱਡਾ ਹੋਰ ਕੋਈ ਗੁਨਾਹ ਨਹੀਂ। ਫੇਰ ਵੀ, ਇਹ credit ਪੰਜਾਬ ਸਰਕਾਰ ਦੇ ਸਿਰ ਜਾਂਦਾ ਹੈ ਕਿ ਇਤਨੀ ਫਿਜ਼ਾ ਖਰਾਬ ਹੋਣਦੇ ਬਾਵਜੂਦ ਵੀ ਉਨ੍ਹਾਂ ਨੇ ਇਕ ਕਤਰਾ ਖੂਨ ਦਾ ਡੋਲ੍ਹੇ ਬਗੈਰ ਪੰਜਾਬ ਦੀਆਂ ਚੋਣਾਂ ਕਰਵਾਈਆਂ। ਜੇ ਮੇਰੇ ਵੀਰ ਪੰਜਾਬੀਆਂ ਦੀ ਸੱਚੇ ਦਿਲੋਂ ਸੇਵਾ ਕਰਨੀ ਚਾਹੁੰਦੇ ਹਨ ਤਾਂ ਮੈਂ ਉਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਉਹ ਪੰਜਾਬ ਦੀਆਂ ਤਾਮੀਰੀ ਸਕੀਮਾਂ ਵਲ ਧਿਆਨ ਦੇਣ ਅਤੇ ਇਸ ਵਿਚ ਸਰਕਾਰ ਦਾ ਹਥ ਵਟਾਉਣ। ਉਨ੍ਹਾਂ ਨੂੰ ਇਹ ਸੇਵਾ ਸਮਝਕੇ ਹਥ ਵਟਾਉਣਾ ਚਾਹੀਦਾ ਹੈ। ਪਰ ਇਹ ਕਹਿਣਾ ਕਿ ਪੁਲੀਸ ਦਾ, ਸਰਕਾਰੀ ਕਰਮਚਾਰੀਆਂ ਦਾ ਜਿਸ ਤਰ੍ਹਾਂ ਕਿ Public Relations ਦਾ ਮਹਿਕਮਾ ਹੈ ਨਾਜਾਇਜ਼ ਫਾਇਦਾ ਉਠਾਇਆ ਜਾਂਦਾ ਹੈ ਸਰਕਾਰੀ ਮਸ਼ੀਨਰੀ ਭੇਜ ਕੇ encouragement ਕੀਤੀ ਜਾਂਦੀ ਹੈ, ਇਸ ਤਰ੍ਹਾਂ ਦੀ ਜਿਹੜੀ ਮਨੋਭਾਵਨਾ ਹੈ ਉਹ ਢੁਕਦੀ ਨਹੀਂ ਜਿਸ ਤਰ੍ਹਾਂ ਉਹ ਸੋਚਦੇ ਹਨ ਉਸ ਤਰ੍ਹਾਂ ਉਹ ਆਪ ਨਹੀਂ ਕਰਦੇ। ਕਹਿੰਦੇ ਹਨ ਕਿ :—

ਆਪ ਨ ਦਏ ਚੁਲ੍ਹ ਭਰ ਪਾਣੀ
ਤਹਿ ਨਿੰਦੇ ਜਹਿ ਗੰਗਾ ਆਣੀ।

ਲੋਕਾਂ ਦੀ ਨਿੰਦਾ ਕਰਨਾ ਅਤੇ ਆਪਣੇ ਵੱਲ ਨਾ ਵੇਖਣਾ ਇਹ ਚੰਗੀ ਗੱਲ ਨਹੀਂ। ਮੈਂ ਆਪਣੇ ਸਤਿ-ਕਾਰ ਯੋਗ ਵੀਰਾਂ ਨੂੰ ਅਰਜ਼ ਕਰਾਂਗਾ ਕਿ ਜੇਕਰ ਉਹ ਸਮੁਚੇ ਪੰਜਾਬ ਦੀ ਉਨਤੀ ਕਰਨੀ ਚਾਹੁੰਦੇ ਹਨ ਤਾਂ ਸਰਕਾਰ ਦੀਆਂ ਸਕੀਮਾਂ ਵਿਚ ਮਿਲਵਰਤਣ ਦੇਣ। ਇਸ ਬਾਰੇ ਹਰ ਆਦਮੀ ਨੂੰ ਈਮਾਨ-

ਦਾਰੀ ਨਾਲ ਸੋਚਣਾ ਚਾਹੀਦਾ ਹੈ। ਭਾਵੇਂ ਉਸ ਦਾ ਰਸਤਾ ਗ਼ਲਤ ਹੋਵੇ, ਪਰ ਨੁਕਤਾ ਚੀਨੀ ਉਸ ਢੰਗ ਨਾਲ ਕੀਤੀ ਜਾਵੇ ਜਿਸ ਨਾਲ ਦੇਸ਼ ਦੀ ਤਰੱਕੀ ਹੋਵੇ। ਸਾਡਾ ਫਰਜ਼ ਹੈ ਕਿ ਅਸੀਂ ਇਸ ਸੂਬੇ ਦੀ ਤਰੱਕੀ ਲਈ ਦਿਲੋਂ ਚਾਹਵਾਨ ਹੋਈਏ।

प्रिंसिपल रला राम (मुकेरियां) : सभापति महोदय, इस समय "Vote on Account" का expenditure सदन के सामने पेश है। इस बात की सराहना सभी ने की है कि इस के अन्दर कोई नया टैक्स नहीं लगाया गया। लेकिन यह दिखाने की कोशिश की गई है कि इस का कोई credit, कोई श्रेय कांग्रेस गवर्नमेंट को नहीं जाता। मैं इस सम्बन्ध में आप के द्वारा यह निवेदन करना चाहता हूं कि यह बजट कांग्रेस सरकार ने votes लेने के मनशा से पेश नहीं किया। यदि vote लेने के अभिप्राय से ऐसा बजट पेश करना होता तो वह elections से पहले आना चाहिये था। चूंकि यह बजट elections के बाद पेश हुआ है तो यह इस बात का सबूत है कि गवर्नमेंट ने वास्तविक स्थिति को ध्यान में रखते हुए यह बजट पेश किया है न कि किसी से डर कर ऐसा किया है। इस समय कांग्रेस के लिये कोई वोट लेना बाकी नहीं रह जाता। यह बजट इस बात का सबूत है कि पिछले पांच सालों में कांग्रेस सरकार ने किस खूबी के साथ, किस योग्यता के साथ हकूमत का काम चलाया है कि इस वर्ष हमारी स्टेट इस अवस्था में है कि इसे कोई नया टैक्स नहीं लगाना पड़ा। इस से ज़ाहिर होता है कि हकूमत की machinery हकूमत का काम State के अन्दर कितनी काबलियत और योग्यता के साथ चला रही है। यदि इस बात का श्रेय Opposition खुद लेने का प्रयत्न करे कि क्योंकि लोगों ने Opposition वालों को ज्यादा तादाद में भेजा है इस लिये हकूमत भयभीत हो गई है और उस ने बिना टैक्स का बजट पेश किया तो यह बात निराधार है। यह बिना टैक्स का बजट कांग्रेस पार्टी की हकूमत की योग्यता और काबलियत को ज़ाहिर करने वाली चीज़ है और इस का श्रेय कांग्रेस पार्टी और इस की हकूमत को जाता है। अत: इस के लिये जहां मैं कांग्रेस पार्टी की हकूमत को बधाई देता हूं वहां मैं अपने वज़ीर वित्त मन्त्री डाक्टर भार्गव साहिब की योग्यता की दाद दिये बिना नहीं रह सकता। हमारी स्टेट के finances कितने अच्छे ढंग से चल रहे हैं इस का बड़ा भारी नमूना हमारे सामने पेश है कि बजट के अन्दर आमदनी भी बढ़ी है और खर्चा भी बढ़ा है। डाक्टर साहिब की योग्यता और खुश असलूबी से काम करने का जो ढंग है उस के कारण कोई नया टैक्स लगाने की ज़रूरत नहीं पड़ी है। मैं कांग्रेस गवर्नमेंट और अपने वित्त मन्त्री को इस के लिये हार्दिक बधाई देता हूं। यही नहीं कि नया टैक्स नहीं लगाया गया, बल्कि यह भी कि पहले टैक्स में कुछ कटौती भी हुई है। और लोगों को कुछ relief भी दिया गया है। यह बात भी बड़े फख्र की है और बधाई देने वाली है। इस के लिये मैं अपने योग्य, वित्त मन्त्री जी को हार्दिक बधाई देता हूं।

स्पीकर महोदय, दूसरी बात जिस की चर्चा हुई, और गो इस का सम्बन्ध Vote on Account के साथ नहीं है वह Elections के बारे है। कई सज्जनों ने इस बात को दोहराया कि जो पिछले elections हुए हैं उन में गवर्नमेंट के अफसरों की तरफ से मुदाखलत की गई है। मैं यह निवेदन करना चाहता हूं कि जहां तक गवर्नमेंट

[प्रिंसिपल रला राम]

मुलाज़मों का सम्बन्ध है, उन के बारे में यह कहना कि उन्होंने गवर्नमैंट के इशारे पर मुदाखलत की है, गलत और बेबुनियाद बात है। मुझे अपने हलके का तजरुबा है सरकारी अफसरों के अपने विचार भी होते हैं, उन की अपनी likes और dislikes भी होती हैं। इस बात से इनकार नहीं किया जा सकता कि कई अफसरान ने Congress cadidates में interest लिया होगा। मुझे अपने अनुभव के आधार पर यह भी ज्ञान है कि बीसों ऐसे गवर्नमैंट मुलाज़म थे जिन्होंने फिरकादाराना पार्टियों की हिमायत की, जिन्होंने independent candidates की हिमायत की। मुझे इस के विरुद्ध शिकायत नहीं है। इस लिये वसीह पैमाने पर यह कहना कि गवर्नमैंट की तरफ से कोई हिदायत हुई और उस के मातहत गवर्नमैंट के मुलाज़मों ने कांग्रेस पार्टी और उस के उमीदवार की मदद की और हिमायत की, मैं समझता हूं कि यह बिल्कुल बेबुनियाद बात है, निराधार है। गवर्नमैंट मुलाज़मों में सभी किस्म के लोग हैं। किसी एक ने कांग्रेस के पक्ष का लिहाज़ किया होगा तो कई ऐसे भी हैं जिन्होंने अकालियों का पक्ष लिया होगा और कइयों ने communists की रियाइत की होगी। मेरे अपने अनुभव की बात है कि कई अफसरान ने communists की हिमायत की। इस लिये इस दलील को आगे बढ़ाना कोई खास मतलब हल नहीं करता। जिस तरह जनता कई, प्रकार के विचारों की है, उसी तरह से मुलाज़म भी कई प्रकार के हैं क्योंकि जनता में से ही सरकारी, मुलाज़म भी निकलते हैं। उन के likes और dislikes अपने होते हैं। एक तरफ के लोग यदि कोई नाजायज़ बात करते हैं तो दूसरी तरफ के लोग भी दूसरी तरह की बात करने के लिये उतनी ही तादाद में मौजूद होते हैं। इस लिये यह बात कहना कि ऐसी कोई बात गवर्नमैंट की direction के मुताबिक हुई, ठीक नहीं है।

स्पीकर महोदय, कई भाइयों ने इस बात का जिक्र किया कि यहां हुल्लड़ बाज़ी हुई, वहां हुल्लड़ बाज़ी हुई। जहां तक इस बात का ताल्लुक है कि elections कैसे हुए, मैं समझता हूं कि पंजाब बड़े फख्र के साथ कह सकता है कि यहां elections निहायत ईमानदारी और इनसाफ की बिना पर हुए। इस बात के लिये पंजाब सच्चे मायनों में फख्र कर सकता है। मैं समझता हूं कि हमारी हकूमत की मशीनरी इस बात के लिये बधाई की पात्र है। हां, कहीं पर अगर किसी प्रकार की घटनाएं हुईं, तो यह कहना तो नामुमकिन है कि सौ फी सदी कांग्रेसी उमीदवारों ने ऐसा किया, लेकिन मुझे मालूम है कि कांग्रेसी उमीदवारों ने बड़ी शान्ति धैर्य और सब्र से काम लिया। अगर लोगों को भड़काने वाली बातें की गईं तो वह फ़िरकादाराना पार्टियों की तरफ से ही आईं, और इस ढंग से आईं कि उन की बिना पर फसाद हो सकते थे, झगड़े खड़े हो सकते थे। इस के बावजूद Congress के उमीदवारों ने शान्ति और सब्र से काम लेते हुए उन सब की ज्यादतियों को नज़र अन्दाज़ किया और उन की शिकायत को अफसरान तक पहुंचाना नावाजब समझा। स्पीकर महोदय, मैं अपने ही हलके के मुताल्लिक कह सकता हूं कि मैं एक जगह पर lecture करने के लिये गया....

ਸਰਦਾਰ ਤਾਰਾ ਸਿੰਘ : On a point of order, Sir, ਮੇਰਾ point of order ਇਹ ਹੈ ਕਿ ਮੈਂਬਰ ਸਾਹਿਬ ਕਹਿ ਰਹੇ ਹਨ ਕਿ ਫਿਰਕਾਦਾਰਾਨਾ ਪਾਰਟੀਆਂ ਨੇ ਚੋਣਾਂ ਦੇ ਵਿਚ ਝਗੜਾ ਤੇ ਫਸਾਦ ਖੜਾ ਕਰਨ ਦੀ ਕੋਸ਼ਸ਼ ਕੀਤੀ ਹੈ। ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ election ਦੇ ਕਾਨੂੰਨ ਵਿਚ ਇਜਾਜ਼ਤ ਹੈ ਕਿ ਫਿਰਕਾਦਾਰਾਨਾ ਪਾਰਟੀਆਂ ਨੂੰ ਚੋਣ ਨਿਸ਼ਾਨ ਅਲਾਟ ਕੀਤਾ ਜਾ ਸਕੇ ਅਤੇ ਉਹ ਚੋਣਾਂ ਵਿਚ ਹਿੱਸਾ ਲੈ ਸਕਣ।

5.00 pm.

Mr. Chairman: This is not a point of order.

प्रिंसिपल रला राम : वहां पर मेरे आदमी ढोल के साथ इस बात की मुनादी कर रहे थे कि फलां जगह पर lecture होगा लेकिन दूसरी party की तरफ से कुछ हुल्लड़बाज़ आए। उन्होंने आकर उस ढोल को काट दिया और इतनी हुल्लड़बाज़ी की, इतना शोर मचाया कि जलसा करना नामुमकिन हो गया लेकिन इस के बावजूद मेरे volunteers बड़े शान्त रहे और किसी किस्म के फसाद की नौबत नहीं आई। मैंने भी इस बात की चर्चा या शिकायत अफसरान तक नहीं पहुंचाई क्योंकि मैं जानता था कि इसका कोई विशेष लाभ नहीं होगा, हानि हो सकती है। इसलिए जहां तक हुल्लड़बाज़ी का ताल्लुक है, शोर मचाने और नाजायज़ हरबे इस्तेमाल करने का ताल्लुक है, मैं कह सकता हूं कि Congress Party ने इसमें बड़ी शान्ति, सबर और धैर्य का सबूत दिया। इस लिए इस सम्बन्ध में कोई इलज़ामात तराशना, मैं सरासर नावाजिब समझता हूं। जहां तक ऐसे वातावरण को पैदा करने का ताल्लुक है जो फसाद की तरफ ले जाए, मैं यकीनी तौर पर अपने अनुभव के आधार पर कह सकता हूं कि जज़बात को भड़काने और फसादात करवाने की चेष्ठा जितनी फिरकाप्रस्त पार्टियों की तरफ से हुई हैं, किसी भी तरफ से नहीं हुई और इस काम में हकूमत ने बड़ी बुर्दबारी और सबर का सबूत दिया है और इस स्थिति का बड़े अच्छे ढंग से मुकाबला किया। यह सरकार के लिए credit की बात है।

जहां तक elections का ताल्लुक है, सभापति महोदय, हम अपनी साफ ज़मीर के साथ अपनी हकूमत को इस बात की बधाई दे सकते हैं कि उसने इस काम को बड़े तदब्बर और सबर के साथ निभाया और पंजाब की शान को दोबाला किया। इसने इस बात का सबूत दिया है कि हमारी सरकार के अन्दर इस किस्म के मुदब्बर मौजूद हैं कि जो हर उकसाहट के बावजूद अपने दिल और दिमाग में किसी किस्म की गर्मी नहीं आने देते।

एक भाई ने अपनी speech के अन्दर कहा कि अगर पंजाब के मुख्य मन्त्री को "ऐजीटेशन दबाऊ मनिस्टर" कहा जाए तो ज्यादा बेहतर होगा। इसमें मैं समझता हूं कि हृदय से तो शायद वह चीफ मनिस्टर की प्रशंसा करते थे लेकिन यहां नहीं करना चाहते थे फिर भी बेबस तरीके से उनके मूंह से यह प्रशंसा निकल ही गई। मैं समझता हूं कि इन चीफ मनिस्टर साहिब को "एजीटेशन दबाऊ मनिस्टर" कहना भी उन की प्रशंसा करना है (Hear, hear) और हमारे सूबे की बड़ी भारी खुश किस्मती है कि बावजूद इस बात के कि सूबे के अन्दर पिछले पांच सालों में चार ज़बरदस्त आन्दोलन हुए, हमारी कांग्रेस पार्टी के अन्दर इस किस्म के leader मौजूद हैं कि जिन्होंने उन

[प्रिंसिपल रला राम]
agitations को इस तरीके से handle किया कि कोई बदअमनी नहीं होने दी, सूबे में किसी किस्म की कोई खराबी, कोई lawlessness नहीं होने दी। इसलिए मैं समझता हूं कि यह गवर्नमैंट के लिए भारी credit की बात है और इसी बात को सामने रखते हुए जब चीफ मिनिस्टर साहिब को "एजीटेशन दबाऊ मन्त्री" का नाम दिया जाए तो मैं समझता हूं कि Congress Benches पर बैठने वाले साथियों को Opposition के उस भाई का धन्यवाद करना चाहिए।

(*At this stage Mr. Speaker resumed the chair*).

इसलिए धन्यवाद करना चाहिए कि उन्होंने कांग्रेस की policy और उसके leader की तारीफ की जो कि agitations के साथ deal करने में सिद्धहस्त है और जो इस बात को जानता है कि State की बेहतरी इसी बात में है कि यहां पर कानून शिकनी को न होने दिया जाए। इसलिए उनकी administrative योग्यता के बारे में मेरे Opposition के साथी ने उनको जो certificate दिया है उसके लिए मैं उन्हें धन्यवाद देता हूं। इन शब्दों के साथ, अध्यक्ष महोदय, मैं आप का धन्यवाद करता हूं।

ਸਰਦਾਰ ਗੁਰਬਖਸ਼ ਸਿੰਘ (ਧਾਰੀਵਾਲ) : ਸਪੀਕਰ ਸਾਹਿਬ, ਮੇਰਾ ਅੱਜ ਇਨ੍ਹਾਂ ਮਦਾਂ ਤੇ ਬੋਲਣ ਦਾ ਕੋਈ ਵਿਚਾਰ ਤਾਂ ਨਹੀਂ ਸੀ ਪਰ ਜਿਸ ਤਰ੍ਹਾਂ ਕੁਝ ਵਜ਼ੀਰ ਸਾਹਿਬਾਨ ਨੇ ਇਥੇ ਤਕਰੀਰਾਂ ਕੀਤੀਆਂ ਹਨ, ਅਤੇ ਸਾਡੇ ਵਲੋਂ ਉਠਾਏ ਗਏ ਇਤਰਾਜ਼ਾਤ ਦਾ ਜਵਾਬ ਦੇਣ ਦੀ ਬਜਾਏ ਖੁਦ ਇਤਰਾਜ਼ ਉਠਾਉਣੇ ਸ਼ੁਰੂ ਕੀਤੇ ਹਨ ਉਨ੍ਹਾਂ ਨੂੰ ਸੁਣ ਕੇ ਮੈਂ ਸਮਝਦਾ ਹਾਂ ਕਿ ਮੈਂ ਜ਼ਰੂਰ ਕੁਝ ਕਹਾਂ। ਹੁਣੇ ਇਕ ਮੈਂਬਰ ਸਾਹਿਬ ਨੇ ਫ਼ਰਮਾਇਆ ਹੈ ਕਿ ਇਸ ਸਰਕਾਰ ਲਈ ਇਹ ਬੜੇ credit ਵਾਲੀ ਗਲ ਹੈ ਕਿ ਉਸਨੇ ਕੋਈ ਹੋਰ ਨਵੇਂ ਟੈਕਸ ਨਹੀਂ ਲਗਾਏ ਹਨ। ਮੈਂ ਵੀ ਕਹਿੰਦਾ ਹਾਂ ਕਿ ਇਹ ਠੀਕ ਹੈ ਕਿ ਇਨ੍ਹਾਂ ਨੇ ਨਵੇਂ ਟੈਕਸ ਨਹੀਂ ਲਗਾਏ ਹਨ ਲੇਕਿਨ ਮੈਂ ਇਹ ਵੀ ਕਹਿੰਦਾ ਹਾਂ ਕਿ ਪਹਿਲਾਂ ਹੀ ਲੋਕਾਂ ਤੇ ਟੈਕਸਾਂ ਦਾ ਇਤਨਾ ਭਾਰ ਹੈ ਕਿ ਲੋਕ ਚੀਖੋ ਪੁਕਾਰ ਕਰ ਰਹੇ ਹਨ ਅਤੇ ਉਨ੍ਹਾਂ ਦੀ ਚੀਖੋ ਪੁਕਾਰ ਦੀ ਨੁਮਾਇੰਦਗੀ ਅਸੀਂ ਕਰਦੇ ਹਾਂ। ਜਦੋਂ ਪਹਿਲਾਂ ਹੀ ਇਤਨੇ ਟੈਕਸ ਲਗੇ ਹੋਣ ਉਥੇ ਹੋਰ ਟੈਕਸ ਲਗਾਏ ਜਾ ਹੀ ਨਹੀਂ ਸਕਦੇ ਸਨ ਅਤੇ ਨਾ ਹੀ ਲਗਾਏ ਜਾਣੇ ਚਾਹੀਦੇ ਸਨ। ਹੁਣ ਤਾਂ ਇਹ ਹਾਲਤ ਹੈ ਕਿ ਲੋਕ ਇਕ ਪੈਸੇ ਦਾ ਬੋਝ ਨਹੀਂ ਉਠਾ ਸਕਦੇ। ਲੇਕਿਨ ਇਨ੍ਹਾਂ ਨੇ ਬੜੇ ਘੁਮੰਡ ਨਾਲ ਇਹ ਗਲ ਕਹੀ ਹੈ ਅਤੇ credit ਲੈਣ ਦੀ ਕੋਸ਼ਿਸ਼ ਕੀਤੀ ਹੈ। ਮੇਰੀ ਅਰਜ਼ ਹੈ ਕਿ credit ਲੈਣ ਵਾਲੀ ਗੱਲ ਤਾਂ ਹੁੰਦੀ ਜੇ ਤੁਸੀਂ ਉਸਾਰੀ ਦੇ ਕੰਮ ਵਧ ਤੋਂ ਵਧ ਕਰਦੇ ਅਤੇ ਜੋ ਰੁਪਿਆ ਪਹਿਲਾਂ ਤੁਸੀਂ ਟੈਕਸਾਂ ਰਾਹੀਂ ਲੈ ਰਹੇ ਹੋ ਉਸਨੂੰ ਨੇਕਨੀਤੀ ਨਾਲ ਲੋਕ ਭਲਾਈ ਲਈ ਇਸਤੇਮਾਲ ਕਰਦੇ। ਜੇ ਤੁਸੀਂ ਉਸਾਰੀ ਦੇ ਕੰਮ ਕਰੋ ਤਾਂ ਅਸੀਂ ਵੀ ਤੁਹਾਡੀ ਪੂਰੀ ਮਦਦ ਲਈ ਤਿਆਰ ਹਾਂ ਅਤੇ ਜਨਤਾ ਵੀ ਟੈਕਸ ਦੇਣ ਲਈ ਤਿਆਰ ਹੈ। ਪਰ ਅਜ ਹਾਲਤ ਇਹ ਹੈ ਕਿ ਪੰਜਾਬ ਵਿਚ ਸੇਮ ਦਿਨੋਂ ਦਿਨ ਵਧਦੀ ਜਾ ਰਹੀ ਹੈ। ਇਹ ਪਿਛਲੇ 15 ਸਾਲਾਂ ਤੋਂ ਇਨ੍ਹਾਂ ਬੈਂਚਾਂ ਤੇ ਬੈਠੇ ਹੋਏ ਹਨ, ਟੈਕਸਾਂ ਤੇ ਟੈਕਸ ਲਾਂਦੇ ਜਾ ਰਹੇ ਹਨ ਪਰ ਉਸਾਰੀ ਦਾ ਕੰਮ ਉਤਨਾ ਨਹੀਂ ਕਰਦੇ ਜਿਤਨਾ ਹੋਣਾ ਚਾਹੀਦਾ ਹੈ। ਮੈਂ ਸਮਝਦਾ ਹਾਂ ਕ ਇਨ੍ਹਾਂ ਨੂੰ credit ਲੈਣ ਦੀ ਬਜਾਏ ਸਾਫ ਲਫਜ਼ਾਂ ਵਿਚ ਇਸ ਗੱਲ ਦਾ ਏਤਰਾਫ ਕਰਨਾ ਚਾਹੀਦਾ ਸੀ ਕਿ ਪੰਜਾਬ ਨੂੰ ਜਿਸ ਤਰ੍ਹਾਂ ਬਣਾਉਣਾ ਚਾਹੀਦਾ ਸੀ ਉਸ ਤਰ੍ਹਾਂ ਅਸੀਂ ਬਣਾ ਨਹੀਂ ਸਕੇ ਹਾਂ। ਤੁਸੀਂ ਟੈਕਸ ਨਾ ਲਗਾਉਣ ਦਾ credit ਤਾਂ ਬੜਾ ਲਿਆ ਹੈ ਪਰ ਤੁਸੀਂ ਇਹ ਤਾਂ ਦਸੋ ਕਿ ਤੁਸੀਂ ਪਿਛਲੇ 15 ਸਾਲਾਂ ਵਿਚ ਕੀ ਕੀਤਾ ਹੈ ? ਸਭ ਤੋਂ ਪਹਿਲਾਂ ਟਰਕੀ ਨੇ 15 ਸਾਲਾਂ ਵਿਚ ਸਾਰੇ

ਦੇਸ਼ ਦੀ ਕਾਇਆ ਕਲਪ ਕੀਤੀ ਸੀ। ਉਸਤੋਂ ਬਾਅਦ ਰੂਸ ਨੇ 10 ਸਾਲਾਂ ਵਿਚ ਤਰੱਕੀ ਕੀਤੀ ਅਤੇ ਲੋਕਾਂ ਦੀ ਕਾਇਆ ਕਲਪ ਕੀਤੀ। ਫਿਰ ਚੀਨ ਨੇ ਤਾਂ ਆਜ਼ਾਦੀ ਹਾਸਲ ਕਰਕੇ ਅਤੇ ਉਹ ਲੰਮੀ ਖਾਨਾ ਜੰਗੀ ਤੋਂ ਬਾਅਦ ਸਿਰਫ 5 ਸਾਲਾਂ ਵਿਚ ਦੇਸ਼ ਦਾ ਨਕਸ਼ਾ ਬਦਲ ਦਿੱਤਾ ਹੈ। ਪਰ ਤੁਸੀਂ ਤਾਂ ਦਸੋਂ ਕਿ ਤੁਸੀਂ ਇਨ੍ਹਾਂ 15 ਸਾਲਾਂ ਵਿਚ ਕੀ ਕੀਤਾ ਹੈ (*Interruptions*)

ਹਾਂ, ਤੁਸੀਂ ਵੀ ਵਥੇਰਾ ਕੁਝ ਕੀਤਾ ਹੈ ਅਤੇ ਗੱਦੀਆਂ ਦੀ ਤਾਦਾਦ ਵਧਾ ਲਈ ਹੈ (noise)। ਤੋ, ਸਪੀਕਰ ਸਾਹਿਬ, ਸਾਡੇ ਇਕ ਮੰਤਰੀ ਗਿਆਨੀ ਜ਼ੈਲ ਸਿੰਘ ਜੀ ਨੇ ਜ਼ਿਕਰ ਕੀਤਾ ਕਿ ਜਿਤਨੇ ਲੋਕ ਵੀ ਆਉਂਦੇ ਹਨ ਉਹ ਭਾਖੜਾ ਡੈਮ ਦੀ ਤੇ ਇਸ ਚੰਡੀਗੜ੍ਹ ਦੀ ਤਾਰੀਫ ਕਰਦੇ ਹਨ ਅਤੇ ਖਾਸ ਤੌਰ ਤੇ ਉਨ੍ਹਾਂ ਨੇ ਮਾਸਟਰ ਤਾਰਾ ਸਿੰਘ ਬਾਰੇ ਕਿਹਾ ਕਿ ਉਨ੍ਹਾਂ ਨੇ ਵੀ ਭਾਖੜਾ ਡੈਮ ਦੀ ਬੜੀ ਸ਼ਲਾਘਾ ਕੀਤੀ ਹੈ, ਇਸ ਲਈ ਅਪੋਜ਼ੀਸ਼ਨ ਵਾਲਿਆਂ ਨੂੰ ਇਨ੍ਹਾਂ ਚੀਜ਼ਾਂ ਤੇ ਨੁਕਤਾਚੀਨੀ ਨਹੀਂ ਕਰਨੀ ਚਾਹੀਦੀ ਸੀ। ਗਿਆਨੀ ਜ਼ੈਲ ਸਿੰਘ ਜੀ ਨੂੰ ਸ਼ਾਇਦ ਯਾਦ ਨਾ ਹੋਵੇ ਇਸ ਲਈ ਮੈਂ ਉਨ੍ਹਾਂ ਨੂੰ ਯਾਦ ਦਿਵਾ ਦੇਵਾਂ ਕਿ ਇਹ ਭਾਖੜਾ ਡੈਮ ਤਾਂ ਤੁਸੀਂ ਨਹੀਂ ਬਣਾਇਆ ਹੈ ਜਿਸ ਦੀਆਂ ਤੁਸੀਂ ਐਨੀਆਂ ਡੀਂਗਾਂ ਮਾਰਦੇ ਹੋ। ਇਸਦਾ ਖਰੜਾ ਤਾਂ Unionist ਪਾਰਟੀ ਦੀ ਹਕੂਮਤ ਨੇ ਤਿਆਰ ਕੀਤਾ ਸੀ ਅਤੇ ਸਰਦਾਰ ਜੋਗਿੰਦਰ ਸਿੰਘ ਦੇ ਵੇਲੇ ਤੋਂ ਇਸਦੇ ਬਣਾਏ ਜਾਣ ਦੀ ਕਾਰਵਾਈ ਹੋ ਰਹੀ ਹੈ। (*Interruptions*) ਮੈਂ ਕਹਿੰਦਾ ਹਾਂ ਕਿ ਭਾਖੜਾ ਡੈਮ ਤੇ ਜਿਤਨਾ ਰੁਪਿਆ ਖਰਚ ਕੀਤਾ ਹੈ ਜੇਕਰ ਕੋਈ ਹੋਰ ਹਕੂਮਤ ਹੁੰਦੀ ਤਾਂ ਇਸਦਾ ਚੌਥਾ ਹਿੱਸਾ ਖਰਚ ਹੁੰਦਾ। ਫਿਰ ਤੁਸੀਂ ਇਹ ਵੀ ਅੰਦਾਜ਼ਾ ਲਾਉ ਕਿ ਤੁਸੀਂ ਖਰਚ ਕਿਤਨਾ ਕੀਤਾ ਹੈ ਅਤੇ ਉਸਦੇ ਮੁਤਾਬਕ ਕੰਮ ਕਿਤਨਾ ਹੋਇਆ ਹੈ ਤੇ ਤੁਹਾਨੂੰ return ਕਿਤਨੀ ਮਿਲੀ ਹੈ। ਖੈਰ, ਮੈਂ ਸਾਰੀਆਂ details ਇਸ ਬਾਰੇ ਬਜਟ ਦੀ discussion ਦੇ ਵਕਤ ਦੱਸਾਂ ਗਾ। ਇਸ ਗਲ ਦਾ ਤਾਂ ਤੁਸੀਂ ਵੀ ਏਤਰਾਫ ਕਰਦੇ ਹੋ ਕਿ ਉਥੇ ਕਿਸਤਰ੍ਹਾਂ Engineer ਸਾਹਿਬਾਨ ਖ਼ੁਦਕਸ਼ੀ ਕਰਕੇ ਮਰ ਗਏ ਹਨ। ਕੀ ਤੁਸੀਂ ਕਦੇ ਇਸ ਗਲ ਦਾ ਵੀ ਅਹਿਸਾਸ ਕੀਤਾ ਹੈ (cheers from the Opposition)। ਮੈਂ ਜ਼ਾਤੀ ਗੱਲਾਂ ਵਿਚ ਬਿਲਕੁਲ ਨਹੀਂ ਜਾਣਾ ਚਾਹੁੰਦਾ। ਇਕ ਹੋਰ ਗੱਲ ਹੈ ਜਿਸ ਤੇ ਬੜਾ ਜ਼ੋਰ ਦਿੱਤਾ ਗਿਆ ਹੈ। ਮੈਂ ਨਹੀਂ ਸਮਝਦਾ ਕਿ ਉਸ ਦਾ ਅੱਜ ਦੇ ਬਜਟ ਜਾਂ ਡਿਮਾਂਡਜ਼ ਨਾਲ ਕੋਈ ਤਅੱਲੁਕ ਸੀ। ਉਨ੍ਹਾਂ ਨੇ ਇਸ ਗੱਲ ਦੀ ਆੜ ਲਈ ਹੈ ਜੋ ਆਪੋਜ਼ੀਸ਼ਨ ਦੇ ਇਕ ਮੈਂਬਰ ਨੇ ਕਿਹਾ ਸੀ। ਉਨ੍ਹਾਂ ਨੇ ਕਿਹਾ ਹੈ ਕਿ ਪੰਜਾਬ ਦੀਆਂ ਅਲੈਕਸ਼ਨਾਂ independent ਹੋਈਆਂ ਹਨ। ਮੰਨ ਲਿਆ ਕਿ ਇਸ ਤਰ੍ਹਾਂ ਹੋਣਾ ਚਾਹੀਦਾ ਹੈ। ਇਸ ਮੁਲਕ ਵਿਚ ਮਿਸਾਲ ਮੌਜੂਦ ਹੈ ਕਿ ਜਿਥੇ ਗੈਰ ਕਾਂਗਰਸੀ ਮਨਿਸਟਰੀ ਸੀ ਉਥੇ ਉਸ ਤੋਂ resign ਕਰਵਾ ਕੇ ਚੋਣਾਂ ਹੋਈਆਂ। ਪੈਪਸੂ, ਜੋ ਹੁਣ ਪੰਜਾਬ ਦਾ ਹਿੱਸਾ ਹੈ, ਵਿਚ ਗੈਰ ਕਾਂਗਰਸੀ ਮਨਿਸਟਰੀ ਤੋੜ ਕੇ ਅਲੈਕਸ਼ਨ ਕਰਵਾਏ। ਕੇਰਾਲਾ ਵਿਚ ਗੈਰ ਕਾਂਗਰਸੀ ਵਜ਼ਾਰਤ ਸੀ। ਉਥੇ President Rule ਕਰਵਾਇਆ।

Mr. Speaekr : The Punjab Government is not responsible for what the Central Government had done.

ਸਰਦਾਰ ਗੁਰਬਖਸ਼ ਸਿੰਘ : ਮੈਂ illustration ਦਿੱਤੀ ਹੈ। ਇਥੋਂ ਦੀਆਂ ਸਾਰੀਆਂ ਆਪੋਜ਼ੀਸ਼ਨ ਪਾਰਟੀਆਂ ਨੇ ਵਾਵੇਲਾ ਕੀਤਾ, ਵਕਤ ਦੇ ਮੁਤਾਬਕ justify ਕਰਦੇ ਹੋਏ ਠੀਕ ਕਿਹਾ ਸੀ ਕਿ ਅਗਰ ਹਕੀਕਤਨ ਈਮਾਨਦਾਰੀ ਨਾਲ election ਕਰਵਾਣੇ ਹਨ ਤਾਂ ਇਸ ਸਰਕਾਰ ਨੂੰ ਤੋੜ ਕੇ ਇਕ ਨਿਰਪੱਖ ਕਮਿਸ਼ਨ ਕਾਇਮ ਕੀਤਾ ਜਾਵੇ। Elections ਦੇ ਦੌਰਾਨ ਇਨ੍ਹਾਂ ਤੇ ਐਡੇ ਵੱਡੇ ਅਲਜ਼ਾਮ ਲੱਗੇ ਹਨ। ਜੇ ਇਹ ਜਮਹੂਰੀਅਤ ਪਸੰਦ ਸਰਕਾਰ ਸੀ ਤਾਂ ਸੈਂਟਰ ਦੇ ਕਮਿਸ਼ਨ ਤੋਂ ਅਲੈਕਸ਼ਨਾਂ ਕਰਵਾਉਣ ਦੇਂਦੇ। ਮੈਂ ਇਸ ਤੇ ਹੋਰ ਜ਼ਿਆਦਾ ਨਹੀਂ ਕਹਿਣਾ ਚਾਹੁੰਦਾ।

ਮੈਨੂੰ ਇਸ ਗੱਲ ਤੇ ਖਾਸ ਤੌਰ ਤੇ ਬਹੁਤ ਦੁਖ ਹੈ ਜੋ ਹੁਣੇ ਹੀ ਗਿਆਨੀ ਜ਼ੈਲ ਸਿੰਘ ਹੋਰਾਂ ਨੇ ਨਾਉਂ ਲੈ ਕੇ ਕਹੀ ਹੈ ਕਿ ਸੰਤ ਫਤਿਹ ਸਿੰਘ ਨੇ ਕਿਹਾ ਕਿ ਜੇ ਪੰਜੇ ਨੂੰ ਵੋਟ ਨਾ ਪਾਈ ਤਾਂ ਇਹ ਹੋਏਗਾ। ਸਪੀਕਰ

[ਸਰਦਾਰ ਗੁਰਬਖਸ਼ ਸਿੰਘ]
ਸਾਹਿਬ, ਮੈਂ ਤੁਹਾਡੀ ਮਾਰਫਤ ਗਿਆਨੀ ਜ਼ੈਲ ਸਿੰਘ ਹੋਰਾਂ ਨੂੰ ਕਹਿੰਦਾ ਹਾਂ ਕਿ ਇਹ ਆਖਦੇ ਰਹੇ ਕਿ ਗਊ ਦੇ ਜਾਏ ਨੂੰ ਵੋਟ ਪਾਉ। (ਵਿਰੋਧੀ ਪੱਖ ਵਲੋਂ ਪਰਸੰਸਾ)।

Chief Minister : It is an admission by implication.

वित्त मन्त्री (डा: गोपी चन्द भार्गव) : स्पीकर साहिब, मेरा काम आसान भी है और मुश्किल भी। आसान इस लिये है क्योंकि जो तकरीरें आज यहां पर हुईं उन में से बहुत सी तकरीरें ऐसी हैं जिन का बजट के साथ कोई ताल्लुक नहीं था। मुश्किल इस लिये क्योंकि मुझे भी इसी तरह से जवाब देना होगा। जनाब, मैं जिस इलाके का रहने वाला हूं वहां एक कहावत है कि 'लड़े बराबर रोवे बाहर'। Elections हो चुके। उन में अगर कोई पूरे ज़ोर से नहीं लड़ा तो यह उस की ग़लती थी। और अगर आप पूरा ज़ोर लगा कर लड़े तो फिर अब रोना कैसा, और गिला कैसा। कुछ लोगों ने चुनाव में sportsman spirit को लाने के लिये एक कमेटी बनाई जो सब पार्टियों के नेताओं के पास पहुंची और उस ने एक code of conduct तैयार किया और सब पार्टियों ने उस पर अमल करने की बात कही और उस पर किसी हद तक अमल किया भी गया। जब यह सब कुछ हो चुका तो अब गिला करना ठीक नहीं है।

दूसरे जो Vote on Account आज यहां पेश है उस में चुनाव की मद नहीं है। तो फिर इलैक्शन का ज़िक्र इस बहस में क्यों किया गया। इलैक्शन का खर्च इस में नहीं है। इस बहस के दौरान ऐसा मालूम होता था कि यह असैम्बली नहीं है बल्कि पार्टी पालिटिक्स का अखाड़ा बन गया है। असैम्बली तो सरकार के काम को चलाने के लिये सुझाव देने के लिए होती है। जिस को सरकार की पालिसी अच्छी न लगे वह उस की मुखालफत कर सकता है। यहां आपोज़ीशन भी बैठती है और सरकार भी।

सरदार लक्खी सिंह चौधरी : On a Point of Order, Sir. वज़ीर साहिब ने यह ग़लत कहा है कि इस में elections का खर्च नहीं है। इस के सफा 105 पर इस का जिक्र है और इलैक्शन्ज़ के लिये 22,10,490 रु० कुल खर्च दिया हुआ है। इस का चौथाई हिस्सा Vote on Account में है। इस लिए इलैक्शन्ज़ का खर्च इस में है।

एक माननीय सदस्य : यह तो point of explanation है।

वित्त मन्त्री : इन को जब बोलने का वक्त मिला था तब बोलते तो अच्छा था। मैं, जनाब, अर्ज़ कर रहा था कि यहां पर चुनाव का बहुत सा ज़िक्र किया गया। जनाब, खुश किस्मती से या बदकिस्मती से मैं चुनाव के उम्मीदवारों में नहीं था मगर मैं पढ़ता सब कुछ था और जो साथी मिलते थे उन से पूछता भी सब कुछ था। जिन दोस्तों ने code of conduct बनाया था उन से भी जिक्र आता रहता था। मैंने कोई ऐसी बात नहीं सुनी जिस के लिए मैं गिला कर सकूं। मगर यहां गिले किये जाते हैं हालांकि इस बारे इस में जिक्र नहीं है। मुझे इस सिलसिले में सिर्फ यही कहना है कि इस चुनाव की बात को sportsman spirit में लिया जाना चाहिए और forget and

forgive की नीति पर अमल करना चाहिए। और अब देश के निर्माण के काम में लग जाना चाहिए। इसी के लिए हम यहां आए हैं।

यह भी एक पहाड़ी इलाका है जिसमें दूसरे पहाड़ी इलाकों की निस्बत चोग्रों, नदी ग्रौर नालों से बहुत सी ज़मीन बरबाद हुई है। ग्रकेली तहसील ऊना का रकबा कोई 400,000 एकड़ है। उस में से तीन लाख एकड़ के करीब ग्राराज़ी सवां नदी ग्रौर चोग्रों के नीचे ग्रा गई है। सिर्फ एक लाख एकड़ ग्राराज़ी बचती है जो ज़ेरे काश्त लाई जा सकती है ग्रौर वह भी इतनी नाकस ग्राराज़ी है, रेतीली है, जरखेज़ नहीं है, कि जो लोग काश्त करते हैं उनका गुज़ारा नहीं हो सकता, निर्वाह नहीं हो पाता। दूसरे कोई रोज़गार के साधन वहां नहीं, कोई industry नहीं, कोई सनग्रत नहीं ग्रौर ग्रगर कोई industry है तो वह यह कि वहां के लोग बाहर जा कर ग्रमीर लोगों के जूठे बरतन साफ करते हैं। बस यही industry वहां चालू है जैसा कि 'फूल' साहिब ने ज़िक्र किया है। ग्राप वहां के लोगों को बड़े-बड़े ग्रमीर लोगों के घरों में उस शकल में पाएंगे जिन्हें ग्राप "मुंडू" कहते हैं। ऐसे "मुंडू" ज्यादातर तहसील ऊना से ही ताल्लुक रखते हैं। तो ग्राप ग्रन्दाज़ा लगाएं कि यह दशा है पहाड़ी इलाकों के लोगों की *(At this stage the Deputy Speaker occupied the Chair)* ग्रौर शोक की बात यह है कि उस इलाके को, वहां के लोगों को बुरी तरह से नज़रग्रन्दाज़ किया गया। बरतानवी सरकार के ग्रहद में तो किया ही गया हमारी ग्रपनी सरकार के ग्रहद में भी उन्हें नज़रग्रन्दाज़ किया जाता रहा है। चूंकि बाकी चीज़ें तो इस वक्त ज़ेरेबहस नहीं हैं, मैं ग्राज सिर्फ स्कूलों ग्रौर तालीम के सम्बन्ध में ग्रपने ख्यालात ग्राप के सामने रखना चाहूंगा। पहले तो स्थिति यह थी कि यहां पर कोई भी सरकारी मिडल या हाई स्कूल नहीं था। ग्रब दो-तीन साल से सरकार कुछ दयालु हुई है। जितने भी मिडल या हाई स्कूल उस इलाके में थे वह सभी लोगों नें ग्रपनी मेहनत ग्रौर कुर्बानी से खड़े किये। ग्रब कुछ समय से nationalisation की नीति के मातहत सरकार ने कुछ स्कूल लिये हैं मगर ग्रब भी कोई बीस-पच्चीस स्कूल private तौर पर वहां चल रहे हैं जिन की बहुत ही खस्ता हालत है। वहां के गरीब लोग इन स्कूलों को चलाने के लिये बड़ी मुश्किल का सामना कर रहे हैं। वह गरीब ग्रौर पिछड़ा हुग्रा इलाका है, जब वहां ज़्यादातर तादाद private स्कूलों की है तो ज़रूरी हो जाता है कि उन स्कूलों में जो ग़रीब बच्चे पढ़ रहे हैं उन्हें भी मुफ़्त तालीम की वही सहूलतें मिलें जो सरकारी स्कूलों में पढ़ने वाले बच्चों को मिल रही हैं। कुछ grants जो सरकार उन्हें देतीं है उससे उन स्कूलों के इन्तज़ाम में कोई खातरख्वाह मदद नहीं मिलती। इसलिये सरकारी स्कूलों की तरह उन स्कूलों के बच्चों को भी मुफ़्त तालीम मिलनी चाहिये ग्रौर ऐसा करने में उन स्कूलों को जितनी फीस की रियायत देनी पड़े उतनी grant हर माह या ग्रगले माह तक सरकार की तरफ से स्कूलों को मिल जानी चाहिये ताकि teachers को वक्त पर तन्खाह मिलती रहे। यह grant देर से नहीं पहुंचनी चाहिये जैसा कि ग्रब होता है। इस तरह से स्कूल के function करने में दिक्कतें ग्राती हैं। हर माह या ग्रगले माह तक जितनी भी फीस private स्कूलों वाले बच्चों को मुग्राफ करें उतनी रकम उन्हें मिल जानी चाहिये।

यह जो nationalization की नीति सरकार की तरफ से चलाई गई है मैं पूछता हूं कि सरकार इतना बोझ ग्राखिर क्यों बरदाश्त करती है? जब इतने ग्ररसा

[पंडित मोहन लाल दत्त]

से स्कूल अच्छे, सुचारु रूप से चल रहे हैं तो बजाय इसके कि उन का बोझ सरकार अपने ज़िम्मे ले क्यों न उन्हें आत्मनिर्भर बनाया जाए? जब वह पहले ही इतनी हिम्मत से स्कूल चला रहे हैं तो उन्हें encourage करना चाहिए और प्रोत्साहन देना चाहिए। मगर सरकार की तरफ से तो स्कूलों को nationalise करने की दौड़ चल रही है ? यह गलत नीति है। एक तरफ तो आप पंचायती राज चला रहे हैं कि लोग अपना प्रबन्ध आप करें तो इस नीति के मुताबिक उचित यही है कि जो इतनी देर से private स्कूल चल रहे हैं, खास तौर पर पिछड़े हुए इलाकों में जो privately-managed स्कूल हैं और भारी तादाद में हैं उनको माकूल मदद देकर इस कावल बनाया जाए कि वह अपने पांव पर खड़े रहें।

इसी सिलसिले में एक बात और निवेदन करना चाहता हूं। मेरे इतने बड़े इलाके में किसी गांव में लड़कियों का एक भी मिडल या हाई स्कूल नहीं है। सिर्फ ऊना और आनन्दपुर साहिब के कसबों में दो मिडल या हाई स्कूल हैं बाकी सारी तहसील में जितने गांव हैं कहीं भी लड़कियों का न तो मिडल स्कूल है और न ही हाई स्कूल। वहां लड़कियों की तालीम के बारे में बड़ी ग़फ़लत और कोताही सी रही है । इस तरफ, डिप्टी स्पीकर साहिबा, मैं आप के द्वारा मन्त्री महोदय का ध्यान दिलाना चाहता हूं कि उस पिछड़े हुए इलाके में स्त्री शिक्षा के लिए भी सरकार की तरफ से जल्दी कदम उठाए जाने चाहिएं।

10 a.m.

एक और बड़ी अफसोसनाक बात है । बड़े खेद के साथ कहना पड़ता है कि मेरे इतने बड़े इलाके में सरकार की तरफ से उच्च शिक्षा का, college education का कोई प्रबन्ध आज तक नहीं किया गया । आप देखेंगे कि सारी state में हरेक sub-division में कोई न कोई college होगा मगर मेरी इस sub-division में, जिसे पिछड़ा हुआ इलाका भी करार दिया गया है, एक भी कालेज नहीं है । मैं नहीं समझ पाया कि इस तरफ सरकार का ध्यान क्यों नहीं गया। मैं पूछता हूं कि इस पिछड़े हुए इलाके को इस प्रकार से क्यों नज़र अन्दाज़ किया गया? जिन हालात का मेरे भाई रूप सिंह फूल ने पहाड़ी इलाके की बाबत ज़िक्र किया है ठीक वही हालात, वही तक्लीफें, वही दिक्कतें तहसील ऊना में भी पाई जाती हैं। इसलिए मैं निवेदन करूंगा कि जो सहूलियतें दूसरे पहाड़ी और पिछड़े हुए इलाकों के बारे में मांगी गई हैं; इस पिछड़े हुए इलाके में भी वह सहूलियतें मुहैया की जाएं। आगे यह निवेदन करूंगा कि इस वैज्ञानिक युग में केवल arts की शिक्षा कुछ ज़्यादा लाभदायक नहीं है। इस लिये इस पिछड़े हुए क्षेत्र के लिये technical शिक्षा की सुविधाएं दी जाएं । सरकार ने polytechnics खोलने की कितनी ही योजनाएं बनाई हैं। मैं इन से प्रार्थना करूंगा कि मेरे इलाके में भी polytechnic खोला जाए । आज तो यह हालत है कि लड़के दसवीं पास कर के बेकारों की फौज में भर्ती ही जाते हैं । गरीबी होने के कारण वहां के

लोग अपने बच्चों को दूसरी जगह कालिजों में या technical संस्थाओं में दाखिल कराने का सामर्थ नहीं रखते। इस लिये जायज़ बात यही है कि इस इलाके में कालेज और technical institutions खोली जाएं। मैं आशा करता हूं कि मन्त्री महोदय मेरे इस नम्र निवेदन की ओर ध्यान देकर यह चंद तालीमी महलतें उस इलाके के लिये बहम पहुंचाएंगे। इन शब्दों के साथ मैं अपने स्थान पर बैठता हूं।

Deputy Speaker : Motion moved—

At the end add—

"(iv) grant facilities to privately-managed schools in the backward hilly areas of the State so that they are in a position to give free education to students in the same way as Government schools do."

Comrade Shamsher Singh Josh (Rupar) : Sir, I beg to move—

In line 2, after 'Kangra' add 'Hoshiarpur and Ambala'.

At the end, add the following—

"(iv) more colleges should be opened to cater to the higher education of the the region ;

(v) special stress be laid on technical training of the youth of this area in order to turn out skilled workers, artisans and craftsmen."

ਡਿਪਟੀ ਸਪੀਕਰ ਸਾਹਿਬਾ, ਮੈਂ ਇਸ ਪ੍ਰਸਤਾਵ ਦੇ ਵਿਚ ਆਪਣੀ ਇਕ ਤਰਮੀਮ ਪੇਸ਼ ਕਰ ਰਿਹਾ ਹਾਂ ਵੈਸੇ ਇਸ ਪ੍ਰਸਤਾਵ ਦੇ ਜਿਹੜੇ ਮੁੱਖ ਆਸ਼ੇ ਹਨ ਉਨ੍ਹਾਂ ਦੇ ਨਾਲ ਮੈਂ ਪੂਰੀ ਤਰ੍ਹਾਂ ਨਾਲ ਸਹਿਮਤ ਹਾਂ। ਇਸ ਰੈਜ਼ੋਲਿਊਸ਼ਨ ਦੇ ਵਿਚ ਪਹਿਲੇ ਤਿੰਨ ਮੰਗਾਂ ਕੀਤੀਆਂ ਗਈਆਂ ਹਨ। ਮਗਰ ਮੈਂ ਚੌਥੀ ਔਰ ਪੰਜਵੀਂ ਮੰਗ ਦੀ addition ਕਰ ਰਿਹਾ ਹਾਂ। ਪਹਿਲੀ ਤਰਮੀਮ ਇਹ ਹੈ ਕਿ ਹੋਰ ਕਾਲਜ ਔਰ ਉਚੀ ਤਾਲੀਮ ਦੇਣ ਦੇ ਸਾਧਨ ਏਥੇ ਖੋਲੇ ਜਾਣ। ਦੂਸਰੀ ਇਹ ਹੈ ਕਿ ਟੈਕਨੀਕਲ ਐਜੂਕੇਸ਼ਨ ਨੌਜਵਾਨਾਂ ਨੂੰ ਦੇਣ ਵਾਸਤੇ ਟੈਕਨੀਕਲ ਕਾਲਜ ਜਾਂ ਟੈਕਨੀਕਲ ਇੰਸਟੀਟਿਊਸ਼ਨ ਖੋਲੇ ਜਾਣ। ਇਸ ਰੈਜ਼ੋਲਿਊਸ਼ਨ ਦੇ mover ਸਾਹਿਬ ਨੇ ਸਿਰਫ ਕਾਂਗੜਾ ਔਰ backward ਪਹਾੜੀ area ਦੀ ਗੱਲ ਕੀਤੀ ਹੈ। ਲੇਕਿਨ ਮੈਂ ਕਹਿੰਦਾ ਹਾਂ ਕਿ ਇਸ ਦੇ ਵਿਚ ਹੁਸ਼ਿਆਰਪੁਰ ਅਤੇ ਅੰਬਾਲੇ ਦੇ ਜ਼ਿਲਿਆਂ ਦੇ ਨਾਮ ਵੀ ਲਿਖੇ ਜਾਣ। ਡਿਪਟੀ ਸਪੀਕਰ ਸਾਹਿਬਾ ਇਸ ਪ੍ਰਸਤਾਵ ਰਾਹੀਂ ਜਿਨ੍ਹਾਂ ਗੱਲਾਂ ਵਲ ਧਿਆਨ ਦਿਵਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਉਹ ਸਾਰੀਆਂ ਬਹੁਤ ਜ਼ਰੂਰੀ ਚੀਜ਼ਾਂ ਹਨ। ਪੰਜਾਬ ਦੇ ਵਿਚ ਕਾਂਗੜੇ, ਹੁਸ਼ਿਆਰਪੁਰ, ਅੰਬਾਲਾ ਅਤੇ ਗੁਰਦਾਸਪੁਰ ਦਾ ਜਿਹੜਾ ਪਹਾੜੀ ਇਲਾਕਾ ਹੈ ਇਸ ਦੇ ਨਾਲ ਹਰ ਪੱਖ ਤੋਂ ਅੰਗਰੇਜ਼ਾਂ ਦੇ ਰਾਜ ਵਿਚ ਬੇਇਨਸਾਫੀ ਹੁੰਦੀ ਰਹੀ ਹੈ। ਖੈਰ ਸਾਨੂੰ ਉਸ ਚੀਜ਼ ਦਾ ਗਿਲਾ ਨਹੀਂ ਹੈ ਕਿਉਂਕਿ ਅੰਗਰੇਜ਼ ਸਾਡੇ ਦੇਸ਼ ਦੀ ਭਲਾਈ ਨਹੀਂ ਸੀ ਚਾਹੁੰਦੇ। ਲੇਕਿਨ ਹੁਣ 15 ਸਾਲ ਕਾਂਗਰਸ ਦੇ ਰਾਜ ਨੂੰ ਹੋ ਗਏ ਹਨ ਫਿਰ ਵੀ ਉਨ੍ਹਾਂ ਇਲਾਕਿਆਂ ਦੀ ਤਰੱਕੀ ਬਾਰੇ ਵਿਸ਼ੇਸ਼ ਧਿਆਨ ਨਹੀਂ ਦਿਤਾ ਗਿਆ। ਮੇਰਾ ਇਹ ਗੱਲ ਕਰਨ ਤੋਂ ਇਹ ਭਾਵ ਨਾ ਸਮਝਿਆ ਜਾਵੇ ਕਿ ਮੈਂ ਮੈਦਾਨੀ ਇਲਾਕਿਆਂ ਵਿਚ ਕੋਈ ਤਰੱਕੀ ਨਹੀਂ ਚਾਹੁੰਦਾ ਜਾਂ ਮੈਨੂੰ ਮੈਦਾਨੀ ਇਲਾਕਿਆਂ ਵਿਚ ਹੋਈ ਤਰੱਕੀ ਦੇ ਨਾਲ ਕਿਸੇ ਕਿਸਮ

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਦੀ ਈਰਖਾ ਹੈ। ਬਲਕਿ ਮੇਰਾ ਕਹਿਣ ਦਾ ਭਾਵ ਹੈ ਕਿ ਜਿਹੜੇ ਇਲਾਕੇ ਸਦੀਆਂ ਤੋਂ ਪਛੜੇ ਆਏ ਹਨ, ਜਿਨ੍ਹਾਂ ਨਾਲ ਹਰ ਪੱਖ ਤੋਂ ਬੇਇਨਸਾਫੀਆਂ ਹੁੰਦੀਆਂ ਰਹੀਆਂ ਹਨ, ਉਨ੍ਹਾਂ ਨੂੰ ਦੂਸਰੇ ਇਲਾਕਿਆਂ ਦੇ ਪੱਧਰ ਤੇ ਲਿਆਉਣ ਲਈ ਜੇ ਸਰਕਾਰ ਵਿਸ਼ੇਸ਼ ਧਿਆਨ ਦੇ ਦੇਵੇ ਤਾਂ ਕੋਈ ਮਾੜੀ ਗੱਲ ਨਹੀਂ। ਸਾਡੇ ਦੇਸ਼ ਦੇ ਵਿਚ ਸਰਕਾਰ ਨੇ ਹਰੀਜਨਾਂ ਨੂੰ ਵਿਸ਼ੇਸ਼ ਰਿਆਇਤਾਂ ਦੇਣ ਦਾ ਫੈਸਲਾ ਕੀਤਾ ਸੀ। ਇਸ ਗੱਲ ਦੀ ਕਿਸੇ ਨੇ ਵੀ ਵਿਰੋਧਤਾ ਨਹੀਂ ਕੀਤੀ ਬਲਕਿ ਸਾਰਿਆਂ ਨੇ ਇਹ ਕਿਹਾ ਹੈ ਕਿ ਹਰੀਜਨਾਂ ਨੂੰ ਰਿਆਇਤਾਂ ਦਿਤੀਆਂ ਜਾਣੀਆਂ ਚਾਹੀਦੀਆਂ ਹਨ ਤਾਕਿ ਉਹ ਵੀ ਉਪਰ ਉਠ ਸਕਣ। ਮੈਂ ਇਸ ਕਿਸਮ ਦੇ ਭਾਵ ਨੂੰ ਮੁਖ ਰਖਦਾ ਹੋਇਆ ਇਸ ਪ੍ਰਸਤਾਵ ਦੀ ਹਮਾਇਤ ਕਰ ਰਿਹਾ ਹਾਂ। ਇਸ ਪ੍ਰਸਤਾਵ ਦੇ ਵਿਚ ਕੇਵਲ ਤਾਲੀਮ ਸਬੰਧੀ ਜਿਹੜਾ ਧੱਕਾ ਹੋਇਆ ਹੈ ਉਸ ਵਲ ਹੀ ਧਿਆਨ ਦਵਾਇਆ ਗਿਆ ਹੈ ਪਰ ਮੈਂ ਕਹਿੰਦਾ ਹਾਂ ਕਿ ਇਨ੍ਹਾਂ ਇਲਾਕਿਆਂ ਦੇ ਲੋਕ ਮੈਡੀਕਲ, ਟਰਾਂਸਪੋਰਟ ਔਰ ਇੰਡਸਟਰੀ ਦੇ ਪੱਖਾਂ ਤੋਂ ਵੀ ਬਹੁਤ ਪਛੜੇ ਹੋਏ ਹਨ। ਮੇਰੇ ਆਪਣੇ ਜ਼ਿਲ੍ਹੇ ਅੰਬਾਲੇ ਦਾ 3/4 ਹਿੱਸਾ ਭਾਵ ਘਾੜ ਦਾ ਇਲਾਕਾ ਅਜਿਹਾ ਹੀ ਹੈ। ਇਸ ਸਾਰੇ ਇਲਾਕੇ ਦੇ ਵਿਚ ਨਾ ਕੋਈ ਹਸਪਤਾਲ ਹੈ ਅਤੇ ਨਾ ਹੀ ਉਚੀ ਤਾਲੀਮ ਦੇ ਸਕੂਲ ਹਨ। ਜਿਥੋਂ ਤਕ ਸੜਕਾਂ ਦਾ ਸਬੰਧ ਹੈ ਮੇਰਾ ਖਿਆਲ ਹੈ ਕਿ ਇਨ੍ਹਾਂ ਦੀ ਕੁਲ ਲੰਬਾਈ 30 ਜਾਂ 40 ਮੀਲ ਤੋਂ ਵਧ ਨਹੀਂ ਹੋਣੀ। ਇਹ ਇਲਾਕਾ ਅਨੰਦਪੁਰ ਸਾਹਿਬ ਤੋਂ ਲੈ ਕੇ ਛਛਰੌਲੀ ਤਕ 80 ਮੀਲ ਏਰੀਏ ਦੇ ਕਰੀਬ ਹੋਵੇਗਾ। ਇਸ ਪਹਾੜੀ ਰੀਜਨ ਦੇ ਵਿਚ ਲੜਕੀਆਂ ਦਾ ਇਕ ਵੀ ਮਿਡਲ ਸਕੂਲ ਨਹੀਂ ਹੈ। ਇਸ ਪਹਾੜੀ ਹਿਸੇ ਦੇ ਵਿਚ 8 ਸੌ ਦੇ ਕਰੀਬ ਪਿੰਡ ਹੋਣਗੇ। ਏਥੇ ਲੜਕੀਆਂ ਦੀ ਤਾਲੀਮ ਦੇ ਵਾਸਤੇ ਇਕ ਵੀ ਹਾਇਰ ਸੈਕੰਡਰੀ ਸਕੂਲ ਨਹੀਂ ਹੈ। ਐਸੇ ਤਰ੍ਹਾਂ ਲੜਕਿਆਂ ਦਾ ਵੀ ਹਾਇਰ ਸੈਕੰਡਰੀ ਸਕੂਲ ਕੋਈ ਨਹੀਂ ਸੀ ਲੇਕਿਨ ਇਸ ਸਾਲ ਪੁਰਖਾਲੀ ਔਰ ਮੋਰਨੀ ਦੇ ਵਿਚ ਹਾਇਰ ਸੈਕੰਡਰੀ ਸਕੂਲ ਖੋਲ੍ਹੇ ਗਏ ਹਨ। ਮੈਂ Government ਨੂੰ ਇਸ ਗੱਲ ਦੀ ਵਧਾਈ ਦਿੰਦਾ ਹਾਂ। ਇਸ ਤੋਂ ਇਲਾਵਾ ਇਸ ਇਲਾਕੇ ਵਿਚ ਹੋਰ ਵੀ ਦੋ ਤਿੰਨ ਹਾਈ ਸਕੂਲ ਹਨ, ਉਨ੍ਹਾਂ ਨੂੰ ਵੀ ਅਗਰ ਹਾਇਰ ਸੈਕੰਡਰੀ ਬਣਾ ਦਿਤਾ ਜਾਵੇ ਤਾਂ ਉਥੋਂ ਦੇ ਲੋਕਾਂ ਨੂੰ ਕਾਫੀ ਤਾਲੀਮੀ ਸਹੂਲਤ ਮਿਲ ਸਕਦੀ ਹੈ। ਜਿਥੋਂ ਤਕ ਲੜਕੀਆਂ ਦੀ ਤਾਲੀਮ ਦਾ ਤਾਅਲੁਕ ਹੈ ਮੈਂ ਇਸ ਦੇ ਬਾਰੇ ਸਰਕਾਰ ਦਾ ਵਿਸ਼ੇਸ਼ ਤੌਰ ਤੇ ਧਿਆਨ ਦਿਵਾਉਂਦਾ ਹਾਂ। ਇਨ੍ਹਾਂ ਦੀ ਤਾਲੀਮ ਦਾ ਪ੍ਰਬੰਧ ਕਰਨਾ ਨਿਹਾਇਤ ਜ਼ਰੂਰੀ ਹੈ ਕਿਉਂਕਿ ਇਨ੍ਹਾਂ ਦੀਆਂ ਕੁਖਾਂ ਤੋਂ ਹੀ ਪੰਡਤ ਜਵਾਹਰ ਲਾਲ ਅਤੇ ਮਹਾਤਮਾ ਗਾਂਧੀ ਵਰਗੀਆਂ ਹਸਤੀਆਂ ਪੈਦਾ ਹੋਈਆ ਔਰ ਅਗਾਹਾਂ ਨੂੰ ਵੀ ਪੈਦਾ ਹੁੰਦੀਆਂ ਰਹਿਣਗੀਆਂ। ਇਸ ਕਰਕੇ ਜੇ ਅਸੀਂ ਚਾਹੁੰਦੇ ਹਾਂ ਕਿ ਸਾਡੇ ਦੇਸ਼ ਦੇ ਬੱਚੇ ਲਾਇਕ ਹੋਣ ਔਰ ਉਹ ਪੰਡਤ ਨਹਿਰੂ ਵਰਗੇ ਬਣ ਕੇ ਵਿਖਾਉਣ ਤਾਂ ਫੇਰ ਇਹ ਜ਼ਰੂਰੀ ਹੈ ਕਿ ਅਸੀਂ ਪਹਿਲਾਂ ਲੜਕੀਆਂ ਦੀ ਤਾਲੀਮ ਦਾ ਚੰਗੇ ਤੋਂ ਚੰਗਾ ਇੰਤਜ਼ਾਮ ਕਰੀਏ। ਇਸ ਪੱਖ ਤੋਂ ਤਾਲੀਮ ਵਲ ਧਿਆਨ ਦੇਣ ਦੀ ਜ਼ਰੂਰਤ ਹੈ। ਤੁਸੀਂ ਚੰਡੀਗੜ੍ਹ ਦੇ ਇਲਾਕੇ ਵਿਚ ਹੀ ਵੇਖ ਲਉ ਜਿਹੜਾ ਰਾਜਧਾਨੀ ਦੇ ਨੇੜੇ ਹੈ। ਚੰਡੀ ਗੜ੍ਹ ਤੋਂ ਲੈਕੇ ਆਨੰਦਪੁਰ ਤਕ ਜੋ 40 ਮੀਲ ਦੀ ਪਹਾੜੀ ਘਾੜ ਹੈ ਇਸ ਵਿਚ ਕੋਈ 250 ਪਿੰਡ ਹੋਣਗੇ। ਇਨ੍ਹਾਂ ਪਿੰਡਾਂ ਵਿਚ ਇਕ ਵੀ ਲੜਕੀਆਂ ਦਾ ਮਿਡਲ ਸਕੂਲ ਨਹੀਂ ਹੈ। ਤਾਲੀਮ ਦੇ ਵਜ਼ੀਰ ਸਾਹਿਬ ਸਿਰ ਹਿਲਾ ਰਹੇ ਹਨ। ਮੈਂ ਉਨ੍ਹਾਂ ਨੂੰ ਅਰਜ਼ ਕਰਦਾ ਹਾਂ ਕਿ ਉਹ ਬੇਸ਼ਕ ਪਤਾ ਕਰ ਲੈਣ, ਉਥੇ ਇਕ ਵੀ ਲੜਕੀਆਂ ਦਾ ਮਿਡਲ ਸਕੂਲ ਨਹੀਂ ਹੈ। ਜੇਕਰ ਮੇਰੀ ਇਹ

ਗੱਲ ਗਲਤ ਨਿਕਲੇ ਤਾਂ ਮੈਂ ਇਸ ਹਾਊਸ ਵਿਚ ਖੜੇ ਕੇ ਮੁਆਫ਼ੀ ਮੰਗਾਂਗਾ । ਲੜਕੀਆਂ ਦੀ ਤਾਲੀਮੀ ਸਹੂਲਤ ਵਲ ਧਿਆਨ ਦੇਣ ਦੀ ਬਹੁਤ ਜ਼ਰੂਰਤ ਹੈ ਕਿਉਂਕਿ ਲੜਕੀਆਂ ਪੜ੍ਹਨ ਲਈ ਘਰ ਤੋਂ ਪੰਜ ਸਤ ਮੀਲ ਦੂਰ ਨਹੀਂ ਭੇਜੀਆਂ ਜਾ ਸਕਦੀਆਂ । ਸ਼ਹਿਰਾਂ ਵਾਲੇ ਵੀ ਨਹੀਂ ਭੇਜ ਸਕਦੇ ਤੇ ਪਿੰਡਾਂ ਦੇ ਲੋਕ ਜਿਨ੍ਹਾਂ ਦੀ ਮਾਲੀ ਹਾਲਤ ਖਰਾਬ ਹੈ ਉਨ੍ਹਾਂ ਦਾ ਤਾਂ ਬਾਹਰ ਭੇਦਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ । ਮਾਲੀ ਨੁਕਤੇ ਤੋਂ ਇਲਾਵਾ ਸਮਾਜੀ ਪੱਖ ਤੋਂ ਵੀ ਲੜਕੀਆਂ ਨੂੰ ਘਰੋਂ ਦੂਰ-ਦਰਾਜ਼ ਥਾਵਾਂ ਤੋਂ ਪੜ੍ਹਣ ਲਈ ਭੇਜਿਆ ਨਹੀਂ ਜਾ ਸਕਦਾ । ਇਹ ਠੀਕ ਹੈ ਕਿ ਪੁਰਖਾਲੀ ਵਿਚ ਲੜਕਿਆਂ ਦਾ Higher Secondary ਸਕੂਲ ਖੋਲ੍ਹਿਆ ਗਿਆ ਹੈ। ਲੇਕਿਨ ਮੇਰੀ ਅਰਜ਼ ਹੈ ਕਿ ਲਾਗੇ ਹੀ ਖਿਜ਼ਰਾਬਾਦ ਵਿਚ ਹਾਇਰ ਸੈਕੰਡਰੀ ਪੱਧਰ ਤਕ ਇਕ ਲੜਕੀਆਂ ਦਾ ਸਕੂਲ ਵੀ ਖੋਲ੍ਹ ਦਿਉ ਤਾਕਿ ਇਸ ਪਿਛੜੇ ਇਲਾਕੇ ਦੀਆਂ ਲੜਕੀਆਂ ਵੀ ਤਾਲੀਮ ਹਾਸਲ ਕਰ ਸਕਣ । ਬਾਕੀ ਜ਼ਿਲਿਆਂ ਦਾ ਤਾਂ ਮੈਨੂੰ ਪਤਾ ਨਹੀਂ ਲੇਕਿਨ ਮੇਰੇ ਆਪਣੇ ਜ਼ਿਲੇ ਦੇ ਪਹਾੜੀ ਤੇ ਨੀਮ ਪਹਾੜੀ ਇਲਾਕਿਆਂ ਦਾ ਇਹ ਹਾਲ ਹੈ ਕਿ ਏਥੇ ਲੜਕੀਆਂ ਲਈ ਤਾਲੀਮ ਦਾ ਕੋਈ ਇੰਤਜ਼ਾਮ ਨਹੀਂ ਅਤੇ ਨਾ ਹੀ ਹੁਣ ਵੀ ਉਨ੍ਹਾਂ ਦੀ ਤਾਲੀਮ ਲਈ ਕੋਈ ਬੰਦੋਬਸਤ ਕੀਤਾ ਜਾ ਰਿਹਾ ਹੈ । ਮੈਂ ਸਮਝਦਾ ਹਾਂ ਕਿ ਬਾਕੀ ਮੈਂਬਰ ਸਾਹਿਬਾਨ ਵੀ ਜਿਹੜੇ ਪਿਛੜੇ ਇਲਾਕਿਆਂ ਦੇ ਹਨ ਮੇਰੇ ਨਾਲ ਸਹਿਮਤ ਹੋਣਗੇ ਕਿ ਲੜਕੀਆਂ ਦੀ ਤਾਲੀਮ ਬਹੁਤ ਪਿਛੇ ਹੈ । ਮੈਂ ਇਸ ਮਤੇ ਦੇ ਪੇਸ਼ ਹੋਣ ਤੇ ਬੜਾ ਖੁਸ਼ ਹਾਂ ਕਿ ਅਸੀਂ ਸਰਕਾਰ ਦਾ ਧਿਆਨ ਇਸ ਪਾਸੇ ਦਿਲਾ ਸਕੇ ਹਾਂ । ਜਿਥੇ ਤਾਲੀਮੀ ਤੌਰ ਤੇ ਇਨ੍ਹਾਂ ਪਛੜੇ ਤੇ ਪਹਾੜੀ ਇਲਾਕਿਆਂ ਦੀ ਕੋਈ ਤਰੱਕੀ ਨਹੀਂ ਹੋਈ ਉਥੇ ਸਨਅਤੀ ਤੌਰ ਤੇ ਵੀ ਇਨ੍ਹਾਂ ਇਲਾਕਿਆਂ ਨੂੰ ignore ਕੀਤਾ ਹੋਇਆ ਹੈ । ਜ਼ਿਲ੍ਹਾ ਹੁਸ਼ਿਆਰਪੁਰ ਤੇ ਅੰਬਾਲਾ ਦੇ ਪਹਾੜੀ ਇਲਾਕਿਆਂ ਦਾ ਜਿਤਨਾ ਣੱਭੜ ਘਾਸ ਹੈ ਉਹ ਸਾਰਾ ਜਗਾਧਰੀ ਦੀ ਪੇਪਰ ਮਿਲ ਵਿਚ ਜਾਂਦਾ ਹੈ । ਕੀ ਇਨ੍ਹਾਂ ਇਲਾਕਿਆਂ ਵਿਚ ਕੋਈ ਮਿੱਲ ਨਹੀਂ ਲਗਾਈ ਜਾ ਸਕਦੀ ? ਰੋਪੜ ਵਿਚ ਇਕ ਪੇਪਰ ਮਿਲ ਲਗਾਈ ਜਾ ਸਕਦੀ ਹੈ ਜਿਸ ਨਾਲ ਇਸ ਇਲਾਕੇ ਦੀ ਕਾਫੀ ਤਰੱਕੀ ਹੋ ਸਕਦੀ ਹੈ । ਇਸੇ ਤਰ੍ਹਾਂ ਨਾਲਾਗੜ੍ਹ ਤੋਂ ਸਾਰਾ ਗੰਦਾ ਬਰੋਜ਼ਾ ਰਾਜਪੁਰੇ ਜਾਂਦਾ ਹੈ । ਕੀ ਨਾਲਾਗੜ੍ਹ ਦੇ ਲੋਕ ਇਸ ਇੰਡਸਟਰੀ ਨੂੰ ਨਹੀਂ ਚਲਾ ਸਕਦੇ ਹਨ ? ਜੇਕਰ ਇਨ੍ਹਾਂ ਪਹਾੜੀ ਇਲਾਕਿਆਂ ਵਿਚ ਇਹੋ ਜਿਹੇ ਕਾਰਖਾਨੇ ਲਗਾਏ ਜਾਣ ਤਾਂ ਉਹ ਲੋਕ ਵੀ ਜੋ ਹੁਣ ਤਕ ਸਿਰਫ ਭਾਂਡੇ ਮਾਂਜਣ ਦਾ ਕੰਮ ਹੀ ਕਰਦੇ ਆਏ ਹਨ, ਤਰੱਕੀ ਕਰ ਸਕਦੇ ਹਨ । ਹੁਣ ਤਾਂ ਹਾਲਤ ਇਹ ਹੈ ਕਿ ਜੇਕਰ ਪੰਜਾਬ ਵਿਚ ਤੇ ਬਾਹਰ ਵੀ ਕਿਸੇ ਨੇ ਖਾਣਾ ਬਣਾਉਣ ਲਈ ਨੌਕਰ ਰਖਣਾ ਹੋਵੇ ਤਾਂ ਕਹਿ ਦਿੰਦੇ ਹਨ ਕਿ ਹੁਸ਼ਿਆਰਪੁਰ ਤੇ ਕਾਂਗੜੇ ਤੋਂ ਮੰਗਵਾ ਲਉ । ਮੈਂ ਪੁਛਦਾ ਹਾਂ ਕਿ ਕੀ ਤੁਸੀਂ ਉਨ੍ਹਾਂ ਲਈ ਭਾਂਡੇ ਮਾਂਜਣ ਤੋਂ ਸਿਵਾ ਹੋਰ ਕੋਈ ਸਨਅਤ ਕਾਇਮ ਨਹੀਂ ਕਰਨੀ ? ਕੀ ਉਹ ਸਾਡੇ ਦੇਸ਼ ਦੇ ਸ਼ਹਿਰੀ ਨਹੀਂ ਹਨ ਅਤੇ ਕੀ ਉਨ੍ਹਾਂ ਵਲੋਂ ਕੀਤਾ ਗਿਆ ਇਹ ਕੋਈ ਪਾਪ ਸਮਝਿਆ ਜਾਂਦਾ ਹੈ ਕਿ ਉਨ੍ਹਾਂ ਦਾ ਜਨਮ ਪਹਾੜੀ ਇਲਾਕੇ ਵਿਚ ਹੋਇਆ ਹੈ । ਜੇਕਰ ਤੁਸੀਂ ਉਨ੍ਹਾਂ ਨੂੰ ਅਗੇ ਵਧਣ ਤੇ ਤਰੱਕੀ ਕਰਨ ਦੇ ਸਾਧਨ ਮੁਹੱਈਆ ਨਹੀਂ ਕਰਦੇ ਤਾਂ ਤੁਸੀਂ ਆਪਣੇ ਫਰਜ਼ ਤੋਂ ਕੋਤਾਹੀ ਕਰਦੇ ਹੋ ਅਤੇ ਉਨ੍ਹਾਂ ਲੋਕਾਂ ਨਾਲ ਇਨਸਾਫ ਨਹੀਂ ਕਰਦੇ । ਜੇਕਰ ਤੁਸੀਂ ਆਜ਼ਾਦ ਦੇਸ਼ ਵਿਚ ਵੀ ਉਨ੍ਹਾਂ ਲਈ ਤਰੱਕੀ ਦੇ ਸਾਧਨ ਮੁਹੱਈਆ ਨਹੀਂ ਕਰਨੇ ਤਾਂ ਫਿਰ ਉਹ ਲੋਕ ਭਾਂਡੇ ਹੀ ਮਾਂਜਦੇ ਰਹਿਣਗੇ ਅਤੇ ਬਾਕੀ ਲੋਕ ਅੱਗੇ

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਵਧਦੇ ਚਲੇ ਜਾਣਗੇ । ਇਸ ਲਈ ਜ਼ਰੂਰੀ ਹੈ ਕਿ ਤੁਸੀਂ ਉਨ੍ਹਾਂ ਲੋਕਾਂ ਨੂੰ ਤਾਲੀਮੀ ਤੌਰ ਤੇ ਉੱਚਾ ਚੁਕੋ । ਉਹ ਗਰੀਬ ਲੋਕ ਫੀਸਾਂ ਦੇ ਕੇ ਆਪਣੇ ਬਚਿਆਂ ਨੂੰ ਦਸਵੀਂ ਜਮਾਤ ਤਕ ਨਹੀਂ ਪੜ੍ਹਾ ਸਕਦੇ ਹਨ । ਚੰਡੀਗੜ੍ਹ ਵਿਚ ਇਕ ਸੌ ਰੁਪਏ ਦਾ ਕਲਰਕ ਜਿਸਦਾ ਇਕ ਲੜਕਾ ਤੇ ਲੜਕੀ ਹੈ ਉਨ੍ਹਾਂ ਦੋ ਬਚਿੱਆਂ ਨੂੰ ਵੀ ਇਸ ਤਨਖਾਹ ਨਾਲ ਪੜ੍ਹਾ ਨਹੀਂ ਸਕਦਾ ਕਿਉਂ ਜੋ ਉਸਦੀ ਰੋਟੀ ਹੀ ਪੂਰੀ ਨਹੀਂ ਹੁੰਦੀ । ਤਾਂ ਤੁਸੀਂ ਹਿਸਾਬ ਲਾ ਲਉ ਕਿ ਉਹ ਪਹਾੜੀ ਗਰੀਬ ਲੋਕ ਜਿਨ੍ਹਾਂ ਕੋਲ ਆਮਦਨੀ ਦਾ ਕੋਈ ਜ਼ਰੀਆ ਨਹੀਂ ਕਿਸ ਤਰ੍ਹਾਂ ਆਪਣੇ ਬੱਚਿਆਂ ਨੂੰ ਤਾਲੀਮ ਦੇ ਸਕਦੇ ਹਨ । ਇਹ ਇਸ ਅਣਪੜ੍ਹਤਾ ਦਾ ਹੀ ਨਤੀਜਾ ਹੈ ਕਿ ਉਹ ਬਦੇ ਭਾਂਡੇ ਮਾਂਜ ਕੇ ਹੀ ਗੁਜ਼ਾਰਾ ਕਰਦੇ ਹਨ । ਉਨ੍ਹਾਂ ਨੇ ਫੀਸ ਤਾਂ ਕੀ ਦੇਣੀ ਹੈ ਉਹ text books ਵੀ ਨਹੀਂ ਖਰੀਦ ਸਕਦੇ ਜਿਨ੍ਹਾਂ ਦੀ ਕੀਮਤ ਪੰਜ ਛੇ ਗੁਣਾ ਵਧ ਗਈ ਹੈ । ਇਸ ਲਈ ਮੇਰੀ ਅਰਜ਼ ਹੈ ਕਿ ਜੇਕਰ ਸਰਕਾਰ ਇਨ੍ਹਾਂ ਲੋਕਾਂ ਨੂੰ ਉਪਰ ਉਠਾਉਣਾ ਚਾਹੁੰਦੀ ਹੈ ਅਤੇ ਇਸ ਮਤੇ ਦੇ ਮਨਸ਼ੇ ਨੂੰ ਪੂਰਾ ਕਰਨਾ ਚਾਹੁੰਦੀ ਹੈ ਤਾਂ ਇਨ੍ਹਾਂ ਇਲਾਕਿਆਂ ਵਿਚ ਨਾ ਸਿਰਫ ਲੜਕਿਆਂ ਲਈ ਹੀ ਹਾਇਰ ਸੈਕੰਡਰੀ ਸਕੂਲ ਖੋਲ੍ਹੇ ਜਾਣ ਬਲਕਿ ਲੜਕੀਆਂ ਲਈ ਵੀ ਇਹ ਸਕੂਲ ਚਾਲੂ ਕੀਤੇ ਜਾਣ । ਜੇਕਰ ਅਜੇ ਲੜਕੀਆਂ ਲਈ ਹਾਇਰ ਸੈਕੰਡਰੀ ਸਕੂਲ ਨਹੀਂ ਖੋਲ੍ਹੇ ਜਾ ਸਕਦੇ ਤਾਂ ਪਹਿਲਾਂ ਲੜਕੀਆਂ ਦੇ ਮਿਡਲ ਸਕੂਲ ਹੀ ਖੋਲ੍ਹ ਦਿਉ ਅਤੇ ਫਿਰ ਉਨ੍ਹਾਂ ਨੂੰ ਹੌਲੇ ਹੌਲੇ ਹਾਇਰ ਸੈਕੰਡਰੀ ਕਰ ਦੇਣਾ । ਇਸ ਦੇ ਨਾਲ ਹੀ ਇਨ੍ਹਾਂ ਇਲਾਕਿਆਂ ਵਿਚ ਹਾਇਰ ਸੈਕੰਡਰੀ ਤਕ ਤਾਲੀਮ ਮੁਫਤ ਹੋਣੀ ਚਾਹੀਦੀ ਹੈ ਤਦ ਹੀ ਇਹ ਲੋਕ ਤਾਲੀਮ ਹਾਸਲ ਕਰ ਸਕਣਗੇ । ਜੇਕਰ ਇਸ ਤਰ੍ਹਾਂ ਨਾ ਕੀਤਾ ਗਿਆ ਤਾਂ ਕਾਗਜ਼ਾਂ ਤੇ ਬੇਸ਼ਕ ਤੁਸੀਂ ਸਕੂਲ ਖੋਲ੍ਹ ਦਿਉ ਪਰ ਉਹ ਤਾਲੀਮ ਨਹੀਂ ਹਾਸਲ ਕਰ ਸਕਣਗੇ । ਇਸ ਮਤੇ ਵਿਚ ਜਿਨ੍ਹਾਂ ਗੱਲਾਂ ਵਲ ਸਰਕਾਰ ਦਾ ਧਿਆਨ ਦਿਲਾਇਆ ਗਿਆ ਹੈ ਮੈਂ ਉਨ੍ਹਾਂ ਦਾ ਪੂਰਾ ਸਮਰਥਨ ਕਰਦਾ ਹਾਂ ਅਤੇ ਆਸ ਕਰਦਾ ਹਾਂ ਕਿ ਜਿਨ੍ਹਾਂ ਆਸ਼ਿਆਂ ਨੂੰ ਲੈਕੇ ਸ਼੍ਰੀ ਰੂਪ ਸਿੰਘ ਫੂਲ ਜੀ ਨੇ ਇਹ ਮਤਾ ਪੇਸ਼ ਕੀਤਾ ਹੈ ਉਨ੍ਹਾਂ ਆਸ਼ਿਆਂ ਨੂੰ ਸਰਕਾਰ ਪੂਰਾ ਕਰੇਗੀ ਅਤੇ ਇਨ੍ਹਾਂ ਪਛੜੇ ਤੇ ਪਹਾੜੀ ਇਲਾਕਿਆਂ ਦੇ ਹਿਤਾਂ ਲਈ ਜੋ ਆਵਾਜ਼ ਅਸੀਂ ਉਠਾਈ ਹੈ ਉਨ੍ਹਾਂ ਦੀ ਰੋਸ਼ਨੀ ਵਿਚ ਸਰਕਾਰ ਅਤੇ ਵਿਸ਼ੇਸ਼ ਤੌਰ ਤੇ ਵਿਦਿਆ ਮੰਤਰੀ ਲੋੜੀਂਦੀ ਕਾਰਵਾਈ ਕਰਨਗੇ । ਭਾਵੇਂ ਇਹ ਕਦਮ ਲੇਟ ਹੀ ਹੋਵੇਗਾ ਪਰ ਫਿਰ ਵੀ ਇਹ ਠੀਕ ਹੋਵੇਗਾ । ਇਨ੍ਹਾਂ ਲਫ਼ਜ਼ਾਂ ਨਾਲ ਮੈਂ ਆਸ਼ਾ ਕਰਦਾ ਹਾਂ ਕਿ ਪੰਜਾਬ ਸਰਕਾਰ ਐਸੇ ਕੰਮ ਕਰੇਗੀ ਜਿਨ੍ਹਾਂ ਨਾਲ ਇਹ ਗਰੀਬ ਪਛੜੇ ਲੋਕ ਵੀ ਦੇਸ਼ ਦੇ ਬਾਕੀ ਲੋਕਾਂ ਨਾਲ ਅਗੇ ਵਧ ਸਕਣਗੇ ।

Deputy Speaker: I call upon Principal Rala Ram to speak.

ਬਾਬੂ ਬਚਨ ਸਿੰਘ : On a point of order, Madam. ਮੇਰਾ point of order ਇਹ ਹੈ ਕਿ ਜਿਸ order ਵਿਚ ਇਹ ਤਰਮੀਮਾਂ ਆਈਆਂ ਹਨ ਉਸ order ਵਿਚ ਇਹ ਪੇਸ਼ ਹੋਣੀਆਂ ਚਾਹੀਦੀਆਂ ਹਨ ।

उपाध्यक्ष महोदया : उनके बोलने के बाद बोल लेना । (The hon. Member may speak after Principal Rala Ram has spoken.)

बाबू बचन सिंह : उनकी तो तरमीम ही कोइ नहीं है वह बोलेंगे किस पर ?

उपाध्यक्ष महोदया : क्या आपकी तरमीम है ?

बाबू बचन सिंह : जी हां ।

Deputy Speaker: I request Principal Sahib to let the hon. Member speak first.

Motions moved—

In line 2, after 'Kangra' add 'Hoshiarpur and Ambala'.

At the end, add the following—

"(iv) more colleges should be opened to cater to the higher education of the region ;

(v) Special stress be laid on technical training of the youth of this area in order to turn out skilled workers, artisans and carftsmen."

Baboo Bachan Singh (Ludhiana North) : Sir, I beg to move—

In line 3, delete "hilly".

In lines 1-2 in sub-para (ii) between 'District' and 'who' insert 'and other backward areas.'

In line 3 of Sub-para (iii) substitute 'backward areas' for 'hilly districts.'

ਡਿਪਟੀ ਸਪੀਕਰ ਸਾਹਿਬਾ, ਮੈਂ ਇਸ resolution ਦੇ ਪੇਸ਼ ਕਰਨ ਲਈ ਸ਼੍ਰੀ ਰੂਪ ਸਿੰਘ ਫੂਲ ਨੂੰ ਵਧਾਈ ਪੇਸ਼ ਕਰਦਾ ਹਾਂ । ਅਤੇ ਉਹ ਇਸ ਲਈ ਕਿ ਉਨ੍ਹਾਂ ਨੇ ਇਸ ਗੱਲ ਦਾ ਸਬੂਤ ਦਿਤਾ ਹੈ ਕਿ ਇਕ ਮੈਂਬਰ ਜਿਸਦੇ ਉਪਰ ਉਨ੍ਹਾਂ ਦੇ ਹਲਕੇ ਨੇ ਏਤਬਾਰ ਕੀਤਾ ਹੈ ਉਹ ਬੜੇ alert ਮੈਂਬਰ ਹਨ ਅਤੇ ਉਹ ਅਪਣੇ ਹਲਕੇ ਦੇ ਹਿਤਾਂ ਦੀ ਖਾਤਰ ਪੂਰੀ ਤਰ੍ਹਾਂ ਲੜ ਰਹੇ ਹਨ । ਇਸਦੇ ਨਾਲ ਨਾਲ ਮੈਂ ਉਨ੍ਹਾਂ ਨਾਲ ਇਜ਼ਹਾਰੇ ਹਮਦਰਦੀ ਵੀ ਕਰਦਾ ਹਾਂ । ਮੈਨੂੰ ਉਨ੍ਹਾਂ ਨਾਲ ਦਿਲੀ ਹਮਦਰਦੀ ਹੈ ਅਤੇ ਉਹ ਇਸ ਲਈ ਕਿ ਬਾਵਜੂਦ ਇਸ ਗੱਲ ਦੇ ਕਿ ਉਨ੍ਹਾਂ ਦੇ ਆਪਣੇ ਕਹਿਣ ਦੇ ਮੁਤਾਬਿਕ ਜ਼ਿਲ੍ਹਾ ਕਾਂਗੜਾ, ਜੋ ਹਮੇਸ਼ਾ ਤੋਂ ਹੀ ਸਰਕਾਰ ਦਾ ਖੈਰਖਾਹ ਰਿਹਾ ਹੈ ਉਸਦੇ ਨਾਲ ਉਹ ਸਲੂਕ ਨਹੀਂ ਕੀਤਾ ਗਿਆ ਜਿਹੜਾ ਕਿ ਕੀਤਾ ਜਾਣਾ ਚਾਹੀਦਾ ਸੀ । ਉਹ ਕਹਿੰਦੇ ਹਨ ਕਿ ਉਹ ਹਮੇਸ਼ਾ ਸਰਕਾਰ ਦੇ ਖੈਰਖਾਹ ਰਹੇ ਹਨ ਭਾਵੇਂ ਉਹ ਅੰਗਰੇਜ਼ਾਂ ਦੀ ਸਰਕਾਰ ਸੀ, ਭਾਵੇਂ unionist ਸਰਕਾਰ ਸੀ, ਭਾਵੇਂ coalition ਸਰਕਾਰ ਸੀ, ਅਤੇ ਭਾਵੇਂ ਫਿਰ ਕਾਂਗਰਸ ਸਰਕਾਰ ਕਾਇਮ ਹੋਈ ਜਿਸ ਵਿਚ ਭਾਵੇਂ ਡਾਕਟਰ ਗੋਪੀ ਚੰਦ ਦੀ ਵਜ਼ਾਰਤ ਬਣੀ ਭਾਵੇਂ ਸੱਚਰ ਸਾਹਿਬ ਦੀ ਵਜ਼ਾਰਤ ਬਣੀ ਅਤੇ ਭਾਵੇਂ ਕੈਰੋਂ ਸਾਹਿਬ ਦੀ ਲੀਡਰੀ ਵਿਚ ਹਕੂਮਤ ਬਣੀ । ਉਨ੍ਹਾਂ ਦਾ ਕੰਮ ਹਮੇਸ਼ਾ ਹੀ ਖੈਰਖਾਹੀ ਦਾ ਹੈ ਅਤੇ ਰਿਹਾ ਹੈ ਭਾਵੇਂ ਕੋਈ ਵੀ ਸਰਕਾਰ ਆ ਜਾਵੇ । ਪਰ ਇਸ ਖੈਰਖਾਹੀ ਦਾ ਜੋ ਸਿਲਾ ਇਨ੍ਹਾਂ ਨੂੰ ਮਿਲਿਆ ਹੈ ਉਹ ਮੈਂ ਉਨ੍ਹਾਂ ਦੇ ਲਫਜ਼ਾਂ ਵਿਚ ਹੀ ਦਸਣਾ ਚਾਹੁੰਦਾ ਹਾਂ । ਉਹ ਕਹਿੰਦੇ ਹਨ ਕਿ ਇਸ ਖ਼ੈਰਖ਼ਾਹੀ ਦਾ ਸਿਲਾ ਇਹ ਮਿਲਿਆ ਹੈ ਕਿ ਉਨ੍ਹਾਂ ਦੇ ਜ਼ਿਲੇ ਵਿਚ ਨਾ ਕੋਈ ਕਾਰਖਾਨਾ ਹੈ, ਨਾ ਕੋਈ ਘਰੇਲੂ ਦਸਤਕਾਰੀ ਹੈ, ਨਾ ਕੋਈ ਬਾਗਬਾਨੀ ਹੈ ਅਤੇ ਸਿਰਫ ਇਕ ਗੱਲ ਉਨ੍ਹਾਂ ਦੇ ਹਿਸੇ

[ਬਾਬੂ ਬਚਨ ਸਿੰਘ]

ਵਿਚ ਆਈ ਹੈ, ਕੁਝ ਚਪੜਾਸ, ਕੁਝ ਚੌਕੀਦਾਰੀ ਅਤੇ ਕੁਝ ਭਾਂਡੇ ਮਾਂਜਣਾ (interruptions)

ਇਕ ਆਵਾਜ਼ : ਵਜ਼ੀਰ ਵੀ ਕੋਈ ਨਹੀਂ ਬਣਿਆ ।

ਬਾਬੂ ਬਚਨ ਸਿੰਘ : ਹਾਂ ਵਜ਼ੀਰ ਵੀ ਕੋਈ ਨਹੀਂ ਬਣਿਆ ਅਤੇ 31 ਵਜ਼ੀਰਾਂ ਦੀ ਪਲਟਨ ਵਿਚ ਵੀ ਪਊਆ ਵਜ਼ੀਰ ਹੀ ਇਨ੍ਹਾਂ ਦੇ ਹਿੱਸੇ ਆਇਆ ਹੈ, ਪੂਰਾ ਵਜ਼ੀਰ ਵੀ ਨਹੀਂ ਮਿਲਿਆ (ਹਾਸਾ) ਤੇ ਮੈਂ ਅਰਜ਼ ਕਰ ਰਿਹਾ ਸੀ ਕਿ ਜਦੋਂ ਮੈਂ ਇਹ ਵੇਖਦਾ ਹਾਂ ਕਿ ਐਨੀ ਖੈਰਖਾਹੀ ਦਾ ਸਿਲਾ ਇਨ੍ਹਾਂ ਨੂੰ ਹੁਣ ਤਕ ਇਹੋ ਮਿਲਿਆ ਹੈ ਕਿ ਕੁਝ ਚਪੜਾਸ, ਕੁਝ ਚੌਕੀਦਾਰੀ ਤੇ ਬਾਕੀ ਭਾਂਡੇ ਮਾਂਜਣਾ ਤਾਂ ਮੈਨੂੰ ਕਹਿਣਾ ਪੈਂਦਾ ਹੈ ਕਿ ਉਹ ਅਜੇ ਤਕ ਜ਼ਿੰਦਗੀ ਦਾ ਅਸੂਲ ਨਹੀਂ ਸਮਝੇ ਹਨ । ਡਾਰਵਿਨ ਨੇ ਜੋ ਕਿਹਾ ਸੀ ਕਿ ਇਸ ਦੁਨੀਆਂ ਵਿਚ struggle for existence ਹਰ ਵੇਲੇ ਚਲਦੀ ਰਹਿੰਦੀ ਹੈ ਤੇ survival of the fittest ਦਾ ਅਸੂਲ ਦੁਨੀਆਂ ਵਿਚ ਕਦੇ ਨਾਕਾਰਾ ਨਹੀਂ ਹੁੰਦਾ, ਅਜ ਉਨ੍ਹਾਂ ਨੇ ਖੈਰ ਖਾਹੀ ਕਰਨ ਦਾ ਕੰਮ ਇਸ ਰੇਜ਼ੋਲਿਊਸ਼ਨ ਨੂੰ put ਕਰਕੇ ਕੀਤਾ ਹੈ । ਜੇ ਕਾਂਗੜੇ ਲਈ ਪਹਿਲਾਂ ਤੋਂ ਹੀ ਕੰਮ ਕੀਤਾ ਹੁੰਦਾ ਤਾਂ ਕਾਂਗੜਾ ਅਜ ਪਛੜਿਆ ਨਾ ਹੁੰਦਾ । ਮੈਂ ਉਹ ਆਦਮੀ ਹਾਂ ਜਿਸ ਨੇ ਆਪਣੇ ਮੁਲਕ ਦੀ ਆਜ਼ਾਦੀ ਅਤੇ ਤਰੱਕੀ ਲਈ struggle ਕੀਤੀ ਹੈ । ਮੈਨੂੰ ਇਹ ਯਕੀਨ ਹੈ ਕਿ struggle ਦੇ ਬਗੈਰ ਕੋਈ ਤਰੱਕੀ ਨਹੀਂ ਹੋ ਸਕਦੀ । ਡਿਪਟੀ ਸਪੀਕਰ ਸਾਹਿਬਾ, ਥੋੜੇ ਦਿਨ ਹੋਏ ਮੈਂ ਇਕ ਕਿਤਾਬ ਪੜ੍ਹ ਰਿਹਾ ਸੀ । ਉਸ ਦੇ ਵਿਚ ਹਿੰਦੁਸਤਾਨ ਦੀ ਬਾਬਤ ਐਸੇ ਕਲਾਮ ਲਿਖੇ ਹੋਏ ਹਨ ਜਿਹੜੇ ਕਿ ਪੰਜਾਬ ਵਿਚ ਕਾਂਗੜੇ ਦੇ ਮੁਤੱਲਿਕ ਸਾਦਕ ਆਉਂਦੇ ਹਨ । ਉਸ ਵਿਚ ਹਿੰਦੁਸਤਾਨ ਦੀ ਬਾਬਤ ਲਿਖਿਆ ਹੈ "A very rich country in natural resources and a very poor country in economic conditions". ਕਾਂਗੜੇ ਦੀ ਬਾਬਤ ਵੀ ਐਸਾ ਹੀ ਕਹਿ ਸਕਦੇ ਹਾਂ ਕਿ ਕਾਂਗੜੇ ਦਾ ਜ਼ਿਲ੍ਹਾ ਪੰਜਾਬ ਵਿਚ ਐਸਾ ਹੈ 'Very rich in natural resources and very poor in economic conditions.' ਉਸਦਾ ਕਾਰਨ ਕੀ ਹੈ ? ਉਸ ਦਾ ਕਾਰਨ ਇਹ ਹੈ ਕਿ ਕਾਂਗੜੇ ਦਾ district ਹੁਣ ਤਕ neglected district ਰਿਹਾ ਹੈ ਅਤੇ neglected ਕਿਸ ਵਲੋਂ ਰਿਹਾ ਹੈ ? ਇਹ neglected ਨਾ ਕਿਸੇ ਨਬੂ ਵਲੋਂ ਨਾ ਕਿਸੇ ਖੇਰੇ ਵਲੋਂ, ਨਾ ਆਸਮਾਨ ਦੇ ਦੇਵਤਿਆਂ ਵਲੋਂ, ਨਾ ਕਿਸੇ ਐਸੀ ਤਾਕਤ ਵਲੋਂ ਜਿਹੜੀ ਕਿ ਬੈਰੂਨੀ ਤਾਕਤ ਸੀ । ਅਗਰ ਕਾਂਗੜਾ district neglected ਹੈ ਤਾਂ ਇਹ ਸਾਡੀ ਸਰਕਾਰ ਵਲੋਂ ਹੈ ਜਿਹੜੀ ਖੈਰ-ਖਾਹੀ ਦਾ ਦਾਅਵਾ ਕਰਦੀ ਹੈ । ਇਕ ਮਨਿਸਟਰ ਇਹ ਕਹਿ ਦਿੰਦੇ ਹਨ ਕਿ ਫਲਾਣੇ ਜ਼ਿਲੇ ਨਾਲ ਚੀਫ ਮਨਿਸਟਰ ਦਾ ਸਬੰਧ ਹੈ । ਕੋਈ ਕਹਿੰਦਾ ਹੈ ਕਿ ਸਾਡੇ ਤੇ ਤਾਂ ਇਹ ਸੱਦਾ ਹੀ ਮਿਹਰਬਾਨ ਰਹੇ ਹਨ । ਸਾਰੇ ਸਬੰਧ ਅਤੇ ਮਿਹਰਬਾਨੀਆਂ ਦੇ ਬਾਵਜੂਦ ਕਾਂਗੜਾ ਇਕ neglected district ਰਿਹਾ ਹੈ । ਜੇ ਇਹ ਕਿਹਾ ਜਾਏ ਜੈਸਾ ਕਿ ਸ੍ਰੀ ਰੂਪ ਸਿੰਘ ਫੂਲ ਨੇ ਕਿਹਾ ਹੈ ਉਥੇ ਸਕੂਲ ਅਗੇ ਨਾਲੋਂ ਜ਼ਿਆਦਾ ਹੋ ਗਏ ਹਨ, ਹੋਰ ਵੀ ਕਾਫੀ ਕੁਛ ਹੋਇਆ ਹੈ ਤਾਂ ਮੈਨੂੰ ਇਕ ਕਹਾਣੀ ਯਾਦ ਆ ਜਾਂਦੀ ਹੈ ਜਿਹੜੀ ਇਕ ਗਰੀਬ

ਦੇ ਨਾਲ ਇਕ ਜ਼ੋਰਾਵਰ ਨੇ ਕੀਤੀ । ਇਕ ਬੇਚਾਰਾ ਘਟ ਅਕਲ ਅਤੇ ਘਟ ਪੈਸੇ ਵਾਲਾ ਆਦਮੀ ਇਕ ਜ਼ਿਆਦਾ ਅਕਲ ਤੇ ਜ਼ਿਆਦਾ ਪੈਸੇ ਵਾਲੇ ਨਾਲ ਹਿਸੇਦਾਰ ਬਣ ਗਿਆ । ਅਮੀਰ ਆਦਮੀ ਨੇ ਕਿਹਾ ਕਿ ਪੈਸੇ ਮੈਂ ਲਾਉਂਦਾ ਰਹਾਂਗਾ ਤੇ ਮਿਹਨਤ ਤੁਸੀਂ ਕਰੋ, ਹਿਸਾ ਇਹ ਹੋਏਗਾ ਕਿ ਪੈਸੇ ਵਾਲੇ ਦੇ ਤਿੰਨ ਹਿਸੇ ਤੇ ਮਿਹਨਤ ਕਰਨ ਵਾਲੇ ਦਾ ਇਕ ਹਿਸਾ। ਉਸ ਤੋਂ ਕੁਛ ਅਰਸਾ ਬਾਅਦ ਲੋਕਾਂ ਨੇ ਮਿਹਨਤਕਸ਼ ਆਦਮੀ ਨੂੰ ਕਿਹਾ ਕਿ ਸਾਰਾ ਦਿਨ ਤਾਂ ਤੂੰ ਮਰਦਾ ਹੈਂ ਤੇ ਦੂਜਾ ਆਦਮੀ ਪੈਸੇ ਦੇ ਜ਼ੋਰ ਨਾਲ ਜ਼ਿਆਦਾ ਪੈਸਾ ਲੈ ਜਾਂਦਾ ਹੈ, ਤੂੰ ਕਿਉਂ ਨਹੀਂ ਕਹਿੰਦਾ ਕਿ ਤਿੰਨ ਹਿਸੇ ਮੈਨੂੰ ਮਿਲਣ । ਉਸ ਆਦਮੀ ਨੇ ਅਮੀਰ ਨੂੰ ਇਸੇ ਤਰ੍ਹਾਂ ਕਿਹਾ ਕਿ ਸਾਰੀ ਮਿਹਨਤ ਮੈਂ ਕਰਦਾ ਹਾਂ ਮੈਨੂੰ ਇਕੋ ਹਿਸਾ ਮਿਲਦਾ ਹੈ । ਅਮੀਰ ਨੇ ਕਿਹਾ ਕਿ ਇਹ ਕੋਈ ਮੁਸ਼ਕਲ ਗਲ ਨਹੀਂ। ਉਹ ਦੂਜੇ ਆਦਮੀ ਨੂੰ ਕਹਿਣ ਲਗਾ ਕਿ ਜੇ ਤੂੰ ਪਹਿਲਾਂ ਦਸਦਾ ਤਾਂ ਮੈਂ ਤੇਰੀ ਮੁਸ਼ਕਲ ਬਹੁਤ ਦੇਰ ਪਹਿਲਾਂ ਦੂਰ ਕਰ ਦਿੰਦਾ , ਅਗੇ ਵਾਸਤੇ 13 ਮੇਰੇ ਤੇ 3 ਤੇਰੇ । ਹੁਣ ਅਸੀਂ ਵੇਖਣਾ ਚਾਹੁੰਦੇ ਹਾਂ ਕਿ ਸਾਰੇ ਪੰਜਾਬ ਵਿਚ ਬਚਿਆਂ ਨੂੰ ਕਿਤਨੀ ਜ਼ਿਆਦਾ ਤਾਲੀਮ ਦੇਣ ਦੀ ਕੋਸ਼ਿਸ਼ ਕੀਤੀ ਹੈ, ਕਿਹੜੇ ਕਿਹੜੇ ਜ਼ਿਲੇ ਵਿਚ ਕਿੰਨੀ ਕਿੰਨੀ ਤਰੱਕੀ ਹੋਈ ਹੈ । ਉਸ ਦੀ ਨਿਸਬਤ ਨਾਲ backward areas ਨੂੰ ਕੀ ਮਿਲਿਆ ਹੈ। ਜੇ ਤਾਂ ਇਸ ਨਿਸਬਤ ਨਾਲ ਤਰੱਕੀ ਹੋਈ ਹੈ ਤਾਂ ਮੈਂ ਸਮਝਦਾ ਹਾਂ ਕਿ ਸਰਕਾਰ ਨੇ ਆਪਣੀ ਡਿਊਟੀ ਪੂਰੀ ਕੀਤੀ ਹੈ । ਲੇਕਿਨ ਮੈਂ ਇਹ ਜਾਣਦਾ ਹਾਂ ਕਿ ਪਛੜੇ ਹੋਏ ਹੋਰ ਪਛੜ ਰਹੇ ਹਨ, ਗਰੀਬ ਹੋਰ ਗਰੀਬ ਹੋ ਰਹੇ ਹਨ ਤੇ ਕਮਜ਼ੋਰ ਹੋਰ ਕਮਜ਼ੋਰ ਹੋ ਰਹੇ ਹਨ । ਅਸੀਂ ਵੇਖਦੇ ਹਾਂ ਕਿ ਇਸ ਦੌਰ ਵਿਚ ਪਛੜੇ ਹੋਏ ਹੋਰ ਪਛੜੇ ਹਨ । ਇਹ ਰੈਜ਼ੋਲਿਊਸ਼ਨ ਐਸਾ ਹੈ ਕਿ ਇਸ ਦੇ ਨਾਲ ਪੰਜਾਬ ਦੇ ਹਰ ਖੈਰਖਾਹ ਨੂੰ ਪੂਰੀ ਪੂਰੀ ਹਮਦਰਦੀ ਹੋਣੀ ਚਾਹੀਦੀ ਹੈ । ਮੈਂ ਇਕ ਐਸੇ ਇਲਾਕੇ ਨਾਲ ਸਬੰਧ ਰਖਦਾ ਹਾਂ ਜਿਹੜਾ ਪੰਜਾਬ ਵਿਚ one of the most advanced areas ਕਿਹਾ ਜਾਂਦਾ ਹੈ ਲੇਕਿਨ ਮੈਂ ਇਹ ਸਮਝਦਾ ਹਾਂ ਕਿ ਜਦ ਤਕ ਪਛੜੇ ਹੋਏ ਇਲਾਕਿਆਂ ਦੀ ਤਰੱਕੀ ਨਾ ਹੋਵੇ ਉਦੋਂ ਤਕ ਜਿਹੜੇ ਨਾਮ ਨਿਹਾਦ ਤਰੱਕੀ ਯਾਫਤਾ ਇਲਾਕੇ ਹਨ ਉਹ ਤਰੱਕੀ ਨਹੀਂ ਕਰ ਸਕਦੇ, ਉਹ ਹੋਰ ਪਛੜ ਜਾਣਗੇ । ਦੁਨੀਆਂ ਦੀ ਦੌੜ ਵਿਚ ਉਨ੍ਹਾਂ ਲਈ ਕੋਈ ਥਾਂ ਨਹੀਂ । ਜੇ ਮੇਰਾ ਸਿਰ ਤੇ ਪੇਟ ਬੜਾ ਵਡਾ ਹੋਵੇ ਅਤੇ ਮੇਰੇ ਬਾਜ਼ੂ ਤੇ ਟੰਗਾਂ ਬਿਲਕੁਲ ਨਾਕਾਰਾ ਹੋਣ ਤਾਂ ਨਾ ਸਿਰ ਤੇ ਨਾ ਪੇਟ ਕੰਮ ਕਰ ਸਕਦਾ ਹੈ। ਇਸ ਲਈ ਜ਼ਰੂਰਤ ਹੈ ਕਿ ਸਾਰੇ ਸੂਬੇ ਦੀ, ਸਾਰੇ ਜਿਸਮ ਦੀ ਇਕ healthy development ਹੋਵੇ ਅਤੇ healthy development ਲਈ ਇਹ ਜ਼ਰੂਰੀ ਹੈ ਕਿ ਜਿਨ੍ਹਾਂ ਨੂੰ ਮਦਦ ਦੀ ਜ਼ਰੂਰਤ ਹੈ, ਜਿਹੜੇ ਪਛੜੇ ਹੋਏ ਹਨ ਉਨ੍ਹਾਂ ਨੂੰ ਪੂਰੀ ਮਦਦ ਦਿਤੀ ਜਾਵੇ । ਡਿਪਟੀ ਸਪੀਕਰ ਸਾਹਿਬਾ, ਮੈਂ ਬੜਾ ਖੁਸ਼ ਹਾਂ ਤੇ ਉਹ ਪੰਜਾਬ ਸਰਕਾਰ ਦੀ ਮਿਹਰਬਾਨੀ ਕਰਕੇ ਨਹੀਂ, ਉਹ ਇਸ ਗਲ ਦਾ ਜਵਾਬ ਦੇਣ ਕਿ ਪੰਜਾਬ ਸਰਕਾਰ ਦੀ ਮਿਹਰਬਾਨੀ ਕਰਕੇ ਜਾਂ ਦਿੱਲੀ ਦੀ ਸਰਕਾਰ ਦੀ ਮਿਹਰਬਾਨੀ ਕਰਕੇ Third Five-Year Plan ਵਿਚ hilly areas ਦੀ development ਵਾਸਤੇ ਅਲਹਿਦਾ items ਹਨ। ਮੈਨੂੰ ਇਕ ਦਫਾ ਇਕ ਮਨਿਸਟਰ ਨੇ ਗੱਲ ਸੁਣਾਈ ਕਿ ਜਦੋਂ ਸਾਨੂੰ ਦਿੱਲੀ ਤੋਂ ਹਦਾਇਤ ਆਉਂਦੀ ਹੈ, ਜਿਸ ਤਰ੍ਹਾਂ ਉਹ ਕਹਿੰਦੇ ਹਨ ਅਸੀਂ ਉਸ ਬਾਰੇ ਕਹਿ ਦੇਂਦੇ ਹਾਂ ਕਿ ਪੰਜਾਬ ਗੌਰਮੈਂਟ ਨੇ ਇਹ ਫੈਸਲਾ ਕੀਤਾ ਹੈ । ਅਗਰ ਦਿੱਲੀ ਦੀ ਸਰਕਾਰ ਨੇ Third Five-

[ਬਾਬੂ ਬਚਨ ਸਿੰਘ]

Year Plan ਵਿਚ hilly areas ਲਈ development ਦੀਆਂ ਸਕੀਮਾਂ ਵਾਸਤੇ ਰੁਪਏ ਦੀ ਅਲਹਿਦਾ allocation ਕੀਤੀ ਅਤੇ ਸੂਬੇ ਦੀਆਂ ਸਰਕਾਰਾਂ ਨੂੰ ਹੁਕਮ ਦਿੱਤਾ ਕਿ Third Five-Year Plan ਵਿਚ ਇਸ ਲਈ ਅਲਹਿਦਾ ਬਜਟ ਹੋਵੇ । ਇਸ ਦੇ ਲਈ ਦਿੱਲੀ ਦੀ ਸਰਕਾਰ ਮੁਬਾਰਕਬਾਦ ਦੀ ਮੁਸਤਹਿਕ ਹੋ ਸਕਦੀ ਹੈ, ਪੰਜਾਬ ਦੀ ਸਰਕਾਰ ਨਹੀਂ । ਸਵਾਲ ਇਹ ਹੈ ਕਿ ਜੋ ਗਰੀਬੀ ਕਾਂਗੜੇ ਵਿਚ ਹੈ, ਜੋ backwardness ਕਾਂਗੜੇ ਵਿਚ ਹੈ, ਜੋ ਤਾਲੀਮ ਦੀ ਕਮੀ ਕਾਂਗੜੇ ਵਿਚ ਹੈ, ਜੋ ਸਹੂਲਤਾਂ ਕਾਂਗੜੇ ਵਿਚ ਨਹੀਂ ਹਨ ਆਇਆ ਉਹ ਕਾਂਗੜੇ ਵਾਲਿਆਂ ਨੂੰ ਹੀ ਨਹੀਂ ਹਨ ਜਾਂ ਕੁਛ ਹੋਰ ਇਲਾਕੇ ਵੀ ਅਜਿਹੇ ਹਨ । ਇਸ ਸਿਲਸਿਲੇ ਵਿਚ ਪੰਡਿਤ ਮੋਹਨ ਲਾਲ ਜੀ ਨੇ ਤਰਮੀਮ ਪੇਸ਼ ਕਰਦਿਆਂ ਕਿਹਾ ਕਿ ਜੋ ਹਾਲਤ ਕਾਂਗੜੇ ਵਿਚ ਹੈ ਉਹੀ ਹਾਲਤ ਊਨੇ ਵਿਚ ਹੈ, ਅਤੇ ਹੁਸ਼ਿਆਰਪੁਰ ਵਿਚ ਵੀ ਐਸੀ ਹੀ ਹਾਲਤ ਹੈ । ਜੋ ਰਿਆਇਤਾਂ ਕਾਂਗੜੇ ਨੂੰ ਮਿਲਣੀਆਂ ਚਾਹੀਦੀਆਂ ਹਨ ਉਹੀ ਰਿਆਇਤਾਂ ਹੁਸ਼ਿਆਰਪੁਰ ਅਤੇ ਅੰਬਾਲੇ ਨੂੰ ਵੀ ਮਿਲਣੀਆਂ ਚਾਹੀਦੀਆ ਹਨ । ਮੈਂ ਦੋ ਤਿੰਨ ਤਰਮੀਮਾਂ ਦੇ ਨੋਟਿਸ ਵੇਖੇ ਹਨ। ਸ੍ਰੀ ਮੰਗਲ ਸੈਨ ਜੀ ਕਹਿੰਦੇ ਹਨ ਕਿ hilly areas ਨਾਲ ਹਰਿਆਨਾ ਵੀ add ਕਰ ਦਿੱਤਾ ਜਾਏ । ਇਕ ਸਾਹਿਬ ਕਹਿੰਦੇ ਹਨ ਕਿ ਸੁਨਾਮ ਦਾ ਇਲਾਕਾ add ਕਰ ਦਿਉ । ਇਸ ਤਰ੍ਹਾਂ ਦੀਆਂ ਤਰਮੀਮਾਂ ਹਨ । ਮੈਂ ਇਹ ਜਾਣਦਾ ਹਾਂ ਅਤੇ ਜੋ ਕੁਛ ਮੈਂ ਪੰਜਾਬ ਦੇ ਮੁਖਤਲਿਫ ਹਿਸਿਆਂ ਵਿਚ ਫਿਰ ਕੇ ਦੇਖਿਆ ਹੈ ਉਸ ਨੂੰ ਦੇਖ ਕੇ ਕਹਿ ਸਕਦਾ ਹਾਂ ਕਿ ਪੰਜਾਬ ਦੇ ਬਹੁਤ ਸਾਰੇ ਇਲਾਕੇ ਐਸੇ ਹਨ ਜਿਹੜੇ backward areas ਹਨ। ਲੁਹਾਰੂ ਦਾ ਇਲਾਕਾ ਹੈ, ਏਸੇ ਤਰ੍ਹਾਂ ਗੁੜਗਾਵਾਂ district ਦਾ ਕੁਝ ਇਲਾਕਾ ਹੈ, ਬੇਟ ਦਾ ਇਲਾਕਾ ਹੈ, ਹੋਰ ਐਸੇ ਇਲਾਕੇ ਹਨ ਜਿਹੜੇ ਪਹਾੜ ਦੇ ਨਾਲ ਲਗਦੇ ਹਨ । ਕਿਤਨੇ ਹੀ ਇਲਾਕੇ ਐਸੇ ਹਨ ਜਿਨ੍ਹਾਂ ਵਿਚ backwardness ਹੈ । ਡਿਪਟੀ ਸਪੀਕਰ ਸਾਹਿਬਾ, ਕਿਸੇ ਇਲਾਕੇ ਦੀ ਤਰੱਕੀ ਜਾਂ ਤਨਜ਼ਲੀ ਇਸ ਗਲ ਤੋਂ ਦੇਖੀ ਜਾਂਦੀ ਹੈ ਕਿ ਕਿੰਨੇ ਇਲਾਕੇ ਵਿਚ ਕਿੰਨੀ ਆਬਾਦੀ ਸ਼ਹਿਰੀ ਤੇ ਦੇਹਾਤੀ ਹੈ । ਕਿਉਂਕਿ ਹਿੰਦੁਸਤਾਨ ਵਿਚ ਇਹ ਪਤਾ ਚਲਦਾ ਹੈ ਕਿ ਜੇ ਸ਼ਹਿਰੀ ਆਦਮੀਆਂ ਦੀ ਔਸਤ ਆਮਦਨੀ ਕਢੀ ਜਾਵੇ ਤਾਂ ਉਹ ਪਿੰਡ ਦੇ ਆਦਮੀਆਂ ਦੀ ਔਸਤ ਆਮਦਨੀ ਨਾਲੋਂ ਚਾਰ ਗੁਣਾ ਜ਼ਿਆਦਾ ਹੈ । ਹੁਣ ਜਿਨ੍ਹਾਂ ਇਲਾਕਿਆਂ ਵਿਚ ਸ਼ਹਿਰੀ ਆਬਾਦੀ ਜ਼ਿਆਦਾ ਹੈ, ਉਨ੍ਹਾਂ ਬਾਰੇ ਪਤਾ ਚਲਦਾ ਹੈ ਕਿ ਉਥੇ industry ਤਰੱਕੀ ਕਰ ਰਹੀ ਹੈ ਅਤੇ ਜਿਨ੍ਹਾਂ ਇਲਾਕਿਆਂ ਵਿਚ ਦਿਹਾਤੀ ਆਬਾਦੀ ਜ਼ਿਆਦਾ ਹੈ ਉਥੇ ਪਤਾ ਲਗਦਾ ਹੈ ਕਿ ਉਥੇ industry ਤਰੱਕੀ ਨਹੀਂ ਕਰ ਰਹੀ ਅਤੇ ਲੋਕ ਗ਼ਰੀਬ ਹਨ । ਫਿਰ ਜਿਥੇ industry ਚਲਦੀ ਹੈ ਉਥੇ ਬੜੇ ਬੜੇ ਸਾਹਿਬ ਬਹਾਦੁਰ ਔਰ ਵਡੀਆਂ ਵਡੀਆਂ ਕੰਪਨੀਆਂ ਦੇ managers ਆਦਿ ਹੁੰਦੇ ਹਨ ਅਤੇ ਉਥੇ ਵਡੇ ਵਡੇ ਧਨਾਢ ਆਦਮੀ ਹੁੰਦੇ ਹਨ ਜਿਨ੍ਹਾਂ ਦਾ ਕਾਰਖਾਨਿਆਂ ਨਾਲ ਤਅੱਲੁਕ ਹੁੰਦਾ ਹੈ । ਉਨ੍ਹਾਂ ਲੋਕਾਂ ਦੀ ਬਾਬਤ ਪੰਡਿਤ ਮੋਹਨ ਲਾਲ ਨੇ ਠੀਕ ਕਿਹਾ ਸੀ ਕਿ ਇਹੋ ਜਿਹੇ ਲੋਕ ਨਹੀਂ ਚਾਹੁੰਦੇ ਕਿ ਕਾਂਗੜੇ ਵਰਗੇ ਇਲਾਕੇ ਤਰੱਕੀ ਕਰ ਜਾਣ ਕਿਉਂਕਿ ਉਨ੍ਹਾਂ ਦੇ ਪਿਛੜੇ ਰਹਿਣ ਨਾਲ, ਵਜ਼ੀਰਾਂ ਨੂੰ, ਵਡੇ ਵਡੇ ਅਫਸਰਾਂ ਨੂੰ ਤੇ ਵਡੇ ਵਡੇ ਕਾਰਖਾਨੇਦਾਰਾਂ ਨੂੰ ਮੁੰਡੂ ਲਭ ਸਕਦੇ ਨੇ । ਇਹ ਤਾਂ ਚਾਹੁੰਦੇ ਨੇ ਕਿ ਉਨ੍ਹਾਂ ਨੂੰ ਸਦਾ ਆਸਾਨੀ ਨਾਲ ਮੁੰਡੂ ਲਭਦੇ ਰਹਿਣ ਜਿਨ੍ਹਾਂ ਕੋਲੋਂ ਉਹ ਭਾਂਡੇ ਮੰਜਵਾ ਸਕਣ, ਮਾਲਸ਼ਾਂ ਕਰਾ ਸਕਣ

ਅਤੇ ਉਹ ਹੋਰ ਇਸ ਤਰ੍ਹਾਂ ਦੇ ਕੰਮ ਕਾਰ ਕਰਾਉਂਦੇ ਰਹਿਣ । ਉਹ ਚਾਹੁੰਦੇ ਨੇ ਕਿ ਇਨ੍ਹਾਂ ਇਲਾਕਿਆਂ ਦੇ ਲੋਕ ਸਦਾ drawers of water and carriers of wood ਬਣੇ ਰਹਿਣ । ਇਸ ਸਿਲਸਿਲੇ ਵਿਚ ਜ਼ਿਲਾ ਕਾਂਗੜਾ, ਤਹਿਸੀਲ ਊਨਾ ਔਰ ਹੋਰ ਕੁਝ ਪਹਾੜੀ ਇਲਾਕੇ ਹਨ ਜਿਥੋਂ ਦੇ ਲੋਕਾਂ ਤੋਂ ਇਹ ਇਸ ਤਰ੍ਹਾਂ ਦੇ ਕੰਮ ਲੈਂਦੇ ਰਹਿੰਦੇ ਹਨ । ਡਿਪਟੀ ਸਪੀਕਰ ਸਾਹਿਬਾ, ਇਹ demand and supply ਦਾ ਸਵਾਲ ਹੈ, ਔਰ ਇਹ supply ਆਪਣੇ ਲਈ ਬਣਾਏ ਰਖਣਾ ਚਾਹੁੰਦੇ ਹਨ। ਇਸੇ ਕਰ ਕੇ ਇਹ resolution ਆਇਆ ਹੈ । ਡਿਪਟੀ ਸਪੀਕਰ ਸਾਹਿਬਾ, ਇਹ resolution ਸਾਡੇ ਵਲੋਂ ਨਹੀਂ ਆਇਆ । ਜੇ ਕਰ ਇਹ resolution opposition ਵਲੋਂ ਆਉਂਦਾ ਤਾਂ ਇਨ੍ਹਾਂ ਇਹ ਕਹਿ ਕੇ ਟਾਲ ਦੇਣਾ ਸੀ ਕਿ Opposition ਨੇ ਤਾਂ Opposition for opposition sake ਗਲਾਂ ਕਰਨੀਆਂ ਨੇ, ਪਰ ਇਹ resolution ਤਾਂ ਇਨ੍ਹਾਂ ਦੀ ਕਾਂਗਰਸ ਪਾਰਟੀ ਦੇ ਆਪਣੇ ਇਕ vigilant ਮੈਂਬਰ ਵਲੋਂ ਪੇਸ਼ ਕੀਤਾ ਗਿਆ ਹੈ ਔਰ ਮੇਰੀ ਅਤੇ ਮੇਰੇ ਸਾਥੀਆਂ ਦੀ ਇਨ੍ਹਾਂ ਨਾਲ, ਪੂਰੀ ਹਮਦਰਦੀ ਹੈ । ਪਰ ਜੋ ਸਲੂਕ ਇਸ resolution ਨਾਲ ਗੌਰਮਿੰਟ ਵਲੋਂ ਕੀਤਾ ਜਾ ਰਿਹਾ ਹੈ ਇਹ ਦੇਖ ਕੇ ਦੁਖ ਹੋ ਰਿਹਾ ਹੈ । ਮੈਨੂੰ ਪਤਾ ਹੈ ਕਿ ਕਿਸ ਤਰ੍ਹਾਂ United Kingdom ਵਰਗੇ ਤਰੱਕੀ-ਯਾਫਤਾ ਮੁਲਕ ਵਿਚ ਵੀ ਇਸ ਕਿਸਮ ਦੇ ਹਾਲਾਤ ਸਨ । ਉਸ ਵਿਚ Scotland ਦਾ ਜਿਹੜਾ 32 ਮੀਲ ਦਾ ਇਲਾਕਾ ਹੈ ਉਹ ਪਛੜਿਆ ਹੋਇਆ ਸੀ ਔਰ ਉਥੋਂ ਦੇ ਲੋਕ London ਵਰਗੇ ਸ਼ਹਿਰ ਦੇ ਲੋਕਾਂ ਦੀ ਖਿਦਮਤ ਕੀਤਾ ਕਰਦੇ ਸਨ । ਲੇਕਿਨ ਉਥੋਂ ਦੇ vigilant, ਹੁਸ਼ਿਆਰ ਔਰ ਤਰੱਕੀ-ਯਾਫਤਾ ਲੋਕਾਂ ਨੇ ਇਸ ਪਾਸੇ ਵਲ ਤਵੱਜੋ ਦਿੱਤੀ ਔਰ Scotland ਨੂੰ ਵੀ ਉਨ੍ਹਾਂ ਨੇ England ਵਰਗਾ ਤਰੱਕੀ-ਯਾਫਤਾ ਬਣਾ ਲਿਆ ।

ਵਿਦਿਆ ਰਾਜ ਮੰਤਰੀ (ਸ੍ਰੀ ਯਸ਼ ਪਾਲ) : ਤੁਹਾਡੇ ਵੇਲੇ ਉਥੋਂ ਦੀ ਕੀ ਹਾਲਤ ਸੀ ?

Deputy Speaker : No. interruptions please.

ਬਾਬੂ ਬਚਨ ਸਿੰਘ : ਡਿਪਟੀ ਸਪੀਕਰ ਸਾਹਿਬਾ, ਮੈਨੂੰ ਬੜੀ ਖੁਸ਼ੀ ਹੈ ਕਿ ਸਰਕਾਰੀ ਪਾਰਟੀ ਵਲੋਂ ਮੇਰੇ ਤੇ ਇਹ ਸਵਾਲ ਕੀਤਾ ਗਿਆ ਹੈ ਕਿ ਜਦ ਮੈਂ ਉਸ ਪਾਰਟੀ ਵਿਚ ਸਾਂ ਤਦ ਵੀ ਕਾਂਗੜੇ ਦੀ ਇਹੋ ਹੀ ਹਾਲਤ ਸੀ । ਮੈਂ ਉਨ੍ਹਾਂ ਨੂੰ ਕਹਿੰਦਾ ਹਾਂ ਕਿ ਤੁਸੀਂ ਮੇਰੀਆਂ ਉਸ ਵੇਲੇ ਦੀਆਂ ਤਕਰੀਰਾਂ ਕਢਾ ਕੇ ਦੇਖ ਲਵੋ, ਤੁਸੀਂ ਉਸ ਵੇਲੇ ਦੀ ਕਾਰਵਾਈ ਦੇਖ ਲਵੋ ਤਾਂ ਤੁਹਾਨੂੰ ਪਤਾ ਲਗੇਗਾ ਕਿ ਅਸੀਂ ਉਸ ਵੇਲੇ ਵੀ ਇਹੋ ਕੁਝ ਕਹਿੰਦੇ ਸੀ ਜੋ ਕੁਝ ਹੁਣ ਕਹਿ ਰਹੇ ਹਾਂ । 1946 ਵਿਚ ਮੇਰੀ ਪਹਿਲੀ maiden speech ਸੀ ਔਰ ਉਸ ਵੇਲੇ ਮੈਂ ਕਿਹਾ ਸੀ ਕਿ ਇਹ rotten administration ਹੈ ਔਰ ਹੁਣ 16 ਸਾਲ ਬਾਅਦ ਵੀ ਮੈਂ ਇਹੋ ਕਹਿੰਦਾ ਹਾਂ ਕਿ ਇਹ administration ਉਸੇ ਤਰ੍ਹਾਂ rotten ਹੈ । ਮੈਂ ਤਾਂ ਉਸ Roman warrior ਦੀ ਤਰ੍ਹਾਂ ਚਲ ਰਿਹਾ ਹਾਂ ਜਿਹੜਾ ਪਹਾੜ ਵਲ ਜਾ ਰਿਹਾ ਸੀ ਤੇ ਕਿਸੇ ਨੇ ਉਸ ਨੂੰ ਕਿਹਾ ਸੀ ਇਧਰ ਰਸਤਾ ਨਹੀਂ ਇਸ ਲਈ ਤੂੰ ਨਾ ਜਾ । ਪਰ ਉਸ ਨੇ

[ਬਾਬੂ ਬਚਨ ਸਿੰਘ]

ਜਵਾਬ ਦਿੱਤਾ ਸੀ ਕਿ ਜਾਂ ਤਾਂ ਮੈਂ ਰਸਤਾ ਢੂੰਡ ਲਵਾਂਗਾ ਜਾਂ ਰਸਤਾ ਬਣਾ ਲਵਾਂਗਾ। ਇਸੇ ਤਰ੍ਹਾਂ ਅਸੀਂ ਤਹੱਈਆ ਕਰ ਕੇ ਆਏ ਹਾਂ ਕਿ ਜਾਂ ਤਾਂ ਅਸੀਂ ਇਸ administration ਨੂੰ reform ਕਰਾਂਗੇ ਜਾਂ ਇਸ ਨੂੰ ਖਤਮ ਕਰਕੇ ਰਖ ਦੇਵਾਂਗੇ। ਜ਼ਿੰਦਗੀ ਵਿਚ ਅਸੀਂ ਕਿਸੇ ਮਰਹਲੇ ਤੇ ਉਨ੍ਹਾਂ ਲੋਕਾਂ ਵਿਚ ਨਹੀਂ ਰਹੇ ਜਿਹੜੇ ਦੂਜਿਆਂ ਨੂੰ exploit ਕਰਨ ਵਾਲੇ ਜਾਂ ਉਨ੍ਹਾਂ ਦਾ ਖੂਨ ਚੂਸਣ ਵਾਲੇ ਹੋਣ। ਅਸੀਂ ਸਦਾ ਸਾਹਮਣੇ ਰਹਿ ਕੇ ਚੋਟਾਂ ਖਾਧੀਆਂ ਹਨ ਤੇ ਲੋਕਾਂ ਦੇ ਭਲੇ ਲਈ suffer ਕੀਤਾ ਹੈ। ਡਿਪਟੀ ਸਪੀਕਰ ਸਾਹਿਬਾ, ਮੈਂ ਅਰਜ਼ ਕਰ ਰਿਹਾ ਸੀ ਕਿ ਇਸ resolution ਦੀ ਹਮਾਇਤ ਕਰਨ ਵਿਚ, ਇਸ ਮਤੇ ਦਾ ਸਮਰਥਨ ਕਰਨ ਵਿਚ ਜਾਂ ਤਾਈਦ ਕਰਨ ਵਿਚ ਅਸੀਂ ਇਸ ਲਈ ਹਿੱਸਾ ਲੈ ਰਹੇ ਹਾਂ ਕਿਉਂਕਿ ਗੌਰਮਿੰਟ ਨੇ ਹੁਣ ਤਕ ਇਸ ਪਾਸੇ ਵਲ ਤਵੱਜੋ ਨਹੀਂ ਦਿੱਤੀ ਤੇ ਹੁਣ ਦੇਣੀ ਚਾਹੀਦੀ ਹੈ। ਮੈਂ ਇਹ ਵੀ ਕਹੇ ਬਗੈਰ ਨਹੀਂ ਰਹਿ ਸਕਦਾ ਕਿ ਗੌਰਮਿੰਟ ਉਥੇ education ਦੇ ਫੈਲਾਣ ਦੇ ਕੰਮ ਵਿਚ ਉਸ ਵਕਤ ਤਕ ਕਾਮਿਆਬ ਨਹੀਂ ਹੋ ਸਕਦੀ ਜਦੋਂ ਤਕ ਕਿ ਉਥੋਂ ਦੇ ਲੋਕਾਂ ਦੀ economic condition ਨੂੰ ਇਹ improve ਕਰਨ ਦੀ ਕੋਸ਼ਿਸ਼ ਨਹੀਂ ਕਰੇਗੀ। ਹੁਣ survey ਹੋ ਰਹੀ ਹੈ। ਮੈਂ ਸਰਕਾਰ ਤੋਂ ਪੁਛਣਾ ਚਾਹੁੰਦਾ ਹਾਂ ਕਿ ਕਾਂਗੜਾ district ਦੇ ਇਲਾਕੇ ਦੇ ਲੋਕਾਂ ਦੀ ਕੀ ਇਹ ਹਾਲਤ ਹੈ ਕਿ ਉਹ ਆਪਣੇ ਤਨ ਤੇ ਕਪੜਾ ਪਾ ਸਕਣ, ਕੀ ਉਹ ਇਸ ਹਾਲਤ ਵਿਚ ਹਨ ਕਿ ਉਹ ਦੋ ਵਕਤ ਰਜ ਕੇ ਰੋਟੀ ਖਾ ਸਕਣ ਜਾਂ ਉਹ ਇਸ ਹਾਲਤ ਵਿਚ ਹਨ ਕਿ ਉਹ ਆਪਣੇ ਬਚਿਆਂ ਨੂੰ ਤਾਲੀਮ ਦਿਵਾ ਸਕਣ ? ਕਲ੍ਹ ਕਾਮਰੇਡ ਰਾਮ ਕਿਸ਼ਨ ਨੇ ਕਿਹਾ ਸੀ ਕਿ ਉਨ੍ਹਾਂ ਲੋਕਾਂ ਦੇ ਮਸਲਿਆਂ ਨੂੰ ਹੱਲ ਕੀਤਾ ਜਾਵੇਗਾ। ਕਾਮਰੇਡ ਰਾਮ ਕਿਸ਼ਨ Housing and Slum Clearance ਮੰਤਰੀ ਹਨ, ਇਸ ਲਈ ਉਨ੍ਹਾਂ ਨੇ ਇਹ ਕਿਹਾ ਹੈ। ਪਰ ਜਦ ਇਕ ਆਦਮੀ ਖੁਦ defeated ਰਿਹਾ ਹੋਵੇ, ਜਿਹੜਾ 1957 ਦੀ election ਵਿਚ defeat ਖਾ ਗਿਆ ਹੋਵੇ ਔਰ ਹੁਣ ਤਕ defeated ਰਿਹਾ ਹੋਵੇ, ਉਹ ਹੁਣ ਜੇਕਰ ਸ਼ੇਖੀਆਂ ਮਾਰੇ ਤਾਂ ਉਸ ਤੇ ਕਿਵੇਂ ਇਤਬਾਰ ਕੀਤਾ ਜਾ ਸਕਦਾ ਹੈ।

ਮੈਂ ਅਰਜ਼ ਕਰਦਾ ਹਾਂ ਕਿ ਅਜ ਇਹ ਸਵਾਲ ਸਾਹਮਣੇ ਨਹੀਂ ਕਿ voters ਦਾ trend ਕੀ ਹੈ। ਸਵਾਲ ਤਾਂ ਇਹ ਹੈ ਕਿ Treasury Benches ਵਾਲੇ ਆਮ ਲੋਕਾਂ ਦਾ ਭਲਾ ਕਰਦੇ ਹਨ ਜਾਂ ਨਹੀਂ ਕਰਦੇ। ਜੇਕਰ ਤੁਸੀਂ ਇਕ ਆਦਮੀ ਦੀ ਕੋਈ ਗਲਤੀ ਜਾਂ ਉਸ ਦਾ ਕੋਈ ਨੁਕਸ ਦੇਖਦੇ ਹੋ ਔਰ ਉਸ ਨੂੰ criticise ਕਰਦੇ ਹੋ ਤਾਂ ਇਸ ਦਾ ਮਤਲਬ ਇਹ ਨਹੀਂ ਹੋ ਜਾਂਦਾ ਕਿ ਤੁਹਾਡੀਆਂ ਸਾਰੀਆਂ ਗਲਤੀਆਂ ਜਾਂ ਬੇਈ-ਮਾਨੀਆਂ ਮਾਫ਼ ਕਰ ਦਿੱਤੀਆਂ ਜਾਣ......

ਵਿਦਿਆ ਰਾਜ ਮੰਤਰੀ (ਸ੍ਰੀ ਯਸ਼ ਪਾਲ) : ਇਹ Assembly ਦਾ ਹਾਲ ਹੈ, ਤੁਸੀਂ ਲੁਧਿਆਨੇ ਦੇ ਘੰਟਾ ਘਰ ਕੋਲ speech ਨਹੀਂ ਕਰ ਰਹੇ.......

उपाध्यक्ष महोदया : आप इन के साथ न उलझिये । (The hon. Minister need not join issue with the hon. Member).

ਬਾਬੂ ਬਚਨ ਸਿੰਘ : ਡਿਪਟੀ ਸਪੀਕਰ ਸਾਹਿਬਾ, ਜਿਹੜੇ ਆਦਮੀ ਖੁਦ ਸ਼ੀਸ਼ੇ ਦੇ ਮਹੱਲ ਵਿਚ ਬੈਠੇ ਹੋਣ, ਉਹ ਜੇਕਰ ਦੂਜਿਆਂ ਤੇ ਪਥਰ ਮਾਰਨ ਤਾਂ ਉਨ੍ਹਾਂ ਤੇ ਪਥਰ ਵੀ ਪੈਣਗੇ ਤੇ ਸ਼ੀਸ਼ੇ ਵੀ ਟੁਟ ਕੇ ਪੈਣਗੇ । Treasury Benches ਤੇ ਬੈਠ ਕੇ ਇਹ ਦੂਜਿਆਂ ਨੂੰ interrupt ਕਰ ਰਹੇ ਹਨ ਹਾਲਾਂਕਿ ਗੌਰਮਿੰਟ benches ਦੀ duty ਹੈ ਕਿ ਉਹ ਕਿਸੇ ਨੂੰ interrupt ਨਾ ਕਰਨ ਚਾਹੇ Opposition Benches ਤੋਂ interrupt ਕੀਤਾ ਵੀ ਜਾਵੇ । ਲੇਕਿਨ ਇਥੇ ਇਹੋ ਹੀ ਵੇਖਿਆ ਜਾਂਦਾ ਹੈ ਕਿ ਮਨਿਸਟਰ ਸਭ ਤੋਂ ਜ਼ਿਆਦਾ interrupt ਕਰਦੇ ਹਨ ।

ਵਿਦਿਆ ਰਾਜ ਮੰਤਰੀ (ਸ਼੍ਰੀ ਯਸ਼ ਪਾਲ) : ਤੁਸੀਂ ਕਿਹੜਾ resolution ਤੇ ਬੋਲ ਰਹੇ ਹੋ, ਤੁਸੀਂ ਵੀ ਤਾਂ ਇਸ ਤਰ੍ਹਾਂ speech ਕਰ ਰਹੇ ਹੋ ਜਿਸ ਤਰ੍ਹਾਂ ਤੁਸੀਂ ਲੁਧਿਆਣੇ ਦੇ ਘੰਟਾ ਘਰ ਕੋਲ ਬੋਲ ਰਹੇ ਹੋ । ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਹ Assembly Chamber ਹੈ ।

उपाध्यक्ष महोदया : मैं दरखास्त करना चाहती हूं कि चाहे आपोज़ीशन के मेम्बर साहिबान हों चाहे Treasury Benches के मेम्बर साहिबान हों अगर वे कुछ कहना चाहते हैं तो उन को point of order पर खड़े होना चाहिये । माननीय सदस्यों को आपस में बातें नहीं करनी चाहियें (I would ask the hon. Members occupying the Treasury as well as the Opposition Benches that in case they have to say any thing they must rise on a point of order. The hon. Members should not talk among themselves).

ਬਾਬੂ ਬਚਨ ਸਿੰਘ : ਮੈਂ, ਡਿਪਟੀ ਸਪੀਕਰ ਸਾਹਿਬਾ, ਇਹ ਅਰਜ਼ ਕਰ ਰਿਹਾ ਸੀ ਕਿ ਜਦੋਂ ਤਕ ਇਨ੍ਹਾਂ ਪਹਾੜੀ ਇਲਾਕਿਆਂ ਦੀਆਂ economic conditions ਦਰੁਸਤ ਨਾ ਹੋ ਜਾਣ ਔਰ ਇਨ੍ਹਾਂ ਨੂੰ ਦਰੁਸਤ ਕਰਨ ਵਲ ਤਵੱਜੋ ਨਹੀਂ ਦਿਤੀ ਜਾਵੇਗੀ ਉਸ ਵਕਤ ਤਕ ਕੋਸ਼ਿਸ਼ ਕਰਨ ਦੇ ਬਾਵਜੂਦ ਉਥੋਂ ਦੇ ਲੋਕਾਂ ਨੂੰ educate ਕਰਨ ਵਿਚ ਸਰਕਾਰ ਨੂੰ ਬਹੁਤ ਜ਼ਿਆਦਾ ਕਾਮਯਾਬੀ ਨਹੀਂ ਹੋ ਸਕਦੀ ।

ਡਿਪਟੀ ਸਪੀਕਰ ਸਾਹਿਬਾ, ਸਾਡੇ ਸਾਹਮਣੇ ਸਾਰੇ ਹਿੰਦੁਸਤਾਨ ਦੀ 1961 ਦੀ Census ਦੀਆਂ figures ਹਨ । ਸਾਨੂੰ ਉਨ੍ਹਾਂ ਵਿਚੋਂ ਪਤਾ ਲਗਦਾ ਹੈ ਕਿ ਸ਼ਹਿਰਾਂ ਵਿਚ education ਬਹੁਤ ਜ਼ਿਆਦਾ ਹੈ ਔਰ ਦਿਹਾਤ ਵਿਚ ਉਸ ਦੇ ਮੁਕਾਬਲੇ ਵਿਚ ਬਹੁਤ ਘਟ education ਹੈ । ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਕਾਂਗੜਾ ਜ਼ਿਲ੍ਹਾ ਕਿਉਂ ਪਛੜਿਆ ਹੋਇਆ ਹੈ । ਇਸ ਵੇਲੇ ਗੌਰਮਿੰਟ ਵਲੋਂ ਜੋ statistics ਦਿੱਤੇ ਗਏ ਹਨ, ਤੁਸੀਂ ਲਾਹੌਲ, ਸਪਿੱਤੀ ਨੂੰ ਬੇਸ਼ਕ ਛਡ ਦਿਉ, ਬਾਕੀ ਕਾਂਗੜਾ district ਦੀਆਂ ਜੋ figures ਹਨ, ਉਨ੍ਹਾਂ ਤੋਂ ਪਤਾ ਚਲਦਾ ਹੈ ਕਿ ਉਥੋਂ ਦੇ 95 ਫੀ ਸਦੀ ਲੋਕ ਪਿੰਡਾਂ ਵਿਚ ਵਸਦੇ ਹਨ ਔਰ ਬਾਕੀ ਦੇ 5 ਫੀ ਸਦੀ ਸ਼ਹਿਰਾਂ ਵਿਚ ਵਸਦੇ ਹਨ ।

[ਬਾਬੂ ਬਚਨ ਸਿੰਘ]

ਇਸ ਲਈ ਕਾਂਗੜਾ ਡਿਸਟ੍ਰਿਕਟ ਇਕ ਦਿਹਾਤੀ ਡਿਸਟ੍ਰਿਕਟ ਹੈ ਪਰ ਜੇਕਰ ਇਸ ਦੇ ਬਾਰੇ ਵਿਚ ਜੋ figures ਦਿਤੀਆਂ ਗਈਆਂ ਹਨ ਉਨ੍ਹਾਂ ਦੇ ਨਾਲ ਬਾਕੀ ਦੇ ਜ਼ਿਲ੍ਹਿਆਂ ਨੂੰ ਵੇਖਿਆ ਜਾਵੇ ਤਾਂ ਇਹ ਸਾਫ ਪਤਾ ਲਗਦਾ ਹੈ ਕਿ ਅੱਜ ਮਹਿੰਦਰਗੜ੍ਹ ਵਿਚ ਕੀ ਹਾਲਤ ਹੈ, ਨਾਰਨੌਲ ਦਾ ਇਲਾਕਾ ਵੀ ਪਛੜਿਆ ਕਿਹਾ ਜਾ ਸਕਦਾ ਹੈ. ਨਾਰਨੌਲ ਵਿਚ ਉਹੀ ਹਾਲਤ ਹੈ ਜੋ ਅਜ ਕਾਂਗੜੇ ਬਾਰੇ ਬਿਆਨ ਕੀਤੀ ਗਈ ਹੈ। ਇਸ ਇਲਾਕੇ ਦੀ 90 ਫੀ ਸਦੀ ਆਬਾਦੀ ਦਿਹਾਤੀ ਹੈ। ਜਿਸ ਤਰ੍ਹਾਂ ਕਾਂਗੜਾ ਹੈ ਇਸੇ ਤਰ੍ਹਾਂ ਨਾਰਨੌਲ ਹੈ। ਵੇਖਣ ਵਾਲੀ ਗਲ ਤਾਂ ਇਹ ਹੈ ਕਿ ਕੀ ਇਨ੍ਹਾਂ ਜ਼ਿਲ੍ਹਿਆਂ ਨੂੰ ਕੁਦਰਤ ਨੇ ਗਰੀਬ ਬਣਾਇਆ ਸੀ ਜਾਂ ਇਨ੍ਹਾਂ ਤੇ ਕੋਈ man made misery ਸੁੱਟੀ ਗਈ ਹੈ। ਡਿਪਟੀ ਸਪੀਕਰ ਸਾਹਿਬਾ, ਮੈਂ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਸ ਪੰਜਾਬ ਦੀ ਸਰਕਾਰ ਨੇ, ਅਸਾਡੀ ਸਰਕਾਰ ਨੇ ਇਨ੍ਹਾਂ ਇਲਾਕਿਆਂ ਨੂੰ ਗਰੀਬ ਕੀਤਾ ਹੈ ਅਤੇ ਇਸ ਦੀ ਜ਼ਿੰਮੇਵਾਰ ਸਰਕਾਰ ਦੀ ਗਲਤ ਪਾਲਸੀ ਹੈ ਇਹ ਪਾਲੇਸੀ ਅਜਿਹੀ ਹੈ ਜਿਸ ਨੇ ਇਨ੍ਹਾਂ ਇਲਾਕਿਆਂ ਨੂੰ ਪਛੜਿਆਂ ਰਖਿਆ ਹੋਇਆ ਹੈ। ਨਹੀਂ ਤਾਂ ਕਾਂਗੜਾ ਤੇ ਮਹਿੰਦਰਗੜ੍ਹ ਜ਼ਿਲ੍ਹਿਆਂ ਵਿਚ ਕਈ ਪਰਕਾਰ ਦੇ minerals ਹਨ ਜਿਨ੍ਹਾਂ ਨਾਲ ਦਸਤਕਾਰੀ ਚਲਾਈ ਜਾ ਸਕਦੀ ਹੈ। ਕਈ ਅਜਿਹੀਆਂ ਥਾਵਾਂ ਹਨ ਜਿਥੇ ਬਾਗ ਲਗਾਏ ਜਾ ਸਕਦੇ ਹਨ ਜਿਥੇ ਪਾਣੀ ਹੈ ਉਥੇ ਛੋਟੇ ਛੋਟੇ ਬਿਜਲੀ ਦੇ ਪਰਾਜੈਕਟ ਕਾਇਮ ਕੀਤੇ ਜਾ ਸਕਦੇ ਹਨ ਫਿਰ ਕਿਉਂ ਨਾ ਇਸ ਗਲ ਨੂੰ ਸਾਹਮਣੇ ਰਖ ਕੇ ਇਸ Resolution ਨੂੰ ਸੋਧਿਆ ਜਾਏ। ਪੰਜਾਬ ਵਿਚ ਕੇਵਲ ਕਾਂਗੜਾ ਹੀ ਪਛੜਿਆ ਇਲਾਕਾ ਨਹੀਂ ਬਲਕਿ ਕਾਂਗੜਾ, ਊਨਾ, ਮਹਿੰਦਰਗੜ੍ਹ ਆਦਿ ਕਈ ਅਜਿਹੇ ਜ਼ਿਲੇ ਹਨ ਜਿਨ੍ਹਾਂ ਵਿਚ ਲੋਕੀ ਭੁਖ ਨਾਲ ਮਰ ਰਹੇ ਹਨ। ਪਾਣੀ ਪੀਣ ਲਈ ਤਿਹਾਏ ਰਹਿ ਰਹੇ ਹਨ, ਪਰ ਦੂਜੇ ਪਾਸੇ ਸਰਕਾਰ ਨੇ ਚੰਡੀਗੜ੍ਹ ਪ੍ਰਾਜੈਕਟ ਬਣਾ ਕੇ ਜਾਂ ਭਾਖੜਾ ਨੰਗਲ ਤਿਆਰ ਕਰਕੇ show piece ਕਾਇਮ ਕਰ ਦਿਤੇ ਹਨ ਤਾਂ ਜੋ ਇਹ ਦਸਿਆ ਜਾ ਸਕੇ ਕਿ ਪੰਜਾਬ ਵਿਚ ਤਰੱਕੀ ਹੋ ਰਹੀ ਹੈ ਅਤੇ ਕੋਈ ਇਲਾਕਾ ਪਛੜਿਆ ਨਹੀਂ ਰਿਹਾ। ਇਥੇ ਵਡੇ ਵਡੇ ਮਹਿਲ ਤੇ palace ਤਿਆਰ ਕਰ ਲਏ ਗਏ ਹਨ। ਮੈਂ ਅਰਜ਼ ਕਰਾਂ ਕਿ ਇਸ ਤਰ੍ਹਾਂ ਦੀ ਪਾਲਸੀ ਬਾਰੇ ਕਿਸੇ ਸਿਆਣੇ ਨੇ ਕਿਹਾ ਹੈ ਕਿ ਕਿਤੇ ਤਾਂ ਹਿੰਦੁਸਤਾਨ ਵਿਚ ਝੌਪੜੀਆਂ ਹਨ ਪਰ ਦੂਜੇ ਪਾਸੇ ਸਰਕਾਰ crazy ਹੈ ਮਹੱਲ ਬਣਾਉਣ ਲਈ ਅਤੇ ਇਨ੍ਹਾਂ ਮਹੱਲਾਂ ਤੇ ਸਰਕਾਰ ਮਾਣ ਕਰਦੀ ਹੈ ਇਸ ਤਰ੍ਹਾਂ ਗਰੀਬ ਆਦਮੀ ਨੂੰ ਕਮਜ਼ੋਰ ਕੀਤਾ ਜਾ ਰਿਹਾ ਹੈ ਜਾਣ ਬੁਝ ਕੇ ਪਛੜਿਆ ਬਣਾਇਆ ਜਾ ਰਿਹਾ ਹੈ। ਇਨ੍ਹਾਂ ਦੀ ਇਹ ਗ਼ਲਤ ਨੀਤੀ ਹੈ। ਸਰਕਾਰ ਨੂੰ ਮਹੱਲ ਬਨਾਣ ਦੀ ਥਾਂ ਸਕੂਲ, ਕਾਲਜ ਜਾਂ ਹਸਪਤਾਲਾਂ ਦੀਆਂ ਬਿਲਡਿੰਗਾਂ ਬਣਾਉਣੀਆਂ ਚਾਹੀਦੀਆਂ ਹਨ। ਤੇ ਜੇਕਰ ਇਸ ਤਰ੍ਹਾਂ ਬਣ ਜਾਂਦਾ ਤਾਂ ਲੁਤਫ ਦੀ ਗਲ ਹੁੰਦੀ ਅਤੇ ਇਨ੍ਹਾਂ ਨੂੰ ਫਖਰ ਕਰਨਾ ਫਬਦਾ ਪਰ ਚੰਡੀਗੜ੍ਹ ਵਿਚ ਸੈਕਟ੍ਰੀਏਟ ਬਣਾ ਕੇ ਜਾਂ ਇਸ ਹਾਊਸ ਨੂੰ ਇੰਨਾਂ ਵਡਾ ਬਣਾ ਕੇ ਫਖਰ ਕਰਨ ਵਾਲੀ ਗਲ ਨਹੀਂ ਰਹਿ ਜਾਂਦੀ। ਇਸ ਤਰ੍ਹਾਂ ਫਖਰ ਨਾਲ ਇਹ ਕਹਿਣਾ ਕਿ ਅਸੀਂ ਆਪਣੇ ਬੈਠਣ ਲਈ ਇਕ ਆਲੀਸ਼ਾਨ ਮਹੱਲ ਤਿਆਰ ਕਰ ਲਿਆ ਹੈ ਠੀਕ ਨਹੀਂ ਅਤੇ ਇਹ ਇਕ ਇਸ ਤਰ੍ਹਾਂ ਦਾ ਤਮਾਸ਼ਾ ਹੈ, ਇਕ ਇਸ ਤਰ੍ਹਾਂ ਦਾ ਫਿਹਲ ਹੈ ਜਿਸ ਨੂੰ ਪੰਜਾਬ ਦੀ ਗਰੀਬ ਜਨਤਾ ਕਦੇ ਵੀ appreciate ਨਹੀਂ ਕਰ ਸਕਦੀ।

Deputy Speaker : The hon. Member should try to wind up his speech.

ਬਾਬੂ ਬਚਨ ਸਿੰਘ : ਮੈਂ ਡਿਪਟੀ ਸਪੀਕਰ ਸਾਹਿਬਾ, ਇਹ ਅਰਜ਼ ਕਰ ਰਿਹਾ ਸਾਂ ਕਿ ਜੋ ਮਤਾ ਸ੍ਰੀ ਰੂਪ ਸਿੰਘ ਫੂਲ ਵਲੋਂ ਇਸ ਹਾਊਸ ਵਿਚ ਪੇਸ਼ ਕੀਤਾ ਗਿਆ ਹੈ ਮੈਂ ਉਨ੍ਹਾਂ ਨੂੰ ਇਸ ਕਦਮ ਤੇ ਮੁਬਾਰਕਬਾਦ ਦਿੰਦਾ ਹਾਂ ਪਰ ਇਹ ਕਹੇ ਬਿਨਾਂ ਨਹੀਂ ਰਹਿ ਸਕਦਾ ਕਿ ਇਸ ਦੇ ਪੇਸ਼ ਕਰਨ ਵਿਚ ਇਕ political background ਹੈ ਅਤੇ, ਡਿਪਟੀ ਸਪੀਕਰ ਸਾਹਿਬਾ, ਉਹ political background ਕੀ ਹੈ ਉਹ ਇਹ ਹੈ ਕਿ ਅੱਜ ਤਕ ਦੋ ਅਜਿਹੇ ਹਲਕੇ ਰਹਿ ਗਏ ਹਨ ਜਿਨ੍ਹਾਂ ਵਿਚ ਬਰਫ ਪੈਣ ਨਾਲ ਜਾਂ ਠੰਡ ਬਹੁਤ ਹੋਣ ਕਾਰਨ ਸਿਆਲ ਹੋਣ ਕਾਰਨ ਚੋਣਾਂ ਨਹੀਂ ਕਰਾਈਆਂ ਜਾ ਸਕੀਆਂ । ਅਜਿਹੀਆਂ ਦੋ constituencies ਹਨ ਜਿਥੇ ਅਜੇ ਇਲੈਕਸ਼ਨ ਨਹੀਂ ਹੋਈ ਇਸ ਲਈ ਇਹ ਮਤਾ ਪੇਸ਼ ਕੀਤਾ ਜਾ ਰਿਹਾ ਹੈ ਤਾਂ ਕਿ ਸਰਕਾਰ ਆਪਣੀਆਂ ਵੋਟਾਂ ਨੂੰ ਪੱਕਾ ਕਰ ਸਕੇ । ਪਿਛਲੇ ੧੪ ਸਾਲ ਤਾਂ ਸਰਕਾਰ ਸੁਤੀ ਰਹੀ ਅਤੇ ਘੁਰਾੜੇ ਮਾਰਦੀ ਰਹੀ ਅਤੇ ਇਨ੍ਹਾਂ ੧੫ ਸਾਲਾਂ ਵਿਚ ਇਸ ਇਲਾਕੇ ਵਲ ਕੋਈ ਤਵਜੋ ਨਹੀਂ ਦਿਤੀ ਗਈ ਪਰ ਅਜ ਇਹ Resolution back-door ਤੋਂ ਲਿਆ ਕੇ ਯਤਨ ਕੀਤਾ ਜਾ ਰਿਹਾ ਹੈ ਕਿ ਇਕ assurance ਪਰਾਪਤ ਕਰ ਲਈ ਜਾਵੇ ਤਾਂ ਕਿ ਲੋਕਾਂ ਨੂੰ ਕਿਹਾ ਜਾ ਸਕੇ ਕਿ ਗੌਰਮੈਂਟ ਕਿੰਨੀ ਇਸ ਇਲਾਕੇ ਦੀ ਖੈਰਖਾਹ ਹੈ ਕਿ ਇਸ ਨੇ ਚੋਣਾਂ ਤੋਂ ਪਹਿਲਾਂ ਹੀ ਇਕ resolution ਹਾਊਸ ਵਿਚ ਪੇਸ਼ ਕੀਤਾ ਸੀ । ਇਸ ਦਾ ਅਸਲ ਮਕਸਦ ਸੀ ਵੋਟਾਂ ਪਰਾਪਤ ਕਰਨਾ ਅਤੇ ਪੁਰਾਣੀ ਅਣਗਹਿਲੀ ਅਤੇ ਗਫਲਤ ਨੂੰ ਦਬਾਣ ਦਾ ਯਤਨ ਕੀਤਾ ਗਿਆ ਹੈ । ਜੇਕਰ ਸਰਕਾਰ ਦੇ ਦਿਲ ਵਿਚ ਜ਼ਰਾ ਜਿੰਨਾ ਵੀ ਦਰਦ ਹੈ, ਲੋਕ ਭਲਾਈ ਦਾ ਜਜ਼ਬਾ ਹੈ ਤਾਂ ਫਿਰ ਸਾਰਿਆਂ ਨੂੰ at par ਲਿਆਉਣ ਦਾ ਯਤਨ ਕਰਨਾ ਚਾਹੀਦਾ ਹੈ । ਇਹ ਕਦਮ ਚੰਗਾ ਹੈ ਦੇਰ ਆਇਦ ਦਰੁਸਤ ਆਇਦ ਜਾਂ ਉਸ ਨੂੰ ਭੁਲਿਆ ਨਹੀਂ ਕਿਹਾ ਜਾਂਦਾ ਜੋ ਸ਼ਾਮ ਨੂੰ ਘਰ ਮੁੜ ਆਵੇ । ਇਸ ਲਈ ਖੂਬਸੂਰਤੀ ਇਸ ਗਲ ਵਿਚ ਨਹੀਂ ਕਿ ਆਲੀਸ਼ਾਨ ਬਿਲਡਿੰਗਾਂ ਕਾਇਮ ਕਰ ਦਿਤੀਆਂ ਜਾਣ ਸਗੋਂ ਇਸ ਗਲ ਵਿਚ ਹੈ ਕਿ ਪਛੜੇ ਇਲਾਕੇ ਵਲ ਧਿਆਨ ਦਿਤਾ ਜਾਵੇ ਇਸ ਲਈ ਮੈਂ ਇਸ resolution ਦੇ mover ਸਾਹਿਬ ਪਾਸ ਬੇਨਤੀ ਕਰਾਂਗਾ ਕਿ ਖੂਬਸੂਰਤੀ ਇਸ ਗਲ ਵਿਚ ਹੈ ਕਿ ਜ਼ਿਲ੍ਹਾ ਕਾਂਗੜਾ ਲਈ ਹੀ ਮੰਗ ਨਾ ਕੀਤੀ ਜਾਵੇ ਸਗੋਂ ਇਸ ਦੇ ਨਾਲ ਨਾਲ ਊਨਾ ਅਤੇ ਮਹਿੰਦਰ-ਗੜ੍ਹ ਦੇ ਇਲਾਕੇ ਨੂੰ ਵੀ ਸ਼ਾਮਿਲ ਕੀਤਾ ਜਾਵੇ ਅਤੇ ਲੁਹਾਰੂ ਅਤੇ ਬਠਿੰਡਾ ਡਿਸਟ੍ਰਿਕਟ ਦੀ ਸਰਦੂਲਗੜ ਤਸੀਲ ਜਿਸ ਦੇ ਬਾਰੇ ਇਹ ਮਸ਼ਹੂਰ ਸੀ ਕਿ ਇਸ ਇਲਾਕੇ ਵਿਚ ਇਕ ਵੀ ਸਕੂਲ ਨਹੀਂ, ਅਤੇ ਹੋਰਨਾ ਇਲਾਕਿਆਂ ਵਿਚ ਜਿਥੇ ਪੀਣ ਲਈ ਪਾਣੀ ਨਹੀਂ ਮਿਲਦਾ ਉਨ੍ਹਾਂ ਸਾਰਿਆਂ ਲਈ ਇਸ ਹਾਊਸ ਵਿਚ ਆਵਾਜ਼ ਬੁਲੰਦ ਕਰਨ । ਉਹ ਆਪਣੇ ਮਤੇ ਵਿਚ ਇਥੋਂ ਤਕ ਤਰਮੀਮ ਕਰ ਲੈਣ ਅਤੇ ਸਰਕਾਰ ਪਾਸ ਸਾਨੂੰ ਸਾਰਿਆਂ ਨੂੰ ਰਲ ਕੇ ਇਹ ਸਫ਼ਾਰਿਸ਼ ਕਰਨੀ ਚਾਹੀਦੀ ਹੈ ਕਿ ਮਹਿੰਦਰਗੜ੍ਹ, ਝੱਜਰ, ਲੁਹਾਰੂ ਅਤੇ ਗੁੜਗਾਵਾਂ ਦੇ ਹੋਰ ਪਛੜੇ ਇਲਾਕੇ ਅਤੇ ਗੁਰਦਾਸਪੁਰ ਦੇ ਪਛੜੇ ਇਲਾਕੇ ਵਿਚ ਸਹੂਲਤਾਂ ਦਿੱਤੀਆਂ ਜਾਣ ਅਸਾਨੂੰ ਇਸ ਗਲ ਦੀ ਮੰਗ ਕਰਨੀ ਚਾਹੀਦੀ ਹੈ ਕਿ ਇਥੇ ਕਿਸੇ ਖਾਸ ਇਲਾਕੇ ਦੀ ਨੁਮਾਇੰਦਗੀ ਦਾ ਸਵਾਲ ਨਹੀਂ ਸਗੋਂ ਸਾਡੀ ਸਰਕਾਰ ਨੂੰ ਇਸ ਗਲ ਦਾ ਤਹੱਈਆ ਕਰ ਲੈਣਾ ਚਾਹੀਦਾ ਹੈ ਕਿ ਜਿੰਨੇ ਵੀ ਪਸਮਾਂਦਾ ਇਲਾਕੇ ਹਨ, ਗਰੀਬ ਇਲਾਕੇ ਹਨ ਉਨ੍ਹਾਂ ਸਾਰਿਆਂ ਨੂੰ priority ਦੇ ਕੇ ਅਗਾਂਹ ਵਧਣ ਵਿਚ ਮਦਦ ਦਿਤੀ ਜਾਵੇ ਅਤੇ ਹਰ ਪਰਕਾਰ ਦੀਆਂ ਸਹੂਲਤਾਂ ਦਿਤੀਆਂ ਜਾਣ । ਇਸ ਦੇ ਨਾਲ ਹੀ ਮੈਂ ਇਹ ਵੀ ਬੇਨਤੀ ਕਰਾਂਗਾ ਕਿ ਜਿਹੜੇ ਇਲਾਕੇ ਤਰੱਕੀ ਯਾਫ਼ਤਾ ਹਨ ਅਤੇ

[ਬਾਬੂ ਬਚਨ ਸਿੰਘ]

ਅਗਾਂਹ ਵਧ ਗਏ ਹਨ ਉਨ੍ਹਾਂ ਨੂੰ ਵੀ ਕੁਝ ਕੁਰਬਾਨੀ ਕਰਨੀ ਚਾਹੀਦੀ ਹੈ, ਇਸ ਗਲ ਦਾ ਤਹੱਈਆ ਕਰਕੇ ਕਿ ਜਦ ਤਕ ਉਨ੍ਹਾਂ ਦੇ ਇਲਾਵਾ ਬਾਕੀ ਦੇ ਜ਼ਿਲ੍ਹੇ ਤਰੱਕੀ ਨਹੀਂ ਕਰ ਜਾਂਦੇ ਉਨ੍ਹਾਂ ਤੇ ਬੇਸ਼ਕ ਖਰਚ ਘਟ ਕਰ ਦਿਤਾ ਜਾਵੇ। ਉਨ੍ਹਾਂ ਨੂੰ ਚਾਹੀਦਾ ਹੈ ਕਿ ਪਛੜਿਆਂ ਇਲਾਕਿਆਂ ਨੂੰ ਆਪਣੇ ਨਾਲ ਲੈ ਕੇ ਤੁਰਨ। ਪਰ ਇਥੇ ਤਾਂ ਅੰਨ੍ਹਾ ਵੰਡੇ ਸ਼ੀਰਨੀ ਮੁੜ ਮੁੜ ਆਪਣੇ ਦੇ। ਸਾਨੂੰ ਪਛੜਿਆਂ ਇਲਾਕਿਆਂ ਵਿਚ economically ਅਤੇ culturally ਤਰੱਕੀ ਕਰਨ ਦੇ ਸਾਧਨ ਮੁਹੱਈਆ ਕਰਨੇ ਚਾਹੀਦੇ ਹਨ। ਇਹ ਖੁਸ਼ੀ ਦੀ ਗਲ ਹੈ ਕਿ ਪਛੜੇ ਇਲਾਕੇ ਦੀ ਤਰੱਕੀ ਲਈ ਇਕ ਚਕਰ ਚਲ ਪਿਆ ਹੈ ਅਤੇ ਚਾਹੀਦਾ ਹੈ ਕਿ ਸਾਰੇ ਪਛੜੇ ਇਲਾਕੇ ਨੂੰ ਅਗਾਂਹ ਵਧਣ ਲਈ ਸਹੂਲਤਾਂ ਦਿਤੀਆਂ ਜਾਣ। ਪਰ ਮੈਨੂੰ ਅਫਸੋਸ ਨਾਲ ਇਹ ਕਹਿਣਾ ਪੈਂਦਾ ਹੈ ਕਿ ਇਸ ਸਰਕਾਰ ਨੇ ਦੋ standard ਰਖੇ ਹੋਏ ਹਨ। ਜੇਕਰ ਸਰਕਾਰ ਨੇ ਦਿੱਲੀ ਤੋਂ ਕੋਈ ਗਰਾਂਟ ਲੈਣੀ ਹੋਵੇ ਤਾਂ ਇਹ ਕਿਹਾ ਜਾਂਦਾ ਹੈ ਕਿ ਸਾਡੇ ਪੰਜਾਬ ਨੇ ਤਰੱਕੀ ਕੀਤੀ ਹੈ ਇਸ ਲਈ ਸਾਨੂੰ ਬਹੁਤ ਜ਼ਿਆਦਾ ਗਰਾਂਟ ਦੇਣੀ ਚਾਹੀਦੀ ਹੈ। ਇਹ ਦਲੀਲ ਤਾਂ ਮੈਂ ਪਹਿਲੀ ਵੇਰ ਇਸ ਸਰਕਾਰ ਦੀ ਸੁਣੀ ਹੈ ਕਿ ਕਿਉਂਕਿ ਅਸੀਂ ਤਰੱਕੀ ਬਹੁਤ ਕਰ ਲਈ ਹੈ ਇਸ ਲਈ ਸਾਨੂੰ ਵਧ grant-in-aid ਮਿਲਣੀ ਚਾਹੀਦੀ ਹੈ। ਅਤੇ ਦੂਜਾ ਕੇਸ ਆਪਣੇ ਬਜਟ ਵਿਚ ਜਾਂ ਆਪਣੇ ਅੰਦਰ ਦੇ ਹਾਲਾਤ ਵਿਚ ਹੈ ਕਿ ਇਹ ਕਹਿਣਗੇ ਕਿ ਇਲਾਕਾ ਬਹੁਤ ਪਛੜਿਆ ਹੋਇਆ ਹੈ ਇਸ ਲਈ ਇਸ ਨੂੰ ਗਰਾਂਟ ਦੇਣੀ ਚਾਹੀਦੀ ਹੈ ਤਾਂ ਜੋ ਪਛੜੇ ਇਲਾਕੇ ਦੀ ਤਰੱਕੀ ਕੀਤੀ ਜਾ ਸਕੇ। ਜਦੋਂ ਤਕ ਅਸੀਂ ਇਸ ਤਰ੍ਹਾਂ ਦੇ ਦੋ ਕਿਸਮ ਦੇ standard ਰਖਾਂਗੇ ਸਾਡੀਆਂ ਤਰੱਕੀ ਦੀਆਂ ਸਕੀਮਾਂ ਕਦੇ ਕਾਮਿਆਬ ਨਹੀਂ ਹੋ ਸਕਦੀਆਂ। ਇਸ ਲਈ ਸਾਡੀ ਸਰਕਾਰ ਨੂੰ ਜਿੰਨੇ ਵੀ backward areas ਹਨ ਉਨ੍ਹਾਂ ਵਲ ਹਮਦਰਦੀ ਕਰਨੀ ਚਾਹੀਦੀ ਹੈ ਅਤੇ ਤਰੱਕੀ ਦੀਆਂ ਸਕੀਮਾਂ ਨਾਲ ਉਨ੍ਹਾਂ ਨੂੰ ਤਰੱਕੀ ਮਿਲਣੀ ਚਾਹੀਦੀ ਹੈ ਨਹੀਂ ਤਾਂ 30 ਜਾਂ 35 ਸਾਲ ਚਲਕੇ ਵੀ ਜਰਮਨੀ ਵਾਲਾ ਹਾਲ ਨਾ ਹੋ ਜਾਵੇ। ਹਿਟਲਰ ਤੇ ਗੋਬਲਜ਼ ਨੇ ਕੀ ਆਸ਼ਵਾਸਨ ਦਿਤੇ ਸਨ ਸਭ ਜਾਣਦੇ ਹਨ। ਅੱਜ ਜਿਸ ਦੇਸ ਵਿਚ ਮਹਾਤਮਾ ਗਾਂਧੀ ਦਾ ਨਾਮ ਲਿਆ ਜਾਂਦਾ ਹੈ ਜਿਸ ਦੇਸ਼ ਵਿਚ ਮਹਾਤਮਾ ਗਾਂਧੀ ਨੂੰ ਬਾਪੂ ਮੰਨਿਆ ਜਾਂਦਾ ਹੈ ਉਸ ਦੇ ਕਹਿਣ ਤੇ ਸਰਕਾਰ ਨਹੀਂ ਚਲਦੀ ਉਨ੍ਹਾਂ ਨੇ ਇਹ ਕਿਹਾ ਸੀ ਕਿ ਮੇਰੀ ਇਕ ਗਲ ਤਵੀਤ ਵਿਚ ਮੜ੍ਹਾ ਕੇ ਗਲ ਵਿਚ ਪਾ ਲਉ ਕਿ ਜਦ ਤਕ ਦੇਸ਼ ਵਿਚ ਨੰਗਾ ਨੰਗਾ ਹੈ ਤੇ ਭੁੱਖਾ ਭੁਖਾ ਹੈ ਮੈਂ ਆਪਣੇ ਆਪ ਨੂੰ ਨੂੰ ਨੰਗਾ ਤੇ ਭੁਖਾ ਸਮਝਾਂਗਾ। ਮੇਰੀ ਇਸ ਮਤੇ ਵਿਚ ਇਹ ਤਰਮੀਮ ਹੈ ਕਿ ਇਸ ਮੰਗ ਨੂੰ ਹੋਰ ਖੂਬਸੂਰਤ ਬਣਾ ਦਿਤਾ ਜਾਵੇ ਅਤੇ ਮੇਰਾ ਖਿਆਲ ਹੈ ਸਾਰਾ ਹਾਊਸ ਇਸ ਗਲ ਨਾਲ ਸਹਿਮਤ ਹੋਵੇਗਾ, ਅਤੇ ਇਸ ਮਤੇ ਨੂੰ ਪੇਸ਼ ਕਰਨ ਵਾਲੇ ਸ਼੍ਰੀ ਰੂਪ ਸਿੰਘ ਫੂਲ ਵੀ ਸਹਿਮਤ ਹੋਣਗੇ ਕਿ ਜ਼ਿਲ੍ਹਾ ਕਾਂਗੜਾ ਦੀ ਇਕੱਲੀ ਮੰਗ ਦੇ ਨਾਲ ਨਾਲ ਬਾਕੀ ਪਛੜੇ ਇਲਾਕਿਆਂ ਦੀ ਮੰਗ ਵੀ ਸ਼ਾਮਿਲ ਕਰ ਦਿਤੀ ਜਾਵੇ ਇਕ criterion ਅਤੇ ਇਕ ਅਸੂਲ ਦੇ ਮੁਤਾਬਿਕ ਇਹ ਮੰਗ ਕਰਨੀ ਚਾਹੀਦੀ ਹੈ ਕਿ ਜਿੰਨੇ ਵੀ backward areas ਹਨ ਉਨ੍ਹਾਂ ਵਿਚ ਤਾਲੀਮੀ ਸਹੂਲਤਾਂ ਦਿੱਤੀਆਂ ਜਾਣ ਤਾਂ ਜੋ ਉਹ ਪਛੜੇ ਨਾ ਰਹਿ ਸਕਣ। ਇਸ ਦੇ ਨਾਲ ਨਾਲ ਮੈਂ ਇਹ ਵੀ ਅਰਜ਼ ਕਰਾਂਗਾ ਕਿ ਜਿਸ ਤਰ੍ਹਾਂ ਨਾਲ ਇਹ ਵੀ ਮਤੇ ਵਿਚ ਸ਼ਾਮਿਲ ਕਰ ਦਿਤਾ ਗਿਆ ਹੈ ਕਿ ਮਿਡਲ ਪਾਸ ਲੜਕੀਆਂ ਨੂੰ ਵੀ ਸਿਖਲਾਈ ਦਿਤੀ ਜਾ ਸਕਿਆ ਕਰੇ ਇਹ ਬਹੁਤ ਚੰਗੀ ਸਲਾਹ ਹੈ ਮੈਂ ਇਹ suggest ਕਰਾਂਗਾ ਕਿ ਜੇਕਰ ਸਰਕਾਰ ਲੜਕੀਆਂ ਦੀ education

ਦੇ ਹਿਤ ਲਈ ਕੰਮ ਕਰਨਾ ਚਾਹੁੰਦੀ ਹੈ ਤਾਂ ਜਿੰਨੀਆਂ ਵੀ ਲੜਕੀਆਂ ਮਿਡਲ ਪਾਸ ਹਨ ਉਨ੍ਹਾਂ ਲਈ ਦਾਖਲੇ ਤੇ ਕੋਈ ਪਾਬੰਦੀ ਨਹੀਂ ਰਹਿਣੀ ਚਾਹੀਦੀ ।

ਡਿਪਟੀ ਸਪੀਕਰ ਸਾਹਿਬਾ, ਲੜਕੀਆਂ ਦੇ ਸਿਲਸਿਲੇ ਵਿਚ ਅਕਸਰ ਇਹ ਵੇਖਿਆ ਗਿਆ ਹੈ ਕਿ ਇਕ ਜ਼ਿਲ੍ਹੇ ਦੀ ਵਸਨੀਕ ਲੜਕੀ ਦੂਸਰੇ ਜ਼ਿਲ੍ਹੇ ਵਿਚ ਜਾਕੇ service ਕਰਨਾ ਪਸੰਦ ਨਹੀਂ ਕਰਦੀ । ਇਹ ਦਿੱਕਤ ਸਿਰਫ ਕੁੰਵਾਰੀਆਂ ਲੜਕੀਆਂ ਸਬੰਧੀ ਨਹੀਂ, ਸ਼ਾਦੀ ਸ਼ੁਦਾ ਸਬੰਧੀ ਵੀ ਹੈ । ਸਰਕਾਰ ਦਾ ਕਾਨੂੰਨ ਇਹ ਹੈ ਕਿ ਕਿਸੇ ਨੂੰ ਉਸ ਦੇ ਘਰ ਦੇ 10 ਮੀਲ ਦੇ ਅੰਦਰ ਦੇ area ਵਿੱਚ ਨਾ ਲਾਇਆ ਜਾਵੇ ਪਰ ਮੈਂ ਅਰਜ਼ ਕਰਾਂ ਕਿ ਲੜਕੀਆਂ ਦੀ ਸੂਰਤ ਵਿੱਚ ਇਹ ਸ਼ਰਤ ਨਹੀਂ ਹੋਣੀ ਚਾਹੀਦੀ । ਉਨ੍ਹਾਂ ਨੂੰ ਜ਼ਿਆਦਾ ਤੋਂ ਜ਼ਿਆਦਾ ਘਰ ਦੇ ਨਜ਼ਦੀਕ ਲਾਉਣਾ ਚਾਹੀਦਾ ਹੈ । ਇਸ ਗੱਲ ਦਾ ਮੈਨੂੰ ਹੀ ਨਹੀਂ ਮਨਿਸਟਰ ਸਾਹਿਬਾਨ ਅਤੇ ਮੈਂਬਰ ਸਾਹਿਬਾਨ ਨੂੰ ਵੀ ਪਤਾ ਹੈ ਕਿ ਟੀਚਰਾਂ ਪਾਸ ਸਾਈਕਲ ਰੱਖੇ ਹੋਏ ਹਨ, ਆਪਣੇ ਘਰਾਂ ਤੋਂ ੧੦--੧੫ ਮੀਲ ਦੀ ਦੂਰੀ ਤੇ ਰੋਜ਼ਾਨਾ ਪੜ੍ਹਾਉਣ ਜਾਂਦੇ ਹਨ । ਅਗਰ ਤੁਸੀਂ ਇਨ੍ਹਾਂ ਲੋਕਾਂ ਨੂੰ ਕਿਸੇ ਤਰ੍ਹਾਂ ਦੀਆਂ ਸਹੂਲਤਾਂ ਦਿਉ ਤਾਂ ਉਹ ਵੀ ਆਪਣੇ ਕੰਮ ਦੀ ਜ਼ਿੰਮੇਵਾਰੀ ਦਾ ਅਹਿਸਾਸ ਕਰਨਗੇ । ਪਰ ਤੁਸੀਂ ਟੀਚਰਾਂ ਨੂੰ, ਨਰਸਾਂ ਨੂੰ ਉਨ੍ਹਾਂ ਦੇ ਘਰਾਂ ਤੋਂ ਦੂਰ transfer ਕਰ ਦਿੰਦੇ ਹੋ ਜਿਸ ਨਾਲ ਉਨ੍ਹਾਂ ਵਿਚ service ਕਰਨ ਦਾ ਵੀ ਪੂਰਾ ਉਤਸ਼ਾਹ ਨਹੀਂ ਰਹਿੰਦਾ, ਅਸੀਂ ਚਾਹੁੰਦੇ ਹਾਂ ਕਿ ਉਨ੍ਹਾਂ ਨੂੰ ਘਰਾਂ ਦੇ ਨਜ਼ਦੀਕ service ਤੇ ਲਾਇਆ ਜਾਵੇ । ਇਸ ਵਿਚ ਬਿਲਕੁਲ ਕੋਈ ਹਰਜ ਨਹੀਂ ।

ਸਹਾਇਤਾ ਤੇ ਪੁਨਰਵਾਸ ਰਾਜ ਮੰਤਰੀ (ਸਰਦਾਰ ਪ੍ਰੇਮ ਸਿੰਘ ਪ੍ਰੇਮ) : On a point of order, Madam. ਡਿਪਟੀ ਸਪੀਕਰ ਸਾਹਿਬਾ, ਮੈਂ ਤਾਂ ਇਹੋ ਅਰਜ਼ ਕਰਨੀ ਹੈ ਕਿ ਇਹ ਜਿਹੜੀ ਤਕਰੀਰ ਬਾਬੂ ਬਚਨ ਸਿੰਘ ਜੀ ਕਰ ਰਹੇ ਹਨ ਇਸ ਦਾ ਮੌਜੂਦਾ resolution ਨਾਲ ਕੀ ਤਆਲੁਕ ਹੈ । He is irrelevant and is not speaking on the Resolution but on other things.

ਡਿਪਟੀ ਸਪੀਕਰ : ਪਰ ਤੁਹਾਡਾ point of order ਵੀ ਠੀਕ ਨਹੀਂ । (But the point of order of the hon. Minister is also not correct).

ਬਾਬੂ ਬਚਨ ਸਿੰਘ : ਡਿਪਟੀ ਸਪੀਕਰ ਸਾਹਿਬਾ, ਮੈਨੂੰ ਇਸ ਗੱਲ ਦਾ ਅਫਸੋਸ ਹੈ ਕਿ Hon'ble Minister ਨੂੰ ਇਹ ਵੀ ਪਤਾ ਨਹੀਂ ਕਿ ਮੈਂ ਤਾਲੀਮ ਤੇ ਬੋਲ ਰਿਹਾ ਹਾਂ ਔਰ ਆਪਣੇ point ਨੂੰ clear ਕਰਨ ਵਾਸਤੇ, ਜੋ ਦਿਕਤ ਲੜਕੀਆਂ ਨੂੰ ਉਨ੍ਹਾਂ ਦੇ ਘਰਾਂ ਤੋਂ ਦੂਰ transfer ਹੋਣ ਤੋਂ ਬਾਅਦ ਪੇਸ਼ ਆਉਂਦੀ ਹੈ ਉਸ ਦਾ ਜ਼ਿਕਰ ਕਰ ਰਿਹਾ ਹਾਂ ।

सहायता तथा पुनर्वास मन्त्री (सरदार प्रेम सिंह प्रेम) : यह भी irrelevant है क्योंकि resolution तो है कांगड़ा के मुताल्लिक और वहां पर ज्यादा

[सरदार प्रेम सिंह प्रेम]

स्कूल खोलने, higher secondary standard तक मुफत तालीम देने वगरह के मुताल्लिक और मैम्बर साहिब जो कुछ कह रहे हैं वह बिल्कुल irrelevant है . . .

उपाध्यक्ष महोदया : आप point of order raise कर रहे हैं या lecture दे रहे हैं ? (Is the hon. Minister raising a point of order or delivering a speech ?) (Thumping from the Opposition Benches).

सहायता तथा पुनर्वास मंत्री (सरदार प्रेम सिंह प्रेम) : मैं point of order raise कर रहा हूं .... (*interruptions*). . .

Deputy Speaker : No interruption please.

सरदार प्रेम सिंह प्रेम : मैं इन के बोलने से पहले आप की ruling चाहता हूं ।

उपाध्यक्ष महोदया : आप chair को address करें और wind up करें । (The hon. Member (Baboo Bachan Singh) should address the Chair and wind up now.)

ਬਾਬੂ ਬਚਨ ਸਿੰਘ : ਚਲੋ ਜੀ, ਮੈਂ ਕਾਂਗੜੇ ਦੇ ਮੁਤਾਲਿਕ ਹੀ ਅਰਜ਼ ਕਰਦਾ ਹਾਂ । ਜ਼ਿਲ੍ਹਾ ਕਾਂਗੜਾ ਵਿੱਚ ਅਵੱਲ ਤਾਂ ਦਸਵੀਂ ਪੜ੍ਹੀਆਂ ਕੁੜੀਆਂ ਮਿਲਦੀਆਂ ਹੀ ਨਹੀਂ ਅਤੇ ਜੇ ਮਿਲਦੀਆਂ ਵੀ ਹਨ ਤਾਂ ਉਹ ਆਪਣੇ ਘਰੋਂ ਬਾਹਰ ਜਾਣਾ ਪਸੰਦ ਹੀ ਨਹੀਂ ਕਰਦੀਆਂ । ਮੇਰੇ ਵੀਰ ਨੇ ਤਾਂ ਉਹੀ ਗੱਲ ਕੀਤੀ ਹੈ ਜਿਵੇਂ ਕੋਈ ਸਾਰੀ ਰਾਤ ਹੀਰ ਗਾਉਂਦਾ ਰਿਹਾ ਹੋਵੇ ਅਤੇ ਤੜਕੇ ਨੂੰ ਇਕ ਸੁੱਤਾ ਹੋਇਆ ਉਠ ਕੇ ਕਹਿ ਦੇਵੇ ਕਿ ਇਕ ਕਲੀ ਹੀਰ ਦੀ ਵੀ ਲਾ ਦੇ । ਮੈਂ ਤਾਂ ਹੁਣ ਤੱਕ ਤਾਲੀਮ ਤੇ ਹੀ ਬੋਲਦਾ ਆ ਰਿਹਾ ਹਾਂ । (*interruptions*)

उपाध्यक्ष महोदया : आप wind up करें । No interruption please. (The hon. Member should wind up now. No interruption please).

ਬਾਬੂ ਬਚਨ ਸਿੰਘ : ਮੈਂ ਅਰਜ਼ ਕਰ ਰਿਹਾ ਸੀ ਕਿ ਜਿਵੇਂ ਕਿ mover ਨੇ ਕਿਹਾ ਹੈ ਕਿ ਜ਼ਿਲ੍ਹਾ ਕਾਂਗੜਾ ਵਿੱਚ ਦਸਵੀਂ ਪਾਸ ਕੁੜੀ ਨਹੀਂ ਮਿਲਦੀ ਅਤੇ ਜੇ ਕੋਈ ਮਿਲਦੀ ਵੀ ਹੈ ਉਹ ਪੜ੍ਹਾਉਣ ਵਾਸਤੇ ਬਾਹਰ ਜਾਣ ਨੂੰ ਤਿਆਰ ਨਹੀਂ । ਇਸ ਲਈ ਲੜਕੀਆਂ ਦੇ ਸਿਲਸਿਲੇ ਵਿਚ ਕੋਈ ਖਾਸ ਰਿਆਇਤ ਹੋਣੀ ਚਾਹੀਦੀ ਹੈ । ਮੈਂ ਦੂਸਰੇ item middle class ਵਾਲੇ ਤੇ ਬੋਲ ਰਿਹਾ ਸੀ ਜਦੋਂ ਸਰਦਾਰ ਪ੍ਰੇਮ ਸਿੰਘ ਮੇਰੀ ਗੱਲ ਨੂੰ ਟੋਕਣ ਵਾਸਤੇ ਖੜੇ ਹੋ ਗਏ । ਮੈਂ ਇਹ ਕਿਹਾ ਸੀ ਕਿ schools ਵਿੱਚ efficiency ਵਧਾਉਣ

ਵਾਸਤੇ ਮੈਂ ਇਕ suggestion ਦੇਣ ਲੱਗਾ ਸੀ ਕਿ training ਦੀ ਸੂਰਤ ਵਿੱਚ ਇਕ ਸ਼ਰਤ ਲਾਈ ਜਾਵੇ ਪਰ ਉਹ ਤਾਂ ਟੋਕਣਾ ਚਾਹੁੰਦੇ ਸੀ ਹੋਰ ਕੋਈ ਉਨ੍ਹਾਂ ਦਾ ਮਤਲਬ ਨਹੀਂ ਸੀ ......

Deputy Speaker : Please do not address Sardar Prem Singh Prem but address the Chair.

ਸ੍ਰੀਮਤੀ ਸਰਲਾ ਦੇਵੀ : On a point of information, Madam, ਮੈਂ ਇਹ ਪੁਛਣਾ ਚਾਹੁੰਦੀ ਹਾਂ ਕਿ $1\frac{1}{2}$ ਵਜੇ ਤੱਕ ਕੀ ਇਹ ਹੀ ਬੋਲਣਗੇ ਯਾ ਕਿਸੇ ਹੋਰ ਨੂੰ ਵੀ ਬੋਲਣ ਲਈ ਮੌਕਾ ਦਿਤਾ ਜਾਵੇਗਾ ?

ਡਿਪਟੀ ਸਪੀਕਰ : ਸਭ ਦੀ ਵਾਰੀ ਆਏਗੀ ਇਹ ਹੁਣ ਖਤਮ ਹੀ ਕਰ ਰਹੇ ਹਨ । (He is winding up, every body will be allowed to speak.)

ਬਾਬੂ ਬਚਨ ਸਿੰਘ : ਮੈਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਭੈਣ ਸਰਲਾ ਦੇਵੀ ਇਤਨੇ ਅਰਸੇ ਤੋਂ ਇਸ ਵਿਧਾਨ ਸਭਾ ਦੇ ਮੈਂਬਰ ਚਲੇ ਆ ਰਹੇ ਹਨ ਪਰ ਉਨ੍ਹਾਂ ਨੂੰ ਇਹ ਵੀ ਨਹੀਂ ਪਤਾ ਕਿ point of information ਹੁੰਦਾ ਕੀ ਹੈ । ਜੇ ਉਨ੍ਹਾਂ ਨੇ ਪੁਛਣਾ ਸੀ ਤਾਂ ਮੇਰੇ ਤੋਂ ਕੁਝ ਪੁਛ ਲੈਂਦੇ ਪਰ ਉਨ੍ਹਾਂ ਨੇ ਤਾਂ ਮੇਰੇ ਤੇ ਇਤਰਾਜ਼ ਕਰਨਾ ਸੀ । ਮੇਰੀ ਗੁਜ਼ਾਰਸ਼ ਤਾਂ ਇਹੋ ਹੈ ਕਿ ਜਿਹੜੀਆਂ ਲੜਕੀਆਂ middle ਪਾਸ ਹਨ ਅਤੇ ਉਹ training ਲੈਣਾ ਚਾਹੁੰਦੀਆਂ ਹਨ ਉਨ੍ਹਾਂ ਤੇ ਇਹ ਸ਼ਰਤ ਲਾ ਦਿੱਤੀ ਜਾਵੇ ਕਿ ਜੇ ਕਰ ਉਹ 5 ਸਾਲ ਦੇ ਅੰਦਰ matric ਪਾਸ ਕਰ ਲੈਣ ਤਾਂ ਉਨ੍ਹਾਂ ਨੂੰ service ਵਿੱਚ ਰਖਿਆ ਜਾਵੇਗਾ ।

ਆਖੀਰ ਵਿਚ, ਮੈਂ ਆਪਦਾ ਸ਼ੁਕਰੀਆ ਅਦਾ ਕਰਦਾ ਹਾਂ ਅਤੇ ਅਪੀਲ ਕਰਦਾ ਹਾਂ ਕਿ mover ਸਾਹਿਬ ਦੀ amendment ਮੰਨ ਲੈਣੀ ਚਾਹੀਦੀ ਹੈ ।

Deputy Speaker : Motion moved.

In line 3, delete "hilly".

In lines 1-2 in sub-para (ii) between 'District' and 'who' insert' 'and other backward areas'.

In line 3 of Sub-para (iii) substitute 'backward areas' for "hilly districts".

Shri Mangal Sein (Rohtak) : Sir, I beg to move—.

In lines 2, *between* "District" *and* "and" insert "Haryana".

In line 3, sub-para (iii), *between* "Kangra" *and* "and" insert "Haryana".

[श्री मंगल सैन]

डिप्टी स्पीकर महोदया, फूल जी ने आज सदन में यह प्रस्ताव पेश करके कांगड़े के पहाड़ी क्षेत्र की निर्धन और युगों से सताई हुई जनता की पुकार को इस सदन और आप के द्वारा इस सरकार तक पहुंचाने का यत्न किया है। इस क्षेत्र के इक्तसादी तौर पर और शिक्षा के क्षेत्र में पिछड़ा हुआ होने के कारण उन्होंने इस प्रस्ताव में यह यह सहूलतें मांगी हैं: लड़के और लड़कियों को Higher Secondary Standard तक शिक्षा मुफत मिले; कांगड़े के ज़िले की जो लड़कियां middle पास कर लें उन्हें J.B.T. की class में दाखला मिले; कांगड़े के ग्रामीण क्षेत्रों में अनेकानेक शिक्षण संस्थाएं खोली जाएं। मुझ से पहले बोलने वाले माननीय मैम्बर बाबू बचन सिंह जी ने इस प्रस्ताव में संशोधन रखा। उन से पहले भी एक महानुभाव ने संशोधन रखा। मैं ने भी इस में संशोधन पेश किया है। मेरे इलाके के पिछड़ा होने के पीछे एक कहानी है। अंग्रेज़ ने जानबूझ कर इस इलाके को भी कांगड़े की ही तरह अनपढ़ और दूसरी हर

11.00 a.m.

प्रकार से पिछड़ा हुआ रखा। अपने regime को मज़बूत बनाये रखने के लिए इस इलाके के आदमियों को पढ़ने नहीं दिया। इस इलाके की जनता को खासतौर से शिक्षा की दृष्टि से पिछड़ा रखा। पानी का भी प्रबन्ध नहीं किया गया और जिसके परिणामस्वरूप वहां का किसान और ज़मींदार कुछ आमदन नहीं कर सका। लाचार हो कर उसे फौज में भरती होना पड़ा। और कुछ लोगों ने इन गरीब आदमियों को फौज में भेज कर अंग्रेज़ों से मुरब्बे और सहूलतें ग्रहण की। राजनीतिक दृष्टि से भी उस इलाके को पिछड़ा रखा गया क्योंकि पश्चिमी पंजाब के लोग पंजाब के हुक्मरान होते थे इसलिए उन लोगों ने रावी के पार के इलाके को ही सारी तरक्कियां दीं। और रावलपिंडी, सरगोधा, मिंटगोमरी वग़ैरह के इलाकों में तरक्की हुई लेकिन उस पर उसके बरअक्स हिन्दी रिजिन वाला इलाका, रोहतक, गुड़गांव और महेन्द्रगढ़ का इलाका वग़ैरह की तरफ ध्यान नहीं दिया। और जब बटवारा हुआ तो फिर इस पार्टी ने, जो आज पावर में है और जिसकी आदत ही लड़ने-झगड़ने और छीना-झपटी की है, अपने स्वभाव के अनुसार इसने लूटमार की और इस लूटमार में हमारा इलाका पिछड़ा रखा गया (विघ्न....) और उस इलाके की कोई परवाह नहीं की....

उपाध्यक्ष महोदया : आप रेज़ोल्यूशन पर बोलिये। (The hon. Member should speak on the resolution.)

श्री मंगल सैन : तो, जनाब डिप्टी स्पीकर साहिबा, मैं यही कहना चाहता हूं कि आज भी उस इलाके का यह हाल है कि जितनी वहां की आबादी है इसके अनुसार वहां पर स्कूल नहीं हैं, हायर सैकंडरी स्कूल नहीं हैं। मैं जानता हूं कि इस वक्त जो शिक्षा मंत्री यहां हाउस में विद्यमान हैं, उन्हें हमारे क्षेत्र से पूरी हमदर्दी है। मुझे इस बात की बड़ी खुशी है कि जो डिप्टी स्पीकर साहिबा सदन के इतने बड़े पद पर विराजमान हैं, वे रोहतक शहर के एक क्षेत्र गांधीनगर के बारे में भली प्रकार जानती हैं कि वहां पर दो स्कूल हैं जिनमें 600 और 700 लड़के-लड़कियां तालीम

हासिल करते हैं लेकिन उनके बैठने के लिए सिर्फ 3, 3 कमरे हैं। लोग लानत भेजते हैं, फटकार भेजते हैं....

उपाध्यक्ष महोदया : मैं ग्रानरेबल मैम्बर से request करूंगी कि यहां हाउस के ग्रन्दर language ग्रच्छी बोली जाए। (I will request the hon. Member to use decent language in the House.)

श्री मंगल सैन : ग्राप ही बता दीजिए कौन सी भाषा बोली जाए। ग्रगर मेरी language पर कोई ग्रापत्ति है तो मुझे बता दिया जाए कि मैं वे शब्द इस्तेमाल न करूं जो यहां नहीं बोले जाने चाहिएं।

उपाध्यक्ष महोदया : Language dignified होनी चाहिए। (The language should be dignified.)

श्री मंगल सैन : मैं गांधी नगर की तरफ शिक्षा मंत्री का ध्यान ग्राकर्षित कर रहा था कि वहां पर बच्चों का उन कमरों में बैठना भी मुश्किल है। उन नौनिहालों को जिन्होंने देश का भाग्य निर्माण करना है उन्हें पशुग्रों की तरह से कमरों में ठूंस-ठूंस कर भर दिया जाता है। यह प्राइमरी ग्रौर मिडल स्कूलों का हाल है इनकी तरफ शिक्षा मंत्री ध्यान दें ग्रौर इस हाउस में कहें कि कब तक यह कमियां दूर हो जाएंगी। इसका ग्राश्वासन दें। मैंने ग्रपने संशोधन के द्वारा यह ग्रर्ज़ की है कि हरियाना के इलाके की तरफ भी शुल्क ग्रथवा फ़ीस माफ़ करने का कदम उठाया जाए। जिस प्रकार कांगड़ा क्षेत्र निर्धन है उसी प्रकार यह इलाका भी निर्धन है। ग्राप वहां जा कर देखिए तो पता चलेगा कि हज़ारों परिवार ऐसे हैं जिन्हें भर पेट भोजन नहीं मिलता। डिप्टी स्पीकर साहिबा, यह किसी देश के लिए शोभा नहीं देता कि जनता इसलिए तालीम हासिल न कर सके क्योंकि उसकी economy sound नहीं है। इसलिए हमें ग्रौर हमारी सरकार को यह चाहिए कि ग्रपने देश की ग्रार्थिक दशा सुधारें। हरियाना शिक्षा की दृष्टि से, उद्योग की दृष्टी से, पिछड़ा हुग्रा है। ग्रौर इसका कारण यह है कि यहां पर छीना-झपटी होती रहती है ग्रौर industry वग़ैरह या सहूलतें उन इलाकों में दी जाती हैं जहां industry already developed होती है। भगवान न करे कि कल कहीं देश के ऊपर संकट ग्रा जाए ग्रौर मनग्रत centralized होने के कारण हम उस संकट का सामना करने में ग्रसमर्थ रहें। ऐसे काल में यानी युद्ध काल में तभी लाभ होता है देश को, जब कि इंडस्ट्री बिखरी हुई हो।

मैं निवेदन करना चाहता हूं कि हिन्दी रिजिन जिसमें रोहतक जिला भी शामिल है उसकी तरफ भी ध्यान दिया जाए ग्रौर हायर सैकंडरी तालीम प्राप्त करने के लिए बच्चों की फ़ीस माफ़ की जाए।

डिप्टी स्पीकर साहिबा, ग्राप ग्रच्छी तरह से जानते हैं कि कई सालों से रोहतक ज़िले में बाढ़ ग्रा रही है। यहां का किसान ग्रपना पसीना बहा कर, हल जोत कर

[श्री मंगल सैन]

अनाज पैदा करता है, लेकिन सरकार की ग़लती की वजह से हर साल करोड़ों रुपये की फसल बरबाद हो जाती है। खेतों में पानी खड़ा रहने से फसल खड़ी २ बरबाद हो जाती है।

उपाध्यक्ष महोदया : माननीय मैम्बर education पर बोलें। (The hon. Member should speak on education.)

श्री मंगल सैन : डिप्टी स्पीकर साहिबा, जब तक इस ज़िले में लोगों की economic condition में सुधार न हो तब तक वे educationally advanced कैसे हो सकते हैं क्योंकि शिक्षा भी तो पैसा खर्च करके ग्रहण की जा सकती है, पैसे के बिना वास्तव में किसी भी क्षेत्र में भी उन्नति नहीं की जा सकती। इसलिये डिप्टी स्पीकर साहिबा, मैं आप के द्वारा गवर्नमैंट से प्रार्थना करूंगा कि वे जान-बूझ कर इसे पानी में डुबोने की कोशिश न करें। जब इस ज़िले में बाढ़ के कारण फसलें बरबाद हो जाती हैं तो गवर्नमैंट भोले-भाले किसानों को खरीदने के लिये ख़ैरात बांटना शुरू कर देती है। इसलिये मैं निवेदन करूंगा कि रोहतक ज़िला flooded area होने के कारण यहां लड़के और लड़कियों की फ़ीस माफ़ कर दी जाए। जिस तरह से अमृतसर ज़िले में floods आने की वजह से higher secondary education free कर दी गई है इसी प्रकार सरकार को यही नीति यहां भी अपनानी चाहिये।

Deputy Speaker : Please wind up your speech.

श्री मंगल सैन : डिप्टी स्पीकर साहिबा, मैं अपनी speech जल्दी ही समाप्त कर देता हूं। मैं आप के द्वारा यह निवेदन करना चाहता हूं कि हरियाना का इलाका जो इस सरकार की negligence के कारण economically, politically और educationally जानबूझ कर backward रखा गया है इस वजह से वहां की जनता बहुत नाराज़ है क्योंकि वह महसूस करती है कि उन के साथ सौतेली मां का सलूक किया जा रहा है इसलिये इस बात की ज़रूरत है कि वहां की व्यवस्था सुधारने के लिये शिक्षा संस्थाएं खोली जायें और middle pass लड़कियों को J.B.T. class की training हासिल करने की सुविधाएं मिलनी चाहियें। खासतौर पर सरकार को ग्रामीण क्षेत्र में शिक्षा संस्थाएं खोलने का प्रबंध करना चाहिये और इस इलाके की backwardness का ख्याल रखते हुए higher secondary class की फ़ीस माफ कर देनी चाहिये। मैं विश्वास रखता हूं कि शिक्षा मन्त्री इस तरफ गम्भीरतापूर्वक ध्यान देंगे और हमें assurance देंगे कि हमारे इलाके में यह तमाम सुविधाएं देने का उचित प्रबन्ध कर दिया जायेगा।

Deputy Speaker : Motion moved—

In line 2, between "District" and "and" insert "Haryana."

In line 3, sub-para (iii), between "Kangra" and "and" insert "Haryana".

प्रिंसिपल रला राम (मुकेरियां) : उपाध्यक्ष महोदया : यह जो प्रस्ताव ....

बाबू बचन सिंह : On a point of order, Madam. अगर किसी resolution पर amendments दी गई हों तो जब तक वह सारी amendments हाउस में move न हो जायें तो क्या किसी ऐसे मैम्बर को बोलने की इजाज़त दी जा सकती है जिस ने amendment का कोई नोटिस न दिया हो ?

उपाध्यक्ष महोदया : ज़रूरी नहीं। (It is not necessary.)

सरदार प्रीतम सिंह साहोके : On a point of order, Madam.

उपाध्यक्ष महोदया : आप बैठ जाएं। (Please resume your seat.)

बाबू बचन सिंह : On a point of order, Madam. जब कोई आनरेबल मैम्बर point of order raise करे तो क्या उस का point of order सुने बग़ैर उसे कहा जा सकता है कि आप बैठ जाएं ?

श्री मंगल सैन : On a point of order, Madam.

उपाध्यक्ष महोदया : आप बैठ जाइये। (Please sit down.)

चौधरी इन्दर सिंह मलिक : डिप्टी स्पीकर साहिबा, point of order तो आप को सुन लेना चाहिये।

उपाध्यक्ष महोदया : हमें हाउस की proceedings को आराम और संजीदगी से चलाना चाहिये। माननीय मैम्बरों को पता होना चाहिये कि हमें हाउस में ज़ाबते के कुछ नियमों का पालन करना पड़ता है। (We should conduct the proceedings of the House in a calm and sober manner. The hon. Members should know that we are governed by certain rules of procedure in the House.) (*Addressing Sardar Pritam Singh Sahoke* : What was your point of order ?)

सरदार प्रीतम सिंह साहोके : मेरा point of order यह है कि पहले उन मैम्बर साहिबान को बोलने के लिये time दिया जाना चाहिये जिन्होंने amendments का नोटिस दिया हुआ है। दूसरे मैम्बर बाद में इस resolution पर तकरीर कर सकते हैं।

उपाध्यक्ष महोदया : यह कोई ज़रूरी नहीं कि जिन मैम्बर साहिबान ने amendments दी हुई हैं वही पहले बोल सकते हैं। दूसरों का भी हक है कि वे इस resolution पर तकरीर करें। (It is not necessary that only those hon. Members who have given notice of amendments can speak first. Others have also the right to speak on this resolution.)

बाबू बचन सिंह : On a point of order, Madam. जब तक आप की तरफ से यह न declare किया जाए कि इन amendments को read and moved समझा जाए तो इन्हें तरतीबवार लिया जाना

[बाबू बचन सिंह]
चाहिये। क्या किसी आनरेबल मैम्बर को दर्मियान में बोलने का मौका दिया जा सकता है ?

चौधरी इन्दर सिंह मलिक : On a point of order, Madam. जब तक इस resolution पर तमाम amendments न आ जायें बीच में किसी माननीय मैम्बर को बोलने का मौका नहीं दिया जाना चाहिये।

उपाध्यक्ष महोदया : मैं 22 साल से इस हाउस की मैम्बर चली आ रही हूं। मैं अपना काम अच्छी तरह से जानती हूं। (I have been a member of this House for the last 22 years. I know my job well.)

बाबू बचन सिंह : On a point of order, Madam. जब तक किसी रैज़ोल्यूशन की तमाम amendments move न हो जाएं क्या उस वक्त तक वह रैज़ोल्यूशन complete समझा जाएगा ?

ਇਸੇ ਤਰ੍ਹਾਂ ਬਿਜਲੀ ਦੀ ਹਾਲਤ ਹੈ। ਬਿਜਲੀ ਦੇ ਮਹਿਕਮੇ ਦੀ ਅਜ ਕੀ ਹਾਲਤ ਹੈ, ਜੋ ਕੁਝ ਇਸ ਮਹਿਕਮੇ ਵਾਲਿਆਂ ਵਲੋਂ ਕੀਤਾ ਜਾ ਰਿਹਾ ਹੈ ਮੈਂ ਸਾਰੀਆਂ ਮਿਸਾਲਾਂ ਇਸ ਹਾਊਸ ਵਿਚ ਨਹੀਂ ਦੇਣਾ ਚਾਹੁੰਦਾ। ਬਿਜਲੀ ਦਾ ਮਹਿਕਮਾ ਚੰਡੀਗੜ੍ਹ ਵਾਸਤੇ ਨਹੀਂ ਕਾਇਮ ਕੀਤਾ ਗਿਆ, ਬਿਜਲੀ ਦਾ ਮਹਿਕਮਾ ਸਿਨਮਾ ਘਰਾਂ ਵਾਸਤੇ ਨਹੀਂ ਕਾਇਮ ਕੀਤਾ ਗਿਆ। ਇਹ ਠੀਕ ਹੈ ਕਿ ਸ਼ਹਿਰਾਂ ਵਿਚ ਬਿਜਲੀ ਦੀ ਲੋੜ ਹੈ ਅਤੇ ਅਸੀਂ ਇਸ ਗੱਲ ਤੇ ਇਤਰਾਜ਼ ਨਹੀਂ ਕਰਦੇ ਕਿ ਸ਼ਹਿਰਾਂ ਵਿਚ ਬਿਜਲੀ ਕਿਉਂ ਦਿੱਤੀ ਜਾਵੇ। ਸ਼ਹਿਰਾਂ ਵਿਚ ਸਨਅਤ ਦੀ ਤਰੱਕੀ ਲਈ ਬਿਜਲੀ ਦਾ ਮਨਜ਼ੂਰ ਕੀਤਾ ਜਾਣਾ ਜ਼ਰੂਰੀ ਹੈ, ਬਿਜਲੀ ਨਾਲ ਹੀ ਅਸੀਂ ਸਨਅਤੀ ਤੌਰ ਤੇ ਤਰੱਕੀ ਕਰ ਸਕਾਂਗੇ। ਪਰ ਇਸ ਗੱਲ ਦਾ ਅਹਿਸਾਸ ਜ਼ਰਾਇਤ ਮੰਤਰੀ ਨੂੰ ਹੋਣਾ ਚਾਹੀਦਾ ਹੈ ਕਿ ਬਿਜਲੀ ਦੀ ਪਿੰਡਾਂ ਵਿਚ ਕਿੰਨੀ ਲੋੜ ਹੈ। ਕੀ ਇਹ ਦੱਸ ਸਕਦੇ ਹਨ ਕਿ ਪਿੰਡਾਂ ਵਿਚ ਖੂਹਾਂ ਲਈ ਕਿੰਨੀ ਬਿਜਲੀ ਸਰਕਾਰ ਵਲੋਂ ਦਿੱਤੀ ਗਈ ਹੈ ? ਕਹਿ ਦਿਤਾ ਗਿਆ ਹੈ ਸਰਕਾਰ ਵਲੋਂ ਕਿ ਅਸੀਂ ੩੫੦੦ ਪਿੰਡਾਂ ਵਿਚ ਬਿਜਲੀ ਦੇ ਚੁਕੇ ਹਾਂ। ਪਰ ਅਜ ਕੀ

ਹਾਲਤ ਹੈ ? ਕਿਤੇ ਕੇਵਲ ਬਿਜਲੀ ਦੇ ਖੰਭੇ ਹੀ ਖੜ੍ਹੇ ਹਨ ਤੇ ਕਿਤੇ ਤਾਰਾਂ ਹਨ ਪਰ ਫਿਊਜ਼ ਨਹੀਂ ਲਗੇ ਹੋਏ ਤੇ ਕਿਤੇ ਤਾਰਾਂ ਉਡ ਗਈਆਂ ਹਨ। ਇਸ ਤਰ੍ਹਾਂ ਤਾਰਾਂ ਨਾਲ ਕਈ ਦਿਹਾਤੀਆਂ ਦੀਆਂ ਮੌਤਾਂ ਹੋ ਜਾਣ ਦਾ ਡਰ ਸਦਾ ਬਣਿਆ ਰਹਿੰਦਾ ਹੈ। ਇਸ ਦਾ ਮੂਲ ਕਾਰਣ ਇਹ ਹੈ ਕਿ ਉਥੇ ਕੋਈ ਲਾਈਨਮੈਨ ਨਹੀਂ, ਕੋਈ ਵਰਕਮੈਨ ਨਹੀਂ ਤੇ ਨਾ ਹੀ ਕੋਈ ਇਨਸਪੈਕਟਰ ਹੈ ਜੋ ਬਿਜਲੀ ਦੇ ਫੇਲ ਹੋ ਜਾਣ ਤੇ ਜਾਂ ਫਿਊਜ਼ ਉਡ ਜਾਣ ਤੇ ਉਸ ਨੂੰ ਠੀਕ ਕਰ ਸਕੇ। ਪਿੰਡ ਤੋਂ ਸਤ ਅਠ ਮੀਲ ਦੂਰ ਥਾਂ ਤੇ ਇਨਸਪੈਕਟਰ ਆਦਿ ਰਖੇ ਹੋਏ ਹਨ ਤੇ ਇੰਨੀ ਦੂਰ ਤੋਂ ਉਨ੍ਹਾਂ ਨੂੰ ਸਦਣ ਲਈ ਕਿੰਨੀ ਖੇਚਲ ਕਰਨੀ ਪੈਂਦੀ ਹੈ ਇਸ ਤੋਂ ਤੁਸੀਂ ਸਾਰੇ ਜਾਣੂ ਹੋ। ਇਹ ਤਾਂ ਇਕ ਤਮਾਸ਼ਾ ਸਰਕਾਰ ਨੇ ਬਣਾ ਦਿਤਾ ਹੋਇਆ ਹੈ। ਕੀ ਇਸ ਤਰ੍ਹਾਂ ਪਿੰਡਾਂ ਦੀ ਤਰੱਕੀ ਹੋ ਸਕਦੀ ਹੈ ? ਜੇਕਰ ਤੁਸੀਂ ਪਿੰਡਾਂ ਦੀ ਤਰਕੀ ਚਾਹੁੰਦੇ ਹੋ ਤਾਂ ਬਿਜਲੀ ਪਿੰਡਾਂ ਵਿਚ ਦਿਉ, ਖੂਹਾਂ ਤੇ ਦਿਉ ਅਤੇ ਉਸ ਦੇ ਇੰਤਜ਼ਾਮ ਲਈ ਅਮਲਾ ਪਿੰਡਾਂ ਵਿਚ ਰਖੋ ਤਾਕਿ ਬਿਜਲੀ ਦੇ ਫੇਲ ਹੋ ਜਾਣ ਤੇ ਕਿਸੇ ਕਿਸਮ ਦੀ ਕੋਈ ਤਕਲੀਫ ਪਿੰਡਾਂ ਵਾਲਿਆਂ ਨੂੰ ਨਾ ਹੋਵੇ। ਤੁਸੀਂ ਕਹਿੰਦੇ ਫਿਰਦੇ ਹੋ ਕਿ ਅਸੀਂ ਪਿੰਡਾਂ ਵਾਲਿਆਂ ਨੂੰ ਬਹੁਤ ਕੁਝ ਦਿਤਾ ਹੈ ਅਤੇ ਪਿੰਡਾਂ ਦੀ ਤਰੱਕੀ ਕੀਤੀ ਹੈ। ਇਸ ਦਾ ਅਸਰ ਕੀ ਪਿਆ ਹੈ, ਇਹ ਮੈਂ ਅਗੇ ਵੀ ਕਹਿ ਚੁਕਾ ਹਾਂ ਕਿ ਇਸ ਦਾ ਨਤੀਜਾ ਕੀ ਨਿਕਲਿਆ ਹੈ। ਮੈਂ ਈਮਾਨਦਾਰੀ ਨਾਲ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਲੀਡਰ ਆਫ਼ ਦੀ ਹਾਊਸ ਇਸ ਸਮੇਂ ਇਥੇ ਨਹੀਂ ਬੈਠੇ ਹੋਏ ਨਹੀਂ ਤਾਂ ਉਨ੍ਹਾਂ ਦੇ ਸਾਹਮਣੇ ਕਹਿੰਦਾ ਕਿ ਸਰਕਾਰ ਕਿਸ ਈਮਾਨਦਾਰੀ ਨਾਲ ਕਹਿ ਸਕਦੀ ਹੈ ਕਿ ਪਿੰਡਾਂ ਵਾਲਿਆਂ ਨੇ ਕਿੰਨੀਆਂ ਵੋਟਾਂ ਇਸ ਸਰਕਾਰ ਨੂੰ ਪਾਈਆਂ ਹਨ। ਮੈਂ ਸਚ ਕਹਿੰਦਾ ਹਾਂ ਕਿ 80 ਫੀ ਸਦੀ ਪਿੰਡਾਂ ਵਾਲਿਆਂ ਨੇ ਸਰਕਾਰ ਦਾ ਸਾਥ ਨਹੀਂ ਦਿਤਾ ਅਤੇ ਵੋਟਾਂ ਇਨ੍ਹਾਂ ਦੇ ਖਿਲਾਫ ਪਾਈਆਂ ਹਨ। ਕੀ ਉਹ ਆਪਣੀ ਛਾਤੀ ਤੇ ਹਥ ਰਖ ਕੇ ਕਹਿ ਸਕਦੇ ਹਨ ਕਿ ਪਿੰਡਾਂ ਵਾਲਿਆਂ ਨੇ ਇਨ੍ਹਾਂ ਦਾ ਸਾਥ ਦਿਤਾ ਹੈ ਤੇ ਵੋਟਾਂ ਇਨ੍ਹਾਂ ਨੂੰ ਪਾਈਆਂ ਹਨ ? ਅਸੀਂ ਇਸ ਪਾਸੇ 12 ਐਮ. ਐਲ. ਏਜ਼. ਇਸ ਇਲਾਕੇ ਤੋਂ ਆਏ ਹਾਂ ਅਤੇ ਅਸੀਂ 98 ਫੀ ਸਦੀ ਵੋਟਾਂ ਜ਼ਿਮੀਂਦਾਰਾਂ ਦੀਆਂ ਪ੍ਰਾਪਤ ਕੀਤੀਆਂ ਹਨ ਕਿਉਂ ਕਿ ਪਿੰਡਾਂ ਵਾਲੇ ਵੀ ਹੁਣ ਸਮਝਣ ਲਗ ਪਏ ਹਨ ਕਿ ਕਿਸ ਤਰੀਕੇ ਨਾਲ ਪਿੰਡਾਂ ਵਾਲਿਆਂ ਨਾਲ ਧਕਾ ਕੀਤਾ ਜਾਂਦਾ ਹੈ। ਕਿਸ ਤਰ੍ਹਾਂ ਉਨ੍ਹਾਂ ਨਾਲ ਕੀਤੇ ਵਾਅਦੇ ਪੂਰੇ ਕੀਤੇ ਗਏ ਹਨ। ਕਿਸੇ ਪਿੰਡ ਵਿਚ ਖੰਭੇ ਰਖ ਦਿਤੇ ਗਏ ਹਨ ਪਰ ਤਾਰਾਂ ਨਹੀਂ ਪਹੁੰਚੀਆਂ। ਇਕ ਪਿੰਡ ਦੀ ਮਿਸਾਲ ਦੇਵਾਂ ਕਿ ਉਥੇ ਖੰਭੇ ਰਖ ਦਿਤੇ ਗਏ ਜਦੋਂ ਕਾਂਗਰਸ ਨੇ ਚੋਣ ਲੜੀ, ਪਰ ਜਦੋਂ ਇਨ੍ਹਾਂ ਦਾ ਉਮੀਦਵਾਰ ਹਾਰ ਗਿਆ ਤਾਂ ਖੰਭੇ ਉਸ ਪਿੰਡ ਤੋਂ ਚੁਕ ਲਏ ਗਏ। ਇਸ ਲਈ ਮੈਂ ਫਿਰ ਆਪ ਦੀ ਰਾਹੀਂ ਸਰਕਾਰ ਪਾਸ ਬੇਨਤੀ ਕਰਾਂਗਾ ਕਿ ਤੁਸੀਂ ਅਪੋਜ਼ੀਸ਼ਨ ਨੂੰ ਆਪਣੇ ਨਾਲ ਰਲਾਉ। ਜਦੋਂ ਤਕ ਇਸ ਤਰ੍ਹਾਂ ਨਹੀਂ ਕਰਦੇ ਤਰੱਕੀ ਨਹੀਂ ਕੀਤੀ ਜਾ ਸਕਦੀ। ਅਪੋਜ਼ੀਸ਼ਨ ਵੀ ਹਿਸੇਦਾਰ ਹੈ ਅਤੇ ਉਸ ਦੇ ਨਾਲ ਮਿਲਣ ਤੇ ਹੀ ਸੂਬਾ ਤਰੱਕੀ ਕਰ ਸਕਦਾ ਹੈ। ਇਹ ਤਾਂ ਮੈਂ ਸਮਝਦਾ ਹਾਂ ਕਿ ਤੁਸੀਂ ਜੋ ਇਹ ਵਜ਼ੀਰਾਂ ਦੀ ਪਲਟਨ ਰਖ ਲਈ ਹੈ ਇਸ ਨੇ ਹਟਣਾ ਤਾਂ ਨਹੀਂ।

ਸ੍ਰੀ ਸਪੀਕਰ : ਤੁਸੀਂ ਜ਼ਰਾ decent language ਵਰਤੋਂ। (The hon. Member should use somewhat decent language.)

ਸਰਦਾਰ ਲਛਮਣ ਸਿੰਘ ਗਿਲ : ਚੰਗਾ, ਸਪੀਕਰ ਸਾਹਿਬ, ਇਹ ਜੋ 31 ਮੈਂਬਰਾਂ ਦੀ ਭਰਤੀ ਇਨ੍ਹਾਂ ਨੇ ਆਪਣੇ ਮੰਤਰੀ ਮੰਡਲ ਲਈ ਕਰ ਲਈ ਹੈ ਮੈਂ ਇਸ ਦੇ ਬਾਰੇ ਜ਼ਿਕਰ ਕਰਨਾ ਚਾਹੁੰਦਾ ਹਾਂ। ਇਥੇ, ਸਪੀਕਰ ਸਾਹਿਬ, ਆਪ ਬੈਠੇ ਹੋਏ ਨਹੀਂ ਸਾਉ ਜਦੋਂ ਹੁਸ਼ਿਆਰਪੁਰ ਦਾ ਮੈਂਬਰ ਬੋਲਿਆ ਅਤੇ ਹੋਰ ਵੀ ਮੈਂਬਰ ਇਨ੍ਹਾਂ ਦੇ ਪਾਸਿਉਂ ਬੋਲੇ ਅਤੇ ਉਨ੍ਹਾਂ ਨੇ ਅਪੋਜ਼ੀਸ਼ਨ ਵਾਸਤੇ ਬੜੀਆਂ ਬੜੀਆਂ ਸਖਤ ਗੱਲਾਂ ਕਹੀਆਂ ਹਨ ਅਤੇ ਅਜਿਹੇ ਸ਼ਬਦ ਵਰਤੇ ਜੋ ਇਨ੍ਹਾਂ ਨੂੰ ਨਹੀਂ ਸਨ ਸ਼ੋਭਦੇ ਪਰ ਇਨ੍ਹਾਂ ਨੂੰ ਤਾਂ ਰੋਕਿਆ ਨਹੀਂ ਗਿਆ ਸੀ। ਇਨ੍ਹਾਂ ਨੇ ਕਿਹਾ ਸੀ ਇਹ ਜੇਲ੍ਹਾਂ ਵਿਚ ਦਾਲ ਖਾਣ ਵਾਲੇ ਹਨ। ਪਰ

[ਸਰਦਾਰ ਲਛਮਣ ਸਿੰਘ ਗਿਲ]

ਮੈਨੂੰ ਇਸ ਗੱਲ ਦਾ ਅਫਸੋਸ ਨਹੀਂ ਕਿਉਂਕਿ ਅਜਿਹੇ ਸ਼ਬਦ ਕਹਿਣ ਵਾਲਾ ਗਿਆਨੀ ਦੇ ਖੁੱਡੇ ਦਾ ਬਟੇਰ ਸੀ, ਮਾਲਕ ਨੇ ਕਿਹਾ ਕਿ ਜਾ ਕੇ ਇਹ ਕਹਿ, ਉਸ ਕਹਿ ਦਿਤਾ। ਉਸ ਦਾ ਵੀ ਕੀ ਕਸੂਰ ਹੈ, ਸਾਂਈ ਨੇ ਜਿਹੜੀ ਸੁਰ ਛਡੀ ਉਹ ਆ ਕੇ ਅਲਾਪ ਦਿਤੀ। ਇਨ੍ਹਾਂ ਦੇ ਆਪਣੇ ਕਾਰਨਾਮੇ ਆਪ ਬੋਲਦੇ ਹਨ। ਅਤੇ ਇਨ੍ਹਾਂ ਦੀ ਵਫਾਦਾਰੀ ਦਾ ਵੀ ਸਾਰਿਆਂ ਨੂੰ ਪਤਾ ਹੈ। ਮੈਨੂੰ ਉਸ ਦਿਨ ਮਿਲੇ ਤੇ ਕਹਿਣ ਲਗੇ ਕਿ ਮੈਨੂੰ ਤਾਂ 1200 ਰੁਪਏ ਦੀ ਨੌਕਰੀ ਮਿਲ ਗਈ ਹੈ। ਅਜਿਹੀ ਹਾਲਤ ਵਿਚ ਇਹ ਕਿਹਾ ਜਾਂਦਾ ਹੈ ਕਿ ਦੇਸ਼ ਦੀ ਹਾਲਤ ਚੰਗੀ ਹੈ ਅਤੇ ਸਾਡੇ ਦੀ ਹਾਲਤ ਚੰਗੀ ਹੈ, ਪਿੰਡਾਂ ਵਿਚ ਸੂਬੇ ਸਾਰਿਆਂ ਨੂੰ ਸੁਖੀ ਕਰ ਦਿਤਾ ਗਿਆ ਹੈ। ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਮੇਰੀ ਤੇ ਤੇਰੀ ਤਕਰੀਰ ਨੂੰ ਲੋਕ ਪੜ੍ਹ ਕੇ ਆਪੇ ਹੀ ਅੰਦਾਜ਼ਾ ਲਗਾ ਲੈਣਗੇ ਕਿ ਕਿੰਨੀ ਤਰੱਕੀ ਤੇ ਕਿੰਨਾ ਸੁਖ ਲੋਕਾਂ ਨੂੰ ਮਿਲ ਗਿਆ ਹੈ।

ਹੁਣ ਮੈਂ ਇਕ ਦੋ ਸ਼ਬਦ ਕੋਆਪ੍ਰੇਟਿਵ ਦੇ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਪਿੰਡਾਂ ਵਿਚ ਕੋਆਪ੍ਰੇਟਿਵ ਸੁਸਾਇਟੀਆਂ ਬਣਦੀਆਂ ਹਨ ਅਤੇ ਇਹ ਚੰਗੀ ਚੀਜ਼ ਹੈ ਪਰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਇਸ ਵਿਚ ਵੀ politics ਨੂੰ ਲੈ ਆਂਦਾ ਗਿਆ ਹੈ। ਕੋਆਪ੍ਰੇਟਿਵ ਬੈਂਕ, ਕੋਆਪ੍ਰੇਟਿਵ ਫਾਰਮਿਗ ਨੂੰ ਇਕ nationalist point of view ਤੋਂ ਰੱਖਿਆ ਗਿਆ ਸੀ ਪਰ ਇਹ ਅਹਿਸਾਸ ਹੁਣ ਨਹੀਂ ਰਿਹਾ ਅਤੇ ਇਸ ਅਹਿਸਾਸ ਤੋਂ ਬਿਨਾਂ ਇਹ ਲਹਿਰ ਤਰੱਕੀ ਨਹੀਂ ਕਰ ਸਕਦੀ। ਆਪਣੀ ਮਰਜ਼ੀ ਨਾਲ ਇਸ ਵਿਚ ਮੈਂਬਰਾਂ ਨੂੰ ਰੱਖਿਆ ਜਾਂਦਾ ਹੈ, ਇਸ ਵਿਚ politics ਨੂੰ ਦਾਖਲ ਕਰ ਲਿਆ ਗਿਆ ਹੈ। ਇਥੋਂ ਤਕ ਕਿ ਜਿਸ ਨੂੰ ਮਰਜ਼ੀ ਕੈਦ ਕਰ ਲਉ, ਜਿਸ ਨੂੰ ਮਰਜ਼ੀ ਹੋਰ ਕੋਈ ਸਜ਼ਾ ਦੇ ਦਿਉ। ਇਸ ਤਰ੍ਹਾਂ ਨਾਲ ਇਹ ਲਹਿਰ ਕਦੇ ਕਾਮਯਾਬ ਨਹੀਂ ਹੋ ਸਕਦੀ। ਇਸ ਲਈ ਮੇਰੀ ਬੇਨਤੀ, ਸਪੀਕਰ ਸਾਹਿਬ, ਆਪ ਦੇ ਰਾਹੀਂ ਸਰਕਾਰ ਪਾਸ ਹੈ ਕਿ ਕੋਆਪ੍ਰੇਟਿਵ ਦੇ ਮਾਮਲੇ ਵਿਚ politics ਨੂੰ ਨਾ ਲਿਆਂਦਾ ਜਾਵੇ, ਤਾਂ ਹੀ ਸਾਰੇ ਮਸਲੇ ਨੂੰ ਅਸੀਂ solve ਕਰ ਸਕਦੇ ਹਾਂ। ਨਹੀਂ ਤਾਂ ਅਜ, ਨਹੀਂ ਤਾਂ ਕਲ, ਪੰਜਾਬ ਤਬਾਹ ਹੋ ਜਾਵੇਗਾ। ਇਸ ਨੂੰ ਬਹੁਤ ਚਿਰ ਜ਼ਿੰਦਾ ਇਨ੍ਹਾਂ ਹਾਲਾਤ ਵਿਚ ਨਹੀਂ ਰਖਿਆ ਜਾ ਸਕਦਾ। ਅਨਰਥ ਹੋ ਜਾਵੇਗਾ। ਮੈਂ, ਮਾਨਯੋਗ ਸਪੀਕਰ ਸਾਹਿਬ, ਆਪ ਦੇ ਰਾਹੀਂ ਇਸ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਅਜ ਪੰਜਾਬ ਦੀ ਹਾਲਤ ਭੈੜੀ ਹੈ। ਜੇਕਰ ਗਰਾਂਟਾ ਦੇਣ ਦੀ ਹਾਲਤ ਵਲ ਵੇਖੋ ਤਾਂ ਕੀ ਕੁਝ ਨਹੀਂ ਕੀਤਾ ਜਾ ਰਿਹਾ। ਫਿਰ ਜਿਥੇ ਗਰਾਂਟਾ ਦਿਤੀਆਂ ਗਈਆਂ ਹਨ ਉਹ ਕੇਵਲ ਆਪਣੀ ਪਾਰਟੀ ਨੂੰ ਮਜ਼ਬੂਤ ਕਰਨ ਲਈ ਦਿਤੀਆਂ ਗਈਆਂ ਹਨ। ਜਿਥੇ ਮਕਾਨ ਢਹਿ ਗਿਆ ਹੈ ਉਥੇ ਤਾਂ ਮਕਾਨ ਲਈ ਕੋਈ ਗਰਾਂਟ ਨਹੀਂ ਦਿਤੀ ਗਈ ਤੇ ਦੂਜੇ ਪਾਸੇ ਜਿਸ ਦਾ ਕੋਈ ਵੀ ਨੁਕਸਾਨ ਨਹੀਂ ਹੋਇਆ ਉਸ ਨੂੰ ਗਰਾਂਟ ਦੇ ਦਿਤੀ ਗਈ ਹੈ। ਇਸ ਲਈ ਤਰੀਕਾ ਬਦਲਣ ਦੀ ਲੋੜ ਹੈ।

ਇਸੇ ਤਰ੍ਹਾਂ ਨਹਿਰਾਂ ਦਾ ਹਾਲ ਹੈ ਜਿਨ੍ਹਾਂ ਤੇ ਪੁਲ ਅੰਗ੍ਰੇਜ਼ ਦੇ ਵੇਲੇ ਵੀ ਪੁਲੀਟੀਕਲ ਮੰਤਵ ਨੂੰ ਸਾਹਮਣੇ ਰੱਖ ਕੇ ਬਣਾਏ ਜਾਂਦੇ ਸਨ, ਤੇ ਹੁਣ ਵੀ ਇਹੋ ਹੀ ਹਾਲਤ ਹੋ ਰਹੀ ਹੈ। ਅਜ ਕੀ ਹਾਲਤ ਹੈ ਕਿ ਨਹਿਰਾਂ ਤੇ ਪੁਲ ਨਹੀਂ, ਕਿਸ਼ਤੀ ਅਜ ਤਕ ਚਲਦੀ ਹੈ। ਤੇ ਇਕ ਵਜ਼ੀਰ ਸਾਹਿਬ ਨੇ ਕਹਿ ਦਿਤਾ ਕਿ ਅਸੀਂ ਹਵਾਈ ਜਹਾਜ਼ ਤਿਆਰ ਕਰ ਰਹੇ ਹਾਂ। ਮੈਂ ਕਹਾਂਗਾ ਕਿ ਸਾਨੂੰ ਹਵਾਈ ਜਹਾਜ਼ ਨਹੀਂ ਚਾਹੀਦੇ, ਇਹ ਨਾ ਬਨਾਣੇ। ਸਾਡੇ ਬੈਲ ਨਹੀਂ ਇਨ੍ਹਾਂ ਤੇ ਚੜ੍ਹ ਸਕਣਗੇ,। ਇਸ ਲਈ ਸਾਡੇ ਤੇ ਕਰਮ ਅਤੇ ਰਹਿਮ ਕਰੋ ਤੇ ਪੁਲ ਬਣਾ ਦਿਉ ਤਾਂਕਿ ਅਸੀਂ ਕਿਸ਼ਤੀਆਂ ਦੀ ਮਾਰ ਤੋਂ ਬਚ ਜਾਈਏ ਕਿਉਂਕਿ ਕਈ ਵੇਰ ਬੈਲ ਮਰ ਜਾਂਦੇ ਹਨ ਤੇ ਕਈ ਵੇਰ ਰੋਟੀ ਪਹੁੰਚਾਣੀ ਮੁਸ਼ਕਿਲ ਹੋ ਜਾਂਦੀ ਹੈ। ਇਸ ਲਈ ਤਰੱਕੀ ਦਾ ਦਾਅਵਾ ਡਿਪਟੀ ਮਨਿਸਟਰ ਸਾਹਿਬ ਨੂੰ ਨਹੀਂ ਕਰਨਾ ਚਾਹੀਦਾ।

ਮੈਂ personally ਇਸ ਮਸਲੇ ਤੇ ਮਿਲਿਆਂ ਹਾਂ ਅਤੇ ਇਸ ਦੇ ਬਾਰੇ ਕਈ ਵਾਰ ਵਾਅਦੇ ਵੀ ਕੀਤੇ ਗਏ। ਇਹ ਜਿਹੜੀਆਂ ਕਿਸ਼ਤੀਆਂ ਚਲਦੀਆਂ ਹਨ ਇਨ੍ਹਾਂ ਬਾਰੇ ਚੀਫ ਮਨਿਸਟਰ ਸਾਹਿਬ ਨੇ ਇਹ ਵੀ ਕਿਹਾ ਕਿ ਮੇਰਾ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। ਮੈਂ ਅਰਜ਼ ਕਰਾਂ ਕਿ ਤੁਸੀਂ ਸ਼ਰਮ ਨਾਲ ਸਿਰ ਨਾ ਝੁਕਾਉ। ਸਿਰ ਝੁਕਾਉਣ ਨਾਲ ਲੋਕਾਂ ਦਾ ਭਲਾ ਨਹੀ ਹੋ ਜਾਣਾ। ਤੁਸੀਂ ਉਨ੍ਹਾਂ ਦੀ ਤਕਲੀਫ ਦਾ ਅਹਿਸਾਸ ਕਰੋ। ਅਗਰ ਹੁਣ ਤਕ ਉਨ੍ਹਾਂ ਦੀ ਸਹਾਇਤਾ ਨਹੀਂ ਕਰ ਸਕੇ ਤਾਂ ਅਗੇ ਲਈ ਤਾਂ ਇਹ ਤਕਲੀਫ ਦੂਰ ਕਰੋ। ਮੈਂ ਅਰਜ਼ ਕਰਾਂ ਕਿ ਇਕ ਪਾਸੇ ਤਾਂ ਤੁਸੀਂ ਕਹਿੰਦੇ ਹੋ ਕਿ ਦੇਸ਼ ਬੜਾ advance ਹੋ ਗਿਆ ਹੈ....

श्री अध्यक्ष : आप wind up करें जी। (The hon. member should please wind up his speech.)

ਸਰਦਾਰ ਲਛਮਨ ਸਿੰਘ ਗਿਲ : ਮੈਂ wind up ਹੀ ਕਰਨ ਲੱਗਿਆਂ ਹਾਂ। ਮੈਂ ਅਰਜ਼ ਕਰ ਰਿਹਾ ਸੀ ਕਿ ਕਹਿੰਦੇ ਹਨ ਕਿ ਅਸੀਂ advance ਹੋ ਗਏ ਹਾਂ। ਮੈਂ ਅਰਜ਼ ਕਰਾਂਗਾ ਕਿ ਇਸ ਗੱਲ ਦੀ ਪੜਤਾਲ ਕਰਨ ਬਾਰੇ ਤੁਸੀਂ ਇਕ commission ਮੁਕਰਰ ਕਰ ਲਵੋਂ ਫੇਰ ਪਤਾ ਲਗੇਗਾ ਕਿ advancement ਹੋਈ ਹੈ। ਪੇਂਡੂ ਬਚਿਆਂ ਦਾ ਜੀਵਨ ਵੇਖੋ, ਇਨ੍ਹਾਂ ਦੇ ਖਾਣ ਦੇ ਢੰਗ ਨੂੰ ਵੇਖੋ, ਇਨ੍ਹਾਂ ਦੇ ਸਕੂਲਾਂ ਦੀ buildings ਵੇਖੋ। ਮੈਂ ਅਰਜ਼ ਕਰਾਂ ਕਿ 90 ਫੀ ਸਦੀ ਸਕੂਲ ਐਸੇ ਹਨ ਜਿਥੇ ਅਸਮਾਨੋਂ ਪਾਣੀ ਮਗਰੋ ਟਪਕਦਾ ਹੈ ਪਰ ਪਹਿਲਾਂ ਜ਼ਮੀਨ ਤੇ ਆ ਗਿਰਦਾ ਹੈ। ਇਹ ਉਨ੍ਹਾਂ ਦੀਆਂ ਛੱਤਾਂ ਦੀ ਹਾਲਤ ਹੈ। ਬਚਿਆਂ ਦੇ ਬੈਠਣ ਦਾ ਇਹ ਇੰਤਜ਼ਾਮ ਹੈ ਕਿ ਉਹ 20—20 ਸਾਲ ਦੇ ਪੁਰਾਣੇ ਫਟੇ ਹੋਏ ਤਪੜਾਂ ਤੇ ਬੈਠਦੇ ਹਨ ਜਾਂ ਆਪਣੇ ਘਰੋ ਬੋਰੀਆਂ ਲੈਕੇ ਆਉਂਦੇ ਹਨ ਅਤੇ ਆਪ ਹੀ ਵਾਪਸ ਲੈ ਜਾਂਦੇ ਹਨ। ਉਨ੍ਹਾਂ ਲਈ ਕੋਈ ਕਿਤਾਬਾਂ ਦੀ provision ਨਹੀਂ, ਕੋਈ desks ਜਾਂ ਬੈਂਚਾਂ ਦੀ provision ਨਹੀਂ। ਹੁਣ ਦਾ ਇੰਤਜ਼ਾਮ ਵੀ ਸਮਝ ਵਿਚ ਆਉਣ ਵਾਲਾ ਨਹੀਂ। ਅਗੇ ਤਾਂ ਇਕ Education Minister ਹੁੰਦਾ ਸੀ ਉਸ ਕੋਲੋਂ ਆਪਣੀ ਮੰਗ ਬਾਰੇ ਪਤਾ ਕੀਤਾ ਜਾ ਸਕਦਾ ਸੀ ਹੁਣ ਤਾਂ ਮਨਿਸਟਰ ਵੀ ਤਿੰਨ ਹਨ, ਇਹੀ ਪਤਾ ਨਹੀਂ ਲਗਦਾ ਕਿ ਕਿਸ ਦੇ ਕੋਲ ਕੀ ਕੰਮ ਹੈ ਜੇ ਇਕ ਬੋਤਲ ਹੈ ਤਾਂ ਦੂਸਰਾ ਪਊਆ ਅਤੇ ਤੀਸਰਾ ਅਧੀਆ ਹੈ।

ਸਰਦਾਰ ਹਰਚੰਦ ਸਿੰਘ : ਸ਼ਰਾਬੀਆਂ ਨੂੰ ਬੋਤਲਾਂ ਹੀ ਸੁਝਦੀਆਂ ਹਨ ਹੋਰ ਕੀ ਪਤਾ ਲਗ ਸਕਦਾ ਹੈ।

ਸਰਦਾਰ ਲਛਮਨ ਸਿੰਘ ਗਿਲ : ਮੈਂ ਅਰਜ਼ ਕਰਾਂ ਕਿ :—

ਮਏ ਗੁਲਗੂੰ ਕਿਆ ਸ਼ੈ ਹੈ ਸਾਕੀ,
ਕਿ ਜਹਾਂ ਯਹ ਹਲਕ ਸੇ ਉਤਰੀ,
ਨਿਖਰ ਜਾਤੀ ਹੈ ਰੰਗਤ ਭੀ,
ਬਦਲ ਜਾਤੀ ਹੈ ਸੂਰਤ ਭੀ।

ਤੁਸੀਂ ਹੋਰ ਜੇ ਕੁਝ ਨਹੀਂ ਕਰ ਸਕਦੇ ਤਾਂ ਮੌਜੂਦਾ education ਹਾਸਲ ਕਰਨ ਵਾਲੇ ਬਚਿਆਂ ਤੇ ਹੀ ਤਰਸ ਖਾਉ। ਜੇ ਤੁਸੀਂ ਆਪਣੀ ਮੌਜੂਦਾ policy ਵਿਚ ਕੋਈ ਅਦਲਾ ਬਦਲੀ ਨਾ ਕੀਤੀ ਤਾਂ ਅਗਲੇ Session ਵਿਚ ਉਨ੍ਹਾਂ ਤੱਪੜਾਂ ਦੇ ਨਮੂਨੇ ਜੋ ਕਿ ਇਸਤੇਮਾਲ ਕਰਦੇ ਹਨ ਤੁਹਾਡੇ ਸਾਹਮਣੇ ਰਖਾਂਗਾ ਤਾਂ ਜੋ ਤੁਹਾਨੂੰ ਇਸ ਗੱਲ ਦਾ ਅਹਿਸਾਸ ਹੋਵੇ ਕਿ ਜੋ ਤੁਸੀਂ ਵਾਅਦੇ ਪਿੰਡਾਂ ਵਾਲਿਆਂ ਨਾਲ ਕਰਕੇ ਆਉਂਦੇ ਹੋ ਉਨ੍ਹਾਂ ਨੂੰ ਕਿਥੋਂ ਤਕ ਪੂਰਾ ਕਰਦੇ ਹੋ। ਅੰਤ ਵਿਚ

[ਸਰਦਾਰ ਲਛਮਣ ਸਿੰਘ ਗਿਲ]

ਮੈਂ ਆਪਦਾ ਧੰਨਵਾਦ ਕਰਦਾ ਹਾਂ ਔਰ ਇਹ ਗਲ ਯਕੀਨ ਨਾਲ ਕਹਿੰਦਾ ਹਾਂ ਕਿ ਜੇਕਰ ਮੇਰੇ ਵਲੋਂ ਕਹੀਆਂ ਗਲਾਂ ਤੇ ਤਵੱਜੁਹ ਕੀਤੀ ਜਾਵੇ ਔਰ ਇਹ ਤਕਲੀਫਾਂ ਦੂਰ ਕੀਤੀਆਂ ਜਾਣ ਤਾਂ ਮੈਂ ਔਰ ਮੇਰੀ ਪਾਰਟੀ Governor ਸਾਹਿਬ ਦੇ ਧੰਨਵਾਦ ਦੇ ਮਤੇ ਵਿਚ ਉਨ੍ਹਾਂ ਨਾਲ ਸ਼ਾਮਲ ਹੋਇਆ ਕਰਨਗੇ।

ਸਰਦਾਰ ਨਾਰਾਇਣ ਸਿੰਘ ਸ਼ਾਹਬਾਜ਼ਪੁਰੀ (ਖਾਲੜਾ) : ਸਪੀਕਰ ਸਾਹਿਬ, ਅਜ Governor ਸਾਹਿਬ ਦੇ address ਤੇ ਕਾਮਰੇਡ ਰਾਮਚੰਦਰਾ ਜੀ ਨੇ thanks ਦਾ Resolution ਰਖਿਆ ਹੈ। ਇਸ ਸਬੰਧ ਵਿਚ ਮੇਰੇ ਕੁਝ ਭਾਈਆਂ ਨੇ ਤਕਰੀਰਾਂ ਕੀਤੀਆਂ ਹਨ। ਚੌਧਰੀ ਦੇਵੀ ਲਾਲ ਜੀ ਨੇ ਜੋ ਤਕਰੀਰ ਕੀਤੀ ਹੈ ਉਹ ਇਸ ਢੰਗ ਨਾਲ ਕੀਤੀ ਹੈ ਜਿਸ ਤੋਂ ਇਹ ਜ਼ਾਹਰ ਹੁੰਦਾ ਹੈ ਕਿ ਚੋਣਾਂ ਜਿਹੜੀਆਂ ਹੋਈਆਂ ਹਨ ਉਹ ਠੀਕ ਨਹੀਂ ਹੋਈਆਂ। ਉਨ੍ਹਾਂ ਦਾ ਕਹਿਣਾ ਹੈ ਕਿ elections free ਨਹੀਂ ਹੋਈਆਂ, ਇਲੈਕਸ਼ਨਾਂ ਵਿਚ ਉਨ੍ਹਾਂ ਨੂੰ ਇਨਸਾਫ ਨਹੀਂ ਮਿਲਿਆ। ਕਈ ਮੇਰੇ ਸਾਥੀਆਂ ਨੂੰ ਵਜ਼ੀਰਾਂ ਦੀ ਧਾੜ ਨਜ਼ਰ ਆਈ ਹੈ ਅਤੇ ਕਈ ਮੇਰੇ ਦੋਸਤਾਂ ਨੇ ਇਨ੍ਹਾਂ ਦੀ ਮਿਸਾਲ ਬੋਤਲਾਂ ਨਾਲ ਦਿਤੀ ਹੈ। ਹੁਣ ਉਹ ਮੇਰੀਆਂ ਗਲਾਂ ਨੂੰ ਵੀ ਜ਼ਰਾ ਹੌਸਲੇ ਨਾਲ ਸੁਣਨ। ਇਹ ਗੱਲ ਠੀਕ ਹੈ ਕਿ ਇਲੈਕਸ਼ਨਾਂ ਵਿਚ ਬੜੀ ਤਲਖੀ ਪਾਈ ਗਈ। ਇਹ ਮੇਰੇ ਦੇਵਤਾ ਵੀਰ ਸਰਦਾਰ ਮੱਖਣ ਸਿੰਘ ਜੀ ਏਥੇ ਬੈਠੇ ਨੇ ਇਹ ਭਾਵੇਂ ਸਭ ਕੁਝ ਜਾਣਦੇ ਹਨ ਪਰ ਫੇਰ ਵੀ ਆਪਣੀ ਜ਼ਬਾਨ ਰੋਕ ਨਹੀਂ ਸਕਦੇ। ਮੈਂ ਕਹਿੰਦਾ ਹਾਂ ਕੋਈ ਚੀਜ਼ ਹਾਊਸ ਵਿਚ ਪੇਸ਼ ਕਰਨੀ ਵੀ ਹੈ ਤਾਂ ਉਹ ਚੰਗੇ ਤਰੀਕੇ ਨਾਲ ਪੇਸ਼ ਕਰੋ। ਮੈਂ ਸਰਦਾਰ ਮੱਖਣ ਸਿੰਘ ਨੂੰ ਯਾਦ ਕਰਾਵਾਂ ਕਿ ਉਹ ਸ਼ਾਇਦ ਆਪਣਾ ਪਿਛਲਾ ਜ਼ਮਾਨਾ ਭੁਲ ਗਿਆ ਹੈ। ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਤਕਰੀਰਾਂ ਸਾਡੇ ਵਲੋਂ ਵੀ ਹੋਈਆਂ ਹਨ ਅਤੇ ਉਨ੍ਹਾਂ ਵਲੋਂ ਵੀ ਹੋਈਆਂ ਹਨ ਪਰ ਉਨ੍ਹਾਂ ਨੇ ਕਿਸੇ ਇਕ ਚੰਗੇ ਕੰਮ ਦੀ ਵੀ ਸ਼ਲਾਘਾ ਨਹੀਂ ਕੀਤੀ। ਜੇ ਭਾਖੜਾ ਡੈਮ ਦਾ ਵੀ ਜ਼ਿਕਰ ਕੀਤਾ ਹੈ ਤਾਂ ਉਸ ਨੂੰ ਨਿੰਦਣ ਦਾ ਯਤਨ ਕੀਤਾ ਹੈ। ਜਿਹੜਾ ਵੀ ਕੋਈ ਭਾਈ ਉਠਿਆਂ ਹੈ, ਜਿਹੜੀ ਸਲਾਹ ਉਨ੍ਹਾਂ ਦੀ ਟੋਲੀ ਨੇ ਕੀਤੀ ਹੈ ਉਸ ਦੇ ਮੁਤਾਬਿਕ ਬੋਲਣਾ ਸ਼ੁਰੂ ਕਰ ਦਿਤਾ ਹੈ। (*Interruptions*) ਮੈਂ ਅਰਜ਼ ਕਰਾਂ ਕਿ ਤੁਸੀਂ ਮੇਰੀਆਂ ਜ਼ਰਾ ਖਰੀਆਂ ਖਰੀਆਂ ਤਾਂ ਸੁਣ ਲਵੋ।

Mr. Speaker: I would caution the hon. member not to make the head of State to be the subject of controversy on the floor of the House.

ਸਰਦਾਰ ਨਾਰਾਇਣ ਸਿੰਘ ਸ਼ਾਹਬਾਜ਼ਪੁਰੀ : ਮੈਂ ਅਰਜ਼ ਕਰ ਰਿਹਾ ਸੀ ਕਿ ਬਾਰ ਬਾਰ ਸਰਹਾਲੀ ਦੇ ਹਲਕੇ ਦਾ ਜ਼ਿਕਰ ਕੀਤਾ ਗਿਆ ਹੈ। ਮੇਰੇ ਦੋਸਤ ਚੌਧਰੀ ਦੇਵੀ ਲਾਲ ਜੀ ਨੇ ਇਹ ਕਿਹਾ ਹੈ ਕਿ ਸਰਹਾਲੀ ਦੇ ਹਲਕੇ ਵਿਚ ਬੜੀ ਬੇਇਨਸਾਫੀ ਹੋਈ ਹੈ। ਆਪਣੀ ਸਪੀਚ ਵਿਚ ਉਨ੍ਹਾਂ ਨੇ ਡਾਕਟਰ ਰਾਜਿੰਦਰ ਪ੍ਰਸ਼ਾਦ ਜੀ ਨੂੰ ਵੀ ਮਿਲਣ ਦਾ ਜ਼ਿਕਰ ਕੀਤਾ ਹੈ। ਪਰ ਮੈਂ ਸਮਝਦਾ ਹਾਂ ਇਸ ਵਿਚ ਗੱਲ ਕੋਈ ਨਹੀਂ, ਇਹ ਤਾਂ ਐਜੀਟੇਸ਼ਨ ਕਰਨ ਦਾ ਇਕ ਤਰੀਕਾ ਹੈ, ਹੋਰ ਗੱਲ ਕੋਈ ਨਹੀਂ। ਸਰਦਾਰ ਲਛਮਣ ਸਿੰਘ ਨੇ ਇਹ ਤਾਂ ਮੰਨ ਲਿਆ ਹੈ ਕਿ ਚੀਫ ਮਨਿਸਟਰ ਸਾਹਿਬ 34 ਵੋਟਾਂ ਤੇ ਜਿਤੇ ਹਨ। ਉਨ੍ਹਾਂ ਨੇ ਆਪਣੀ ਤਕਰੀਰ ਵਿਚ ਜ਼ਿਕਰ ਕੀਤਾ ਹੈ ਕਿ ਜਨਤਾ ਦਾ ਉਨ੍ਹਾਂ ਨੂੰ ਫੈਸਲਾ ਮੰਨ ਲੈਣਾ ਚਾਹੀਦਾ ਹੈ। ਪਰ, ਸਪੀਕਰ ਸਾਹਿਬ, ਜਦੋਂ ਅਸੀਂ ਆਪਣੀ ਤਕਰੀਰ ਵਿਚ ਦੂਸਰਿਆਂ ਦਾ ਜ਼ਿਕਰ ਕਰਦੇ ਹਾਂ ਤਾਂ ਅਸੀਂ ਕੋਈ ਗੱਲ ਆਪਣੇ ਵੱਲ ਤਕ ਕੇ ਨਹੀਂ ਕਹਿੰਦੇ। ਇਨ੍ਹਾਂ ਨੇ ਚੋਣਾਂ ਵਿਚ ਲੋਕਾਂ ਪਾਸ ਜਾਕੇ ਇਹ ਨਾਅਰਾ ਲਾਇਆ ਸੀ ਕਿ ਤੁਸੀਂ ਗੁਰੂ ਨਾਨਕ ਦੇਵ ਜੀ ਦੇ ਪੰਜੇ ਨੂੰ ਪੰਜਾ-ਸਾਹਿਬ ਨੂੰ ਵੋਟ ਪਾਉਣੀ ਹੈ। ਉਹ ਲੋਕਾਂ ਵਿਚ ਜਾਕੇ ਇਹ ਤਕਰੀਰਾਂ ਕਰਿਆ ਕਰਦੇ ਸਨ ਕਿ ਬੀਬੀਓ, ਮਾਈਓ ਜੇ ਤੁਸੀਂ ਗੁਰੂ ਨਾਨਕ ਦੇ ਪੰਜੇ ਨੂੰ ਵੋਟਾਂ ਨਹੀਂ ਦਿਉਗੇ ਤਾਂ ਸਿਧੇ ਨਰਕਾ ਨੂੰ ਜਾਉਗੇ। ਮੈਂ ਉਨ੍ਹਾਂ ਨੂੰ ਇਹ ਜਵਾਬ ਦੇਵਾਂ ਕਿ ਜੇ

ਪ੍ਰਮਾਤਮਾ ਤੁਹਾਡੇ ਵਰਗਾ ਹੋਵੇ ਤਾਂ ਅਸੀਂ ਨਰਕਾ ਨੂੰ ਜ਼ਰੂਰ ਜਾਣਾ ਹੈ। ਅਸੀਂ ਤਾਂ ਦਿਨ ਰਾਤ ਦੇਸ਼ ਦੀ ਸੇਵਾ ਕਰਦੇ ਹਾਂ ਅਤੇ ਲੋਕਾਂ ਦੀ ਭਲਾਈ ਕਰਦੇ ਹਾਂ ਫੇਰ ਅਸੀਂ ਨਰਕਾਂ ਨੂੰ ਕਿਉਂ ਜਾਵਾਂਗੇ ? ਨਰਕਾਂ ਨੂੰ ਤਾਂ ਉਹ ਜਾਣਗੇ ਜਿਨ੍ਹਾਂ ਨੇ ਕਦੇ ਦੇਸ਼ ਦਾ ਭਲਾ ਸੋਚਿਆ ਹੀ ਨਹੀਂ। ਇਹ ਭਾਈ ਇਹ ਵੀ ਕਹਿੰਦੇ ਹਨ ਕਿ ਅਸੀਂ ਦੇਸ਼ ਭਗਤ ਹਾਂ। ਮੈਨੂੰ ਤਾਂ ਇਨ੍ਹਾਂ ਦੀ ਦੇਸ਼ ਭਗਤੀ ਸਮਝ ਵਿਚ ਨਹੀਂ ਆਉਂਦੀ। ਜਿਹੜੇ ਸਾਰੀ ਉਮਰ ਦੇਸ਼ ਭਗਤਾਂ ਦੇ ਰਾਹ ਵਿਚ ਟੋਏ ਪੁਟਦੇ ਰਹੇ ਹਨ ਉਹ ਅਜ ਆਪ ਕਿਸ ਤਰ੍ਹਾਂ ਦੇਸ਼-ਭਗਤ ਬਣ ਬੈਠੇ ਹਨ। ਲੋਕੀਂ ਜਾਣਦੇ ਹਨ ਜਿਨ੍ਹਾਂ ਨੇ ਸਾਰੀ ਉਮਰ ਅੰਗਰੇਜ਼ਾਂ ਦਾ ਸਾਥ ਦਿਤਾ ਹੈ ਅਜ ਉਹ ਦੇਸ਼ ਭਗਤ ਕਿਵੇਂ ਅਖਵਾ ਸਕਦੇ ਹਨ। ਜਿਹੜੇ ਹੁਣ ਤਕ ਮੁਲਕ ਵਿਚ ਫਿਰਕੇਦਾਰੀ ਦੀ ਅੱਗ ਭੜ-ਕਾਉਂਦੇ ਰਹੇ ਹਨ ਉਹ ਅੱਜ ਵੱਡੇ ਦੇਸ਼ ਭਗਤੀ ਦੇ ਦਾਅਵੇ ਕਰਦੇ ਹਨ। ਤੁਸੀਂ ਯਕੀਨ ਜਾਣੋਂ ਕਿ ਜਿਸ ਵੇਲੇ ਅੰਗਰੇਜ਼ ਗਿਆ ਇਹ ਲੋਕੀਂ ਇਹ ਕਹਿੰਦੇ ਸਨ ਕਿ ਸਾਨੂੰ ਵੀ by air ਹਿੰਦੁਸਤਾਨ ਵਿਚ ਲਿਜਾਇਆ ਜਾਵੇ ਕਿਉਂਕਿ ਸਿਖ ਜਨਤਾ ਨੇ ਤਾਂ ਸਾਨੂੰ ਜਿਉਣ ਨਹੀਂ ਦੇਣਾ। ਮੈਂ ਤੁਹਾਡੇ ਪਾਸ ਜ਼ਿਕਰ ਕਰਾਂ ਕਿ ਏਥੇ ਬਾਰ ਬਾਰ ਤਕਰੀਰਾਂ ਵਿਚ ਸ਼ਹੀਦ ਸਰਦਾਰ ਭਗਤ ਸਿੰਘ ਦੇ ਭਰਾ ਵਲੋਂ ਵੀ ਜ਼ਿਕਰ ਕੀਤਾ ਗਿਆ ਕਿ ਅਸੀਂ ਦੇਸ਼ ਦੀ ਵੰਡ ਕਰਵਾਈ ਪਰ 1933 ਵਿਚ ਜਦੋਂ ਜਲ੍ਹਿਆਂ ਵਾਲੇ ਬਾਗ਼ ਵਿੱਚ ਦੇਸ਼ ਦੀ ਆਜ਼ਾਦੀ ਬਾਰੇ resolution ਆਇਆ ਤਾਂ ਸਰਦਾਰ ਪਰਤਾਪ ਸਿੰਘ ਹੀ ਸਨ ਜਿਨ੍ਹਾਂ ਨੇ ਇਸ resolution ਦੀ ਮੁਖਾਲਫਤ ਕੀਤੀ ਅਤੇ ਮਾਸਟਰ ਜੀ ਨੇ ਇਸ ਦੀ ਹਮਾਇਤ ਕੀਤੀ। ਕੀ ਇਹ ਹਮਾਇਤ ਅਹੁਦੇ ਲੈਣ ਵਾਸਤੇ ਨਹੀਂ ਸੀ ਕੀਤੀ। ਉਨ੍ਹਾਂ ਨੇ ਸਰਹਾਲੀ ਦਾ ਵੀ ਜ਼ਿਕਰ ਕੀਤਾ ਹੈ ਕਿ ਬੜੀ ਬੇਇਨਸਾਫੀ ਹੋਈ ਹੈ। ਗੱਲ ਤਾਂ ਏਨੀਂ ਹੀ ਹੈ ਕਿ "ਸਿਆਣਾ ਸ਼ਰਮ ਮਾਰੇ ਅੰਦਰ ਵੜੇ ਮੂਰਖ ਆਖੇ ਮੈਥੋਂ ਡਰੇ।" ਦਰਅਸਲ ਉਨ੍ਹਾਂ ਨੂੰ ਪਤਾ ਨਹੀਂ ਕਿ ਜਿਤਨੇ ਵੀ ਪੰਜਾਬ ਦੇ ਬਦਮਾਸ਼ ਸੀ ਉਹ ਇਸ ਇਲੈਕਸ਼ਨ ਵਿਚ ਏਥੇ ਨੀਲੀਆਂ ਦਸਤਾਰਾਂ ਸਜਾ ਕੇ ਕੰਮ ਕਰ ਰਹੇ ਸਨ। ਮੇਰਾ ਵੋਟ ਵੀ ਸਰਹਾਲੀ ਦੇ ਵਿਚ ਹੀ ਸੀ। ਮੈਂ ਜਦੋਂ ਵੋਟ ਦੇਣ ਵਾਸਤੇ ਗਿਆ ਤਾਂ ਮੈਂ ਵੇਖਿਆ ਕਿ ਉਥੇ ਦੋ ਦੋ ਸੌ ਦੀਆਂ ਟੋਲੀਆਂ ਵਿਚ ਨੀਲੀਆਂ ਪੱਗਾਂ ਵਾਲੇ ਕਿਰਪਾਨਾਂ ਫੜਕੇ ਫਿਰ ਰਹੇ ਸਨ ਔਰ ਉਹ ਆਖਦੇ ਸਨ ਕਿ ਜੇ ਕਿਸੇ ਨੇ ਕਾਂਗਰਸੀ ਨੂੰ ਵੋਟ ਦਿਤਾ ਤਾਂ ਉਸ ਨੂੰ ਅਸੀਂ ਬਹੁਤ ਬੁਰੀ ਤਰ੍ਹਾਂ ਪੇਸ਼ ਆਵਾਂਗੇ।

ਸਰਦਾਰ ਮੱਖਣ ਸਿੰਘ ਤਰਸਿੱਕਾ : ਬਾਜ਼ੀਗਰਾਂ ਦੀ ਟੋਲੀ ਵੀ ਉਥੇ ਗਈ ਹੋਈ ਸੀ। ਉਸ ਦਾ ਵੀ ਜ਼ਿਕਰ ਕਰ ਦਿਉ।

ਸਰਦਾਰ ਨਾਰਾਇਣ ਸਿੰਘ ਸ਼ਾਹਬਾਜ਼ਪੁਰੀ : ਤੁਸੀਂ ਬਾਜ਼ੀਆਂ ਪਾਉਣ ਵਿਚ ਬੜੇ ਮਾਹਰ ਹੋ ਪਰ ਬਾਜ਼ੀਆਂ ਬਾਹਰ ਜਾ ਕੇ ਪਾ ਲੈਣਾ। ਏਥੇ ਹਾਊਸ ਦੇ ਵਿਚ ਇਹ ਕੰਮ ਛਡ ਦਿਉ। ਮੈਂ ਕਹਿੰਦਾ ਹਾਂ ਕਿ ਜਿਥੇ ਆਪੋਜ਼ੀਸ਼ਨ ਵੱਲੋਂ ਜਾਂ ਕਿਸੇ ਪੁਲੀਟੀਕਲ ਪਾਰਟੀ ਵੱਲੋਂ ਇਸ ਤਰ੍ਹਾਂ ਦੀਆਂ ਧਮਕੀਆਂ ਦਿਤੀਆਂ ਜਾਣ ਔਰ ਲੋਕਾਂ ਨੂੰ ਡਰਾਇਆ ਜਾਵੇ ਕਿ ਜੇ ਕ੍ਰਿਸੇ ਨੇ ਕਾਂਗਰਸ ਨੂੰ ਵੋਟ ਦਿਤਾ ਤਾਂ ਉਸ ਨੂੰ ਮਾਰ ਦਿਤਾ ਜਾਵੇਗਾ ਇਹ ਕਿੰਨੀ ਗਿਰਾਵਟ ਵਾਲੀ ਗਲ ਹੈ। ਇਸ ਤਰ੍ਹਾਂ ਦੀਆਂ ਗੱਲਾਂ ਕਰਨ ਦੇ ਨਾਲ ਅਮਨ ਕਾਇਮ ਨਹੀਂ ਰਹਿ ਸਕਦਾ। ਜੇ ਸੂਬੇ ਦੇ ਵਿਚ ਅਮਨ ਕਾਇਮ ਰਖਣਾ ਹੈ ਤਾਂ ਮੈਂ ਮਸ਼ਵਰਾ ਦੇਵਾਂਗਾ ਕਿ ਤੁਸੀਂ ਬੈਠ ਕੇ ਕੋਈ ਮਸ਼ਵਰਾ ਕਰੋ ਕੋਈ ਤਬਾਦਲਾ ਖਿਆਲਾਤ ਕਰੋ ਔਰ ਜੇ ਕਿਤੇ ਕੋਈ ਖਰਾਬੀ ਹੁੰਦੀ ਹੈ ਤਾਂ ਉਸ ਨੂੰ ਠੀਕ ਕਰਨ ਵਾਸਤੇ ਸੁਝਾਉ ਦਿਉ। ਪੁਲੀਟੀਕਲ ਪਾਰਟੀਆਂ ਦਾ ਤਰੀਕਾ ਇਹ ਹੁੰਦਾ ਹੈ ਕਿ ਉਹ ਇਕਤਸਾਦੀ ਪ੍ਰੋਗਰਾਮ ਲੈ ਕੇ ਲੋਕਾਂ ਦੇ ਸਾਹਮਣੇ ਆਉਂਦੀਆਂ ਹਨ। ਪਰ ਇਹ ਜਿਹੜੇ ਮੇਰੇ ਭਾਈ ਬੈਠੇ ਹੋਏ ਹਨ ਇਨ੍ਹਾਂ ਨੂੰ ਇਕਤਸਾਦਿਆਤ ਦਾ ਕੁਝ ਵੀ ਪਤਾ ਨਹੀਂ। ਇਹ ਸਿਵਾਏ ਹੁਲੜਬਾਜ਼ੀਆਂ ਦੇ ਹੋਰ ਕੁਛ ਨਹੀਂ ਕਰਨਾ ਜਾਣਦੇ। ਸਪੀਕਰ ਸਾਹਿਬ ਸਰਦਾਰ ਲਛਮਣ ਸਿੰਘ ਹੋਰੀਂ ਬੋਤਲਾਂ ਦੀ ਮਿਸਾਲ ਦੇ ਕੇ ਦਸਦੇ ਸਨ ਕਿ ਮੈਂ ਬੋਤਲਾਂ ਦੀ ਪਛਾਣ ਜਾਣਦਾ ਹਾਂ। ਜਿਹੜਾ ਉਹ ਕੰਮ ਜਾਣਦੇ ਹਨ ਉਨ੍ਹਾਂ ਨੇ ਤਾਂ ਉਸੇ ਦੀ ਹੀ ਮਿਸਾਲ ਦੇਣੀ ਸੀ। ਮੈਂ ਇਸ ਗਲ ਨੂੰ ਮੰਨਦਾ ਹਾਂ ਕਿ ਬੜੇ ਜ਼ਿਮੀਂ-

[ਸਰਦਾਰ ਨਾਰਾਇਣ ਸਿੰਘ ਸ਼ਾਹਬਾਜ਼ਪੁਰੀ]

ਦਾਰ ਨੇ ਕਾਂਗਰਸ ਨੂੰ ਵੋਟ ਨਹੀਂ ਦਿੱਤੀ ਮਗਰ ਗਰੀਬ ਕਿਸਾਨ ਨੇ ਖੇਤ ਮਜ਼ਦੂਰ ਨੇ ਔਰ ਹਰੀਜਨਾਂ ਨੇ ਕਾਂਗਰਸ ਨੂੰ ਵੋਟਾਂ ਦਿੱਤੀਆਂ ਹਨ। ਇਸ ਤੋਂ ਇਹ ਸਾਬਤ ਹੁੰਦਾ ਹੈ ਕਿ ਇਹ ਪਾਰਟੀ ਗਰੀਬਾਂ ਨਾਲ ਹਮਦਰਦੀ ਰਖਦੀ ਹੈ। ਮੇਰੇ ਇਕ ਦੋਸਤ ਸ਼੍ਰੀ ਰਾਮ ਧਾਰੀ ਨੇ ਏਥੇ ਆਪਣੀ ਤਕਰੀਰ ਵਿਚ ਕਿਹਾ ਸੀ ਕਿ ਪਰਾਈਵੇਟ ਸਕੂਲਾਂ ਵਿਚ ਸਾਰੇ ਬੱਚਿਆਂ ਨੂੰ ਦੁਧ ਮੁਫਤ ਮਿਲਣਾ ਚਾਹੀਦਾ ਹੈ। ਖੈਰ ਉਨ੍ਹਾਂ ਨੇ ਇਹ ਗੱਲ ਕੁਝ ਚੰਗੀ ਹੀ ਆਖੀ ਹੈ ਲੇਕਿਨ ਇਸ ਤੋਂ ਵੀ ਚੰਗਾ ਹੁੰਦਾ ਜੇ ਉਹ ਇਹ ਸੁਝਾਉ ਦਿੰਦੇ ਕਿ ਸਾਰੇ ਸਕੂਲਾਂ ਦੇ ਵਿਚ ਗਰੀਬਾਂ ਔਰ ਖਾਸ ਕਰਕੇ ਹਰੀਜਨਾਂ ਦੇ ਬੱਚਿਆਂ ਨੂੰ ਦੁੱਧ ਤਕਸੀਮ ਕੀਤਾ ਜਾਣਾ ਚਾਹੀਦਾ ਹੈ ਤਾਕਿ ਉਨ੍ਹਾਂ ਦੀਆਂ ਸਿਹਤਾਂ ਠੀਕ ਹੋਣ ਔਰ ਕੁਝ ਉਚਾ ਉਠ ਸਕਣ। ਇਨ੍ਹਾਂ ਨੇ ਵੀ ਏਥੇ ਜ਼ਿਕਰ ਕੀਤਾ ਹੈ ਕਿ ਕਾਂਗਰਸ ਨੂੰ ਬੜੇ ਜ਼ਿਮੀਂਦਾਰ ਨੇ ਵੋਟ ਨਹੀਂ ਦਿਤੇ। ਮੈਨੂੰ ਸਮਝ ਨਹੀਂ ਆਉਂਦੀ ਕਿ ਇਹ ਸਰਮਾਏਦਾਰਾਂ ਦੀ ਨੁਮਾਇੰਦਗੀ ਕਰਦੇ ਹਨ ਜਾਂ ਗਰੀਬਾਂ ਦੀ ਨੁਮਾਇੰਦਗੀ ਕਰਦੇ ਹਨ। ਕਿਹਾ ਚੰਗਾ ਹੁੰਦਾ ਜੇ ਇਹ ਏਥੇ ਹਰੀਜਨਾਂ ਦੀ ਗੱਲ ਕਰਦੇ। ਇਹ ਆਖਦੇ ਹਨ ਕਿ ਚੀਫ ਮਨਿਸਟਰ ਸਿਰਫ 34 ਵੋਟਾਂ ਤੇ ਜਿੱਤਿਆ ਹੈ।

ਚੌਧਰੀ ਦੇਵੀ ਲਾਲ : ਉਥੇ ਪੰਜ ਹਜ਼ਾਰ ਬਾਜ਼ੀਗਰਾਂ ਨੇ ਵੋਟ ਦਿੱਤਾ ਸੀ।

ਸਰਦਾਰ ਨਾਰਾਇਣ ਸਿੰਘ ਸ਼ਾਹਬਾਜ਼ਪੁਰੀ : ਚੌਧਰੀ ਸਾਹਿਬ, ਗਰੀਬ ਸਾਰੇ ਹੀ ਸਾਡੇ ਹਮਦਰਦ ਹਨ। ਕੋਈ ਵੀ ਗਰੀਬ ਤੁਹਾਡੇ ਨਾਲ ਨਹੀਂ ਕਿਉਂਕਿ ਤੁਸੀਂ ਗਰੀਬਾਂ ਦੇ ਨਾਲ ਕੋਈ ਹਮਦਰਦੀ ਨਹੀਂ ਰਖਦੇ। ਇਹ ਜਿਹੜੇ ਕਮਿਊਨਿਸਟ ਪਾਰਟੀ ਵਾਲੇ ਹਨ ਇਨ੍ਹਾਂ ਨੇ ਪਾਰਲੀਮੈਂਟ ਦੇ ਵਿਚ ਕਿਹਾ ਸੀ ਕਿ ਰਾਜਿਆਂ ਦੇ privy purse ਬੰਦ ਹੋਣੇ ਚਾਹੀਦੇ ਹਨ ਕਿਉਂਕਿ ਜਿਹੜੀ ਸਵਤੰਤਰ ਪਾਰਟੀ ਹੈ ਇਹ ਸਾਰੀ ਰਾਜਿਆਂ ਦੀ ਹੀ ਹੈ। ਸਪੀਕਰ ਸਾਹਿਬ, ਮੇਰੇ ਹਲਕੇ ਦੇ ਵਿਚ ਮੇਰੇ ਖਿਲਾਫ ਇਕ ਸਵਤੰਤਰ ਪਾਰਟੀ ਦਾ ਆਦਮੀ ਖੜਾ ਹੋਇਆ ਸੀ। ਉਸ ਦੇ ਨਾਲ ਇਹ ਕਮਿਊਨਿਸਟ ਪਾਰਟੀ ਵਾਲੇ ਲਾਲ ਝੰਡੇ ਲੈ ਲੈ ਕੇ ਫਿਰਦੇ ਰਹੇ ਹਨ ਕਿ ਇਸ ਨੂੰ ਵੋਟਾਂ ਦਿਉ। ਸੋ ਇਹ ਕਹਿੰਦੇ ਕੁਝ ਹੋਰ ਹਨ ਔਰ ਕਰਦੇ ਕੁਝ ਹੋਰ ਹਨ। ਇਸ ਸਬੰਧ ਵਿਚ ਮੈਂ ਇਸ਼ਤਿਹਾਰ ਪੇਸ਼ ਕਰ ਸਕਦਾ ਹਾਂ ਜਿਹੜੇ ਕਮਿਊਨਿਸਟ ਪਾਰਟੀ ਵਾਲਿਆਂ ਨੇ ਮੇਰੇ ਖਿਲਾਫ ਲਿਖ ਲਿਖ ਕੇ ਵੰਡੇ ਸਨ। ਉਸ ਦੇ ਵਿਚ ਇਨ੍ਹਾਂ ਨੇ ਲਿਖਿਆ ਸੀ ਕਿ ਸਰਦਾਰ ਵਰਿਆਮ ਸਿੰਘ ਨੂੰ ਵੋਟ ਦਿਉ।

ਸਰਦਾਰ ਮੱਖਣ ਸਿੰਘ ਤਰਸਿੱਕਾ : ਬਿਲਕੁਲ ਗਲਤ ਹੈ ਇਹ ਗੱਲ।

ਸਰਦਾਰ ਨਾਰਾਇਣ ਸਿੰਘ ਸ਼ਾਹਬਾਜ਼ਪੁਰੀ : ਸਪੀਕਰ ਸਾਹਿਬ, ਅਸੀਂ ਬਿਲਕੁਲ ਇਨਸਾਫ ਦੇ ਨਾਲ ਜਿਤ ਕੇ ਆਏ ਹਾਂ। ਇਹ ਮੇਰੇ ਵੀਰ ਭੁਲੇਖੇ ਨਾਲ ਜਿਤ ਕੇ ਆਏ ਹੋਣਗੇ। ਸਪੀਕਰ ਸਾਹਿਬ, ਇਨ੍ਹਾਂ ਨੇ ਸਭ ਪਾਰਟੀਆਂ ਨੇ ਮਿਲ ਕੇ ਇਕ ਮਹਾਜ਼ ਬਣਾਇਆ ਕਿ ਅਸੀਂ ਚੀਫ ਮਨਿਸਟਰ ਨੂੰ ਹਰਾਉਣਾ ਹੈ ਲੇਕਿਨ ਉਸ ਦੇ ਬਾਵਜੂਦ ਵੀ ਇਹ ਚੀਫ ਮਨਿਸਟਰ ਸਾਹਿਬ ਨੂੰ ਨਹੀਂ ਹਰਾ ਸਕੇ। ਹੁਣ ਇਸ ਗੱਲ ਦਾ ਗਿਲਾ ਕੀ ਹੈ। ਗਿਲਾ ਇਨ੍ਹਾਂ ਨੂੰ ਚਾਹੀਦਾ ਹੈ ਜਨਤਾ ਦਾ ਕਰਨਾ ਜਿਨ੍ਹਾਂ ਨੇ ਇਨ੍ਹਾਂ ਨੂੰ ਪਸੰਦ ਨਹੀਂ ਕੀਤਾ। ਗਿਲ ਸਾਹਿਬ ਨੇ ਏਥੇ ਆਖਿਆ ਸੀ ਕਿ ਇਨ੍ਹਾਂ ਨੇ ਜ਼ਰਾਇਤ ਦਾ ਵਜ਼ੀਰ ਐਸੇ ਮੈਂਬਰ ਨੂੰ ਬਣਾ ਦਿੱਤਾ ਹੈ ਜਿਸ ਨੂੰ ਜ਼ਰਾਇਤ ਦਾ ਕੁਛ ਵੀ ਪਤਾ ਨਹੀਂ ਹੈ। ਗਿਲ ਸਾਹਿਬ ਦਿੱਲੀ ਦੇ ਵਿਚ ਬੈਠ ਕੇ ਅੰਦਾਜ਼ਾ ਲਗਾ ਲੈਂਦੇ ਹਨ ਕਿ ਪਿੰਡਾਂ ਦੇ ਵਿਚ ਕੀ ਵਾਪਰ ਰਹੀ। ਮੈਂ ਇਨ੍ਹਾਂ ਨੂੰ ਪੁਛਣਾ ਚਾਹੁੰਦਾ ਹਾਂ ਕਿ ਜੇ ਥੋੜੀ ਜ਼ਮੀਨ ਵਾਲਾ ਵਜ਼ੀਰ ਬਣ ਜਾਵੇ ਤਾਂ ਕੀ ਇਸ ਦਾ ਇਹ ਮਤਲਬ ਹੁੰਦਾ ਹੈ ਕਿ ਉਹ ਐਗਰੀਕਲਚਰ ਨੂੰ ਨਹੀਂ ਸਮਝ ਸਕਦਾ ? ਮੈਨੂੰ ਇਸ ਗੱਲ ਦੀ ਸਮਝ ਨਹੀਂ ਆਉਂਦੀ ਕਿ ਇਹ ਕਿਸਾਨ ਦੀ category ਦੇ ਵਿਚ ਸਿਰਫ ਬਹੁਤੀ

ਜ਼ਮੀਨ ਵਾਲੇ ਨੂੰ ਹੀ ਲਿਆਉਂਦੇ ਹਨ ਜਾਂ ਥੋੜੀ ਜ਼ਮੀਨ ਵਾਲੇ ਨੂੰ ਵੀ ਕਿਸਾਨ ਸਮਝਦੇ ਹਨ। ਕਮਿਉਨਿਸਟ ਭਾਈ ਤਾਂ ਕਦੇ ੨ ਦਰੁਸਤੀ ਦੀ ਗੱਲ ਵੀ ਕਰ ਦਿੰਦੇ ਹਨ ਲੇਕਿਨ ਅਕਾਲੀ ਪਾਰਟੀ ਵਾਲਿਆਂ ਨੇ ਕਦੇ ਕੋਈ ਚੰਗੀ ਗੱਲ ਨਹੀਂ ਕੀਤੀ। ਸਪੀਕਰ ਸਾਹਿਬ, ਪਰਸੋਂ ਜੋ ਸੁੰਦਰਮ ਸਾਹਿਬ ਨੂੰ ਪਾਰਟੀ ਦਿਤੀ ਗਈ ਸੀ ਉਸ ਦੇ ਵਿਚ ਉਨ੍ਹਾਂ ਨੇ ਇਹ ਦੱਸਿਆ ਸੀ ਕਿ ਮੇਰੇ ਕੋਲ ਅਕਾਲੀਆਂ ਨੇ ਕਦੇ ਇਹ ਮਤਾਲਬਾ ਨਹੀਂ ਕੀਤਾ ਕਿ recounting ਕੀਤੀ ਜਾਵੇ, ਉਹ ਮੇਰੇ ਕੋਲ repolling ਦਾ ਹੀ ਮਤਾਲਬਾ ਕਰਦੇ ਰਹੇ ਹਨ। ਸਪੀਕਰ ਸਾਹਿਬ, ਜਦੋਂ ਇਨ੍ਹਾਂ ਦੀ ਪਾਰਟੀ ਦੇ ਉਮੀਦਵਾਰ ਦੀਆਂ ਥੋੜੀਆਂ ਜਿਹੀਆਂ ਵੋਟਾਂ ਗਿਣਤੀ ਦੇ ਵਿਚ lead ਕਰਦੀਆਂ ਨਜ਼ਰ ਆਈਆਂ ਤਾਂ ਇਹ ਸਾਰੀ ਗਿਣਤੀ ਤੋਂ ਪਹਿਲੇ ਹੀ ਉਠ ਕੇ ਨਠ ਗਏ ਔਰ ਜਾ ਕੇ ਇਨ੍ਹਾਂ ਨੇ ਜਲੂਸ ਕਢਣੇ ਸ਼ੁਰੂ ਕਰ ਦਿੱਤੇ। ਔਰ ਜਦੋਂ ਸਾਰੀ ਗਿਣਤੀ ਤੋਂ ਬਾਅਦ ਚੀਫ ਮਨਿਸਟਰ ਸਾਹਿਬ ਜਿਤ ਗਏ ਤਾਂ ਇਨ੍ਹਾਂ ਨੇ ਹਾਰੇ ਜਵਾਰੀਏ ਵਾਂਗ ਖਪ ਪਾਉਣੀ ਸ਼ੁਰੂ ਕਰ ਦਿੱਤੀ। (ਵਿਘਨ)

ਬਹੁਤ ਸਾਰੀਆਂ ਆਵਾਜ਼ਾਂ : ਇਹ ਗਲਤ ਗੱਲ ਹੈ। ਵੋਟਾਂ ਚੁਰਾਈਆਂ ਗਈਆਂ ਸਨ।

ਸਰਦਾਰ ਨਾਰਾਇਣ ਸਿੰਘ ਸ਼ਾਹਬਾਜ਼ਪੁਰੀ : ਤੂੰ ਵੀ ਉਨ੍ਹਾਂ ਦੇ ਵਿਚ ਸ਼ਾਮਿਲ ਸੀ।

Sardar Gurbakhsh Singh (Dhariwal) : On a point of Order, Sir. Sir, is it parliamentary to address an hon. Member as ਤੂੰ, ਤੂੰ?

ਅਵਾਜਾਂ : ਉਹ ਪਿਆਰ ਨਾਲ ਇਸ ਤਰ੍ਹਾਂ ਕਹਿੰਦੇ ਹਨ। (noise)

ਸਰਦਾਰ ਨਾਰਾਇਣ ਸਿੰਘ ਸ਼ਾਹਬਾਜ਼ਪੁਰੀ : ਠੀਕ ਹੈ, ਸੱਚੀ ਗਲ ਨਾਲ ਪੀੜ ਹੁੰਦੀ ਹੀ ਹੈ ਅਤੇ ਹਰ ਝੂਠੇ ਆਦਮੀ ਨੂੰ ਸਚੀ ਗੱਲ ਸੁਣ ਕੇ ਮਿਰਚਾਂ ਲਗਦੀਆਂ ਹੀ ਹਨ। ਫਿਰ, ਸਰਦਾਰ ਗੁਰਬਖਸ਼ ਸਿਘ ਤੁਸੀਂ ਤਾਂ ਮੇਰੇ ਗੁਆਂਢੀ ਹੋ ਤੁਹਾਨੂੰ ਕੀ ਤਕਲੀਫ ਹੁੰਦੀ ਹੈ ? ਜ਼ਰਾ ਸਬਰ ਨਾਲ ਮੇਰੀਆਂ ਸੱਚੀਆਂ ਸੱਚੀਆਂ ਸੁਣੋ ਹੁਣੇ ਹੀ ਕਿਉਂ ਘਬਰਾ ਗਏ ਹੋ (*Interruptions by Sardar Makhan Singh*) ਸਰਦਾਰ ਮੱਖਣ ਸਿੰਘ ਜੀ, ਤੁਸੀਂ ਜੋ ਮਰਜ਼ੀ ਕਰ ਲਉ, ਤੁਹਾਡਾ ਨੰਬਰ ਨਹੀਂ ਆਉਣ ਲਗਾ ਭਾਵੇਂ ਸਾਰਾ ਪਿੰਡ ਮਰ ਜਾਵੇ (ਹਾਸਾ)। ਤੁਸੀਂ ਮੇਰੀ ਗਲ ਨਾਂ ਕਰੋ ਪਰ ਆਪਣੀ ਕਿਤੇ ਗਲਤ-ਫਹਿਮੀ ਵਿਚ ਨਾ ਰਹਿਣਾ। ਤੁਸੀਂ ਬੇਸ਼ਕ ਉਠ ਦੇ ਬੁਲ੍ਹ ਮਗਰ ਘੁੰਮਦੇ ਰਹੋ ਪਰ ਇਹ ਬੁਲ੍ਹ ਕਿਤੇ ਹੋਰ ਹੀ ਡਿਗਣਾ ਹੈ ਅਤੇ ਤੁਸੀਂ ਖਾਹਮਖਾਹ ਮਗਰ ਭਜ ਭਜ ਕੇ ਗੋਡੇ ਨਾ ਭੰਨਾਉ। (ਹਾਸਾ) ਮੈਂ ਵਜ਼ੀਰ ਬਣਾਂ ਭਾਵੇਂ ਨਾ ਬਣਾ ਪਰ ਤੁਸੀਂ ਬੁਲ੍ਹ ਮਗਰ ਨਾ ਫਿਰੋ ਤਹਾਡਾ ਨੰਬਰ ਨਹੀਂ ਕਦੇ ਆਉਣ ਲਗਾ। ਮੈਂ ਜੇਕਰ ਵਜ਼ੀਰ ਨਹੀਂ ਵੀ ਬਣਿਆ ਮੈਂ ਤਾਂ ਵੀ ਵਜ਼ੀਰ ਹੀ ਹਾਂ ਕਿਉਂ ਕਿ ਇਹ ਪਾਰਟੀ ਦੀ ਵਜ਼ਾਰਤ ਹੈ ਅਤੇ ਇਹ ਸਭ ਦੀ ਸਾਂਝੀ ਹੈ। ਵਜ਼ੀਰ ਸਾਰੇ ਹੀ ਨਹੀਂ ਬਣਦੇ ਅਤੇ ਜਿਹੜਾ ਵੀ ਬਣਦਾ ਹੈ ਉਹ ਸਾਰੀ ਪਾਰਟੀ ਦਾ ਹੁੰਦਾ ਹੈ ਅਤੇ ਪਾਰਟੀ ਦਾ ਹੀ ਬਣਾਇਆ ਹੋਇਆ ਹੁੰਦਾ ਹੈ। ਇਹ ਪਾਰਟੀ ਅਜਿਹੇ ਆਦਮੀਆਂ ਦੀ ਹੈ ਜਿਨ੍ਹਾਂ ਨੂੰ ਕੋਈ ਲਾਲਚ ਨਹੀਂ ਅਤੇ ਇਸ ਵਿਚ ਕੋਈ ਵਿਰੋਧ ਨਹੀਂ। ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਤੁਸੀਂ ਐਵੇਂ ਹੀ ਊਠ ਦੇ ਬੁਲ੍ਹ ਮਗਰ ਨਾ ਘੁੰਮੋ ਤੁਹਾਡਾ ਕਿਸੇ ਸੂਰਤ ਹਥ ਨਹੀਂ ਪੈਣਾ (*Interruptions*) ਫਿਰ ਮੇਰੇ ਕਈ ਵੀਰ ਕਹਿੰਦੇ ਹਨ ਕਿ ਇਨ੍ਹਾਂ 31 ਵਜ਼ੀਰਾਂ ਦੀ ਕੀ ਲੋੜ ਸੀ। ਮੈਂ ਉਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਜੇਕਰ ਖੇਤੀ ਵਧ ਜਾਵੇ ਤਾਂ ਕਿਸਾਨ ਦਾ ਕੰਮ ਵੀ ਵਧ ਜਾਂਦਾ ਹੈ। ਤੁਸੀਂ ਵੇਖਦੇ ਨਹੀਂ ਕਿ ਕਿਤਨੇ ਤਰੱਕੀ ਦੇ ਕੰਮ ਹੋ ਰਹੇ ਹਨ ? (*Interruptions*)

Mr. Speaker : I would request the hon. Member to come to the main subject now.

ਸਰਦਾਰ ਨਾਰਾਇਣ ਸਿੰਘ ਸ਼ਾਹਬਾਜ਼ਪੁਰੀ : ਸਪੀਕਰ ਸਾਹਿਬ ਇਹ ਨਹੀਂ ਹਟਦੇ ਅਤੇ ਮੈਨੂੰ ਖਾਹਮਖਾਹ ਛੇੜਦੇ ਹਨ। ਮੈਂ ਤਾਂ ਕੋਈ ਐਸੀ ਵੈਸੀ ਗੱਲ ਨਹੀਂ ਕਹਿਣੀ ਚਾਹੁੰਦਾ। ਇਨ੍ਹਾਂ ਨੇ ਪਰੋਗਰਾਮ ਬਣਾਇਆ ਸੀ ਕਿ ਉਥੇ ਧਰਨਾ ਮਾਰੋ ਅਤੇ ਹੱਲਾ ਗੁਲਾ ਕਰਕੇ ਬਕਸੇ ਚੁਕ ਕੇ ਲੈ ਜਾਉ ਤਾਕਿ ਫਿਰ repoll ਹੋਵੇ। ਇਨ੍ਹਾਂ ਨੇ ਤਾਂ ਜ਼ਿਆਦਾ ਸ਼ੋਰ repoll ਦਾ ਪਾਇਆ ਅਤੇ ਇਨ੍ਹਾਂ ਦਾ ਸਾਰਾ ਜ਼ੋਰ ਇਸ ਪਾਸੇ ਸੀ (*Interruptions*) ਸਪੀਕਰ ਸਾਹਿਬ, ਇਹ ਮੈਨੂੰ ਫੇਰ ਛੇੜਦੇ ਹਨ। ਮੈਂ ਅਰਜ਼ ਕਰਦਾ ਹਾਂ ਕਿ ਜਦੋਂ ਨਸਲੀ ਘੋੜੇ ਇਕੱਠੇ ਹੁੰਦੇ ਹਨ ਤਾਂ ਉਹ ਆਪਸ ਵਿਚ ਪਿਆਰ ਕਰਦੇ ਹਨ ਪਰ ਜੇਕਰ ਟੱਟੂ ਇਕੱਠੇ ਹੋ ਜਾਣ ਤਾਂ ਫੇਰ ਖੁਦਾ ਦੀ ਪਨਾਹ। ਉਹ ਹਿਣਕ ਹਿਣਕ ਕੇ ਪਛਾੜੋ ਪਛਾੜੀ ਹੁੰਦੇ ਹਨ। (*loud laughter*) ਸਪੀਕਰ ਸਾਹਿਬ, ਸਾਡੇ ਸਾਹਮਣੇ ਪੰਜਾਬ ਨੂੰ ਬਣਾਉਣ ਦਾ ਸਵਾਲ ਹੈ। ਇਸ ਪੰਜਾਬ ਨੂੰ ਬਣਾਉਣ ਲਈ ਟੱਟੂਆਂ ਦੀ ਲੋੜ ਨਹੀਂ ਜਿਹੜੇ ਕਿ ਕੰਮ ਕਰਨ ਦੀ ਬਜਾਏ ਪਛਾੜੋ ਪਛਾੜੀ ਹੋਣ ਬਲਕਿ, ਸਪੀਕਰ ਸਾਹਿਬ, ਤੁਹਾਡੇ ਵਰਗੇ ਆਜ਼ਮੂਦਾ ਜਰਨੈਲਾਂ ਦੀ ਜ਼ਰੂਰਤ ਹੈ ਜਿਨ੍ਹਾਂ ਨੂੰ ਦੇਸ਼ ਨਾਲ ਪਿਆਰ ਹੈ। ਇਥੇ ਤਾਂ ਪੰਜਾਬ ਨੂੰ ਉਸਾਰਨ ਦਾ ਸਵਾਲ ਹੈ ਇਸ ਲਈ ਬੜੇ ਆਜ਼ਮੂਦਾ ਜਰਨੈਲਾਂ ਦੀ ਲੋੜ ਹੈ। ਤੁਸੀਂ ਮਾਮੂਲੀ ਬਟੇਰਿਆਂ ਵਾਲੇ ਨੂੰ ਵੇਖ ਲਉ। ਉਸਨੇ ਜੇ ਬਟੇਰੇ ਲਿਆਉਣੇ ਹੋਣ ਤਾਂ ਉਹ ਪਾਲਤੂ ਬਟੇਰੇ ਲਿਆਉਂਦਾ ਹੈ ਅਤੇ ਜੰਗਲੀ ਬਟੇਰੇ ਨਹੀਂ ਲਿਆਉਂਦਾ ਜਿਹੜੇ ਕੋਈ ਇਧਰ ਨੂੰ ਉਡ ਜਾਣ ਕੋਈ ਉਧਰ ਨੂੰ ਉਡ ਜਾਣ। (ਹਾਸਾ) ਤੇ ਮੈਂ ਇਨ੍ਹਾਂ ਦੋਸਤਾਂ ਨੂੰ ਅਰਜ਼ ਕਰਦਾ ਹਾਂ ਕਿ ਲੜਣਾ ਹੈ ਤਾਂ ਬੇਸ਼ਕ ਲੜੋ ਪਰ ਅਸੂਲ ਦੀ ਲੜਾਈ ਲੜੋ। ਲੜਨ ਲਈ ਵੀ ਅਸੂਲ ਦੀ ਲੋੜ ਹੁੰਦੀ ਹੈ। ਚੋਣਾਂ ਵਿਚ ਤਾਂ ਤੁਸੀਂ ਵਧੇਰੇ ਕਿਸਾਨਾਂ ਦੇ, ਗਰੀਬਾਂ ਦੇ ਤੇ ਹਰੀਜਨਾਂ ਦੇ ਨਾਹਰੇ ਲਗਾਏ ਪਰ ਇਸਦਾ ਇਹ ਮਤਲਬ ਨਹੀਂ ਕਿ ਜੇ ਤੁਸੀਂ ਇਥੇ ਆ ਗਏ ਹੋ ਤਾਂ ਉਨ੍ਹਾਂ ਗਰੀਬਾਂ, ਕਿਸਾਨਾਂ ਤੇ ਹਰੀਜਨਾਂ ਨੂੰ ਭੁਲ ਜਾਉ। ਆਉ ਅਸੀਂ ਮਿਲ ਕੇ ਉਨ੍ਹਾਂ ਲੋਕਾਂ ਨੂੰ ਉਚਾ ਚੁਕੀਏ। ਗਿਲ ਸਾਹਿਬ ਨੇ ਵੀ ਵਧੇਰੀਆਂ ਗੱਲਾਂ ਕੀਤੀਆਂ ਹਨ ਪਰ ਉਨ੍ਹਾਂ ਨੂੰ ਭੁਲੇਖਾ ਹੈ। ਉਨ੍ਹਾਂ ਨੇ ਚੋਣਾਂ ਵਿਚ ਮਜ਼ਹਬੀ ਨਾਅਰੇ ਲਾਏ। ਪਿੰਡਾਂ ਵਿਚ ਜਾ ਕੇ ਭੋਲੇ ਭਾਲੇ ਲੋਕਾਂ ਨੂੰ ਮਜ਼ਹਬ ਦੇ ਨਾਮ ਤੇ ਵਰਗਲਾਇਆ ਗਿਆ। ਉਨ੍ਹਾਂ ਨੂੰ ਕਿਹਾ ਗਿਆ ਕਿ ਪੰਜੇ ਨੂੰ ਵੋਟ ਪਾਉਣ ਪੰਜਾ ਸਾਹਿਬ ਨੂੰ ਵੋਟ ਪਾਉਣਾ ਹੈ। ਪਰ ਮੈਨੂੰ ਯਕੀਨ ਹੈ ਕਿ ਹਰ ਇਮਾਨਦਾਰ ਜੱਟ ਜੋ ਫਿਰਕੂ ਨਹੀਂ ਹੈ ਅਤੇ ਸੂਝ ਬੂਝ ਰਖਦਾ ਹੈ ਉਸ ਨੇ ਕਾਂਗਰਸ ਨੂੰ ਹੀ ਵੋਟ ਪਾਇਆ ਹੈ। ਲੇਕਿਨ ਫਿਰ ਵੀ, ਸਪੀਕਰ ਸਾਹਿਬ, ਮਜ਼ਹਬ ਦਾ ਦਬਾਉ ਬਹੁਤ ਬੜਾ ਦਬਾਉ ਹੈ ਅਤੇ ਖਾਸ ਤੌਰ ਤੇ ਭੋਲੇ ਭਾਲੇ ਜੱਟ ਤਾਂ ਛੇਤੀ ਦਬ ਜਾਂਦੇ ਹਨ। ਤੇ ਮੈਂ ਬੇਨਤੀ ਕਰਦਾ ਹਾਂ ਕਿ ਇਹ ਚੋਣਾਂ ਇਕਤਸਾਦੀ ਨਾਹਰਿਆਂ ਤੇ ਲੜੀਆਂ ਜਾਣੀਆਂ ਚਾਹੀਦੀਆਂ ਸਨ, ਪਰ ਗਿਲ ਸਾਹਿਬ ਮਜ਼ਹਬ ਦੇ ਨਾਮ ਤੇ ਲੜਦੇ ਰਹੇ ਹਨ। ਇਸ ਲਈ ਮੇਰੀ ਅਰਜ਼ ਹੈ ਕਿ ਬਾਹਰ ਤਾਂ ਤੁਸੀਂ ਵਧੇਰੇ ਨਾਅਰੇ ਲਾਏ ਪਰ ਹੁਣ ਇਥੇ ਅਸੈਂਬਲੀ ਵਿਚ ਬੈਠ ਕੇ ਤਾਂ ਕੋਈ ਉਸਾਰੀ ਦੀ ਗੱਲ ਕਰੋ। ਤੁਸੀਂ ਇਥੇ ਐਨੀਆਂ ਤਕਰੀਰਾਂ ਕੀਤੀਆਂ ਹਨ ਕੀ ਉਨ੍ਹਾਂ ਵਿਚ ਕੋਈ ਸੁਝਾਉ ਵੀ ਦਿਤਾ ਹੈ। ਤੁਸੀਂ ਭਾਖੜਾ ਡੈਮ ਦੀ ਵੀ ਕੋਈ ਗੱਲ ਕੀਤੀ ਹੈ ਜਿਸਦਾ ਇਤਨਾ ਫਾਇਦਾ ਹੋ ਰਿਹਾ ਹੈ। ਅੰਗਰੇਜ਼ਾਂ ਦੇ ਜ਼ਮਾਨੇ ਵਿਚ ਕਿਸਾਨ ਨੂੰ ਸਿਰਫ 8 ਫੀ ਸਦੀ ਬਿਜਲੀ ਮਿਲਦੀ ਸੀ ਅਤੇ ਬਾਕੀ ਸ਼ਹਿਰਾਂ ਵਿਚ ਜਾਂਦੀ ਸੀ। ਇਹ ਬਿਜਲੀ ਕਿਸਾਨਾਂ ਦੇ ਨਾਮ ਤੇ ਗਿਲ ਸਾਹਿਬ ਦੀ ਕੋਠੀ ਤੇ ਬਗੀਚੇ ਨੂੰ ਮਿਲਦੀ ਸੀ। ਲੇਕਿਨ ਹੁਣ 46 ਫੀ ਸਦੀ ਤੋਂ ਵੀ ਵਧ ਬਿਜਲੀ ਕਾਸ਼ਤਕਾਰਾਂ ਦੇ ਖੇਤਾਂ ਵਿਚ ਪਹੁੰਚੀ ਹੈ ਇਸ ਨਾਲ tube wells ਚਲ ਰਹੇ ਹਨ। ਅਗਲੇ

ਸਾਲ 50 ਫੀ ਸਦੀ ਤੋਂ ਵੀ ਵਧ ਬਿਜਲੀ ਕਿਸਾਨਾਂ ਨੂੰ ਮਿਲ ਜਾਵੇਗੀ। ਸਾਡਾ ਕਿਸਾਨਾਂ ਦਾ ਦੇਸ਼ ਹੈ ਅਤੇ ਅਸੀਂ ਕਿਸਾਨਾਂ ਨੂੰ ਉੱਚਾ ਚੁਕ ਕੇ ਦੇਸ਼ ਨੂੰ ਉੱਚਾ ਚੁਕਣਾ ਹੈ। ਜੇਕਰ ਅਸੀਂ ਕਿਸਾਨਾਂ ਵਲ ਧਿਆਨ ਨਾ ਦੇਈਏ ਤਾਂ ਕੀ ਗਿਲ ਸਾਹਿਬ ਵਰਗੇ ਧਨਾਢ ਕਿਸਾਨਾਂ ਵਲ ਧਿਆਨ ਦੇਣਗੇ ? ਉਨ੍ਹਾਂ ਨੂੰ ਤਾਂ ਕਿਸਾਨਾਂ ਨਾਲ ਪਿਆਰ ਨਹੀਂ ਅਤੇ ਅਸੀਂ ਹੀ ਉਨ੍ਹਾਂ ਦਾ ਖਿਆਲ ਰਖਣਾ ਹੈ। ਤੇ ਮੈਂ ਅਰਜ਼ ਕਰਦਾ ਹਾਂ ਕਿ ਜੇਕਰ ਕੋਈ ਨੁਕਤਾਚੀਨੀ ਕਰਨੀ ਹੋਵੇ ਤਾਂ ਉਹ ਸੋਚ ਸਮਝ ਕੇ ਕਰੋ ਅਤੇ ਕੋਈ ਠੋਸ ਤੇ ਅਮਲੀ ਨੁਕਤਾ ਚੀਨੀ ਕਰੋ। ਜਿਥੇ ਤੁਸੀਂ ਐਨੀਆਂ ਗੱਲਾਂ ਕੀਤੀਆਂ ਹਨ ਉਥੇ ਕੀ ਤੁਸੀਂ ਇਹ ਗੱਲ ਵੀ ਕੀਤੀ ਹੈ ਕਿ 1947 ਵਿਚ ਸਿਰਫ 5 ਲਖ ਬੱਚੇ ਪੜ੍ਹਦੇ ਸਨ ਪਰ ਹੁਣ ਉਨ੍ਹਾਂ ਦੀ ਤਾਦਾਦ 25 ਲੱਖ ਹੋ ਗਈ ਹੈ ? ਪਰ ਤੁਹਾਡੀ ਗੱਲ ਤਾਂ ਬਾਜ਼ੀਗਰ ਵਾਲੀ ਹੈ ਜਿਹੜਾ ਢੋਲ ਵਜਾ ਵਜਾ ਕੇ ਕਹਿੰਦਾ ਜਾਂਦਾ ਹੈ ਕਿ ਮੈਂ ਨਾ ਮਾਨੂੰ ਪਰ ਦੂਜੇ ਪਾਸੇ ਦੂਜਾ ਵਿਚਾਰਾ ਛਾਲਾਂ ਲਾ ਲਾ ਕੇ ਧੌੜੀ ਲਾਲ ਕਰ ਲੈਂਦਾ ਹੈ। ਜੇਕਰ ਭਾਖੜੇ ਦੀ ਗੱਲ ਹੁੰਦੀ ਹੈ ਤਾਂ ਚੌਧਰੀ ਦੇਵੀ ਲਾਲ ਜੀ ਕਹਿ ਦਿੰਦੇ ਹਨ ਕਿ ਸਾਰੀ ਬਿਜਲੀ ਤਾਂ ਅੰਮ੍ਰਿਤਸਰ ਵਿਚ ਚਲੀ ਗਈ ਹੈ ਪਰ ਹਰਿਆਣੇ ਨੂੰ ਤਾਂ ਸਿਰਫ ਐਨੀ ਹੀ ਮਿਲੀ ਹੈ। ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਪਾਕਿਸਤਾਨ ਤੋਂ ਜੋ ਬਿਜਲੀ ਕੱਟੀ ਹੈ ਉਹੋ ਉਥੇ ਦੇ ਦਿਤੀ ਹੈ ਪਰ ਭਾਖੜੇ ਦੀ ਤੁਹਾਨੂੰ ਹੀ ਚਲੀ ਗਈ ਹੈ। ਭਾਖੜੇ ਦਾ ਪਾਣੀ ਵੀ ਤੁਹਾਨੂੰ ਹੀ ਜਾਂਦਾ ਹੈ। ਫਿਰ ਚੌਧਰੀ ਦੇਵੀ ਲਾਲ ਜੀ ਕਹਿਣ ਲਗੇ ਕਿ ਅਸੀਂ ਖੁਸ਼ ਹੈਸੀਅਤੀ ਟੈਕਸ ਦਿੰਦੇ ਹਾਂ ਪਰ ਅੰਮ੍ਰਿਤਸਰ ਵਿਚ ਐਨੇ ਏਕੜ ਜ਼ਮੀਨ ਨੂੰ ਪਾਣੀ ਮਿਲਦਾ ਹੈ ਅਤੇ ਹਰਿਆਣੇ ਵਿਚ ਇਤਨੇ ਏਕੜ ਨੂੰ ਪਾਣੀ ਮਿਲਦਾ ਹੈ। ਮੈਂ ਚਾਹੁੰਦਾ ਸੀ ਕਿ ਉਹ ਇਹ ਗੱਲ ਵੀ ਨਾਲ ਦਸਦੇ ਕਿ ਅੰਗਰੇਜ਼ਾ ਦੇ ਵਕਤ ਉਨ੍ਹਾਂ ਨੂੰ ਕਿਤਨਾ ਪਾਣੀ ਮਿਲਦਾ ਰਿਹਾ ਅਤੇ ਹੁਣ ਕਾਂਗਰਸ ਪਾਰਟੀ ਦੇ ਵਕਤ ਵਿਚ ਕਿਤਨਾ ਪਾਣੀ ਮਿਲ ਰਿਹਾ ਹੈ। ਲੇਕਿਨ ਗੱਲ ਉਨ੍ਹਾਂ ਨੇ ਨਹੀਂ ਦੱਸੀ। ਜੇਕਰ ਉਨ੍ਹਾਂ ਨੂੰ ਕੋਈ ਇਤਰਾਜ਼ ਸੀ ਤਾਂ ਉਹ ਦਸਦੇ ਕਿ ਹੁਣ ਇਤਨਾ ਪਾਣੀ ਮਿਲ ਰਿਹਾ ਹੈ ਅਤੇ ਇਸ ਤਰੀਕੇ ਨਾਲ ਹੋਰ ਆਬ-ਪਾਸ਼ੀ ਵਧ ਸਕਦੀ ਹੈ। (*Iterruptions*) ਅਸਲੀ ਗੱਲ ਤਾਂ ਇਹ ਹੈ ਕਿ ਇਨ੍ਹਾਂ ਨੇ ਸੁਝਾਉ ਤਾਂ ਦਿਤਾ ਨਹੀਂ ਐਵੇਂ ਇਧਰ ਉਧਰ ਦੀਆਂ ਗੱਲਾਂ ਕਰਦੇ ਰਹੇ। ਮੈਨੂੰ ਤਾਂ ਇਹ ਕਹਿੰਦੇ ਹਨ ਕਿ ਇਹ ਝੂਠ ਬੋਲਦਾ ਹੈ ਪਰ ਇਸ ਪਾਸੇ ਤਾਂ ਝੂਠ ਦੀ ਨਾਨੀ ਬੈਠੀ ਹੋਈ ਹੈ। (*loud laughters*)

ਬਾਬੂ ਬਚਨ ਸਿੰਘ : On a point of order Sir. ਕੀ ਇਹ ਝੂਠ ਦੀ ਨਾਨੀ ਲਫਜ਼ parliamentary ਹੈ ਜਾਂ ਨਹੀਂ।

Mr. Speaker : I would request the hon. Member, Sardar Narain Singh to avoid the use of such like expressions.

ਸਰਦਾਰ ਨਾਰਾਇਣ ਸਿੰਘ ਸ਼ਾਹਬਾਜ਼ਪੁਰੀ : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਇਨਾਂ ਨੂੰ ਕਹਾਂਗਾ ਕਿ ਇਨ੍ਹਾਂ ਬੈਂਚਾਂ ਤੇ ਬੈਠੇ ਕੇ ਮੱਹਜ਼ਬ ਤਰੀਕੇ ਨਾਲ ਬੋਲਿਆ ਜਾਏ। ਮਾੜੀਆਂ ਗੱਲਾਂ ਕਹਿਣ ਨਾਲ ਤਾਂ ਨਹੀਂ ਸਰੇਗਾ। ਸਰੇਗਾ ਤਾਂ ਬੈਠ ਕੇ seriously ਸੋਚਣ ਨਾਲ। ਮੈਂ ਵੀ ਤਾਂ ਜਾਣਦਾ ਹਾਂ। ਜੇਕਰ ਕਹੋ ਤਾਂ ਮੈਂ ਸਭ ਕੁਛ ਕਹਿ ਦਿਆਂ। (ਘੰਟੀ) ਸਪੀਕਰ ਸਾਹਿਬ ਨੇ ਕਿਹਾ ਹੈ ਕਿ ਮੈਂ ਮੁਹੱਜ਼ਬ ਤਰੀਕੇ ਨਾਲ ਕਹਾਂ। ਜੇ ਕਰ ਸਪੀਕਰ ਸਾਹਿਬ ਕਹਿਣਗੇ ਤਾਂ ਮੈਂ ਨਹੀਂ ਕਹਾਂਗਾ (*interruptions*) ਤੂੰ ਕੀ ਕਰੇਂਗਾ ?

ਬਾਬੂ ਬਚਨ ਸਿੰਘ : On a point of order, Sir. ਮੈਂਬਰ ਸਾਹਿਬ ਜਦੋਂ ਬੋਲਦੇ ਨੇ ਤਾਂ ਤੂੰ ਕਹਿੰਦੇ ਨੇ; ਕੀ ਇਹ parliamentary ਹੈ ?

ਸ੍ਰੀ ਸਪੀਕਰ : ਇਹ ਪਿਆਰ ਨਾਲ ਕਹਿੰਦੇ ਨੇ । (The hon. Member says so out of affection.)

ਸਰਦਾਰ ਨਾਰਾਇਣ ਸਿੰਘ ਸ਼ਾਹਬਾਜ਼ਪੁਰੀ : ਸਪੀਕਰ ਸਾਹਿਬ, ਮੈਂ ਤੁਹਾਡੀ ਵਸਾਤਤ ਨਾਲ ਬੇਨਤੀ ਕਰਾਂਗਾ ਕਿ ਪੁਰਾਣੀ ਤਾਰੀਖ ਸ਼ਾਹਦ ਹੈ ਕਿ ਜਦੋਂ ਪਿੰਡਾਂ ਵਿਚ ਰਾਸ ਪਾਈ ਜਾਂਦੀ ਸੀ ਤਾਂ ਢੱਡ ਕੁੱਟੀ ਜਾਂਦੀ ਸੀ ਤੇ ਗੀਤ ਗਾਏ ਜਾਂਦੇ ਸਨ । ਢਾਡੀਆਂ ਕੋਲੋਂ ਇਕ ਗੀਤ ਗਵਾਇਆ ਜਾਂਦਾ ਸੀ ਕਿ ਧਿਆਨ ਸਿੰਘ ਡੋਗਰੇ ਨੇ ਪੰਜਾਬ ਦੇ ਰਾਜ ਅੰਦਰ ਸਭਿਅਤਾ ਦੀਆਂ ਨੀਹਾਂ ਨੂੰ ਖੋਖਲਾ ਕਰ ਦਿਤਾ ਹੈ, ਪੰਜਾਬ ਵਿਚ ਪੰਜਾਬੀਅਤ ਨਾਲ ਧੱਕਾ ਕੀਤਾ ਹੈ। ਪਰ ਹੁਣ ਜਦ ਪੰਜਾਬ ਵਿਚ ਪੰਜਾਬੀਆਂ ਦਾ ਰਾਜ ਹੋਇਆ ਹੈ ਤਾਂ ਫੇਰ ਢਾਡੀਆਂ ਦੇ ਗੀਤਾਂ ਵਿਚੋਂ ਦੇਸ਼ ਪਿਆਰ ਦਾ ਜਜ਼ਬਾ ਫੁਟਣਾ ਚਾਹੀਦਾ ਹੈ, ਦੇਸ਼ ਉਸਾਰੀ ਦਾ ਵਲਵਲਾ ਉਭਰਨਾ ਚਾਹੀਦਾ ਹੈ ਅਤੇ ਉਨ੍ਹਾਂ ਵਿਚ ਦੇਸ਼ ਦੀ ਸਭਿਅਤਾ ਦੇ ਸੋਹਲੇ ਗਾਏ ਜਾਣੇ ਚਾਹੀਦੇ ਹਨ, ਇਸ ਤੋਂ ਬਿਨਾ ਦੇਸ਼ ਦਾ ਕੁਝ ਨਹੀਂ ਬਣੇਗਾ। ਇਕ ਪਾਰਟੀ ਦੀ ਲੀਡਰੀ ਲਈ ਗ਼ਲਤ means ਵਰਤ ਕੇ ਲੋਕਾਂ ਕੋਲੋਂ ਵੋਟਾਂ ਨਹੀਂ ਮੰਗਣੀਆਂ ਚਾਹੀਦੀਆਂ । ਇਨ੍ਹਾਂ ਨੂੰ ਸੋਚਣਾ ਚਾਹੀਦਾ ਹੈ , ਬੈਠ ਕੇ ਵਿਚਾਰ ਕਰਨੀ ਚਾਹੀਦੀ ਹੈ ਕਿ ਇਹ ਕਿਸ ਤਰ੍ਹਾਂ ਵੋਟਾਂ ਲੈ ਕੇ ਆਏ ਹਨ ਕੀ ਇਹ ਜਾਇਜ਼ ਤਰੀਕੇ ਹਨ ? ਕੀ ਇਸ ਤਰਾਂ ਹੋਣਾ ਚਾਹੀਦਾ ਹੈ ? ਸਪੀਕਰ ਸਾਹਿਬ, ਤੁਸੀਂ ਕਿਹਾ ਸੀ ਕਿ ਮੈਂ ਦੋ ਮਿੰਟ ਹੋਰ ਬੋਲ ਲਵਾਂ । ਇਸ ਲਈ ਧੰਨਵਾਦ । ਅੰਤ ਵਿਚ ਮੈਂ ਇਸ Resolution ਦੀ ਤਾਈਦ ਕਰਦਾ ਹਾਂ। ਜੋ motion ਲਿਆਂਦੀ ਗਈ ਹੈ ਇਸ ਦੇ ਵਿਚ ਪੰਜਾਬ ਦੀਆਂ ਸੜਕਾਂ , agriculture ਤੇ ਪੰਜਾਬ ਦੇ ਡੈਮਾਂ ਦਾ ਸਵਾਲ ਹੈ, ਤਾਲੀਮ ਦਾ ਸਵਾਲ ਹੈ, ਤਾਲੀਮ ਲਈ ਖ਼ਰਚ ਦੇਣ ਦਾ ਸਵਾਲ ਹੈ। ਇਸ ਦੇ ਵਿਚ ਗਰੀਬਾਂ ਨੂੰ ਫੀਸਾਂ ਦੀ ਹੋਰ ਮੁਆਫੀ ਦੇਣ ਦਾ ਸਵਾਲ ਹੈ। ਇਸ ਦੇ ਵਿਚ ਚੰਗੇ ਗੁਣ ਆਏ ਹਨ। ਮੈਂ ਇਸ motion ਦੀ ਤਾਈਦ ਕਰਦਾ ਹਾਂ ਅਤੇ ਆਪ ਦਾ ਸ਼ੁਕਰੀਆ ਅਦਾ ਕਰਦਾ ਹਾਂ ਕਿ ਆਪ ਨੇ ਮੈਨੂੰ ਵਕਤ ਦਿਤਾ ਹੈ ਨਾਲ ਹੀ ਇਨ੍ਹਾਂ ਭਾਈਆਂ ਪਾਸ ਬੇਨਤੀ ਕਰਾਂਗਾ ਕਿ ਸੋਚ ਵਿਚਾਰ ਕਰਕੇ ਜਿਵੇਂ parliamentarian ਸੋਚਦੇ ਹਨ, ਵਿਚਾਰ ਕਰੀਏ ।

ਕਾਮਰੇਡ ਮੱਖਣ ਸਿੰਘ ਤਰਸਿੱਕਾ (ਜੰਡਿਆਲਾ) : ਸਪੀਕਰ ਸਾਹਿਬ, ਮੈਂ ਗਵਰਨਰ ਸਾਹਿਬ ਦੇ ਐਡਰੈਸ ਤੇ ਜਿਹੜਾ ਮਤਾ ਕਾਮਰੇਡ ਸਾਹਿਬ ਨੇ ਪੇਸ਼ ਕੀਤਾ ਹੈ, ਉਸ ਨਾਲ ਸਹਿਮਤ ਨਹੀਂ ਹੋ ਸਕਦਾ। ਮੈਂ ਤੇ ਮੇਰੇ ਕਮਿਊਨਿਸਟ ਸਾਥੀ........... (ਵਿਘਨ)

ਸਰਦਾਰ ਜੋਇੰਦਰ ਸਿੰਘ : ਕਮਿਊਨਿਸਟ ਕਿ ਅਕਾਲੀ ?

Comrade Makhan Singh Tarsikka : I belong to the Communist party and not to smugglers.

Mr. Speaker : Before the hon. Member proceeds further, he should withdraw the word 'smuggler'.

Comrade Makhan Singh Tarsikka : Sir, I withdraw.

ਗਵਰਨਰ ਸਾਹਿਬ ਦੇ ਐਡਰੈਸ ਵਿਚ ਸਫਾ ਦੋ ਤੇ ਲਿਖਿਆ ਹੈ :

> "The crime situation in this State has also shown improvement during 1961, and there was a decline in all major crimes........"

ਇਨ੍ਹਾਂ ਨੂੰ ਸਾਹਮਣੇ ਰਖ ਕੇ ਮੈਂ ਆਪ ਦੇ ਸਾਹਮਣੇ ਕੁਝ ਅੰਕੜੇ ਰਖਣਾ ਚਾਹੁੰਦਾ ਹਾਂ। ਸਰਕਾਰ ਦਸੇ ਕਿ ਕਿਹੜੀ ਗੱਲ ਠੀਕ ਹੈ। ਮੈਨੂੰ ਬੜੀ ਖੁਸ਼ੀ ਹੁੰਦੀ ਜੇ ਮੁਖ ਮੰਤ੍ਰੀ ਸਾਹਿਬ ਏਥੇ ਹੁੰਦੇ। ਸਪੀਕਰ ਸਾਹਿਬ, ਇਹ ਸ਼ਬਦ ਗਵਰਨਰ ਸਾਹਿਬ ਦੇ ਐਡਰੈਸ ਦੇ ਸਫਾ ਦੋ ਤੇ ਲਿਖੇ ਹਨ। ਮੈਂ ਪਿਛਲੇ ਛੇ ਸਾਲਾਂ

ਗਵਰਨਰ ਦੇ Addresses ਵਿਚੋਂ ਅੰਕੜੇ ਕਢ ਕੇ ਦੇਖੇ ਹਨ। crimes ਦੀ improvement ਹੋਈ ਹੈ. major crimes ਘਟੇ ਨਹੀਂ। ਪਿਛਲੇ ਛੇ ਸਾਲ ਤੋਂ ਹਰ ਸਾਲ ਪੁਲਿਸ ਦਾ ਬਜਟ ਵਧਦਾ ਚਲਿਆ ਆਉਂਦਾ ਹੈ। ਮੈਨੂੰ ਸਮਝ ਨਹੀਂ ਪੈਂਦੀ। ਪਤਾ ਨਹੀਂ ਕੀ ਗੱਲ ਹੈ, ਇਹ ਖਾਨਾ ਪੂਰੀ ਕੀਤੀ ਜਾਂਦੀ ਹੈ। ਮੈਨੂੰ ਇਹ ਸਾਰੇ ਲਫਜ਼ ਗਲਤ ਜਾਪਦੇ ਹਨ। ਕੁਝ ਦਿਨ ਹੋਏ ਏਥੇ ਮੁੱਖ ਮੰਤ੍ਰੀ ਸਾਹਿਬ ਨੇ ਸਹੁੰ ਦਾ ਜ਼ਿਕਰ ਕੀਤਾ ਸੀ। ਮੈਂ ਮੁੱਖ ਮੰਤ੍ਰੀ ਸਾਹਿਬ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸਰਦਾਰ ਗੁਰਦਿਆਲ ਸਿੰਘ, I.G.P. ਨੂੰ ਹਾਊਸ ਵਿਚ ਲਿਆਉਣ ਤੇ ਉਹ ਸਹੁੰ ਖਾ ਕੇ ਕਹਿਣ ਕਿ ਇਹ ਸ਼ਬਦ ਸਚੇ ਹਨ ਯਾ ਝੂਠੇ ਹਨ। ਇਹ ਝੂਠੇ ਹਨ। ਸਾਡੇ ਜ਼ਿਲ੍ਹੇ ਦੀ ਹਾਲਤ ਇਹ ਹੈ ਕਿ major crimes ਵਧੇ ਹਨ। ਜੋ convictions Sessions Court ਤੋਂ ਹੋਈਆਂ ਹਨ ਉਹ ਦੇਖੀਆਂ ਜਾਣ। ਪੁਲਿਸ ਨੇ ਜਿਹੜੇ ਦਫਾ 304 ਵਿਚ ਚਾਲਾਨ ਕੀਤੇ ਹਨ ਉਨ੍ਹਾਂ ਦੀ conviction ਦਫਾ 302 ਵਿਚ ਹੋਈ ਹੈ। ਮੈਂ S.S.P. ਸਾਹਿਬ ਤੇ ਥਾਣੇ ਵਾਲਿਆਂ ਤੋਂ ਪੁਛਿਆ ਕਿ ਚੋਰੀਆਂ ਦੇ ਕੇਸਾਂ ਵਿਚ ਰਪਟ ਦਰਜ ਕਿਉਂ ਨਹੀਂ ਕਰਦੇ। ਉਹ ਕਹਿੰਦੇ ਹਨ ਕਿ ਸਾਡਾ explanation call ਹੁੰਦਾ ਹੈ, ਮੁੱਖ ਮੰਤ੍ਰੀ ਸਾਹਿਬ ਕਹਿੰਦੇ ਹਨ ਕਿ ਅਜਿਹੇ ਅੰਕੜੇ ਘਟ ਦਿਖਾਓ। ਉਹ ਕਤਲ ਦਾ ਚਾਲਾਨ 304 ਵਿਚ ਕਰਦੇ ਹਨ ਤੇ conviction 302 ਵਿਚ ਹੁੰਦੀ ਹੈ। ਸੈਸ਼ਨ ਜਜ ਦੇ figures ਤੇ ਦੂਜੇ figures ਨੂੰ ਦੇਖਿਆਂ ਪਤਾ ਲਗ ਸਕਦਾ ਹੈ। ਇਸ ਤੋਂ ਅਗਲੀ ਗੱਲ ਹੈ ਡਾਕਿਆਂ ਦੀ। ਪਿਛਲੇ ਸਾਲ ਜ਼ਿਲਾ ਅੰਮ੍ਰਿਤਸਰ ਵਿਚ ਡਾਕਾ ਪਿਆ। ਮੈਂ ਮਿਸਾਲ ਦੇਣਾ ਚਾਹੁੰਦਾ ਹਾਂ। ਮਹਿਤਾ ਚੌਕੀ ਦੇ ਕੋਲ ਰਾਤ ਨੂੰ ਕੁਝ ਮੁੰਡਿਆਂ ਨੇ ਟਾਹਲੀ ਤੇ ਡਰੱਮ ਰਖ ਕੇ ਇਕ ਟਰੱਕ ਰੋਕਿਆ ਤੇ ਲੁਟਿਆ। ਪਤਾ ਕੀਤਾ ਜਾਵੇ, ਇਸ ਗੱਲ ਦੀ ਮੌਕੇ ਤੇ ਪੜਤਾਲ ਕਰਾਈ ਜਾਵੇ। ਸਰਹਾਲੀ ਥਾਣੇ ਵਿਚ ਕੈਰੋਂ ਦੇ ਕੋਲ ਇਕ ਬੀਬੀ ਗਹਿਣੇ ਪਾ ਕੇ ਜਾ ਰਹੀ ਸੀ, ਉਸ ਦੇ ਕੋਲ ਗਠੜੀ ਸੀ। ਦਿਨ ਦੇ ਦੋ ਬਜੇ ਉਸ ਨੂੰ ਕੁਟਿਆ ਗਿਆ ਤੇ ਉਸ ਪਾਸੋਂ ਗਹਿਣੇ ਤੇ ਗਠੜੀ ਖੋਹੀ ਗਈ ਤੇ ਪਰਚਾ ਡਾਕੇ ਵਿਚ ਚਾਕ ਨਹੀਂ ਹੋਇਆ। ਇਹ ਹਾਲਤ ਹੈ ਅੰਮ੍ਰਿਤਸਰ ਵਿਚ। ਜ਼ਿਲਾ ਅੰਮ੍ਰਿਤਸਰ ਵਿਚ ਚੋਰੀਆਂ ਦੀ ਪੜਤਾਲ ਕਰਨ ਲਈ ਇਕ ਕਮਿਸ਼ਨ ਮੁਕਰਰ ਕੀਤਾ ਜਾਵੇ। ਚੋਰੀਆਂ ਦਾ ਪਰਚਾ ਦਰਜ ਨਹੀਂ ਹੁੰਦਾ। ਜਦੋਂ ਲੋਕ ਰਿਪੋਰਟ ਲੈ ਕੇ ਜਾਂਦੇ ਹਨ ਤਾਂ ਥਾਣੇ ਵਾਲੇ ਕਹਿੰਦੇ ਹਨ ਕਿ ਚਿਟੇ ਕਾਗਜ਼ ਤੇ ਲਿਖ ਕੇ ਦੇ ਦਿਉ, ਇਕ ਸਾਲ ਜਾਂ ਦੋ ਸਾਲ ਪਹਿਲਾਂ ਦੂਜੇ ਚੋਰੀ ਦੇ ਪਰਚਿਆਂ ਨਾਲ ਜੋੜ ਕੇ ਲਭਦੇ ਹਨ। ਜਿਨ੍ਹਾਂ S.H.O's. ਨੇ ਚੋਰੀ ਦਾ ਪਰਚਾ ਦਿਤਾ ਉਹ ਕੰਬਦੇ ਹਨ। ਸਾਡੇ ਜ਼ਿਲੇ ਦੇ ਕਾਂਗਰਸੀ ਲੀਡਰ ਦੇ ਕੁੜਮਾਂ ਦੇ ਚੋਰੀ ਹੋ ਗਈ। ਉਹ ਤਰਨ ਤਾਰਨ ਚਲਿਆ ਗਿਆ ਤੇ S.H.O. ਨੇ ਪਰਚਾ ਦੇ ਦਿਤਾ। ਜਦੋਂ ਉਹ ਅੰਮ੍ਰਿਤਸਰ ਵਿਚ S.H.Os., ਦੀ ਮੀਟਿੰਗ ਵਿਚ ਗਿਆ ਤਾਂ ਉਸ ਨੂੰ ਕਿਹਾ ਗਿਆ ਕਿ ਚੋਰੀ ਦਾ ਪਰਚਾ ਕਿਉਂ ਦਿਤਾ ਹੈ। ਮੁਖ ਮੰਤ੍ਰੀ ਸਾਹਿਬ ਦੀਆਂ ਅਜਿਹੀਆਂ ਗਲਾਂ ਵਿਰੁਧ ਸ੍ਰੀ ਪਰਬੋਧ ਚੰਦਰ ਹੋਰਾਂ ਨੇ ਦਿੱਲੀ ਤੱਕ ਰੌਲਾ ਪਾਇਆ। ਜਦੋਂ ਉਹ S.H.O's. ਦੀ ਮੀਟਿੰਗ ਵਿਚ ਗਿਆ ਤੇ ਸਲੂਟ ਕੀਤਾ ਤਾਂ ਉਸ ਨੂੰ ਕਿਹਾ Right About Turn. ਜਿੰਨਾ ਚਿਰ ਮੀਟਿੰਗ ਰਹੀ ਉਸ ਨੂੰ ਕੰਧ ਵਲ ਮੂੰਹ ਕਰਾ ਕੇ ਖੜ੍ਹਾ ਰਖਿਆ ਗਿਆ। ਇਕ ਹੋਰ ਪੜ੍ਹਿਆ ਲਿਖਿਆ ਨੌਜਵਾਨ S.H.O. ਸੀ। ਉਸ ਨੇ ਚੋਰੀ ਦਾ ਪਰਚਾ ਦੇ ਦਿਤਾ। ਉਸ ਨੂੰ ਕਿਹਾ ਗਿਆ ਬੈਂਚ ਤੇ ਖੜਾ ਹੋ ਜਾ, ਜਿਵੇਂ ਪੰਜਵੀਂ ਜਮਾਤ ਦੇ ਮੁੰਡੇ ਨੂੰ ਡੈਸਕ ਤੇ ਖੜ੍ਹਾ ਕੀਤਾ ਜਾਂਦਾ ਹੈ, ਉਸ ਨੂੰ ਬੈਂਚ ਤੇ ਖੜ੍ਹਾ ਕੀਤਾ ਗਿਆ। ਜ਼ਿਲਾ ਅੰਮ੍ਰਿਤਸਰ ਵਿਚ ਚੋਰੀਆਂ ਸਬੰਧੀ ਪੜਤਾਲ ਕਰਨ ਲਈ ਅਸੈਂਬਲੀ ਦੇ ਮੈਂਬਰਾਂ ਦਾ ਇਕ ਕਮਿਸ਼ਨ ਮੁਕਰਰ ਕੀਤਾ ਜਾਵੇ ਤਾਂ ਜੋ ਪਤਾ ਲਗੇ ਕਿ ਉਥੇ ਕੀ ਹਾਲਤ ਹੈ। ਉਥੇ ਛੋਟੇ ਅਫਸਰ ਰੋ ਰਹੇ ਹਨ, ਉਹ ਡਰੇ ਹੋਏ ਹਨ। ਪਿਛਲੇ 6 ਮਹੀਨੇ ਦੀ ਗੱਲ ਹੈ ਕਿ ਤਰਨ ਤਾਰਨ ਵਿਚ ਬੈਰੋਵਾਲ ਦੇ ਥਾਣੇ ਵਿਚ 302 ਦਾ ਪਰਚਾ ਚਾਕ ਹੋ ਗਿਆ। ਉਸ ਪਰਚੇ ਰਾਹੀਂ ਮੁਲਜ਼ਮ ਗਰਿਫਤਾਰ ਕਰ ਲਏ ਗਏ। ਜਦੋਂ ਉਹ ਮੈਜਿਸਟਰੇਟ ਦੇ ਪੇਸ਼ ਕੀਤੇ ਤਾਂ ਨਾਲ ਮੁਖ ਮੰਤ੍ਰੀ ਸਾਹਿਬ ਦਾ ਬੇਟਾ ਗਿਆ। ਉਸ ਦੇ ਕਹਿਣ ਤੇ ਮੈਜਿਟਸਰੇਟ

[ਸਰਦਾਰ ਮੱਖਣ ਸਿੰਘ ਤਰਸਿੱਕਾ]

ਨੇ ਜ਼ਮਾਨਤ ਦਾ ਹੁਕਮ ਦੇ ਦਿਤਾ। ਨਾ ਕੋਈ P.S.I. ਤੇ ਨਾ ਕੋਈ ਹੋਰ ਪੇਸ਼ ਹੋਇਆ, 302 ਵਿਚ ਜ਼ਮਾਨਤ ਦਾ ਹੁਕਮ ਦੇ ਦਿਤਾ। ਸਰਹਾਲੀ D. I. G. Police ਦੇ ਭਰਾ ਨੂੰ ਕਤਲ ਕਰਨ ਦੀ ਕੋਸ਼ਿਸ਼ ਕੀਤੀ ਗਈ। ਇਹ ਅੰਮ੍ਰਿਤਸਰ ਦੇ law and order ਦੀ ਹਾਲਤ ਹੈ। ਸਾਡੇ ਸਾਹਮਣੇ ਝੂਠੇ figures ਲਿਆਉਣ ਲਈ ਗੱਲਾਂ ਕਰਦੇ ਹਨ। ਮੁਖ ਮੰਤਰੀ ਸਾਹਿਬ ਨੂੰ ਕਿਸ ਤਰ੍ਹਾਂ ਖੁਸ਼ ਕੀਤਾ ਜਾਂਦਾ ਹੈ। ਮੈਂ ਅੰਮ੍ਰਿਤਸਰ ਦੇ ਸੈਸ਼ਨ ਜਜ ਦੇ ਫੈਸਲੇ ਦੀ ਮਿਸਾਲ ਦਿੰਦਾ ਹਾਂ। ਉਹ ਲਿਖਦੇ ਹਨ ....(*Interruptions*)

ਇਕ ਮਾਨਯੋਗ ਮੈਂਬਰ : ਕੀ ਸੈਸ਼ਨ ਜਜ ਜਾਂ ਕਿਸੇ ਅਦਾਲਤ ਦਾ ਫੈਸਲਾ ਹਾਊਸ ਵਿਚ ਪੜ੍ਹਿਆ ਜਾ ਸਕਦਾ ਹੈ ?

ਕਾਮਰੇਡ ਮੱਖਣ ਸਿੰਘ ਤਰਸਿੱਕਾ : ਬੀਬੀ ਗੁਰਨਾਮ ਕੌਰ, ਬੀ. ਏ., ਤਰਨ ਤਾਰਨ ਸ਼ਹਿਰ ਦੀ ਮਾਰ ਦਿਤੀ ਗਈ। ਲੋਕ ਮੁਖ ਮੰਤ੍ਰੀ ਸਾਹਿਬ ਕੋਲ ਗਏ। ਮੁਖ ਮੰਤ੍ਰੀ ਸਾਹਿਬ ਨੇ Republic Day ਤੇ ਭਾਸ਼ਨ ਦਿੰਦਿਆਂ ਕਿਹਾ ਕਿ ਤਹਿਕੀਕਾਤ ਕਰਵਾ ਰਹੇ ਹਾਂ।

ਮੁਖ ਮੰਤ੍ਰੀ ਸਾਹਿਬ ਨੇ ਤਰਨ ਤਾਰਨ ਵਿਚ speech ਕਰਦਿਆਂ ਕਿਹਾ ਸੀ ਕਿ ਜਿਤਨੇ ਚਿਰ ਤਕ ਬੀਬੀ ਗੁਰਨਾਮ ਕੌਰ ਦਾ ਕਾਤਲ ਨਹੀਂ ਲਭਦਾ ਮੈਨੂੰ ਰਾਤੀਂ ਨੀਂਦ ਨਹੀਂ ਆਉਂਦੀ। ਇਸ ਲਈ S.S.P. ਨੇ ਉਸ case ਦੀ inquiry ਤੇ ਇਕ ਫਨੇ ਖਾਂ ਅਫਸਰ ਨੂੰ ਲਾਇਆ ਔਰ ਉਸ ਨੂੰ ਕਿਹਾ ਕਿ ਮੁਖ ਮੰਤ੍ਰੀ ਨੂੰ ਸੁਆਉਣਾ ਹੈ ਇਸ ਲਈ ਬੀਬੀ ਗੁਰਨਾਮ ਕੌਰ ਦਾ ਕਾਤਲ ਲਭਣਾ ਹੈ। ਉਸ ਅਫਸਰ ਨੇ ਸਰਹਾਲੀ ਥਾਣੇ ਦੇ ਚਾਰ ਮੁੰਡੇ ਫੜੇ ਹਾਲਾਂ ਕਿ ਪਹਿਲੇ ਉਹ ਅਫਸਰ ਕਹਿੰਦਾ ਸੀ ਕਿ ਉਹ ਬੀਬੀ ਬੀਮਾਰ ਸੀ ਉਸ ਤਰ੍ਹਾਂ ਮਰ ਗਈ ਹੋਵੇਗੀ। ਉਨ੍ਹਾਂ ਚਾਰ ਮੁੰਡਿਆਂ ਦੀ ਸਰਦਾਰ ਹਰਦਿਆਲ ਸਿੰਘ magistrate ਨੇ ਸਰਸੇ ਵਿਚ ਸ਼ਨਾਖ਼ਤ ਵੀ ਕਰਾ ਲਈ ਔਰ ਇਹ ਕਿਹਾ ਕਿ ਗੁਰਬਖਸ਼ ਸਿੰਘ ਦੇ ਪਿਸਤੌਲ ਨਾਲ ਉਸ ਬੀਬੀ ਨੂੰ ਮਾਰਿਆ ਗਿਆ ਹੈ। ਉਨ੍ਹਾਂ ਚਾਰ ਮੁੰਡਿਆਂ ਦਾ ਚਲਾਨ ਪੇਸ਼ ਕਰ ਦਿਤਾ। ਪਰ, ਸਪੀਕਰ ਸਾਹਿਬ, ਜਿਸ ਦੀ ਪਿਸਤੌਲ ਨਾਲ ਉਸ ਬੀਬੀ ਨੂੰ ਕਤਲ ਕੀਤਾ ਗਿਆ। ਇਨ੍ਹਾਂ ਕਿਹਾ ਸੀ ਉਹ ਉਸ ਦਿਨ ਫਿਰੋਜ਼ਪੁਰ ਦੀ ਜੇਲ੍ਹ ਵਿਚ detained ਸੀ। ਇਸ ਲਈ ਉਹ court ਵਿਚ ਜਾ ਕੇ ਬਰੀ ਹੋ ਗਏ। ਇਸ ਤਰ੍ਹਾਂ ਦੇ law and order ਦੇ ਬਾਰੇ ਗਲਤ ਅੰਕੜੇ ਸਾਡੇ ਮੁਖ ਮੰਤ੍ਰੀ ਸਾਹਿਬ ਹਾਊਸ ਦੇ ਸਾਹਮਣੇ ਰਖਦੇ ਹਨ। ਮੈਂ ਇਸ ਬਾਰੇ ਹੋਰ ਮਿਸਾਲ ਪੇਸ਼ ਕਰਦਾ ਹਾਂ। ਕੱਚੇ ਪਕੇ ਦੀ ਪੁਲਸ ਚੌਕੀ ਦੇ ਥਾਣੇਦਾਰ ਸਰਦਾਰ ਕਰਨੈਲ ਸਿੰਘ, A.S.I. ਨੂੰ ਮਨਹਾਲੇ ਦੇ ਸਰਪੰਚ ਨੇ D.S.P. ਪੱਟੀ ਦੇ ਸਾਹਮਣੇ ਕੁੱਟਿਆ ਔਰ ਉਸ ਦੀ ਬਾਂਹ ਤੋੜ ਦਿੱਤੀ। ਜਿਸ ਵੇਲੇ ਇਸ ਬਾਰੇ S.S.P. ਕੋਲ ਅਸੀਂ deputation ਲੈ ਕੇ ਗਏ ਤਾਂ ਉਥੇ ਸਰਦਾਰ ਪਰਤਾਪ ਸਿੰਘ ਦਾ ਭਰਾ ਬੈਠਾ ਹੋਇਆ ਸੀ ਤੇ ਨਾਲ ਹੀ ਉਹ ਸਰਪੰਚ ਵੀ ਬੈਠਾ ਹੋਇਆ ਸੀ। ਉਸ ਬਾਰੇ ਕੁਝ ਵੀ ਨਾ ਕੀਤਾ ਗਿਆ............

1.00 p.m.

ਸਰਦਾਰ ਨਰਾਇਣ ਸਿੰਘ ਸ਼ਾਹਬਾਜ਼ਪੁਰੀ : On a point of order, Sir ਮੈਂ ਤਰਸਿੱਕਾ ਸਾਹਿਬ ਕੋਲੋਂ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਉਥੇ ਪੁਲਿਸ ਦੀ ਮਦਦ ਲਈ ਗਏ ਸੀ ਜਾਂ ਉਸ ਸਰਪੰਚ ਦੀ ਇਮਦਾਦ ਲਈ ਗਏ ਸੀ ?

Sardar Lachhman Singh Gill : It is not a point of order. He cannot ask any question from the hon. Member.

Mr. Speaker : Order please, this is no point of order

ਕਾਮਰੇਡ ਮੱਖਣ ਸਿੰਘ ਤਰਸਿੱਕਾ : ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਪੱਟੀ ਸ਼ਹਿਰ ਵਿਚ ਨਾਜਾਇਜ਼ ਸ਼ਰਾਬ ਦੀ ਭੱਠੀ ਹਵਾਲਦਾਰ ਨੇ ਫੜ ਲਈ ਪਰ ਉਸ ਨੂੰ ਤਬਦੀਲ ਕਰ ਦਿਤਾ ਗਿਆ।

Law and Order ਦੀ ਹਾਲਤ ਜ਼ਿਲ੍ਹਾ ਅੰਮ੍ਰਿਤਸਰ ਵਿਚ ਬਿਲਕੁਲ ਨਾਕਾਰਾ ਕਰ ਦਿੱਤੀ ਗਈ ਹੈ। ਉਥੇ smuggling ਬੜੀ ਜ਼ੋਰਾਂ ਤੇ ਹੈ। ਸਾਰੇ ਜ਼ਿਲ੍ਹੇ ਦੇ ਅਫਸਰਾਂ ਨੂੰ corrupt ਕਰ ਦਿਤਾ ਗਿਆ ਹੈ। ਇਸ ਦੇ ਬਾਵਜੂਦ ਵੀ ਇਥੇ ਇਹ ਕਿਹਾ ਗਿਆ ਹੈ ਕਿ ਸਾਡਾ ਚੀਫ ਮਨਿਸਟਰ ਬੜਾ ਚੰਗਾ administrator ਹੈ। ਜੋ ਹਾਲਾਤ ਇਸ ਵੇਲੇ ਸੂਬੇ ਦੇ law and order ਦੇ ਹਨ ਔਰ ਜਿਸ ਤਰ੍ਹਾਂ ਹਕੂਮਤੀ ਪਾਰਟੀ ਦੇ leader ਚੋਣ ਜਿੱਤ ਕੇ ਆਏ ਨੇ ਮੈਂ ਇਸ ਬਾਰੇ ਦੋ ਗਲਾਂ ਕਰਨੀਆਂ ਚਾਹੁੰਦਾ ਹਾਂ। ਸਰਹਾਲੀ ਦੇ ਹਲਕੇ ਦੀਆਂ ਵੋਟਾਂ ਦੀ ਗਿਣਤੀ ਵੇਲੇ ਉਥੇ ਜੋ ਕੁਝ ਹੋਇਆ ਉਹ ਮੈਂ ਦਸ ਹੀ ਨਹੀਂ ਸਕਦਾ ਹਾਲਾਂਕਿ ਮੈਂ ਉਸ ਵੇਲੇ ਉਥੇ ਬੈਠਾ ਸੀ। ਤੁਸੀਂ ਇਹ ਸਣ ਕੇ ਹੈਰਾਨ ਹੋਵੋਗੇ ਕਿ ਕਿਸ ਤਰ੍ਹਾਂ ਉਥੇ S.S.P. ਦੀ ਮੌਜੂਦਗੀ ਵਿਚ, ਜਿਸ ਵੇਲੇ ਤਰਨ ਤਾਰਨ ਦੇ ਹਲਕੇ ਦੀਆਂ ਵੋਟਾਂ ਦੀ ਗਿਣਤੀ ਹੋ ਰਹੀ ਸੀ, ਦੇ ਉਥੇ ਪੁਲਿਸ ਵਲੋਂ ਅਥਰੂ ਗੈਸ ਦੇ ਬੰਬ ਸੁਟੇ ਗਏ ਔਰ ਚੋਲ੍ਹਾ ਸਾਹਿਬ ਦੇ polling booth ਦੀਆਂ ਪਰਚੀਆਂ ਬਦਲੀਆਂ ਗਈਆਂ। ਹਾਲਾਂਕਿ ਉਸ ਵੇਲੇ ਉਸ ਕਮਰੇ ਦੇ ਦਰਵਾਜ਼ੇ ਅੰਦਰੋਂ ਬੰਦ ਸਨ ਔਰ ਸਾਰੀਆਂ ਪਾਰਟੀਆਂ ਦੇ polling agents ਉਥੇ ਮੌਜੂਦ ਸਨ, ਪਰ ਇਨ੍ਹਾਂ ਇਹ ਕਹਿ ਕੇ ਬੰਬ ਸੁਟੇ ਕਿ public ਨੇ rioting ਕਰਨੀ ਸ਼ੁਰੂ ਕਰ ਦਿੱਤੀ ਸੀ। ਕਿਉਂਕਿ ਉਨ੍ਹਾਂ ਬੰਬਾਂ ਦੇ ਸੁਟੇ ਜਾਣ ਕਰ ਕੇ ਸਾਰਿਆਂ ਨੂੰ ਕੁਝ ਨਜ਼ਰ ਨਹੀਂ ਆ ਰਿਹਾ ਸੀ, ਚੋਲ੍ਹਾ ਸਾਹਿਬ ਦੇ ਇਲਾਕੇ ਦੀਆਂ ਪਰਚੀਆਂ ਬਦਲ ਲਈਆਂ। ਉਨ੍ਹਾਂ ਅਥਰੂ ਗੈਸ ਦੇ ਬੰਬਾਂ ਕਰ ਕੇ ਹੀ ਮਾਸਟਰ ਤਾਰਾ ਸਿੰਘ ਵੀ ਬੇਹੋਸ਼ ਹੋ ਗਏ ਸੀ...........

Mr. Speaker: The hon. Member should not make personal remarks.

ਸਰਦਾਰ ਨਰਾਇਣ ਸਿੰਘ ਸ਼ਾਹਬਾਜ਼ਪੁਰੀ : On a point of order, Sir. ਤਰਸਿੱਕਾ ਸਾਹਿਬ ਨੇ ਕਿਹਾ ਹੈ ਕਿ ਤਰਨ ਤਾਰਨ ਦੇ ਹਲਕੇ ਦੀ ਜਿਸ ਵੇਲੇ ਗਿਣਤੀ ਹੋ ਰਹੀ ਸੀ ਉਸ ਵੇਲੇ ਚੋਲ੍ਹਾ ਸਾਹਿਬ ਦੇ ਇਲਾਕੇ ਦੀਆਂ ਪਰਚੀਆਂ ਬਦਲੀਆਂ ਗਈਆਂ, ਪਰ ਤੁਸੀਂ ਸੁਣ ਕੇ ਹੈਰਾਨ ਹੋਵੋਗੇ ਕਿ ਚੋਲਾ ਸਾਹਿਬ ਦਾ ਇਲਾਕਾ ਤਾਂ ਹੈ ਹੀ ਸਰਹਾਲੀ ਦੀ constituency ਵਿਚ...........

ਕਮਰੇਡ ਮੱਖਣ ਸਿੰਘ ਤਰਸਿੱਕਾ : ਜਿਥੇ ਤਰਨ ਤਾਰਨ ਦੇ ਹਲਕੇ ਦੀਆਂ ਪਰਚੀਆਂ ਦੀ ਗਿਣਤੀ ਹੋ ਰਹੀ ਸੀ ਉਥੇ ਹੀ ਸਰਹਾਲੀ ਦੇ ਹਲਕੇ ਦੀਆਂ ਪਰਚੀਆਂ ਮੌਜੂਦ ਸਨ ਔਰ ਉਨ੍ਹਾਂ ਵਿਚ ਚੋਲ੍ਹਾ ਸਾਹਿਬ ਦੀਆਂ ਪਰਚੀਆਂ ਸਨ ਜਿਹੜੀਆਂ ਬਦਲ ਲਈਆਂ ਗਈਆਂ, ਔਰ 481 ਜਿਥੇ ਤੁੜ ਸਾਹਿਬ ਦੀਆਂ ਵਧਦੀਆਂ ਸਨ ਉਥੇ ਉਲਟੀਆਂ ਸਰਦਾਰ ਪਰਤਾਪ ਸਿੰਘ ਦੀਆਂ 34 ਪਰਚੀਆਂ ਵਧਾ ਦਿਤੀਆਂ ਗਈਆਂ। ਸਪੀਕਰ ਸਾਹਿਬ, ਸਾਡੀਆਂ 481 ਪਰਚੀਆਂ ਥੋੜ੍ਹੀਆਂ ਹੋ ਗਈਆਂ ਤੇ ਇਨ੍ਹਾਂ ਦੀਆਂ 34 ਵੱਡੀਆਂ ਹੋ ਗਈਆਂ। 481 ਨਾਲੋਂ 34 ਵਧ ਗਈਆਂ। (Opposition ਦੇ ਬੈਂਚਾਂ ਤੋਂ ਹਾਸਾ)

ਫਿਰ, ਸਪੀਕਰ ਸਾਹਿਬ, ਅੱਜ ਕੀ ਹਾਲਤ ਹੈ ਅੰਮ੍ਰਿਤਸਰ ਵਿਚ ਮੈਂ ਉਹ ਤੁਹਾਡੇ ਸਾਹਮਣੇ ਰਖਣਾ ਚਾਹੁੰਦਾ ਹਾਂ। ਮੇਰੇ ਇਹ ਦੋਸਤ ਸਰਦਾਰ ਪਰਤਾਪ ਸਿੰਘ ਦੀਆਂ ਤਰੀਫਾਂ ਦੇ ਪੁਲ ਬੰਨ੍ਹਦੇ ਪਏ ਹਨ ਪਰ ਉਥੇ ਇਹ ਹਾਲਤ ਹੈ ਕਿ ਇਨ੍ਹਾਂ ਦੇ ਚੋਣ ਹਲਕੇ ਵਿਚ 18 ਆਦਮੀ ਉਲਟੇ rioting ਦੇ case ਵਿਚ ਪੁਲਿਸ ਨੇ ਫੜ ਲਏ ਹਨ।

Mr. Speaker: The hon. Member is quoting from the official documents. How did he come across these documents?

ਕਾਮਰੇਡ ਮਖਣ ਸਿੰਘ ਤਰਸਿੱਕਾ : ਸਪੀਕਰ ਸਾਹਿਬ, ਮੈਂ ਤਰਨ ਤਾਰਨ ਦੇ Inpector ਪੁਲਿਸ ਕੋਲੋਂ ਜਾ ਕੇ ਪੁਛਿਆ ਕਿ ਜਿਹੜੇ 18 ਆਦਮੀਂ ਤੁਸੀਂ rioting ਦਾ case ਬਣਾ ਕੇ ਫੜੇ ਹਨ ਉਹ ਕਿਥੇ ਨੇ, ਉਨ੍ਹਾਂ ਨੂੰ ਮੈਨੂੰ ਮਿਲਣ ਦਿਉ। ਪਰ ਉਹ ਕਹਿੰਦਾ ਹੈ ਕਿ ਮੈਨੂੰ ਉਨ੍ਹਾਂ ਦਾ ਪਤਾ ਹੀ ਨਹੀਂ ਔਰ ਮੈਨੂੰ ਉਨ੍ਹਾਂ ਨੂੰ ਮਿਲਾਣ ਤੋਂ ਇਨਕਾਰ ਕਰ ਦਿੱਤਾ। ਉਥੇ ਹੁਣ ਲੋਕਾਂ ਦੇ ਘਰਾਂ ਦੇ ਡਰਾਉਣ

[ਕਾਮਰੇਡ ਮਖਣ ਸਿੰਘ ਤਰਸਿੱਕਾ]

ਲਈ ਨਕਸ਼ੇ ਲਏ ਜਾ ਰਹੇ ਨੇ। ਮੈਂ ਤੁਹਾਨੂੰ ਜਿਸ ਸਰਹਾਲੀ ਦੇ ਹਲਕੇ ਦੀ ਚੋਣ ਦੀ ਹਾਲਤ ਦਸੀ ਹੈ ਹੁਣ ਉਥੇ ਦੋ ਮਹੀਨਿਆਂ ਲਈ ਦਫਾ 144 ਲਾ ਦਿਤੀ ਗਈ ਹੈ ਤਾਕਿ ਅਸੀਂ ਉਥੇ ਕੋਈ ਜਲਸਾ ਵੀ ਨਾ ਕਰ ਸਕੀਏ। ਇਸੇ ਤਰ੍ਹਾਂ ਸੰਗਰੂਰ ਵਿਚ 144 ਦਫਾ ਨਾਫਜ਼ ਕਰ ਦਿਤੀ ਗਈ ਹੈ। ਔਰ ਧੜਾ ਧੜ ਗਰਿਫਤਾਰੀਆਂ ਕੀਤੀਆਂ ਜਾ ਰਹੀਆਂ ਹਨ। ਚੋਣਾਂ ਦੇ ਦਿਨਾਂ ਵਿਚ ਸਰਦਾਰ ਪਰਤਾਪ ਸਿੰਘ ਕੈਰੋਂ ਜੰਡਿਆਲੇ ਵਿਚ ਔਰ ਤਰਸਿੱਕੇ ਵਿਚ ਜਾ ਜਾ ਕੇ ਸਪੀਚਾਂ ਕਰਦੇ ਰਹੇ ਨੇ ਤੇ ਲੋਕਾਂ ਨੂੰ ਕਹਿੰਦੇ ਰਹੇ ਨੇ ਕਿ ਤੁਸੀਂ ਤਰਸਿੱਕੇ ਨੂੰ ਨਾ ਚੁਣ ਕੇ ਭੇਜੋ, ਭਾਵੇਂ ਹੋਰ 6 ਬੰਦੇ ਚੁਣ ਕੇ ਭੇਜ ਦਿਉ ਕਿਉਂਕਿ ਇਹ ਸਾਡੇ ਨਾਲ ਲੜਦਾ ਹੈ। ਪਰ ਲੋਕਾਂ ਨੇ ਇਨ੍ਹਾਂ ਨਾਲ ਲੜਨ ਲਈ ਮੈਨੂੰ ਭੇਜਿਆ ਹੈ ਔਰ ਹੁਣ ਮੈਂ ਇਥੇ ਇਨ੍ਹਾਂ ਨਾਲ ਲੋਕਾਂ ਲਈ ਲੜਾਂਗਾ। ਪਤਾ ਨਹੀਂ ਇਥੇ ਕੀ ਬਣਦਾ ਹੈ ?

ਫਿਰ, ਸਪੀਕਰ ਸਾਹਿਬ, ਮੈਂ ਤੁਹਾਨੂੰ ਇਨ੍ਹਾਂ ਦੇ law and order ਦੀ ਇਕ ਹੋਰ ਗਲ ਦਸਦਾ ਹਾਂ ਜਿਸ ਨੂੰ ਸੁਣ ਕੇ ਤੁਸੀਂ ਹੈਰਾਨ ਹੋਵੋਗੇ। ਅਸੀਂ ਜੰਡਿਆਲੇ ਵਿਚ 25 ਤਰੀਕ ਨੂੰ ਇਕ Public meeting ਕਰਨੀ ਸੀ ਔਰ ਉਸ meeting ਦੀ ਮੁਨਾਦੀ ਹੋ ਰਹੀ ਸੀ। ਪਰ ਪੁਲਿਸ ਵਾਲਿਆਂ ਨੇ ਸਾਡੇ Loud speaker ਵਾਲੇ ਕਾਮਰੇਡ ਨੂੰ ਜੋ ਮੁਨਾਦੀ ਪਿਆ ਕਰਦਾ ਸੀ, ਡਾਂਗਾਂ ਨਾਲ ਮਾਰਿਆ, ਉਸ ਦਾ Loud speaker ਤੋੜ ਦਿੱਤਾ ਗਿਆ ਤੇ ਉਸ ਦੀ ਰਿਕਸ਼ਾ ਤੋੜ ਦਿਤੀ ਗਈ। I.G. Police ਨੇ S.H.O. ਜੰਡਿਆਲਾ ਨੂੰ ਉਥੋਂ ਤਬਦੀਲ ਕਰ ਦਿਤਾ। ਉਸ ਨੇ 1 ਫਰਵਰੀ ਨੂੰ ਉਸ ਦੀ ਤਬਦੀਲੀ ਦਾ order ਕਰ ਦਿਤਾ ਤੇ ਉਸ ਦੀ ਥਾਂ ਸਰਦਾਰ ਖਜ਼ਾਨ ਸਿੰਘ ਨੂੰ ਚਾਰਜ ਲੈਣ ਲਈ ਹੁਕਮ ਕੀਤਾ। ਸਰਦਾਰ ਖਜ਼ਾਨ ਸਿੰਘ ਉਥੇ ਚਾਰਜ ਲੈਣ ਲਈ ਜੰਡਿਆਲੇ ਆ ਗਿਆ, ਉਸ ਨੇ ਆਮਦ report ਵੀ ਕਰ ਦਿਤੀ ਪਰ ਉਸ ਨੂੰ ਉਸ ਥਾਣੇਦਾਰ ਨੇ ਚਾਰਜ ਨਾ ਦਿਤਾ। ਕਿਉਂਕਿ ਉਹ ਥਾਣੇਦਾਰ ਸਰਹਾਲੀ ਦਾ ਰਹਿਣਵਾਲਾ ਹੈ, ਉਸ ਦੀ ਤਬਦੀਲੀ ਦੇ order ਸਰਦਾਰ ਪਰਤਾਪ ਸਿੰਘ ਨੇ 4 February ਨੂੰ cancel ਕਰ ਦਿਤੇ ਔਰ ਖਜ਼ਾਨ ਸਿੰਘ ਨੂੰ ਮੁੜ ਵਾਪਸ ਜਾਣਾ ਪਿਆ। ਅਸੀਂ ਹੈਰਾਨ ਹਾਂ ਕਿ I.G. Police ਦੇ order ਕਿਸ ਤਰ੍ਹਾਂ ਮੋੜ ਦਿਤੇ ਜਾਂਦੇ ਹਨ। ਇਸ ਤੋਂ ਭੈੜੀ law and order ਦੀ ਹਾਲਤ ਕੀ ਹੋ ਸਕਦੀ ਹੈ...........

Mr. Speaker : The hon. Member is using the exact words of the official documents. How did he come across these documents ?

ਕਾਮਰੇਡ ਮੱਖਣ ਸਿੰਘ ਤਰਸਿੱਕਾ : ਅਸੀਂ I.G. Police ਨੂੰ deputation ਦੀ ਸ਼ਕਲ ਵਿਚ ਮਿਲੇ ਸੀ...........

Mr. Speaker : As I have already stated, the hon. Member is quoting the exact words from the official documents. Where from did he get these documents ?

ਕਾਮਰੇਡ ਮੱਖਣ ਸਿੰਘ ਤਰਸਿੱਕਾ : ਅਸੀਂ I.G. Police ਤੇ ਹੋਰ ਜ਼ਿਲੇ ਦੇ ਅਫਸਰਾਂ ਕੋਲ deputation ਦੀ ਸ਼ਕਲ ਵਿਚ ਗਏ ਔਰ ਉਨ੍ਹਾਂ ਨਾਲ ਗੱਲਾਂ ਕੀਤੀਆਂ..........

Mr. Speaker : Did he give him (the hon. Member) a copy of the orders ?

ਕਾਮਰੇਡ ਮੱਖਣ ਸਿੰਘ ਤਰਸਿੱਕਾ : ਸਾਨੂੰ ਇਸ ਦਾ ਪਤਾ ਉਨ੍ਹਾਂ ਲੋਕਾਂ ਦੀਆਂ ਗੱਲਾਂ ਵਿਚੋਂ ਲਗਾ ਕਿਉਂਕਿ ਗੱਲਾਂ ਵਿਚੋਂ ਪਤਾ ਲਗ ਜਾਂਦਾ ਹੈ।

ਸਪੀਕਰ ਸਾਹਿਬ, ਉਸ ਮਹੀਨੇ ਦੀ 25 ਤਰੀਕ ਨੂੰ ਪੁਲਿਸ ਵਾਲਿਆਂ ਨੇ ਸਾਡੇ ਮੁਨਾਦੀ ਕਰਨ ਵਾਲੇ ਨੂੰ ਮਾਰਿਆ ਸੀ ਤੇ ਉਸ ਦੀ ਰਿਕਸ਼ਾ ਤੇ loud speaker ਤੋੜ ਦਿਤਾ ਸੀ, ਇਸ ਲਈ ਅਸੀਂ ਫਿਰ ਪਹਿਲੀ ਤਰੀਕ ਨੂੰ meeting ਕਰ ਰਹੇ ਹਾਂ। ਸਾਡੇ ਕੋਲ ਪਹਿਲਾਂ 25 ਤਰੀਕ ਨੂੰ ਜੰਡਿਆਲੇ ਸ਼ਹਿਰ ਦੇ ਪਤਵੰਤੇ ਆਏ ਸਨ ਕਿਉਂਕਿ ਉਹ ਗੁੰਡਿਆਂ ਨੂੰ ਵੇਖ ਕੇ ਬੜੇ ਘਬਰਾਏ ਹੋਏ ਸਨ। ਉਹ

ਕਹਿਣ ਲਗੇ ਕਿ ਤੁਸੀਂ ਉਥੇ ਜਲਸਾ ਨਾ ਕਰੋ, ਅਸੀਂ ਤੁਹਾਨੂੰ ਵੋਟਾਂ ਦੇ ਬੈਠੇ ਹਾਂ ਪਤਾ ਨਹੀਂ ਸਾਡੇ ਨਾਲ ਕੀ ਬਣੇਗਾ। ਉਸ ਮਾਮਲੇ ਦੀ ਹਾਲੇ ਤਕ ਕੋਈ ਤਹਿਕੀਕਾਤ ਨਹੀਂ ਹੋਈ। ਅਸੀਂ ਤਾਰਾਂ ਦਿਤੀਆਂ ਪਰ ਕੋਈ ਤਹਿਕੀਕਾਤ ਨਹੀਂ ਕੀਤੀ ਗਈ। ਫਿਰ ਅਸੀਂ ਇਕ ਜਲਸਾ ਜੰਡਿਆਲੇ ਵਿਚ ਕਰਨਾ ਸੀ ਅਤੇ ਇਸ ਦੀ ਤਰੀਕ 25 ਰਖੀ ਗਈ ਸੀ। ਇਸ ਜਲਸੇ ਬਾਰੇ ਮੁਨਾਦੀ ਕਰਾਈ ਗਈ। ਸਪੀਕਰ ਸਾਹਿਬ, ਮੈਂ ਆਪ ਦੇ ਰਾਹੀਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕੀ ਕੁਝ ਨਹੀਂ ਕੀਤਾ। Ruling Party ਨੇ ਉਸ ਮੁਨਾਦੀ ਕਰਨ ਵਾਲੇ ਨੂੰ ਕੁਟਾਇਆ, ਰਿਕਸ਼ੇ ਵਾਲੇ ਨੂੰ ਕੁਟਇਆ ਗਿਆ ਤਾਂਕਿ ਉਹ ਕਮਿਊਨਿਸਟਾਂ ਦੇ ਜਲਸੇ ਬਾਰੇ ਮੁਨਾਦੀ ਨਾ ਕਰ ਸਕਣ। ਇਸ ਤਰ੍ਹਾਂ, ਸਪੀਕਰ ਸਾਹਿਬ, ਇਸ ruling party ਦੀ ਢਾਣੀ ਜ਼ਿਲਾ ਅੰਮ੍ਰਿਤਸਰ ਵਿਚ ਕਰ ਰਹੀ ਹੈ। ਇਸ ਸਾਰੀ ਢਾਣੀ ਨੇ ਇਕ ਹੋਰ ਫੈਸਲਾ ਕੀਤਾ ਹੈ ਕਿ ਇਹ ਮੈਨੂੰ ਮਰਵਾ ਦੇਣ। ਇਹ ਚਾਹੁੰਦੇ ਹਨ ਕਿ ਤਰਸਿੱਕਾ ਦਾ ਫਸਤਾ ਵਢ ਦਿਤਾ ਜਾਵੇ, ਨਹੀਂ ਤਾਂ ਇਹ ਕਾਂਗਰਸ ਵਲੋਂ ਕੀਤੀਆਂ ਵਧੀਕੀਆਂ ਨੂੰ ਨੰਗਾ ਕਰਿਆ ਕਰੂਗਾ। ਇਸ ਲਈ, ਸਪੀਕਰ ਸਾਹਿਬ, ਮੇਰੀ ਰਾਖੀ ਤੁਹਾਡੇ ਹਵਾਲੇ ਹੈ ਅਤੇ ਮੈਂ ਤੁਹਾਡੀ protection ਚਾਹੁੰਦਾ ਹਾਂ। (ਵਿਘਨ)

Law and Order ਦੀ ਹਾਲਤ ਜੋ ਪੰਜਾਬ ਵਿਚ ਹੈ ਇਸ ਸੰਬੰਧੀ ਅਰਜ਼ ਕੀਤੀ ਗਈ ਹੈ ਅਤੇ ਹੁਣ ਦੀ ਮੌਜੂਦਾ ਹਾਲਤ ਜੋ ਹੈ ਇਸ ਦੇ ਬਾਰੇ ਵਿਚ ਮੇਰੇ ਪਾਸ document ਮੌਜੂਦ ਹਨ ਅਤੇ ਮੈਂ ਤੁਹਾਡੀ ਇਜਾਜ਼ਤ ਨਾਲ, ਸਪੀਕਰ ਸਾਹਿਬ, ਇਨ੍ਹਾਂ ਨੂੰ ਪੇਸ਼ ਕਰਨਾ ਚਾਹੁੰਦਾ ਹਾਂ। ਇਹ document ਉਹ ਹਨ ਜੋ ਸਤਿਕਾਰ ਯੋਗ ਸ੍ਰੀ ਪਰਬੋਧ ਚੰਦਰ ਜੀ ਨੇ ਪ੍ਰਾਈਮ ਮਨਿਸਟਰ ਸਾਹਿਬ, ਸ੍ਰੀ ਸੰਜੀਵਾ ਰੈਡੀ ਅਤੇ ਬਾਕੀਆਂ ਨੂੰ ਸਰਦਾਰ ਪਰਤਾਪ ਸਿੰਘ ਦੇ ਰਾਜ ਦੀਆਂ ਵਧੀਕੀਆਂ ਬਾਰੇ ਭੇਜੇ ਸਨ। ਇਸ ਦੇ ਸਫਾ 106 ਤੇ ਇਸ ਤਰ੍ਹਾਂ ਲਿਖਿਆ ਹੋਇਆ ਹੈ—

Document sent by Shri Prabodh Chandra, M. L. A., to the Prime Minister of India and Shri Sanjiva Reddy—page 106.

"That Sardar Partap Singh Kairon, Chief Minister of Punjab is a judicially condemned person as would be evidenced by the following judicial strictures passed from time to time against him, while he was functioning as the Chief Minister of the State.

Material in support.

Judgments in the following cases—

(i) Election petition No. 22 of 1957. Gurmej Singh versus Shri Partap Singh.

(ii) Karnal Triple Murder case.

(iii) R.P. Kapur's case."

ਇਸ ਤੋਂ ਆਪ ਨੂੰ ਸਾਫ ਪਤਾ ਲਗ ਸਕਦਾ ਹੈ ਕਿ law and order ਦੀ ਅਜ ਕੀ ਹਾਲਤ ਹੈ ਅਤੇ ਇਸ ਨੂੰ ਖਰਾਬ ਕਰਨ ਵਿਚ ਕਿਸ ਦਾ ਹਥ ਹੈ। ਇਸ ਲਈ, ਸ੍ਰੀ ਰਾਮ ਚੰਦਰ ਕਾਮਰੇਡ ਵਲੋਂ ਜੋ ਧੰਨਵਾਦ ਦਾ ਪ੍ਰਸਤਾਵ ਪੇਸ਼ ਕੀਤਾ ਗਿਆ ਹੈ ਅਤੇ ਜਿਸ ਵਿਚ ਪੰਜਾਬ ਦੇ law and order ਦੀ ਤਾਰੀਫ ਕੀਤੀ ਗਈ ਹੈ ਉਹ ਬਿਲਕੁਲ ਗ਼ਲਤ ਹੈ। ਉਹ ਹਾਲਤ ਅਜਿਹੀ ਨਹੀਂ, ਅਤੇ ਅਜ law and order ਦੀ ਹਾਲਤ ਭੈਭੀਤ ਕਰਨ ਵਾਲੀ ਹੈ। ਇਸ ਲਈ, ਮੈਂ ਜੋ ਤਰਮੀਮ ਇਸ ਮਤੇ ਤੇ ਪੇਸ਼ ਕੀਤੀ ਹੈ ਇਸ ਨੂੰ ਮਨਜ਼ੂਰ ਕਰ ਲਿਆ ਜਾਵੇ ਅਤੇ ਇਸ ਨੂੰ ਵੀ ਪ੍ਰਸਤਾਵ ਦੇ ਨਾਲ add ਕਰ ਲਿਆ ਜਾਵੇ।

ਖੇਤੀ ਬਾੜੀ ਅਤੇ ਜੰਗਲਾਤ ਮੰਤ੍ਰੀ : ਤਰਸਿੱਕਾ ਸਾਹਿਬ ਹੁਣ ਭੋਗ ਪਾਉ।

ਕਾਮਰੇਡ ਮੱਖਣ ਸਿੰਘ ਤਰਸਿੱਕਾ : ਇਸ ਤੋਂ ਬਾਅਦ ਜ਼ਿਲ੍ਹਾ ਅੰਮ੍ਰਿਤਸਰ ਵਿਚ ਵੰਡੀਆਂ ਗਈਆਂ ਗਰਾਂਟਾਂ ਬਾਰੇ ਕੁਝ ਅਰਜ਼ ਕਰਨਾ ਚਾਹੁੰਦਾ ਹਾਂ। ਸਰਹਾਲੀ ਹਲਕੇ ਵਿਚ ਲਖਾਂ ਰੁਪਏ ਵੰਡੇ ਗਏ। ਇਸ ਦੇ ਬਾਰੇ ਪਤਾ ਮੈਨੂੰ ਉਸ ਸਮੇਂ ਲਗਾ ਜਦੋਂ ਕਿ ਮੈਂ ਹੁਣ ਪਿਛਲੀਆਂ ਪੰਜ ਛੁਟੀਆਂ ਵਿਚ ਅੰਮ੍ਰਿਤਸਰ ਇਲੈਕਸ਼ਨ ਦੇ ਖਰਚ ਦੀ return ਦਾਖਲ ਕਰਨ ਗਿਆ ਤੇ ਫਿਰ ਜਦ ਤਰਨ ਤਾਰਨ ਗਿਆ ਤਾਂ ਸਰਦਾਰ ਪਰਤਾਪ ਸਿੰਘ ਹੋਰਾਂ ਨੇ ਵੀ ਹਿਸਾਬ ਦਾਖਲ ਕੀਤਾ। ਉਥੇ ਪਿੰਡ ਆਲਚਕ ਵਿਖੇ ਤਸੀਲਦਾਰ ਨੇ ਸਾਰੇ ਨਕਸ਼ੇ ਤਿਆਰ ਕਰ ਲਏ ਸਨ ਅਤੇ ਤਕਾਵੀਆਂ ਦੇਣ ਲਈ ਫਰਿਸਤਾਂ ਅਤੇ ਹੋਰ ਸਭ ਤਿਆਰ ਕਰ ਲਏ ਸਨ। ਪਰ ਇਨ੍ਹਾਂ ਸਾਰੇ ਨਕਸ਼ਿਆਂ ਨੂੰ ਜਿਨ੍ਹਾਂ ਤੇ ਤਕਾਵੀਆਂ ਵਾਲਿਆਂ ਦੇ ਨਾਮ, ਪਤੇ ਆਦਿ ਭਰੇ ਹੋਏ ਸਨ ਸਰਦਾਰ ਪਰਤਾਪ ਸਿੰਘ ਦੇ ਕਹਿਣ ਤੇ ਅਤੇ ਸੁਰਿੰਦਰ ਸਿੰਘ ਕੈਰੋਂ ਦੇ ਚਾਹੀਤਿਆਂ ਨੂੰ ਖੁਸ਼ ਕਰਨ ਲਈ ਉਨ੍ਹਾਂ ਸਾਰੇ ਨਕਸ਼ਿਆਂ ਨੂੰ ਰਦ ਕਰ ਦਿਤਾ ਗਿਆ ਤੇ ਨਵੇਂ ਨਕਸ਼ੇ ਤਿਆਰ ਕਰਵਾ ਕੇ ਤਕਾਵੀਆਂ ਗਰਾਂਟਾਂ ਆਪਣੇ ਆਦਮੀਆਂ ਵਿਚ ਵੰਡ ਦਿਤੀਆਂ ਗਈਆਂ। ਜਿਨ੍ਹਾਂ ਨੇ ਕਮਿਊਨਿਸਟਾਂ ਦੀ ਮਦਦ ਕੀਤੀ ਸੀ ਜਾਂ ਕੈਰੋਂ ਸਾਹਿਬ ਦੇ ਖਿਲਾਫ ਵੋਟ ਦਿਤੀ ਸੀ ਉਨ੍ਹਾਂ ਨੂੰ ਤਕਾਵੀਆਂ ਤਾਂ ਕੀ ਦੇਣੀਆਂ ਸਨ ਉਨ੍ਹਾਂ ਦੇ ਖਿਲਾਫ 107 ਦੇ ਮੁਕਦਮੇ ਬਣਾ ਦਿਤੇ ਗਏ ਹਨ। ਚੋਗਾਵਾਂ ਤੇ ਸਾਧੂਪੁਰ ਵਿਚ ਇਕ-ਪੱਖੇ ਚਲਾਨ ਕੀਤੇ ਗਏ ਹਨ ਅਤੇ ਸਾਡੇ ਬੰਦਿਆਂ ਦੇ 107 ਹੇਠ ਚਲਾਨ ਕਰ ਦਿਤੇ ਗਏ ਹਨ। ਫਿਰ ਇਸ ਤੇ ਇਕ ਹੋਰ ਵਧੀਕੀ ਵੇਖੋ ਕਿ ਇਲਾਕੇ ਦੀ ਪੁਲਿਸ ਪਾਸੋਂ ਚਲਾਨ ਨਹੀਂ ਕਰਵਾਏ ਗਏ। ਅੰਮ੍ਰਿਤਸਰ ਤੋਂ D.S.P. ਗਿਆ ਇਨ੍ਹਾਂ ਚਲਾਨਾਂ ਨੂੰ ਕਰਨ ਵਾਸਤੇ। ਇਸ ਲਈ, ਮੇਰੀ ਇਹ ਤਰਮੀਮ ਵੀ ਧੰਨਵਾਦ ਦੇ ਮਤੇ ਨਾਲ ਸ਼ਾਮਿਲ ਕਰ ਲਈ ਜਾਵੇ ਕਿ ਤਕਾਵੀਆਂ ਪੱਖ ਪਾਤੀ ਢੰਗ ਨਾਲ ਤਕਸੀਮ ਕੀਤੀਆਂ ਗਈਆਂ ਹਨ।

ਇਕ ਹੋਰ ਵਾਕਿਆ ਜ਼ਿਲ੍ਹਾ ਜਾਲੰਧਰ, ਪਿੰਡ ਬਿਲਗਾ, ਦਾ ਆਪ ਦੇ ਸਾਹਮਣੇ ਰਖਣਾ ਚਾਹੁੰਦਾ ਹਾਂ। ਉਸ ਵਿਚ ਇਕ ਮਸ਼ਹੂਰ ਦੇਸ਼ ਭਗਤ ਭਾਗ ਸਿੰਘ ਨੂੰ ਕਾਂਗਰਸੀ ਗੁੰਡਿਆਂ ਨੇ ਕੁੱਟਿਆ ਅਤੇ ਇਕ ਹਿੰਦੂ ਦੁਕਾਨਦਾਰ ਨੂੰ ਬੰਦ ਕਰਵਾ ਕੇ ਕੁੱਟਿਆ ਗਿਆ। ਇਸ ਦੇ ਨਾਲ ਹੀ ਡੇਹਰਾ ਬਾਬਾ ਨਾਨਕ ਵਿਚ ਪੰਜਾਬੀ ਦੇ ਮਸ਼ਹੂਰ ਕਵੀ ਜਸਵੰਤ ਸਿੰਘ 'ਰਾਹੀ', ਜੋ ਕਾਂਗਰਸ ਟਿਕਟ ਤੇ ਪਹਿਲਾਂ ਹਾਰ ਗਿਆ ਸੀ ਤੇ ਫਿਰ independent ਲੜਿਆ ਸੀ, ਨੂੰ ਥਾਣੇ ਦੇ S.H.O. ਜਿਸ ਦਾ ਨਾਮ ਜੋਗਿੰਦਰ ਸਿੰਘ ਹੈ ਨੇ ਧਕੇ ਮਾਰ ਬਾਹਰ ਕਢ ਦਿਤਾ ਅਤੇ ਬੇਇਜ਼ਤੀ ਕੀਤੀ ਅਤੇ ਕਿਹਾ ਕਿ ਅਸੀਂ ਕਮਿਊਨਿਸਟਾਂ ਦੀ ਗੱਲ ਨਹੀਂ ਸੁਣਦੇ। ਇਹ ਹਾਲਤ law and order ਦੀ ਅੰਮ੍ਰਿਤਸਰ ਦੇ ਜ਼ਿਲ੍ਹੇ ਦੀ ਹੈ।

ਇਥੇ ਹੀ ਬਸ ਨਹੀਂ, ਮੇਰੇ ਪਾਸ ਤਾਂ ਅਨੇਕਾਂ ਮਿਸਾਲਾਂ ਹਨ ਜਿਨ੍ਹਾਂ ਦਾ ਮੈਂ ਆਪ ਦੇ ਰਾਹੀਂ ਇਸ ਹਾਊਸ ਵਿਚ ਵਰਣਨ ਕਰ ਸਕਦਾ ਹਾਂ। ਅੰਮ੍ਰਿਤਸਰ ਸ਼ਹਿਰ ਵਿਚ ਸਰਦਾਰ ਪਰਤਾਪ ਸਿੰਘ ਕੈਰੋਂ ਦੇ ਇਲੈਕਸ਼ਨ ਜਿਤਣ ਤੇ ਸ: ਜੈਇੰਦਰ ਸਿੰਘ ਨੇ ਇਕ ਜਲੂਸ ਕਢਵਾਇਆ ਅਤੇ ਇਨ੍ਹਾਂ ਦੇ ਬੰਦਿਆਂ ਨੇ ਕੈਰੋਂ ਸਾਹਿਬ ਦੀ ਨਾਮ ਧਰੀਕ ਜਿਤ ਤੇ ਜੋ ਜਲੂਸ ਕਢਿਆ ਉਸ ਵਿਚ ਇਸ ਤਰ੍ਹਾਂ ਦੇ ਨਾਅਰੇ ਲਗਾਏ—

'ਚਲੇਗੀ ਭਈ ਚਲੇਗੀ ਕੈਰੋਂ ਸ਼ਾਹੀ ਚਲੇਗੀ,
ਚੁਕਾਂਗੇ ਭਈ ਚੁਕਾਂਗੇ ਚਾਰ ਚਾਰ ਕੁੜੀਆਂ ਚੁਕਾਂਗੇ।'

(ਵਿਰੋਧੀ ਧੜੇ ਵਲੋਂ *Shame Shame*)

ਇਨ੍ਹਾਂ ਨਾਅਰਿਆਂ ਨਾਲ ਸਾਰਾ ਸ਼ਹਿਰ ਭੈਭੀਤ ਹੋ ਗਿਆ। ਇਹ ਹੈ ਹਾਲਤ ਪੰਜਾਬ ਵਿਚ Law and Order ਦੀ ਅਤੇ ਇਸ ਜਲੂਸ ਵਿਚ ਪੁਲਿਸ ਕੋਈ ਕਾਰਵਾਈ ਇਸ ਤਰ੍ਹਾਂ ਦੇ ਨਾਅਰਿਆਂ ਤੇ ਨਹੀਂ ਕਰ ਸਕੀ ਕਿਉਂ ਕਿ ਚੀਫ ਮਨਿਸਟਰ ਦੀ ਜਿਤ ਦਾ ਜਲੂਸ ਸੀ।

Mr. Speaker : It is too much. The hon. Member shoud not say such things. He should please wind up.

ਕਾਮਰੇਡ ਮੱਖਣ ਸਿੰਘ ਤਰਸਿੱਕਾ : ਇਸ ਤੋਂ ਅਗੇ ਮੈਂ ਅਰਜ਼ ਕਰਦਾ ਹਾਂ, ਸਪੀਕਰ ਸਾਹਿਬ, ਕਿ ਅੰਮ੍ਰਿਤਸਰ ਸ਼ਹਿਰ ਵਿਚ ਅਜ ਕਲ੍ਹ ਕੀ ਹਾਲਤ ਹੈ। ਹਰ ਪਾਸੇ ਬਦੀ ਪ੍ਰਧਾਨ ਹੈ। ਇਹ ਕਹਿੰਦੇ ਹਨ ਕਿ ਸਰਕਾਰ ਨੇ smuggling ਬੰਦ ਕਰਵਾ ਦਿਤੀ ਹੈ ਪਰ ਅਜ ਬਾਰਡਰ ਤੇ ਜਾ ਕੇ ਤੁਸੀਂ ਆਪ ਵੇਖ ਸਕਦੇ ਹੋ ਅਤੇ ਜੇਕਰ ਕਾਂਗਰਸ ਦੀ ਜਿੱਤ ਹੋਈ ਹੈ, ਜਿਸ ਤੇ ਇਹ ਬਹੁਤ ਮਾਣ ਕਰਦੇ ਹਨ, ਤਾਂ ਸਾਰੀ ਇਨ੍ਹਾਂ ਸਮਗਲਿੰਗ ਕਰਨ ਵਾਲਿਆਂ ਅਤੇ ਵਡੇ ਵਡੇ businessmen ਅਤੇ ਵਪਾਰੀਆਂ ਦੀ ਕ੍ਰਿਪਾ ਨਾਲ ਹੋਈ ਹੈ। ਜਿਨ੍ਹਾਂ ਨੂੰ ਕੋਈ ਰੋਕਣ ਵਾਲਾ ਨਹੀਂ ਹੇਰਾ ਫੇਰੀ ਤੋਂ ਕੋਈ ਮੋੜਨ ਵਾਲਾ ਨਹੀਂ। ਨਹੀਂ ਤਾਂ ਜੇਕਰ ਇਹ ਤਬਕਾ ਕਾਂਗਰਸ ਦੀ ਮਦਦ ਨਾ ਕਰਦਾ ਤਾਂ ਬੋਲੋ ਹੀ ਰਾਮ ਹੋਣੀ ਸੀ। (ਹਾਸਾ) ਹਫ਼ੀਮ ਖੁਲ੍ਹੇ ਆਮ ਮਿਲ ਸਕਦੀ ਹੈ ਅਤੇ ਇਸ ਦੀ ਖੁਲ੍ਹੀ ਸਮਗਲਿੰਗ ਚਲ ਰਹੀ ਹੈ। ਜੇਕਰ ਤੁਹਾਨੂੰ ਇਤਬਾਰ ਨਾ ਹੋਵੇ ਤਾਂ ਤੁਸੀਂ ਮੇਰੇ ਨਾਲ ਚਲੋ ਮੈਂ ਤੁਹਾਨੂੰ ਮੈਂ ਖੁਲ੍ਹੇ ਆਮ ਅੰਮ੍ਰਿਤਸਰ ਵਿਚੋਂ ਜਿੰਨੀਂ ਚਾਹੋ ਹਫੀਮ ਲੈਕੇ ਦੇ ਸਕਦਾ ਹਾਂ। ਇਸ ਤਰ੍ਹਾਂ ਦੀ ਸਮਗਲਿੰਗ ਮੁਖ ਮੰਤਰੀ ਦੇ ਆਪਣੇ ਬੰਦੇ ਕਰਦੇ ਹਨ ਅਤੇ ਜੋ ਪੁਲਿਸ ਅਫਸਰ ਲਗਾਏ ਹੋਏ ਹਨ ਉਹ ਇਸ ਬਾਰੇ ਕੋਈ ਗਲ ਵੀ ਸੁਣਨ ਲਈ ਤਿਆਰ ਨਹੀਂ ਹੁੰਦੇ। ਮੈਂ ਆਪ ਕਈ ਵੇਰ ਡੈਪੂਟੇਸ਼ਨ ਲੈ ਕੇ ਗਿਆ ਹਾਂ, S.S.P. ਨੂੰ ਮਿਲਿਆ ਹਾਂ ਪਰ ਕੋਈ ਪਰਵਾਹ ਨਹੀਂ ਕੀਤੀ ਜਾਂਦੀ, ਕਿਉਂ ਕਿ ਇਹ ਸਾਰੇ ਇਸ ਤਰ੍ਹਾਂ ਦਾ ਵਿਹਾਰ ਕਰਨ ਵਾਲੇ ਚੀਫ ਮਨਿਸਟਰ ਦੇ ਆਪਣੇ ਆਦਮੀ ਹਨ। ਮੈਂ, ਸਪੀਕਰ ਸਾਹਿਬ, ਆਪ ਦੇ ਰਾਹੀਂ Treasury Benches ਤੇ ਬੈਠੇ ਵੀਰਾਂ ਨੂੰ law and order ਦੀ ਅਜ ਦੀ ਹਾਲਤ ਦਸੀ ਹੈ ਕਿ ਕਿਸ ਤਰ੍ਹਾਂ ਇਹ ਕੁਝ ਕੀਤਾ ਜਾ ਰਿਹਾ ਹੈ। ਅਤੇ ਮੈਂ ਜਨਤਾ ਦੀ ਆਵਾਜ਼, ਸਪੀਕਰ ਸਾਹਿਬ, ਆਪ ਦੇ ਰਾਹੀਂ ਚੁਕੀ ਹੈ ਪਰ ਡਰ ਰਿਹਾ ਹਾਂ ਕਿ ਇਹ ਮੈਨੂੰ ਕਿਤੇ ਮਰਵਾ ਨਾ ਦੇਣ। ਇਹ ਠੀਕ ਹੈ ਕਿ opposition ਘਟ ਗਿਣਤੀ ਵਿਚ ਹੈ ਪਰ ਆਵਾਜ਼ ਸਹੀ ਤੌਰ ਤੇ ਉਠਾਣਾ ਸਾਡਾ ਫਰਜ਼ ਬਣਦਾ ਹੈ। ਫਿਰ ਵੀ ਮੈਨੂੰ ਤਾਂ ਆਪ ਜਾਨ ਦਾ ਡਰ ਪਿਆ ਹੋਇਆ ਹੈ ਅਤੇ ਮੈਂ ਕਈ ਵੇਰ ਪੁਲਿਸ ਵਾਲਿਆਂ ਨੂੰ ਕਹਿ ਚੁਕਾ ਹਾਂ ਕਿ ਮੇਰੀ ਰਾਖੀ ਕੀਤੀ ਜਾਵੇ ਮੈਨੂੰ ਰੂਲਿੰਗ ਪਾਰਟੀ ਤੋਂ ਡਰ ਹੈ ਪਰ ਕੋਈ ਪਰਵਾਹ ਨਹੀਂ ਕੀਤੀ ਗਈ।

ਫਿਰ ਤਰਨ ਤਾਰਨ ਥਾਣੇ ਵਿਚ ਮੋਹਨ ਸਿੰਘ ਤੁੜ ਦੀ ਜੀਪ ਦਾ ਕੇਸ ਬਣਾਇਆ ਗਿਆ। 20 ਦਸੰਬਰ ਨੂੰ ਜੀਪ ਨੂੰ ਕਬਜ਼ੇ ਵਿਚ ਲਿਆ ਗਿਆ ਅਤੇ 24 ਤਰੀਕ ਤਕ ਕੋਈ ਪਰਚਾ ਨਾ ਦਿਤਾ ਜਾ ਸਕਿਆ, ਇਸ ਦਾ ਕਾਰਨ ਇਹ ਸੀ ਕਿ ਸਰਕਾਰ ਚਾਹੁੰਦੀ ਸੀ ਕਿ ਝੂਠਾ ਕੇਸ ਖੜ੍ਹਾ ਕੀਤਾ ਜਾਵੇ ਪਰ ਉਥੋਂ ਦੇ ਥਾਣੇਦਾਰ ਨੇ ਝੂਠਾ ਪਰਚਾ ਦਾਇਰ ਕਰਨ ਤੋਂ ਇਨਕਾਰ ਕਰ ਦਿਤਾ। ਇਸ ਲਈ ਇਨ੍ਹਾਂ ਨੇ ਜੰਡਿਆਲੇ ਤੋਂ S.H.O. ਨੂੰ ਸਦਿਆ ਅਤੇ ਉਸ ਨੂੰ ਝੂਠਾ ਪਰਚਾ ਦੇ ਦਿਤਾ। ਇਸ ਵਿਚ ਗਲ ਇਹ ਬਣਵਾ ਲਈ ਗਈ ਕਿ ਇਸ ਜੀਪ ਵਿਚ ਕਰਤਾਰ ਦਾਸ ਦੀ ਸਟਪਨੀ ਅਤੇ ਬੈਟਰੀ ਮਿਲੀ ਹੈ। ਸਾਰੇ ਲੀਡਰਾਂ ਨੂੰ ਦਸਿਆ ਗਿਆ ਕਿ ਇਸ ਤਰ੍ਹਾਂ ਦੇ ਝੂਠੇ ਪਰਚੇ ਦਿਤੇ ਜਾ ਰਹੇ ਹਨ ਪਰ ਕਿਸੇ ਨੇ ਕੋਈ ਪਰਵਾਹ ਨਹੀਂ ਕੀਤੀ।

ਇਥੇ ਦਾ ਥਾਣੇਦਾਰ ਸਰਦਾਰ ਪਰਤਾਪ ਸਿੰਘ ਦਾ ਆਪਣਾ ਆਦਮੀ ਹੈ ਅਤੇ ਇਸ ਗਲ ਦੇ ਹੁੰਦੇ ਹੋਏ ਵੀ ਕਿ ਕੋਈ ਆਦਮੀ ਆਪਣੇ Home District ਵਿਚ ਨਹੀਂ ਲਗਾਇਆ ਜਾ ਸਕਦਾ ਇਹ ਮਲ ਮਾਰੀ ਬੈਠਾ ਹੈ ਅਤੇ ਹਾਲਾਂਕਿ ਇਹ S.H.O. ਪਿੰਡ ਮੋਹਨਪੁਰ, ਥਾਣਾ ਸਰਹਾਲੀ, ਦਾ ਰਹਿਣ ਵਾਲਾ ਹੈ ਪਰ ਉਸ ਨੇ ਆਪਣਾ ਗਲਤ ਪਤਾ ਦਿਤਾ ਹੋਇਆ ਹੈ ਅਤੇ ਇਕੋ ਇਸੇ ਥਾਣੇ ਵਿਚ ਪਿਛਲੇ ਚਾਰ ਸਾਲ ਤੋਂ ਲਗਾ ਹੋਇਆ ਹੈ। ਕੋਈ ਇਸ ਨੂੰ ਹਟਾ ਨਹੀਂ ਸਕਦਾ। ਜਦੋਂ ਕਿਸੇ ਸੂਬੇ ਵਿਚ Law and Order ਦੀ ਇਹ ਹਾਲਤ ਹੋਵੇ ਤਾਂ ਮੈਨੂੰ ਸਮਝ ਨਹੀਂ ਆਉਂਦੀ ਕਿ ਮੇਰੇ ਸਾਹਮਣੇ ਬੈਠੇ ਦੋਸਤ ਕਿਸ ਤਰ੍ਹਾਂ ਸਰਕਾਰ ਨੂੰ ਵਧਾਈ ਦਿੰਦੇ ਹਨ।

Sardar Inder Singh : On a point of order, Sir.

Mr. Speaker: If the hon. Member wants to raise any point of order, he should do so from the seat allotted to him.

ਕਾਮਰੇਡ ਮੱਖਣ ਸਿੰਘ ਤਰਸਿੱਕਾ : ਮੈਂ ਤਾਂ, ਸਪੀਕਰ ਸਾਹਿਬ, ਆਪ ਦੀ ਰਾਹੀਂ ਸਚਾਈ ਨੂੰ ਹਾਊਸ ਦੇ ਸਾਹਮਣੇ ਰਖਿਆ ਹੈ। ਇਥੇ ਕਿਸੇ ਵੀ ਸੈਂਟਰਲ ਗੌਰਮੈਂਟ ਦੇ ਰੂਲ ਜਾਂ ਬਾਕੀ ਕਿਸੇ ਗਲ ਦੀ ਪਰਵਾਹ ਨਹੀਂ ਕੀਤੀ ਜਾਂਦੀ। ਚਾਰ ਸਾਲ ਤੋਂ S.S.P. ਨੂੰ ਨਹੀਂ ਬਦਲਿਆ ਗਿਆ ਕਿਉਂਕਿ ਚੀਫ ਮਨਿਸਟਰ ਸਾਹਿਬ ਦਾ ਉਹ ਰਿਸ਼ਤੇਦਾਰ ਹੈ ਅਤੇ ਹਰ ਵੇਲੇ opposition ਦੇ ਆਦਮੀਆਂ ਨੂੰ ਡਰਾਉਂਦਾ ਰਹਿੰਦਾ ਹੈ ਅਤੇ ਉਨ੍ਹਾਂ ਨੂੰ ਝੂਠੀਆਂ ਗਲਾਂ ਵਿਚ ਫਸਾਉਂਦਾ ਰਹਿੰਦਾ ਹੈ। Law and Order ਦੇ ਸਬੰਧ ਵਿਚ ਇਸ ਤਰ੍ਹਾਂ ਦਾ ਤਾਣਾ ਬਾਣਾ ਬਣਾ ਦਿਤਾ ਗਿਆ ਹੈ ਕਿ ਆਪੋਜ਼ੀਸ਼ਨ ਨੂੰ ਸਾਹ ਲੈਣਾ ਮੁਸ਼ਕਿਲ ਹੋ ਗਿਆ ਹੈ। ਹਾਲਾਂ ਕਿ ਇਹ rule ਹੈ ਕਿ ਤਿੰਨ ਸਾਲ ਤੋਂ ਵਧ ਕੋਈ ਵੀ ਇਕ ਥਾਂ ਤੇ ਨਹੀਂ ਰਹਿ ਸਕਦਾ ਪਰ ਇਹ ਉਥੇ ਡਟਿਆ ਬੈਠਾ ਹੈ। ਇਸ ਲਈ, ਮੈਂ ਇਹ ਬੇਨਤੀ ਕਰਾਂਗਾ ਕਿ ਇਸ ਤਰ੍ਹਾਂ ਦੀ Law and Order ਦੀ ਹਾਲਤ ਨੂੰ ਸਾਹਮਣੇ ਰਖਦੇ ਹੋਏ ਮੇਰੀਆਂ ਜੋ ਤਰਮੀਮਾਂ ਹਨ, ਪਹਿਲੀ ਇਹ ਕਿ ਅੰਮ੍ਰਿਤਸਰ ਜ਼ਿਲ੍ਹੇ ਵਿਚ ਇਲੈਕਸ਼ਨਾਂ ਤੋਂ ਬਾਅਦ ਦਹਿਸ਼ਤ ਫੈਲੀ ਹੋਈ ਹੈ, ਕਮਿਊਨਿਸਟਾਂ ਅਤੇ ਵਿਰੋਧੀ ਪਾਰਟੀ ਦੇ ਆਦਮੀਆਂ ਨੂੰ ਗ੍ਰਿਫਤਾਰ ਕੀਤਾ ਜਾ ਰਿਹਾ ਹੈ ਅਤੇ ਇਸ ਗਲ ਕਾਰਨ ਵੀ ਵਧੀਕੀ ਕੀਤੀ ਜਾ ਰਹੀ ਹੈ ਕਿ 26 ਫਰਵਰੀ ਨੂੰ ਤਰਨ ਤਾਰਨ ਵਿਚ ਵੋਟਾਂ ਗਿਣਨ ਸਬੰਧੀ ਜੋ ਵਾਕਿਆ ਹੋਇਆ ਉਸ ਬਾਰੇ ਉਸ ਸਮੇਂ ਦੇ ਸਪੀਕਰ ਸਾਹਿਬ ਨੇ ਅਫਸਰਾਂ ਨੂੰ ਤਾਰਾਂ ਦਿਤੀਆਂ ਸਨ ।

ਦੂਜੀ ਇਹ ਕਿ S.H.O. ਜੰਡਿਆਲਾ ਪੁਲਿਸ ਦੇ ਤਬਦੀਲੀ ਦੇ ਹੁਕਮ ਚੀਫ ਮਨਿਸਟਰ ਨੇ 4 ਫਰਵਰੀ, 1962 ਨੂੰ ਮਨਸੂਖ ਕਰ ਦਿਤੇ ਸਨ ।

ਤੀਜੀ ਇਹ ਕਿ ਗੌਰਮੈਂਟ ਪ੍ਰਾਇਮਰੀ ਸਕੂਲ ਜੋ ਲੜਕਿਆਂ ਲਈ ਬੁਡਾਲਾ, ਮਾਨਾਵਾਲਾ; ਵਡਾਲਾ ਜੌਹਲ, ਰੌਂਗਾਵਾਂ ਸਾਧਪੁਰ, ਮਲੋਵਾਲ ਅਤੇ ਸੈਦਪੁਰ ਵਿਖੇ ਹਨ ਉਨ੍ਹਾਂ ਨੂੰ upgrade ਨਹੀਂ ਕੀਤਾ ਗਿਆ,

ਚੌਥੀ ਇਹ ਕਿ ਤਰਸਿੱਕਾ ਅਤੇ ਕਾਲੇਕੇ ਦੇ ਕੁੜੀਆਂ ਦੇ ਪ੍ਰਾਇਮਰੀ ਸਕੂਲਾਂ ਨੂੰ upgrade ਨਹੀਂ ਕੀਤਾ ਗਿਆ ।

ਅਕਾਲਗੜ੍ਹ ਧਾਪੀਆਂ, ਟਾਹਲੀ ਸਾਹਿਬ ਅਤੇ ਛਿਜਲਵਾੜੀ ਦੇ ਮਿਡਲ ਸਕੂਲਾਂ ਨੂੰ upgrade ਨਹੀ ਕੀਤਾ ਗਿਆ, ।

ਵਰਪਾਲ, ਛਿਜਲਵਾੜੀ, ਰਾਮਦਿਵਾਲੀ ਮੁਸਲਮਾਣਾ ਅਤੇ ਜੰਡਿਆਲਾ ਗੁਰੂ ਦੇ ਹਾਈ ਸਕੂਲਾਂ ਨੂੰ ਹਾਇਰ ਸੈਕੰਡਰੀ ਨਹੀਂ ਕੀਤਾ ਗਿਆ ।

ਖਾਲਸਾ ਹਾਈ ਸਕੂਲ ਤਰਸਿੱਕਾ, ਖਾਲਸਾ ਹਾਈ ਸਕੂਲ ਨਵਾਂ ਪਿੰਡ, ਗਰਾਂ ਪੰਚਾਇਤ ਹਾਈ ਸਕੂਲ ਭੜੋਚੀ ਰਾਜਪੂਤਾਂ, ਖਾਲਸਾ ਹਾਈ ਸਕੂਲ ਉਚੋਕੇ ਕਲਾਂ ਅਤੇ ਖਾਲਸਾ ਹਾਈ ਸਕੂਲ ਫਤਹਪੁਰ ਰਾਜਪੂਤਾਂ ਨੂੰ ਸਰਕਾਰੀ ਤਹਵੀਲ ਵਿਚ ਨਹੀਂ ਲਿਆ ਗਿਆ ।

ਸਰਕਾਰ ਹੇਠ ਲਿਖੀਆਂ ਸੜਕਾਂ ਨਹੀਂ ਬਣਾ ਸਕੀ—

ਕਥੂ ਨੰਗਲ ਤੋਂ ਬਿਆਸ ਬਰਾਸਤਾ ਡੇਰੇਵਾਲ ਕਾਲੇਕੇ,

ਟਾਂਗਾ ਤੋਂ ਤਰਸਿੱਕਾ ਬਲਾਕ

ਬਟਾਲਾ ਤੋਂ ਜੰਡਿਆਲਾ, ਜੰਡਿਆਲਾ ਤੋਂ ਵਰਪਾਲ,

ਜੰਡਿਆਲਾ ਨਹਿਰ ਬੰਗਲੇ ਤੋਂ ਬੋਪਾਰਾਏ ।

ਅੰਮ੍ਰਿਤਸਰ ਜ਼ਿਲਾ ਦੀਆਂ ਹੜ੍ਹ ਡਰੇਨਾਂ ਨੂੰ ਪੂਰਾ ਨਹੀਂ ਕੀਤਾ ਗਿਆ,

ਪਟੀ ਅਤੇ ਕਸੂਰ ਨਾਲੇ ਉਤੇ ਨਿਮਨ ਥਾਵਾਂ ਤੇ ਪੁਲ ਨਹੀਂ ਬਣਾਏ ਗਏ :—

ਫਤੂ ਭੀਲਾ ਅਤੇ ਸ਼ਹਿਜ਼ਾਦਾ, ਤਰਸਿੱਕਾ ਅਤੇ ਡੇਹਰੀਵਾਲਾ, ਮਲੋਂਵਾਲ-ਤਲਵੰਡੀ, ਨਰਾਇਣਗੜ੍ਹ-ਕੋਟਲਾ, ਜੰਡ-ਛਾਪਾ, ਬੁੰਡਾਲਾ-ਵਰਪਾਲ, ਛੀਨਾ-ਮਖਣਵਿੰਡੀ, ਮਹਿਕਾ-ਤਲਵੰਡੀ, ਤਾਰਾਗੜ੍ਹ-ਤਿਮੋਂਵਾਲ ।

ਅੰਮ੍ਰਿਤਸਰ ਜ਼ਿਲ੍ਹੇ ਵਿਚ ਸਰਕਾਰ ਇਨ੍ਹਾਂ ਥਾਵਾਂ ਤੇ ਡਿਸਪੈਨਸਰੀਆਂ ਨਹੀਂ ਖੋਲ੍ਹ ਸਕੀ:—ਨਵਾਂ ਪਿੰਡ, ਰਾਮ ਦਿਵਾਲੀ ਮੁਕਸਲਮਾਨਾਂ, ਕਾਲੇਕੇ ਅਤੇ ਵਰਪਾਲ ।

ਜ਼ਿਲਾ ਅੰਮ੍ਰਿਤਸਰ ਵਿਚ ਡੰਗਰ ਹਸਪਤਾਲ ਛਿਜਲਵਾਲੀ, ਟਾਂਗਰਾ ਵਿਚ ਨਹੀਂ ਖੋਲ੍ਹੇ ਗਏ,

ਨਰਾਇਣਗੜ੍ਹ, ਰਾਣਾਕਲਾਂ, ਕੋਟਲਾ, ਤਲਵੰਡੀ ਮਲੋਂਵਾਲ, ਤਾਂਨੇਲ, ਭਟੀਕਿ, ਜੰਡ ਸਰਾਏ ਬੁਲਾਰਾ ਪਿੰਡਾਂ ਵਿਚ ਬਿਜਲੀ ਨਹੀਂ ਦਿਤੀ ਗਈ ।

ਜੰਡਿਆਲਾ ਗੁਰੂ ਵਿਖੇ ਇਸਤਰੀਆਂ ਲਈ ਹਸਪਤਾਲ ਨਹੀਂ ਖੋਲ੍ਹੇ ਗਏ ।

ਜੰਡਿਆਲਾ ਗੁਰੂ ਨੂੰ ਦਸਤਕਾਰੀ ਇਲਾਕਾ ਕਰਾਰ ਨਹੀਂ ਦਿਤਾ ਗਿਆ ।

ਜੰਡਿਆਲਾ ਗੁਰੂ ਵਿਖੇ ਹਾਇਰ ਸੈਕੰਡਰੀ ਸਕੂਲ ਨੂੰ ਕਾਲਜ ਵਿਚ ਨਹੀਂ ਤਬਦੀਲ ਕੀਤਾ ਗਿਆ,

ਤਰਸਿੱਕਾ ਵਿਖੇ ਪ੍ਰਾਇਮਰੀ ਹੈਲਥ ਯੂਨਟ ਨਹੀਂ ਖੋਲ੍ਹੇ ਗਏ ।

ਗੌਰਮੈਂਟ ਗਰਲਜ਼ ਕਾਲਜ ਅੰਮ੍ਰਿਤਸਰ ਵਿਖੇ ਬਿਲਡੰਗ ਦੀ ਉਸਾਰੀ ਨਹੀਂ ਕੀਤੀ ਗਈ ।

ਮੇਰੀ ਬੇਨਤੀ ਹੈ ਕਿ ਇਨ੍ਹਾਂ ਸਾਰੀਆਂ ਗੱਲਾਂ ਨੂੰ ਜੋ ਧੰਨਵਾਦ ਦਾ ਪਰਸਤਾਵ ਕਾਮਰੇਡ ਰਾਮ ਚੰਦਰ ਨੇ ਪੇਸ਼ ਕੀਤਾ ਹੈ ਉਸ ਨਾਲ ਸ਼ਾਮਿਲ ਕਰ ਲਿਆ ਜਾਵੇ ਕਿਉਂਕਿ ਇਨ੍ਹਾਂ ਗਲਾਂ ਬਾਰੇ ਗਵਰਨਰ ਸਾਹਿਬ ਦੇ ਭਾਸ਼ਨ ਵਿਚ ਕੋਈ ਜ਼ਿਕਰ ਨਹੀਂ ਸੀ । ਮੈਂ ਹੁਣ ਆਪ ਤੋਂ ਖਿਮਾ ਮੰਗਦਾ ਹਾਂ ।

पंडित मोहन लाल दत्त (अम्ब): अध्यक्ष महोदय, राज्यपाल महोदय हम सब के आदरणीय हैं और श्रद्धेय हैं। हम चाहें जहां बैठें हों, हमारे सब के हृदय में उन के लिये आदर है, मगर उन की मजबूरियां हैं कि पार्टी गवर्नमैंट है और एक पार्टी गवर्नमैंट के Head के तौर पर वह सारा चित्र पूर्ण रूप में खैंचने से कासिर रहते हैं। यह एक formal सा Address है जिस में सिर्फ कांग्रेस हकूमत के कुछ कारनामे ही दर्ज हैं। मैं उन का धन्यवाद करते हुए इस में जो खामियां हैं और जिन बुनियादी बातों का वर्णन नहीं किया गया उस सम्बन्ध में इस सदन में कुछ विचार प्रकट करना चाहता हूं। सब से उत्तम बात जो राज्यपाल महोदय ने अपने भाषण में कही और मुझे सब से अच्छी लगी वह यह है कि उन्होंने इस एड्रेस में यह कामना प्रकट की कि हम सब यहां जो ग़रीब प्रजा के प्रतिनिधि बन कर आये हैं अपना आचरण, मन और कर्म ऐसा रखें ताकि प्रान्त खुशहाली की तरफ बढ़े और हम तरक्की के नये दौर का आग़ाज करें। यहां हम पर एक संकेत किया गया कि हम जो यहां लोगों के प्रतिनिधि बन कर आये हैं अपना आचरण सही रखें। हमें अपने दिलों को टटोलना चाहिये। उन का संकेत यह था कि हम सच्चे बनें और लोगों के प्रति हम अपने कर्तव्य का अच्छी तरह पालन करें। लेकिन मैं यहां देख रहा हूं कि आरम्भ से ही हम किस ढंग से चल रहे हैं। तीन चार दिन से election के झंझटों का ज़िक्र हो रहा है इधर और उधर से एक दूसरे पर इलज़ाम लगाए जा रहे हैं। इन बातों में हम अपना समय नष्ट कर देते हैं कि कौन अच्छा और कौन बुरा। मैं भी इस बारे में शायद गुनाहगार हूं लेकिन मैं कहूंगा कि यह सिलसिला ज़रूर बन्द होना चाहिये। मुझे इस सम्बन्ध में गालिब का एक शेर याद आया है :—

सफीना जब किनारे पे आ लगा गालिब
खुदा से क्या सितमों जौरे ना खुदा कहिये

[पंडित मोहन लाल दत्त]

अपनी constituency में contest कर के कामयाब हो कर आये हैं क्या गिला करना है। स्पीकर साहिब, मैं आप के द्वारा अपने इस हाउस के भाइयों से निवेदन करूंगा कि वे इस बात का एहसास करें कि एक क्षण का यहां कितना गरीब लोगों का रुपया खर्च होता है। क्या उन गरीब लोगों ने हमें इस लिये यहां भेजा है कि हम आपस में झगड़े पैदा करें और इतनी तलखी पैदा करें। जो बातें यहां होती हैं वह जनता में जाती हैं और इस तलखी का रद्दे अमल यह होता है कि जनता में भी तलखी बढ़ती है। स्पीकर साहिब, पंजाब की बदकिस्मती है कि यहां राजनीति इस ढंग से चलती है। इस के कारण तनाव का वातावरण होगा, इनसान इनसान के दर्मियान नफ़रत पैदा होगी। जब एक समूह और दूसरे समूह के दर्मियान नफ़रत हो तो मैं नहीं समझता कि ऐसी तलखी के वातावरण में हम इस प्रान्त में उन्नति और खुशहाली का दौर कैसे ला सकेंगे। चाहे हमारे मतभेद क्यों न हों लेकिन हमें राज्यपाल के कथन अनुसार चलना चाहिये। Society भी party system पर चलती है, वह तो चले लेकिन हमें इनसानियत को बुलन्द समझना चाहिये। सियासी पार्टी से देश को बुलन्द समझें सियासी पार्टी से जनता को प्रमुख स्थान दें। मैं अर्ज़ करूंगा कि सब से ज्यादा ज़िम्मेदारी सरकारी पार्टी पर आती है जिस ने राज्य का प्रबन्ध अपने हाथ में लिया हुआ है। हम से ज्यादा ज़िम्मेदारी आप की है। अगर हमारी गलती हो भी और आप भी उस ढंग से चलें तो यह ऊंची बात मालूम नहीं होती। मैं यहां देखता हूं कि सरकारी बैंचों से गैरज़िम्मेदाराना बातें की जाती हैं (गृह मन्त्री : यह किधर से शुरु होती हैं) बेशक इधर से बात हो वह नामाकूल या ग़लत हो लेकिन अगर इसी hypothesis से आप ने आगे चलना है तो यह बिल्कुल ग़लत बात है। मैं अपनी तरफ से और अपने साथियों की तरफ से आप को यकीन दिलाता हूं कि हम यहां यह चाहते हैं कि राज्य प्रबन्ध सही ढंग से चले। जो नुक्ताचीनी हम करते हैं वह constructive करते हैं ताकि इस पर मन्त्रिमण्डल अच्छी तरह से गौर करे। यहां जो इस ऐड्रेस में बहुत सुन्दर नकशा खींचा गया है इस प्रान्त की खुशहाली का इस में कोई शक नहीं कि पैदावार बढ़ी है। ज़रायती और सनअती पैदावार में इजाफ़ा हुआ है, सड़कें बनी हैं कुछ और भी काम हुए हैं मगर इस का श्रेय मन्त्रिमण्डल को हम नहीं दे सकते। इस का ज्यादा से ज्यादा श्रेय मज़दूरों और किसानों को मिलता है जिन्होंने निहायत कलील मुआवज़ा ले कर पूंजीवादी निज़ाम में मेहनत कर के और खून पसीना एक कर के इस प्रान्त को खुशहाल बनाने की कोशिश की है। अगर मन्त्रिमण्डल यह कहे कि हम ने प्रान्त में पैदावार बढ़ाई है और प्रान्त को खुशहाल किया है तो यह ग़लत बात है।

(1-30 p.m.)

The Sabha then adjourned till 2.00 p.m. on Monday, the 2nd April, 1962

17173/PVS—370—11-9-62 C., P. & S., Pb. Chandigarh.

PUNJAB VIDHAN SABHA DEBATES

ਸ੍ਰੀ ਸਪੀਕਰ : ਅਜ ਜੋ ਵਿਚਾਰ ਲੀਡਰ ਆਫ ਦੀ ਹਾਊਸ ਨੇ ਇਨ੍ਹਾਂ ਤਿੰਨਾਂ ਬਜ਼ੁਰਗਾਂ ਦੇ ਗੁਜ਼ਰ ਜਾਣ ਤੇ ਪਰਗਟ ਕੀਤੇ ਹਨ ਅਤੇ ਜਿਨ੍ਹਾਂ ਖਿਆਲਾਤ ਦਾ ਇਜ਼ਹਾਰ ਉਨ੍ਹਾਂ ਨੇ ਕੀਤਾ ਹੈ ਮੈਂ ਉਨ੍ਹਾਂ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ । ਅੱਜ ਸਵੇਰੇ ਜਦੋਂ ਚੀਫ ਮਨਿਸਟਰ ਸਾਹਿਬ ਦੀ ਤਰਫੋਂ ਇਸ ਖਾਹਿਸ਼ ਦਾ ਇਜ਼ਹਾਰ ਕੀਤਾ ਗਿਆ ਕਿ ਸੋਕ ਦਾ ਪਰਸਤਾਵ ਪੇਸ਼ ਕੀਤਾ ਜਾਵੇ ਇਨ੍ਹਾਂ ਤਿੰਨਾਂ ਹਸਤੀਆਂ ਲਈ ਜਿਨ੍ਹਾਂ ਨੇ ਪੰਜਾਬ ਨੂੰ ਬਨਾਉਣ ਵਿਚ ਹਿੱਸਾ ਪਾਇਆ ਹੈ ਤਾਂ ਇਕ back reference ਕੀਤੀ ਗਈ। ਮੇਰੇ ਲਈ ਇਹ ਜਾਨਣਾ ਜ਼ਰੂਰੀ ਸੀ ਕਿ ਕੀ ਇਹੋ ਜੇਹਾ ਕੋਈ precedent ਹੈ ਕਿਉਂ ਕਿ ਆਮ convention ਇਹ ਹੈ ਕਿ ਕਿਸੇ ਹਾਊਸ ਵਿਚ ਜਾਂ ਤਾਂ ਦੇਸ਼ ਦੇ ਨੇਤਾਵਾਂ ਦੇ ਬਾਰੇ ਇਸ ਤਰ੍ਹਾਂ ਦੇ ਪਰਸਤਾਵ ਪੇਸ਼ ਕੀਤੇ ਜਾ ਸਕਦੇ ਹਨ ਜਾਂ ਕਿਸੇ ਹਾਊਸ ਦੇ ਮੈਂਬਰਾਂ ਦੇ ਬਾਰੇ ਇਸ ਤਰ੍ਹਾਂ ਦੇ ਪਰਸਤਾਵ ਲਿਆਂਦੇ ਜਾ ਸਕਦੇ ਹਨ। ਮੈਨੂੰ ਸ਼ੰਕਾ ਸੀ ਕਿ ਕੀ ਇਸ ਤਰ੍ਹਾਂ ਦਾ ਪਰਸਤਾਵ ਜੋ ਅਜ ਪੇਸ਼ ਕੀਤਾ ਗਿਆ ਹੈ in order ਹੋਵੇਗਾ ਜਾਂ ਨਹੀਂ । ਇਸ ਲਈ ਮੈਂ ਇਸ ਹਾਊਸ ਦੇ ਕੁਝ ਕੁ ਮਾਨਯੋਗ ਮੈਂਬਰਾਂ ਨਾਲ ਸਲਾਹ ਕੀਤੀ ਅਤੇ ਇਸ ਗਲ ਦਾ ਜ਼ਿਕਰ ਕੀਤਾ ਤਾਂ ਹਰ ਇਕ ਦੀ ਇਹ ਰਾਏ ਸੀ ਕਿ ਇਨ੍ਹਾਂ ਹਸਤੀਆਂ ਨੂੰ ਕੌਣ ਨਹੀਂ ਜਾਣਦਾ । ਇਸ ਲਈ ਇਸ ਵਿਚ ਹਰਜ ਨਹੀਂ ਕਿ ਇਨ੍ਹਾਂ ਤਿੰਨਾਂ ਬਾਰੇ ਹਾਊਸ ਵਿਚ ਅਫਸੋਸ ਦਾ ਇਜ਼ਹਾਰ ਕੀਤਾ ਜਾਵੇ । ਮੈਨੂੰ ਯਾਦ ਹੈ ਕਿ ਬਚਪਨ ਤੋਂ ਅਜ਼ਾਦੀ ਦਾ ਸਬਕ ਲੈਣ ਲਈ ਅਸੀਂ ਸਰਦਾਰ ਅਮਰ ਸਿੰਘ ਝਬਾਲ ਅਤੇ ਇੰਨ੍ਹਾਂ ਦੇ ਸਾਥੀਆਂ ਪਾਸ ਜਾਇਆ ਕਰਦੇ ਸਾਂ । ਝਬਾਲੀਆ ਪਰਵਾਰ ਦਾ ਦੇਸ਼ ਦੀ ਅਜ਼ਾਦੀ ਵਿਚ ਬਹੁਤ ਭਾਰੀ ਹਿਸਾ ਹੈ । ਉਸ ਪਰਵਾਰ ਦਾ ਇਕ ਹਿਸਾ ਬੀਬੀ ਪਰਕਾਸ਼ ਕੌਰ ਜੀ, Minister of State ਸਾਡੇ ਹਾਊਸ ਵਿਚ ਬੈਠਦੇ ਹਨ । ਜਿਥੋਂ ਤਕ ਥਾਪਰ ਸਾਹਿਬ ਦਾ ਤਅੱਲਕ ਹੈ ਮੈਂ ਇਨ੍ਹਾਂ ਦੀ ਬਹੁਤ ਤਾਰੀਫ ਸੁਣੀ ਹੈ ਪਰ ਮੈਨੂੰ ਇਨ੍ਹਾਂ ਨੂੰ ਮਿਲਣ ਦਾ ਮੌਕਾ ਨਹੀਂ ਮਿਲਿਆ । ਕੁਠਿਆਲਾ ਸਾਹਿਬ ਬਾਰੇ ਮੈਂ ਚੰਗੀ ਤਰ੍ਹਾਂ ਜਾਣਦਾ ਹਾਂ, ਜਦੋਂ ਕਾਲਜ ਵਿਚ ਸਾਂ ਤਾਂ ਇਹ ਪੁਛਿਆ ਕਰਦੇ ਸਨ ਕਿ ਕਿੰਨੇ ਕੁ ਲਾਇਕ ਲੜਕੇ ਅਜਿਹੇ ਹਨ ਜਿਨ੍ਹਾਂ ਦੀ ਪੜ੍ਹਾਈ ਪੈਸੇ ਦੀ ਥੁੜ ਕਰਕੇ ਨਹੀਂ ਚਲ ਸਕਦੀ । ਜੇਕਰ 20 ਆਦਮੀਆਂ ਦੀ ਲਿਸਟ ਦਿੱਤੀ ਤਾਂ ਇਨ੍ਹਾਂ ਨੇ ਉਨ੍ਹਾਂ ਦੀ ਮਦਦ ਕੀਤੀ ਤੇ ਜੇਕਰ 50 ਆਦਮੀਆਂ ਦੀ ਲਿਸਟ ਦੇ ਦਿੱਤੀ ਤਾਂ ਇਨ੍ਹਾਂ ਇਹ ਨਹੀਂ ਪੁਛਿਆ ਕਿ 50 ਦੀ ਲਿਸਟ ਕਿਉਂ ਆ ਗਈ ਹੈ, ਸਗੋਂ ਉਨ੍ਹਾਂ ਸਾਰਿਆਂ ਲਈ ਖਰਚ ਭੇਜ ਦਿੱਤਾ ਅਤੇ ਕਦੇ ਇਨਕਾਰ ਨਹੀਂ ਕੀਤਾ । ਚੀਫ਼ ਮਨਿਸਟਰ ਸਾਹਿਬ ਨੂੰ ਯਾਦ ਹੋਵੇਗਾ ਕਿ ਜਦੋਂ ਸ਼ਿਮਲੇ ਵਿਚ ਚਾਹ ਪਾਰਟੀ ਸੀ ਤਾਂ ਇਹ ਇਕ ਖਾਲੀ ਚੈਕ ਨਾਲ ਲੈ ਆਏ । ਉਥੇ ਸਰਦਾਰ ਉਜਲ ਸਿੰਘ ਅਤੇ ਸੱਚਰ ਸਾਹਿਬ ਵੀ ਆਏ ਹੋਏ ਸਨ । ਉਥੇ ਉਨ੍ਹਾਂ ਨੂੰ ਕਿਹਾ ਗਿਆ ਕਿ ਦਾਨ ਦਿਉ ਤਾਂ ਕਿਸੇ ਨੇ ਕਿਹਾ 'ਇਤਨਾ ਦਿਉ', ਕਿਸੇ ਨੇ ਕਿਹਾ ਇਤਨਾ ਦਿਉ' । ਕਠਿਆਲਾ ਸਾਹਿਬ ਨੇ ਕਿਹਾ ਕਿ ਮੈਨੂੰ ਕੀ ਪੁਛਦੇ ਹੋ ਤੁਸੀਂ ਆਪ ਹੀ ਚੈਕ ਭਰ ਲੈਣਾ । ਕੁਝ ਦਿਨ ਹੋਏ ਇਨ੍ਹਾਂ ਦੇ ਲੜਕੇ ਚੀਫ਼ ਮਨਿਸਟਰ ਨੂੰ ਮਿਲਣ ਆਏ ਤੇ ਉਨ੍ਹਾਂ ਨੇ ਮੈਨੂੰ ਕਿਹਾ ਕਿ ਅਸਾਡੀ ਮੁਲਾਕਾਤ

ਦਿਉ । ਮੈਂ ਸਮਝਿਆ ਸ਼ਾਇਦ ਕੁਝ ਮੰਗ ਲੈ ਕੇ ਆਏ ਹੋਣਗੇ । ਪਰ ਉਨ੍ਹਾਂ ਨੇ ਚੀਫ਼ ਮਨਿਸਟਰ ਸਾਹਿਬ ਨੂੰ ਮਿਲ ਕੇ ਕਿਹਾ ਕਿ ਅਸੀਂ ਆਪਣੇ ਸਵਰਗਵਾਸੀ ਪਿਤਾ ਜੀ ਵਲੋਂ ਕਾਇਮ ਕੀਤੀਆਂ ਰਵਾਇਤਾਂ ਨੂੰ ਕਾਇਮ ਰੱਖਣਾ ਚਾਹੁੰਦੇ ਹਾਂ ਅਤੇ ਇਹ ਚਾਹੁੰਦੇ ਹਾਂ ਕਿ ਕੁਝ ਰੁਪਿਆ ਪ੍ਰਾਂਤ ਦੀ ਭਲਾਈ ਲਈ ਖਰਚ ਕੀਤਾ ਜਾਵੇ ਇਸ ਲਈ ਤੁਸੀਂ ਰਾਏ ਦਿਉ ਕਿ ਕਿਸ ਤਰ੍ਹਾਂ ਇਸ ਰਕਮ ਤੋਂ ਲੋਕਾਂ ਦਾ ਵਧ ਤੋਂ ਵਧ ਫਾਇਦਾ ਹੋ ਸਕਦਾ ਹੈ । ਇਸ ਲਈ ਮੈਂ ਉਮੀਦ ਕਰਦਾ ਹਾਂ ਕਿ ਜੋ ਜਜ਼ਬਾਤ ਲੀਡਰ ਆਫ਼ ਦੀ ਹਾਊਸ ਨੇ ਹਾਊਸ ਦੇ ਸਾਹਮਣੇ ਰਖੇ ਹਨ ਇਨ੍ਹਾਂ ਨਾਲ ਸਾਰਾ ਹਾਊਸ ਸਹਿਮਤ ਹੋਵੇਗਾ । ਮੈਂ ਹੁਣ ਸਾਰਿਆਂ ਪਾਸ ਅਪੀਲ ਕਰਦਾ ਹਾਂ ਕਿ ਇਨ੍ਹਾਂ ਵਿਛੜੀਆਂ ਰੂਹਾਂ ਦੀ ਸ਼ਾਂਤੀ ਲਈ ਦੋ ਮਿੰਟ ਲਈ ਖੜ੍ਹੇ ਹੋ ਜਾਣ ।

(I associate myself fully with the sentiments expressed by the Leader of the House on the sad demise of three respectable personalities. This morning when the Chief Minister expressed his desire to move a resolution of condolence in respect of these three persons who have made a great contribution in shaping the new Punjab, a back reference was made. It became all the more necessary for me to find out if there was any such precedent. It has all along been the convention of this House that a reference could be made in respect of great national leaders and the members of the legislatures. It created a little doubt in my mind as to whether this step would be in order or not. I, thereupon, consulted some of the hon. Members of this House and they also wanted me to allow such a move by the Leader of the House, and it would be in the fitness of things to make a mention about them, and pass a condolence resolution.

I remember that from my childhood I used to go to Sardar Amar Singh Jhabal and his companions to learn about the freedom movement. Jhabal family has put in great contribution in the freedom movement. One of them Dr. Parkash Kaur, State Minister, is with us in this House.

As regards Lala Karam Chand Thapar I have heard a great deal in his praise. I am sorry I could not get an opportunity to meet him personally.

I knew Lala Jodha Mal Kuthiala from the good old days of the college. He used to ask me about the number of brilliant students who could not pursue their studies for want of funds. In case a list of twenty students was sent to him, he paid their dues and the next time if the number on the list rose to 50 he never objected but sent all their college expenses. He never hesitated to give away money for the public cause.

The Chief Minister might remember the day when we were attending a Tea party at Simla in which Shri Bhim Sen Sachar and Sardar Ujjal Singh were also present. Mr. Kuthiala was approached to give some donation. Some said that so much should be given by him while the others wanted to have a bigger amount as charity from him. On this Mr. Kuthiala handed over a blank cheque duly signed by him saying that they may fill in as much amount as they liked. A few days back his sons came to me and requested to me to arrange

[Mr. Speaker]

their interview with the Chief Minister as they wanted to see him. I thought that they might have come with some kind of request but contrary to that in the interview they expressed their desire to uphold the tradition and conventions set up by their father during his life time and they wanted to spend some amount for the benefit of the public of the State. They wanted to know as to how the money could be spent usefully//

I, therefore, feel that all the hon. Members of this House will endorse the views expressed by the Leader of the House in reverence to the departed souls. I would now request the hon. Members to rise in, their seats for two minutes as a mark of respect to them.]

(The hon. Members of the house then stood in silence for two minutes).

QUESTION OF PRIVILEGE

*

Mr. Speaker : There is a Privilege Motion given notice of by Comrade Makhan Singh Tarsikka. It is about the taking of oath by Sardar Hazara Singh Gill, M.L.A. I may point out that no question of privilege is involved in this matter. He has been detained according to the usual process of law, and I cannot interfere with the action taken by the Government in the matter.

ਕਾਮਰੇਡ ਮੱਖਣ ਸਿੰਘ ਤਰਸਿੱਕਾ : ਸਪੀਕਰ ਸਾਹਿਬ, ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਪੰਜਾਬ ਅਸੈਂਬਲੀ ਵਿਚ ਕਈ ਮਿਸਾਲਾਂ ਹਨ ਅਤੇ ਸ੍ਰੀ ਕ੍ਰਿਸ਼ਨ ਗੁਪਾਲ ਦੱਤ ਦੀ ਮਿਸਾਲ ਸਾਡੇ ਸਾਹਮਣੇ ਹੈ ਕਿ ਉਹ ਹਸਪਤਾਲ ਵਿਚ ਸਨ ਤਾਂ ਇਸ ਹਾਊਸ ਦੇ ਸਪੀਕਰ ਸਾਹਿਬ ਨੇ ਆਪ ਜਾਕੇ ਉਨ੍ਹਾਂ ਨੂੰ oath ਦਿਵਾਈ ਸੀ । ਇਸ ਲਈ ਹਾਊਸ ਦੇ ਸਪੀਕਰ ਸਾਹਿਬ ਨੂੰ ਅਧਿਕਾਰ ਹੈ ਕਿ ਉਹ ਜਾ ਕੇ oath ਦਿਵਾ ਦੇਣ । ਅਤੇ ਮੈਂਬਰ ਜੋ ਚੁਣਿਆ ਗਿਆ ਹੈ ਉਸ ਦਾ right ਹੈ ਕਿ ਉਸ ਲਈ ਪ੍ਰਬੰਧ ਕੀਤਾ ਜਾਵੇ । ਸਪੀਕਰ ਸਾਹਿਬ, ਤੁਸੀਂ, ਇਨ੍ਹਾਂ rights ਦੇ custodian ਹੋ ਅਤੇ ਤੁਹਾਨੂੰ ਹਕ ਦਿਤਾ ਹੋਇਆ ਹੈ ਕਿ ਤੁਸੀਂ ਹੀ ਇਸ ਗਲ ਨੂੰ ਪੂਰਾ ਕਰਵਾ ਸਕਦੇ ਹੋ । ਇਸ ਲਈ, ਮੈਨੂੰ ਪੂਰਨ ਆਸ ਹੈ ਕਿ ਤੁਸੀਂ ਇਨ੍ਹਾਂ ਹਕਾਂ ਨੂੰ ਪੂਰਾ ਕਰਦੇ ਹੋਏ ਚੌਧਰੀ ਕਿਸ਼ਨ ਗੁਪਾਲ ਦੱਤ ਵਾਂਗੂ ਸਰਦਾਰ ਹਜ਼ਾਰਾ ਸਿੰਘ ਗਿਲ ਨੂੰ oath ਦਿਵਾਣ ਦਾ ਪ੍ਰਬੰਧ ਕਰ ਦਿਉਗੇ ।

ਸ਼੍ਰੀ ਸਪੀਕਰ : ਮੈਂ ਆਪ ਵੀ ਇਸ ਗਲ ਦਾ ਖਾਹਸ਼ਮੰਦ ਹਾਂ ਕਿ ਕਿਸੇ ਦੇ ਹਕ ਤੇ ਛਾਪਾ ਨਾ ਮਾਰਿਆ ਜਾਵੇ ਅਤੇ ਕਿਸੇ ਦਾ ਹਕ ਨਾ ਛੀਨਿਆ ਜਾਵੇ । ਅਤੇ ਜਿਥੇ ਵੀ ਸ਼ਕ ਦੀ ਗੁੰਜਾਇਸ਼ ਹੋਵੇ ਉਥੇ ਵੀ ਕੋਸ਼ਿਸ ਕਰਦਾ ਹਾਂ ਕਿ ਕਿਸੇ ਕਿਸਮ ਦੀ ਕੋਈ ਹਕਤਲਫੀ ਨਾ ਹੋਵੇ । ਪਰ ਇਸ ਕੇਸ ਵਿਚ ਮੇਰੇ ਹੱਥ ਬਝੇ ਹੋਏ ਹਨ ਅਤੇ Executive ਦੇ ਫੈਸਲੇ ਵਿਚ Chair interfere ਨਹੀਂ ਕਰ ਸਕਦੀ । ਮੈਂ ਆਪ ਵੀ ਇਸ ਤਰ੍ਹਾਂ ਦੀਆਂ ਮਿਸਾਲਾਂ ਹਿੰਦੁਸਤਾਨ ਅਤੇ ਬਾਹਰਲੀਆਂ ਸਭਾਵਾਂ ਵਿਚ ਲਭਣ ਦੀ ਕੋਸ਼ਿਸ਼ ਕੀਤੀ ਹੈ ਪਰ ਮੈਨੂੰ ਕੋਈ ਅਜਿਹੀ ਮਿਸਾਲ ਨਹੀ ਮਿਲ ਸਕੀ । ਜਿਥੋਂ ਤਕ ਚੌਧਰੀ ਕ੍ਰਿਸ਼ਨ ਗੁਪਾਲ ਦੱਤ ਦਾ ਸਬੰਧ ਹੈ ਉਨ੍ਹਾਂ ਨੂੰ ਹਸਪਤਾਲ

*"I hereby move a privilege motion to discuss the question of not making arrangements up to this day for taking oath of Sardar Hazara Singh Gill, M.L.A., Patti, District Amritsar. There is history of Punjab Vidhan Sabha that such arrangements were made for Ch. Krishan Gopal Dutt, M.L.A., while he was in Hospital."

ਵਿਚ ਨਹੀਂ ਉਨ੍ਹਾਂ ਦੇ ਘਰ ਵਿਚ ਜਾ ਕੇ oath ਦਿਲਾਈ ਗਈ ਸੀ। ਘਰ ਅਤੇ ਜੇਲ੍ਹ ਵਿਚ ਫਰਕ ਹੁੰਦਾ ਹੈ ਅਤੇ ਕਿਸੇ ਵੀ ਹਾਊਸ ਦੀ Chair ਦੀ dignity ਇਸ ਗਲ ਦੀ ਇਜਾਜ਼ਤ ਨਹੀਂ ਦਿੰਦੀ ਕਿ ਉਹ ਕਿਤਾਬ ਚੁਕ ਕੇ ਜੇਲ੍ਹ ਵਿਚ ਕਿਸੇ ਨੂੰ oath ਦਿਲਾਣ ਲਈ ਜਾਵੇ। ਇਸ ਵਿਚ ਇਹ ਬਿਲਕੁਲ ਖਿਆਲ ਨਹੀਂ ਕਰਨਾ ਚਾਹੀਦਾ ਕਿ ਹਾਊਸ ਦੇ ਕਿਸੇ ਮੈਂਬਰ ਦੇ right ਤੇ ਛਾਪਾ ਮਾਰਿਆ ਜਾ ਰਿਹਾ ਹੈ। Besides, the Member has been under custody under the process of the ordinary Criminal Law. ਇਸ ਲਈ, ਮੈਂ ਇਸ question of privilege ਨੂੰ raise ਕਰਨ ਦੀ ਇਜਾਜ਼ਤ ਨਹੀਂ ਦਿੰਦਾ।

(I am also anxious to see that the hon. Members of this House are not deprived of their privileges and rights. And even in cases where there is any scope of doubt I try to see that the privileges of the hon. Members are not encroched upon. But, in this case, I find myself helpless. The Chair cannot intefere in executive matters. I, too, have tried to trace any such precedents anywhere in the legislatures of this country or even outside but I have not been able to find out any such instance. In the case of Chaudhri Krishan Gopal Dutt the oath was administered to him at his residence and not in the Hospital. There is a difference in Jail and a residence. The dignity of the Chair does not permit that the Presiding Officer should go to administer the oath to any body in a Jail. It does not mean that the right of the hon. Member is being encroached upon. (Besides the Member has been under custody under the process of the ordinary Criminal Law.) I, therefore, do not give consent to this question being raised).

ਕਾਮਰੇਡ ਮੱਖਣ ਸਿੰਘ ਤਰਸਿੱਕਾ : ਜਨਾਬ, ਮੇਰੀ ਬੇਨਤੀ ਇਹ ਹੈ ਕਿ ਇਸ ਮਾਮਲੇ ਨੂੰ Privileges Committee ਨੂੰ ਭੇਜ ਦਿਤਾ ਜਾਵੇ।

Mr. Speaker : No discussion please

PAPERS LAID ON THE TABLE

Deputy Minister (Shri Yeshwant Rai): Sir, I beg to lay on the Table, the Annual Report on the working of the Punjab Public Service Commission for the period from the 1st April, 1960 to 31st March, 1961, as presented to the Governor under Article 323 (2) of the Constitution, together with the Memorandum explaining the reasons for the non-acceptance of the advice of the Commission.

Mr. Speaker: I may point out that this Report was presented in the other House earlier than today. I object to this, because it was this House which sanctioned money for the Commission. I would suggest that a convention should be developed whereby such Reports as the present one and similar other Reports should be laid on the Table of the Vidhan Sabha prior to their being placed on the Table of the Legislative Council. I do not, however, mean any disrespect to the Upper House.

Deputy Minister (Professor Yashwant Rai) Sir, I beg to lay on the Table a copy of Notification No. 11786-3GS-61/35597, dated the 9th October, 1961, issued under Article 318 read with Article 315 of the Constitution of India.

Bills (Leave to Introduce)

THE PUNJAB PROFESSIONS, TRADES, CALLINGS AND EMPLOYMENTS TAXATION (AMENDMENT) BILL, 1962

Chief Minister (Sardar Partap Singh Kairon): Sir, I beg to move for leave to introduce the Punjab Professions, Trades, Callings and Employments Taxation (Amendment) Bill.

Mr. Speaker: Motion moved—

> That leave be granted to introduce the Punjab Professions, Trades, Callings and Employments Taxation (Amendment) Bill.

Mr. Speaker: Question is—

> That leave be granted to introduce the Punjab Professions, Trades, Callings and Employments Taxation (Amendment) Bill.

The leave was granted.

Chief Minister: Sir, I beg to introduce the Punjab Professions, Trades, Callings and Employments Taxation (Amendment) Bill.

THE PUNJAB AGRICULTURAL PRODUCE MARKETS (AMENDMENT) BILL, 1962

Chief Minister (Sardar Partap Singh Kairon) Sir, I beg to move for leave to introduce the Punjab Agricultural Produce Markets (Amendment) Bill.

Mr. Speaker Motion moved—

> That leave be granted to introduce the Punjab Agricultural Produce Markets (Amendment) Bill.

Mr. Speaker: Question is—

> The leave be granted to introduce the Punjab Agricultural Produce Markets (Amendment) Bill.

The leave was granted

Chief Minister: Sir, I beg to introduce the Punjab Agricultural Produce Markets (Amendment) Bill.

Minister for Agriculture and Forests (Sardar Gurbanta Singh): Sir, I beg to move—

> That the Punjab Agricultural Produce Markets (Amendment) Bill be referred to the Regional Committees with a direction to make a report by the 20th April, 1962.

Mr. Speaker: Motion moved—

> That the Punjab Agricultural Produce Markets (Amendment) Bill be referred to the Regional Committees with a direction to make a report by the 20th April, 1962.

Mr. Speaker: Question is—

> That the Punjab Agricultural Produce Markets (Amendment) Bill be referred to the Regional Committees with a direction to make a report by the 20th April, 1962.

The motion was carried.

THE EAST PUNJAB HOLDINGS (CONSOLIDATION AND PREVENTION OF FRAGMENTATION) AMENDMENT BILL, 1962

Minister for Revenue (Sardar Ajmer Singh): Sir, I beg to move for leave to introduce the East Punjab Holdings (Consolidation and Prevention of Fragmentation) Amendment Bill.

Mr. Speaker: Motion moved—

That leave be granted to introduce the East Punjab Holdings (Consolidation and Prevention of Fragmentation) Amendment Bill.

Mr. Speaker: Question is—

That leave be granted to introduce the East Punjab Holdings (Consolidation and Prevention of Fragmentation) Amendment Bill.

The leave was granted.

Minister for Revenue: Sir, I beg to introduce the East Punjab Holdings (Consolidation and Prevention of Fragmentation) Amendment Bill.

DISCUSSION ON GOVERNOR'S ADDRESS

RESUMPTION

पंडित मोहन लाल दत्त (अम्ब) : अध्यक्ष महोदय, मैं उस रोज़ राज्यपाल महोदय के अभिभाषण पर अपने विचार प्रकट कर रहा था । अब कुछ अहम बातें हैं जो उन के अभिभाषण में दर्ज नहीं हैं या जिन का उन्हों ने ज़िक्र नहीं किया । आप के द्वारा मैं सदन का ध्यान उन बातों की तरफ़ दिलाना चाहता हूं । राज्यपाल महोदय ने कानून और अमन के सम्बन्ध में यह फरमाया कि सरकार को इस प्रान्त में अमन कायम रखने के लिये बहुत सोचना पड़ा, बड़ी कठिनाइयों का सामना करना पड़ा और बहुत मुश्किल से यहां पर अमन कायम किया गया । मैं इस सम्बन्ध में यह निवेदन करना चाहता हूं कि यहां जो आंदोलन हुए या झगड़े हुए उन को दबाने या suppress करने में बहुत अधिक बल का प्रयोग किया गया । ऐसे मसले महज़ लाठी या गोली चलाने से या जेल भेजने से हल नहीं होते । मैं तो यह अनुभव करता हूं कि राष्टपिता का संदेश तो हम ने बिलकुल तर्क ही कर दिया । वे तरीके कि हम अपने मसलों का हल प्यार से करें राज्य सरकार ने बिलकुल नज़र अंदाज़ कर दिये और महज़ लाठी, गोली और जेल पर ही depend किया । मैं कहता हूं कि हमें इन मसलों को प्रेम से हल करना चाहिये, approach of love अख्तियार करनी चाहिये । उन कारणों को दूर करना चाहिये जिन की वजह से ऐसे आंदोलन और झगड़े पैदा होते हैं लेकिन इस तरफ कोई तवज्जुह नहीं दी गई । सिर्फ लाठी पर ही ज़ोर दिया गया । यह उचित नहीं था ।

पंडित मोहनलाल दत्त

स्पीकर महोदय, अब मैं इस प्रान्त की भौतिक उन्नति की ओर भी सदन का ध्यान दिलाना चाहता हूं। इस में कोई संदेह नहीं है कि कुछ पैदावार बढ़ी है और कुछ सनअत भी बढ़ी है। लेकिन जितना रुपया इन कामों पर खर्च किया गया उस के अनुसार जो परिणाम निकला है वह तसल्लीबख्श नहीं है। इन कामों पर बहुत सारा रुपया बरबाद हुआ या सही ढंग से खर्च नहीं किया गया। यही देखना काफी नहीं होता कि कितना रुपया खर्च होता है। यह भी देखना जरूरी होता है कि वह रुपया सही तरीके से खर्च किया जाए। अनाज की पैदावार के सम्बन्ध में हालत यह है कि पैदावार तो बढ़ी हुई दिखाई जाती है लेकिन अन्न की मुश्किल वैसी ही बनी हुई है, मंहगाई उसी तरह से बनी हुई है। अन्न की पैदावार को बढ़ाने का काम और land reforms का काम interr-elated है। इन का आपस में घनिष्ठ सम्बन्ध है। मैं निवेदन करना चाहता हूं कि land reforms के सिलसिले में, जरई इसलाहात के सम्बन्ध में सरकार ने बहुत कोताही दिखाई है। सही कदम इस ओर नहीं उठाए गए। भूमि का मसला आज तक सही तौर पर हल नहीं हुआ। Land to the tiller का जो असूल था कि ज़मीन जोतने वालों को दी जाएगी, वह असूल आज तक शरमिंदाए ताबीर नहीं हुआ। इस असूल पर बिल्कुल अमल नहीं किया गया। कानून ज़रूर बनाए गए हैं परन्तु उन पर अमल नहीं किया गया। बेदखल मुज़ारों का तो कहना ही क्या है, जो मुज़ारे काबिज़ थे जिन को मालिक बनाना था, कुछ compensation देकर जिन के हवाले ज़मीन करनी थी, वे भी अभी तक मालिक नहीं बन सके। इस सम्बन्ध में सरकारी पार्टी के एक सदस्य ने रेज़ोल्यूशन भी पेश किया है। इस सम्बन्ध में ऐक्ट भी बनाया गया कि सब लैंड को utilize किया जाए, लेकिन वह ऐक्ट एक dead letter बन कर रह गया। उस पर कोई अमल नहीं किया गया और मैं नहीं देखता कि कुछ ज़मीन भी लेकर काश्त की गई हो— — — — —(विघ्न) मैं अपनी सब-डिवीज़न की बात करता हूं। वह इतनी बड़ी सब-डिवीज़न है कि उस में चार लाख एकड़ ज़मीन है। क्या मिनिस्टर साहिब बताएंगे कि कितनी ज़मीन Land Utilization Act. के मातहत बरआमद की गई है और मुज़ारों को दी गई है? या उन को दी गई है जो कि खुद काश्त करना चाहते हैं? इस तरफ बहुत कोताही की गई है। फिर यह कहा गया कि Security of Land Tenures Act. के मातहत हम surplus land छोटे मालिकान के मुज़ारों को देंगे यह भी सब्ज़ बाग दिखाने वाली बात है। यह कहते हैं कि साढ़े तीन लाख एकड़ ज़मीन surplus बरआमद की गई है। लेकिन मैं अर्ज़ करना चाहता हूं कि यह ज़मीन ऐसी होगी जो कि बिल्कुल काबले काश्त नहीं होगी। इसी प्रकार सरकार ने जब यह कानून बनाया कि जिन के पास तीस Standard Acres से ज्यादा ज़मीन है उन से ले ली जाएगी तो उस वक्त ज़मीन की transfer पर कोई प्रतिबंध नहीं लगाया, सरकार ने ज़मीन के इन्तकाल पर कोई पाबंदी नहीं लगाई। पांच साल के बाद होश आई कि कुछ न कुछ रोक तो लगानी चाहिये कि ज़मीन को ट्रांसफर न करो। लोगों ने उस वक्त तक तमाम ज़मीन फ़रोख्त कर दी। जो ज़मीन रह गई वह बिल्कुल नाकस रह गई जिस को लेना कोई भी स्वीकार नहीं कर सकता।

वह निहायत ही नाकस और रेतीली ज़मीन है, उस से मुज़ारों को कोई लाभ नहीं पहुंच सका । सरकार की तरफ से आंकड़े पेश किये गए कि चार लाख के करीब ejected tenants हैं और साढ़े तीन लाख एकड़ भूमि है जिस को surplus area करार दिया गया है ।

Chief Minister : Where from did the hon. Member get this figure of four lakh ejected tenants ?

3.00 P M

पंडित मोहन लाल दत्त : मेरा ख्याल है कि ये figures एक सवाल के जवाब में इसी House के अन्दर बनाई गई थीं ।

Mr. Speaker : The hon. Member should try to be definite about what he says on the floor of the House.

पंडित मोहन लाल दत्त : फिर भी मैं निवेदन करूंगा कि जो बेदखल शुदा मुज़ारे हैं या जो आगे को बेदखल होंगे उनका आप ख्याल रखें । मौजूदा जो surplus area है यह नाकाफी है और इससे मुज़ारों का मसला हल नहीं होगा ।

इसके अलावा भौतिक उन्नति की ओर भी जो प्रयत्न किए जा रहे हैं उनमें भी, मैं समझता हूं कि सिर्फ आंकड़े बढ़ाने की ही दौड़ चल रही है । यह कोई वास्तविक तरक्की या सही प्रगति नहीं । मसलन धड़ाधड़ स्कूल खोले जा रहे हैं और वह यह दिखाने के लिए कि पंजाब में सरकार की तरफ से शिक्षा का बड़ा फैलाव किया जा रहा है लेकिन, स्पीकर साहिब, असलियत यह है कि वहां स्कूलों में teachers ही नहीं हैं। जहां हैं भी वहां एक एक teacher पांच पांच, छः छः श्रेणियों को control करता है । इसे मैं कोई सही शिक्षा नहीं समझता । मैं तो यह कहूंगा कि आपने शिक्षा का भट्ठा बैठा दिया है । सही शिक्षा तो यही है कि जहां पर स्कूल हो वहां स्कूल में teachers का पूरा इन्तज़ाम हो, building हो, सामान पूरा हो । सिर्फ कागज़ात पर गिनती करने से शिक्षा का सही प्रचार नहीं हो पाएगा । मैं दावे से कह सकता हूं कि अगर आप enquiry कराएं तो पता चलेगा कि स्कूलों में teachers की तादाद पूरी नहीं है । शिक्षा का मसला एक निहायत अहम मसला है । मैं निवेदन करूँगा कि इसे political मसला न बनाया जाए । इसे आप सही lines पर, सही बुनियादों पर, सही तरीके से चलाएं । मैं मानता हूं कि काफी अच्छे कदम भी इस सम्बन्ध में सरकार ने उठाए हैं मगर मैं सुझाव दूंगा कि quantity पर ही ज़ोर न दिया जाए, quantity के साथ quality पर ज़ोर दें । स्कूलों में teachers की तादाद पूरी हो और दूसरा सामान भी ज़रूरत के मुताबिक मिल सके । आप स्कूलों में जाकर देखें वहां पर बच्चों के बैठने का कोई प्रबन्ध नहीं । जब बैठाने के लिए खातिर खाह इन्ज़ाम नहीं तो आप बच्चों से सफाई रखने

पंडित मोहन लाल दत्त

की कैसे आशा कर सकते हैं ? मैं पूछता हूं कि क्या शिक्षा के मैदान में आप का यह सही प्रबन्ध है? यही हालत हस्पतालों की है। वहां पर दवाइयों का पूरा इन्तज़ाम नहीं अगर आप वहां जाएं तो आप को सिर्फ acqua pura ही मिलेगा।

सरदार गुरनाम सिंह : वह भी मिल जाए तो अच्छा है।

पंडित मोहन लाल दत्त: Rural areas में dispensaries हैं तो डाक्टर नहीं। यह तो बड़ी अच्छी बात है कि अब सरकार ने उन्हें rural areas में जाने के लिए incentive दिया है लेकिन मैं कहूंगा कि health के बारे में भी सरकार की approach ग़लत है। आप अन्दाज़ा लगाएं कि बीमारियां ज्यादा क्यों बढ़ रहीं हैं। इसका क्या कारण है? कारण यह है कि आप बुनियाद की तरफ़ नहीं देखते, जड़ को नहीं पकड़ते। आप को देखना चाहिए कि सेहत को कैसे ठीक रखा जा सकता है। उसके लिए nutrition चाहिए, खालिस दूध चाहिए, स्वच्छ सब्जियां चाहिएं और स्वच्छ खुराक चाहिए। सेहत के इन असूलों की तरफ और गांवों के अन्दर उन का ज्ञान कराने की तरफ सरकार ने कोई ध्यान नहीं दिया। जो health centres खोले गए हैं वहां पर जो doctors और nurses लगाई हैं वह उन लोगों को सेहत के बारे में कोई शिक्षा नहीं देतीं और न ही हमारे मन्त्री जी वहां उन को किसी प्रकार की शिक्षा देते हैं।

मुख्य मन्त्री : यह तो आप की भी duty है।

पंडित मोहन लाल दत्त : वह तो ठीक है लेकिन क्या आप यहां पर तन्खाहें लेने और इतनी बड़ी मिनस्टिरी बनाने के लिए ही बैठे हो ? आप लोग गांव के दौरे नहीं करते। क्यों ? इसलिए कि वहां पर slums हैं, वहां पर कूड़ा करकट है। लेकिन मैं तो यह बताने जा रहा हूं कि इसी कूड़ाकरकट और slums के कारण वहां लोगों की सेहत खराब हो जाती है, बीमारियां बढ़ती हैं। गांव की सफाई अच्छी हो, वहां पर शुद्धता हो स्वच्छता हो तो गांव वाले लोगों की सेहत भी अच्छी रहे मेरा यह अनुभव है कि इस दिशा में भी सरकार की तरफ से अब तक कोताही रही है। (घंटी)

Mr. Speaker : Please wind up now.

पंडित मोहन लाल दत्त : जनाब, अभी तो मैं बहुत थोड़ा ही कह पाया हूं। बहर हाल मैं जल्दी खत्म कर दूंगा। सरकार की तरफ से एलान किया जाता है कि backward और hilly areas की तरक्की के लिए बहुत से कदम उठाए जा रहे हैं। इस सम्बन्ध में मैं कुछ बातें कहना चाहता हूं। मेरी तहसील ऊना का इलाका भी backward area में आता है। वहां पर सब से ज्यादा जरूरत तो इस बात की थी कि वहां की जमीन को improve करने के लिए पानी का प्रबन्ध किया जाता। अगर वहां नहर नहीं जा सकती थी तो tube wells का ही

इन्तजाम किया जाता । लेकिन बड़े अफसोस की बात है कि जहां दूसरे इलाकों में नहरी पानी का भी प्रबन्ध किया, tube wells भी लगाए गए ऊना के इलाके को बिल्कुल नजर अन्दाज किया जाता रहा है । अगर G.M.F. या दूसरी schemes के तहत कोई tube wells लगाने के experiments ही कर लिए जाते तो लोगों को सन्तोष हो जाता । लेकिन इस तरफ बिल्कुल ध्यान नहीं दिया गया । बदकिस्मती से हम कांग्रेस के शरद्धालु नहीं हैं या इन राजाओं की झोली चुकी नहीं करते शायद इसी लिए वहां पर इस सम्बन्ध में कोई इन्तज़ाम नहीं किया गया ।

इसके अलावा उस इलाके में industries की बाबत कोई भी स्कीम चालू नहीं की गई । मैंने एक सवाल में गवर्नमेंट से जब पूछा कि क्या अम्ब के इलाका में तीसरी पंचसाला योजना के अन्दर कोई industrial estate कायम की जाएगी तो जवाब गोलमोल सा दिया गया । कोई definite जवाब नहीं दिया ।

इसके अलावा मुख्य मन्त्री जी जानते हैं कि वहां हर गांव में कितनी गुरबत है । उसे दूर करने के लिए आप वहां के जंगलात की ही तरक्की करते । अच्छी घास उगाते, अच्छे २ दरखत पैदा करते । इस सम्बन्ध में वहां enclosures ज़रूर लगाए गए हैं लोगों को तंग करने के लिये मगर वहां तरक्की के लिए रत्ती भर भी प्रयत्न नहीं किया गया । वैसे बड़े २ एलान किए जाते हैं कि हम backward और hilly areas के लिये यह करेंगे और वह करेंगे । इसलिए मैं कहना चाहता हूं कि अगर गवर्नमेंट वाकई उन इलाकों की और आम लोगों की मदद करना चाहती हैं तो जिन बुनियादी बातों का मैंने ज़िक्र किया है, जो प्राथमिक चीज़ें हैं उन की तरफ ध्यान दें ।

चोओं ने हमारे इलाके को बहुत बरबाद कर रखा है । वैसे तो कागज़ात पर बड़ी २ schemes मंज़ूर की जाती हैं लेकिन अभी तक वहां की एक भी चो का इन्तज़ाम नहीं किया गया । अगर इन्होंने एक चो को भी रोका हो तो कहूं कि सरकार कुछ करती है । वहां बहुत ज्यादा बरबादी होती है । अगर कोई तसल्ली बख्श काम हुआ हो तो मैं आप को दाद दूं मगर ऐसा काम वहां नहीं हुआ ।

अब मैं ज़रा हस्पतालों का ज़िक्र कर दूं । ऊना सब डिविज़न में इस बात की बड़ी जद्दोजहद की गई कि वहां का हस्पताल provincialise किया जाए । मेरे एक सवाल के जवाब में बताया गया कि तीसरी प्लैन के समय में कोई हस्पताल provincialise नहीं किया जायगा, हम ने वह स्कीम ही छोड़ दी है लेकिन जब मैंने उत्तर देखा तो पता चला कि तरन तारन का हस्पताल provincialise किया गया है । उस बेचारे पिछड़े हुए पहाड़ी इलाके का तो

] पंडित मोहन लाल दत्त]

हस्पताल नहीं लिया गया मगर तरनतारन म्यूनिसिपल कमेटी के हस्पताल को ले लिया गया । शायद मुख्य मन्त्री जी को उस इलाके से ज्यादा प्यार है । (घंटी) ।

श्री अध्यक्ष : अब आप वाइंड अप करें । (The hon. Member may now wind up).

पंडित मोहन लाल दत्त : दो मिनट और लूंगा ।

जनाब, मैं ने गवनर्र साहिब के ऐड्रेस में तरमीम भी दी थी कि यहां पर democracy बिल्कुल खत्म हो रही है, यहां पर एक पार्टी की imperialism है बल्कि एक आदमी का रूल चल रहा है । (Cheers from opposition) यहां democracy नहीं है । इतने शब्द कह कर मैं अपने स्थान पर बैठता हूं ।

श्री बाबू दयाल शर्मा : On a point of order, Sir. क्या amendments के order के मुताबिक members को वक्त मिलेगा या जिस तरह स्पीकर साहिब देंगे ?

श्री अध्यक्ष : सब को वक्त मिलेगा । (Every body will get time.)

ਕਾਮਰੇਡ ਗੁਰਬਖਸ਼ ਸਿੰਘ ਧਾਲੀਵਾਲ (ਨਿਹਾਲ ਸਿੰਘ ਵਾਲਾ) : ਸਪੀਰਕ ਸਾਹਿਬ ਮੈਂ ਗਵਰਨਰ ਸਾਹਿਬ ਦੇ ਇਸ motion of thanks ਵਿਚ ਸ਼ਾਮਲ ਨਹੀਂ ਹੋ ਸਕਦਾ ਕਿਉਂਕਿ ਉਨ੍ਹਾਂ ਨੇ ਆਪਣੇ ਭਾਸ਼ਨ ਵਿਚ ਪੰਜਾਬ ਵਿਚ ਫੈਲੀ ਹੋਈ ਤੇ ਫੈਲ ਰਹੀ ਬਹੁਤ ਵਡੀ ਬੀਮਾਰੀ ਦਾ ਕੋਈ ਖਾਸ ਜ਼ਿਕਰ ਨਹੀਂ ਕੀਤਾ ਹੈ । ਮੇਰਾ ਮਤਲਬ ਸੇਮ ਦੀ ਬੀਮਾਰੀ ਤੋਂ ਹੈ ਜਿਹੜੀ ਕਿ ਪੰਜਾਬ ਨੂੰ ਦਿਨੋ ਦਿਨ ਬਰਬਾਦ ਕਰਦੀ ਜਾ ਰਹੀ ਹੈ । ਮੈਨੂੰ ਅਫਸੋਸ ਹੈ ਕਿ ਗਵਰਨਰ ਸਾਹਿਬ ਨੇ ਇਸ ਮਸਲੇ ਨੂੰ ਦੋ ਤਿੰਨ ਲਾਈਨਾਂ ਵਿਚ ਹੀ ਟਰਕਾ ਦਿਤਾ ਹੈ ਅਤੇ ਇਸਨੂੰ ਰੋਕਣ ਲਈ ਸੰਜੀਦਗੀ ਨਾਲ ਕੁਝ ਨਹੀਂ ਕਿਹਾ ਹੈ ਹਾਲਾਂਕਿ ਇਹ ਸਵਾਲ ਪੰਜਾਬ ਲਈ ਜ਼ਿੰਦਗੀ ਅਤੇ ਮੌਤ ਦਾ ਸਵਾਲ ਬਣਿਆ ਹੋਇਆ ਹੈ । ਸਾਡਾ ਪੰਜਾਬ ਜਿਹੜਾ ਕੁਝ ਵਰ੍ਹੇ ਪਹਿਲੋਂ ਫਸਲਾਂ ਨਾਲ ਲਹਿਲਹਾਂਦਾ ਸੂਬਾ ਸੀ, ਸਾਰੇ ਦੇਸ਼ ਨੂੰ ਅਨਾਜ ਸਪਲਾਈ ਕਰਦਾ ਸੀ, ਦੇਸ਼ ਦੇ ਸਾਰੇ ਸੂਬਿਆਂ ਨੂੰ ਅਨਾਜ ਭੇਜਦਾ ਸੀ ਉਸਦੀ ਹਾਲਤ ਪਿਛਲੇ 5, 7 ਸਾਲਾਂ ਵਿਚ ਸੇਮ ਨੇ ਬਹੁਤ ਖਰਾਬ ਕਰ ਦਿਤੀ ਹੈ ਅਤੇ ਪੈਦਾਵਾਰ ਲਗਾਤਾਰ ਘਟਦੀ ਜਾ ਰਹੀ ਹੈ । ਹਰ ਜ਼ਿਲੇ ਵਿਚ ਅਤੇ ਹਰ ਤਹਿਸੀਲ ਵਿਚ ਸੇਮ ਵਧ ਰਹੀ ਹੈ । ਪੰਜ ਸੱਤ ਸਾਲ ਪਹਿਲੋਂ ਇਹ ਦਸਿਆ ਜਾਂਦਾ ਸੀ ਕਿ ਇਥੇ 10 ਹਜ਼ਾਰ ਏਕੜ ਰਕਬਾ ਸੇਮ ਦੇ ਥੱਲੇ ਹੈ ਪਰ ਹੁਣ ਸਰਕਾਰੀ ਤੇ ਗੈਰਸਰਕਾਰੀ ਅੰਕੜਿਆਂ ਤੋਂ ਪਤਾ ਲਗਦਾ ਹੈ ਕਿ 30 ਲਖ ਏਕੜ ਜ਼ਮੀਨ ਸੇਮ ਦੇ ਥੱਲੇ ਆ ਚੁਕੀ ਹੈ ਅਤੇ ਕੋਈ 90 ਲਖ ਏਕੜ ਜ਼ਮੀਨ ਘਟ ਜਾਂ ਵਧ ਰੂਪ ਵਿਚ ਇਸ ਦੀ ਲਪੇਟ ਵਿਚ ਆ ਗਈ ਹੈ ਜਾਂ ਆ ਰਹੀ ਹੈ । ਇਹ ਐਸੀ ਬੀਮਾਰੀ ਹੈ ਜਿਸ ਵਲ ਸਭ ਤੋਂ ਪਹਿਲਾਂ ਧਿਆਨ ਦੇਣ ਦੀ ਜ਼ਰੂਰਤ ਹੈ ਪਰ ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿਚ ਇਸਦਾ ਕੋਈ ਖਾਸ ਜ਼ਿਕਰ ਨਹੀਂ ਕੀਤਾ

ਹੈ। ਇਸ ਨਾਲ ਹਰ ਸਾਲ ਕੋਈ 34 ਜਾਂ 35 ਕਰੋੜ ਰੁਪਏ ਦੀਆਂ ਫਸਲਾਂ ਤਬਾਹ ਹੋ ਜਾਂਦੀਆਂ ਹਨ ਅਤੇ ਇਹ ਰਕਮ ਪੰਜਾਬ ਦੇ 8 ਸਾਲਾਂ ਦੇ ਮਾਲੀਏ ਦੇ ਬਰਾਬਰ ਬਣਦੀ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਇਸ ਮਸਲੇ ਨੂੰ ਬੜੇ ਕੌਮੀ ਪੈਮਾਨੇ ਤੇ ਲਿਆ ਜਾਵੇ ਪਰ ਜਿਸ ਢੰਗ ਨਾਲ ਇਸ ਨੂੰ ਹਲ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਉਸ ਨਾਲ ਤਾਂ ਇਹ ਬੀਮਾਰੀ ਘਟ ਨਹੀਂ ਰਹੀ ਸਗੋਂ ਹੋਰ ਵਧਦੀ ਜਾ ਰਹੀ ਹੈ। ਇਕ ਪਾਸੇ ਤਾਂ ਅਸੀਂ ਵੇਖਦੇ ਹਾਂ ਕਿ ਜ਼ਰਾਇਤ ਦੇ ਢੰਗਾ ਵਿਚ ਉੱਨਤੀ ਕਰਕੇ ਫਸਲਾਂ ਵਿਚ ਵਾਧਾ ਕੀਤਾ ਜਾ ਰਿਹਾ ਹੈ ਪਰ ਦੂਜੇ ਪਾਸੇ ਇਹ ਸੇਮ ਜ਼ਰਾਇਤ ਦੇ ਉਨ੍ਹਾਂ ਸਾਰੇ ਕੰਮਾਂ ਤੇ ਪਾਣੀ ਫੇਰ ਰਹੀ ਹੈ। ਨਤੀਜਾ ਇਹ ਕਿ ਜਿਤਨੀ ਤਰਕੀ ਜ਼ਰਾਇਤ ਵਿਚ ਕੀਤੀ ਜਾ ਰਹੀ ਹੈ ਉਸ ਨਾਲੋਂ ਕਿਤੇ ਵਧ ਨੁਕਸਾਨ ਇਹ ਸੇਮ ਕਰ ਰਹੀ ਹੈ। ਪੰਜਾਬ ਦੀ ਕਮਿਊਨਿਸਟ ਪਾਰਟੀ ਅਤੇ ਕਿਸਾਨ ਸਭਾ ਨੇ ਕਈ ਵਾਰ ਕਿਹਾ ਹੈ ਅਤੇ ਸਰਕਾਰ ਦਾ ਧਿਆਨ ਇਸ ਪਾਸੇ ਦਿਵਾਇਆ ਹੈ ਕਿ ਇਸ ਦੀ ਰੋਕ ਥਾਮ ਲਈ ਕੋਈ ਠੋਸ ਕਦਮ ਉਠਾਏ ਜਾਣ ਅਤੇ ਇਸ ਮਸਲੇ ਨੂੰ ਬੜੇ ਵਸੀਹ ਜੰਗੀ ਪੈਮਾਨੇ ਤੇ ਖਰਚ ਕਰਕੇ ਹਲ ਕੀਤਾ ਜਾਵੇ ਕਿਉਂਕਿ ਜਿਸ ਮਸਲੇ ਨੂੰ ਹਲ ਕਰਨ ਲਈ 50/55 ਕਰੋੜ ਰੁਪਏ ਖਰਚ ਕਰਨ ਦੀ ਲੋੜ ਹੈ ਉਸ ਤੇ ਦੋ ਢਾਈ ਕਰੋੜ ਰੁਪਿਆ ਖਰਚ ਕਰਕੇ ਕਾਬੂ ਨਹੀਂ ਪਾਇਆ ਜਾ ਸਕਦਾ। ਇਸ ਤਰ੍ਹਾਂ ਜੋ ਰਕਮ ਖਰਚ ਕੀਤੀ ਵੀ ਜਾਂਦੀ ਹੈ ਉਸਦੇ ਚੰਗੇ ਸਿਟੇ ਨਹੀਂ ਨਿਕਲਦੇ ਹਨ। ਇਸ ਲਈ ਤਾਂ ਬੜੇ ਵਸੀਹ ਪੈਮਾਨੇ ਤੇ ਉਪਰਾਲਾ ਕਰਨਾ ਚਾਹੀਦਾ ਹੈ, ਨਹੀਂ ਤਾਂ ਇਹ ਜਿਹੜੀਆ ਛੋਟੀਆਂ ਛੋਟੀਆ ਰਕਮਾਂ ਖਰਚ ਕੀਤੀਆਂ ਜਾਂਦੀਆਂ ਹਨ, ਉਨ੍ਹਾਂ ਦਾ ਕੋਈ ਫਾਇਦਾ ਨਹੀਂ ਹੋਵੇਗਾ। ਇਹ ਜਿਹੜਾ ਰੁਪਿਆ ਖਰਚ ਵੀ ਕੀਤਾ ਜਾਂਦਾ ਹੈ, ਉਸ ਨਾਲ ਜੋ ਸੇਮ ਨਾਲੀਆਂ ਪੁਟੀਆਂ ਜਾਂਦੀਆਂ ਹਨ, ਉਹ ਵੀ ਬੜੀ ਬੇਤਰਤੀਬੀ ਨਾਲ ਪੁਟੀਆਂ ਜਾਂਦੀਆਂ ਹਨ, ਜਿਨ੍ਹਾਂ ਕਰਕੇ ਜਿਨ੍ਹਾਂ ਫਸਲਾਂ ਨੂੰ ਆਮ ਹਾਲਾਤ ਵਿਚ ਨੁਕਸਾਨ ਨਹੀਂ ਪਹੁੰਚਦਾ ਇਨ੍ਹਾਂ ਗਲਤ ਨਾਲੀਆਂ ਕਰਕੇ ਉਹ ਤਬਾਹ ਹੋ ਜਾਂਦੀਆਂ ਹਨ। ਇਕ ਜਗ੍ਹਾ ਨਾਲੀ ਪੁਟੀ ਜਾਂਦੀ ਹੈ, ਅਤੇ ਉਸਤੋਂ ਅਗੇ ਜਗ੍ਹਾ ਖਾਲੀ ਛੱਡ ਦਿਤੀ ਜਾਂਦੀ ਹੈ, ਅਤੇ ਉਸਤੋਂ ਅੱਗੇ ਫਿਰ ਥੋੜਾ ਜਿਹਾ ਟੋਟਾ ਪੁਣ ਦਿਤਾ ਜਾਂਦਾ ਹੈ, ਇਸ ਤਰ੍ਹਾਂ ਕਰਕੇ ਦਰਮਿਆਨੀ ਜਗ੍ਹਾ ਖਾਲੀ ਰਹਿ ਜਾਂਦੀ ਹੈ ਜਿਸਦੀ ਵਜ੍ਹਾ ਕਰਕੇ ਜਦੋਂ ਬਾਰਸ਼ਾਂ ਹੁੰਦੀਆਂ ਹਨ ਤਾਂ ਉਹ ਸੇਮ ਨਾਲੀਆਂ ਪਾਣੀ ਨਾਲ ਭਰ ਜਾਂਦੀਆਂ ਹਨ, ਅਤੇ ਪਾਣੀ ਦਾ ਨਿਕਾਸ ਨਹੀਂ ਹੁੰਦਾ। ਉਹ ਬੇਤਰਤੀਬ ਨਾਲੀਆਂ ਪਾਣੀ ਰੋਕ ਰਖਦੀਆਂ ਹਨ ਅਤੇ ਇਸਦਾ ਨਤੀਜਾ ਇਹ ਹੁੰਦਾ ਹੈ ਕਿ ਜਿਥੇ ਪਹਿਲਾਂ ਸੇਮ ਨਹੀਂ ਵੀ ਹੁੰਦੀ ਸੀ ਉਥੇ ਵੀ ਪਾਣੀ ਰੁਕਣ ਕਰਕੇ ਸੇਮ ਪਹੁੰਚ ਜਾਂਦੀ ਹੈ ਅਤੇ ਫਸਲਾਂ ਤਬਾਹ ਹੋ ਜਾਂਦੀਆਂ ਹਨ। ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਜੋ ਥੋੜੀ ਬਹੁਤ ਰਕਮ ਖਰਚ ਵੀ ਕੀਤੀ ਜਾਂਦੀ ਹੈ, ਉਹ ਠੀਕ ਢੰਗ ਨਾਲ ਖਰਚ ਨਹੀਂ ਕੀਤੀ ਜਾਂਦੀ ਅਤੇ ਜੋ drains (ਸੇਮ ਨਾਲੀਆਂ) ਬਣਾਈਆਂ ਜਾਂਦੀਆਂ ਹਨ ਉਹ ਬਹੁਤ ਗਲਤ ਢੰਗ ਨਾਲ ਅਤੇ ਬਗੈਰ ਸੋਚੇ ਸਮਝੇ ਬਣਾਈਆਂ ਜਾਂਦੀਆਂ ਹਨ ਜਿਸ ਕਰਕੇ ਬਜਾਏ ਫਾਇਦੇ ਦੇ ਹੋਰ ਨੁਕਸਾਨ ਹੋ ਰਿਹਾ ਹੈ। ਇਸ ਸਬੰਧ ਵਿਚ ਮੈਂ ਦੋ ਤਿੰਨ ਡਰੇਨਾਂ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ। ਇਕ ਡਰੇਨ ਮੇਰੇ ਹਲਕੇ ਵਿਚ ਹੈ ਜਿਸਨੂੰ ਢੌਧਰ ਡਰੇਨ ਕਹਿੰਦੇ ਹਨ। ਉਹ ਬਹੁਤ ਬੇਤਰਤੀਬੀ ਨਾਲ ਪੁਟੀ ਗਈ ਹੈ। ਪਤਾ ਨਹੀਂ X.E.N. ਨੇ ਕਿਸ ਪੈਮਾਨੇ ਨਾਲ ਤੇ ਕਿਸ ਹਿਸਾਬ ਨਾਲ ਉਸਦਾ Survey ਕੀਤਾ ਹੈ ਕਿ ਜਿਸ ਥਾਂ ਤੇ ਇਸ ਸੇਮ ਨਾਲੀ ਦਾ ਪਾਣੀ ਨਹਿਰ ਵਿਚ ਪਾਇਆ ਗਿਆ ਹੈ। ਉਸ ਪਿੰਡ ਦਾ ਨਾਮ ਰਣੀਆਂ ਹੈ ਅਤੇ ਜਿਸ ਨਹਿਰ ਵਿਚ ਇਸਦਾ ਪਾਣੀ ਪਾਇਆ ਹੈ, ਉਸਦਾ ਨਾਮ

[ਕਾਮਰੇਡ ਗੁਰਬਖਸ਼ ਸਿੰਘ ਧਾਲੀਵਾਲ]

ਵੀ ਸ਼ਾਇਦ ਰਣੀਆਂ ਹੀ ਹੈ, ਉਸ ਥਾਂ ਦਾ level ਉਚਾ ਹੈ । ਮੇਰਾ ਮਤਲਬ ਹੈ ਕਿ ਨਹਿਰ ਦਾ ਪਾਣੀ ਉਚੇ level ਤੇ ਹੈ ਤੇ ਸੇਮ ਨਾਲੀ ਨਿਚਲੇ level ਤੇ ਹੈ । ਜਦੋਂ ਨਹਿਰ ਵਿਚ ਪਾਣੀ ਛਡਿਆ ਜਾਂਦਾ ਹੈ ਤਾਂ ਨਹਿਰ ਦਾ ਪਾਣੀ ਸੇਮ ਨਾਲੀ ਦੇ ਰਾਹੀਂ ਪਿਛਲੇ ਪਿੰਡ ਵਲ ਆਉਣਾ ਸ਼ੁਰੂ ਹੋ ਜਾਂਦਾ ਹੈ । ਇਹ ਪਾਣੀ ਰਣੀਆਂ ਪਿੰਡ ਦੇ ਛਪੜ ਵਿਚ ਜਾ ਪੈਂਦਾ ਹੈ ਅਤੇ ਜਦੋਂ ਉਹ ਛਪੜ ਭਰ ਜਾਂਦਾ ਹੈ ਤਾਂ ਉਹ ਪਾਣੀ ਨੀਵੇਂ ਥਾਂ ਨੂੰ ਵਗਦਾ ਹੈ ਅਤੇ ਪਿੰਡ ਵਿਚ ਚਲਾ ਜਾਂਦਾ ਹੈ । ਬਾਰਸ਼ਾਂ ਦੇ ਦਿਨਾਂ ਵਿਚ ਵੀ ਪਿੰਡ ਦੌਧਰ ਅਤੇ ਰਣੀਆਂ ਦੇ ਛਪੜਾਂ ਦਾ ਪਾਣੀ ਬਜਾਏ ਇਸ ਡਰੇਨ ਰਾਹੀਂ ਵਗ ਕੇ ਨਹਿਰ ਵਿਚ ਪੈਣ ਦੇ ਪਿੰਡਾਂ ਵਲ ਨੂੰ ਆਉਂਦਾਂ ਹੈ ਅਤੇ ਪਿੰਡਾਂ ਦੀਆਂ ਗਲੀਆਂ ਭਰ ਜਾਂਦੀਆਂ ਹਨ । ਇਸਦੀ ਵਜ੍ਹਾ ਇਹ ਹੈ ਕਿ ਜਦੋਂ ਸੇਮ ਨਾਲੀਆਂ ਪੁਟੀਆਂ ਜਾਂਦੀਆਂ ਹਨ ਤਾਂ ਸਾਰੇ ਹਾਲਾਤ ਨੂੰ ਮੁਖ ਨਹੀਂ ਰਖਿਆ ਜਾਂਦਾ ਅਤੇ ਬਗੈਰ ਸੋਚੇ ਸਮਝੇ ਕਿ ਆਇਆ ਪਾਣੀ ਅਗੇ ਜਾਵੇਗਾ ਵੀ ਜਾਂ ਨਹੀਂ, ਸੇਮ ਨਾਲੀਆਂ ਪੁਟੀਆਂ ਜਾਂਦੀਆਂ ਹਨ । ਇਕ ਤਾਂ ਸੇਮ ਰੋਕਣ ਲਈ ਖਰਚ ਹੀ ਬਹੁਤ ਥੋੜਾ ਹੋ ਰਿਹਾ ਹੈ ਅਤੇ ਜੋ ਹੋ ਵੀ ਰਿਹਾ ਹੈ ਉਸਦੀ ਵਰਤੋਂ ਠੀਕ ਨਹੀਂ ਹੋ ਰਹੀ ਅਤੇ ਸੇਮ ਨਾਲੀਆਂ ਬੜੇ ਗਲਤ ਢੰਗ ਨਾਲ ਪੁੱਟੀਆਂ ਜਾਂਦੀਆਂ ਹਨ ਮੈਨੂੰ ਦਸਿਆ ਗਿਆ ਹੈ ਕਿ ਪਹਿਲੇ survey ਦੇ ਮੁਤਾਬਿਕ ਇਹ ਦੋਧਰ ਡਰੇਨ ਇਸ ਥਾਂ ਤੋਂ 1½ ਮੀਲ ਅੱਗੇ ਨਹਿਰ ਵਿਚ ਪਾਉਣੀ ਸੀ ਜਿਥੇ ਕਿ level ਠੀਕ ਸੀ ਅਤੇ ਨਹਿਰ ਨੀਵੇਂ ਥਾਂ ਤੇ ਚਲਦੀ ਸੀ ਪਰ ਪਤਾ ਨਹੀਂ ਬਾਅਦ ਵਿਚ ਕਿਸ ਦਬਾਉ ਹੇਠ ਉਸਨੂੰ ਮੋੜ ਕੇ ਪਿਛੇ ਲਿਆਂਦਾ ਗਿਆ । ਇਸੇ ਤਰ੍ਹਾਂ ਇਕ ਹੋਰ ਬਸੀਆਂ ਡਰੇਨ ਹੈ । ਇਹ ਡਰੇਨ ਦੋ ਤਿੰਨ ਜ਼ਿਲਿਆਂ ਵਿਚੋਂ ਲੰਘਦੀ ਹੈ । ਇਹ ਡਰੇਨ ਲੁਧਿਆਣੇ ਜ਼ਿਲੇ ਦੇ ਪਿੰਡਾਂ, ਸੰਗਰੂਰ ਜ਼ਿਲੇ ਅਤੇ ਮੇਰੇ ਜ਼ਿਲਾ ਫਿਰੋਜ਼ਪੁਰ ਦੇ ਹਲਕੇ ਨਿਹਾਲ ਸਿੰਘ ਵਾਲਾ ਵਿਚੋਂ ਲੰਘਦੀ ਹੈ । ਇਹ ਡਰੇਨ ਕਦੇ ਕਿਤੋਂ ਪੁੱਟੀ ਜਾਂਦੀ ਹੈ ਅਤੇ ਕਦੇ ਫੇਰ ਬੰਦ ਕਰ ਦਿਤੀ ਜਾਂਦੀ ਹੈ । ਮੈਂ ਪਿੰਡ ਮਾਛੀਕੇ ਦੀ ਹੀ ਮਿਸਾਲ ਦਿੰਦਾ ਹਾਂ । ਉਸ ਪਿੰਡ ਦੀ ਜੂਹ ਵਿਚ ਹਰ ਸਾਲ ਹੀ ਇਹ ਨਾਲੀ ਪੁਟੀ ਜਾਂਦੀ ਹੈ ਪਰ ਪੂਰੀ ਨਹੀਂ ਹੋਣ ਦਿਤੀ ਜਾਂਦੀ । ਜਦੋਂ ਲੋਕ ਪੁਟ ਕੇ ਹਟਦੇ ਹਨ ਤਾਂ ਕੁਝ ਜ਼ਿਮੀਂਦਾਰ ਜਿਨ੍ਹਾਂ ਦਾ ਸਰਕਾਰੇ ਦਰਬਾਰੇ ਰਸੂਖ ਹੈ ਇਸ ਨੂੰ ਬੰਦ ਕਰ ਦਿੰਦੇ ਹਨ । ਇਸ ਸਬੰਧ ਵਿਚ ਕਈ ਡੈਪੂਟੇਸ਼ਨ ਸਾਡੇ ਵਜ਼ੀਰ ਸਾਹਿਬ ਨੂੰ ਮਿਲੇ ਹਨ ਅਤੇ ਸਬੰਧਤ ਅਫਸਰਾਂ ਨੂੰ ਦਰਖਾਸਤਾਂ ਵੀ ਦਿਤੀਆਂ ਨੇ ਪਰ ਕੋਈ ਅਸਰ ਨਹੀਂ ਹੋਇਆਂ । ਉਸ ਸੇਮ ਨਾਲੀ ਦਾ ਇਹ ਹਸ਼ਰ ਹੁੰਦਾ ਹੈ ਕਿ ਜਦੋਂ ਮੀਂਹ ਦੀ ਰੁਤ ਆਉਂਦੀ ਹੈ ਤਾਂ ਉਸ ਨਾਲੀ ਨੂੰ ਇਹ ਖੁਦਗਰਜ਼ ਲੋਕੀ ਬੰਦ ਕਰ ਦਿੰਦੇ ਹਨ । ਉਸ ਪਿੰਡ ਦੀ ਬੁਰੀ ਹਾਲਤ ਹੈ । ਪਿਛਲੇ ਸਿਆਲ ਵਿਚ ਜਿਹੜੀਆਂ ਬਾਰਸ਼ਾਂ ਹੋਈਆਂ ਹਨ, ਉਨ੍ਹਾਂ ਨਾਲ ਪੰਜਾਬ ਦੇ ਕਈ ਹਿਸਿਆਂ ਵਿਚ ਫਸਲਾਂ ਨੂੰ ਬਹੁਤ ਫ਼ਾਇਦਾ ਹੋਇਆ ਹੈ । ਪਰ ਇਸ ਬਾਰਸ਼ ਨੇ ਵੀ ਉਸ ਪਿੰਡ ਦਾ ਬਹੁਤ ਨੁਕਸਾਨ ਕੀਤਾ ਹੈ । ਅਜੇ ਵੀ ਉਸ ਪਿੰਡ ਵਿਚ ਬਾਰਸ਼ ਦਾ ਪਾਣੀ ਖੜ੍ਹਾ ਹੈ । ਪਿਛਲੇ ਪਿੰਡਾਂ ਦਾ ਪਾਣੀ ਵੀ ਉਸ ਪਿੰਡ ਵਿਚ ਆ ਜਾਂਦਾ ਹੈ । ਟੱਲੇ ਵਾਲਾ, ਰਾਮ ਗੜ੍ਹ, ਸ਼ਹਿਣਾ, ਜੰਗੀਅਣਾ, ਖਾਈ, ਪਤੋ ਹੀਰਾਂ ਸਿੰਘ, ਬਧਣੀ ਕਲਾਂ ਆਦਿ ਬਹੁਤ ਸਾਰੇ ਐਸੇ ਪਿੰਡ ਹਨ ਜਿਥੇ ਕਿਤੇ ਸੇਮ ਨਾਲੀਆਂ ਪੁਟੀਆਂ ਹਨ ਤੇ ਕਿਤੇ ਨਹੀਂ ਪੁਟੀਆਂ ਅਤੇ ਇਨ੍ਹਾਂ ਪਿੰਡਾਂ ਦੀਆਂ ਹਰ ਸਾਲ ਲਖਾਂ ਰੁਪਏ ਦੀਆਂ ਫਸਲਾਂ ਤਬਾਹ ਹੋ ਜਾਂਦੀਆਂ ਹਨ । ਸਪੀਕਰ ਸਾਹਿਬ, ਮੈਂ ਤੁਹਾਡੀ ਵਿਸਾਤਤ ਨਾਲ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਐਲਕਸ਼ਨਾਂ ਵਿਚ ਵੀ ਡਰੇਨਾਂ ਦੇ ਕੰਮ ਨੂੰ ਹਾਕਮ ਧੜੇ ਵੱਲੋਂ ਚੋਣ ਪ੍ਰਚਾਰ

ਲਈ ਵਰਤਿਆ ਗਿਆ। ਮੈਂ ਬੱਸੀਆਂ ਡਰੇਨ ਦਾ ਜ਼ਿਕਰ ਕਰ ਰਿਹਾ ਸੀ। ਇਕ ਪਾਸੇ ਹਲਕਾਂ ਮਹਿਲ ਕਲਾਂ ਦੇ ਕਾਂਗਰਸੀ ਉਮੀਦਵਾਰ ਸਾਹਿਬ ਅਫਸਰਾਂ ਨੂੰ ਪਿੰਡਾਂ ਵਿਚ ਲਿਆਉਂਦੇ ਸਨ ਤੇ ਡਰੇਨ ਤੁਰਤ ਪੁਟਾਣ ਦਾ ਵਚਨ ਦੇਂਦੇ ਸਨ, ਦੂਜੇ ਪਾਸੇ ਹਲਕਾ ਫੂਲ ਦੇ ਕਾਂਗਰਸੀ ਉਮੀਦਵਾਰ ਆਪਣੇ ਵੋਟਰਾਂ ਨੂੰ ਕਾਇਮ ਰਖਣ ਲਈ ਕਹਿੰਦੇ ਸਨ ਕਿ ਤੁਹਾਡੇ ਖੇਤਾਂ ਵਿਚੋਂ ਦੀ ਡਰੇਨ ਨਹੀਂ ਲੰਘਣ ਦਿਆਗੇ। ਇਸ ਤਰ੍ਹਾਂ ਧੜੇ ਬੰਧਕ ਕਾਂਗਰਸੀਆਂ ਵਲੋਂ ਇਨ੍ਹਾਂ ਡਰੇਨਾਂ ਨੂੰ ਪੂਰਾ ਨਹੀਂ ਹੋਣ ਦਿਤਾ ਜਾਂਦਾ। ਮੈਂ ਬੇਨਤੀ ਕਰਦਾ ਹਾਂ ਕਿ ਜਦੋਂ ਨਕਸ਼ੇ ਬਣ ਜਾਣ ਤਾਂ ਫੌਰੀ ਤੌਰ ਤੇ ਨਿਸ਼ਾਨ ਦੇਹੀ ਤੋਂ ਬਾਅਦ ਡਰੇਨਾਂ ਪੁਟੀਆਂ ਜਾਣੀਆ ਚਾਹੀਦੀਆਂ ਹਨ। ਏਸੇ ਤਰ੍ਹਾਂ ਮੈਂ ਇਕ ਹੋਰ ਡਰੇਨ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ। ਇਹ ਡਰੇਨ ਸੰਗਰੂਰ ਜ਼ਿਲੇ ਦੀ ਹੈ। ਇਹ ਬੜਪੁਰ, ਪਿੰਡ ਲੋਹਾ ਖੇੜਾ, ਪਿੰਡ ਭੂਰੇ ਦੇ ਦਰਮਿਆਨ ਦੀ ਪਟੀ ਗਈ ਹੈ। ਪਿੰਡ ਢਡਰੀਆਂ ਕੋਲ ਉਹ ਪੁਟੀ ਨਹੀਂ ਗਈ। ਉਸ ਦੇ ਉਤੇ ਇਕ ਭੀਖੀ ਵਾਲੇ ਰਾਜਬਾਹੇ ਦਾ ਸਾਈਫਨ ਹੈ। ਸਾਈਫਨ ਵੀ ਬੜੀ ਛੋਟੀ ਹੈ ਅਤੇ ਉਚੀ ਹੈ। ਪਾਣੀ ਦੀ ਟਕਰ ਹੋਣ ਨਾਲ ਸੰਗਰੂਰ ਦੇ ਇਨ੍ਹਾਂ ਪਿੰਡਾਂ ਦੀ ਤਬਾਹੀ ਹੋ ਜਾਂਦੀ ਹੈ। ਧਨੌਲਾ ਹਲਕਾ ਦੇ ਨੇੜੇ ਤੇੜੇ ਦੇ ਸਾਰੇ ਪਿੰਡ ਪਾਣੀ ਦੇ ਹੇਠ ਆ ਜਾਂਦੇ ਹਨ। ਉਥੋਂ ਦੀ ਸੇਮ ਖਤਮ ਤਾਂ ਕੀ ਹੋਣੀ ਸੀ ਲਗਾਤਾਰ ਵਧਦੀ ਜਾ ਰਹੀ ਹੈ। ਫ਼ਸਲਾਂ ਤਬਾਹ ਹੁੰਦੀਆਂ ਜਾ ਰਹੀਆਂ ਹਨ। ਇਸ ਸਾਈਫਨ ਨੂੰ ਵਡਾ ਕੀਤਾ ਜਾਵੇ। ਜਿਥੋਂ ੨ ਡਰੇਨ ਨਹੀਂ ਪੁਟੀ ਗਈ ਉਸ ਨੂੰ ਫੌਰੀ ਤੌਰ ਤੇ ਪੁਟਿਆ ਜਾਵੇ। ਇਸ ਨਾਲ ਕੱਟੂ, ਭੱਠਲ, ਹਰੀ ਗੜ੍ਹ, ਦਾਨ ਗੜ੍ਹ ਧਨੌਲਾ ਆਦਿ ਅਨੇਕਾਂ ਹੋਰ ਪਿੰਡ ਸੇਮ ਦੇ ਤਬਾਹ ਕੀਤੇ ਹੋਏ ਹਨ। ਇਕ ਹੋਰ ਡਰੇਨ ਹੈ ਜੋ ਮੁਖ ਮੰਤਰੀ ਸਾਹਿਬ ਦੇ ਨਾਉਂ ਤੇ ਪੁਕਾਰੀ ਜਾਂਦੀ ਹੈ। ਉਸ ਦਾ ਨਾਉਂ ਕੈਰੋਂ ਡਰੇਨ ਹੈ। ਉਹ ਮਾਲੇਰਕੋਟਲੇ ਵਿਚ ਹੈ। ਉਸ ਦਾ ਉਦਘਾਟਨ ਮੁਖ ਮੰਤਰੀ ਸਹਿਬ ਨੇ ਕੀਤੇ। ਉਹ ਕਿਤੋਂ ਪੁਟੀ ਹੈ ਤੇ ਕਿਤੋਂ ਨਹੀਂ ਪੁਟੀ। ਉਹ ਫਾਇਦਾ ਕਰਨ ਦੀ ਬਜਾਏ ਉਲਟਾ ਨੁਕਸਾਨ ਕਰ ਰਹੀ ਹੈ। ਇਹ ਡਰੇਨਾਂ ਦਾ ਸਵਾਲ ਹੈ ਜਿਹੜਾ ਅੱਜ ਪੰਜਾਬ ਦੇ ਸਾਹਮਣੇ ਇਕ ਮਸਲਾ ਬਣਿਆ ਹੋਇਆ ਹੈ। ਇਨ੍ਹਾਂ ਨੂੰ ਝਬਦੇ ਪੁਟੇ ਜਾਣ ਲਈ ਮੈਂ ਹਾਊਸ ਦਾ ਧਿਆਨ ਦਿਲਾਉਣਾ ਚਾਹੁੰਦਾ ਹਾਂ। ਜੇ ਸੇਮ ਦੇ ਸਵਾਲ ਨੂੰ ਜੰਗੀ ਪੈਮਾਨੇ ਤੇ ਲੈ ਲਿਆ ਜਾਵੇ, ਤਾਂ ਜਿਹੜਾ ਪੰਜਾਬ ਵਿਚ ਪੰਜ ਸੱਤ ਕਰੋੜ ਰੁਪਿਆ ਫਲੱਡ ਰਿਲੀਫ਼ ਦੇ ਤੌਰ ਤੇ ਹਰ ਸਾਲ ਵੰਡਦੇ ਹਾਂ ਇਸ ਦੀ ਸਾਡੇ ਖਜ਼ਾਨੇ ਨੂੰ ਬਚਤ ਹੋ ਸਕਦੀ ਹੈ। ਇਸ ਐਡਰੈਸ ਵਿਚ ਗੰਭੀਰਤਾ ਨਾਲ ਇਸ ਸਬੰਧੀ ਕੁਝ ਨਹੀਂ ਦਸਿਆ ਗਿਆ। ਇਸ ਲਈ ਮੈਂ ਇਸ ਧੰਨਵਾਦ ਦੇ ਮਤੇ ਨਾਲ ਸ਼ਾਮਲ ਨਹੀਂ ਹੋ ਸਕਦਾ।

ਹੁਣ ਮੈਂ ਕੋਆਪਰੇਟਿਵ ਸੋਸਾਈਟੀਆਂ ਦਾ ਜ਼ਿਕਰ ਕਰਦਾ ਹਾਂ। ਕੋਆਪਰੇਟਿਵ ਲਹਿਰ ਪੰਜਾਬ ਵਿਚ ਬੜੀ ਚੰਗੀ ਚੀਜ਼ ਹੈ। ਇਸ ਦਾ ਜ਼ਿਕਰ ਗਵਰਨਰ ਦੇ ਭਾਸ਼ਨ ਦੇ ਸਫਾ 9 ਤੇ ਕੀਤਾ ਗਿਆ ਹੈ। ਇਹ ਲਹਿਰ ਪੰਜਾਬ ਵਿਚ ਬੜੀ ਉਨਤੀ ਕਰ ਰਹੀ ਹੈ। ਦੇਸ਼ ਦੇ ਦੂਜੇ ਸੂਬਿਆਂ ਨਾਲੋਂ ਇਥੇ ਵਧ ਸੋਸਾਇਟੀਆਂ ਹਨ। ਇਹ ਸੋਸਾਈਟੀਆਂ ਪੰਜਾਬ ਦੇ ਕਿਸਾਨਾਂ ਲਈ ਬੜੀਆਂ ਲਾਭਦਾਇਕ ਹੋ ਸਕਦੀਆਂ ਹਨ ਪਰ ਇਨ੍ਹਾਂ ਤੇ ਜਿਹੜੇ ਸਰਕਾਰੀ ਧੜੇ ਕਾਬਜ਼ ਹਨ, ਉਹ ਆਮ ਲੋਕਾਂ ਨੂੰ ਉਹ ਫਾਇਦੇ ਨਹੀਂ ਪਹੁੰਚਣ ਦਿੰਦੇ ਜਿਹੜੇ ਕਿ ਇਸ ਵਿਧਾਨ ਸਭਾ ਵਲੋਂ ਪਾਸ ਕਰਕੇ ਅਸੀਂ ਉਨ੍ਹਾਂ ਤਕ ਪਹੁੰਚਾਣਾ ਚਾਹੁੰਦੇ ਹਾਂ। ਇਸ ਸਬੰਧ ਵਿਚ ਉਦਾਹਰਣ ਵਜੋਂ ਮੈਂ ਦੋ ਚਾਰ ਕੋਆਪਰੇਟਿਵ ਸੋਸਾਈਟੀਆਂ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ। ਮੋਗੇ ਵਿਖੇ ਇਕ ਕੋਆਪਰੇਟਿਵ ਮਾਰਕਟਿੰਗ ਸੋਸਾਈਟੀ ਹੈ। ਅਸੀਂ ਉਸ ਸੁਸਾਇਟੀ ਲਈ ਪੈਸਾ ਇਕਠਾ ਕੀਤਾ, ਹਜ਼ਾਰਾਂ ਦੀ ਗਿਣਤੀ ਵਿਚ ਹਿਸੇ ਪਵਾਏ ਤਾਕਿ ਜਿਹੜੇ ਲੋਕੀ ਆਪਣੀ ਜਿਣਸ ਲੈ ਕੇ ਮੋਗੇ ਮੰਡੀ ਵਿਚ

[ਕਾਮਰੇਡ ਗੁਰਬਖਸ਼ ਸਿੰਘ ਧਾਲੀਵਾਲ]

ਜਾਣ ਉਹ ਦਰਮਿਆਨ ਦੇ ਵਪਾਰੀ ਲੋਕਾਂ ਦੀ ਲੁਟ ਖਸੁਟ ਤੇ ਆੜ੍ਹਤ ਤੋਂ ਬਚ ਸਕਣ । ਅੱਜ ਉਸ ਕੋਆਪਰੇਟਿਵ ਸੋਸਾਈਟੀ ਨੂੰ ਆਪਣੇ ਮੁਫਾਦ ਦੇ ਲਈ ਇਕ ਅਦਾਰਾ ਬਣਾ ਲਿਆ ਗਿਆ ਹੈ । ਮੈਨੂੰ ਅਫਸੋਸ ਹੈ ਕਿ ਅਜਿਹਾ ਅਦਾਰਾ ਲੋਕਾਂ ਦੇ ਫ਼ਾਇਦੇ ਲਈ ਵਰਤਿਆ ਜਾਣਾ ਚਾਹੀਦਾ ਹੈ । ਪਰ ਉਸ ਨੂੰ ਬੇਈਮਾਨੀ ਨਾਲ ਵਰਤਿਆ ਜਾ ਰਿਹਾ ਹੈ । ਇਕ ਧੜੇ ਨੂੰ ਪੂਰਾ ਪੂਰਾ ਫਾਇਦਾ ਪਹੁੰਚਾਇਆ ਜਾਂਦਾ ਹੈ । ਉਥੋਂ ਦੇ ਮੈਨੇਜਰ ਬੜੇ ਅੱਲ੍ਹੜ ਹਨ । ਪਤਾ ਨਹੀਂ ਉਹ ਮੈਟਰਿਕ ਪਾਸ ਹਨ ਜਾਂ ਨਹੀ । ਮੈਨੇਜਰ ਦੀ ਅਸਾਮੀ ਭਰਨ ਲਈ ਬੜੀਆਂ ਦਰਖਾਸਤਾਂ ਆਈਆਂ । ਉਸ ਇਲਾਕੇ ਦੇ ਕਈ B. Com. ਅਤੇ M. Com. ਉਮੀਦਵਾਰਾਂ ਦੀਆਂ ਦਰਖਾਸਤਾਂ ਮੈਨੇਜਰ ਦੀ ਜਗ੍ਹਾ ਲਈ ਆਈਆਂ ਪਰ ਉਨ੍ਹਾਂ ਨੂੰ interview ਲਈ ਬੁਲਾਇਆ ਤਕ ਨਹੀਂ ਗਿਆ । ਉਸ ਜਗ੍ਹਾ ਕਾਬਜ਼ ਧੜੇ ਦੇ ਆਦਮੀਆਂ ਨੇ ਆਪਣੇ ਆਦਮੀ ਨੂੰ ਰਖ ਲਿਆ ਅਤੇ ਹੁਣ ਸੋਸਾਇਟੀ ਨੂੰ ਇਕ ਲੋਟੂ ਅਦਾਰਾ ਬਣਾ ਲਿਆ ਹੈ । ਕੋਆਪਰੇਟਿਵ ਸੋਸਾਇਟੀਆਂ ਰਾਹੀਂ ਅਵਾਮ ਤਕ ਸਹੀ ਚੀਜ਼ਾਂ ਪਹੁੰਚਣੀਆਂ ਚਾਹੀਦੀਆਂ ਹਨ ਪਰ ਉਹ ਨਹੀਂ ਪੁਜ ਰਹੀਆਂ ਕਿਉਂ ਜੋ ਇਨ੍ਹਾਂ ਤੇ ਉਥੇ ਇਕ ਧੜੇ ਦੇ ਲੋਕ ਕਾਬਜ਼ ਹੋ ਗਏ ਹਨ । ਅਜਿਹੀਆਂ ਗਲਾਂ ਨੂੰ ਰੋਕਣਾ ਚਾਹੀਦਾ ਹੈ । ਸਪੀਕਰ ਸਾਹਿਬ, ਮੈਂ ਤੁਹਾਡੀ ਵਸਾਤਤ ਨਾਲ ਇਕ ਗਲ ਹੋਰ ਸਬੰਧਤ ਜ਼ਿਮੇਵਾਰਾਂ ਦੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ । ਬਾਘੇ ਪੁਰਾਣੇ ਇਕ Happy Brothers Multi-purpose Co-operative ਸੋਸਾਈਟੀ ਹੈ । ਉਹ 1957 ਵਿਚ ਰਜਿਸਟਰ ਹੋਈ ਸੀ । 5 ਸਾਲ ਹੋ ਗਏ ਹਨ ਇਸ ਸੋਸਾਇਟੀ ਦਾ ਹੱਦ ਕਰਜ਼ਾ ਮੁਕੱਰਰ ਨਹੀਂ ਕੀਤਾ ਗਿਆ । ਜਿਹੜਾ ਧੜਾ ਮੋਗੇ ਦੇ ਸੈਂਟਰਲ ਕੋਆਪਰੇਟਿਵ ਬੈਂਕ ਤੇ ਕਾਬਜ਼ ਹੈ ਉਸ ਦੀ ਵਜ੍ਹਾ ਕਰਕੇ ਇਸ ਸੋਸਾਇਟੀ ਨਾਲ ਧਕਾ ਹੋ ਰਿਹਾ ਹੈ । ਇਸ ਸੋਸਾਇਟੀ ਨੂੰ ਕਰਜ਼ਾ ਨਹੀਂ ਮਿਲ ਰਿਹਾ ਅਤੇ ਸੋਸਾਇਟੀ ਆਪਣਾ ਕੰਮ ਕਾਰ ਸ਼ੁਰੂ ਨਹੀਂ ਕਰ ਪਾਈ । ਕੋਆਪਰੇਟਿਵ ਬੈਂਕ ਬਣਾਏ ਗਏ ਹਨ, ਇਨ੍ਹਾਂ ਨੂੰ ਜਨਤਾ ਦਾ ਕੰਮ ਕਰਨਾ ਚਾਹੀਦਾ ਹੈ । ਪਰ ਇਹ ਆਪਣੇ ਧੜੇ ਦੇ ਆਦਮੀਆਂ ਨੂੰ ਹੀ ਫਾਇਦਾ ਪਹੁੰਚਾਉਂਦੇ ਹਨ । ਮੈਂ ਇਕ ਹੋਰ ਸੋਸਾਇਟੀ ਦਾ ਜ਼ਿਕਰ ਕਰਦਾ ਹਾਂ । ਇਕ ਤਪਾ ਕੋਆਪਰੇਟਿਵ ਮਾਰਕੇਟਿੰਗ ਸੋਸਾਇਟੀ ਹੈ ਜਿਹੜੀ ਨਿਹਾਲ ਸਿੰਘ ਵਾਲੇ ਵਿਚ ਬਣੀ ਹੈ । ਉਸ ਦੇ ਵਿਚ ਸੱਤ ਅਠ ਸੌ ਦਾ ਹਿਸਾ ਭੱਜ ਨਠ ਕੇ ਲੋਕਾਂ ਨੇ ਪਵਾਇਆ । ਸੋਚਿਆ ਸੀ ਨਿਹਾਲ ਸਿੰਘ ਵਾਲੇ ਮੰਡੀ ਵਿਚ ਉਹ ਅਦਾਰਾ ਕਾਇਮ ਹੋ ਜਾਣ ਨਾਲ ਜੋ ਲੁਟ ਮੰਡੀ ਵਿਚ ਪਈ ਹੋਈ ਹੈ ਉਹ ਬੰਦ ਹੋ ਜਾਵੇਗੀ । ਉਸ ਦੇ ਉਤੇ ਵੀ ਇਸ ਧੜੇ ਨੇ ਜਿਸ ਦਾ ਕੋਆਪਰੇਟਿਵ ਡੀਪਾਰਮੈਂਟ ਵਿਚ ਬੜਾ ਰਸੂਖ ਹੈ ਗੈਰ ਕਾਨੂੰਨੀ ਢੰਗ ਨਾਲ ਕਬਜ਼ਾ ਕਰ ਲਿਆ ਹੈ । ਉਨ੍ਹਾਂ ਨੇ ਆਪਣੀ ਤਾਕਤ ਨਾਲ ਜ਼ਿਆਦਾ ਹਿਸਾ ਪਾਉਣਾ ਸ਼ੁਰੂ ਕੀਤਾ । ਦੂਜੇ ਪਾਸੇ ਸੈਂਟਰਲ ਬੈਂਕ ਮੋਗਾ ਵਿਚੋਂ ਜਿਸ ਤੇ ਇਸ ਸਰਕਾਰੀ ਧੜੇ ਦਾ ਕਬਜ਼ਾ ਹੈ, 21,000 ਰੁਪਏ ਦੀ ਰਕਮ ਕਢਾ ਕੇ ਇਸ ਸੋਸਾਇਟੀ ਦੇ ਖਾਤੇ ਵਿਚ ਜਮ੍ਹਾ ਕਰਵਾ ਦਿਤੀ ਅਤੇ ਮੈਂਬਰਸ਼ਿਪ ਭਰਤੀ ਕਰ ਲਈ । ਜਦੋਂ ਸੋਸਾਇਟੀ ਦੇ ਐਲਕਸ਼ਨ ਹੋ ਗਏ ਤਾਂ ਉਸ ਬੋਗਸ ਭਰਤੀ ਦੇ ਲਿਹਾਜ਼ ਨਾਲ ਜਿਹੜੀ ਉਨ੍ਹਾਂ ਕੀਤੀ ਸੀ ਆਪਣੇ ਉਨ੍ਹਾਂ ਬੰਦਿਆਂ ਦੇ ਨਾਉਂ ਪੰਜਾਹ ਪੰਜਾਹ ਰੁਪਏ ਕਰਜ਼ਾ ਦਿਖਾ ਦਿਤਾ ਜਿਨ੍ਹਾਂ ਦੇ ਹਿਸੇ ਇਨ੍ਹਾਂ ਪਾਏ ਸਨ । 3 ਸਾਲ ਹੋ ਗਏ ਹਨ ਇਨ੍ਹਾਂ ਹਿਸਿਆ ਦਾ ਕਰਜ਼ਾ ਉਸੇ ਤਰਾਂ ਖੜ੍ਹਾ ਹੈ । ਇਹ ਹੈ ਬੋਗਸ ਭਰਤੀ ਦਾ ਇਕ ਨਮੂਨਾ ਜਿਸ ਰਾਹੀਂ ਇਹ ਸਰਕਾਰੀ ਕਾਬਜ਼ ਧੜੇ ਇਨ੍ਹਾਂ ਅਦਾਰਿਆਂ ਤੇ ਕਬਜ਼ੇ ਕਰੀ ਬੈਠੇ ਹਨ । ਇਹ ਆਮ ਲੋਕਾਂ ਨੂੰ ਫਾਇਦਾ ਨਹੀਂ ਪਹੁੰਚਣ ਦੇ ਰਹੇ । (ਘੰਟੀ) ਸਪੀਕਰ ਸਾਹਿਬ, ਮੈਂ ਸਿਰਫ ਦੋ ਮਿੰਟ ਹੋਰ ਬੋਲਾਂਗਾ । ਪਿੰਡਾਂ ਦੀ ਇਹ ਹਾਲਤ ਹੈ ਕਿ ਪਿੰਡਾਂ ਵਿਚ ਜਿਹੜੇ ਕਰਜ਼ੇ ਸਾਡੇ

ਕਿਸਾਨਾਂ ਪਾਸ ਪਹੁੰਚਦੇ ਹਨ ਉਹ ਛੋਟੇ ਵਕਫੇ ਲਈ ਹੁੰਦੇ ਹਨ । ਇਕ ਕਿਸਾਨ ਦਾ ਬਲ੍ਹਦ ਮਰ ਜਾਂਦਾ ਹੈ ਜਾਂ ਉਸ ਦੀ ਮੈਂਹ ਮਰ ਜਾਂਦੀ ਹੈ । ਉਹ ਪੰਜ ਚਾਰ ਸੌ ਰੁਪਿਆ ਕੋਆਪਰੇਟਿਵ ਸੋਸਾਇਟੀ ਤੋਂ ਕਰਜ਼ਾ ਉਠਾ ਲੈਂਦਾ ਹੈ । ਉਸ ਨੂੰ ਉਹ ਅਗਲੇ ਸਾਲ ਮੋੜਨਾ ਪੈਂਦਾ ਹੈ । ਉਸ ਨੂੰ ਸਾਰੇ ਅਖਰਾਜਾਤ ਕੱਢ ਕੇ ਕੁਝ ਨਹੀਂ ਬਚਦਾ । ਉਨ੍ਹਾਂ ਨੂੰ ਲੰਮੇ ਸਮੇਂ ਲਈ ਕਰਜ਼ਾ ਨਹੀਂ ਮਿਲਦਾ । ਉਨ੍ਹਾਂ ਨੂੰ ਫੇਰ ਮਜਬੂਰਨ ਸਾਹੂਕਾਰ ਅਗੇ ਝੋਲੀ ਅਡਣੀ ਪੈਂਦੀ ਹੈ । ਉਹ ਸਾਹੂਕਾਰ ਥੋੜੇ ਵਕਫੇ ਲਈ ਰੁਪਿਆ ਦੇ ਕੇ ਉਤਨਾ ਹੀ ਸੂਦ ਲੈ ਲੈਂਦੇ ਹਨ ਜਿਤਨਾਂ ਉਨ੍ਹਾਂ ਨੇ ਇਕ ਸਾਲ ਵਿਚ ਲੈਣਾ ਹੁੰਦਾ ਹੈ । ਇਨ੍ਹਾਂ ਨੂੰ ਮਜ਼ਬੂਰਨ ਕਰਜ਼ਾ ਮੋੜਨਾ ਪੈਂਦਾ ਹੈ ਇਸ ਲਈ ਉਹ ਤਕੜੀ ਮਾਰ ਸੂਦ ਦੀ ਖਾਂਦੇ ਹਨ । ਜਦ ਤਕ ਕਿਸਾਨਾਂ ਨੂੰ ਲੰਮੇ ਅਰਸੇ ਲਈ ਕਰਜ਼ੇ ਨਹੀਂ ਦਿਤੇ ਜਾਂਦੇ ਉਸ ਵੇਲੇ ਤਕ ਕੋਆਪਰੇਟਿਵ ਸੋਸਾਇਟੀਆਂ ਲੋਕਾਂ ਦੀ ਦਸ਼ਾ ਨਹੀਂ ਸੁਧਾਰ ਸਕਦੀਆਂ । ਇਸ ਦੇ ਨਾਲ ਹੀ ਮੈਂ ਜੋ ਕੋਆਪਰੇਟਿਵ ਸੋਸਾਇਟੀਆਂ ਦੀਆਂ ਚੋਣਾ ਦਾ ਭੈੜਾ ਢੰਗ ਹੈ ਉਸ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ । ਜਿਹੜਾ ਧੜਾ ਵੀ ਇਸ ਚੋਣ ਢੰਗ ਨਾਲ ਉਪਰ ਚਲਿਆ ਗਿਆ ਉਸ ਨੇ ਆਪਣੀ ਮਰਜ਼ੀ ਦੇ ਮੁਤਾਬਿਕ ਕੰਮ ਚਲਾਉਣਾ ਸ਼ੁਰੂ ਕਰ ਦਿਤਾ । ਇਕੋ ਧੜਾ ਕਾਬਜ਼ ਰਹਿੰਦਾ ਹੈ । ਮੈਂ ਸਬੰਧਤ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਉਹ ਆਪਣੇ ਚੋਣ ਰੂਲਜ਼ ਵਿਚ ਤਰਮੀਮ ਕਰਨ । ਜਿਹੜੇ ਸ਼ਖਸ ਹਿਸੇਦਾਰ ਹੋਣ ਉਨ੍ਹਾਂ ਦੀ ਹਲਕਾ ਬੰਦੀ ਅੱਡ ਹੋ ਜਾਵੇ, ਜਿਹੜੇ ਸੋਸਾਇਟੀ ਦੇ ਨੁਮਾਇੰਦੇ ਹੋਣ ਉਨ੍ਹਾਂ ਦੀ ਅਲਹਿਦਾ ਤਾਕਿ ਮੁਨਾਸਬ ਬੰਦਿਆਂ ਦੀ ਮੁਨਾਸਬ ਨੁਮਾਇੰਦਗੀ ਹੋ ਸਕੇ । ਹਰ ਮੈਂਬਰ ਦੀ ਇਕਹਿਰੀ ਨਾਲੇ ਤਬਦੀਲ ਹੋਣ ਵਾਲੀ ਵੋਟ ਹੋਵੇ ਤਾਂ ਜੋ ਸਭ ਮੈਂਬਰਾਂ ਦੀ ਨੁਮਾਇੰਦਗੀ ਹੋ ਸਕੇ, ਉਸ ਦੇ ਵਿਚ ਇਕੋ ਧੜਾ ਕਾਬਜ਼ ਨਾ ਹੋ ਸਕੇ । ਇਕੋ ਧੜੇ ਨੂੰ ਹਰ ਸਹੂਲਤ ਨਹੀਂ ਹੋਣੀ ਚਾਹੀਦੀ । ਇਨ੍ਹਾਂ ਅਦਾਰਿਆਂ ਵਿਚ ਪੰਜਾਬ ਦੇ ਸਾਰੇ ਲੋਕਾਂ ਨੂੰ ਰਿਆਇਤਾਂ ਦਿਤੀਆਂ ਜਾਣ ।

ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਦੇ ਪਰਚਲਤ ਚੋਣ ਢੰਗਾਂ ਕਾਰਣ ਇਹ ਅਦਾਰੇ ਕਾਮਯਾਬ ਨਹੀਂ ਹੋ ਸਕਦੇ ।

ਹੁਣ ਮੈਂ ਪਿੰਡ ਚੂੜ੍ਹਚਕ ਅਤੇ ਪਿੰਡ ਢੁਡੀਕੇ ਦਾ ਜ਼ਿਕਰ ਕਰਦਾ ਹਾਂ ਜਿਥੋਂ ਦੇ ਸਾਡੇ ਦੇਸ਼ ਦੀ ਮਹਾਨ ਹਸਤੀ ਲਾਲਾ ਲਾਜਪਤ ਜੀ ਰਾਏ ਹੋਏ ਹਨ । ਉਥੇ ਉਨ੍ਹਾਂ ਦੀ ਯਾਦ ਵਿਚ ਬੜੀਆਂ ਚੀਜ਼ਾਂ ਬਣ ਰਹੀਆਂ ਹਨ ਕਿਉਂਕਿ ਉਨ੍ਹਾਂ ਨੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਬੜੀਆਂ ਕੁਰਬਾਨੀਆਂ ਕੀਤੀਆਂ ਸਨ ਅਤੇ ਉਹ ਬਾਕੀ ਦੇ ਦੇਸ਼ ਭਗਤਾਂ ਲਗੀ ਚਾਨਣ ਮੁਨਾਰੇ ਦਾ ਕੰਮ ਕਰਦੇ ਰਹੇ ਸਨ ਪਰ, ਸਪੀਕਰ ਸਾਹਬ, ਮੈਨੂੰ ਦੁਖ ਨਾਲ ਕਹਿਣਾ ਪੈਂਦਾ ਹੈ ਕਿ ਉਨ੍ਹਾਂ ਪਿੰਡਾ ਵਿਚ Unionist ਵਜ਼ਾਰਤ ਨੇ ਇਕ ਤਾਜ਼ੀਰੀ ਚੌਕੀ ਬਿਠਾਈ ਸੀ ਔਰ ਉਨ੍ਹਾਂ ਪਿੰਡਾਂ ਦੇ ਲੋਕਾਂ ਤੋਂ ਇਕ ਲਖ ਚਾਰ ਹਜ਼ਾਰ ਰੁਪਿਆ ਬਤੌਰ ਤਾਵਾਨ ਵਸੂਲ ਕੀਤਾ ਗਿਆ ਸੀ । ਪਰ ਦੇਸ਼ ਆਜ਼ਾਦ ਹੋ ਜਾਣ ਤੋਂ ਬਾਅਦ ਹਾਲਾਂ ਤਕ ਉਨ੍ਹਾਂ ਲੋਕਾਂ ਨੂੰ ਉਹ ਰਕਮ ਨਹੀਂ ਮੋੜੀ ਗਈ ਜਿਹੜੀ ਉਨ੍ਹਾਂ ਨੂੰ ਦੇਸ਼ ਦੀ ਆਜ਼ਾਦੀ ਲਈ ਲੜਨ ਕਰ ਕੇ ਦੇਣੀ ਪਈ ਸੀ । ਇਸ ਬਾਰੇ ਸਰਕਾਰ ਨੂੰ deputation ਵੀ ਮਿਲੇ ਹਨ ......

ਮੁਖ ਮੰਤਰੀ : ਉਨ੍ਹਾਂ ਉਸ ਰਕਮ ਦੇ refund ਲਈ ਵਕਤ ਸਿਰ apply ਨਹੀਂ ਸੀ ਕੀਤਾ ਹਾਲਾਂਕਿ 6 ਸਾਲ ਉਨ੍ਹਾਂ ਲਈ apply ਕਰਨ ਦਾ ਵਕਤ ਖੁਲ੍ਹਾ ਰਿਹਾ ਸੀ ।

ਕਾਮਰੇਡ ਗੁਰਬਖਸ਼ ਸਿੰਘ ਧਾਲੀਵਾਲ : ਪਿੰਡ ਦੇ ਅਣਪੜ੍ਹ ਲੋਕਾਂ ਨੂੰ ਕਈ ਵਾਰੀ ਇਨ੍ਹਾਂ ਚੀਜ਼ਾਂ ਦਾ ਪਤਾ ਨਹੀਂ ਚਲਦਾ ।

ਮੁਖ ਮੰਤਰੀ ; ਪਰ ਤੁਸੀਂ ਤਾਂ ਅਨਪੜ੍ਹ ਨਹੀਂ ਸੀ । ਤੁਸੀਂ ਵੀ ਤਾਂ ਉਥੇ ਹੀ ਸੀ ।

ਕਾਮਰੇਡ ਗੁਰਬਖਸ਼ ਸਿੰਘ ਧਾਲੀਵਾਲ ; ਮੈਂ ਚੀਫ ਮਿਨਿਸਟਰ ਸਾਹਿਬ ਅਗੇ ਦਰਖਾਸਤ ਕਰਾਂਗਾ ਕਿ ਜੇਕਰ ਉਹ ਰਕਮ ਉਸ ਪਿੰਡ ਦੇ ਲੋਕਾਂ ਨੂੰ ਇਨਫਰਾਦੀ ਤੌਰ ਤੇ ਵਾਪਸ ਨਹੀਂ ਹੋ ਸਕਦੀ ਤਾਂ ਉਹ ਸਮੁਚੇ ਤੌਰ ਤੇ ਉਨ੍ਹਾਂ ਪਿੰਡਾਂ ਦੇ ਭਲੇ ਲਈ ਦੇ ਦਿਤੀ ਜਾਵੇ ਤਾ ਕਿ ਉਸ ਰਕਮ ਨਾਲ ਕੋਈ ਹਸਪਤਾਲ ਜਾਂ ਕੋਈ ਹੋਰ ਲੋਕ ਭਲਾਈ ਦਾ ਅਦਾਰਾ ਬਣਾ ਦਿਤਾ ਜਾਵੇ ।

ਫਿਰ ਮੈਨੂੰ ਇਹ ਚੀਜ਼ ਵੀ ਦੁਖ ਨਾਲ ਦੱਸਣੀ ਪੈਂਦੀ ਹੈ ਕਿ ਕਈ ਪਿੰਡਾਂ, ਜਿਵੇਂ ਕਿ ਦੌਧਰ, ਤਰਖਾਣ ਵਧ ਆਦਿ ਹਨ, ਦੇ ਲੋਕਾਂ ਨੇ ਹਜ਼ਾਰਾਂ ਰੁਪਏ ਪੂਰੇ ਜੋਸ਼ ਨਾਲ ਪਿੰਡ ਦੀ ਉਸਾਰੀ ਲਈ ਇਕਠੇ ਕੀਤੇ ਅਤੇ ਉਥੇ ਸੜਕਾਂ ਬਨਾਉਣ ਲਈ ਦਿੱਤੇ ਹਨ ਪਰ ਉਹ ਸੜਕਾਂ ਪੂਰੀਆਂ ਵੀ ਨਹੀਂ ਹੋ ਰਹੀਆਂ । (ਘੰਟੀ) ਬਸ, ਸਪੀਕਰ ਸਾਹਿਬ, ਮੈਂ ਇਕ ਗੱਲ ਚੰਡੀਗੜ੍ਹ Capital ਬਾਰੇ ਕਹਿਣੀ ਹੈ । ਇਸ Addrees ਵਿਚ ਮਕਾਨਾਂ ਦਾ ਜ਼ਿਕਰ ਕੀਤਾ ਗਿਆ ਹੈ । ਇਸ ਬਾਰੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਥੇ ਪਹਿਲੇ ਇਹ ਦਸਤੂਰ ਬਣਿਆ ਹੋਇਆ ਸੀ ਕਿ ਇਥੇ Plots ਦੀਆਂ ਕੀਮਤਾਂ ਮੁਕੱਰਰ ਹੁੰਦੀਆਂ ਸਨ ਔਰ ਉਸ ਮੁਕਰਰ ਕੀਮਤ ਤੇ residential plots ਲੋਕਾਂ ਨੂੰ allot ਕੀਤੇ ਜਾਂਦੇ ਸਨ । ਫਿਰ plots ਲੈਣ ਵਾਲਿਆਂ ਨੂੰ ਇਹ ਸਹੂਲਤ ਦਿੱਤੀ ਜਾਂਦੀ ਸੀ ਕਿ ਉਹ ਉਨ੍ਹਾਂ plots ਦੀ ਕੀਮਤ ਚਾਰ ਸਾਲਾਂ ਵਿਚ ਅਦਾ ਕਰ ਸਕਦੇ ਸਨ । ਪਰ ਹੁਣ ਉਹ ਤਰੀਕਾ ਤਬਦੀਲ ਕਰ ਦਿਤਾ ਗਿਆ ਹੈ । ਹੁਣ ਬੋਲੀ ਦੇ ਅਧਾਰ ਤੇ ਲੋਕਾਂ ਨੂੰ ਇਥੇ plots ਵੇਚੇ ਜਾਂਦੇ ਨੇ । ਇਸ ਦਾ ਨਤੀਜਾ ਇਹ ਹੋਇਆ ਹੈ ਕਿ ਜਿਹੜੇ ਲੋਕ ਗਰੀਬ ਹਨ ਅਤੇ ਜਿਹੜੇ ਛੋਟੇ ਸਰਕਾਰੀ ਮੁਲਾਜ਼ਮ ਹਨ ਉਹ auction ਵਿੱਚ ਬੋਲੀ ਦੇ ਕੇ ਦੂਜੇ ਧਨਾਢ ਲੋਕਾਂ ਦੇ ਮੁਕਬਲੇ ਵਿਚ ਹੁਣ ਪਲਾਟ ਨਹੀਂ ਖਰੀਦ ਸਕਦੇ । ਹੁਣ ਤਾਂ ਧਨਾਡ ਅਤੇ ਵਪਾਰੀ ਲੋਕ ਹੀ plots ਖਰੀਦ ਸਕਦੇ ਨੇ । ਹੁਣ ਚੰਡੀਗੜ੍ਹ ਵਿਚ ਵਸਣ ਵਾਲੇ ਸਰਕਾਰੀ ਮੁਲਾਜ਼ਮ ਜਾਂ ਦੂਜੇ ਗਰੀਬ ਲੋਕ ਜੇਕਰ ਇਥੇ ਮਕਾਨ ਬਨਾਉਣਾ ਚਾਹੁਣ ਤਾਂ ਵੀ ਉਹ ਨਹੀਂ ਬਣਾ ਸਕਦੇ ਕਿਉਂਕਿ ਉਹ plots ਬੋਲੀ ਦੇ ਕੇ ਨਹੀਂ ਲੈ ਸਕਦੇ । ਇਸ ਲਈ ਮੈਂ Minister concerned ਅਗੇ ਦਰਖਾਸ਼ਤ ਕਰਦਾ ਹਾਂ ਕਿ ਇਸ ਬੋਲੀ ਵਾਲੇ ਤਰੀਕੇ ਨੂੰ ਛੱਡ ਕੇ ਉਹੀ ਪਹਿਲਾ ਤਰੀਕਾ ਅਪਣਾਇਆ ਜਾਵੇ ਜਿਸ ਨਾਲ ਗਰੀਬ ਲੋਕਾਂ ਨੂੰ plots ਮੁਕਰਰ ਕੀਮਤਾਂ ਤੇ ਮਿਲ ਸਕਣਗੇ । ਇਨ੍ਹਾਂ ਕਾਰਣਾਂ ਕਰਕੇ ਮੈਂ ਧੰਨਵਾਦ ਦੇ ਮਤੇ ਵਿਚ ਸ਼ਾਮਲ ਨਹੀਂ ਹੋ ਸਕਦਾ ।

ਖੇਤੀ ਬਾੜੀ ਉਪ-ਮੰਤਰੀ (ਕੈਪਟਨ ਰਤਨ ਸਿੰਘ) ; ਸਪੀਕਰ ਸਾਹਿਬ, ਜਦੋਂ ਮੈਂ ਪਹਿਲੀ ਵਾਰ ਇਸ ਹਾਉਸ ਵਿਚ ਆਇਆ ਸੀ ਤਾਂ ਮੈਂ ਇਹ ਖਿਆਲ ਕਰ ਕੇ ਆਇਆ ਸੀ ਕਿ ਇਥੇ ਆਏ ਹੋਏ ਮਾਨਯੋਗ ਮੈਂਬਰ ਸਾਹਿਬਾਨ ਬੜੀ ਸੰਜੀਦਗੀ ਨਾਲ ਔਰ ਮੁਦੱਬਰ ਤਰੀਕੇ ਨਾਲ discussions ਕਰਨਗੇ ਔਰ ਜੇਕਰ ਕੋਈ oppose ਵੀ ਕਰੇਗਾ ਤਾਂ ਉਸ ਦੀ ਵਿਰੋਧਤਾ ਵੀ facts ਅਤੇ ਸਹੀ ਵਾਕਿਆਤ ਤੇ ਮਬਨੀ ਹੋਵੇਗੀ । ਪਰ ਮੈਨੂੰ ਅਫਸੋਸ ਨਾਲ ਕਹਿਣਾ ਪੈਂਦਾ ਹ ਕਿ ਮੇਰਾ ਇਹ ਖਿਆਲ ਗਲਤ ਸਾਬਤ ਹੋਇਆ ਹੈ । ਜੋ ਇਨ੍ਹਾਂ ਦਿਨਾਂ ਵਿਚ ਹਾਉਸ ਵਿਚ ਤਕਰੀਰਾਂ ਹੋਈਆਂ ਹਨ ... .

(Interruptions)

Mr. Speaker : No interruptions please.

ਖੇਤੀ ਬਾੜੀ ਉਪ ਮੰਤਰੀ : ਇਸ ਲਈ ਮੈਂ ਆਪਣੇ Opposition ਦੇ ਦੋਸਤਾਂ ਅਗੇ ਅਰਜ਼ ਕਰਦਾ ਹਾਂ ਕਿ ਜੇ ਅਸੀਂ ਜਮਹੂਰੀਅਤ ਨੂੰ ਆਪਣੇ ਦੇਸ਼ ਵਿਚ ਕਾਮਯਾਬ ਬਨਾਉਣਾ ਹੈ ਤਾਂ ਉਨ੍ਹਾਂ ਨੂੰ ਆਪਣਾ ਰਵੱਈਆ ਤਬਦੀਲ ਕਰਨਾ ਚਾਹੀਦਾ ਹੈ। ਗਵਰਨਰ ਦੇ Address ਤੇ ਬਹਿਸ ਕਰਦਿਆਂ ਹੋਇਆਂ ਕਿਸੇ ਵੀ Opposition ਦੇ ਮੈਂਬਰ ਨੇ Agricultural University ਦਾ ਜਿਹੜੀ ਕਿ ਸਰਕਾਰ ਲੁਧਿਆਨੇ ਵਿਚ ਕਾਇਮ ਕਰ ਰਹੀ ਹੈ, ਜ਼ਿਕਰ ਨਹੀਂ ਕੀਤਾ। ਫਿਰ ਪੰਚਾਇਤ ਰਾਜ ਬਾਰੇ ਵੀ ਜਿਹੜੀ ਕਿ ਇਕ ਬੜੀ ਅਹਿਮ ਚੀਜ਼ ਇਥੇ ਸ਼ੁਰੂ ਕੀਤੀ ਗਈ ਹੈ ਕਿਸੇ ਨੇ ਜ਼ਿਕਰ ਤਕ ਨਹੀਂ ਕੀਤਾ। ਫ਼ਿਰ ਜਿਹੜੀ Marketing Federation ਸਰਕਾਰ ਬਣਾ ਰਹੀ ਹੈ ਜਾਂ ਹੋਰ ਜੋ ਇਸ ਤਰ੍ਹਾਂ ਦੇ ਕੰਮ ਸਰਕਾਰ ਕਰ ਰਹੀ ਹੈ ਉਨ੍ਹਾਂ ਬਾਰੇ ਕਿਸੇ ਵੀ Opposition ਦੇ ਮੈਂਬਰ ਨੇ ਜ਼ਿਕਰ ਨਹੀਂ ਕੀਤਾ। ਇਕੋ ਹੀ ਸਜਨ ਹਨ ਜਿਨ੍ਹਾਂ ਨੇ drainage ਦਾ ਜ਼ਿਕਰ ਕੀਤਾ ਹੈ, ਬਾਕੀ ਜਿਹੜੇ ਵੀ ਇਸ ਬਹਿਸ ਵਿਚ ਹਿਸਾ ਲੈ ਚੁਕੇ ਹਨ, ਕਿਸੇ ਨੇ ਵੀ drainage ਦਾ ਜ਼ਿਕਰ ਨਹੀਂ ਕੀਤਾ ਹਾਲਾਂ ਕਿ ਇਹ ਇਕ ਬੜਾ ਭਾਰੀ ਮਸਲਾ ਸਾਡੇ ਸੂਬੇ ਲਈ ਬਣਿਆ ਹੋਇਆ ਹੈ। ਇਥੇ ਤਾਂ ਇਹ ਸਿਰਫ general ਤੌਰ ਤੇ election ਦਾ ਹੀ ਜ਼ਿਕਰ ਕਰਦੇ ਰਹੇ ਨੇ ਔਰ ਇਸੇ ਚੀਜ਼ ਦਾ ਪਰਚਾਰ ਕਰਦੇ ਰਹੇ ਨੇ ਇੰਜ ਮਲੂਮ ਹੁੰਦਾ ਹੈ ਕਿ ਇਨ੍ਹਾਂ ਨੂੰ election mania ਹੋ ਗਿਆ ਹੈ। ਜਿਸ ਤਰ੍ਹਾਂ ਇਹ election ਦੇ ਦਿਨਾਂ ਵਿਚ ਕੰਮ ਕਰਦੇ ਰਹੇ ਨੇ, ਉਸੇ ਤਰ੍ਹਾਂ ਹੁਣ ਇਨ੍ਹਾਂ ਦਾ ਸੁਭਾਉ ਬਣ ਗਿਆ ਹੈ ਔਰ ਆਦਤ ਬਣ ਗਈ ਹੈ। ਇਸ ਲਈ, ਸਪੀਕਰ ਸਾਹਿਬ, ਮੈਂ ਤੁਹਾਡੀ ਰਾਹੀਂ ਆਪਣੇ Opposition ਦੇ ਸਾਥੀਆਂ ਅਗੇ ਅਰਜ਼ ਕਰਦਾ ਹਾਂ ਕਿ ਸਾਡੀ ਜਨਤਾ ਨੇ ਜੋ election ਦਾ ਫੈਸਲਾ ਦਿਤਾ ਹੈ ਇਹ ਉਸ ਫੈਸਲੇ ਨੂੰ ਸਤਿਕਾਰ ਨਾਲ ਮੰਨਣ ਦੀ ਹਿੰਮਤ ਕਰਨ। (*Interumptions*)

ਚੌਧਰੀ ਦੇਵੀ ਲਾਲ ਜੀ, ਜਿਨ੍ਹਾਂ ਲਈ ਮੇਰੇ ਦਿਲ ਵਿਚ ਬੜੀ ਇਜ਼ਤ ਹੈ ਨੇ ਸਰਹਾਲੀ ਹਲਕੇ ਦੀ election ਦਾ ਜ਼ਿਕਰ ਆਪਣੀ ਤਕਰੀਰ ਵਿਚ ਕੀਤਾ ਹੈ। ਮੈਂ ਉਨ੍ਹਾਂ ਨੂੰ ਯਾਦ ਦਿਲਾਉਣਾ ਚਾਹੁੰਦਾ ਹਾਂ ਕਿ 1952 ਵਿਚ ਵੀ ਇਹੋ ਜਿਹਾ ਮੌਕਾ ਆਇਆ ਸੀ, ਜਦ Parliamentary seat ਲਈ Sardar Bahadur Lal Singh ਜਿਹੜੇ ਅਕਾਲੀ ticket ਤੇ ਖੜ੍ਹੇ ਹੋਏ ਸੀ ਤੇ ਸਰਦਾਰ ਮੰਗਲ ਸਿੰਘ ਜੀ ਜਿਹੜੇ ਕਾਂਗਰਸ ਟਿਕਟ ਤੇ ਖੜ੍ਹੇ ਹੋਏ ਸੀ, ਦਾ ਨਤੀਜਾ ਨਿਕਲਣ ਲਗਿਆ ਸੀ। ਜਿਸ ਵੇਲੇ ਵੋਟਾਂ ਦੀ ਗਿਣਤੀ ਹੋ ਰਹੀ ਸੀ ਤਾਂ ਪਹਿਲੇ ਕਾਂਗਰਸ ਪਾਰਟੀ ਦੇ candidate ਸਰਦਾਰ ਮੰਗਲ ਸਿੰਘ ਜਿਤਦੇ ਨਜ਼ਰ ਆਏ ਸੀ ਔਰ ਇਸੇ ਕਰਕੇ ਉਨ੍ਹਾਂ ਦੀ ਜਿਤ ਦੀ ਖੁਸ਼ੀ ਮਨਾਉਣ ਲਈ ਬੈਂਡ ਤੇ ਹਾਰ ਵਗੈਰਾ ਆ ਗਏ ਸੀ ਪਰ ਜਦੋਂ postal ballots ਦੀ ਗਿਣਤੀ ਹੋਈ ਤਾਂ ਸਰਦਾਰ ਲਾਲ ਸਿੰਘ ਦੇ votes ਵਧ ਗਏ ਔਰ ਉਹ elected declare ਕੀਤੇ ਗਏ। ਐਨ ਇਸੇ ਤਰਾਂ ਸਰਹਾਲੀ ਦੀ ਚੋਣ ਦੇ case ਵਿਚ ਹੋਇਆ ਹੈ। ਪਰ ਇਨ੍ਹਾਂ ਆਪਣੇ ਆਪ ਨੂੰ ਸਹੀ ਸਾਬਤ ਕਰਨ ਦੀ ਖਾਤਰ agitation ਜਿਹੀ ਚਲਾਉਣ ਦਾ ਤਰੀਕਾ ਅਪਣਾ ਲਿਆ ਹੈ। ਇਨ੍ਹਾਂ ਨੂੰ ਜਨਤਾ ਦਾ verdict ਹਸ ਕੇ ਮੰਨਣਾ ਚਾਹੀਦਾ ਹੈ। ਸਾਡੀ ਜਨਤਾ ਬੜੀ ਸਿਆਣੀ ਹੈ ਔਰ ਉਸ ਨੇ election ਦਾ ਫੈਸਲਾ ਦੇ ਦਿਤਾ ਹੈ। ਚੌਧਰੀ ਦੇਵੀ ਲਾਲ ਜੀ ਨੂੰ, ਜਿਨ੍ਹਾਂ ਨਾਲ ਮੇਰਾ ਬੜਾ ਪਿਆਰ ਹੈ, ਮੈਂ ਅਰਜ਼ ਕਰਦਾ ਹਾਂ ਕਿ ਉਨ੍ਹਾਂ ਕਾਂਗਰਸ ਦੀਆਂ ਬਹਾਰਾਂ ਦੇਖੀਆਂ ਹਨ,

[ਉਪ ਮੰਤਰੀ]

ਉਹ ਉਨ੍ਹਾਂ ਬਹਾਰਾਂ ਨੂੰ ਯਾਦ ਰਖਣ। ਪਤਾ ਨਹੀਂ ਉਨ੍ਹਾਂ ਨੂੰ ਅਜ ਇਸ ਗਲ ਦਾ ਕਿਵੇਂ ਪਤਾ ਲਗ ਗਿਆ ਹੈ ਕਿ ਕਾਂਗਰਸ ਹਰਿਆਣੇ ਨਾਲ ਸੁਤੇਲੀ ਮਾਂ ਵਾਲਾ ਸਲੂਕ ਕਰਦੀ ਹੈ । ਉਹ ਤਾਂ progressive views ਦੇ ਹਨ ਔਰ ਇਕ progressive views ਵਾਲਾ ਆਦਮੀ ਸਿਰਫ ਤਿੰਨ ਜ਼ਿਲਿਆਂ ਦੇ ਹਿਤ ਨੂੰ ਹੀ ਸਾਹਮਣੇ ਰਖ ਕੇ ਨਹੀਂ ਭਜਦਾ ਫਿਰਦਾ। ਮੈਂ ਇਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਪੰਜਾਬ ਇਕ ਬੜਾ ਵਿਸ਼ਾਲ ਸੂਬਾ ਹੈ ਔਰ ਇਸ ਸਾਰੇ ਸੂਬੇ ਵਿਚ ਸਮੁਚੇ ਤੌਰ ਤੇ ਬੜੀ ਤਰੱਕੀ ਹੋਈ ਹੈ।

ਫਿਰ ਉਨ੍ਹਾਂ ਨੇ ਚੌਧਰੀ ਸੂਰਜ ਮੱਲ ਦਾ ਜ਼ਿਕਰ ਕੀਤਾ ਹੈ ਔਰ ਕਿਹਾ ਹੈ ਕਿ ਅਗਰ ਉਨ੍ਹਾਂ ਨੇ ਹਰਿਆਣੇ ਦੀ ਸੇਵਾ ਕੀਤੀ ਹੁੰਦੀ ਤਾਂ ਉਹ ਨਾ ਹਾਰਦੇ । ਮੈਂ ਉਨ੍ਹਾਂ ਤੋਂ ਪੁਛਣਾ ਚਾਹੁੰਦਾ ਹਾਂ ਕਿ ਪਰੋਫੈਸਰ ਸ਼ੇਰ ਸਿੰਘ ਤੇ ਪੰਡਤ ਸ੍ਰੀ ਰਾਮ ਸ਼ਰਮਾ ਜਿਹੜੇ ਆਪਣੇ ਆਪ ਨੂੰ ਹਰਿਆਣੇ ਦੇ ਵਡੇ ਲੀਡਰ ਸਮਝਦੇ ਸਨ ਔਰ ਹਰਿਆਨਾ Front ਤੇ ਸੰਮਤੀਆ ਬਣਾ ਕੇ ਹਰਿਆਨੇ ਦੀ ਜਨਤਾ ਦੇ ਲੀਡਰ ਕਹਿਲਾਉਂਦੇ ਸਨ ਉਹ ਕਿਉਂ elect ਨਹੀਂ ਹੋ ਕੇ ਆਏ । ਜੇਕਰ ਹਰਿਆਨੇ ਦੀ ਜਨਤਾ ਉਨ੍ਹਾਂ ਨੂੰ leader ਮੰਨਦੀ ਹੁੰਦੀ ਤਾਂ ਉਹ ਜ਼ਰੂਰ elect ਹੋ ਕੇ ਆ ਜਾਂਦੇ ।

ਕਾਮਰੇਡ ਮੱਖਣ ਸਿੰਘ ਤਰਸਿਕਾ : On a point of order, Sir. ਕੀ ਡਿਪਟੀ ਮਨਿਸਟਰ ਸਾਹਿਬ, debate ਦਾ ਜਵਾਬ ਦੇ ਰਹੇ ਹਨ ਜਾਂ ਰਾਜਪਾਲ ਦੇ ਭਾਸ਼ਨ ਤੇ ਬੋਲ ਰਹੇ ਹਨ ?

Mr. Speaker : This is no point of order. Please resume your seat.

ਖੇਤੀ ਬਾੜੀ ਉਪ ਮੰਤਰੀ : ਮੈਨੂੰ ਹੋਰ ਤਾਂ ਕੁਝ ਪਤਾ ਨਹੀਂ ਔਰ ਨਾ ਹੀ ਮੈਂ ਹੋਰ ਕੁਝ ਕਹਿਣਾ ਹੀ ਹੈ । ਮੈਨੂੰ ਤਾਂ ਆਪਣੇ Communist ਵੀਰਾਂ ਤੇ ਬੜਾ ਦੁਖ ਹੈ ਜਦ ਮੈਂ ਦੇਖਦਾ ਹਾਂ ਕਿ ਉਹ Communal ਪਾਰਟੀਆਂ ਨਾਲ ਰਲ ਕੇ ਕੰਮ ਕਰ ਰਹੇ ਹਨ ਹਾਲਾਂਕਿ ਪਿਛੇ ਜਿਹੇ ਉਨ੍ਹਾਂ ਦੀ All India Communist Party ਦੀ Conference ਵਿਚ ਇਹ ਫੈਸਲਾ ਕੀਤਾ ਗਿਆ ਸੀ ਕਿ ਉਹ ਕਿਸੇ ਵੀ ਕੀਮਤ ਤੇ ਉਨ੍ਹਾਂ ਨਾਲ ਸਮਝੌਤਾ ਨਹੀਂ ਕਰਨਗੇ । ਪਰ ਇਨ੍ਹਾਂ ਨੂੰ ਵੇਖ ਕੇ ਮੈਂ ਇਹ ਸਮਝਦਾ ਹਾਂ ਕਿ ਇਨ੍ਹਾਂ ਨੇ Leninism ਅਤੇ Marxism ਦੀ ਆਪਣੇ ਹਥੀਂ ਆਪ ਕਬਰ ਖੋਦੀ ਹੈ ਜਦ ਇਹ ਮਾਸਟਰ ਤਾਰਾ ਸਿੰਘ ਨਾਲ ਮਿਲ ਗਏ । (ਸ਼ੋਰ)

ਮੈਂ ਤਾਂ ਖਿਆਲ ਕਰਦਾ ਹਾਂ ਕਿ ਇਨ੍ਹਾਂ ਦੀ ਇਸ ਹਰਕਤ ਤੇ ਮਾਸਕੋ ਵਿਚ ਲੈਨਿਨ ਦੀ ਕਬਰ ਵੀ ਰੋਂਦੀ ਹੋਵੇਗੀ ਕਿ ਇਨ੍ਹਾਂ ਨੇ ਕੀ ਕੀਤਾ ਹੈ । (*Interruption*)

ਜਨਾਬ ਆਲੀ, ਕਿਸੇ ਮੈਂਬਰ ਨੇ ਇਹ ਵੀ ਕਿਹਾ ਕਿ ਕਾਂਗਰਸੀ ਉਮੀਦਵਾਰ ਬਹੁਤ ਥੋੜੀਆਂ ਵੋਟਾਂ ਤੇ ਜਿਤ ਕੇ ਆਏ ਹਨ । ਇਸਦੇ ਬਾਰੇ ਮੈਂ ਤੁਹਾਡੀ ਵਸਾਤਤ ਨਾਲ ਕੁਝ ਅੰਕੜੇ ਪੇਸ਼ ਕਰਨਾ ਚਾਹੁੰਦਾ ਹਾਂ ਅਤੇ ਅਪੋਜ਼ੀਸ਼ਨ ਨੂੰ ਦਸਣਾ ਚਾਹੁੰਦਾ ਹਾਂ ਕਿ ਥੋੜੀਆਂ ਵੋਟਾਂ ਨਾਲ ਨਹੀਂ ਸਗੋਂ ਬਹੁਤ ਜ਼ਿਆਦਾ ਵੋਟਾਂ ਨਾਲ ਵੀ ਕਾਂਗਰਸੀ ਉਮੀਦਵਾਰ ਜਿਤ ਕੇ ਆਏ ਹਨ । 20 ਹਜ਼ਾਰ ਤੋਂ ਵਧ ਵੋਟਾਂ ਲੈਣ ਵਾਲੇ ਦ ਉਮੀਦਵਾਰ ਸਫਲ ਹੋਏ ਅਤੇ ਇਹ ਦੋਵੇਂ ਹੀ ਕਾਂਗਰਸ ਦੇ ਸਨ ।

चौधरी देवी लाल: क्या 20 हजार ज्यादा वोट लेने वाले चीफ मनिस्टर भी हैं ।

ਉਪ ਮੰਤਰੀ : ਇਸੇ ਤਰ੍ਹਾਂ 15 ਤੋਂ 20 ਹਜ਼ਾਰ ਦੇ ਦਰਮਿਆਨ ਵਧ ਵੋਟਾਂ ਲੈ ਕੇ ਜੋ ਆਏ ਹਨ ਉਹ ਵੀ ਸਾਰੇ ਕਾਂਗਰਸੀ ਹਨ । 10 ਅਤੇ 15 ਹਜ਼ਾਰ ਦੇ ਦਰਮਿਆਨ ਵਧ ਵੋਟਾਂ ਲੈਣ ਵਾਲਿਆਂ ਵਿਚੋਂ 13 ਕਾਂਗਰਸੀ ਹਨ । ਫਿਰ ਪਤਾ ਨਹੀਂ ਮੇਰੇ ਦੋਸਤ ਨੇ ਕਿਸ ਤਰ੍ਹਾਂ ਕਹਿ ਦਿਤਾ ਕਿ ਕਾਂਗਰਸ ਵਾਲੇ ਬਹੁਤ ਥੋੜੀਆਂ ਵੋਟਾਂ ਲੈ ਕੇ ਆਏ ਹਨ।

ਮੇਰੇ ਵੀਰ ਸਰਦਾਰ ਲਛਮਣ ਸਿੰਘ ਠੇਕੇਦਾਰ ਨੇ ਗਵਰਨਰ ਸਾਹਿਬ ਦੇ ਐਡਰੈਸ ਦਾ ਜ਼ਿਕਰ ਕਰਦੇ ਹੋਏ ਇਹ ਕਿਹਾ ਸੀ ਕਿ ਉਹ ਸੜਕਾਂ ਦੀ ਠੇਕੇਦਾਰੀ ਦੇ ਮਾਹਿਰ ਹਨ ਪਰ ਉਹ ਹੁਣ ਪੰਥ ਦੇ ਠੇਕੇਦਾਰ ਬਣੇ ਹੋਏ ਹਨ । (ਵਿਘਨ) ਫਿਰ, ਸਪੀਕਰ ਸਾਹਿਬ, ਇਨ੍ਹਾਂ ਨੇ ਇਸ ਗਲ ਦੀ ਮੰਗ ਕੀਤੀ ਕਿ ਜ਼ਰਾਇਤ ਦਾ ਮਹਿਕਮਾ ਇਕ ਅਜਿਹੇ ਵਜ਼ੀਰ ਪਾਸ ਹੋਣਾ ਚਾਹੀਦਾ ਹੈ ਜਿਸ ਨੂੰ ਖੇਤੀ ਬਾੜੀ ਬਾਰੇ ਪੂਰਾ ਗਿਆਨ ਹੋਵੇ । ਇਸ ਦੇ ਬਾਰੇ ਮੈਂ ਕੇਵਲ ਏਨੀ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਮੇਰੇ ਵਡੇ ਵੀਰ ਸਰਦਾਰ ਗੁਰਬੰਤਾ ਸਿੰਘ ਆਪ ਇਕ ਚੰਗੇ ਕਿਸਾਨ ਹਨ ਤੇ ਮੈਂ ਆਪਣੇ ਆਪ ਨੂੰ expert ਤਾਂ ਨਹੀਂ ਸਮਝਦਾ ਪਰ ਏਨਾਂ ਕਹਿ ਦੇਵਾਂ ਕਿ ਮੈਂ Opposition ਦੇ ਸਭ ਵੀਰਾਂ ਤੋਂ ਵਧ ਜ਼ਰਾਇਤ ਨੂੰ ਸਮਝਦਾ ਹਾਂ ।

ਇਸ ਤੋਂ ਬਾਅਦ ਮੈਂ fertilizers ਦੇ ਬਾਰੇ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਨੇ ਇਸ ਪੱਖ ਵਿਚ ਕਿੰਨੀ ਤਰੱਕੀ ਕੀਤੀ ਹੈ । ਜਿਥੇ 1960 ਵਿਚ 37 ਹਜ਼ਾਰ ਟਨ ਖਾਦ ਅਸੀਂ ਖਪਾ ਸਕੇ ਉਥੇ ਹੁਣ 50,55 ਹਜ਼ਾਰ ਟਨ ਤਕ ਖਪਾ ਸਕੇ ਹਾਂ ਅਤੇ ਸਾਡੀ ਸਰਕਾਰ ਨੇ ਹਰ ਖੇਤੀ ਕਰਨ ਵਾਲੇ ਲਈ ਇਸ ਨੂੰ ਹਾਸਲ ਕਰਨ ਵਿਚ ਸਹੂਲਤਾਂ ਦਿਤੀਆਂ ਹੋਈਆਂ ਹਨ । (ਵਿਘਨ) ਹਰ ਖੇਤੀ ਕਰਨ ਵਾਲੇ ਨੂੰ ਆਸਾਨੀ ਨਾਲ ਇਹ fertilizer ਮਿਲ ਜਾਂਦਾ ਹੈ ਅਤੇ ਇਸ ਵਿਚ ਇਸ ਗਲ ਦਾ ਵਿਤਕਰਾ ਬਿਲਕੁਲ ਨਹੀਂ ਕੀਤਾ ਜਾਂਦਾ ਕਿ ਇਹ ਖੇਤੀ ਕਰਨ ਵਾਲਾ ਅਕਾਲੀ ਹੈ ਜਾਂ ਕਮਿਊਨਿਸਟ ਹੈ ਜਾਂ ਕਾਂਗਰਸੀ ਹੈ । ਹਰ ਖੇਤੀ ਕਰਨ ਵਾਲੇ ਲਈ ਇਸ ਦੀ ਖੁਲ੍ਹ ਹੈ । ਹਾਂ, ਇੰਨਾ ਜ਼ਰੂਰ ਹੈ ਕਿ ਕੋਈ ਇਸ ਨੂੰ ਸੂਬੇ ਤੋਂ ਬਾਹਰ ਨਾ ਲੈ ਜਾ ਸਕੇ ਤੇ black ਨਾ ਕਰ ਸਕੇ ।

ਸਰਦਾਰ ਲਛਮਣ ਸਿੰਘ ਗਿਲ : ਇਹ ਸਾਰਾ ਜੁਗਿਆਨਾ ਵਿਖੇ ਵਰਤਿਆ ਜਾਂਦਾ ਹੈ ।

ਖੇਤੀ ਬਾੜੀ ਉਪ ਮੰਤਰੀ: ਸਪੀਕਰ ਸਾਹਿਬ, ਮੇਰੇ ਇਕ ਦੋਸਤ ਸ੍ਰੀ ਮੰਗਲ ਸੈਨ ਹੋਰਾਂ ਨੇ ਗੈਲਰੀਆਂ ਨੂੰ ਮਦੇ ਨਜ਼ਰ ਰਖਦਿਆਂ ਇਹ ਕਿਹਾ ਸੀ ਕਿ ਸਰਕਾਰੀ ਮੁਲਾਜ਼ਮਾਂ ਦੀਆਂ ਤਨਖਾਹਾਂ ਵਧਾਉ, ਇਹ ਬਹੁਤ ਘਟ ਹਨ । ਮੈਂ ਇਸ ਤਜਵੀਜ਼ ਦਾ ਸਵਾਗਤ ਕਰਦਾ ਹਾਂ ਅਤੇ ਉਮੀਦ ਕਰਦਾ ਹਾਂ ਕਿ ਵਿਰੋਧੀ ਪਖ ਵਾਲੇ ਇਸ ਕੰਮ ਵਿਚ ਸਾਡੀ ਮਦਦ ਕਰਨਗੇ ਕਿਉਂਕਿ ਤਨਖਾਹਾਂ ਵਧਾਣ ਲਈ ਲਾਜ਼ਮੀ ਹੋ ਜਾਂਦਾ ਹੈ ਕਿ ਟੈਕਸ ਹੋਰ ਲਗਾਏ ਜਾਣ ਅਤੇ ਵਿਰੋਧੀ ਪਖ ਵਾਲੇ ਜੇਕਰ ਇਸ ਸਕੀਮ ਨੂੰ ਮੰਨ ਲੈਣ ਤਾਂ ਟੈਕਸ ਵਧਾ ਕੇ ਇਨ੍ਹਾਂ ਦੀਆਂ ਤਨਖਾਹਾਂ ਵਧਾਈਆਂ ਜਾ ਸਕਦੀਆਂ ਹਨ ।

ਸਰਦਾਰ ਲਛਮਣ ਸਿੰਘ ਗਿਲ : ਤੁਸੀਂ ਵਜ਼ੀਰਾਂ ਦੀ ਗਿਣਤੀ ਘਟਾ ਕੇ ਤਿੰਨ ਕਰ ਦਿਉ ।

ਖੇਤੀ ਬਾੜੀ ਉਪ ਮੰਤਰੀ : ਇਕ ਹੋਰ ਗਲ ਮੈਂ ਇਨ੍ਹਾਂ ਦੇ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਇਹ ਬਾਰ ਬਾਰ ਵਿਘਨ ਪਾਉਂਦੇ ਹਨ । ਇਹ ਮੇਰੇ 62 ਵੀਰ ਜੋ ਰੰਗ ਬਰੰਗੀਆਂ ਪਾਰਟੀਆਂ ਦੇ ਮੈਂਬਰ ਹਨ, ਪਿਛਲੀ 31 ਤਾਰੀਖ ਨੂੰ ਬੜੀ ਸ਼ਾਨ ਸ਼ੌਕਤ ਨਾਲ ਮੌਲਵੀ ਅਬਦੁਲ ਗਨੀ ਸਾਹਿਬ ਨੂੰ ਰਾਜ ਸਭਾ ਦੇ ਮੈਂਬਰ ਬਨਾਣ ਲਈ ਘਰੋਂ ਚੱਲੇ ਪਰ ਵਕਤ ਆਉਣ ਤੇ ਕੁਝ ਸੱਜਣ ਕਿਸ਼ਤੀ ਤੋਂ ਉਤਰ ਬੈਠੇ ਤੇ ਉਨ੍ਹਾਂ ਨੂੰ ਮੈਂਬਰ ਨਾ ਬਣਾ ਸਕੇ । ਮੈਨੂੰ, ਸਪੀਕਰ ਸਾਹਿਬ, ਇਕ ਕਿਸ਼ਤੀ ਦੀ ਗਲ ਯਾਦ ਆ ਗਈ ਹੈ। ਜੇਕਰ ਤੁਹਾਡੀ ਇਜਾਜ਼ਤ ਹੋਵੇ ਤਾਂ ਮੈਂ ਅਰਜ਼ ਕਰਾਂ । ਇਕ ਸਿਆਣਾ ਆਦਮੀ ਇਕ ਵੇਰ ਆਪਣੀ ਗਠੜੀ ਨੂੰ ਸੰਭਾਲ ਕੇ ਕਿਸ਼ਤੀ ਵਿਚ ਬੈਠਾ । ਕੁਝ ਚਿਰ ਬਾਅਦ ਇਕ ਹੋਰ ਆਦਮੀ ਇਕ ਕੁੱਤਾ ਨਾਲ ਲਿਆ ਕੇ ਕਿਸ਼ਤੀ ਵਿਚ ਆ ਸਵਾਰ ਹੋਇਆ । ਇਸ ਤੋਂ ਬਾਅਦ ਇਕ ਹੋਰ ਸਵਾਰੀ ਇਕ ਊਠ ਨੂੰ ਨਾਲ ਲੈ ਕੇ ਆ ਗਈ ਤੇ ਇਸ ਤੋਂ ਬਾਅਦ ਇਕ ਹੋਰ ਸਵਾਰੀ ਇਕ ਬੱਚੇ ਨੂੰ ਨਾਲ ਲੈ ਕੇ ਆ ਬੈਠੀ । ਥੋੜੀ ਦੇਰ ਬਾਅਦ ਇਕ ਸਵਾਰੀ ਬਾਂਦਰ ਨੂੰ ਨਾਲ ਲੈ ਕੇ ਆ ਬੈਠੀ । ਜਿਸ ਵੇਲੇ ਕਿਸ਼ਤੀ ਚਲਣ ਦਾ ਸਮਾਂ ਆਇਆ ਤਾਂ ਉਹ ਸਿਆਣਾ ਆਦਮੀ ਆਪਣੀ ਗਠੜੀ ਸੰਭਾਲ ਕਿਸ਼ਤੀ ਤੋਂ ਹੇਠਾਂ ਉਤਰ ਗਿਆ । ਕਿਸ਼ਤੀ ਵਾਲੇ ਨੇ ਬਥੇਰਾ ਜ਼ੋਰ ਲਾਇਆ ਅਤੇ ਕਿਹਾ ਕਿ ਚਲ ਮੈਂ ਤੈਨੂੰ ਪਾਰ ਕਰ ਦਿਆਂਗਾ, ਹੁਣ ਤਾਂ ਕਿਸ਼ਤੀ ਚਲਣ ਵਾਲੀ ਹੈ ਤਾਂ ਉਸ ਕਿਹਾ ਕਿ ਇਸ ਕਿਸ਼ਤੀ ਨੇ ਪਾਰ ਨਹੀਂ ਪਹੁੰਚਣਾ । ਰਾਹ ਵਿਚ ਹੀ ਡੁਬ ਜਾਵੇਗੀ । ਹੋਇਆ ਵੀ ਇਸੇ ਤਰ੍ਹਾਂ । ਰਾਹ ਵਿਚ ਬੱਚੇ ਨੇ ਰੋਣਾ ਸ਼ੁਰੂ ਕਰ ਦਿਤਾ, ਇਸ ਤੇ ਕੁਤੇ ਨੇ ਭੌਂਕਣਾ ਸ਼ੁਰੂ ਕਰ ਦਿਤਾ ਤੇ, ਬਾਂਦਰ ਡਰ ਕੇ ਊਠ ਦੀ ਪਿਠ ਤੇ ਜਾ ਬੈਠਾ, ਊਠ ਜ਼ਰਾ ਜਿੰਨਾ ਹਿਲਿਆ ਤਾਂ ਕਿਸ਼ਤੀ ਉਲਟ ਗਈ ਅਤੇ ਸਾਰੇ ਮੁਸਾਫਰ ਡੁਬ ਗਏ । ਇਸੇ ਤਰ੍ਹਾਂ ਜਿਹੜੇ ਇਨ੍ਹਾਂ 62 ਵਿਚੋਂ ਸਮਝਦਾਰ ਸਨ ਉਹ ਕਿਸ਼ਤੀ ਤੋਂ ਪਹਿਲਾਂ ਹੀ ਉਤਰ ਬੈਠੇ । ਇਸ ਲਈ ਮੈਂ ਆਸ ਕਰਦਾ ਹਾਂ ਅਤੇ ਅਪੋਜ਼ੀਸ਼ਨ ਵਾਲਿਆਂ ਨੂੰ ਚਿਤਾਵਨੀ ਦਿੰਦਾ ਹਾਂ ਕਿ ਜੇ ਉਹ ਪੂਰੀ ਜ਼ਿਮੇਵਾਰੀ ਨਾਲ ਇਥੇ ਕੰਮ ਕਰਨ ਤਾਂ ਹੀ ਆਪਣਾ ਵਕਾਰ ਕਾਇਮ ਰਖ ਸਕਦੇ ਹਨ । ਨਹੀਂ ਤਾਂ ਅਗਲੀ ਦਫ਼ਾ ਇਨ੍ਹਾਂ ਦਾ ਚੋਣਾਂ ਵਿਚ ਸਫਲ ਹੋਣਾ ਸੰਭਵ ਨਹੀਂ ਹੋਵੇਗਾ ਅਤੇ ਉਹੀ ਹਾਲ ਹੋਵੇਗਾ ਜੋ ਲਾਲਾ ਜਗਤ ਨਾਰਾਇਣ ਜੀ ਨਾਲ ਹੋਇਆ ਹੈ ਕਿ ਆਪਣੇ ਦਫਤਰ ਵਿਚ ਬੈਠੇ ਅਖਬਾਰ ਨਵੀਸੀ ਕਰਨ ਲਗ ਪਏ ਹਨ । (ਵਿਘਨ)

ਸਰਦਾਰ ਲਛਮਣ ਸਿੰਘ ਗਿਲ : ਕੁਰਬਾਨ ਜਾਵਾਂ ਤੇਰੇ ਰਖਣ ਵਾਲੇ ਨੂੰ ।

ਉਪ ਮੰਤਰੀ : ਇਨ੍ਹਾਂ ਸ਼ਬਦਾਂ ਨਾਲ ਮੈਂ ਕਾਮਰੇਡ ਰਾਮ ਚੰਦਰ ਜੀ ਵਲੋਂ ਪੇਸ਼ ਕੀਤੇ ਗਏ ਗਵਰਨਰ ਐਡਰੈਸ ਲਈ ਧੰਨਵਾਦ ਦੇ ਮਤੇ ਦੀ ਪ੍ਰੋੜ੍ਹਤਾ ਕਰਦਾ ਹਾਂ ਅਤੇ ਆਪ ਦਾ ਧੰਨਵਾਦ ਕਰਦਾ ਹਾਂ।

ਕਾਮਰੇਡ ਭਾਨ ਸਿੰਘ ਭੌਰਾ (ਧੂਰੀ) : ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ ਐਡਰੈਸ ਤੇ ਜੋ ਮਤਾ ਕਾਮਰੇਡ ਰਾਮ ਚੰਦਰ ਵਲੋਂ ਪੇਸ਼ ਕੀਤਾ ਗਿਆ ਹੈ ਮੈਂ ਉਸ ਨਾਲ ਅਸੰਮਤੀ ਪਰਗਟ ਕਰਨ ਲਈ ਖੜ੍ਹਾ ਹੋਇਆ ਹਾਂ । ਗਵਰਨਰ ਸਾਹਿਬ ਨੇ ਇਹ ਦਸਣ ਦੀ ਕਿਰਪਾ ਕੀਤੀ ਹੈ ਕਿ ਅਸੀਂ ਹਰੀਜਨਾਂ ਲਈ ਬਹੁਤ ਕੁਝ ਕਰ ਰਹੇ ਹਾਂ ਪਰ ਉਨ੍ਹਾਂ ਨੇ ਇਹ ਨਹੀਂ ਦਸਿਆ ਕਿ ਹਰੀਜਨਾਂ ਨਾਲ ਕੀ ਸਲੂਕ ਕੀਤਾ ਜਾ ਰਿਹਾ ਹੈ । ਕਾਂਗਰਸ ਸਰਕਾਰ ਨੇ ਹਰੀਜਨਾਂ ਲਈ ਹਵਾ ਵਿਚ ਕਿੰਨੀਆਂ ਡਾਂਗਾਂ ਮਾਰੀਆਂ ਹਨ । ਇਸ ਸਬੰਧ ਵਿਚ ਸਰਦਾਰ ਪ੍ਰੇਮ ਸਿੰਘ 'ਪ੍ਰੇਮ' ਨੇ ਕਿਹਾ ਸੀ 98% ਹਰੀਜਨਾਂ ਅਤੇ ਪਛੜੀਆਂ ਸ਼੍ਰੇਣੀਆਂ ਨੇ ਕਾਂਗਰਸ ਨੂੰ ਵੋਟ ਪਾਈ ਹੈ ਅਤੇ ਇਹ ਇਸ ਲਈ ਸੀ ਕਿ ਸਰਕਾਰ ਨੇ ਇਨ੍ਹਾਂ ਦੀ ਭਲਾਈ ਦਾ ਕੰਮ ਕੀਤਾ ਸੀ । ਇਹ ਹੋ ਸਕਦਾ ਹੈ ਕਿ ਉਸ ਇਲਾਕੇ ਵਿਚ ਇਨ੍ਹਾਂ ਨੇ ਕੁਝ ਭਲਾਈ ਦਾ ਕੰਮ ਆਪਣੇ

ਖਾਸ ਖਾਸ ਹਲਕਿਆਂ ਵਿਚ ਕੀਤਾ ਹੋਵੇ ਪਰ ਜਿਥੋਂ ਤਕ ਮੇਰੇ ਹਲਕੇ ਦਾ ਸਬੰਧ ਹੈ ਇਨ੍ਹਾਂ ਨੇ ਕੋਈ ਕੰਮ ਨਹੀਂ ਕੀਤਾ। ਅਤੇ ਇਨ੍ਹਾਂ ਨੇ ਉਨ੍ਹਾਂ ਹਰੀਜਨਾਂ ਦੀ ਭਲਾਈ ਦਾ ਕੰਮ ਕੀਤਾ ਹੋਣਾ ਹੈ ਜਿਨ੍ਹਾਂ ਨੇ ਇਨ੍ਹਾਂ ਦੇ ਘਰਾਂ ਦੇ ਮੂਹਰੇ ਹੀ ਡੇਰਾ ਲਾਇਆ ਹੋਇਆ ਸੀ, ਪਰ ਜਿਥੇ ਕਾਂਗਰਸ ਵਾਲੇ ਹਾਰੇ ਨੇ ਉਥੇ ਹਰੀਜਨਾਂ ਨੇ ਇਕ ਵੀ ਵੋਟ ਇਨ੍ਹਾਂ ਨੂੰ ਨਹੀਂ ਦਿਤਾ। ਅਜ ਕੀ ਹਾਲਤ ਹੋਈ ਹੈ ? ਜਿਥੇ ਜਿਥੇ ਕਾਂਗਰਸ ਦੇ ਗੜ੍ਹ ਸਨ ਉਹ ਬਿਲਕੁਲ ਟੁੱਟ ਚੁਕੇ ਹਨ। ਕੀ ਤੁਹਾਨੂੰ ਇਸ ਗਲ ਦਾ ਪਤਾ ਨਹੀਂ ਕਿ ਅਜ ਲੋਕ ਕਿਉਂ ਤੁਹਾਡੇ ਨਾਲ ਨਹੀਂ ਰਹੇ ? ਤੁਹਾਡੇ ਹੱਕ ਵਿਚ ਵੋਟਾਂ ਕਿਉਂ ਨਹੀਂ ਪਾਂਦੇ ? ਇਹ ਇਸ ਲਈ ਕਿ ਤੁਸੀਂ ਇਨ੍ਹਾਂ ਲੋਕਾਂ ਲਈ ਕੁਝ ਵੀ ਨਹੀਂ ਕੀਤਾ।

ਫਿਰ ਨਜ਼ੂਲ ਜ਼ਮੀਨ ਦੇ ਬਾਰੇ ਬਹੁਤ ਢੰਡੋਰਾ ਪਿੱਟਿਆ ਗਿਆ ਕਿ ਅਸੀਂ ਇਹ ਕੁਝ ਕੀਤਾ, ਉਹ ਕੁਝ ਕੀਤਾ। ਪਰ ਇਨ੍ਹਾਂ ਦੇ ਮੁਲ ਖਰੀਦੇ ਹੋਏ ਬੰਦੇ, ਸਪੀਕਰ ਸਾਹਿਬ, ਨਜ਼ੂਲ ਜ਼ਮੀਨ ਤੇ ਕਬਜ਼ਾ ਕਰੀ ਬੈਠੇ ਹਨ। ਮੈਂ ਆਪਣੇ ਹਲਕੇ ਦੀਆਂ ਕਈ ਮਿਸਾਲਾਂ ਇਸ ਪੱਖ ਵਿਚ ਪੇਸ਼ ਕਰ ਸਕਦਾ ਹਾਂ। ਤੁਸੀਂ ਆਪ enquiry ਕਰਵਾ ਕੇ ਵੇਖ ਲਉ ਤਾਂ ਤੁਹਾਨੂੰ ਅਸਲੀਅਤ ਦਾ ਪਤਾ ਲਗ ਜਾਵੇਗਾ। ਪੜਤਾਲ ਤੁਸੀਂ ਆਪ ਕਰਵਾ ਸਕਦੇ ਹੋ। ਪਿੰਡ ਬਰੜਵਾਲ ਵਿਖੇ ਲਗ ਪਗ 400 ਵਿਘੇ ਜ਼ਮੀਨ ਹੈ ਜਿਸ ਤੇ ਸਰਦਾਰ ਰਘਬੀਰ ਸਿੰਘ ਦਾ ਰਿਸ਼ਤੇਦਾਰ ਕਬਜ਼ਾ ਕਰੀਂ ਬੈਠਾ ਹੈ। ਇਸ ਦੇ ਨਾਲ ਹੀ ਖਾਨਪੁਰ ਵਿਚ 30 ਵਿਘੇ ਜ਼ਮੀਨ ਤੇ ਚੀਫ ਮਨਿਸਟਰ ਦਾ ਨਜ਼ਦੀਕੀ ਰਿਸ਼ਤੇਦਾਰ ਸਰਦਾਰ ਹਰਬਚਨ ਸਿੰਘ ਮੱਲ ਮਾਰੀ ਬੈਠਾ ਹੈ। (ਵਿਘਨ)

ਮੁਖ ਮੰਤਰੀ : ਮੇਰਾ ਕੋਈ ਰਿਸ਼ਤੇਦਾਰ ਉਥੇ ਨਹੀਂ, ਇਹ ਬਿਲਕੁਲ ਗਲਤ ਹੈ।

ਕਾਮਰੇਡ ਭਾਨ ਸਿੰਘ ਭੌਰਾ : ਫਿਰ ਇਸੇ ਤਰ੍ਹਾਂ ਕਾਤਰੋਂ ਵਿਚ ਇਸੇ ਜ਼ਮੀਨ ਦੇ ਨਾਲ ਦੀ 60 ਵਿਘੇ ਜ਼ਮੀਨ ਰਾਮਨਗਰ ਦਾ ਹਵਾਲਦਾਰ ਮੁਕੰਦ ਸਿੰਘ ਸੰਭਾਲੀ ਬੈਠਾ ਹੈ। (ਵਿਘਨ) ਇਕ ਪਾਸੇ ਹਰੀਜਨਾਂ ਦੀਆਂ Co-operative Societies ਬਣੀਆਂ ਹੋਈਆਂ ਹਨ ਪਰ ਦੂਜੇ ਪਾਸੇ ਜਿਸ ਜ਼ਮੀਨ ਨੂੰ ਉਹ ਵਾਹੁਣ ਲਈ ਤਿਆਰ ਹਨ ਉਸ ਵਿਚੋਂ ਕਿਸੇ ਹੋਰ ਨੂੰ ਉਨ੍ਹਾਂ ਦੀ 60 ਵਿਘੇ ਜ਼ਮੀਨ ਕੱਟ ਕੇ ਇਨਾਮ ਦੇ ਤੌਰ ਤੇ ਦੇ ਦਿੱਤੀ ਜਾਂਦੀ ਹੈ,। ਜ਼ਮੀਨ ਦੇ ਮਾਲਕ ਹਰੀਜਨ ਦਫ਼ਤਰਾਂ ਵਿਚ ਥਾਂ ਥਾਂ ਚੱਕਰ ਲਾਉਂਦੇ ਤੇ ਅਰਜ਼ੀਆਂ ਦੇਂਦੇ ਫਿਰਦੇ ਹਨ ਉਨ੍ਹਾਂ ਨੂੰ ਕੋਈ ਪੁਛਦਾ ਤਕ ਨਹੀਂ। ਹੋਰ ਇਸ ਤਰ੍ਹਾਂ ਦੀਆਂ ਹਜ਼ਾਰਾਂ ਮਿਸਾਲਾਂ ਦਿਤੀਆਂ ਜਾ ਸਕਦੀਆਂ ਹਨ ਜਿਨ੍ਹਾਂ ਨੂੰ ਮਹਿਜ਼ ਇਸ ਕਰਕੇ ਤਕਲੀਫਾਂ ਦਿਤੀਆਂ ਜਾ ਰਹੀਆਂ ਹਨ ਕਿਉਂਕਿ ਉਨ੍ਹਾਂ ਨੇ ਕਾਂਗਰਸ ਨੂੰ ਵੋਟ ਨਹੀਂ ਪਾਈ। ਕਿਰਪਾਲ ਸਿੰਘ ਖੇੜੀ ਨੂੰ ਜ਼ਬਰਦਸਤੀ ਮੋਟਰ ਵਿਚ ਚੜ੍ਹਾ ਕੇ ਵੋਟ ਪਵਾਉਣ ਲਈ ਲੈ ਗਏ ਅਤੇ ਉਸ ਤੇ ਇਹ ਰੋਬ੍ਹ ਪਾਇਆ ਕਿ ਜੇ ਤੂੰ ਸਾਡੇ ਨਾਲ ਨਹੀਂ ਤੁਰੇਂਗਾ ਤਾਂ ਅਸੀਂ ਤੇਰੀ ਸੋਸਾਇਟੀ ਤੋੜ ਦਿਆਂਗੇ।

ਦੂਸਰੀ ਗਲ ਜਿਹੜੀ ਗਵਰਨਰ ਸਾਹਿਬ ਨੇ ਇਸ ਐਡਰੈਸ ਵਿਚ ਕਹੀ ਹੈ ਉਹ ਇਹ ਹੈ ਕਿ ਲੋਕਾਂ ਵਿਚ ਮੁਫਤ ਕਣਕ ਵੰਡੀ ਗਈ। ਪਰ ਜਿਥੋਂ ਤਕ ਸਾਨੂੰ ਪਤਾ ਹੈ ਇਹ ਕਣਕ ਲੋੜਵੰਦਾਂ ਵਿਚ ਨਹੀਂ ਵੰਡੀ ਗਈ ਬਲਕਿ ਇਹ ਨਾਜਾਇਜ਼ ਤੌਰ ਤੇ ਆਪਣੇ ਲੋਕਾਂ ਵਿਚ ਵੰਡ-ਚੂੰਡ ਲਈ ਗਈ। ਪੂਨਾਵਾਲ ਵਿਚ ਜਦੋਂ ਗ਼ਰੀਬਾਂ ਨੂੰ ਕਣਕ ਦੇਣ ਲਗੇ ਤਾਂ ਹਰਇਕ

[ਕਾਮਰੇਡ ਭਾਨ ਸਿੰਘ ਭੌਰਾ]

ਤੋਂ ਦਸ ਦਸ ਰੁਪਏ ਦੀ ਮੰਗ ਕੀਤੀ ਗਈ ਪਰ ਜਦੋਂ ਉਨ੍ਹਾਂ ਨੇ ਪੈਸੇ ਦੇਣ ਤੋਂ ਇਨਕਾਰ ਕਰ ਦਿਤਾ ਤਾਂ ਉਨ੍ਹਾਂ ਤੋਂ ਵੰਡੀ ਜਾ ਰਹੀ ਕਣਕ ਵਾਪਸ ਲੈ ਲਈ ਗਈ ਅਤੇ ਇਹ ਹੁਕਮ ਡੀ. ਸੀ. ਸੰਗਰੂਰ ਨੇ ਦਿਤਾ । ਅਤੇ ਓਥੇ ਅੱਜ ਤਕ ਕਣਕ ਨਹੀਂ ਦਿਤੀ ਗਈ । ਉਥੇ ਦਾ ਸਰਪੰਚ ਮੁਅੱਤਲ ਕਰ ਦਿਤਾ ਕਿਉਂਕਿ ਉਸ ਨੇ ਇਨ੍ਹਾਂ ਪਿੰਡਾਂ ਦੇ ਗਰੀਬਾਂ ਦਾ ਸਾਥ ਦਿਤਾ ਸੀ । ਭਾਵੇਂ ਇਹ ਮੈਂਬਰ ਬਲਾਕ ਸੰਮਤੀ ਦਾ ਮੈਂਬਰ ਚੁਣ ਲਿਆ ਗਿਆ ਹੈ ਪਰ ਸਰਪੰਚ ਦੇ ਅਹੁਦੇ ਤੋਂ ਉਹ ਅਜੇ ਵੀ ਮੁਅੱਤਲ ਹੈ । ਇਸ ਤਰ੍ਹਾਂ ਸਰਕਾਰ ਨੇ ਇਸ ਜ਼ਿਲੇ ਵਿਚ ਕਈ ਸਰਪੰਚਾਂ ਨੂੰ ਮੁਅੱਤਲ ਕੀਤਾ ਹੋਇਆ ਹੈ । ਉਨ੍ਹਾਂ ਲੋਕਾਂ ਨੂੰ ਕੋਈ ਕਣਕ ਨਹੀਂ ਦਿਤੀ ਜਿਨ੍ਹਾ ਨੇ ਦਸ ਰੁਪਏ ਦੇਣ ਤੋਂ ਇਨਕਾਰ ਕੀਤਾ । ਕਿਉਂਕਿ ਉਹ ਕਹਿੰਦੇ ਸੀ ਕਿ ਜਦ ਉਪਰ ਤੋਂ ਮੁਫਤ ਕਣਕ ਆਈ ਹੈ ਤੁਸੀਂ ਇਸ ਦੇ ਪੈਸੇ ਕਿਉਂ ਸਾਡੇ ਪਾਸੋਂ ਵਟਦੇ ਹੋ ?

18 ਫਰਵਰੀ ਨੂੰ ਡੀ. ਸੀ. ਸੰਗਰੂਰ ਨੇ ਪਿੰਡ ਸ਼ੇਰਪੁਰ ਵਿਚ ਰਾਤ ਨੂੰ ਹਰੀਜਨਾਂ ਦੀ ਇਕ ਮੀਟਿੰਗ ਬੁਲਵਾਈ ਅਤੇ ਕਿਹਾ ਕਿ ਤੁਸੀਂ ਕਾਂਗਰਸ ਦਾ ਸਾਥ ਦਿਉ, ਜੇ ਤੁਸੀਂ ਸਾਥ ਨਹੀਂ ਦੇਵੋਗੇ ਤਾਂ ਮੈਂ ਤੁਹਾਡਾ ਕੋਈ ਕੰਮ ਨਹੀਂ ਕਰਨਾ ।

ਧੂਰੀ ਦੇ ਹਲਕੇ ਵਿਚ ਪਿੰਡ ਰਾਜੋਮਾਜਰੇ ਵਿਚ ਡੀ. ਸੀ. ਸੰਗਰੂਰ ਨੇ ਜਾਕੇ ਆਖਿਆ ਕਿ ਜੇ ਤੁਸੀਂ ਕਮਿਊਨਿਸਟ ਉਮੀਦਵਾਰ ਨੂੰ ਵੋਟਾਂ ਪਾਈਆਂ ਤਾਂ ਤੁਹਾਨੂੰ ਦਿਤੇ ਹੋਏ ਸਾਰੇ ਕਰਜ਼ੇ ਵਾਪਸ ਲੈ ਲਏ ਜਾਣਗੇ । ਮੈਂ ਇਨ੍ਹਾਂ ਸਾਰੀਆਂ ਗਲਾਂ ਦਾ ਸਬੂਤ ਦੇ ਸਕਦਾ ਹਾਂ ਜੇਕਰ ਇਨ੍ਹਾਂ ਚੀਜ਼ਾਂ ਦੀ ਪੜਤਾਲ ਕਰਾਈ ਜਾਵੇ । ਅਸੀਂ ਇਨ੍ਹਾਂ ਨਾਲ ਧੰਨਵਾਦ ਵਿਚ ਸ਼ਾਮਲ ਹੁੰਦੇ ਜੇ ਇਹ ਨਿਰਪਖਤਾ ਨਾਲ ਅਤੇ ਬਿਨਾ ਦਬਾਉ ਪਾਏ ਚੋਣਾਂ ਕਰਾਉਂਦੇ ।

ਸਭ ਤੋਂ ਵਡੀ ਗਲ ਜਿਹੜੀ ਇਸ ਐਡਰੈਸ ਵਿਚ ਕਹੀ ਗਈ ਹੈ ਉਹ ਹਰੀਜਨਾਂ ਨੂੰ ਵਜ਼ੀਫੇ ਦੇਣ ਬਾਰੇ ਹੈ । ਮੈਂ ਅਰਜ਼ ਕਰਾਂ ਕਿ ਜਿਹੜੇ ਮੇਰੇ ਵੀਰ ਕਾਂਗਰਸੀ ਟਿਕਟਾਂ ਤੇ ਆਉਂਦੇ ਹਨ ਉਹ ਇਕ ਵਾਰ ਵੋਟਾਂ ਤਾਂ ਜ਼ਰੂਰ ਲੈਣ ਜਾਂਦੇ ਹਨ ਅਤੇ ਵਾਇਦੇ ਵੀ ਬੜੇ ਕਰਕੇ ਆਉਂਦੇ ਹਨ ਪਰ ਉਸ ਤੋਂ ਬਾਅਦ ਉਹ ਪਿੰਡਾਂ ਵਾਲਿਆਂ ਦਾ ਮੂੰਹ ਵੀ ਨਹੀਂ ਦੇਖਦੇ, ਵਜ਼ੀਫੇ ਤਾਂ ਕੀ ਦੇਣੇ ਸੀ । ਪਹਿਲਾਂ ਤਾਂ ਇਹੋ ਲਾਰਾ ਲਾਇਆ ਜਾਂਦਾ ਹੈ ਕਿ ਨੌਵੀਂ ਜਮਾਤ ਤੋਂ ਬਾਅਦ ਵਜ਼ੀਫੇ ਦਿਤੇ ਜਾਣਗੇ । ਇਨ੍ਹਾਂ ਗਰੀਬਾਂ ਵਿਚ ਇਤਨੀ ਤਾਕਤ ਕਿਥੇ ਹੁੰਦੀ ਹੈ ਕਿ ਆਪਣੇ ਬਚੇ ਨੂੰ ਨੌਵੀਂ ਜਮਾਤ ਤਕ ਪੜ੍ਹਾ ਕੇ ਵੀ ਤਾਲੀਮ ਹਾਸਲ ਕਰਾ ਸਕਣ ਅਤੇ ਫੇਰ ਵਜ਼ੀਫਾ ਲੈ ਸਕਣ । ਇਨ੍ਹਾਂ ਨੂੰ ਤਾਂ ਪੇਟ ਦਾ ਹੀ ਫ਼ਿਕਰ ਪਿਆ ਰਹਿੰਦਾ ਹੈ ਕਿਉਂਕਿ ਇਨ੍ਹਾਂ ਲਈ ਤਾਂ ਰੋਟੀ ਪਕਾਉਣੀ ਮੁਸ਼ਕਲ ਹੈ । ਜੁਤੀਆਂ ਵਾਲੇ ਦਾ ਜੁਤੀਆਂ ਦਾ ਕੰਮ ਨਹੀਂ ਚਲਦਾ ਅਤੇ ਜੁਲਾਹੇ ਦਾ ਕਪੜਾ ਬੁਣਨ ਦਾ ਕੰਮ ਨਹੀਂ ਚਲਦਾ, ਇਹ ਬਚਿਆਂ ਨੂੰ ਪੜ੍ਹਾ ਕਿਵੇਂ ਸਕਦੇ ਹਨ । ਜਦੋਂ ਕੋਈ ਮਨਿਸਟਰ ਜਾਂਦਾ ਹੈ ਤਾਂ ਉਨ੍ਹਾਂ ਦੇ ਚੰਗੇ ਚੰਗੇ ਕਪੜੇ ਪਵਾਕੇ ਖੜ੍ਹਾ ਕਰ ਦਿਤਾ ਜਾਂਦਾ ਹੈ । ਇਹ ਹਾਲ ਹੈ ਪਛੜੀਆਂ ਸ਼ਰੇਣੀਆਂ ਦੇ ਬਚਿਆਂ ਨੂੰ ਵਜ਼ੀਫੇ ਦੇਣ ਦਾ । ਇਕ ਪਾਸੇ ਮਜ਼ਦੂਰ ਦੀ ਮਜ਼ਦੂਰੀ ਵਧ ਗਈ ਅਤੇ ਦੂਸਰੇ ਪਾਸੇ ਮਹਿੰਗਾਈ ਚਾਰ ਗੁਣਾ ਹੋ ਗਈ ਹੈ । ਪਰ ਹਿਸਾਬ ਲਾਉਣ ਵੇਲੇ per capita income ਕਢ ਲੈਂਦੇ ਹਨ ਕਿ ਇਤਨੀ ਵਧੀ ਹੈ । ਜੇ ਕੋਈ ਕੰਮ ਦਸ ਜਣੇ ਰਲ ਕੇ ਕਰਦੇ ਹਨ ਤਾਂ ਇਹ ਨੌ ਗਰੀਬ ਅਤੇ ਇਕ ਅਮੀਰ ਨੂੰ ਨਾਲ ਰਲਾ ਕੇ ਆਪਸ ਵਿਚ ਵੰਡ ਕੇ per capita-income ਕਢ ਲੈਂਦੇ ਹਨ । ਇਸ ਤਰ੍ਹਾਂ ਦੀ ਕਾਗਜ਼ੀ ਕਾਰਵਾਈ ਕੀਤੀ ਜਾਂਦੀ ਹੈ । ਮੈਂ ਅਰਜ਼ ਕਰਾਂ

ਕਿ ਕਾਂਗਰਸ ਪਾਰਟੀ ਤੇ ਸਰਮਾਏਦਾਰ ਕਾਬਜ਼ ਹੋਏ ਹੋਏ ਹਨ । ਏਥੇ ਇਕ ਮੇਰੇ ਵੀਰ ਨੇ ਕਿਹਾ ਸੀ ਕਿ ਕਾਂਗਰਸ ਅਮੀਰਾਂ ਦੀ ਨਹੀਂ ਬਲਕਿ ਇਹ ਤਾਂ ਗਰੀਬਾਂ ਦੀ ਜਮਾਤ ਹੈ । ਪਰ ਇਹ ਗਲ ਉਲਟ ਸਾਬਤ ਹੁੰਦੀ ਹੈ । ਇਸ ਵਿਚ ਰਾਜੇ ਅਤੇ ਵਡੇ ਵਡੇ ਮਹਾਰਾਜੇ ਸ਼ਾਮਲ ਕੀਤੇ ਗਏ ਹਨ । ਗ਼ਰੀਬਾਂ ਦੇ ਨੁਮਾਇੰਦੇ ਤਾਂ ਅਵਾਮ ਹੁੰਦੇ ਹਨ, ਇਹ ਰਾਜੇ ਮਹਾਰਾਜੇ ਨਹੀਂ ਹੋ ਸਕਦੇ ।

Mr. Speaker: No aspersions please.

ਮਾਲ ਮੰਤਰੀ: ਸਪੀਕਰ ਸਾਹਿਬ, ਏਥੇ ਸੁਤੰਤਰ ਪਾਰਟੀ ਦੇ ਕਿਹੜੇ ਬੰਦੇ ਹਨ ਜਿਹੜੇ ਕਾਂਗਰਸੀ ਬੈਂਚਾਂ ਤੇ ਬੈਠੇ ਹੋਏ ਹਨ ।

ਇਕ ਮਾਨ ਯੋਗ ਮੈਂਬਰ : ਸੁਤੰਤਰ ਤਾਂ ਕਮਿਊਨਿਸਟਾਂ ਨਾਲ ਹਨ ।

(ਹਾਸਾ)

ਕਾਮਰੇਡ ਭਾਨ ਸਿੰਘ ਭੌਰਾ : ਬੇਕਾਰੀ ਦਾ ਇਹ ਹਾਲ ਹੈ ਕਿ ਪਿੰਡਾਂ ਵਿਚ ਹਰੀਜਨਾਂ ਦੇ ਮੁੰਡੇ ਜਿਹੜੇ ਕਿਸਮਤ ਨਾਲ ਮੈਟਰਿਕ ਪਾਸ ਹਨ ਵਿਹਲੇ ਫਿਰਦੇ ਹਨ । ਮੈਂ ਪੁਛਦਾ ਹਾਂ ਕਿਤਨੇ ਐਸੇ ਹਰੀਜਨ ਹਨ ਜਿੰਨਾਂ ਨੂੰ gazetted ਪੋਸਟਾਂ ਤੇ ਲਾਇਆ ਹੋਇਆ ਹੈ । ਮੈਂ ਅਰਜ਼ ਕਰਾਂ ਕਿ ਲੋਕਾਂ ਨੂੰ ਤਾਲੀਮ ਦੇ ਮੁਤਾਬਿਕ ਨਹੀਂ ਲਿਆ ਜਾਂਦਾ । ਇਹ ਗਲ ਤਾਂ ਪੰਡਿਤ ਨਹਿਰੂ ਨੇ ਵੀ ਕਹਿ ਦਿਤੀ ਹੈ ਕਿ ਹਰੀਜਨਾਂ ਨਾਲ ਇਨਸਾਫ਼ ਨਹੀਂ ਕੀਤਾ ਜਾਂਦਾ । ਫੇਰ ਜੇ ਕੋਈ ਵਜ਼ੀਫ਼ਾ ਮਿਲਦਾ ਹੈ ਉਹ ਸਾਲ ਭਰ ਤਾਂ ਦਿਤਾ ਨਹੀਂ ਜਾਂਦਾ, ਸਾਲ ਦੇ ਅਖੀਰ ਤੇ ਕਿਤੇ ਅਧਾ ਪਚਧਾ ਦਿਤਾ ਜਾਂਦਾ ਹੈ ।

ਮੈਂ ਇਕ ਗੱਲ ਹੋਰ ਧੂਰੀ ਦੇ ਹਲਕੇ ਦੇ ਮੁਤਲਿਕ ਅਰਜ਼ ਕਰ ਦਿਆਂ ਜਿਹੜੀ ਕਿ ਕਿਸੇ ਤੋਂ ਭੁਲੀ ਹੋਈ ਨਹੀਂ । ਉਥੇ ਥਾਣੇਦਾਰ ਨੇ ਮਹਿੰਦਰ ਸਿੰਘ ਹਰੀਜਨ ਨੂੰ ਥਾਣੇ ਵਿਚ ਬੁਲਾ ਕੇ ਕੁਟਿਆ । ਅਲਜ਼ਾਮ ਉਸ ਤੇ ਇਹ ਲਾਇਆ ਕਿ ਤੂੰ ਸ਼ਰਾਬ ਕਢਦਾ ਹੈਂ ।......

Mr. Speaker : The hon. Member should not refer to a case which is sub judice.

ਕਾਮਰੇਡ ਭਾਨ ਸਿੰਘ ਭੌਰਾ : Court ਤਕ ਤਾਂ ਉਸ ਨੂੰ ਜਾਣ ਹੀ ਨਹੀਂ ਦਿਤਾ, ਸਪੀਕਰ ਸਾਹਿਬ, ਉਸ ਨੂੰ ਕੁੱਟ ਕੇ ਉਥੇ ਹੀ ਛੱਡ ਦਿਤਾ । ਇਹ ਵੀ ਡਰਾਵਾ ਦਿਤਾ ਕਿ ਜੇ ਕਿਤੇ ਹੋਰ ਗਲ ਕੀਤੀ ਤਾਂ ਤੈਨੂੰ ਕੁਟਾਂਗੇ ।

ਪਿੰਡ ਬਾਲਿਆਂ ਦੇ ਜੰਗੀਰ ਸਿੰਘ ਪੰਚ ਨੂੰ ਅਤੇ ਪਿੰਡ ਪਲਾਸੌਰ ਦੇ ਬਚਨ ਸਿੰਘ ਪੰਚ ਨੂੰ ਬਗੈਰ ਕਿਸੇ ਮੁਕਦਮੇ ਦੇ ਇਸ ਕਰਕੇ ਥਾਣੇ ਵਿਚ ਕਈ ਦਿਨ ਰੱਖਿਆ ਗਿਆ ਕਿ ਉਨ੍ਹਾਂ ਨੇ ਕਾਂਗਰਸ ਨੂੰ ਵੋਟ ਨਹੀਂ ਪਾਈ ਸੀ ।

ਅੰਤ ਵਿਚ ਮੈਂ ਇਹੋ ਅਰਜ਼ ਕਰਦਾ ਹਾਂ ਕਿ ਜੇ ਉਪਰ ਦਸੀਆਂ ਤਕਲੀਫ਼ਾਂ ਦੂਰ ਕਰਨ ਬਾਰੇ ਗਵਰਨਰ ਦੇ ਐਡਰੈਸ ਵਿਚ ਜ਼ਿਕਰ ਕੀਤਾ ਹੁੰਦਾ ਤਾਂ ਮੈਂ ਇਮਾਨਦਾਰੀ ਨਾਲ

[ਕਾਮਰੇਡ ਭਾਨ ਸਿੰਘ ਭੌਰਾ]
ਕਹਿੰਦਾ ਹਾਂ ਕਿ ਮੈਂ ਅਤੇ ਮੇਰੀ ਪਾਰਟੀ ਇਸ ਧੰਨਵਾਦ ਦੇ ਮਤੇ ਵਿਚ ਤੁਹਾਡੇ ਨਾਲ ਸ਼ਾਮਲ ਹੁੰਦੇ ।

पंडित भागीरथ लाल (पठानकोट) : स्पीकर साहिब, राज्यपाल महोदय का धन्यवाद करने के लिये जो प्रस्ताव कामरेड रामचन्द्र जी ने House के सामने रखा है, मैं उसका अनुमोदन करने के लिए खड़ा हुआ हूँ। स्पीकर साहिब, हमने अखबारों के अन्दर पढ़ा कि अब Opposition की तरफ से बड़े २ योग्य मेम्बर इस House के अन्दर आ रहे हैं। बड़ी खुशी हुई कि Opposition के भाई बड़े योग्य होंगे तो उनसे कई बातों का रास्ता मिलेगा। अगर मनिस्टरी ने वाकई कोई गलती की हो और वह उसको उसके notice में लाएं तो उसे सुधारा जा सकता है, ठीक किया जा सकता है। इससे कोई खराबी नहीं होती, सूबे का भला होता है। लेकिन 13-3-62 को हलफ वफादारी हो जाने के बाद जितने दिन से House चल रहा है Opposition की तरफ से सिवाए तीन विषयों के ज्ञान की कोई बात सुनाई नहीं दी। सब से ज्यादा जोर इन्होंने पिछली elections पर दिया है और उनमें भी इन्हें सरहाली की याद बार बार आती है। स्पीकर साहिब, उनकी बातें सुन कर मुझे महाभारत की एक बात याद आ जाती है। एक राजा कंस हुआ है। उसे बार बार उठते बैठते, सोते, जागते, चलते फिरते, हर समय सिवाय कृष्ण के और कुछ नजर नहीं आता था। इसी तरह हमारे Opposition के दोस्तों को चलते फिरते, मोटरों पर बैठे, यहां आकर सिवाये सरहाली और सरदार प्रताप सिंह कैरों के कोई और चीज नजर नहीं आती। अगर आप House में हुई सारी बहस का record निकाल कर देखें तो, स्पीकर साहिब, आपको पता लगेगा कि कितना वक्त Opposition ने इन्हीं को discuss करने में लिया है। कोई सुझाव नहीं दिया, कोई अच्छी बात नहीं बताई, बस यही बताते रहे कि गंदम कैसे बांटी गई, यह कैसे हुआ, वह कैसे हुआ। (विघ्न) स्पीकर साहिब, इन

4-00 p.m.

आपोजीशन वालों को जरा संभालना। इनमें से केवल दो तीन ही पहले लौट कर आए हैं और जो अब आए हैं इनके बारे में भी यही कहा जा सकता है कि इनमें से भी ज्यादा वापिस आने वाले नहीं हैं। खैर, अभी क्या बताएं, वक्त बतायगा कि क्या होता है। मैं अर्ज करना चाहता हूँ कि गवर्नर साहिब ने अपने भाषण में पिछले काम का विवरण किया है और आगे के काम का संकेत दिया है। बातें तो उसमें सारी दर्ज हैं मगर इन की पालिसी तो 'मैं न मानूँ' वाली है। यह तो बुराई ही बुराई देखते हैं। जनाब, मैं एक बार श्रीनगर गया था वहां पर तरह २ के सुन्दर फल फूल उगे हुए थे मगर एक आदमी ने यह सारी सुन्दर चीजें तो न देखीं बल्कि एक जगह जो थोड़ा सा कूड़ा पड़ा था उसे देख कर कहने लगा कि देखो कितना कूड़ा पड़ा है। मैंने कहा भले आदमी तुझे यह सुन्दर फूल क्यों नहीं दिखाई देते, यह थोड़ा सा कूड़ा ही क्यों दिखाई देता है? यही हाल इन दोस्तों का है। इनको सिवाए बुराई के और कुछ नहीं दिखाई देता। अभी पंडित मोहन लाल जी ने कुछ बातें कीं। मुझे उन पर बड़ी हैरानगी हुई। मैं पंडित जी से पूछता हूँ कि क्या उनको इसमें कोई अच्छी चीज नजर नहीं आई? क्या उनको पता

नहीं कि जगह २ कितने स्कूल बन गये हैं। (विघ्न) अरे बाबा क्या कोई ऐसा स्कूल भी होता है जिसमें अध्यापक न हो ? (विघ्न) यह तो मैं मान सकता हूँ कि कहीं पर मुनासिब इमारत न हो लेकिन आपको यह वक्त भी याद रखना चाहिए जब गुरुकुलों और ऋषिकुलों के अन्दर बालक पेड़ों के नीचे बैठकर शिक्षा ग्रहण किया करते थे। मैं दत्त जी से अर्ज करूँ कि देश के विभाजन से पहले इनके गांव में स्कूल नहीं हुआ करता था आज जरा नजर उठाकर तो देखें कि कितने स्कूल इन के इलाके में चल रहे हैं। अगर मैं गिनाने लगूँ तो बड़ा वक्त लग जायगा। मैं इनसे पूछता हूँ कि जब बारिश होती थी तो रावी को किस तरह से पार करते थे। आज वहां पर 20 लाख रुपया लगा कर पुल बनाया गया है। यह बताएँ कि आज वहां से बहू बेटियां कैसे पार जाती आती हैं ? अम्ब के हलके की यह बात करते हैं। यह हमारा दुर्भाग्य है कि वहां से हमारा बड़ा अच्छा आदमी हार गया मगर फिर भी यह बताएँ कि वहां पर कितनी सड़कें बनाई गई हैं। कितने स्कूल बनाए हैं और कितने दूसरे तरक्की के काम किये गए हैं। मगर इस बारे में इन्होंने कोई बात न कही। चुनावों की बड़ी २ बातें की गईं। मैं दावे के साथ कह सकता हूँ कि मुलाज़मीन ने जितनी मदद जनसंघी उम्मीदवारों और अकाली उम्मीदवारों की है उतनी और किसी की नहीं की। (विघ्न) लड़कों को पब्लिक सर्विस कमिशन चुनता है टैस्ट वगैरह की बिना पर। वहां सरकार नहीं चुनती मगर जब वह चुने जाते हैं तो उनमें से कितने ही इस सरकार के खिलाफ काम करते हैं। स्पीकर साहिब, मेरे इलाके में एक गांव जनवार है। वहां के स्कूल के हैडमास्टर श्री अमरनाथ ने खुले तौर पर जनसंघी उम्मीदवार के हक में प्रचार किया। मेरे पास उसकी शिकायत पहुँची। मैंने कहा कि चलो छोड़ो (विघ्न) कांग्रेस गवर्नमेंट उदार है ऐसी बातों की ज्यादा परवाह नहीं करती। मुझे चौधरी देवीलाल की बातों पर हैरानी होती है। यह पहले इसी पार्टी में थे मगर किसी वजह से रूठ गए, मगर उन्होंने जो कुछ सीखा है इस पार्टी से सीखा है। आपोज़ीशन में जितने बोलने वाले हैं, वह सभी कांग्रेसी थे,। हो सकता है कि कोई गर्ज़ पूरी न होने के कारण कांग्रेस से रूठ गए हों। (विघ्न) जनाब, यह बीच में टोकते बहुत हैं, इनको संभालिए।

श्री अध्यक्ष : आप relevant रहिए। (Please be relevant)

पंडित भागीरथ लाल : जनाब, गवर्नर साहिब के भाषण में यह दर्ज है कि हमने विद्या का बड़ा प्रचार किया है। आज अपने सूबे में हर गांव में प्राइमरी स्कूल, तीन मील के अन्दर मिडल स्कूल और हर पांच मील के अन्दर हाई स्कूल खोल दिये गए हैं। चूँकि अभी शुरुआत है इसलिये हो सकता है कि कुछ कमियां रह गई हों। जहां तक पहाड़ी इलाकों का ताल्लुक है सरकार ने वहाँ पर बहुत भारी काम किया है। पठानकोट के इलाके के अन्दर जहां मुद्दत से पीने का पानी नहीं पहुँचा था 32 लाख रुपया लगा कर लोगों के घरों में नलके लगवा दिए हैं। (तालियां) इसी तरह डलहौज़ी के अन्दर पीने के पानी की बड़ी किल्लत थी। पिछले साल हमारे चीफ मिनिस्टर साहिब वहां गए और तीन लाख रुपया मन्जूर किया गया।

[पण्डित भागीरथ लाल]

इसके साथ २ मुझे सरकार से कुछ दरखास्त करनी है। पठानकोट में पुराने जमाने का छोटा सा हस्पताल है मगर यह काफी नहीं है, क्योंकि उस वक्त वहां की आबादी 20,000 थी, मगर आज वहां की आबादी 80,000 है। अब वहां पर एक बड़े हस्पताल की जरूरत है।

स्पीकर साहब, वहां पर लड़कियों का कोई हायर सैकण्डरी स्कूल नहीं है। इसकी वहां पर बड़ी ज़रूरत है। (विघ्न) हमारा इलाका भी कांगड़े की तरह का ही इलाका है। उसमें भी वही सहूलतें दी जानी चाहिएं जो कांगड़ा के लोगों को दी जा रही हैं। वह दोनों इलाके जो चक्की नदी के इस पार और उस पार हैं पिछड़े हुए इलाके हैं और यह गवर्नमेंट की मेहरबानी है कि वह इन इलाकों की तरफ तवज्जुह दे रही है।

हमारे इलाके के अन्दर हरिजनों की छोटी छोटी बस्तियां हैं और उनके एक एक मरले के घर हैं। इन बस्तियों को हमारे चीफ मिनिस्टर साहब ने देखा है और यह मालूम किया है कि उन बस्तियों में घर कहने को कोई नहीं हैं, वे सब एक एक कुल्ली के घर हैं जिनमें न तो चारपाई की जगह है, न रसोई की जगह है और न सोने बैठने की जगह है। और उन कुल्लियों के अन्दर 4,4 आदमी और 5, 5 आदमी रहते हैं। ऐसी कुल्लियों की संख्या कोई 5 हजार के करीब है। तो इनकी हालत की तरफ मैं सरकार का ध्यान दिलाना चाहता हूँ। गवर्नमेंट ने एक अच्छा काम किया है कि उन लोगों को उस जगह का मालिक बना दिया है जो इनके पास थी। लेकिन मैं यह कहना चाहता हूँ कि इससे उनका भला नहीं होगा। उनको मकान बनाने के लिये एक खास रकम मुकर्रर की जाए ताकि वे अपने आपको आबाद कर सकें। (विघ्न) जनाब स्पीकर साहब, यहां आपोज़ीशन में बैठे हुए दोस्त यह कहना चाहते हैं कि गवर्नमेंट वहां के लोगों से खफा है लेकिन मैं कहता हूँ कि—

कौन कहता है कि रुसवाई होगी।
यह खबर किसी दुश्मन ने उड़ाई होगी॥

अब गवर्नमेंट ने वहां पर सोसाइटियां बनानी शुरू की हैं। मैं चाहता हूँ कि हरिजनों के लिये भी सोसाइटियां बनाई जाएं और जो सोसाइटियां बनी हुई हैं जिनमें हरिजन शामिल हो सकते हैं, उनके rules बड़े rigid बने हुए हैं। मैं दरखास्त करता हूँ कि उनको relax किया जाए क्योंकि हरिजन सारी शर्तों को पूरा नहीं कर सकते। यह ठीक है कि कुछ लोगों को यानी हरिजनों को सहूलतें मिली हैं और उनमें से मजिस्ट्रेट, तहसीलदार और एस०डी०ओ० बनाए हुए हैं। (विघ्न)

साहबे सदर, यह बीच में टोक देते हैं लेकिन इन्हें क्या मालूम कि यह वक्त किस तरह आया है। लोगों को जेलों में कष्ट सहने के बाद, फांसी पर झूलने के बाद, यह डैमाक्रेसी बनी है। और यह भी, बड़ा प्यार दिखाते हैं हरिजनों के लिये, जिन्होंने कुछ नहीं किया है। कहावत तो मशहूर है ही कि मां से ज्यादा जो प्यार करे वह फफे कुट्टन होती है। कांग्रेस ने सूबे को ऊपर उठाने की जो कोशिश की है और जिसके लिए कामरेड रामचन्द्र ने resolution पेश किया है मैं उसकी ताईद करता हूँ।

ਸਰਦਾਰ ਗੁਰਬਖਸ਼ ਸਿੰਘ (ਧਾਰੀਵਾਲ) : ਸਪੀਕਰ ਸਾਹਿਬ, ਅਸੂਲੀ ਤੌਰ ਤੇ ਜੇਕਰ ਵੇਖਿਆ ਜਾਵੇ ਤਾਂ ਗਵਰਨਰ ਦਾ ਐਡਰਸ ਸਰਕਾਰ ਦੀ ਆਉਣ ਵਾਲੀ ਪਾਲੀਸੀ ਦੀ ਮੂੰਹ ਬੋਲਦੀ ਤਸਵੀਰ ਹੁੰਦੀ ਹੈ ਲੇਕਿਨ ਮੈਨੂੰ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਮੈਂ ਇਸ ਭਾਸ਼ਨ ਨੂੰ ਸ਼ੁਰੂ ਤੋਂ ਲੈ ਕੇ ਆਖਰ ਤਕ ਪੜ੍ਹਿਆ ਹੈ ਇਹ ਐਡਰੈਸ ਉਸ ਤੋਲ ਤੇ ਪੂਰਾ ਨਹੀਂ ਉਤਰਦਾ ਹੈ । ਇਸ ਲਈ ਮੈਂ ਇਸ ਧੰਨਵਾਦ ਦੇ ਮਤੇ ਨਾਲ ਜੋ ਮੇਰੇ ਦੋਸਤ ਨੇ ਪੇਸ਼ ਕੀਤਾ ਹੈ ਸਹਿਮਤ ਨਹੀਂ ਹਾਂ । ਇਸਦੀ ਵਜ੍ਹਾ ਇਹ ਹੈ ਕਿ ਇਸ ਵਿਚ, ਜੋ ਸਾਡੇ ਸਾਹਮਣੇ ਵਡੀਆਂ ਵਡੀਆਂ problems ਹਨ, ਉਨ੍ਹਾਂ ਵਲ ਬਿਲਕੁਲ ਇਸ਼ਾਰਾ ਨਹੀਂ ਕੀਤਾ ਗਿਆ । ਉਨ੍ਹਾਂ ਮਸਲਿਆਂ ਦਾ ਇਲਾਜ ਲਭਣਾ ਤਾਂ ਦੂਰ ਰਿਹਾ ਉਨ੍ਹਾਂ ਵਲ ਇਸ਼ਾਰਾ ਤਕ ਨਹੀਂ ਕੀਤਾ ਗਿਆ । ਸਭ ਤੋਂ ਵਡੀ problem ਸਾਡੇ ਸੂਬੇ ਸਾਹਮਣੇ unemployment ਦੀ ਹੈ ਜੋ ਕਿ ਬੜਾ ਭਿਆਨਕ ਮੂੰਹ ਅੱਡ ਕੇ ਖੜ੍ਹੀ ਹੈ । ਇਹ ਬੇਕਾਰੀ ਪੜ੍ਹਿਆਂ ਵਿਚ ਵੀ ਹੈ ਤੇ ਅਨਪੜ੍ਹਾਂ ਵਿਚ ਵੀ ਹੈ । ਪਿੰਡਾਂ ਵਿਚ ਲਖਾਂ ਆਦਮੀ ਬੇਰੋਜ਼ਗਾਰ ਹਨ ਕਿਉਂਕਿ ਜ਼ਮੀਨ ਥੋੜੀ ਹੈ ਅਤੇ ਉਹ ਸਾਰਿਆਂ ਨੂੰ ਕੰਮ ਨਹੀਂ ਦੇ ਸਕਦੀ । ਇਸੇ ਤਰ੍ਹਾਂ ਪੜ੍ਹੇ ਲਿਖੇ ਲੋਕ ਧੱਕੇ ਖਾ ਰਹੇ ਹਨ ਅਤੇ ਉਨ੍ਹਾਂ ਨੂੰ ਕੋਈ ਕੰਮ ਨਹੀਂ ਲਭਦਾ । ਇਹ ਬੇਰੋਜ਼ਗਾਰੀ ਦਿਨੋ ਦਿਨ ਵਧਦੀ ਜਾ ਰਹੀ ਹੈ । ਇਤਨਾ ਵਡਾ ਮਸਲਾ ਹੁੰਦਾ ਹੋਏ ਗਵਰਨਰ ਸਾਹਿਬ ਦੇ ਐਡਰੈਸ ਵਿਚ ਇਕ ਹਰਫ਼ ਵੀ ਇਸ ਬਾਰੇ ਨਹੀਂ ਕਿਹਾ ਗਿਆ । ਇਹ ਨਹੀਂ ਦਸਿਆ ਗਿਆ ਕਿ ਇਹ ਸਰਕਾਰ ਇਸ ਬੇਰੋਜ਼ਗਾਰੀ ਨੂੰ ਦੂਰ ਕਰਨ ਲਈ ਕੀ ਕੁਝ ਕਰ ਰਹੀ ਹੈ, ਅਤੇ ਕੀ ਕਰਨ ਦਾ ਇਰਾਦਾ ਰਖਦੀ ਹੈ । ਦੂਜੀ ਗੱਲ ਇਹ ਹੈ ਕਿ cost of living ਇਤਨੀ ਜ਼ਿਆਦਾ ਹੋ ਗਈ ਹੈ ਅਤੇ ਚੀਜ਼ਾਂ ਦੀਆਂ ਕੀਮਤਾਂ ਇਤਨੀਆਂ ਵਧ ਗਈਆਂ ਹਨ ਅਤੇ ਵਧਦੀਆਂ ਹੀ ਜਾ ਰਹੀਆਂ ਹਨ ਕਿ ਆਮ ਆਦਮੀ ਨੂੰ ਜੀਣਾ ਔਖਾ ਹੋ ਗਿਆ ਹੈ । ਇਸ ਐਡਰੈਸ ਵਿਚ ਯੋਜਨਾਵਾਂ ਯਾਨੀ ਪੰਜ ਸਾਲਾ ਪਲਾਨਾਂ ਦਾ ਬੜਾ ਜ਼ਿਕਰ ਕੀਤਾ ਗਿਆ ਹੈ ਅਤੇ ਬੜੇ ਮਾਨ ਨਾਲ ਕਿਹਾ ਗਿਆ ਹੈ ਕਿ ਸਾਡੇ ਪਲਾਨਾਂ ਦੇ targets ਪੂਰੇ ਹੋ ਗਏ ਹਨ । ਲੇਕਿਨ ਜੇਕਰ ਹਾਲਾਤ ਵਲ ਨਜ਼ਰ ਮਾਰੀਏ ਤਾਂ ਪਤਾ ਲਗਦਾ ਹੈ ਕਿ ਜਿਸ ਜਿਸ ਤਰ੍ਹਾਂ ਪਲਾਨ ਅੱਗੇ ਵਧਦੇ ਰਹੇ ਹਨ ਉਸੇ ਤਰ੍ਹਾਂ ਹੀ ਨਾਲੋ ਨਾਲ ਕੀਮਤਾਂ ਵੀ ਅਗੇ ਨੂੰ ਵਧਦੀਆਂ ਜਾ ਰਹੀਆਂ ਹਨ ਅਤੇ ਮਹਿੰਗਾਈ ਦਾ ਇਹ ਹਾਲ ਹੈ ਕਿ ਲੋਕਾਂ ਦਾ ਕਚੂਮਰ ਨਿਕਲ ਗਿਆ ਹੈ । ਜਦੋਂ ਪਹਿਲਾ ਪਲਾਨ ਚਲਿਆ ਤਾਂ ਕੀਮਤਾਂ ਘਟ ਸਨ ਲੇਕਿਨ ਜਦੋਂ ਪੰਜਾਂ ਸਾਲਾਂ ਬਾਅਦ ਉਸਦੇ target ਪੂਰੇ ਹੋਏ ਤਾਂ ਕੀਮਤਾਂ ਵੀ targets ਲੰਘ ਗਈਆਂ । ਫੇਰ ਦੂਜਾ ਪਲਾਨ ਸ਼ੁਰੂ ਹੋਇਆ ਤੇ ਉਸ ਦੇ ਵੀ targets ਜਿਸ ਤਰ੍ਹਾਂ ਇਹ ਕਹਿੰਦੇ ਹਨ ਪੂਰੇ ਹੋਏ ਪਰ ਕੀਮਤਾਂ ਪਹਿਲੇ ਪਲਾਨ ਨਾਲੋਂ ਵੀ ਅਗੇ ਵਧ ਗਈਆਂ । ਹੁਣ ਤੀਸਰਾ ਪਲਾਨ ਚਲ ਰਿਹਾ ਹੈ ਲੇਕਿਨ ਮਹਿੰਗਾਈ ਅੱਗੇ ਨਾਲੋਂ ਵੀ ਵਧ ਹੁੰਦੀ ਜਾ ਰਹੀ ਹੈ । ਤੁਸੀਂ ਹੁਣ ਨਜ਼ਰ ਮਾਰੋ ਕਿ ਪਹਿਲੇ ਪਲਾਨ ਦੇ ਵੇਲੇ ਕੀਮਤਾਂ ਕਿਥੇ ਸਨ ਅਤੇ ਹੁਣ ਕਿਥੇ ਹਨ । ਲੇਕਿਨ ਇਕ ਲਫਜ਼ ਵੀ ਇਸ ਐਡਰੈਸ ਵਿਚ ਨਹੀਂ ਕਿਹਾ ਗਿਆ ਕਿ ਇਸ ਵਧਦੀ ਹੋਈ ਕਮਰ ਤੋੜ cost of living ਨੂੰ ਕਾਬੂ ਕਰਨ ਲਈ ਸਰਕਾਰ ਕੀ ਕਰ ਰਹੀ ਹੈ । ਤੀਜੀ ਚੀਜ਼ ਹੈ 'separation of judiciary from the executive' ਜਿਸ ਦੀ ਮੰਗ ਸਾਰੇ ਦੇਸ਼ ਵਿਚ ਬੜੇ ਜ਼ੋਰ ਨਾਲ ਕੀਤੀ ਜਾ ਰਹੀ ਹੈ । ਇਹ ਕਾਂਗਰਸ ਪਾਰਟੀ ਜਿਹੜੀ ਇਸ ਵਕਤ ਬਰਸਰੇਇਕਤਦਾਰ ਹੈ ਖੁਦ ਇਸ ਬਾਤ ਦਾ ਦਾਅਵਾ ਕਰਦੀ ਰਹੀ ਹੈ ਕਿ ਜਦੋਂ ਮੁਲਕ ਆਜ਼ਾਦ ਹੋਵੇ ਗਾ ਤਾਂ executive ਨੂੰ judiciary ਨਾਲੋਂ ਅਲੱਗ ਕਰ ਦਿਤਾ ਜਾਵੇਗਾ । ਲੇਕਿਨ ਹੁਣ ਤਾਂ ਇਨ੍ਹਾਂ ਨੂੰ ਅਲੱਗ ਅਲੱਗ ਕਰਨ ਦੀ ਜ਼ਰੂਰਤ ਹੋਰ ਵੀ

[ਸਰਦਾਰ ਗੁਰਬਖਸ਼ ਸਿੰਘ]

ਜ਼ਿਆਦਾ ਹੋ ਗਈ ਹੈ, ਕਿਉਂਕਿ ਵਜ਼ੀਰ ਤਾਂ ਦਖਲ ਅੰਦਾਜ਼ੀ ਕਰਦੇ ਹੀ ਹਨ ਪਰ ਹਾਲਤ ਇਥੋਂ ਤਕ ਪਹੁੰਚ ਗਈ ਹੈ ਕਿ ਹਰ ਨਿੱਕਾ ਮੋਟਾ ਕਾਂਗਰਸੀ ਵਰਕਰ ਵੀ ਅਦਾਲਤੀ ਕੰਮਾਂ ਵਿਚ ਇਤਨੀ ਦਖਲ ਅੰਦਾਜ਼ੀ ਕਰ ਰਿਹਾ ਹੈ ਕਿ ਅਦਾਲਤਾਂ ਲਈ independently ਕੰਮ ਕਰਨਾ ਨਾਮੁਮਕਿਨ ਹੋ ਗਿਆ ਹੈ। ਹਰ ਇੰਤਜ਼ਾਮੀਆ ਮੁਆਮਲੇ ਵਿਚ ਦਖਲ ਦਿਤਾ ਜਾਂਦਾ ਹੈ। ਜੇਕਰ ਕੋਈ ਅਫਸਰ ਇਨ੍ਹਾਂ ਦੇ ਇਸ਼ਾਰੇ ਤੇ ਨਾ ਚਲ ਕੇ ਇਨਸਾਫ ਕਰਦਾ ਹੈ, ਤਾਂ ਉਸ ਨੂੰ demoralise ਕੀਤਾ ਜਾਂਦਾ ਹੈ। ਸਾਰੀ services ਨੂੰ ਇਤਨਾ demoralise ਕਰ ਦਿਤਾ ਗਿਆ ਹੈ ਕਿ ਆਮ ਜਨਤਾ ਨੂੰ ਇਸ ਗੱਲ ਦਾ ਵਿਸ਼ਵਾਸ ਹੀ ਨਹੀਂ ਰਿਹਾ ਕਿ ਉਨ੍ਹਾਂ ਨੂੰ ਇਨਸਾਫ ਵੀ ਮਿਲ ਸਕੇਗਾ। ਐਡੀ ਵਡੀ ਗੱਲ ਤੇ ਸਰਕਾਰ ਕੀ ਸੋਚਦੀ ਹੈ ? ਕੀ ਇਹ ਗਲ ਇਸ ਦੀ ਨਜ਼ਰ ਵਿਚ ਹੈ ਕਿ ਨਹੀਂ ? ਮੈਂ ਸਮਝਦਾ ਹਾਂ ਕਿ services ਨੂੰ demoralise ਕਰਨਾ ਠੀਕ ਨਹੀਂ। ਜਦੋਂ ਅਦਾਲਤਾਂ ਵਿਚ ਇਨਸਾਫ ਨਾ ਰਹੇ ਤਾਂ ਡੈਮੋਕਰੈਸੀ ਠੀਕ ਨਹੀਂ ਚਲ ਸਕਦੀ। ਸਾਰੇ ਗੌਰਮੈਂਟ ਦੇ ਤਰੀਕਿਆਂ ਨਾਲੋਂ despotism, fascism ਵਗੈਰਾ ਨਾਲੋਂ ਬਿਹਤਰੀਨ ਤਰੀਕਾ ਡੈਮੋਕਰੈਸੀ ਦਾ ਹੈ। ਲੇਕਿਨ ਡੈਮੋਕਰੈਸੀ ਤਾਂ ਹੀ ਚੰਗੀ ਹੈ ਜੇ ਚੰਗੀਆਂ ਲਾਈਨਾਂ ਤੇ ਚਲਾਈ ਜਾਏ। ਜੇ ਡੈਮੋਕਰੈਸੀ ਏਸ ਤਰ੍ਹਾਂ ਹੋ ਜਾਏ ਜਿਵੇਂ ਕਿ ਅੱਜ ਕਲ ਹੈ ਤਾਂ ਇਹ ਸਾਰੀਆਂ ਸਰਕਾਰਾਂ ਨਾਲੋਂ ਖਤਰਨਾਕ ਹੋ ਸਕਦੀ ਹੈ। ਅਫਸੋਸ ਹੁੰਦਾ ਹੈ ਕਿ ਇਹ ਇਸ ਨੂੰ ਗਲਤ ਇਸਤੇਮਾਲ ਕਰਦੇ ਹਨ। ਇਸ ਦੇ ਤਿੰਨ ਤਰੀਕੇ ਹਨ। ਪਹਿਲਾ ਤਰੀਕਾ ਇਹ ਹੈ ਕਿ independent judiciary, ਜਿਸ ਤਰ੍ਹਾਂ ਮੈਂ ਜ਼ਿਕਰ ਕੀਤਾ ਹੈ ਇਨ੍ਹਾਂ ਨੇ ਇਸ ਨੂੰ ਖਤਮ ਕਰ ਦਿਤਾ ਹੈ। ਦੂਸਰਾ ਤਰੀਕਾ independent press ਯਾਨੀ ਅਖਬਾਰਾਂ ਦੀ ਆਜ਼ਾਦੀ। ਆਪ ਨੂੰ ਪਤਾ ਹੈ ਕਿ ਇਹ ਕਿੰਨੀ ਕੁ ਆਜ਼ਾਦੀ ਅਖਬਾਰਾਂ ਨੂੰ ਦਿੰਦੇ ਹਨ। ਇਹ ਨਟਰਾਜਨ ਵਰਗੇ ਐਡੀਟਰ ਨੂੰ, ਜਿਹੜਾ ਇਨ੍ਹਾਂ ਦਾ ਮੰਨਜ਼ੂਰੇ ਨਜ਼ਰ ਨਹੀਂ ਸ਼ੀ, ਕਤਲ ਕਰਨ ਤਕ ਗਏ ਹਨ। ਤੀਸਰਾ ਤਰੀਕਾ ਹੈ independent ballot. ਵੋਟਾਂ ਨਾਲ ਸਰਕਾਰ ਬਦਲੀ ਜਾਂਦੀ ਹੈ। ਬਦਕਿਸਮਤੀ ਹੈ ਸਾਡੇ ਸੂਬੇ ਦੀ ਜਿਥੇ ਇਹੋ ਜਿਹੀਆਂ ਗਲਾਂ ਹੋ ਰਹੀਆਂ ਹਨ। ਏਥੇ ਡੈਮੋਕਰੈਸੀ ਫੇਲ੍ਹ ਹੋ ਰਹੀ ਹੈ, ਅਗੇ ਹੀ ਫੇਲ੍ਹ ਹੋ ਚੁਕੀ ਹੈ। ਪਾਕਿਸਤਾਨ ਵਲ ਵੇਖੋ, ਚੀਨ ਵਲ ਵੇਖੋ। ਮੈਂ ਦੂਜੇ ਮੁਲਕਾਂ ਦੀ ਮਿਸਾਲ ਕੀ ਦੇਵਾਂ। ਡੈਮੋਕਰੈਸੀ ਏਥੇ ਵੀ ਫ਼ੇਲ੍ਹ ਹੋਣ ਵਾਲੀ ਹੈ। ਸਾਰਿਆਂ ਨਾਲੋਂ ਵੱਡੀ ਗੱਲ ਇਹ ਹੈ ਕਿ executive ਤੇ judiciary ਨੂੰ ਵੱਖ ਵੱਖ ਕਰੋ। ਇਸ ਵੱਲ ਇਹ ਧਿਆਨ ਨਹੀਂ ਦਿੰਦੇ। ਲੋਕਾਂ ਦੀ ballot ਉਤੇ ਵੀ ਜਬਰੀ ਹਮਲਾ ਕੀਤਾ ਹੈ।

ਅਗਲੀ ਗੱਲ ਮੈਂ official language ਦੇ ਮੁਤੱਲਿਕ ਕਹਿਣੀ ਹੈ। 15 ਸਾਲ ਵਿਚ ਇਹ ਇਸ ਸੂਬੇ ਵਿਚ education ਨਹੀਂ ਦੇ ਸਕੇ, official language ਦਾ ਕੋਈ ਮੁਕੰਮਲ ਹਲ ਨਹੀਂ ਕਰ ਸਕੇ। ਮੈਂ ਗਵਰਨਰ ਸਾਹਿਬ ਦੇ Address ਦੀ ਤਾਰੀਫ ਨਹੀਂ ਕਰ ਸਕਦਾ। ਪੰਜਾਬ ਦੀ language problem ਦਾ ਹਲ ਕਿਉਂ ਨਹੀਂ ਕਢ ਕੇ ਰਖਦੇ ? ਐਨੇ ਸਾਲ ਹੋ ਗਏ ਹਨ। ਜਦੋਂ ਗਵਰਨਰ ਸਾਹਿਬ ਪੰਜਾਬ ਵਿਚ ਤਸ਼ਰੀਫ ਲਿਆਏ ਸਨ ਤਾਂ ਉਨ੍ਹਾਂ ਨੇ ਕਿਹਾ ਸੀ ਕਿ ਪੰਜਾਬ ਦੀ language problem ਦਾ ਹਲ ਮੇਰੀ ਜੇਬ ਵਿਚ ਪਿਆ ਹੈ। ਉਹ ਜੇਬ ਵਿਚੋਂ ਕਢ ਕੇ ਕਿਉਂ ਨਹੀਂ ਰਖਦੇ। ਕਿਤੇ ਉਹ ਹਲ ਜੇਬ ਵਿਚ ਨਾਲ ਹੀ ਨਾ ਲੈ ਜਾਣ। ਜੋ ਹਲ ਹੈ, ਉਹ ਦਸਿਆ ਜਾਵੇ। ਇਹ ਮਸਲਾ ਤੈਅ ਕਰਨਾ ਚਾਹੀਦਾ ਹੈ। ਕੀ ਇਨ੍ਹਾਂ ਨੂੰ ਪਤਾ ਨਹੀਂ ਕਿ ਮਾਦਰੀ ਜ਼ਬਾਨ ਕੀ ਹੈ, ਕੌਣ ਬੋਲਦਾ ਹੈ ਤੇ ਕਿਵੇਂ ਬੋਲਦੇ ਹਨ ? ਕਿਉਂਕਿ ਇਹ divide and rule ਦੀ policy ਤੇ ਚਲਦੇ ਹਨ ਇਸ ਕਰਕੇ ਇਹ

ਚਾਹੁੰਦੇ ਹਨ ਕਿ ਇਸ ਦਾ ਹਲ ਨਾ ਹੋਵੇ । ਜੋ ਕਰਨਾ ਸੀ ਉਹ ਥੋੜਾ ਜਿਹਾ ਕੀਤਾ, ਕੇਵਲ ਜ਼ਿਲੇ ਦੀ ਪੱਧਰ ਤੱਕ regional languages ਹਨ । ਫੇਰ ਨਾਲ ਇਹ ਯਕੀਨ ਦਿਲਾਇਆ ਸੀ ਕਿ ਥੋੜੇ ਚਿਰ ਵਿਚ district level ਅਤੇ ਬਾਅਦ ਵਿਚ provincial level ਤੱਕ regional language ਕਰ ਦਿਤੀ ਜਾਏਗੀ । ਸਾਰੇ Address ਵਿਚ ਏਸ ਦੇ ਮੁਤੱਲਿਕ ਇਕ ਸ਼ਬਦ ਵੀ ਨਹੀਂ ਕਿਹਾ ਗਿਆ । ਇਹ ਕਹਿੰਦੇ ਹਨ ਕਿ ਜ਼ਿਲੇ ਦੀ ਪੱਧਰ ਤੱਕ ਇਸ ਨੂੰ ਲਾਗੂ ਕਰ ਦਿਤਾ ਹੈ । ਜ਼ਿਲਿਆਂ ਵਿਚ ਕੋਈ ਖਾਸ ਕੰਮ ਨਹੀਂ ਇਸ ਵਿਚ ਹੋ ਰਿਹਾ । ਇਨ੍ਹਾਂ ਦਾ ਫਰਜ਼ ਸੀ ਕਿ ਇਹ ਦਸਦੇ ਕਿ ਕਿੰਨੇ ਕੁ ਚਿਰ ਵਿਚ ਇਹ ਜ਼ਿਲਾ ਪੱਧਰ ਤੇ ਲਾਗੂ ਹੋਏਗਾ ਤੇ State ਦੀ ਪੱਧਰ ਤੇ ਕਿੰਨੇ ਚਿਰ ਵਿਚ ਲਾਗੂ ਹੋਏਗਾ । ਸਾਰੇ Address ਵਿਚ ਇਸ ਦੇ ਮੁਤੱਲਿਕ ਇਕ ਸ਼ਬਦ ਵੀ ਨਹੀਂ ਕਿਹਾ ਗਿਆ । Reference ਜ਼ਰੂਰ ਦਿਤਾ ਹੈ, ਬੜੀ ਡੀਂਗ ਮਾਰੀ ਹੈ ਕਿ ਪੰਜਾਬੀ University ਛੇਤੀ ਚਾਲੂ ਕਰਨ ਲਗੇ ਹਾਂ । ਕਿੰਨਾ ਕੁ ਚਿਰ ਲਗੇਗਾ ? ਇਸ ਬਾਰੇ ਇਹ ਇੰਨਾ ਦਸ ਦਿੰਦੇ ਕਿ ਐਨੇ ਕੁ ਸਾਲ ਲਗਣਗੇ । ਕੁਰਖੇਤਰ ਸੰਸਕ੍ਰਿਤ University ਜਾਰੀ ਕਰਨੀ ਸੀ, ਉਹ ਵਰ੍ਹੇ ਵਿਚ ਸ਼ੁਰੂ ਹੋ ਗਈ । ਪੰਜਾਬੀ University ਦੇ ਰਾਹ ਵਿਚ ਜਿਹੜਾ ਸਮਾਂ ਹੈ ਉਸ ਦੇ ਮੁਤੱਲਿਕ ਇਕ ਸ਼ਬਦ ਵੀ ਨਹੀਂ ਕਿਹਾ ਗਿਆ । ਇਸ University ਦਾ ਕੀ ਫਾਇਦਾ ਜਿਹੜੀ affiliating ਨਹੀਂ, ਜਿਸ ਨਾਲ ਕਾਲਿਜਾਂ ਦਾ ਸੰਬੰਧ ਨਹੀਂ । ਦੂਜੀ ਤਰ੍ਹਾਂ ਕਰ ਦਿੰਦੇ ਤਾਂ ਕੋਈ ਹਰਜ ਨਹੀਂ ਸੀ । ਲੇਕਿਨ ਇਸ ਦਾ ਕੋਈ ਫਾਇਦਾ ਨਹੀਂ ਹੋਏਗਾ ਜੇ ਇਹ affiliating ਨਾ ਹੋਵੇ । ਜੇ Punjabi University ਚਾਲੂ ਕਰਨੀ ਹੈ ਤਾਂ ਸਾਨੂੰ ਯਕੀਨ ਦਿਲਾਇਆ ਜਾਵੇ ਕਿ ਕਦੋਂ ਕਰਨੀ ਹੈ । ਥਾਂ ਦਸਿਆ ਜਾਵੇ । ਕਹਿੰਦੇ ਹਨ ਕਿ ਅਸੀਂ ਇਸ ਦੇ ਥਾਂ ਦੇ ਮੁਤੱਲਿਕ ਸੋਚ ਵਿਚਾਰ ਕਰ ਰਹੇ ਹਾਂ । ਇਸ ਤੋਂ ਬਿਨਾਂ ਇਹ ਚਲ ਨਹੀਂ ਸਕਦੀ । ਇਸ ਵਿਚਾਰ ਕਰਨ ਤੇ ਕਿੰਨਾ ਕੁ ਚਿਰ ਲਗੇਗਾ ? ਕਿਸੇ ਮੁਲਕ ਦੀ ਤਰੱਕੀ ਦਾ ਅੰਦਾਜ਼ਾ ਤਾਂ ਕੇਵਲ ਇਸ ਤੋਂ ਲਗਾਇਆ ਜਾ ਸਕਦਾ ਹੈ ਕਿ ਉਥੇ ਤਾਲੀਮ ਕਿੰਨੀ ਹੈ, ਸਾਰੇ ਲੋਕ ਪੜ੍ਹੇ ਲਿਖੇ ਹੋਣ । ਪੜ੍ਹਨ ਲਿਖਣ ਦੇ ਮੁਤੱਲਿਕ ਤਾਂ ਜੋ ਕੁਝ ਇਹ ਕਰਦੇ ਹਨ ਆਪ ਨੂੰ ਪਤਾ ਹੀ ਹੈ । Education ਦੀ ਕੀ ਹਾਲਤ ਹੈ । ਓਧਰੋਂ ਮੇਰੇ ਕੁਝ ਦੋਸਤਾਂ ਨੇ ਜ਼ਿਕਰ ਕੀਤਾ ਕਿ ਬਹੁਤ ਸਾਰੇ ਸਕੂਲ ਖੋਲ੍ਹੇ ਹਨ । ਜਿਸ ਤਰੀਕੇ ਨਾਲ ਇਹ ਚਲ ਰਹੇ ਹਨ mass education ਕਿੰਨੇ ਕੁ ਸਾਲਾਂ ਵਿਚ ਹੋਏਗੀ ? ਜਿਸ ਤਰ੍ਹਾਂ ਇਹ ਚਲ ਰਹੇ ਹਨ ਇਸ ਤਰ੍ਹਾਂ ਪੰਜਾਬ ਸੌ ਸਾਲ ਵਿਚ ਵੀ ਪੜ੍ਹਿਆ ਲਿਖਿਆ ਨਹੀਂ ਹੋ ਸਕਦਾ ।

ਮਾਲ ਮੰਤ੍ਰੀ: ਹੋਰ ਇਕੋ ਦਿਨ ਵਿਚ ਹੋ ਜਾਏ ?

ਸਰਦਾਰ ਗੁਰਬਖਸ਼ ਸਿੰਘ: ਸਰਦਾਰ ਅਜਮੇਰ ਸਿੰਘ ਜੀ ਹਰ ਗੱਲ ਵਿਚ interrupt ਕਰਦੇ ਹਨ ।

ਮਾਲ ਮੰਤ੍ਰੀ : ਮੈਂ ਤਾਂ ਧਿਆਨ ਨਾਲ ਸੁਣ ਰਿਹਾ ਹਾਂ ।

ਸਰਦਾਰ ਗੁਰਬਖਸ਼ ਸਿੰਘ : ਪੰਜਾਬ ਵਿਚ ਤਾਲੀਮ ਲਈ ਜਿੰਨੇ ਸਕੂਲ ਖੁਲ੍ਹਦੇ ਹਨ ਇਹ ਥੋੜੇ ਹਨ । ਪੰਜਾਬ ਦੀ ਤਾਲੀਮ ਐਨੇ ਸਾਲਾਂ ਵਿਚ ਵੀ ਪੂਰੀ ਨਹੀਂ ਹੋ ਸਕਦੀ । ਮੈਂ ਪੁਛਦਾ ਹਾਂ ਕਿ adult education ਦਾ ਕੀ ਇੰਤਜ਼ਾਮ ਕੀਤਾ ਹੈ ? ਇਸ ਤਰ੍ਹਾਂ mass-education ਨਹੀਂ ਹੋ ਸਕਦੀ । ਬੱਚਿਆਂ ਨੂੰ ਪੜ੍ਹਾਓ, compulsory education

[ਸਰਦਾਰ ਗੁਰਬਖਸ਼ ਸਿੰਘ]

ਕਰੋ । ਇਹ ਕਿੰਨੇ ਕੁ ਸੌ ਸਾਲ ਵਿਚ ਕਰਨਗੇ ? ਇਹ 5 ਸਾਲ ਵਿਚ ਹੋ ਸਕਦੀ ਹੈ । ਸਭ ਤੋਂ ਵੱਧ ਤਵੱਜੁਹ adult education ਵਲ ਦੇਣੀ ਚਾਹੀਦੀ ਹੈ । ਚੰਗੇ ਮੁਲਕਾਂ ਦੀਆਂ ਮਿਸਾਲਾਂ ਮੌਜੂਦ ਹਨ । ਕਈਆਂ ਮੁਲਕਾਂ ਨੇ ਪੰਜ ਪੰਜ ਸਾਲ ਵਿਚ ਇਸ ਸਬੰਧੀ ਬਹੁਤ ਕੁਝ ਕੀਤਾ ਹੈ। ਜੇ ਇਹ ਹਕੀਕਤਨ ਚਾਹੁੰਦੇ ਹਨ ਕਿ ਲੋਕ ਪੜ੍ਹ ਲਿਖ ਜਾਣ ਤਾਂ ਸਾਡੇ ਪੰਜਾਬ ਵਿਚ ਵੀ ਬਹੁਤ ਕੁਝ ਹੋ ਸਕਦਾ ਹੈ । ਪਰ ਇਹ ਕਰਨਾ ਨਹੀਂ ਚਾਹੁੰਦੇ। ਜੇ ਲੋਕ ਪੜ੍ਹ ਲਿਖ ਗਏ ਤਾਂ ਇਨ੍ਹਾਂ ਨੂੰ ਅੰਨ੍ਹੇ ਹੋ ਕੇ ਕਿਸੇ ਨੇ ਵੋਟ ਨਹੀਂ ਪਾਉਣੀ । ਕੇਂਦਰ ਖੋਲ੍ਹੇ ਜਾਣ, ਤਿੰਨਾਂ ਤਿੰਨਾਂ ਮਹੀਨਿਆਂ ਵਿਚ ਲੋਕਾਂ ਨੂੰ ਮਾੜਾ ਮੋਟਾ ਪੜ੍ਹਾਇਆ ਜਾ ਸਕਦਾ ਹੈ ਪਰ ਇਸ ਪਾਸੇ ਤਵੱਜੁਹ ਨਹੀਂ ਦਿਤੀ ਜਾਂਦੀ ।

ਪੰਚਾਇਤ ਰਾਜ ਦੀਆਂ ਬੜੀਆਂ ਬੜੀਆਂ ਡੀਂਗਾਂ ਮਾਰੀਆਂ ਗਈਆਂ ਹਨ । ਮੈਂ ਸਾਰਾ Address ਪੜ੍ਹਨ ਦੀ ਕੋਸ਼ਿਸ਼ ਕੀਤੀ ਹੈ, ਦੋ ਵਾਰੀ ਸਾਰਾ ਪੜ੍ਹਿਆ ਵੀ ਹੈ । ਬੜੀ ਵਡੀ ਤਾਰੀਫ ਕੀਤੀ ਹੈ ਕਿ ਪੰਚਾਇਤੀ ਰਾਜ ਦਾ ਸ਼ਾਨਦਾਰ ਕਦਮ ਉਠਾਇਆ ਹੈ । ਕੀ ਕਦਮ ਉਠਾਇਆ ਹੈ ? ਇਸ ਦਾ ਉਦਘਾਟਨ Prime Minister ਸਾਹਿਬ ਨੇ ਕੀਤਾ । ਕੀ ਮੇਰੇ ਲਈ ਇਹ ਤਸੱਲੀ ਹੈ ਕਿ ਉਦਘਾਟਨ ਪ੍ਰਧਾਨ ਮੰਤਰੀ ਯਾ ਮੁਖ ਮੰਤਰੀ ਕਰੇ ? ਉਸ ਦਾ ਅਸਰ ਮੈਨੂੰ ਦਸਿਆ ਜਾਵੇ । ਮੈਂ ਕਹਿਣਾ ਚਾਹੁੰਦਾ ਹਾਂ ਅਤੇ ਜ਼ਿੰਮੇਵਾਰੀ ਨਾਲ ਕਹਿਣਾ ਚਾਹੁੰਦਾ ਹਾਂ ਕਿ ਅਸਲੀ ਮਾਅਨਿਆਂ ਵਿਚ ਪੰਚਾਇਤ ਰਾਜ ਨਹੀਂ ਹੋਇਆ । ਜੇ ਹੁੰਦਾ ਤਾਂ ਕਾਮਯਾਬ ਹੁੰਦਾ । ਜਿਸ ਕਿਸਮ ਦੀਆਂ ਪੰਚਾਇਤਾਂ ਬਣੀਆਂ ਹਨ ਇਹ failure ਹੈ, ਨਾਕਾਮਯਾਬੀ ਹੈ । ਧੜੇ ਬੰਦੀ ਅਗੇ ਨਾਲੋਂ ਵਧੀ ਹੈ । ਇਨ੍ਹਾਂ ਨੂੰ ਵਰਤ ਕੇ ਧੜੇ ਬੰਦੀ ਹੋਈ ਹੈ । ਇਹ ਇਨ੍ਹਾਂ ਨੇ ਕਰਵਾਈ ਹੈ । ਇਕ ਧੜੇ ਨੂੰ ਜਾਣ ਕੇ ਉਤੇ ਲਿਆਉਣ ਦੀ ਕੋਸ਼ਿਸ਼ ਕੀਤੀ ਹੈ ਤੇ ਦੂਜੇ ਨੂੰ ਹਰਾਉਣ ਦੀ ਕੋਸ਼ਿਸ਼ ਕੀਤੀ ਹੈ । ਇਨ੍ਹਾਂ ਦੇ ਅਫਸਰਾਂ ਨੇ ਮਦਾਖਲਤ ਕਰਕੇ ਪੰਚਾਇਤਾਂ ਦੀਆਂ ਇਲੈਕਸ਼ਨਾਂ ਕਰਵਾਈਆਂ ਹਨ । ਉਹ ਵੀ ਕਾਮਯਾਬ ਨਹੀਂ ਹੋਈਆਂ । ਅੰਦਾਜ਼ਾ ਲਗਾਉ ਅਤੇ facts and figures ਮੰਗਵਾ ਕੇ ਦੇਖੋ ਕਿ ਜਦ ਤੋਂ ਪੰਚਾਇਤਾਂ ਬਣੀਆਂ ਹਨ ਕਿੰਨੇ ਪੰਚ ਤੇ ਸਰਪੰਚ ਕਤਲ ਹੋਏ ਹਨ । ਅੰਮ੍ਰਿਤਸਰ ਤੇ ਗੁਰਦਾਸ ਪੁਰ ਵਿਚ ਅਤੇ ਸ਼ਾਇਦ ਫੀਰੋਜ਼ਪੁਰ ਵਿਚ ਵੀ ਪੰਚ ਤੇ ਸਰਪੰਚ ਸਭ ਤੋਂ ਜ਼ਿਆਦਾ ਕਤਲ ਹੁੰਦੇ ਹਨ । ਇਸ ਤਰ੍ਹਾਂ ਕਰਕੇ ਧੜੇਬੰਦੀ ਕਾਇਮ ਕਰ ਦਿਤੀ ਹੈ । ਅੱਜ ਦੀਆਂ ਅਖਬਾਰਾਂ ਵਿਚ ਪੜ੍ਹਿਆ ਹੈ ਕਿ ਪੰਚਾਇਤਾ ਨੂੰ ਹੋਰ ਅਧਿਕਾਰ ਦੇ ਰਹੇ ਹਨ । ਮੈਂ ਕਹਿੰਦਾ ਹਾਂ ਕਿ ਪੰਚਾਇਤਾਂ ਨੂੰ ਜਿੰਨੇ ਮਰਜ਼ੀ ਹੈ ਅਧਿਕਾਰ ਦਿਉ, ਕੋਈ ਐਸੀ supervisory ਕਮੇਟੀ ਬਣਾਈ ਜਾਏ ਜੋ ਦੇਖੇ ਕਿ ਅਧਿਕਾਰਾਂ ਦਾ ਇਸਤੇਮਾਲ ਠੀਕ ਹੋ ਰਿਹਾ ਹੈ ਜਾਂ ਨਹੀਂ । ਜਿੰਨੀ ਨਾਜਾਇਜ਼ ਵਰਤੋਂ ਉਹ ਕਰਦੇ ਹਨ ਉਹ ਰੋਕੀ ਜਾਵੇ । ਜਿਹੜਾ ਇਕ ਵਾਰੀ ਚੁਣ ਕੇ ਆ ਜਾਂਦਾ ਹੈ ਭਾਵੇਂ ਇਕ ਵੋਟ ਵੀ ਵਧ ਲੈ ਕੇ ਆ ਜਾਵੇ, ਭਾਵੇਂ ਉਸ ਦਾ character ਕੋਈ ਨਹੀਂ, ਚਾਹੇ ਉਹ 15, 20 ਸਾਲ 10 ਨੰਬਰ ਦਾ ਬਦਮਾਸ਼ ਰਿਹਾ ਹੋਵੇ ਉਹ ਸਾਰੀ ਉਮਰ ਦਾ ਬਦਲਾ ਲੈਂਦਾ ਹੈ; (ਵਿਘਨ)

ਪਤਾ ਨਹੀਂ ਚੀਫ ਮਿਨਿਸਟਰ ਸਾਹਿਬ ਨੇ ਇਸ ਪਾਸੇ ਤਵੱਜੁਹ ਕੀਤੀ ਹੈ ਕਿ ਨਹੀਂ ਕਿ ਪੰਚਾਇਤਾ ਵਿਚ ਬੜੇ ਗ਼ਲਤ ਫੈਸਲੇ ਕੀਤੇ ਜਾਂਦੇ ਨੇ । ਉਥੇ ਫੈਸਲੇ ਇਨਸਾਫ ਦੀ ਨਿਗਾਹ ਨਾਲ ਨਹੀਂ ਔਰ ਕਨੂੰਨ ਦੇ ਨਜ਼ਰੀਏ ਨਾਲ ਨਹੀਂ ਸਗੋਂ ਧੜੇਬੰਦੀ ਦੇ ਲਿਹਾਜ਼ ਨਾਲ ਕੀਤੇ ਜਾਂਦੇ ਹਨ । ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਇਨ੍ਹਾਂ ਚੀਜ਼ਾਂ ਦਾ ਸਿਰਫ ਚਲਾ ਦੇਣਾ ਹੀ ਕਾਫੀ ਨਹੀਂ, ਉਨ੍ਹਾਂ ਨੂੰ ਦੇਖਣਾ ਔਰ supervise ਕਰਨਾ ਵੀ ਜ਼ਰੂਰੀ ਹੈ । ਗਵਰਨਰ ਸਾਹਿਬ ਨੇ ਇਸ Address ਵਿਚ ਪੰਚਾਇਤ ਰਾਜ ਦਾ ਜ਼ਿਕਰ ਕੀਤਾ ਹੈ ।

Mr. Speaker; Wind up please.

ਸਰਦਾਰ ਗੁਰਬਖਸ਼ ਸਿੰਘ: ਬਸ ਜੀ ਮੈਂ ਆਪਣੀ speech ਨੂੰ ਖਤਮ ਹੀ ਕਰ ਦਿੰਦਾ ਹਾਂ। ਇਕ ਗੱਲ ਮੈਂ scheduled castes ਦੇ ਮੁਤਅਲਕ ਕਰਨੀ ਹੈ। ਇਸ Address ਵਿਚ ਇਨ੍ਹਾਂ ਨੇ ਫਰਮਾਇਆ ਹੈ ਕਿ ਅਸੀਂ ਹਰੀਜਨਾਂ ਲਈ ਇਹ ਕੁਝ ਕੀਤਾ ਹੈ। ਅਸੀਂ ਆਖਦੇ ਹਾਂ ਕਿ ਸਹੀ ਮਾਅਨਿਆਂ ਵਿਚ ਜੇਕਰ ਤੁਸੀਂ ਕੋਈ ਚੰਗੀ ਗੱਲ ਕਰੋ ਤਾਂ ਅਸੀਂ ਤੁਹਾਡੇ ਨਾਲ ਹਾਂ। ਅਸੀਂ ਚਾਹੁੰਦੇ ਹਾਂ ਕਿ ਹਰੀਜਨਾਂ ਦੀ ਤੇ ਬਾਕੀ ਦੀਆਂ backward classes ਦੀ ਸਹੀ ਮਾਅਨਿਆਂ ਵਿਚ ਇਮਦਾਦ ਕੀਤੀ ਜਾਵੇ ਪਰ ਤੁਸੀਂ ਠੀਕ ਤਰ੍ਹਾਂ ਨਹੀਂ ਕਰ ਰਹੇ। ਮੈਂ ਪੁਛਦਾ ਹਾਂ ਕਿ ਕੀ ਉਨ੍ਹਾਂ ਇਸਾਈਆਂ ਨਾਲੋਂ ਵੀ ਕੋਈ ਵਧ ਬੈਕਵਰਡ ਹੈ ਜਿਹੜੇ ਇਸਾਈ ਹਰੀਜਨਾਂ ਵਿਚੋਂ ਹੋਏ ਹੋਏ ਨੇ। ਲੇਕਿਨ ਉਨ੍ਹਾਂ ਨੂੰ scheduled castes ਵਿਚ ਕਿਉਂ ਨਾ ਗਿਣਿਆ ਜਾਵੇ ?

Chief Minister: All the facilities that are afforded to the Scheduled Castes are also extended to them.

Sardar Lachhman Singh Gill: The hon. Chief Minister should look to their houses as well.

ਸਰਦਾਰ ਗੁਰਬਖਸ਼ ਸਿੰਘ : ਉਨ੍ਹਾਂ ਨੂੰ facilities ਕੁਝ ਸਰਕਾਰ ਵਲੋਂ ਦਿਤੀਆਂ ਗਈਆਂ ਹੋਣਗੀਆਂ ਪਰ ਮੈਂ ਪੁਛਦਾ ਹਾਂ ਕਿ ਕੀ ਉਨ੍ਹਾਂ ਲਈ ਕੋਈ reservation ਕੀਤੀ ਹੈ ਕਿ ਉਨ੍ਹਾਂ ਦਾ ਵੀ ਕੋਈ ਮੈਂਬਰ ਇਸ ਹਾਊਸ ਵਿਚ ਆ ਸਕੇ ? ਫਿਰ ਉਨ੍ਹਾਂ ਦੀ ਜੋ ਮਾਲੀ ਹਾਲਤ ਹੈ ਕੀ ਉਹ ਹਰੀਜਨਾਂ ਨਾਲੋਂ ਨੀਵੀਂ ਨਹੀਂ ? (ਘੰਟੀ)

ਸਪੀਕਰ ਸਾਹਿਬ, ਜੋ ਇਸ ਸਰਕਾਰ ਨੇ land policy ਬਣਾਈ ਹੋਈ ਹੈ, ਮੈਂ ਤਾਂ ਉਸ ਬਾਰੇ ਕਹਿ ਰਿਹਾ ਸੀ। ਇਨ੍ਹਾਂ ਇਸ Address ਵਿਚ ਦਸਿਆ ਹੈ ਕਿ ਗੌਰਮਿੰਟ ਨੇ ਇਸ ਮਸਲੇ ਵਿਚ ਬੜੀ ਤਰੱਕੀ ਕੀਤੀ ਹੈ। ਜਿਹੜੀ Finance Secretary ਵਲੋਂ ਕਿਤਾਬ 'Punjab on the March' ਦਿਤੀ ਗਈ ਹੈ ਉਸ ਤੋਂ ਸਾਫ ਮਾਲੂਮ ਹੁੰਦਾ ਹੈ ਕਿ ਇਸ ਸਰਕਾਰ ਦੀ ਇਹ ਲੰਗੜੀ ਚਾਲ ਹੀ ਹੈ ਔਰ ਇਨ੍ਹਾਂ ਦੇ ਅੰਕੜਿਆਂ ਨੇ ਇਹ ਗਲ ਸਾਬਤ ਕਰ ਦਿਤੀ ਹੈ। ਇਸ ਵਿਚ ਲਿਖਿਆ ਹੈ—

> "Punjab is fundamentally a land of agriculturists with small self cultivated, scattered and uneconomic holdings which are great handicaps to farm improvement."

ਸੋ ਮੈਂ ਸਮਝਦਾ ਹਾਂ ਕਿ ਇਸ ਸਰਕਾਰ ਦੀ policy ਖਾਸ ਤੌਰ ਤੇ ਜੋ land ਦੇ ਮੁਤਾਲਕ ਹੈ ਉਹ ਕਤਈ ਤੌਰ ਤੇ fail ਹੋਈ ਹੈ। ਦੇਸ਼ ਆਜ਼ਾਦ ਹੋਏ ਨੂੰ ਇਤਨਾ ਚਿਰ ਹੋ ਗਿਆ ਹੈ, ਇਸ ਗੌਰਮਿੰਟ ਨੇ ਇਤਨੇ census ਕਰਾਏ ਹਨ ਪਰ ਜ਼ਮੀਨ ਦੇ ਮੁਤਾਲਕ ਇਸਨੇ ਕੋਈ census ਨਹੀਂ ਕਰਾਇਆ ਕਿ ਇਕ ਏਕੜ ਜ਼ਮੀਨ ਤੇ ਕਿਤਨੇ ਬੰਦੇ depend ਕਰਦੇ ਨੇ ਔਰ ਫੀ ਏਕੜ ਜ਼ਮੀਨ ਕਿਤਨਿਆਂ ਨੂੰ ਰੋਟੀ ਦੇ ਸਕਦੀ ਹੈ। ਤੁਸੀਂ ਇਸ Address ਵਿਚ ਇਹ ਤਾਂ ਦਸਿਆ ਹੈ ਕਿ 3,50,000 ਏਕੜ ਜ਼ਮੀਨ landless tenants ਵਿਚ ਵੰਡੀ ਜਾਵੇਗੀ ਪਰ ਇਸ ਵਿਚ ਇਹ ਨਹੀਂ ਦਸਿਆ ਕਿ ਕਿਤਨੇ landless cultivators ਵਿਚ ਵੰਡੀ ਜਾਵੇਗੀ। ਪਰ ਇਸ ਕਿਤਾਬ ਵਿਚ ਜਿਸਦਾ ਨਾਂ 'Punjab on the March' ਹੈ ਇਸ ਦੇ ਸਫਾ ਨੰ: 96 ਉਤੇ ਦਸਿਆ ਗਿਆ ਹੈ ਕਿ 3,50,000

[ਸਰਦਾਰ ਗੁਰਬਖਸ਼ ਸਿੰਘ]

ਏਕੜ ਜ਼ਮੀਨ 1,50,000 land less tenants ਵਿਚ ਵੰਡੀ ਜਾਵੇਗੀ । ਇਹ 1,50,000 ਆਦਮੀ ਵੀ ਨਹੀਂ ਇਹ 1,50,000 ਟੱਬਰ ਹੋਣਗੇ ਜਿਨ੍ਹਾਂ ਵਿਚ ਇਹ ਵੰਡੀ ਜਾਵੇਗੀ । ਪਰ ਸਰਕਾਰ ਵਲੋਂ ਇਸ ਬਾਰੇ ਇਹ ਨਹੀਂ ਦਸਿਆ ਗਿਆ ਕਿ ਇਕ ਏਕੜ ਵਿਚੋਂ ਕਿਤਨੀ ਆਮਦਨੀ ਹੁੰਦੀ ਹੈ । ਕੀ ਇਹ ਇਤਨੀ ਹੋਵੇਗੀ ਜਿਸ ਵਿਚੋਂ ਉਹ ਰੋਟੀ ਖਾ ਸਕੇਗਾ ? ਮੈਂ ਦੇਣ ਦੇ ਖਿਲਾਫ ਨਹੀਂ । ਮੈਂ ਤਾਂ ਇਹ ਕਹਿੰਦਾ ਹਾਂ ਕਿ ਜੇ ਉਨ੍ਹਾਂ ਨੂੰ ਜ਼ਮੀਨ ਦੇਣੀ ਹੈ ਤਾਂ ਉਤਨੀ ਦਿਉ ਜਿਤਨੀ economic holding ਹੋਵੇ......

ਮੁਖ ਮੰਤਰੀ : ਕਿਧਰੇ ਇਹ ਬਹਾਨਾ ਤਾਂ ਨਹੀਂ ਕਿ ਇਤਨੀ ਹੀ ਨਾਂ ਦਿਉ ?

ਸਰਦਾਰ ਗੁਰਬਖਸ਼ ਸਿੰਘ : ਮੈਂ ਕਹਿੰਦਾ ਹਾਂ ਕਿ ਪਹਿਲੇ ਮੈਨੂੰ ਸੁਣ ਤਾਂ ਲਉ ।

Chief Minister : Can the hon. Member tell the average number of holdings in Punjab ?

ਸਰਦਾਰ ਗੁਰਬਖਸ਼ ਸਿੰਘ : ਮੈਂ ਅਰਜ਼ ਕਰਦਾ ਹਾਂ ਕਿ ਪਹਿਲੇ economic holding ਦੀ ਹਦ ਮੁਕਰਰ ਕਰ ਲਉ ਔਰ ਚਾਹੇ 20 ਏਕੜ ਜਾਂ 30 ਏਕੜ ਜਿਤਨੀ ਵੀ ਤੁਸੀਂ economic holding ਸਮਝੋ ਉਤਨੀ ਘਟ ਤੋਂ ਘਟ ਫੀ ਆਦਮੀ ਨੂੰ ਦਿਉ । ਮੈਂ ਪੁਛਦਾ ਹਾਂ ਕਿ ਕੀ ਤੁਸੀਂ ਲੋਕਾਂ ਦਾ standard ਉਚਾ ਚੁਕਣਾ ਹੈ ਜਾ ਹੇਠਾਂ ਨੂੰ ਲੈ ਜਾਣਾ ਹੈ, ਕੀ ਤੁਸੀਂ ਸੌ ਰੁਪਏ ਵਾਲੇ ਨੂੰ 20 ਰੁਪਏ ਵਾਲੇ ਤਕ ਲਿਆਉਣਾ ਹੈ ਜਾਂ 20 ਰੁਪਏ ਵਾਲੇ ਨੂੰ 100 ਰੁਪਏ ਆਮਦਨੀ ਵਾਲੇ ਦੇ ਬਰਾਬਰ ਲੈ ਜਾਣਾ ਹੈ ?

Chief Minister : Now the cat is out of the bag. You do not want land to be given to the Harijans ?

ਸਰਦਾਰ ਗੁਰਬਖਸ਼ ਸਿੰਘ : ਮੈਂ ਤਾਂ ਇਹ ਕਹਿ ਰਿਹਾ ਹਾਂ ਕਿ ਤੁਸੀਂ ਪਹਿਲੇ economic holding ਮੁਕਰਰ ਕਰੋ । ਕੀ ਤੁਸੀਂ ਹਰੀਜਨਾਂ ਨੂੰ ਇਕ ਇਕ ਜਾਂ ਦੋ ਦੋ ਏਕੜ ਜ਼ਮੀਨ ਦੇ ਕੇ ਸਾਰਿਆਂ ਨੂੰ ਭੁਖਿਆਂ ਮਾਰਨਾ ਚਾਹੁੰਦੇ ਹੋ ? ਜੇ ਤੁਹਾਡੀ ਇਹੋ ਹੀ policy ਰਹੀ ਤਾਂ ਤੁਹਾਡੀਆਂ ਸਾਰੀਆਂ ਸਕੀਮਾਂ fail ਹੋ ਜਾਣਗੀਆਂ । ਤੁਸੀਂ ਜ਼ਰੂਰ ਕੋਈ ਘਟ ਤੋਂ ਘਟ limit economic holding ਦੀ ਮੁਕਰਰ ਕਰੋ ਨਹੀਂ ਤਾਂ ਤੁਹਾਡੀ consolidation ਦਾ ਕੰਮ ਵੀ ਰਦੀ ਹੋ ਜਾਵੇਗਾ ਜਿਸ ਬਾਰੇ ਤੁਸੀਂ ਬੜੀਆਂ ਡੀਂਗਾਂ ਮਾਰਦੇ ਹੋ ਕਿ ਇਹ 1965 ਵਿਚ ਖਤਮ ਹੋ ਜਾਵੇਗਾ । ਮੈਂ ਕਹਿੰਦਾ ਹਾਂ ਕਿ ਤੁਸੀਂ ਕਿਸੇ ਨੂੰ ਵੀ 30 standard ਏਕੜ ਤੋਂ ਘਟ ਜ਼ਮੀਨ ਨਾ ਦਿਉ । ਇਸਦਾ ਇਲਾਜ ਇਹ ਹੈ ਕਿ ਸਰਕਾਰ law of primogeniture ਲਾਗੂ ਕਰੇ ਨਹੀਂ ਤਾਂ ਚੱਕਬੰਦੀ ਬੇਅਰਥ ਹੋ ਜਾਏਗੀ ਕਿਉਂ ਜੋ ਕੁਝ ਸਾਲਾਂ ਬਾਅਦ 30 ਏਕੜ ਫੇਰ ਮੁੰਡਿਆਂ ਵਿਚ ਵੰਡੀ ਜਾਵੇਗੀ ਤਾਂ ਨਵੇਂ ਸਿਰਿਉਂ ਛੋਟੇ ਛੋਟੇ ਟੁਕੜੇ ਹੋ ਜਾਣਗੇ ਤੇ ਚਕਬੰਦੀ ਸਾਰੀ ਉਮਰ ਨਹੀਂ ਮੁਕ ਸਕੇਗੀ ।

ਮੁਖ ਮੰਤਰੀ : ਤੁਸੀਂ ਇਹ ਚਾਹੁੰਦੇ ਹੋ ਕਿ ਇਸ ਕਰਕੇ ਹਰੀਜਨਾਂ ਨੂੰ ਨਾਂ ਦਿੱਤੀ ਜਾਵੇ ।

ਸਰਦਾਰ ਗੁਰਬਖਸ਼ ਸਿੰਘ: ਮੈਂ ਕਹਿੰਦਾ ਹਾਂ ਕਿ ਭਾਵੇਂ ਉਹ ਹਰੀਜਨ ਹੋਣ ਤੇ ਭਾਵੇਂ ਜਟ ਹੋਣ, ਜਿਨ੍ਹਾਂ ਪਾਸ ਘਟ ਜ਼ਮੀਨ ਹੈ ਜਾਂ ਹੈ ਹੀ ਨਹੀਂ ਉਨ੍ਹਾਂ ਨੂੰ ਇਤਨੀ ਜ਼ਮੀਨ ਦਿਉ ਕਿ ਉਹ economic holding ਹੋ ਜਾਵੇ। ਇਸ ਬਾਰੇ ਮੈਂ ਦੋ ਤਜਵੀਜ਼ਾਂ ਰਖਦਾ ਹਾਂ। ਪਹਿਲੀ ਤਾਂ ਇਹ ਹੈ ਕਿ ਤੁਸੀਂ ਘਟੋ ਘਟ economic holding ਦੀ limit 30 standard ਏਕੜ ਮੁਕਰਰ ਕਰ ਦਿਉ....

ਮੁਖ ਮੰਤਰੀ . ਉਹ ਤੁਹਾਡੇ ਹੀ ਘਰਾਂ ਵਿਚ ਰਖੀ ਜਾਵੇ।

ਸਰਦਾਰ ਗੁਰਬਖਸ਼ ਸਿੰਘ : ਇਸ ਦਾ ਨਤੀਜਾ ਇਹ ਹੋਵੇਗਾ ਕਿ ਜਿਤਨੇ 30 standard acres ਦੀ holding ਤੇ ਹੋਣਗੇ ਉਹ ਆਪਣਾ standard ਕੰਮ ਅਜ਼ ਕੰਮ ਥੱਲੇ ਤੇ ਨਹੀਂ ਲੈ ਜਾਣਗੇ।

ਦੂਜੀ ਤਜਵੀਜ਼ ਇਹ ਹੈ ਕਿ ਜਿਹੜੇ ਬਾਕੀ ਦੇ tenants ਬਚਣ, ਉਨ੍ਹਾਂ ਲਈ ਤੁਸੀਂ ਆਪ planning ਕਰੋ। ਔਰ ਇਹ ਕੰਮ ਤੁਸੀਂ Centre ਦੇ Planning Commission ਤੇ ਨਾ ਛੱਡੋ। ਮੈਂ ਕਹਿੰਦਾ ਹਾਂ ਕਿ ਸਾਡੇ ਸੂਬੇ ਦੇ ਹਾਲਾਤ ਬਾਕੀ ਦੇ ਸੂਬਿਆਂ ਨਾਲੋਂ ਵਖਰੇ ਹਨ ਇਸ ਲਈ Central Planning Commission ਵਾਲੇ ਇਥੋਂ ਦੀਆਂ ਸਾਰੀਆਂ ਗੱਲਾਂ ਨਹੀਂ ਸਮਝ ਸਕਦੇ। ਬੰਗਾਲ ਜਾਂ ਮਦਰਾਸ ਦੇ ਰਹਿਣ ਵਾਲੇ ਇਥੋਂ ਦੇ ਸਾਰੇ ਹਾਲਾਤ ਤੋਂ ਜਾਣੂ ਨਹੀਂ ਹੋ ਸਕਦੇ। ਇਸ ਲਈ ਮੈਂ ਕਹਿੰਦਾ ਹਾਂ ਕਿ ਇਕ Provincial Planning Commission ਬਣਾਉ ਜਿਹੜਾ ਇਥੋਂ ਦੇ ਹਾਲਾਤ ਦੇ ਮੁਤਾਬਕ planning ਕਰੇ ਕਿ ਕਿਤਨੇ per cent ਲੋਕਾਂ ਨੂੰ ਜ਼ਮੀਨਾਂ ਤੇ ਰਖਣਾ ਹੈ ਤੇ ਕਿਤਨੇ per cent ਨੂੰ agriculture ਵਿਚੋਂ ਕੱਢ ਕੇ industry ਵਲ ਲੈ ਜਾਣਾ ਹੈ। ਉਹ ਕਮਿਸ਼ਨ ਇਹ ਸਾਰੀ ਚੀਜ਼ organise ਕਰੇ। ਜਿਤਨੇ ਜਿਤਨੇ ਔਰ ਜਿਵੇਂ ਜਿਵੇਂ agriculture ਤੋਂ ਵਿਹਲੇ ਹੁੰਦੇ ਜਾਣ ਉਸੇ ਤਰ੍ਹਾਂ ਉਹ industry ਵਿਚ absorb ਹੁੰਦੇ ਜਾਣ। Agriculture ਤੇ Industry ਦੋਨੋਂ side by side ਚਲਣ, ਤਦ ਹੀ ਦੇਸ਼ ਤਰਕੀ ਕਰ ਸਕਦਾ ਹੈ ਔਰ ਜਿਤਨਾ ਭਾਰ ਜ਼ਮੀਨ ਚੁਕ ਸਕੇ ਉਤਨਾ ਉਸ ਤੇ ਪਾਉ।

Mr. Speaker : Wind up please.

ਸਰਦਾਰ ਗੁਰਬਖਸ਼ ਸਿੰਘ : ਸਪੀਕਰ ਸਾਹਿਬ, ਮੈਂ ਇਕ ਗੱਲ ਹੋਰ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਇਸ ਸਰਕਾਰ ਨੇ ਕੁਝ ਗੱਲਾਂ ਚੰਗੀਆਂ ਕੀਤੀਆਂ ਨੇ ਭਾਵੇਂ ਉਹ ਬੜੀਆਂ ਛੋਟੀਆਂ ਨੇ। ਇਕ ਤਾਂ ਇਹ ਹੈ ਕਿ ਜੋ ਸਰਕਾਰ ਨੇ ਫ਼ਸਲਾਂ ਦੇ ਬੀਮੇ ਕਰਨ ਦਾ ਫੈਸਲਾ ਕੀਤਾ ਹੈ ਔਰ ਇਸ ਬਾਰੇ ਇਕ scheme ਅਰੰਭ ਕੀਤੀ ਹੈ ਇਹ ਬੜੀ ਚੰਗੀ ਚੀਜ਼ ਹੈ ਪਰ ਇਸ ਬਾਰੇ ਇਸ Address ਵਿਚ ਕੋਈ ਜ਼ਿਕਰ ਹੀ ਨਹੀਂ ਕਿ ਇਹ ਕਿਤਨਾ ਕੁਝ ਕਰੇਗੀ ਤੇ ਇਸ ਬਾਰੇ ਕਿਤਨ ਪਰੋਗਰਾਮ ਹੋਵੇਗਾ। ਇਸ ਬਾਰੇ ਕੋਈ ਪਤਾ ਨਹੀਂ ਦਿੱਤਾ ਗਿਆ। ਦੂਜੀ ਇਸ ਨੇ ਬੁਢਿਆਂ ਲਈ, ਜੋ 65 ਸਾਲ ਤੋਂ ਵਡੀ ਉਮਰ ਦੇ ਹਨ, ਜੋ ਸਹਾਇਤਾ ਦੇਣ ਦਾ ਫੈਸਲਾ ਕੀਤਾ ਹੈ, ਇਹ ਬੜਾ ਚੰਗਾ ਕੀਤਾ ਹੈ। ਪਰ ਮੈਂ ਇਸ ਬਾਰੇ ਇਹ ਜ਼ਰੂਰ ਅਰਜ਼ ਕਰਾਂਗਾ ਕਿ ਸਾਡੇ ਨਾਲੋਂ ਮਦਰਾਸ ਸਰਕਾਰ ਅਗੇ ਵਧ ਗਈ ਹੈ।

ਮੈਂ ਤਾਂ, ਸਪੀਕਰ ਸਾਹਿਬ, ਹੋਰ ਬਹੁਤ ਗਲਾਂ ਕਰਨੀਆਂ ਸਨ ਕਿਉਂਕਿ ਸਰਕਾਰ ਦੀ ਸਮੁਚੀ ਪਾਲਿਸੀ ਤੇ ਵਿਚਾਰ ਪਰਗਟ ਕਰਨ ਲਈ ਇਹ ਦਸਾਂ ਪੰਦਰਾਂ ਮਿੰਟਾਂ ਦਾ ਸਮਾਂ ਬਹੁਤ ਥੋੜਾ ਹੁੰਦਾ ਹੈ।

Mr. Speaker : The hon. Member has spoken for more than twenty minutes, please.

Sardar Gurbaksh Singh : Then I am sorry, I beg to be excused.

श्री अमर नाथ शर्मा (कांगड़ा) : स्पीकर साहिब, मैं उस प्रस्ताव का समर्थन करने के लिये खड़ा हुआ हूँ जो मेरे भाई कामरेड रामचन्द्र ने राज्यपाल महोदय के Address का धन्यवाद करने के लिए House के सामने पेश किया । इसलिए समर्थन करने के लिए खड़ा नहीं हुआ हूँ कि मैं Congress Party का एक सदस्य हूँ बल्कि इस लिए कि आज़ादी मिलने के बाद देश के नेताओं ने जनता के साथ जो वायदे किए थे; इस Address में उन्हीं वायदों की पूर्ति का वर्णन मिलता है। जो बड़ा वायदा देश के नेताओं ने किया था वह यह था कि हम आज़ादी के बाद देश में ऐसी नई शासन प्रणाली बनाने जा रहे हैं जिसका आधार democratic socialistic pattern होगा। यहाँ पर यह आक्षेप किया गया कि राज्यपाल महोदय ने इसके अन्दर किसी नई policy का ज़िक्र नहीं किया । अगर मेरे काबिल दोस्तों ने Address को भली प्रकार पढ़ा होता तो राज्यपाल महोदय ने इसमें साफ शब्दों में बताया कि चूंकि चुनाव होने के, नई गवर्नमेंट बन नहीं पाई थी इसलिये उसमें नई policy का ज़िक्र नहीं किया गया। सिर्फ उन्हीं कामों का ज़िक्र किया जो कि उस राज्य के निर्माण कार्य को आगे ले जाने के लिये सरकार ने किये जिसका मूल आधार sociatistic pattrn को कायम करना है। ठीक है कि उस वक्त सरकार के भी वही leader थे जो कि आज हमारे लीडर हैं लेकिन योजनाओं के अनुसार जितनी प्रगति सरकार पिछले साल इस दिशा में कर पाई उसका उल्लेख माननीय राज्यपाल महोदय ने अपने भाषण में किया ।

स्पीकर साहिब, नेताओं ने कितना खूब कहा कि socialistic pattern democratic set up में जनता का राज, जनता के नुमाइंदों के द्वारा जनता के लिए हो और जहां administrative और political तौर पर decentrali sation हो वहां economic तोर पर भी decentralisation की जाए। इस Address में इन दोनों बातों का विस्तार के साथ वर्णन मिलता है। राज्यपाल महोदय ने अपने भाषण में एक बड़ी बात की तरफ इशारा किया कि हरेक मैम्बर का यह कर्त्तव्य है कि वह अपनी अक्ल, तदब्बर और मेहनत से लोगों की भलाई के लिये, उनकी उन्नति के लिए, तरक्की के लिये अच्छे २ सुझाव गवर्नमेंट को दे। लेकिन मुझे बड़े अफसोस के साथ कहना पड़ता है कि यहां पर आकर मेरे आपोज़ीशन के भाईयों ने जो हुल्लड़बाजी की, जो शोर मचाया उसे देखकर क्या यह कहा जा सकता है कि उन्होंने उन लोगों का सही तौर पर प्रतिनिधित्व किया जिन्होंने शायद गलत नज़रिये में आकर उन्हें वोट दिये या यहां पर चुनकर भेजा। बस उनकी हर बात में क्रोध और सरकार के प्रति घृणा का ही भाव टपकता है; अभी तक कोई ऐसी उसारू सुझाव या बात उनकी तरफ से यहां पर नहीं की गई जिसका जनता की भलाई या उन्नति के साथ दूर का भी वास्ता हो। हमारे दोस्त आपोज़ीशन में से डाक्टर साहब ने फरमाया कि हमें सियासियात से ऊपर उठ कर जनता की भलाई

की बातें सोचनी चाहिएं और उन्होंने एक और बात कही कि जब election के बाद सरकार बन जाती है तो वह किसी एक पार्टी की सरकार नहीं होती, वह सारी जनता की सांझी सरकार होती है। मगर क्या किया जाए, स्पीकर साहब, काश ! मेरे Opposition के भाइयों में कुछ सूझबूझ होती और जिन voters से verdict लेकर आए हैं उनकी भलाई के लिये सरकार को कुछ सुझाव दिए होते कि यह काम ऐसे नहीं ऐसे करो। मगर, स्पीकर साहिब, कोई सुझाव उन्होंने अभी तक नहीं दिया। बस चुनाव के इर्द-गिर्द ही घूमते रहे हैं, कि साहिब- वहां election में यह हो गया, वह हो गया । काश- स्पीकर साहिब, इन दोस्तों ने election के आंकड़ों को ही देखा होता । जनाब, अगर मेरे ये दोस्त ख्याल से सोचें, अक्ल से सोचें तो सही नकशा उनकी आंखों के सामने आ जाएगा । इस राज्य के अन्दर 1,06,37,112 वोटर हैं। इनमें से 69,00,000 voters ने अपने अधिकार का प्रयोग किया । अकाली पार्टी के Deputy Leader ने यहां बड़े तमतराक से कहा था कि सरमायदारों ने ही कांग्रेस को वोट दिए। और किसी ने नहीं दिए स्पीकर साहिब, क्या मैं आपके द्वारा उनसे पूछ सकता हूँ कि पंजाबी रिजन के 55,00,000 voters में से क्या यह सच नहीं कि आप पंजाबी सूबा issue पर सिर्फ 8,00,000 votes ही हासिल कर सके बावजूद इस बात के, कि उन्हें धार्मिक और साम्प्रदायिक तौर पर हर तरह भड़काने की कोशिश की गई ? और वह भी इन्होंने कहीं जाति भेद के आधार पर, कहीं राजाशाही से मिल कर, कहीं जनसंघ वालों से गांठसांठ करके और कहीं जोश साहिब की उस पार्टी से सहायता लेकर हासिल किये जो कि देश में socialism और communism लाने का दावा करती है। इतनी दौड़धूप करने के बाद भी मेरे ये भाई सिर्फ ८ लाख votes ही हासिल कर सके। बात दरअसल, स्पीकर साहिब, यह है कि उन्नति और खुशहाली लाने के लिये सूबे में जो प्रगति हो रही है उसे देख कर उनके मन में खुशी नहीं होती बल्कि घृणा और जलन पैदा होती है। उन्हें इस बात की जलन होती है कि पार्टी का leader, House का leader, सूबे का leader, सरकार का leader अपने साथियों के साथ उन्नति के काम करके किस तरह पंजाब को तरक्की की राह पर आगे ले जा रहा है । (**Cheers from Treasury Benches**) स्पीकर साहिब, मैं बता रहा था कि हम जनता की भलाई के लिये जनता का राज स्थापित करने चले हैं। यही हमारा उद्देश्य है। इस सम्बन्ध में एक बात का वर्णन मैं यहां कर देना ज़रूरी समझता हूँ । काश ! मेरे उन दोस्तों ने, जो यहां पर केवल नुक्ता चीनी ही करते हैं, जो दूसरे मुल्क से हिदायत हासिल करते हैं; वहां से विचार लेते हैं उसी मुल्क से दरियाफ्त कर लिया होता कि वहां पर Ministries कैसे बनती हैं । स्पीकर साहिब, आपको याद होगा कि हमारी केन्द्रीय सरकार की तरफ से शिक्षा विभाग के सम्बन्ध में जानकारी प्राप्त करने के लिए एक delegation रूस गया था। उस शिष्टमंडल में इस सूबे की D. P. I. भी थीं। उन्होंने अपनी report में बताया कि रूस में State level पर मिनिस्ट्री बनती है और एक एक मनिस्टर के साथ छः छः डिप्टी मिनिस्टर होते हैं ताकि education के काम को पूरी तरह से सम्भाला जा

[श्री अमर नाथ शर्मा]

सकें। समझ नहीं आती कि जब एक Education विभाग के लिये रूस में एक मिनिस्टर को assist करने के लिये छ: डिप्टी मिनिस्टर बन सकते हैं............

Mr. Speaker : The hon. Member should not bring any other country in the debate.

श्री अमर नाथ शर्मा : नहीं refer करता, जनाब। मैं यह निवेदन कर रहा था कि जब हम इतने लोक भलाई के काम कर रहे हैं तो हर department की proper देखभाल की जानी निहायत ज़रूरी है।

अब मैं अपनी पहली बात पर आता हूँ। जनता का राज जनता के द्वारा सम्भाले जाने के प्रयत्न को पूरा करने के लिये पंजाब सरकार ने सब से पहले administrative तौर पर powers को decentralize किया। ज़िला headquarters से नीचे जाकर अब तहसील और sub-division headquarters पर लोगों को न्याय पहुंचाने का प्रबन्ध किया। अगर यही होता तो शायद मैं भी कहता कि सरकार इस ओर काम नहीं कर पाई, लेकिन जनता के अन्दर खुद्दारी पैदा करने के लिये self help का जज़बा पैदा करने के लिये पंचायत राज कायम किया। इस वक्त तक सूबे में 13,439 पंचायतें कायम की जा चुकी हैं जिनमें 83,308 पंच हैं। आप को जानकर खुशी होगी कि 4,103 पंचायतों का election unanimously हुई। इस तरह से आप देखें कि पंजाब सरकार जनता को निचले level से इस बात के लिये तैयार कर रही है कि वह administration का काम सम्भाल सके, न्याय कर सकें।

इसके अलावा, अब मैं agricultural production की तरफ आता हूँ। मेरे दोस्त सरदार गुरबख्श सिंह ने 'Punjab on the March' का हवाला दिया। काश! वह इस सम्बन्ध में आंकड़ों का details भी पढ़ लेते। अभी हम ने दो पड़ाव पार किये हैं, तीसरे में पांव रखा है। मैं पैदावार के बारे में बताना चाहता हूँ कि अनाज 1950-51 में 33,69,000 टन पैदा होता था, जबकि 1961 के आखिर में हमारे यहां 61,65,000 टन अनाज पैदा हुआ। गन्ना 1950-51 में 4,400,000 टन पैदा होता था जबकि 1961 में 10,03,000 टन पैदा हुआ। कपास की पैदावार तीन लाख टन से बढ़ कर 7,38,900 टन हो गई। जब हमारे देश का बँटवारा हुआ तो हमारे पास अपने खाने के लिये अनाज नहीं था। हमारे लिये मक्की ब्राज़ील से और गंदम अमरीका से आती थी। मगर आज चावल, मक्की कपास यहां तक कि sugar तक हम अपने सूबे से भेजने के लिये तैयार बैठे हैं। (तालियां) काश! मेरे काबिल भाई जो वकील भी हैं सन्नती production के मुतालिक आंकड़े भी देख लेते। हमारी सरकार ने दोनों मैदानों यानी जरायत और सन्नती में बहुत ज्यादा काम किया है और सूबे को आगे बढ़ाया है। पहले यहां पर रजिस्टर शुदा factories की तादाद 3,000 थी मगर 1961 में यह तादाद 90,451 हो गई और 100 के और licence मिले हुए हैं। काश! Opposition के Leader अपने ही ज़िले की ओर देख लेते। 1947 में वहां एक factory भी न थी। आज भिवानी में,

हिसार में cotton की, textiles की, हौजरी के सूत की factories चल रही हैं। उनको चाहिए था कि industrial production के आंकड़ों पर नजर मारते । हमने 1955-56 में cotton textile का 3,96,000 गज कपड़ा तैयार किया और 1960-61 में यही बढ़ कर 6,67,000 गज हो गया। woollen textile factories में 1955-56 में 4.20 करोड़ रुपये का माल तैयार हुआ जो बढ़ कर 8.39 करोड़ की मालियत का हो गया है। पहले बाई सिकल यहां बाहर से आते थे अब 8 करोड़ रुपये के बाईसिकल दूसरे सूबों और मुल्कों को फरोख्त के लिये यहां से जाते हैं। (cheers) अगर यह तरक्की नहीं तो और क्या है?

जरा तालीम की तरफ देखें। 1947 में हमारे सूबे में कुल 5 लाख विद्यार्थी थे जबकि आज कल 25 लाख विद्यार्थी हो गए हैं। इनको पढ़ाने के लिये हमारे स्कूलों में 50,000 teachers काम कर रहे हैं। अब यह कहना कि वहां 2 की बजाए तीन उस्ताद हों या एक हो, यह तो D. I's या A. D. I's का काम है। सरकार ने तो नीति बनानी होती है आगे उसको carry out करने में कहीं individuals की गलतियां हो सकती हैं वह दुरुस्त हो सकती हैं। सरकार को इन छोटी मोटी बातों पर criticise करना बहुत मुनासिब न होगा। सरकार ने अपनी नीति के मुताबिक देखना है कि हर गांव में primary school हो, तीन मील के area में मिडल और 5 मील के area में high school हो। इतना विस्तार होने के कारण कहीं २ कमियां रह सकती हैं, वह भी दूर होंगी मगर एक दम सब कुछ नहीं हो सकता। सरकार के पास अलादीन का चिराग नहीं है। शायद, Opposition के साथियों के पास हो, जिसके जरिये यह एक दम सारी चीज को बदलने के खाब लेते हों।

5-00 p.m.

फिर, जनाब, administration की decentralisation की बात है। यह तब तक नहीं हो पाती जब तक economy decentralise न की जाए। एक भाई ने पंजाब सरकार की दाद तो दी मगर वह अपनी बातों में ही उलझ कर रह गये। हमने co-operative नजाम को अपनाया है। जनाब, गवर्नर साहिब ने बताया है कि 16,000 service co-operative societies कायम हो चुकी हैं। हमारे कुल 21,000 गांव हैं। उनमें से 16,000 में यह societies लोगों की सारी जरूरतें पूरी करती हैं और जो मुनाफा पहले किसी एक individual को जाता था वह अब गांव के सभी लोगों में बंट जाता है, किसी अकेले आदमी को नहीं जाता। अगर यही होता तो शायद मैं कहता कि सरकार ने कोई कदम नहीं उठाया। अब सरकार ने कोआपरेटिव की तरफ कदम उठाया है। पहले तीन शुगर मिल्ज थे अब सरकार 3 कोआपरेटिव मिलज और लगाने चली है। इसी प्रकार लेबर कांस्ट्रक्शन सोसाइटी सरकार ने बनाई हैं उनमें 50,000 मजदूर उसके मैम्बर हैं (विघ्न)

जनाब, इन लोगों को बीच में टोकने की आदत पड़ी हुई है कृपा करके बन्द करा दें—

श्री अध्यक्ष: कोई आनरेबल मैम्बर बीच में बोलने की कोशिश न करे। (No hon. Member should try to interrupt please.)

श्री अमरनाथ शर्मा : एक बात मैं, जनाब, पब्लिक रिलेशंज डिपार्टमेंट की बाबत कहना चाहता हूँ, कि इस विभाग ने बहुत ही सराहनीय काम किया है और जिन लोगों ने एजीटेशन किए थे और लोगों को वरगलाया था उन लोगों को इस विभाग के अधिकारियों ने और कर्मचारियों ने समझा कर रास्ते पर लाया है और इसके साथ ही इस विभाग के लोगों ने शहीदों की यादगार बनाकर बहुत अच्छा काम किया है। इस सरकार ने पिछले सालों में जो कार्य किया है और जिस का वर्णन हमारे राज्यपाल महोदय ने ऐड्रिस में किया है मैं उसके लिये शुक्रिया अदा करता हूँ, और आपोज़ीशन को भी शुक्रिया अदा करना चाहिए।

(At this stage Sardar Gurnam Singh a member of the panel of Chairman occupied the chair.)

चोधरी रामस्वरूप (सांपला) : चेयरमैन साहब, हम सब भाई इसलिये यहाँ इकट्ठे हुए हैं चाहे वह आपोज़ीशन से ताल्लुक रखते हैं; चाहे वह Treasury Banche से इकट्ठे हुए हैं, सब की यही मंशा है कि हम सूबे की भलाई के लिये सोचें। गवर्नर साहब ने जो ऐड्रिस पेश किया है उसमें उन्होंने गवर्नमेंट के कामों का इज़हार किया है लेकिन मुझे अफसोस है कि मैं बहुत हद तक इससे मुतफिक नहीं हूँ क्योंकि जब मैं 1930 में पहली बार मैंबर बना था उस वक्त की याद आती है और मैं जब देखता हूँ कि उस वक्त में और अब में क्या अन्तर है तो मैं यही कह सकता हूँ कि उस वक्त हालत अच्छी थी। लेकिन अभी जब सप्लीमैंट्री डिमांड्ज़ पेश हुई तो उनसे पता चला कि हमारा सूबा कितना कर्ज़दार है और जब इस बात को हमारे फाइनेंस मिनिस्टर साहब के नोटिस में लाया गया तो उन्होंने बड़े फख्र से कहा कि कर्ज़दार हुआ तो क्या हुआ, यह तरक्की तो कर रहा है। लेकिन मैं जानता हूँ कि हमारे इलाके में यानी हरयाने में कितनी तरक्की हुई है। जहां तक कर्ज़ वाली बात है मैं यह कहना चाहता हूँ कि अगर खर्च कमाई से ज्यादा होगा तो वह सूबा तरक्की नही कर सकता। यह असूल की बात है। क्योंकि चूल्हे का खर्च अगर आमदनी से ज्यादा हो तो वह परिवार पनप नहीं सकता। गवर्नर साहब को यह चाहिए था कि वह ऐड्रिस में ज़िक्र करते कि खर्च कैसे कम किया जाए। और यह खर्च कम किया जा सकता था। यहां पर बहुत बार वज़ीरों की तादाद का ज़िक्र आ चुका है कि वज़ीर ज़्यादा बढ़ा दिये गए हैं जिससे मैं तो क्या सूबे का कोई आदमी मुतफिक नहीं है। मुझे याद है कि पिछली गवर्नमेंट में भी जब यही सरदार प्रतापसिंह कैरों मुख्य मंत्री थे तो कहा करते थे कि हम इतने वज़ीरों से ही पंजाब का बहुत अच्छा काम चला रहे हैं। और सब समझते थे कि वह काम अच्छा चल रहा था लेकिन आज इतने वज़ीरों के बढ़ाए जाने से यह कहा जाने लगा चूंकि काम बहुत बढ़ गया था और ठीक से चल नहीं रहा था इसलिये इनको रखा गया है। तो इन दो बातों से क्या समझना चाहिए? यह मुख्य मंत्री साहब खुद ही बतलाएँ। या तो उस वक्त गलत कहा जाता था या अब गलत कहा जाने लगा है। सरदार साहब हँस रहे थे उस वक्त, लेकिन अब बताएँ कि दो में से कौनसी बात ठीक है?

आज हम देखते हैं कि हमारे यहां के तीन वज़ीर बन गये हैं। इससे मुझे खुश होना चाहिए लेकिन मैं अगर इस पर खुश होऊं तो यह मेरी तंगदिली है क्योंकि असली बात जो है वह है सूबे की भलाई। मुझे सूबे का सबसे ज्यादा ख्याल है और मैं तंग दिल नहीं होना चाहता।

हमा े वज़ीर बिजली ने एक बात कही थी कि पहले मिनस्टरों की तनखाह 5000 रुपए हुआ करती थी और अब हमने 800 रुपये कर दी। (विघ्न) साहिबे सदर, यहां कुछ लोग सरकार की मुफ्त में खुशनूदी हासिल करने के लिये रोक टोक कर देते हैं। यह अच्छी बात नहीं है। तो मैं कह रहा था कि माना उस वक्त 5000 रुपये तनखाह थी लेकिन जब असैम्बली में बिल पैश हुआ तो वही मिनिस्टर थे जिन्होंने त्याग दिखा कर कहा कि हमारी तनखाह ढाई हजार होनी चाहिए। और कहने को यह वह लोग थे जिन्हें अंग्रेजों का टोडी कहा जाता था। उस वक्त हमारे आज के चीफ मिनिस्टर साहब आपोजिशन में थे वह और उनके साथी सरकार पर आलोचना करते हुए कहा करते थे कि मिनिस्टरों की 3000 रुपये माहवार तनखाह बहुत ज्यादा है। अगर कांग्रेस की Ministry कायम हुई तो हम 1500 रुपये से ज्यादा तनखाह नहीं लेंगे। दरअसल बात यह है कि Opposition में बैठ कर ख्यालात कुछ और होते हैं और जब ज़िम्मेदारी का बोझ कंधों पर आए पड़ता है तो अपना और अपने भाईयों का भी ख्याल रखना पड़ता है। (interruption) चेयरमैन साहिब, जब इस तरह से मे Interrupt किया जाये, तो मुझे भी जवाब देना पड़ेगा। मैं हैरान हूँ कि जो दावे चीफ मिनिस्टर साहिब अंग्रेज के वक्त में Oppositon में बैठ कर किया करते थे उन्हें अब implement करने की जुर्रत नहीं। साहबे सदर, उस वजारत का इस वज़ारत के साथ मुकाबला कीजिये। United Punjab में Prime Minister सर सिकंदर हयात खां ने सूबे की खिदमत करते करते अपनी जान गंवा दी। इसके अलवा सर सुन्दर सिंह मजीठिया और सर छोटूराम ने सूबे की खिदमत करते २ अपनी जान गंवा दी। उनके अंदर इतनी कुरबानी और ईसार का जजबा था। अगर इन मिनिस्टरों का United Punjab के मिनिस्टरों के साथ मुकाबला किया जाये तो जमीन और आसमान का फर्क दिखाई देगा। चौधरी छोटू राम अनबंट पंजाब में Development मिनिस्टर थे और उनके तहत Industries का महकमा भी था। हिन्दू महासभा के नुमाइंदे उनकी मुखालिफत किया करते थे कि यह जाट है इसे Agriculture का महकमा दिया जाना चाहिए और Industries का महकमा Sir Manohar Lal को दिया जाना चाहिए। उन्होंने फौरन ही कह दिया कि मैं इस तजवीज से इत्तफाक रखता हूँ और मानता हूँ कि जाट होते हुए Industries के काम को बखूबी नहीं समझ सकता जितना कि Sir Manohar Lal समझ सकते हैं। असल में वह सही मायनों में सूबे की खिदमत करना चाहते थे। लेकिन अब, साहिबे सदर, हालत यह है कि अब मिनिस्टर साहिबान पहले ही सोचने लगते हैं कि कौन से महकमे के अख्तियार अपने हाथ में लिये जायें। इसके मुतल्लिक मैंने बहुत सी बातें सुनी हैं जिन्हें बयान करना मैं यहां मुनासिब ख्याल नहीं करता। वह बातें सच्ची भी हो सकती हैं और झूठी भी हो सकती हैं लेकिन मैंने सुना है कि portfolios के मुतअल्लिक मिनिस्टरों में काफी दौड़धूप हुई थी (चीफ मिनिस्टर : इस बारे में बिल्कुल कोई दौड़धूप नहीं हुई।) साहिबे सदर, चीफ मिनिस्टर साहिब मुझे interrupt करके मेरा ध्यान दूसरी तरफ आकर्षित करना चाहते हैं। जितना time वह इन interruptions से मेरा जाया कर रहे हैं उसके बदले में मुझे और टाइम दिया जाना चाहिए, मैं दलायल का हामी नहीं हूँ लेकिन सच्चाई पर लड़ने वाला हूँ। अगर मेरी दलील

[श्री अमर नाथ शर्मा]

गलत हो तो यह मेरी लियाकत की कमी का बाइस होगा, बहर हाल सच्चाई इसमें ज़रूर होती है। यहां जो Treasury benches से तकरीरें की जाती हैं उनमे दलील बाज़ी से ज्यादा काम लिया जाता है, लेकिन ऐसा नहीं होना चाहिए कुछ धर्म का भी ख्याल रखना चाहिए क्योंकि सच, सच होता है और झूठ, झूठ। जिस सूबे की आर्थिक हालत इतनी खराब हो और मिनिस्टर साहिबान अपनी मनमानी कारवाइयाँ करते रहें, खर्च बढ़ाते रहें और दलीलें दे कर बात को सही साबित करने की कोशिश करें तो इससे ग़लत बात और कौन सी हो सकती है। अगर चीफ मिनिस्टर साहिब लोगों पर टैक्सों का बोझ बढ़ाते चले जायेंगे तो इस तरह से काम नहीं चलेगा। इसका वाहिद इलाज यह है कि सोच समझकर खर्च करो और जनता पर नाजायज बोझ न डालो, इस वक्त खर्च में कमी करने की अशद ज़रूरत है। मैं सुझाव पेश करता हूँ कि हाउस की एक committee मुकर्रर की जाये जिसमें Opposition के मैंबर भी शामिल हों और आप भी हों। यह कमेटी बराए नाम कमेटी न हो बल्कि इसकी सिफारिशात पर अमल किया जाये। यह कमेटी सूबे के resources और इखराजात पर विचार करके यह बताने की पोजीशन में होगी कि गवर्नमेंट के इखराजात कैसे कम किये जा सकते हैं और लोगों के कंधों से टैक्सों का बोझ कैसे हलका किया जा सकता है।

साहिबे सदर, सूबे की हालत बेहतर बनाने के लिये एडमिनिस्ट्रेशन एक अहम पार्ट अदा कर सकती है। Government अपनी policy lay out करती है, और इसको execute करना administration का काम होता है। गवर्नमेंट को चाहिए कि एडमिनिस्ट्रेशन की inner working में interfere न करे। हम मैम्बर साहिबान जो पब्लिक के नुमांइदे हैं हमें administration के साथ पूरा २ तुआवन करना चाहिए, लेकिन कांग्रेस पार्टी और गवर्नमेंट को घमण्ड हो जाता है और वह काम को खुशअसलूबी से करने की बजाये दखलअंदाज़ी से करना शुरू कर देते हैं आप उस पर ध्यान ज़रूर दें। आजकल आप लोग छुट्टी शनिवार और इतवार की करते हैं। आपको मालूम है कि ज़िलों में भी छुट्टी होती है। लेकिन वहां के अफसरों की यह मुसीबत है कि इतवार और शनि को हम तो बाद में पहुंचते हैं मगर मिनिस्टर लोग पहले वहां पहुँच जाते हैं। अगर उस जिले के दो वज़ीर हैं तो दो के दोंही पहुँच जाते हैं। उनकी शिकायत सच्ची है कि आप असैम्बली में दो दिन छुट्टी तो इसलिये करते हैं कि..........(घंटी की आवाज) मैं अर्ज कर रहा था कि शनिवार और इतवार की छुट्टी इस वास्ते होती है कि चूंकि मिनिस्टर लोग असैंबली में मसरूफ रहते हैं, उनकी हाजिरी यहां पर ज़रूरी होती है शनिवार और इतवार को उन्हें यहां पर अपने दफ्तर का काम करना चाहिए, लेकिन यह लोग दो दिन की छुट्टी में ज़िलों में जा पहुँचते हैं और वहां जाकर अफसरों को काम नहीं करने देते। अगर अफसर लोग वहां पर हाजिर न हों तो उनके लिये वैसे मुश्किल बनती है और अगर वहां पर हाज़िर हों तो काम कैसे खत्म करें? वे भी तो इंसान हैं। अगर आप चाहते हैं कि administration अच्छी तरह चले व corruption में कमी हो तो मैं एक सीधी बात कहता हूँ। आप इसे मजाक तो समझेंगे लेकिन बात सच्ची है। आप पटवारियों को अपने गांव में नहीं लगाते ताकि वे अपने अख्तियारात का बेजा इस्तेमाल न

करें और Provincial Civil Service के आदमियों को भी उनके अपने इज़ला में नहीं लगाते ताकि किसी प्रकार का पक्षपात नी हो। लेकिन आप को पूरा अख्तियार है कि वे अपने ज़िलों में जाकर जिस तरह से चाहें वैसे हो दखल दें। आपको कोई पूछने वाला नहीं है। आप भी अपने जिलों में जाना बंद कर दें। अगर आप मेरी बात मानेंगे तो सारी corruption बंद हो जाएगी और अगर न हो तो आप मुझ से गिला करें। इन वज़ीरों को अपने जिलों में जाने का अख्तियार नहीं होना चाहिए। दूसरे इज़ला में आपका interest कम होता है वहां जाकर आप इनसाफ की खातिर चाहे अपने अख्तियारात का इस्तेमाल करें। वरना आप facts & figures देख लें आपके हाल के रवैये से कांग्रेस की popularity दिन बदिन कम हो रही है। यह लोग वहां जाकर किसी न किसी तरह की खराबियां ही पैदा करते हैं। और अगर आप अपने वज़ीरों को corruption करने से नहीं रोक सकते तो बताएँ कि administration को कैसे आप ठीक कर सकते हैं? अब जनाब, मैं सिर्फ आपका शुक्रिया अदा करके बैठ जाता हूँ। मैंने कहनी तो बहुत सी बातें थीं, और मैं कहने का हकदार भी था, क्योंकि यह मेरी पहली स्पीच है, आपको कुछ न कुछ रियायत जरूर देनी चाहिए थी, लेकिन मैं आपके हुक्म के मुताबिक बैठ जाता हूँ।

ਬਾਬੂ ਅਜੀਤ ਕੁਮਾਰ (ਸਿਧਵਾਂ ਬੇਟ) : ਚੇਅਰਮੈਨ ਸਾਹਿਬ, ਗਵਰਨਰ ਸਾਹਿਬ ਦੇ ਐਡਰੈਸ ਉਤੇ ਜਿਹੜੀ motion of thanks ਪੇਸ਼ ਕੀਤੀ ਗਈ ਹੈ ਮੈਂ ਇਸ ਦੇ ਨਾਲ ਸਹਿਮਤ ਨਹੀਂ ਹੋ ਸਕਦਾ। ਚੇਅਰਮੈਨ ਸਾਹਿਬ, ਮੈਂ ਇਕ ਵਾਰੀ ਸਰਕਸ ਦੇਖਣ ਵਾਸਤੇ ਗਿਆ। ਮੈਂ ਸਰਕਸ ਵਾਲਿਆਂ ਦੇ ਪਿੰਜਰਿਆਂ ਵਿਚ ਸਾਰੇ ਜਾਨਵਰ ਦੇਖੇ। ਉਨ੍ਹਾਂ ਦੇ ਵਿਚ ਘੋੜਾ, ਹਾਥੀ, ਚੂਹਾ, ਬਿਲੀ, ਬਘਿਆੜ ਆਦਿ ਸਾਰੇ ਜਾਨਵਰ ਸਨ। ਲੇਕਿਨ ਉਨ੍ਹਾਂ ਦੇ ਵਿਚ ਸ਼ੇਰ ਨਜ਼ਰ ਨਹੀਂ ਆਇਆ। ਉਹ tigerless ਸਰਕਸ ਸੀ। ਏਸੇ ਤਰ੍ਹਾਂ ਗਵਰਨਰ ਸਾਹਿਬ ਦੇ ਐਡਰੈਸ ਵਿਚ ਛੋਟੀਆਂ ਛੋਟੀਆਂ ਚੀਜ਼ਾਂ ਤੇ ਕੁਝ ਵਡੀਆਂ ਚੀਜ਼ਾਂ ਦਾ ਵੀ ਜ਼ਿਕਰ ਕੀਤਾ ਹੈ। ਲੇਕਿਨ ਜਿਹੜੀ ਪੰਜਾਬ ਦੇ ਬੰਦਿਆਂ ਉਤੇ ਪਹਾੜ ਵਾਂਗ 31 ਬੰਦਿਆਂ ਦੀ volunteer corps ਬਣਾਈ ਹੈ ਇਸ ਦਾ ਕੋਈ ਜ਼ਿਕਰ ਨਹੀਂ। ਇਸ ਵਾਸਤੇ ਮੈਂ ਗਵਰਨਰ ਦੇ ਐਡਰੈਸ ਨੂੰ tigerless ਸਰਕਸ ਸਮਝਦਾ ਹਾਂ ਕਿਉਂਕਿ ਇਸ ਵਿਚ ਇਸ ਦਾ ਜ਼ਿਕਰ ਨਹੀਂ ਕੀਤਾ ਗਿਆ। Justification ਦਿਤੀ ਜਾਂਦੀ ਹੈ ਕਿ ਕੰਮ ਬਹੁਤ ਵਧ ਗਿਆ ਹੈ। ਕੰਮ ਇਹ ਵਧਿਆ ਹੈ ਕਿ ਇਨ੍ਹਾਂ ਦੇ ਮੇਜ਼ਾਂ ਤੇ ਜਾ ਕੇ ਦੇਖ ਲਉ ਇਹ ਕੀ ਕਰਦੇ ਹਨ। ਮੈਨੂੰ ਕੁਝ complaints ਦੇ ਸਿਲਸਲੇ ਵਿਚ ਮਿਲਣ ਦਾ ਮੌਕਾ ਮਿਲਿਆ ਹੈ। ਚੇਅਰਮੈਨ ਸਾਹਿਬ, ਇਨ੍ਹਾਂ ਦੇ ਮੇਜ਼ ਤੇ ਕੋਈ ਫਾਈਲ ਨਹੀਂ ਹੁੰਦੀ, ਕੋਈ ਕਾਗਜ਼ ਨਹੀਂ ਹੁੰਦਾ ਅਤੇ ਇਨ੍ਹਾਂ ਕੋਲ ਕੋਈ ਕੰਮ ਨਹੀਂ ਸਿਵਾਏ ਚਾਰ ਪੰਜ ਚਿਠੀਆਂ ਦੇ ਜਿਹੜੀਆਂ ਉਨ੍ਹਾਂ ਨੂੰ ਲੋਕਾਂ ਦੀਆਂ congratulations ਦੀਆਂ ਆਈਆਂ ਨੇ। ਉਹ ਚਿਠੀਆਂ ਹੁੰਦੀਆਂ ਹਨ, ਉਨ੍ਹਾਂ ਨੂੰ ਮੁੜ ਮੁੜ ਕੇ ਪੜ੍ਹੀ ਜਾਂਦੇ ਹਨ। (ਵਿਰੋਧੀ ਪੱਖ ਵਲੋਂ ਪਰਸੰਸਾ) । ਇਹ ਕਿਹਾ ਜਾਂਦਾ ਹੈ ਕਿ ਹਾਲੇ ਵੀ ਮਨਿਸਟਰੀ ਛੋਟੀ ਹੈ। ਜੇ 90 ਮਿਨਿਸਟਰ ਬਣਾ ਲੈਂਦੇ ਤਾਂ ਵੀ ਕੋਈ ਫਰਕ ਨਹੀਂ ਸੀ ਪੈਣਾ। ਜਿਹੜੇ ਇਸ ਤੋਂ ਮਹਿਰੂਮ ਰਹਿ ਗਏ ਹਨ ਜੇ ਕੋਈ ਉਨ੍ਹਾਂ ਤੋਂ ਪੁਛਦਾ ਹੈ ਕਿ ਤੁਹਾਡੀ ਵਾਰੀ ਕਿਉਂ ਨਹੀਂ ਆਈ, ਤੁਹਾਨੂੰ ਕਿਉਂ ਨਹੀਂ ਵਜ਼ਾਰਤ ਵਿਚ ਲਿਆ ਗਿਆ, ਤਾਂ ਉਹ ਪਹਿਲਾਂ ਆਪਣੇ ਆਪ ਤੋਂ ਸ਼ੁਰੂ ਕਰਦੇ ਹਨ, ਇਕ ਜਾਨਵਰ ਹੈ ਮੈਂ ਉਸ ਦਾ

[ਬਾਬੂ ਅਜੀਤ ਕੁਮਾਰ]

ਨਾਉਂ ਨਹੀਂ ਲੈਂਦਾ, ਕਿ ਅਸੀਂ ਤਾਂ ਉਹ ਜਾਨਵਰ ਹਾਂ ਅਤੇ ਜਿਹੜੇ ਲੈ ਲਏ ਗਏ ਹਨ ਉਹ ਇਸ ਜਾਨਵਰ ਦੇ ਪੱਠੇ ਹਨ ।

Mr. Chairman : Please use decent language.

चौधरी राम सिंह : I am very sorry. तो, जनाब, मैं अर्ज़ कर रहा था कि कांग्रेस राज के तहत देश का चाल चलन गिरा है, ऊंचा नहीं हुआ । मैं सरकार की इस बात की दाद देता हूं कि इस ने कोआप्रेटिव फार्मिंग को elections या उस के पहले नहीं छेड़ा, वरना यह जानते हैं कि पंजाब और हिंदुस्तान का किसान इस स्कीम को मन्जूर नहीं करता । यह तो एक vote catching device थी । कोआपरेटिव फार्मिंग पंजाब के लिये ठीक नहीं है और उस को अमल में न लाने के लिये मैं सरकार को मुबारकबाद देता हूं और उम्मीद करता हूं कि वह और कुछ सालों तक इस पर अमल नहीं करेंगे । (विघ्न) । मैं prohibition के बारे में बताना चाहता हूं कि Secretariat से सौ गज़ दूर एक शराब की बार खोली हुई है जहां अफसर शाम को जाते हैं और पीते हैं । फिर सरकारी बसों में शराब के इश्तिहार लगे हुए हैं । रोहतक के बारे में जहां पर prohibition लागू की गई थी, एक कमीशन मुकर्रर किया गया था । उस की रिपोर्ट मैं ने पढ़ी है कि यह स्कीम फैल रही है । वहां पर जितनी शराब इस के लागू होने से पहले पी जाती थी उस से कई गुना ज्यादा अब पी जाती है । अगर सरकार वाकई चाहती है कि लोग शराब पीना बंद करें तो इस चीज़ का प्रचार स्कूलों और कालिजों में करना पड़ेगा तब जा कर इस का असर पड़ सकेगा ।

तालीम के बारे में सरकार ने जोर दिया है कि इतने schools और colleges खोले गये हैं, quantity तो इन्होंने दे दी है लेकिन quality के बारे में कुछ नहीं कहा गया । आज सूबे में University Education का क्या हाल है । हमारे सामने Public Service Commission की working के बारे में जो report उन्हों ने दी है यह है कि हमारे स्कूलों और कालेजों से या University से जो graduates निकलते हैं उनकी अकल का दिवाला निकला हुआ है, और आप ही बतायें कि इस तरह की

[चौधरी राम सिंह]
education के consequences क्या होंगे। एक graduate को पूछा गया कि tape recorder क्या होता है तो उसने कहा—

"Tape recorder is rather an instrument to fetch confession by deceiving a person, as is laid down under Section 29 of the Evidence Act."

यह एक 1st class graduate का हाल है जिसने P.C.S. (Judicial Branch) में selection के लिये apply किया था। लोगों को University से इस तरह की तालीम देकर निकाला जाता है।

A Voice: He must be your colleague. (*Interruption*)

चौधरी राम सिंह : मैं जानता हूं कि कितने अनपढ़ मिनिस्टर भी यहां बैठे हुए हैं। मैंने देखा है Primary Schools के अन्दर ढाई सौ बच्चों के लिये एक एक टीचर है और बच्चों की पढ़ाई का यह हाल है कि चार चार साल तक बच्चा पहली जमात में ही बैठा रहता है। मेरी suggestion यह है कि स्कूलों में काफी नम्बर टीचरों का होना चाहिये और टीचरों की quality अच्छी होनी चाहिये। नालायक टीचरों को वहां पर भरती न किया जाये। अन्त में यही कह कर बैठता हूं कि Education को State के अन्दर अच्छा बनाया जाये।

ਰਾਜ ਮੰਤਰੀ (ਸ਼੍ਰੀ ਹਰਬੰਸ ਲਾਲ) : ਸਪੀਕਰ ਸਾਹਿਬ, ਪਿਛਲੇ ਪੰਜਾਂ ਸਾਲਾਂ ਦਾ period ਜਿਹੜਾ ਅਸੀਂ 31 ਮਾਰਚ, 1962 ਦੇ ਨਾਲ ਖਤਮ ਕੀਤਾ ਹੈ ਇਸ ਸੂਬੇ ਵਿਚ ਇਕ ਖਾਸ ਇਤਿਹਾਸਕ importance ਰਖਦਾ ਹੈ। ਕਿਉਂਕਿ ਜਿਹੜੇ ਕੰਮ ਇਨ੍ਹਾਂ ਸਾਲਾਂ ਦੇ ਵਿਚ ਹੋਏ ਹਨ, ਇਸ ਅਰਸੇ ਵਿਚ ਹੋਏ ਹਨ ਉਹ ਬੜੇ ਤਰੱਕੀ ਦੇ ਕੰਮ ਹਨ। ਪਰ ਮੈਨੂੰ ਅਫਸੋਸ ਹੈ ਕਿ ਵਿਰੋਧੀ ਧੜੇ ਨੇ ਇਹ ਅਲਜ਼ਾਮ ਲਗਾਇਆ ਹੈ ਕਿ ਸਰਕਾਰ ਵੱਲੋਂ ਜੋ ਕੁਝ ਵੀ ਹੁਣ ਤੱਕ ਹੋਇਆ ਹੈ ਉਸ ਨਾਲ ਮੁਲਕ ਦੀ ਕੋਈ ਬਿਹਤਰੀ ਨਹੀਂ ਹੋਈ।

ਮੈਂ ਅਰਜ਼ ਕਰਾਂ ਕਿ ਅਗਰ ਪਿਛਲੇ ਪੰਜਾਂ ਸਾਲਾਂ ਤੇ ਅਸੀਂ ਨਜ਼ਰ ਮਾਰੀਏ ਤਾਂ ਮੈਂ ਇਸ ਬਾਰੇ ਇਹ ਗੱਲ ਬੜੇ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਜੋ ਕੰਮ ਸਰਕਾਰ ਨੇ ਕੀਤੇ ਹਨ ਉਸ ਤੇ ਸਰਕਾਰ ਫ਼ਖ਼ਰ ਮਹਿਸੂਸ ਕਰ ਸਕਦੀ ਹੈ। ਜਿਵੇਂ ਸਾਉਣ ਦੇ ਅੰਨ੍ਹੇ ਨੂੰ ਹਰਾ ਹੀ ਹਰਾ ਨਜ਼ਰ ਆਉਂਦਾ ਹੈ ਇਸ ਤਰ੍ਹਾਂ ਵਰੋਧੀ ਧੜੇ ਨੂੰ ਸਾਰੀ ਚੀਜ਼ ਉਲਟ ਹੀ ਨਜ਼ਰ ਆਉਂਦੀ ਹੈ।

ਮੈਂ ਤੁਹਾਡੇ ਸਾਹਮਣੇ ਕੁਝ ਮੋਟੀਆਂ ਮੋਟੀਆਂ ਚੀਜ਼ਾਂ ਰੱਖਣੀਆਂ ਚਾਹੁੰਦਾ ਹਾਂ ਜਿਹੜੀਆਂ ਕਿ ਪਿਛਲੇ ਕੁਝ ਸਾਲਾਂ ਵਿਚ ਏਥੇ ਹੋਈਆਂ ਹਨ।

ਤਾਲੀਮ ਦੇ ਸਿਲਸਿਲੇ ਵਿਚ ਪੰਜਵੀਂ ਜਮਾਤ ਤੋਂ ਲੈਕੇ ਨਾਵੀਂ ਜਮਾਤ ਤਕ ਦੇ ਬੱਚਿਆਂ ਦੀ ਫੀਸ ਮੁਆਫ ਹੋਈ ਹੈ। ਔਰ ਅਗੇ ਲਈ ਇਹ ਗੱਲ ਇਸ ਐਡਰੈਸ ਦੇ ਵਿਚ ਮੌਜੂਦ ਹੈ ਕਿ ਏਸ ਸਾਲ 10ਵੀਂ ਜਮਾਤ ਦੇ ਬੱਚਿਆਂ ਦੀ ਫੀਸ ਮੁਆਫ ਕੀਤੀ ਜਾਣੀ ਹੈ। ਇਸ ਤੋਂ ਇਲਾਵਾ polytechnic ਕਾਲਜਾਂ ਵਿਚ ਜਿਥੇ ਕਿ technical education ਦਿਤੀ ਜਾ ਰਹੀ ਹੈ। ਉਨ੍ਹਾਂ ਦੀ ਫੀਸ ਜਿਹੜੀ ਕਿ 10 ਰੁਪਏ ਮਹੀਨਾ ਹੈ ਉਹ ਵੀ ਸਰਕਾਰ ਨੇ ਮੁਆਫ ਕਰਨ ਦਾ ਫੈਸਲਾ ਕੀਤਾ ਹੈ। ਇਸ ਨਾਲ ਤਕਰੀਬਨ ਹਰ ਜਮਾਤ ਵਿਚ ਤਾਲੀਮ ਮੁਫਤ ਹੋ ਜਾਵੇਗੀ। ਇਸ ਤੋਂ ਇਲਾਵਾ ਪੰਜਾਬੀ ਭਾਸ਼ਾ ਦੀ ਤਰੱਕੀ ਲਈ ਇਸ ਸਰਕਾਰ ਨੇ ਪੰਜਾਬੀ ਯੂਨੀਵਰਸਟੀ ਬਣਾਉਣ ਦਾ ਵੀ ਫੈਸਲਾ ਕੀਤਾ ਹੈ। ਖੇਤੀ ਬਾੜੀ ਦੇ ਕੰਮ ਨੂੰ ਅੱਗੇ ਲੈ ਜਾਣ ਲਈ ਅਤੇ research ਦੇ ਕੰਮ ਨੂੰ ਪੂਰਾ ਕਰਨ ਲਈ ਅਤੇ ਉਸ ਨੂੰ scientific ਸਤੱਰ ਤੇ ਲਿਆਉਣ ਲਈ, ਆਮ ਕਿਸਾਨ ਦੀ ਪੈਦਾਵਾਰ ਵਧਾਉਣ ਲਈ ਇਹ ਫੈਸਲਾ ਕੀਤਾ ਗਿਆ ਹੈ ਕਿ ਏਥੇ ਇਕ Agricultural University ਕਾਇਮ ਕੀਤੀ ਜਾਵੇ। ਇਸ ਦੇ ਵਾਸਤੇ ਇਕ Vice-Chancellor

ਵੀ ਮੁਕੱਰਰ ਕਰ ਦਿੱਤਾ ਗਿਆ ਹੈ। ਇਸ ਤਰ੍ਹਾਂ ਦੇ ਅਹਿਮ ਫੈਸਲੇ ਇਸ ਹਾਊਸ ਦੇ ਅੰਦਰ ਕੀਤੇ ਗਏ ਹਨ ਕਿ ਜਿਨ੍ਹਾਂ ਤੇ ਇਸ ਹਾਊਸ ਨੂੰ ਫਖਰ ਹੋਣਾ ਚਾਹੀਦਾ ਹੈ। ਕਿਸਾਨ ਦੀ ਫਸਲ ਜਿਨ੍ਹਾਂ ਬੀਮਾਰੀਆਂ ਕਾਰਨ ਹਰ ਸਾਲ ਤਬਾਹ ਹੋ ਜਾਂਦੀ ਹੈ ਇਹ research ਦਾ ਕੰਮ ਏਥੇ ਹੋਵੇਗਾ ਤਾਂ ਜੋ ਕਿਸਾਨ ਆਪਣੇ ਪੈਰਾਂ ਤੇ ਖੜ੍ਹਾ ਹੋ ਸਕੇ।

ਤਰੱਕੀ ਦੀ ਰਫਤਾਰ ਬਾਰੇ ਮੈਂ ਅਰਜ਼ ਕਰਾਂ ਕਿ ਇਹ ਉਹ ਸੂਬਾ ਹੈ ਜਿਥੇ ਕਿ ਹਰ ਰੋਜ਼ ਇਕ ਮੀਲ ਲੰਬੀ ਸੜਕ ਬਣਦੀ ਹੈ। ਮੈਂ figures ਤੋਂ ਹਿਸਾਬ ਲਾਇਆ ਹੈ ਕਿ ਏਸ ਸੂਬੇ ਵਿਚ 350 ਮੀਲ ਲੰਬੀ ਸੜਕ ਸਾਲ ਵਿਚ ਬਣਦੀ ਹੈ।

ਪੰਡਤ ਚਿਰੰਜੀ ਲਾਲ ਸ਼ਰਮਾ : ਪੰਜਾਬੀ ਰਿਜਨ ਵਿਚ ਬਣਦੀ ਹੋਵੇਗੀ।

ਰਾਜ ਮੰਤ੍ਰੀ : ਇਹ ਪੰਜਾਬੀ ਇਲਾਕੇ ਵਿਚ ਹੀ ਨਹੀਂ ਬਲਕਿ ਹਿੰਦੀ ਬੋਲਦੇ ਇਲਾਕੇ ਵਿਚ ਵੀ ਬਣੀ ਹੈ ਅਤੇ ਪਹਾੜੀ ਇਲਾਕੇ ਵਿਚ ਵੀ ਬਣੀ ਹੈ। ਪਰ ਹਰ ਇਕ ਨੂੰ ਖੁਸ਼ ਨਹੀਂ ਕੀਤਾ ਜਾ ਸਕਦਾ। ਆਪੋਜ਼ੀਸ਼ਨ ਵਾਲਿਆਂ ਵਿਚੋਂ ਕਿਸੇ ਮੈਂਬਰ ਨੇ ਕੁਝ ਕਿਹਾ ਹੈ ਅਤੇ ਕਿਸੇ ਨੇ ਕੁਝ ਕਿਹਾ ਹੈ। ਪਰ ਸਰਕਾਰ ਓਥੇ ਸੜਕ ਬਣਾਉਂਦੀ ਹੈ ਜਿਥੇ ਕਿ ਬਣਾਉਣੀ ਜ਼ਰੂਰੀ ਹੁੰਦੀ ਹੈ। ਪੰਜਾਬ ਵਿਚ ਐਸੇ ਹਜ਼ਾਰਾਂ ਪਿੰਡ ਹਨ ਜਿਹੜੇ ਕਿ ਬਹੁਤ ਪਛੜੇ ਹੋਏ ਹਨ ਪਰ ਅੱਜ ਦੀ ਜੋ ਹਾਲਤ ਹੈ ਉਸ ਤੋਂ ਮਲੂਮ ਹੁੰਦਾ ਹੈ ਕਿ ਅਸੀਂ ਬੜੀ ਤੇਜ਼ ਰਫਤਾਰ ਨਾਲ ਅੱਗੇ ਵਧ ਰਹੇ ਹਾਂ। ਮੈਂ ਸਮਝਦਾ ਹਾਂ ਕਿ ਅੱਜ ਮੈਂ ਇਹ ਗੱਲ ਫਖਰ ਨਾਲ ਕਹਿ ਸਕਦਾ ਹਾਂ ਕਿ ਨਾ ਸਿਰਫ ਸਾਰੇ ਹਿੰਦੁਸਤਾਨ ਵਿਚ ਬਲਕਿ ਸਾਰੀ ਦੁਨੀਆ ਵਿਚ ਕੋਈ ਹੀ ਦੇਸ਼ ਹੋਵੇਗਾ ਜੋ ਅੱਜ ਪੰਜਾਬ ਦਾ ਮੁਕਾਬਲਾ ਕਰ ਸਕੇ। ਮੈਂ ਹੁਣ ਆਪਨੂੰ ਬਿਜਲੀ ਬਾਰੇ ਦਸਦਾ ਹਾਂ, ਸਾਰੇ ਅੰਕੜਿਆਂ ਬਾਰੇ..

ਚੌਧਰੀ ਦੇਵੀ ਲਾਲ : ਬਿਜਲੀ ਅੰਮ੍ਰਿਤਸਰ ਵਿਚ ਲੱਗੀ ਹੈ।

ਰਾਜ ਮੰਤ੍ਰੀ : ਮੈਂ ਅਰਜ਼ ਕਰਾਂ ਇਹ ਪੰਜਾਬ ਦੇ ਹਰ ਹਿੱਸੇ ਵਿਚ ਲੱਗੀ ਹੈ। 1947 ਵਿਚ ਪੰਜਾਬ ਵਿਚ ਬੜੇ ਥੋੜੇ ਸ਼ਹਿਰ ਸਨ ਜਿਥੇ ਕਿ ਬਿਜਲੀ ਲੱਗੀ ਹੋਈ ਸੀ। 1956 ਵਿਚ 833 ਪਿੰਡਾਂ ਅਤੇ ਸ਼ਹਿਰਾਂ ਦੇ ਵਿਚ ਬਿਜਲੀ ਲੱਗੀ। ਪਿਛਲੇ ਪੰਜਾਂ ਸਾਲਾਂ ਵਿਚ 833 ਦੀ ਬਜਾਏ 3,016 ਪਿੰਡਾਂ ਅਤੇ ਸ਼ਹਿਰਾਂ ਦੇ ਵਿਚ ਬਿਜਲੀ ਦਿੱਤੀ ਗਈ। ਹੁਣ ਮੈਂ ਇਹ ਵੀ ਅਰਜ਼ ਕਰ ਦਿਆਂ ਕਿ ਇਸ ਦਾ ਫਾਇਦਾ ਬਹੁਤਾ ਕਿਹੜੇ ਲੋਕਾਂ ਨੂੰ ਹੋਇਆ ਹੈ, ਦਿਹਾਤੀਆਂ ਨੂੰ ਜਾਂ ਸ਼ਹਿਰੀਆਂ ਨੂੰ। ਇਸ ਬਾਰੇ ਮੈਂ ਅਰਜ਼ ਕਰਾਂ-ਗਾ ਕਿ industrial connection 1956 ਵਿਚ 5012 ਸਨ ਲੇਕਿਨ 1961-62 ਵਿਚ ਇਹ 10,400 industrial connections ਹੋ ਗਏ। ਇਸ ਵੇਲੇ 11237 Industrial connection ਹਨ ਜਿਹੜੇ ਕਿ ਦਿੱਤੇ ਹੋਏ ਹਨ। ਇਸੇ ਤਰ੍ਹਾਂ ਇਸ ਦੇ ਮੁਕਾਬਲੇ ਵਿਚ Agricultural connections ਜਿਹੜੇ ਦਿੱਤੇ ਗਏ ਹਨ 1956 ਵਿਚ ਉਨ੍ਹਾਂ ਦੀ ਤਾਦਾਦ 3836 ਸੀ, 1961 ਵਿਚ ਇਹ ਆ ਕੇ 22056 ਹੋ ਗਈ। ਯਾਨੀ ਅਗੇ ਨਾਲੋਂ ਇਹ ਤਾਦਾਦ 4 ਗੁਣਾ ਹੋ ਗਈ। ਅੱਜ agricultural connections ਦੀ ਤਾਦਾਦ 13,090 ਹੈ ਅਤੇ industrial connections ਦੀ ਤਾਦਾਦ 11,217 ਹੈ। ਹੁਣ ਤੁਸੀਂ ਇਨ੍ਹਾਂ figures ਤੋਂ ਅੰਦਾਜ਼ਾ ਲਾ ਲਓ ਕਿ ਐਗਰੀਕਲਚਰ ਦੇ ਮੁਤੱਲਿਕ ਕਿਤਨੀ ਬਿਜਲੀ ਦਿੱਤੀ ਜਾ ਰਹੀ ਹੈ। ਹੁਣ ਤੁਸੀਂ ਇਸ ਰਫਤਾਰ ਨਾਲ ਜਿਸ ਨਾਲ ਕਿ ਅੱਜ ਚਲ ਰਹੇ ਹੋ ਅੰਦਾਜ਼ਾ ਲਾ ਲਉ ਕਿ ਕਿਤਨੀ ਤਰੱਕੀ ਹੋਈ ਹੈ ਅਤੇ ਇਹ ਰਫਤਾਰ ਇਸ ਤੇਜ਼ੀ ਨਾਲ ਚਲ ਰਹੀ ਹੈ ਕਿ ਜਿਥੇ ਅਗੇ 50 ਜਾਂ 100 ਪਿੰਡਾਂ ਨੂੰ ਬਿਜਲੀ ਦਿੱਤੀ ਜਾਂਦੀ ਸੀ ਅੱਜ ਤੁਸੀਂ ਹਰ ਸਾਲ 600 ਪਿੰਡਾਂ ਨੂੰ ਬਿਜਲੀ ਦੇ ਸਕਦੇ ਹੋ। ਕਿਤਨੀ ਤਰੱਕੀ ਪੰਜਾਬ ਵਿਚ ਬਿਜਲੀ ਦੀ ਹੋਈ ਹੈ।

ਇਕ ਗੱਲ ਮੈਂ ਹੋਰ ਅਰਜ਼ ਕਰ ਦਿਆਂ ਕਿ ਅਸੀਂ Technical Education ਔਰ Medical Education ਵਧਾਉਣ ਲਈ ਬੜਾ ਭਾਰੀ ਕੰਮ ਕਰ ਰਹੇ ਹਾਂ। ਅਸੀਂ Medical Research ਲਈ ਏਥੇ ਇਕ ਬੜਾ ਭਾਰੀ Research College

[ਰਾਜ ਮੰਤਰੀ]

ਖੋਲ੍ਹ ਰਹੇ ਹਾਂ । ਅਤੇ ਅਸੀਂ ਇਕ Regional Engineering College ਵੀ ਆਉਂਦੇ 5 ਸਾਲਾਂ ਵਿਚ ਖੋਲ੍ਹਣਾ ਚਾਹੁੰਦੇ ਹਾਂ ਤਾਂ ਜੋ ਇੰਜਨੀਅਰਿੰਗ ਲਾਈਨ ਵਿਚ ਵੀ ਕੁਝ ਤਰੱਕੀ ਹ ਸਕੇ।

ਏਸੇ ਤਰ੍ਹਾਂ industry ਦੇ ਮੈਦਾਨ ਵਿਚ ਵੀ ਕਾਫੀ ਤਰੱਕੀ ਹੋਈ ਹੈ। 100 ਦੇ ਕਰੀਬ ਲਾਈਸੈਂਸ ਮਨਜ਼ੂਰ ਹੋ ਚੁਕੇ ਹਨ ਜਿਹੜੇ ਕਿ large-scale ਔਰ medium-scale industry ਵਾਸਤੇ ਹਨ ਤੇ ਅਗਲੇ ਪੰਜਾਂ ਸਾਲਾਂ ਦੇ ਵਿਚ public sector ਵਿਚ Machine Tools Factory ਅਤੇ ਹੋਰ ਫੈਕਟਰੀਆਂ ਲਾਉਣ ਦੀ ਕੋਸ਼ਸ਼ ਕਰਾਂਗੇ।

ਮੁਰੱਬੇਬੰਦੀ ਦੇ ਖੇਤਰ ਵਿਚ ਵੀ ਸਾਰੇ ਹਿੰਦੁਸਤਾਨ ਦੇ ਵਿਚ ਪੰਜਾਬ ਨੂੰ ਨੰਬਰ ਇਕ ਦਾ ਦਰਜਾ ਹਾਸਲ ਹੈ। ਹੜ੍ਹਾਂ ਦੇ ਸਿਲਸਿਲੇ ਦੇ ਵਿਚ ਏਥੇ ਕਾਫੀ ਚਰਚਾ ਕੀਤੀ ਗਈ ਹੈ । ਆਪੋਜ਼ੀਸ਼ਨ ਵਲੋਂ ਇਤਰਾਜ਼ ਕੀਤਾ ਗਿਆ ਕਿ ਨਾਲੀਆਂ ਨਹੀਂ ਪੁੱਟੀਆਂ ਗਈਆਂ । ਮੈਂ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਇਹ ਕਿਸੇ ਵੀ ਜ਼ਿਲ੍ਹੇ ਦੇ ਵਿਚ ਜਾ ਕੇ ਵੇਖ ਲੈਣ ਕਿ ਉਥੇ ਨਾਲੀਆਂ ਪੁਟੀਆਂ ਗਈਆਂ ਹਨ ਕਿ ਨਹੀਂ। ਹੜ੍ਹਾਂ ਨਾਲ ਜਿੱਥੇ ਨੁਕਸਾਨ ਹੋਇਆ ਹੈ ਉਥੇ 38 ਲੱਖ ਰੁਪਿਆ ਤਕਾਵੀ ਕਰਜ਼ਿਆਂ ਦੀ ਸ਼ਕਲ ਵਿਚ ਦਿੱਤਾ ਗਿਆ ਹੈ, 56 ਲੱਖ ਰੁਪਿਆ ਮਕਾਨਾਂ ਦੀ ਮੁਰੰਮਤ ਕਰਨ ਲਈ ਦਿੱਤਾ ਗਿਆ ਹੈ ਔਰ ਇਕ ਲਖ ਟੱਨ ਅਨਾਜ ਲੋਕਾਂ ਵਿਚ ਬੀਜ ਵਗੈਰਾ ਦੇ ਵਾਸਤੇ ਤਕਸੀਮ ਕੀਤਾ ਗਿਆ ਹੈ।

ਚੌਧਰੀ ਦੇਵੀ ਲਾਲ : ਸਾਰਾ ਸਰਹਾਲੀ ਦੇ ਵਿਚ ਕੀਤਾ ਗਿਆ ਹੋਵੇਗਾ।

ਰਾਜ ਮੰਤ੍ਰੀ : ਜਿੱਥੇ ਜਿੱਥੇ ਵੀ ਹੜ੍ਹਾਂ ਨਾਲ ਨੁਕਸਾਨ ਹਇਆ ਸੀ ਉਨ੍ਹਾਂ ਸਾਰੀਆਂ ਥਾਵਾਂ ਤੇ ਅਨਾਜ ਤਕਸੀਮ ਕੀਤਾ ਗਿਆ ਹੈ। ਆਨਰੇਬਲ ਮੈਂਬਰ ਸਾਹਿਬਾਨ ਨੂੰ ਚਾਹੀਦਾ ਹੈ ਕਿ facts and figures ਦੇ ਕੇ allegations ਲਗਾਉਣ ਔਰ ਸਬੂਤ ਪੇਸ਼ ਕਰਨ ਤਾਕਿ ਉਨ੍ਹਾਂ ਗੱਲਾਂ ਦੀ ਪੜਤਾਲ ਕੀਤੀ ਜਾ ਸਕੇ। ਵਰਨਾ ਬਗੈਰ ਕਿਸੇ ਸਬੂਤ ਤੋਂ ਇਲਜ਼ਾਮ ਲਗਾਉਣੇ ਠੀਕ ਨਹੀਂ ਹੁੰਦੇ। ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਆਪੋਜ਼ੀਸ਼ਨ ਵਿਚ ਬੈਠੇ ਮੈਂਬਰ ਸਾਹਿਬਾਨ ਦੇ ਵਿੱਚੋਂ ਕਿਸੇ ਨੇ ਵੀ ਇਸ ਸਬੰਧੀ ਲਿਖ ਕੇ ਸ਼ਿਕਾਇਤ ਨਹੀਂ ਭੇਜੀ। ਇਸ ਕਰਕੇ ਮੈਨੂੰ ਸਮਝ ਨਹੀਂ ਆਉਂਦੀ ਕਿ ਇਹ ਹੁਣ ਇਤਰਾਜ਼ ਕਿਸ ਗੱਲ ਦਾ ਕਰਦੇ ਹਨ। ਸਪੀਕਰ ਸਾਹਿਬ, ਅਸੀਂ ਕਿਸਾਨਾਂ ਦੀ ਬਿਹਤਰੀ ਲਈ ਹਰ ਕੰਮ ਕਰ ਰਹੇ ਹਾਂ। ਤੁਹਾਨੂੰ ਸੁਣ ਕੇ ਖੁਸ਼ੀ ਹਵੇਗੀ ਕਿ ਪੰਜਾਬ ਦੇ ਵਿਚ ਕਿਸਾਨਾਂ ਨੂੰ ਚੰਗੀ ਕਿਸਮ ਦੇ ਖੇਤੀ ਬਾੜੀ ਦੇ ਸਨਦ ਦੇਣ ਲਈ ਪੰਜਾਬ ਸਰਕਾਰ ਨੇ ਨੀਲੋਖੇੜੀ ਦੀ ਸੈਂਟਰਲ ਵਰਕਸ਼ਾਪ ਆਪਣੇ ਕਬਜ਼ੇ ਵਿਚ ਲੈ ਲਈ ਹੈ । ਆਪੋਜ਼ੀਸ਼ਨ ਨੂੰ ਇਨ੍ਹਾਂ ਗੱਲਾਂ ਨੂੰ ਨਜ਼ਰ ਅੰਦਾਜ਼ ਨਹੀਂ ਕਰਨਾ ਚਾਹੀਦਾ।

ਇਸ ਤੋਂ ਇਲਾਵਾ ਪੰਜਾਬ ਦੇ ਲੋਕਾਂ ਨੂੰ ਆਪਣੀ ਤਰੱਕੀ ਦੇ ਕੰਮ ਆਪ ਕਰਨ ਦਾ ਅਖਤਿਆਰ ਦੇਣ ਦੇ ਵਾਸਤੇ ਏਥੇ ਪੰਚਾਇਤਾਂ, ਬਲਾਕ ਸਮਤੀਆਂ ਔਰ ਮਿਊਨਿਸਪਲ ਕਮੇਟੀਆਂ ਦੀਆਂ ਚੋਣਾਂ ਪਿਛਲੇ ਸਾਲ ਕਰਵਾਈਆਂ ਗਈਆਂ ਹਨ। ਗੌਰਮੈਂਟ ਨੇ ਇਹ ਫੈਸਲਾ ਕੀਤਾ ਹੈ ਕਿ ਪੰਚਾਇਤਾਂ ਨੂੰ ਵੱਧ ਤੋਂ ਵਧ ਰੁਪਿਆ ਮਾਲੀਏ ਦੇ ਵਿੱਚ ਦਿੱਤਾ ਜਾਵੇ ਤਾਕਿ ਉਹ ਆਪਣੀ ਹਾਲਤ ਨੂੰ ਸੁਧਾਰ ਸਕਣ। ਮੇਰਾ ਕਹਿਣ ਦਾ ਭਾਵ ਇਹ ਹੈ ਕਿ ਸਰਕਾਰ ਨੇ ਲੋਕਾਂ ਦੇ ਉਤੇ ਇਤਨਾ ਭਰੋਸਾ ਕੀਤਾ ਹੈ ਔਰ ਉਨ੍ਹਾਂ ਨੂੰ ਅਖਤਿਆਰ ਦਿੱਤੇ ਹਨ। ਹੁਣ ਮੈਂ ਆਪੋਜ਼ੀਸ਼ਨ ਵਾਲੇ ਸਾਹਿਬਾਨ ਵੱਲੋਂ ਜਿਹੜੀਆਂ ਏਥੇ ਐਜੀਟੇਸ਼ਨਾਂ ਹੁੰਦੀਆਂ ਰਹੀਆਂ ਹਨ ਉਨ੍ਹਾਂ ਵਲ ਆਉਂਦਾ ਹਾਂ। ਏਥੇ ਪੰਜਾਬੀ ਜ਼ਬਾਨ ਦੇ ਨਾਮ ਤੇ, ਹਿੰਦੀ ਭਾਸ਼ਾ ਦੇ ਨਾਮ ਤੇ ਔਰ ਪੰਜਾਬੀ ਸੂਬੇ ਦੇ ਨਾਮ ਤੇ ਸਾਜ਼ਸ਼ਾਂ ਕੀਤੀਆਂ ਗਈਆਂ। ਉਸ ਦੇ ਨਾਲ ਪੰਜਾਬ ਦਾ ਅਮਨ ਭੰਗ ਹਇਆ ਔਰ ਇਨ੍ਹਾਂ ਆਪੋਜ਼ੀਸ਼ਨ ਵਾਲਿਆਂ ਨੇ ਇਸ ਤਰ੍ਹਾਂ ਦੀਆਂ ਦੇਸ਼ ਦੇ ਹਿਤ ਦੇ ਖਿਲਾਫ ਗੱਲਾਂ

ਕਰ ਕੇ ਜਨਤਾ ਦੇ ਖਜ਼ਾਨੇ ਦਾ ਲੱਖਾਂ ਰੁਪਿਆ ਜ਼ਾਇਆ ਕਰਵਾਇਆ। ਉਸ ਸਾਰੇ ਨੁਕਸਾਨ ਦੇ ਜ਼ਿੰਮੇਵਾਰ ਇਹ ਆਪੋਜ਼ੀਸ਼ਨ ਵਾਲੇ ਭਰਾ ਹਨ। ਇਨ੍ਹਾਂ ਨੇ ਏਥੇ ਹਿੰਦੂਆਂ ਅਤੇ ਸਿੱਖਾਂ ਦੇ ਵਿਚ ਵਿਤਕਰੇ ਪਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ। ਲੇਕਿਨ ਸਰਕਾਰ ਨੇ ਉਨ੍ਹਾਂ ਸਾਰੇ ਹਾਲਾਤ ਨੂੰ ਬੜੇ ਸਿਆਣੇ ਢੰਗ ਦੇ ਨਾਲ ਕਾਬੂ ਕੀਤਾ। ਸਪੀਕਰ ਸਾਹਿਬ, ਸਾਡੇ ਇਕ ਬੜੇ ਕਾਬਲ ਮੈਂਬਰ ਸਾਹਿਬ ਸਰਦਾਰ ਗੁਰਨਾਮ ਸਿੰਘ ਹੋਰਾਂ ਨੇ ਏਥੇ ਕਲ ਇਕ statement ਦਿੱਤੀ ਸੀ। ਮੈਨੂੰ ਉਨ੍ਹਾਂ ਦੀ ਉਸ statement ਨੂੰ ਸੁਣ ਕੇ ਬੜਾ ਅਫਸੋਸ ਹੋਇਆ। ਉਨ੍ਹਾਂ ਨੇ ਕਿਹਾ ਸੀ democracy has been reduced to mockery. ਉਨ੍ਹਾਂ ਨੇ ਕਿਹਾ ਕਿ ਇਥੇ reign of terror and lawlessness ਹੈ। ਮੈਂ ਉਮੀਦ ਨਹੀਂ ਸੀ ਕਰਦਾ ਕਿ ਇਸ ਤਰ੍ਹਾਂ ਦੇ ਕਾਬਲ ਮੈਂਬਰ ਏਸ ਕਿਸਮ ਦੀਆਂ ਗੱਲਾਂ ਕਹਿਣਗੇ। ਅਜ election ਨੂੰ ਹੋਇਆਂ ਸਿਰਫ ਮਹੀਨਾ ਹੀ ਹੋਇਆ ਹੈ ਔਰ ਲੋਕਾਂ ਨੇ ਆਪਣਾ verdict ਕਾਂਗਰਸ ਦੇ ਹੱਕ ਵਿਚ ਦਿੱਤਾ ਹੈ। ਸਪੀਕਰ ਸਾਹਿਬ, ਹੁਣ ਤੁਸੀਂ ਆਪ ਹੀ ਅੰਦਾਜ਼ਾ ਲਗਾਉ ਕਿ ਆਨਰੇਬਲ ਮੈਂਬਰ ਸਰਦਾਰ ਗੁਰਨਾਮ ਸਿੰਘ ਹੋਰਾਂ ਨੇ ਜਿਹੜੇ ਲਫ਼ਜ਼ ਕਹੇ ਹਨ ਕਿ democracy has been reduced to mockery ਇਨ੍ਹਾਂ ਦੇ ਵਿਚ ਕਿਤਨੀ ਕੁ ਸਦਾਕਤ ਹੈ। ਇਨ੍ਹਾਂ ਦੀ ਪਾਰਟੀ ਨੇ ਇਲੈਕਸ਼ਨਾਂ ਦੇ ਵਿਚ ਜਿਸ ਕਿਸਮ ਦੇ ਇਸ਼ਤਹਾਰ ਵੰਡ ਵੰਡ ਕੇ ਸਾਜ਼ਸ਼ਾਂ ਕੀਤੀਆਂ ਸਨ ਉਨ੍ਹਾਂ ਦੀਆਂ ਕਾਪੀਆਂ ਕਲ੍ਹ ਏਥੇ ਪੰਡਤ ਮੋਹਨ ਲਾਲ ਹੋਰਾਂ ਨੇ ਪੇਸ਼ ਕੀਤੀਆਂ ਸੀ। ਇਹ ਚਾਹੁੰਦੇ ਸਨ ਕਿ ਪੰਜਾਬੀ ਸੂਬੇ ਦੇ ਨਾਅਰੇ ਲਾ ਕੇ, ਸੂਬੇ ਦੀ ਤਕਸੀਮ ਦੇ ਨਾਂ ਤੇ ਹਿੰਦੂਆਂ ਅਤੇ ਸਿੱਖਾਂ ਨੂੰ ਆਪਸ ਵਿਚ ਲੜਾ ਕੇ ਏਥੇ ਭਾਂਬੜ ਮਚਾ ਦਿੱਤੇ ਜਾਣ। ਮੈਂ ਆਨਰੇਬਲ ਮੈਂਬਰ ਸਾਹਿਬ ਨੂੰ, ਜਿਹੜੇ ਕਿ Constitution ਦੇ ਮਾਹਿਰ ਹਨ, ਇਹ ਪੁਛਣਾ ਚਾਹੁੰਦਾ ਹਾਂ ਕਿ ਮਾਸਟਰ ਤਾਰਾ ਸਿੰਘ ਹੋਰਾਂ ਨੇ ਜੋ ਵਰਤ ਰਖਿਆ ਸੀ ਕੀ ਉਹ ਵਿਧਾਨ ਦੇ ਮੁਤਾਬਿਕ ਸੀ। ਕਿਹੜਾ ਵਿਧਾਨ ਕਹਿੰਦਾ ਹੈ ਕਿ ਵਰਤ ਰਖ ਕੇ ਸੂਬੇ ਦੀ ਤਕਸੀਮ ਕਰਵਾਈ ਜਾਵੇ ?

ਸਰਦਾਰ ਗੁਰਨਾਮ ਸਿੰਘ: ਜਿਹੜੇ Constitution ਦੇ ਨਾਲ ਮਹਾਤਮਾ ਗਾਂਧੀ ਵਰਤ ਰਖਦੇ ਹੁੰਦੇ ਸੀ।

ਰਾਜ ਮੰਤਰੀ: ਮੈਂਬਰ ਸਾਹਿਬ ਕਾਨੂੰਨ ਦੇ ਮਾਹਿਰ ਹਨ, ਮੈਂ ਉਨ੍ਹਾਂ ਨੂੰ ਪੁਛਣਾ ਚਾਹੁੰਦਾ ਹਾਂ ਕਿ ਕੀ fast unto death is not an attempt to commit suicide ? ਕੀ ਉਹ ਮਾਸਟਰ ਤਾਰਾ ਸਿੰਘ ਹੋਰਾਂ ਨੂੰ ਵਰਤ ਰਖਣ ਤੋਂ ਨਹੀ ਸਨ ਰੋਕ ਸਕਦੇ। ਮੈਂ ਹੈਰਾਨ ਹਾਂ ਕਿ ਉਦੋਂ ਉਹ Constitution ਕਿਉਂ ਭੁਲ ਗਏ ਸਨ। ਭੁਖ ਹੜਤਾਲ ਦੀਆਂ ਗੱਲਾਂ ਉਦੋਂ ਚਲਦੀਆਂ ਸਨ ਜਦੋਂ ਏਥੇ ਅੰਗਰੇਜ਼ਾਂ ਦਾ ਰਾਜ ਸੀ। ਅਜ ਸਾਡਾ ਆਪਣਾ ਰਾਜ ਹੈ, ਜਨਤਾ ਦਾ ਰਾਜ ਹੈ। ਸਾਡੇ ਵਿਧਾਨ ਦੇ ਵਿਚ ਇਹ ਚੀਜ਼ ਫੈਸਲਾ-ਸ਼ੁਦਾ ਹੈ ਕਿ ਹਿੰਦੁਸਤਾਨ ਵਿਚ ਰਾਜ ਬਦਲਣ ਵਾਸਤੇ ਹਰ ਪੰਜਾਂ ਸਾਲਾਂ ਬਾਅਦ ਚੋਣਾਂ ਹੋਇਆ ਕਰਨਗੀਆਂ ਔਰ ਉਸ ਮੌਕੇ ਜਿਹੜੇ ਲੋਕ ਰਾਜ ਦੇ ਖਿਲਾਫ ਹੋਣ ਉਹ ਬੜੀ ਖੁਸ਼ੀ ਦੇ ਨਾਲ ਆਪਣੀਆਂ ਵੋਟਾਂ ਦੇ ਕੇ ਜਿਸ ਪਾਰਟੀ ਨੂੰ ਚਾਹੁਣ ਚੁਣ ਸਕਦੇ ਹਨ। ਏਸ ਮਕਸਦ ਵਾਸਤੇ ਹਰ 21 ਸਾਲ ਤੋਂ ਵਡੇ ਔਰਤ ਅਤੇ ਆਦਮੀ ਨੂੰ ਆਪਣਾ ਵੋਟ ਦੇਣ ਦਾ ਹਕ ਹੈ। ਹਰ ਪਾਰਟੀ ਨੂੰ ਇਹ ਹੱਕ ਹੈ ਕਿ ਜਿਹੜਾ manifesto ਉਹ ਲਿਆਉਣਾ ਚਾਹੁੰਦੀ ਹੋਵੇ ਉਹ ਮੈਦਾਨ ਦੇ ਵਿਚ ਆ ਕੇ ਲੋਕਾਂ ਨੂੰ ਆਪਣਾ ਪਰੋਗਰਾਮ ਦੱਸੇ ਔਰ ਜਨਤਾ ਦਾ verdict ਲੈਣ ਤੋਂ ਬਾਅਦ ਉਸ ਦੇ ਅਗੇ ਝੁਕੇ। ਕਲ ਸਾਡੇ ਹੋਮ ਮਨਿਸਟਰ ਸਾਹਿਬ ਨੇ ਏਥੇ ਅਕਾਲੀ ਪਾਰਟੀ ਵੱਲੋਂ ਛਪਾਏ ਗਏ ਇਸ਼ਤਿਹਾਰ ਜਿਹੜੇ ਦਿਖਾਏ ਸਨ ਉਨ੍ਹਾਂ ਨੂੰ ਵੇਖ ਕੇ ਸ਼ਰਮ ਨਾਲ ਸਿਰ ਝੁਕ ਜਾਂਦਾ ਹੈ। (ਵਿਰੋਧੀ ਪਾਰਟੀ ਦੇ ਮੈਂਬਰਾਂ ਵੱਲੋਂ ਸ਼ੋਰ)।

ਬਹੁਤ ਸਾਰੇ ਮੈਂਬਰਾਂ ਵੱਲੋਂ ਅਵਾਜ਼ਾਂ: ਇਹ ਝੂਠ ਬੋਲ ਰਹੇ ਹਨ।

ਰਾਜ ਮੰਤਰੀ : ਇਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਨਾਲ ਲੈ ਕੇ ਲੋਕਾਂ ਨੂੰ ਮਜ਼੍ਹਬ ਦੇ ਨਾਮ ਤੇ ਕਈ ਕਿਸਮ ਦੇ ਡਰ ਪਾ ਕੇ ਵੋਟਾਂ ਲਈਆਂ। ਇਨ੍ਹਾਂ ਨੇ ਲੋਕਾਂ ਵਿਚ ਇਹ ਪਰਾਪੇਗੰਡਾ ਕੀਤਾ ਕਿ ਅਸੀਂ ਪੰਜਾਬੀ ਸੂਬਾ ਬਣਾਉਣਾ ਹੈ ਇਸ ਕਰਕੇ ਸਾਨੂੰ ਵੋਟਾਂ ਦਿਉ । ਇਤਨਾ ਕੁਝ ਕਰਨ ਤੋਂ ਬਾਅਦ ਵੀ ਲੋਕਾਂ ਨੇ ਜਿਹੜਾ verdict ਦਿੱਤਾ ਹੈ ਉਸ ਤੋਂ ਇਹ ਜ਼ਾਹਿਰ ਹੁੰਦਾ ਹੈ ਕਿ ਉਨ੍ਹਾਂ ਨੂੰ ਇਨ੍ਹਾਂ ਤੇ ਬਿਲਕੁਲ ਇਤਬਾਰ ਨਹੀਂ ਸੀ। ਪੰਜਾਬੀ ਸੂਬੇ ਦਾ ਨਾਮ ਲੈ ਕੇ ਇਲੈਕਸ਼ਨ ਲੜਨ ਵਾਲਿਆਂ ਨੂੰ ਸਿਰਫ 11 ਫੀ ਸਦੀ ਵੋਟਾਂ ਮਿਲੀਆਂ ਹਨ ਔਰ ਜਿਹੜੇ ਕਮਿਊਨਿਸਟ ਪਾਰਟੀ ਵਾਲੇ ਇਨ੍ਹਾਂ ਦੇ ਨਾਲ ਰਲੇ ਹੋਏ ਸਨ ਉਨ੍ਹਾਂ ਨੂੰ 7 ਫੀ ਸਦੀ ਮਿਲੀਆਂ ਹਨ। ਹੁਣ ਤੁਸੀਂ ਦਸੋ ਕਿ ਐਸੇ ਲੋਕਾਂ ਦੇ ਹਥ ਵਿਚ ਜਿਨ੍ਹਾਂ ਤੇ ਲੋਕਾਂ ਨੂੰ ਇਤਬਾਰ ਹੀ ਨਹੀਂ ਉਨ੍ਹਾਂ ਦੇ ਹਥ ਵਿਚ ਅਸੀਂ ਪੰਜਾਬ ਦੀ ਕਿਸਮਤ ਕਿਸ ਤਰ੍ਹਾਂ ਦੇ ਸਕਦੇ ਹਾਂ। ਅਜ ਇਹ ਗਲ ਕਹਿਣੀ ਜਾਇਜ਼ ਨਹੀਂ ਜਾਪਦੀ ਜਿਹੜੀ ਸਰਦਾਰ ਗੁਰਨਾਮ ਸਿੰਘ ਹੋਰਾਂ ਨੇ ਆਖੀ ਸੀ that democracy has been reduced to mockery.

ਸਰਦਾਰ ਗੁਰਨਾਮ ਸਿੰਘ : ਉਹ law and order ਦੇ ਬਾਰੇ ਕਹੀ ਸੀ।

ਰਾਜ ਮੰਤਰੀ : ਮੈਂ ਕਹਿੰਦਾ ਹਾਂ ਕਿ ਕਾਂਗਰਸ ਨੂੰ ਲੋਕਾਂ ਨੇ ਇਸ ਵਾਸਤੇ ਵੋਟਾਂ ਦਿੱਤੀਆਂ ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਕਾਂਗਰਸ ਸਾਡੇ ਹਿਤਾਂ ਦੀ ਰਾਖੀ ਕਰਦੀ ਹੈ ਔਰ ਸਾਡੀ ਬਿਹਤਰੀ ਦੇ ਕੰਮ ਕਰਦੀ ਹੈ ।

ਅਵਾਜ਼ਾਂ : ਜਿੱਤੇ ਤਾਂ 34 ਵੋਟਾਂ ਨਾਲ ਹੀ ਹੋ (*Noise and Interruption*)

ਰਾਜ ਮੰਤਰੀ : ਕਹਿੰਦੇ ਹਨ ਕਿ ਸਰਦਾਰ ਪਰਤਾਪ ਸਿੰਘ 34 ਵੋਟਾਂ ਤੋਂ ਜਿੱਤੇ ਹਨ ਅਤੇ

10.00 a. m.

ਤਰਸਿੱਕਾ ਜੀ ਪੁੱਛਦੇ ਹਨ ਕਿ 464 ਵੋਟ ਵਧ ਹੁੰਦੇ ਹਨ ਜਾਂ 34 ਵੋਟ ਵਧ ਹੁੰਦੇ ਹਨ। ਮੈਂ ਕਹਿੰਦਾ ਹਾਂ ਕਿ 464 ਵੋਟ ਉਨ੍ਹਾਂ ਲਈ ਵਧ ਹੁੰਦੇ ਹਨ ਜਿਨ੍ਹਾਂ ਦੇ ਜਥੇਦਾਰਾਂ ਨੂੰ ਗਿਣਤੀ ਨਹੀਂ ਆਉਂਦੀ ਹੈ ਅਤੇ ਐਵੇਂ ਹੀ ਬਾਹਰ ਆਕੇ ਸ਼ੋਰ ਪਾ ਦਿੰਦੇ ਹਨ। ਮੇਰੇ ਆਪਣੇ ਹਲਕੇ ਵਿਚ ਮੇਰੇ ਨਾਲ ਇਸੇ ਤਰ੍ਹਾਂ ਬੀਤੀ ਹੈ ਅਤੇ ਮੈਨੂੰ ਇਕ ਜ਼ਿੰਮੇਵਾਰ ਆਦਮੀ ਨੇ ਜੋ ਇਸ ਹਾਊਸ ਦਾ ਮੈਂਬਰ ਰਹਿ ਚੁਕਾ ਹੈ ਅਤੇ ਹੁਣ ਲੋਕ ਸਭਾ ਵਿਚ ਚਲਾ ਗਿਆ ਹੈ ਗਲਤ ਇਤਲਾਹ ਦਿਤੀ। ਮੇਰੀ ਜਦੋਂ ਗਿਣਤੀ ਹੋ ਰਹੀ ਸੀ ਤਾਂ ਕੋਈ 3 ਬਜੇ ਅਕਾਲੀ ਪਾਰਟੀ ਦੇ ਮੈਂਬਰ ਸਰਦਾਰ ਧੰਨਾ ਸਿੰਘ ਗੁਲਸ਼ਨ ਨੇ ਮੈਨੂੰ ਆਕੇ ਕਿਹਾ ਕਿ ਪੰਡਿਤ ਮੋਹਨ ਲਾਲ ਹਾਰ ਗਏ ਹਨ ਹਾਲਾਂਕਿ ਪੰਡਤ ਜੀ 15 ਹਜ਼ਾਰ ਵੋਟਾਂ ਨਾਲ ਜਿੱਤ ਕੇ ਆਏ ਹਨ। ਇਹ ਹਰ ਥਾਂ ਗਲਤ ਖਬਰਾਂ ਫੈਲਾਉਂਦੇ ਰਹੇ। ਅਜੇ ਅੰਦਰ counting ਹੋ ਰਹੀ ਹੁੰਦੀ ਸੀ ਕਿ ਬਾਹਰ ਆਕੇ ਪੰਜਾ ਵਿਖਾ ਦਿੰਦੇ ਸਨ ਕਿ ਜਿੱਤ ਗਏ ਹਾਂ। ਇਸ ਤਰ੍ਹਾਂ ਦੀਆਂ ਗਲਤ ਗੱਲਾਂ ਕਰਨ ਤੋਂ ਬਾਅਦ ਅਜ ਇਥੇ ਆਕੇ ਚੋਣਾਂ ਬਾਰੇ ਨੁਕਤਾਚੀਨੀ ਕਰਦੇ ਹਨ। ਮੈਂ ਕਹਿੰਦਾ ਹਾਂ ਕਿ ਕਾਸ਼ election petition ਤੋਂ ਇਲਾਵਾ ਹੋਰ ਕੋਈ ਤਰੀਕਾ ਵੀ ਹੁੰਦਾ ਜਿਸ ਨਾਲ ਇਨ੍ਹਾਂ ਨੇ ਜੋ ਕਾਰਵਾਈਆਂ ਕੀਤੀਆਂ ਹਨ, ਜੋ ਇਸ਼ਤਹਾਰ ਕਢੇ ਹਨ ਅਤੇ ਜਿਸ ਤਰ੍ਹਾਂ ਮਜ਼ਹਬ ਦੇ ਵਾਸਤੇ ਪਾਏ ਹਨ ਉਨ੍ਹਾਂ ਨੂੰ ਬੇਨਕਾਬ ਕੀਤਾ ਜਾ ਸਕਦਾ। ਸਪੀਕਰ ਸਾਹਿਬ, ਤੁਸੀਂ ਵੇਖਿਆ ਹੈ ਕਿ ਇਨ੍ਹਾਂ ਨੇ ਚੋਣਾਂ ਵਿਚ ਕਿਸ ਤਰ੍ਹਾਂ ਦੇ ਸ਼ਰਮਨਾਕ ਇਸ਼ਤਹਾਰ ਕਢੇ ਅਤੇ ਜਿਸ ਤਰ੍ਹਾਂ ਇਨ੍ਹਾਂ ਨੇ ਮਜ਼ਹਬ ਦੇ ਨਾਮ ਤੇ ਗੁਰੂ ਗ੍ਰੰਥ ਸਾਹਿਬ ਦਾ ਵਾਸਤਾ ਪਾਕੇ ਲੋਕਾਂ ਦੇ ਜਜ਼ਬਾਤ ਨੂੰ ਭੜਕਾਇਆ ਹੈ ਉਸਤੋਂ ਮਾਲੂਮ ਹੁੰਦਾ ਹੈ ਕਿ ਇਹ Democracy ਦੇ ਕਿਤਨੇ ਹਾਮੀ ਹਨ। (*interruptions*) ਇਨ੍ਹਾਂ ਦੀ ਜਮਹੂਰੀਅਤ ਪਸੰਦੀ ਦਾ ਇਨ੍ਹਾਂ ਚੀਜ਼ਾਂ ਤੋਂ ਕਾਫੀ ਸਬੂਤ ਮਿਲ ਗਿਆ ਹੈ ਅਤੇ ਇਹ ਦੋਸਤ ਆਪਣੀ ਜਮਹੂਰੀਅਤ ਪਸੰਦੀ ਦਾ ਦਾਅਵਾ ਨਹੀਂ ਕਰ ਸਕਦੇ। ਇਥੇ ਕਿਹਾ ਗਿਆ ਹੈ ਕਿ ਕਿ reign of terror ਫੈਲਾ ਦਿਤੀ ਗਈ ਅਤੇ ਦਫਾ 107/151 ਦੇ cases ਚਲਾਏ ਗਏ ਜਿਨ੍ਹਾਂ cases ਨੂੰ ਵੇਖ ਕੇ ਪਤਾ ਲਗਦਾ ਹੈ ਕਿ ਪੰਜਾਬ ਵਿਚ law and order ਨਹੀਂ। ਫੇਰ ਇਨ੍ਹਾਂ ਨੇ ਇਹ ਵੀ ਕਿਹਾ ਕਿ ਦਫਾ 107/151 preventive action ਹੁੰਦਾ ਹੈ । ਇਹ ਸਾਨੂੰ ਵੀ ਪਤਾ ਹੈ ਕਿ ਇਹ preventive

action ਹੁੰਦਾ ਹੈ । ਲੇਕਿਨ ਮੈਂ ਇਨ੍ਹਾਂ ਦੋਸਤਾਂ ਕੋਲੋਂ ਪੁਛਦਾ ਹਾਂ ਕਿ ਕੀ preventive action ਬਾਅਦ ਵਿਚ ਲਿਆ ਜਾਂਦਾ ਹੈ ਜਦੋਂ ਝਗੜੇ ਹੋ ਜਾਣ, ਫਸਾਦ ਕਰਵਾ ਦਿਤੇ ਜਾਣ ਤੇ ਸਾਰੀ ਅੱਗ ਭੜਕਾ ਦਿਤੀ ਜਾਵੇ ? ਮੈਂ ਇਨ੍ਹਾਂ ਦੀ ਵਾਕਫੀਅਤ ਲਈ ਦਸ ਦੇਵਾਂ ਕਿ preventive action ਪਹਿਲਾਂ ਲਿਆ ਜਾਂਦਾ ਹੈ ਅਤੇ ਕਿਸੇ ਖਤਰੇ ਦੇ ਪੈਦਾ ਹੋ ਜਾਣ ਤੇ ਹੀ ਕਾਰਵਾਈ ਕੀਤੀ ਜਾਂਦੀ ਹੈ ਅਤੇ ਖਤਰਾ ਲੰਘ ਜਾਣ ਤੋਂ ਬਾਅਦ, ਤੇ ਸਾਰੇ ਝਗੜੇ ਹੋ ਜਾਣ ਤੋਂ ਬਾਅਦ ਇਹ action ਨਹੀਂ ਲਿਆ ਜਾ ਸਕਦਾ। ਇਸ action ਦੀ ਲੋੜ ਉਸ ਵੇਲੇ ਪੈਂਦੀ ਹੈ ਜਦੋਂ ਲੋਕਾਂ ਵਿਚ ਮੁਨਾਫਰਤ ਫੈਲਾਈ ਜਾਂਦੀ ਹੈ, ਸੈਂਕੜਿਆਂ ਦੀ ਤਾਦਾਦ ਵਿਚ ਭਾਲੇ ਲੈ ਲੈ ਕੇ ਨਾਹਰੇ ਲਾਏ ਜਾਂਦੇ ਹਨ ਅਤੇ ਲੋਕਾਂ ਨੂੰ ਫਸਾਦ ਤੇ ਆਮਾਦਾ ਕੀਤਾ ਜਾਂਦਾ ਹੈ.. (*interruptions*) ਜੇਕਰ ਇਹੋ ਜਿਹੇ ਹਾਲਾਤ ਪੈਦਾ ਕੀਤੇ ਜਾਣ ਜਿਸ ਨਾਲ ਦੋ sister communities ਨੂੰ ਝਗੜੇ ਅਤੇ ਦੰਗੇ ਤੇ ਆਮਾਦਾ ਕੀਤਾ ਜਾਵੇ ਅਤੇ ਜਿਸ ਨਾਲ ਅਮਨ ਨੂੰ ਖਤਰਾ ਹੋਵੇ ਤਾਂ ਕੀ ਤੁਹਾਡਾ ਮਤਲਬ ਹੈ ਕਿ ਸਰਕਾਰ ਚੁਪ ਬੈਠੀ ਰਹੇ ਅਤੇ ਇਹੋ ਜਿਹੇ ਹਾਲਾਤ ਪੈਦਾ ਕਰਨ ਵਾਲਿਆਂ ਨੂੰ ਖੁਲ੍ਹੀ ਛੁੱਟੀ ਦੇ ਦਿਤੀ ਜਾਵੇ ਕਿ ਉਹ ਲੋਕਾਂ ਦੀ ਜ਼ਿੰਦਗੀ ਨੂੰ ਖਤਰੇ ਵਿਚ ਪਾ ਦੇਣ ? ਕੋਈ ਵੀ ਸਰਕਾਰ ਜਿਸਨੂੰ ਲੋਕਾਂ ਨੇ ਭਾਰੀ ਬਹੁਗਿਣਤੀ ਨਾਲ ਇਥੇ ਭੇਜਿਆ ਹੈ ਇਸ ਗੱਲ ਦੀ ਇਜਾਜ਼ਤ ਨਹੀਂ ਦੇ ਸਕਦੀ। ਜੇਕਰ ਇਹ ਸਰਕਾਰ ਵਕਤ ਸਿਰ ਕਾਰਵਾਈ ਨਾ ਕਰਦੀ ਤਾਂ ਇਨ੍ਹਾਂ ਲੋਕਾਂ ਨੇ ਪੰਜਾਬ ਦੇ ਅਮਨ-ਪਸੰਦ ਲੋਕਾਂ ਦਾ ਜੀਣਾ ਦੂਭਰ ਕਰ ਦੇਣਾ ਸੀ। ਮੈਂ ਕਹਿੰਦਾ ਹਾਂ ਕਿ ਜੇਕਰ ਚੀਫ ਮਨਿਸਟਰ ਸਾਹਿਬ boldly action ਨਾ ਲੈਂਦੇ ਤਾਂ ਆਉਣ ਵਾਲੇ historian ਉਨ੍ਹਾਂ ਨੂੰ ਮੁਆਫ ਨਾ ਕਰਦੇ ਅਤੇ ਤਾਰੀਖ ਇਹ ਕਹਿੰਦੀ ਕਿ ਇਸ ਸਰਕਾਰ ਨੇ ਆਪਣੇ ਫਰਜ਼ ਵਿਚ ਕੋਤਾਹੀ ਕੀਤੀ ਅਤੇ ਅਮਨ-ਪਸੰਦ ਲੋਕਾਂ ਦੀ ਜ਼ਿੰਦਗੀ ਨੂੰ ਖਤਰੇ ਵਿਚ ਪਾ ਦਿਤਾ। ਮੈਂ ਸਮਝਦਾ ਹਾਂ ਕਿ ਚੀਫ ਮਨਿਸਟਰ ਸਾਹਿਬ ਨੇ ਪੰਜਾਬ ਵਿਚ ਅਮਨ ਕਾਇਮ ਕਰਕੇ, ਤਰੱਕੀ ਦੇ ਕੰਮ ਕਰਕੇ ਅਤੇ ਲੋਕਾਂ ਦੇ ਸ਼ਹਿਰੀ ਹਕੂਕ ਦੀ ਹਿਫਾਜ਼ਤ ਕਰਕੇ ਪੰਜਾਬ ਤੇ ਬੜਾ ਭਾਰੀ ਅਹਿਸਾਨ ਕੀਤਾ ਹੈ। ਇਨ੍ਹਾਂ ਫਿਰਕਾਪ੍ਰਸਤ ਦੋਸਤਾਂ ਨੂੰ ਚੀਫ ਮਨਿਸਟਰ ਸਾਹਿਬ ਨੇ ਚੂੰਕਿ ਮਨ ਮਾਨੀ ਨਹੀਂ ਕਰਨ ਦਿਤੀ ਅਤੇ ਨਾ ਹੁਣ ਅਗੇ ਨੂੰ ਕਰਨ ਦੀ ਇਜਾਜ਼ਤ ਦੇਣੀ ਹੈ ਇਸ ਲਈ ਇਨ੍ਹਾਂ ਨੂੰ ਇਸ ਗਲ ਦੀ ਬੜੀ ਸੱਟ ਵੱਜੀ ਹੈ ਕਿ ਉਹ ਫੇਰ ਕਿਉਂ ਜਿਤ ਗਏ ਹਨ। ਫਿਰ ਇਹ 34 ਵੋਟਾਂ ਦਾ ਰੋਣਾ ਰੋਂਦੇ ਹਨ। ਮੈਂ ਇਨ੍ਹਾਂ ਨੂੰ ਦਸ ਦੇਂਦਾ ਹਾਂ ਕਿ ਉਨ੍ਹਾਂ ਨੇ ਆਪਣੀ ਚੋਣ ਹੀ ਨਹੀਂ ਲੜੀ ਬਲਕਿ ਪੰਜਾਬ ਵਿਚ 154 ਸੀਟਾਂ ਦੀ election ਲੜੀ ਹੈ। ਉਹ ਆਪਣੇ ਹਲਕੇ ਵਿਚ ਤਾਂ ਗਏ ਹੀ ਨਹੀਂ ਹਨ। ਜੇਕਰ ਆਪੋਜ਼ੀਸ਼ਨ ਦੇ ਕਿਸੇ ਦੋਸਤ ਨੂੰ 154 ਸੀਟਾਂ ਲਈ ਲੜਾਈ ਲੜਨੀ ਹੁੰਦੀ ਤਾਂ ਮੈਂ ਕਹਿੰਦਾ ਹਾਂ ਕਿ ਇਹ ਜਿਹੜੇ 34 ਵੋਟਾਂ ਦਾ ਤਾਅਨਾ ਦਿੰਦੇ ਹਨ ਉਨ੍ਹਾਂ ਦੀਆਂ ਜ਼ਮਾਨਤਾਂ ਜ਼ਬਤ ਹੋ ਜਾਂਦੀਆਂ ।(*cheers*) ਇਸ ਚੀਫ ਮਨਿਸਟਰ ਨੇ ਫਿਰਕਾ-ਦਾਰੀ ਦੇ ਪੈਰ ਉਖੇੜ ਦਿਤੇ ਹਨ ਅਤੇ secularism ਦੀਆਂ ਜੜ੍ਹਾਂ ਨੂੰ ਮਜ਼ਬੂਤ ਕੀਤਾ ਹੈ। ਇਹ ਚੀਫ ਮਨਿਸਟਰ ਸਾਹਿਬ secularism ਤੇ democracy ਦੇ symbol ਹਨ ਅਤੇ ਇਹ ਆਪੋਜ਼ੀਸ਼ਨ ਦੇ ਵੀਰ ਫਿਰਕਾਪ੍ਰਸਤੀ ਦੇ symbol ਹਨ। ਇਸ ਵਕਤ ਸਾਡੇ ਸਾਹਮਣੇ ਦੋ ਸਵਾਲ ਹਨ। ਇਕ ਤਾਂ ਇਹ ਕਿ ਇਹ ਜਿਹੜਾ ਤੀਜਾ ਪੰਜ ਸਾਲਾ ਪਲਾਨ ਹੈ ਜਿਸਤੇ ਸਾਡੇ ਪੰਜਾਬ ਦਾ ਭਵਿਖਤ ਨਿਰਭਰ ਕਰਦਾ ਹੈ, ਅਤੇ ਪੰਜਾਬ ਦੇ ਕਿਸਾਨਾਂ, ਗਰੀਬਾਂ, ਹਰੀਜਨਾਂ ਦੀ ਤਰੱਕੀ ਜਿਸ ਨਾਲ ਹੋਣੀ ਹੈ ਉਸਨੂੰ ਕਾਮਯਾਬ ਕਰਨਾ ਹੈ। ਦੂਸਰੇ ਇਸ ਫਿਰਕਾਦਾਰੀ ਦਾ ਜਿਸਦੇ ਪੈਰ ਉਖੜ ਗਏ ਹਨ ਮੁਕਾਬਲਾ ਕਰਨਾ ਹੈ। ਅਜ ਇਹ ਮਨਿਸਟਰੀ ਜਿਥੇ ਭੁਖ, ਗਰੀਬੀ ਤੇ ਬੇਰੋਜ਼ਗਾਰੀ ਦੇ ਖਿਲਾਫ ਲੜ ਰਹੀ ਹੈ ਉਥੇ ਇਸ ਫਿਰਕਾਪ੍ਰਸਤੀ ਦੇ ਖਿਲਾਫ ਮਰਦੇਮੁਜਾਹਦ ਦੀ ਤਰ੍ਹਾਂ ਲੜ ਰਹੀ ਹੈ ਅਤੇ boldly ਲੜਦੀ ਰਹੇਗੀ। ਇਹ ਕਹਿੰਦੇ ਹਨ ਕਿ ਪੰਜਾਬ ਵਿਚ law and order ਖਰਾਬ ਹੈ ਕਿਉਂਕਿ ਇਥੇ ਹਜ਼ਾਰਾਂ ਦੀ ਤਾਦਾਦ ਵਿਚ ਦਫਾ 107/151 ਦੇ cases ਬਣਾਏ ਗਏ

[ਰਾਜ ਮੰਤਰੀ]

ਹਨ। ਕੀ ਤੁਹਾਡਾ ਮਤਲਬ ਹੈ ਕਿ unsocial elements ਸ਼ਰਾਬ ਦੀਆਂ ਭਠੀਆਂ ਚਾੜ੍ਹੀ ਰਖਣ, ਜੂਏ ਬਾਜ਼ੀ ਹੁੰਦੀ ਰਹੇ ਅਤੇ ਨਾਜਾਇਜ਼ ਅਸਲ੍ਹਾ ਇੱਕਠਾ ਹੁੰਦਾ ਰਹੇ ਅਤੇ ਲੋਕਾਂ ਦੇ ਜਾਨੋ-ਮਾਲ ਨੂੰ ਖਤਰਾ ਬਣਿਆ ਰਹੇ ਪਰ ਸਰਕਾਰ ਚੁਪ ਚਾਪ ਤਮਾਸ਼ਾ ਵੇਖਦੀ ਰਹੇ ? ਇਹ ਸਰਕਾਰ ਇਹੋ ਜਿਹੀਆਂ unsocial activities ਦੀ ਇਜਾਜ਼ਤ ਨਹੀਂ ਦੇਵੇਗੀ ਭਾਵੇਂ ਉਸਦੇ ਕਰਨ ਵਾਲੇ ਕੋਈ ਵੀ ਹੋਣ। ਬਜਾਏ ਇਸਦੇ ਕਿ ਸਰਕਾਰ ਨੂੰ credit ਦਿਤਾ ਜਾਂਦਾ ਕਿ ਉਸਨੇ ਨਾਜਾਇਜ਼ ਸ਼ਰਾਬ ਦੇ cases ਫੜੇ, ਨਾਜਾਇਜ਼ ਅਸਲ੍ਹੇ ਦੀ ਪਕੜ ਕੀਤੀ ਅਤੇ ਹੋਰ ਬਹੁਤ ਸਾਰੀਆਂ antisocial activities ਨੂੰ ਦਬਾਇਆ, ਉਲਟੀ ਨੁਕਤਾਚੀਨੀ ਕੀਤੀ ਗਈ ਹੈ। ਕੀ ਤੁਸੀਂ ਪੰਜਾਬ ਵਿਚ ਅਮਨੋ ਅਮਾਨ ਨਹੀਂ ਚਾਹੁੰਦੇ ਅਤੇ ਇਸ ਕਿਸਮ ਦੇ ਲੋਕਾਂ ਨੂੰ ਸ਼ਹਿ ਦੇਣਾ ਚਾਹੁੰਦੇ ਹੋ। ਮੈਂ ਅਰਜ਼ ਕਰਦਾ ਹਾਂ ਕਿ ਸਰਕਾਰ ਅਜਿਹੀਆਂ ਕਾਰਵਾਈਆਂ ਨੂੰ ਜ਼ਰੂਰ ਰੋਕੇਗੀ। ਇਹ ਮੁਕਦਮੇ ਸਗੋਂ ਜ਼ਾਹਰ ਕਰਦੇ ਹਨ ਕਿ ਇਹ ਸਰਕਾਰ ਆਪਣੇ ਫਰਾਇਜ਼ ਨਿਹਾਇਤ ਸੁਚਜੇ ਢੰਗ ਨਾਲ ਨਿਭਾ ਰਹੀ ਹੈ ਅਤੇ anti-social elements ਨੂੰ ਖਤਮ ਕਰ ਰਹੀ ਹੈ। ਫੇਰ ਸਰਦਾਰ ਗੁਰਨਾਮ ਸਿੰਘ ਜੀ ਨੇ Constitution ਦਾ ਬੜਾ ਹਵਾਲਾ ਦਿਤਾ ਹੈ ਅਤੇ ਕਿਹਾ ਹੈ ਕਿ plebiscite ਕਰਾਇਆ ਜਾਵੇ। ਮੈਂ ਅਰਜ਼ ਕਰਦਾ ਹਾਂ ਕਿ ਜਿਸ Constitution ਦਾ ਉਨ੍ਹਾਂ ਨੇ ਹਵਾਲਾ ਦਿਤਾ ਹੈ ਉਸ ਵਿਚ plebiscite ਦਾ ਕੋਈ provision ਨਹੀਂ ਅਤੇ ਨਾ ਹੀ ਅਸੀਂ ਕਦੇ ਇਹ ਚੀਜ਼ ਮੰਨੀ ਹੈ----(*Interruptions*)

ਆਵਾਜ਼ਾਂ : ਕਸ਼ਮੀਰ ਵਿਚ ਜੋ ਮੰਨਿਆ ਹੈ।

ਰਾਜ ਮੰਤ੍ਰੀ ਤੁਸੀਂ ਮੰਨਿਆ ਹੋਵੇਗਾ ਅਸੀਂ ਤਾਂ ਮੰਨਦੇ ਨਹੀਂ ਹਾਂ। (*noise*)

ਸਰਦਾਰ ਗੁਰਨਾਮ ਸਿੰਘ : ਤੁਹਾਡੇ ਪਰਧਾਨ ਮੰਤਰੀ ਤਾਂ ਮੰਨਦੇ ਹਨ। (*noise*)

ਰਾਜ ਮੰਤ੍ਰੀ : Constitution ਜਿਸਦਾ ਹਵਾਲਾ ਤੁਸੀਂ ਦਿਤਾ ਹੈ ਉਸ ਵਿਚ ਕਿਤੇ plebiscite ਨਹੀਂ ਮੰਨਿਆ ਗਿਆ ਹੈ ਅਤੇ ਨਾ ਹੀ ਹਰ ਮਸਲੇ ਤੇ ਇਹ ਹੋ ਸਕਦਾ ਹੈ। ਤੁਹਾਡਾ ਕੀ ਮਤਲਬ ਹੈ ਕਿ ਹਰ ਮਸਲੇ ਤੇ plebiscite ਹੀ ਕਰਾਏ ਜਾਣ ? ਪੰਜਾਬ ਦੇ ਮਸਲੇ plebiscite ਨਾਲ ਤਾਂ ਹਲ ਨਹੀਂ ਹੋ ਸਕਦੇ ਹਨ। ਇਸਦਾ ਇਕੋ ਤਰੀਕਾ ਹੈ ਕਿ ਪੰਜ ਸਾਲ ਬਾਅਦ ਲੋਕਾਂ ਕਲ ਜਾਓ ਅਤੇ ਉਨ੍ਹਾਂ ਦਾ verdict ਲਉ ਅਤੇ ਉਸ verdict ਨੂੰ ਖੁਸ਼ੀ ਨਾਲ ਤਸਲੀਮ ਕਰੋ। ਤੁਸੀਂ ਪੰਜਾਬੀ ਜਬਾਨ ਦੇ ਨਾਮ ਤੇ ਸੂਬਾ ਬਣਾਉਣਾ ਚਾਹੁੰਦੇ ਹੋ। ਮੈਂ ਪੰਜਾਬੀ region ਦਾ ਰਹਿਣ ਵਾਲਾ ਹਾਂ ਅਤੇ ਮੈਂ ਬਬਾਂਗੇ ਦੁਹਲ ਕਹਿੰਦਾ ਹਾਂ ਕਿ ਮੇਰੀ ਮਾਤਰੀ ਭਾਸ਼ਾ ਪੰਜਾਬੀ ਹੈ। ਕੀ ਪੰਜਾਬੀ ਭਾਸ਼ਾ ਨੂੰ ਉਸਾਰਨ ਲਈ ਪੰਜਾਬੀ ਸੂਬੇ ਦੀ ਜ਼ਰੂਰਤ ਹੈ। ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਪੰਜਾਬੀ ਜ਼ਬਾਨ ਦੀ ਜਿਤਨੀ ਤਰੱਕੀ ਇਸ ਸਰਕਾਰ ਨੇ ਪਿਛਲੇ 10 ਸਾਲਾਂ ਵਿਚ ਕੀਤੀ ਹੈ ਉਤਨੀ ਨਾ ਮੁਗਲਾਂ ਦੇ ਰਾਜ ਵਿਚ ਹੋਈ, ਨਾ ਅੰਗਰੇਜ਼ਾਂ ਦੇ ਰਾਜ ਵਿਚ ਹੋਈ ਅਤੇ ਨਾ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਹੋਈ ਹੈ। ਪੰਜਾਬੀ ਭਾਸ਼ਾ ਦੀ ਤਰੱਕੀ ਲਈ ਇਸ ਸਰਕਾਰ ਵਲੋਂ ਲੱਖਾਂ ਰੁਪਏ ਖਰਚ ਕੀਤੇ ਜਾ ਰਹੇ ਹਨ। ਇਥੇ ਪੰਜਾਬੀ ਜ਼ਬਾਨ ਦੇ ਲਿਖਾਰੀਆਂ ਤੇ ਸਾਹਿਤਕਾਰਾਂ ਦਾ ਪੂਰਾ ਪੂਰਾ ਮਾਣ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਮਾਲੀ ਸਹਾਇਤਾ ਦਿਤੀ ਜਾ ਰਹੀ ਹੈ। ਨਵੀਂ ਗਰਾਮਰ ਬਣ ਰਹੀ ਹੈ ਅਤੇ ਡਿਕਸ਼ਨਰੀਆਂ ਬਣ ਰਹੀਆਂ ਹਨ। ਲੇਕਿਲ ਤੁਸੀਂ ਜ਼ਬਾਨ ਦੀ ਆੜ ਵਿਚ ਪੰਜਾਬ ਦੇ ਟੁਕੜੇ ਕਰਨਾ ਚਾਹੁੰਦੇ ਹੋ। ਜਿਸ ਤਰ੍ਹਾਂ ਤੁਸੀਂ ਕਹਿੰਦੇ ਹੋ ਉਸ ਤਰ੍ਹਾਂ ਤਾਂ ਤੁਸੀਂ ਚਾਹੁੰਦੇ ਹੋ ਕਿ 2 ਕਰੋੜ ਆਦਮੀਆਂ ਨੂੰ ਪੰਜਾਬੀ ਸਿਖਾਣ ਦੀ ਬਜਾਏ ਇਕ ਕਰੋੜ ਆਦਮੀਆਂ ਨੂੰ ਹੀ ਸਿਖਾਈ ਜਾਵੇ। ਤੁਸੀਂ ਤਾਂ ਪੰਜਾਬੀ ਨੂੰ ਮਹਿਦੂਦ ਕਰਨਾ ਚਾਹੁੰਦੇ ਹੋ। ਕੀ ਇਹ ਇਸ ਤਰ੍ਹਾਂ ਪੰਜਾਬੀ ਨੂੰ ਬਚਾਉਣਾ ਚਾਹੁੰਦੇ ਹਨ ? ਇਸ ਕਰਕੇ ਇਹ ਕਹਿੰਦੇ ਹਨ ਕਿ ਪੰਜਾਬੀ-ਦੀ ਰਖਿਆ

ਕਰਨੀ ਚਾਹੀਦੀ ਹੈ। ਮੈਂ ਅਰਜ਼ ਕਰਾਂਗਾ ਕਿ ਇਹ ਪੰਜਾਬੀ ਦੇ ਨਾਉਂ ਤੇ ਪੰਜਾਬ ਵਿਚ ਭਾਂਬੜ ਮਚਾਉਣਾ ਚਾਹੁੰਦੇ ਸਨ, ਇਸ ਦੀ ਇਜਾਜ਼ਤ ਨਹੀਂ ਦਿਤੀ ਜਾ ਸਕਦੀ। (ਘੰਟੀ)

ਇਕ ਮੈਂਬਰ ਵਲੋਂ ਕਿਹਾ ਗਿਆ ਕਿ ਇਥੇ ਅਨਾਜ ਦੀ ਕਮੀ ਹੈ, ਤੇ ਇਸ ਦੀਆਂ ਕੀਮਤਾਂ ਬਹੁਤ ਜ਼ਿਆਦਾ ਚੜ੍ਹੀਆਂ ਹੋਈਆਂ ਹਨ। ਸ਼ਾਇਦ Hon'ble Member ਨੂੰ ਪਤਾ ਨਹੀਂ ਕਿ ਇਹ ਅਨਾਜ ਦਾ surplus ਸੂਬਾ ਹੈ। ਜਦੋਂ ਕਿਸੇ ਫਸਲ ਵਿਚ ਅਨਾਜ ਦੀ ਕਮੀ ਹੋ ਜਾਏ ਤੇ ਕੀਮਤਾਂ ਚੜ੍ਹ ਜਾਣ ਤਾਂ ਸਰਕਾਰ ਵਲੋਂ fair price shops ਖੋਲ੍ਹੀਆਂ ਜਾਂਦੀਆਂ ਹਨ ਤਾਕਿ ਲੋੜਵੰਦ ਆਦਮੀਆਂ ਨੂੰ ਵਕਤ ਸਿਰ ਅਨਾਜ ਮਿਲ ਸਕੇ। ਪੰਜਾਬ ਸਰਕਾਰ ਦੀ ਇਹ ਕੋਸ਼ਿਸ਼ ਰਹਿੰਦੀ ਹੈ ਕਿ ਕਿਸਾਨ ਨੂੰ ਉਸ ਦੇ ਅਨਾਜ ਦੀ ਕੀਮਤ ਵਧ ਮਿਲੇ ਤੇ ਮੁਨਾਸਬ ਕੀਮਤਾਂ ਰਹਿਣ ਤੇ ਵਕਤ ਸਿਰ ਅਨਾਜ ਮਿਲੇ। ਸਰਕਾਰ ਨੇ ਇਹ ਤਰੀਕਾ ਬਣਾਇਆ ਹੈ ਤੇ ਇਸ ਤੇ ਚਲਦੀ ਹੈ। ਮੈਂ ਅਰਜ਼ ਕਰਾਂਗਾ ਕਿ ਅੱਜ ਅਗਰ ਪਿਛਲੇ 5 ਸਾਲ ਯਾ ਪਿਛਲੇ ਸਾਲ ਤੇ ਨਿਗਾਹ ਮਾਰੀ ਜਾਏ ਤਾਂ ਮਾਣ ਨਾਲ ਕਿਹਾ ਜਾ ਸਕਦਾ ਹੈ ਕਿ ਪੰਜਾਬ ਸਰਕਾਰ ਨੇ ਜੋ ਕਦਮ ਉਠਾਏ ਹਨ ਉਹ ਪੰਜਾਬ ਨੂੰ ਤਰੱਕੀ ਵਲ ਲੈ ਕੇ ਗਏ ਹਨ, ਸਰਕਾਰ ਨੇ ਖੁਸ਼ਹਾਲੀ ਵਲ ਲੈ ਜਾਣ ਵਾਲੇ ਕਦਮ ਉਠਾਏ ਹਨ। ਅਗਰ ਖਤਰਾ ਹੋਇਆ ਹੈ ਤਾਂ ਫਿਰਕਾਦਾਰੀ ਨੂੰ ਹੋਇਆ ਹੈ। ਇਹ ਓਦੋਂ ਤਕ ਰਹੇਗਾ ਜਦ ਤਕ ਇਹ ਜੜ੍ਹਾਂ ਤੋਂ ਨਹੀਂ ਉਖੇੜੀ ਜਾਂਦੀ। ਸਪੀਕਰ ਸਾਹਿਬ, ਮੈਂ ਅਖੀਰ ਵਿਚ ਆਪ ਦਾ ਧੰਨਵਾਦ ਕਰਦਾ ਹਾਂ।

Mr. Speaker : Since there are a number of hon. Members who want to participate in the discussion I will be able to allow each hon. Member to speak for 10 minutes only.

ਸਰਦਾਰ ਗੁਰਚਰਨ ਸਿੰਘ (ਮੋਗਾ) : ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ ਐਡਰੈਸ ਤੇ Motion of Thanks ਦੇ ਬਾਰੇ ਜਿਥੋਂ ਤਕ Treasury Benches ਵਲੋਂ ਬੋਲਿਆ ਗਿਆ ਹੈ, ਉਸ ਵਿਚ ਬਜਾਏ ਇਸ ਦੇ ਕਿ ਕੋਈ ਹੋਰ ਗਲਾਂ ਦਸਦੇ ਉਨ੍ਹਾਂ ਨੇ ਦੋ ਦਿਨ ਤੱਕ ਸਰਹਾਲੀ ਦੀ ਇਲੈਕਸ਼ਨ ਨੂੰ justify ਕੀਤਾ ਹੈ। ਕੱਲ੍ਹ ਸਾਡੇ ਹੋਮ ਮਨਿਸਟਰ ਸਾਹਿਬ ਨੇ ਤਕਰੀਰ ਕੀਤੀ । ਉਹ law and order ਤੋਂ ਚੱਲੇ ਤੇ ਸਰਹਾਲੀ ਦੇ ਹਲਕੇ ਪਹੁੰਚ ਗਏ ਤੇ ਉਨ੍ਹਾਂ ਨੇ ਇਸ਼ਤਿਹਾਰ ਪੇਸ਼ ਕੀਤੇ ਤੇ ਕਿਹਾ ਕਿ ਓਥੇ ਅਕਾਲੀ ਪਾਰਟੀ ਨੇ ਇਸ਼-ਤਿਹਾਰਾਂ ਨਾਲ ਕਾਂਗਰਸ ਪਾਰਟੀ ਨੂੰ ਨੁਕਸਾਨ ਪਹੁੰਚਾਇਆ। ਇਨ੍ਹਾਂ ਦੇ ਹਥ ਵਿਚ ਤਾਕਤ ਸੀ, ਇਨ੍ਹਾਂ ਕੋਲ ਸਭ ਕੁਛ ਸੀ। ਇਨ੍ਹਾਂ ਨੇ ਪੰਜਾਬ ਵਿਚ ਹਰ ਨਾਜਾਇਜ਼ ਤਰੀਕੇ ਅਖਤਿਆਰ ਕੀਤੇ। ਮੈਂ ਮਿਸਾਲਾਂ ਸਾਹਮਣੇ ਰਖਾਂਗਾ। ਅਗਰ ਇਹ ਗਲਤ ਹੋਣ ਤਾਂ ਮੈਂ consequences face ਕਰਨ ਨੂੰ ਤਿਆਰ ਹਾਂ। ਇਨ੍ਹਾਂ ਨੇ ਵੋਟਾਂ ਹਾਸਲ ਕਰਨ ਵਾਸਤੇ ਹਰ ਮਹਿਕਮੇ ਨੂੰ ਵਰਤਿਆ, ਬਦਮਾਸ਼ਾਂ ਤੱਕ ਨੂੰ ਇਸਤੇਮਾਲ ਕੀਤਾ (ਵਿਘਨ ਤੇ ਸ਼ੋਰ) ਇਨ੍ਹਾਂ ਨੇ transporters ਨੂੰ ਲਾਲਚ ਦਿਤਾ ਕਿ ਤੁਹਾਨੂੰ ਪਰਮਿਟ ਦਿਆਂਗੇ। ਮੋਗੇ ਵਿਚ ਇਕ ਮਾਲਵਾ ਬਸ ਟਰਾਂਸਪੋਰਟ ਹੈ। ਉਨ੍ਹਾਂ ਨੂੰ 60 ਹਜ਼ਾਰ ਰੁਪਏ ਦੀਆਂ ਨਵੀਆਂ ਗੱਡੀਆਂ ਲੈ ਕੇ ਦਿਤੀਆਂ ਜੋ ਇਲੈਕਸ਼ਨਾਂ ਵਿਚ ਵਰਤੀਆਂ ਗਈਆਂ। ਅੱਜ ਉਹ ਗੱਡੀਆਂ ਖੜੀਆਂ ਹਨ। (ਵਿਰੋਧੀ ਪੱਖ ਵਲੋਂ shame, shame ਦੀਆਂ ਆਵਾਜ਼ਾਂ) ਇਹ ਕਹਿੰਦੇ ਹਨ ਕਿ ਪੰਜਾਬ ਵਿਚ ਟਰਾਂਸਪੋਰਟ nationalise ਕੀਤੀ ਜਾਂਦੀ ਹੈ। ਹੁਣ ਮਾਲਵਾ ਬਸ ਟਰਾਂਸਪੋਰਟ ਨੂੰ ਮੋਗੇ ਤੋਂ ਬਰਨਾਲੇ ਦਾ ਪਰਮਿਟ ਦਿਤਾ ਹੈ।

ਮੈਂ ਹੋਰ facts ਦਸਦਾ ਹਾਂ ਕਿ law and order ਦੀ ਕੀ ਹਾਲਤ ਹੈ। ਮੋਗਾ ਤਹਿਸੀਲ ਵਿਚ ਥਾਣਾ ਨਿਹਾਲ ਸਿੰਘ ਵਾਲਾ ਵਿਚ ਦੋ ਬਦਮਾਸ਼ਾਂ ਕੋਲੋਂ ਰਾਈਫਲਾਂ ਬਰਾਮਦ ਹੋਈਆਂ। ਉਨ੍ਹਾਂ ਨੂੰ ਨੌਂ ਨੌਂ ਮਹੀਨੇ ਦੀ ਸਜ਼ਾ ਹੋਈ। ਸਜ਼ਾ ਤੋਂ ਬਾਅਦ ਉਹ ਸਰਦਾਰ ਪਰਤਾਪ ਸਿੰਘ ਕੋਲ

[ਸਰਦਾਰ ਗੁਰਚਰਨ ਸਿੰਘ]

ਪਹੁੰਚੇ। ਏਥੋਂ ਡੀ. ਸੀ. ਨੂੰ ਟੈਲੀਫੋਨ ਕਰਕੇ ਉਨ੍ਹਾਂ ਨੂੰ ਲਾਈਸੈਂਸ ਦਿਲਾਏ ਗਏ। ਹੇਠਲੇ ਕਿਸੇ ਅਫਸਰ ਨੂੰ ਪਤਾ ਨਹੀਂ। ਜਦ ਉਹ ਥਾਣੇ ਵਿਚ ਗਏ ਤਾਂ ਥਾਣੇਦਾਰ ਨੂੰ ਪਤਾ ਹੀ ਨਹੀਂ। ਸਰਦਾਰ ਨਛੱਤਰ ਸਿੰਘ ਬੱਲਾਸਪੁਰ ਦਾ 9 ਮਹੀਨੇ ਦੀ ਸਜ਼ਾ ਕੱਟ ਕੇ ਆਇਆ ਹੈ। ਉਸ ਨੂੰ ਲਾਈਸੈਂਸ ਮਿਲਿਆ ਹੈ। ਇਹ law and order ਦਾ ਢੰਡੋਰਾ ਪਿਟਦੇ ਹਨ। ਨਿਹਾਲ ਸਿੰਘ ਵਾਲੇ ਥਾਣੇ ਵਿਚ ਸਰਦਾਰ ਪਰਤਾਪ ਸਿੰਘ ਵਲੋਂ ਯਾ ਪਤਾ ਨਹੀਂ ਕਿਸ ਵਲੋਂ ਉਥੋਂ ਦੀ ਪੁਲਿਸ ਨੂੰ ਕਿਹਾ ਗਿਆ। ਉਨ੍ਹਾਂ ਨੇ ਮੇਰੇ ਉਤੇ ਬੰਬ ਪਾਉਣ ਦੀ ਕੋਸ਼ਿਸ਼ ਕੀਤੀ। (ਸ਼ੋਰ) ਸਪੀਕਰ ਸਾਹਿਬ, ਮੈਂ ਆਪਣੀ ਸੀ. ਆਈ. ਡੀ. ਰਾਹੀਂ ਪਤਾ ਕੀਤਾ ਹੈ। ਮੈਂ ਪੰਜਾਬ ਦੇ ਇਕ ਬੜੇ ਤਕੜੇ ਅਫਸਰ ਨੂੰ ਮਿਲਿਆ। 15th August, 1959 ਨੂੰ ਮੈਂ S. S. P. ਸਾਹਿਬ ਨੂੰ ਮਿਲਿਆ। ਉਸ ਅਫਸਰ ਦੀ ਇਜਾਜ਼ਤ ਨਾਲ S. S. P. ਨੇ 15 ਅਗਸਤ 1959 ਨੂੰ ਥਾਣੇ ਤੇ ਛਾਪਾ ਮਾਰਿਆ ਤੇ ਉਥੋਂ ਬੰਬ ਬਰਾਮਦ ਕੀਤੇ। S. S. P. ਸਾਹਿਬ ਨੇ ਰਿਪੋਰਟ lodge ਕੀਤੀ। ਸਾਰਾ ਥਾਣਾ suspend ਕੀਤਾ ਗਿਆ। ਸਰਦਾਰ ਮੂਲ ਸਿੰਘ ਨੂੰ ਸਜ਼ਾ ਦਿਤੀ। ਇਹ law and order ਦਾ ਢੰਡੋਰਾ ਪਿਟਦੇ ਹਨ। ਸਾਡੇ Education Minister ਨੇ ਕੱਲ ਕਿਹਾ ਸੀ ਕਿ ਇਹ ਤਾਂ political adulteration ਹੈ। ਇਹ ਇਸ adultery ਦਾ ਨਤੀਜਾ ਹੈ ਕਿ ਅੱਜ ਗਿਆਨੀ ਕਰਤਾਰ ਸਿੰਘ ਤੇ ਸਰਦਾਰ ਅਜਮੇਰ ਸਿੰਘ ਮਨਿਸਟਰ ਬਣੇ ਹੋਏ ਹਨ। 1957 ਵਿਚ ਮੋਰਚਾ ਲਗਾ। ਉਸ ਤੋਂ ਬਾਅਦ 21 ਟਿਕਟਾਂ ਦਿਤੀਆਂ ਤਾਂ ਅੱਜ ਸਰਦਾਰ ਅਜਮੇਰ ਸਿੰਘ ਤੇ ਗਿਆਨੀ ਕਰਤਾਰ ਸਿੰਘ ਮਨਿਸਟਰ ਬਣੇ।

ਗ੍ਰਿਹ ਮੰਤਰੀ : ਸਪੀਕਰ ਸਾਹਿਬ, hon. Member ਨੂੰ adulteration ਤੇ adultery ਦਾ ਫਰਕ ਸਮਝਾ ਦਿਉ।

ਸਰਦਾਰ ਗੁਰਚਰਨ ਸਿੰਘ : ਉਸ ਦੇ ਨਤੀਜੇ ਵਜੋਂ ਤਾਂ ਇਹ ਤੁਹਾਡੇ ਕੋਲ ਬੈਠੇ ਹਨ। ਇਹ ਕਹਿੰਦੇ ਹਨ ਕਿ ਪੰਜਾਬ ਵਿਚ ਟਰਾਂਸਪੋਰਟ nationalise ਕਰਨੀ ਹੈ। ਫੀਰੋਜ਼ਪੁਰ ਵਿਚ ਇਕ ਬਹੁਤ ਵਡੀ ਕੰਪਨੀ ਹੈ। ਉਹ ਇਨ੍ਹਾਂ ਦੇ political Leaders ਨੂੰ ਚੰਦਾ ਨਹੀਂ ਦੇ ਸਕੀ। ਡੱਬਵਾਲੀ ਤੋਂ ਚੰਡੀਗੜ੍ਹ ਬੜਾ ਚੰਗਾ ਰੂਟ ਹੈ। ਸਾਰੇ ਪੰਜਾਬ ਵਿਚੋਂ ਅਛਾ ਹੈ। ਚੰਦਾ ਨਾ ਦੇਣ ਕਰਕੇ ਉਸ ਨੂੰ ਖਤਮ ਕਰ ਦਿਤਾ ਗਿਆ। ਬੜਾ ਅਫਸੋਸ ਹੈ। ਜਿਨ੍ਹਾਂ ਲੋਕਾਂ ਨੇ ਇਨ੍ਹਾਂ ਦੀ ਮਦਦ ਕੀਤੀ ਹੈ ਉਨ੍ਹਾਂ ਨੂੰ ਜਿਹੜੀਆਂ ਨਵੀਆਂ ਸੜਕਾਂ ਹਨ ਉਨ੍ਹਾਂ ਦੇ ਪਰਮਿਟ ਦਿਤੇ ਜਾਂਦੇ ਹਨ। ਗਵਰਨਰ ਸਾਹਿਬ ਦੇ address ਵਿਚ ਹਰ ਚੀਜ਼ ਦੀ ਤਾਰੀਫ ਕੀਤੀ ਗਈ ਹੈ। ਯਾ ਤਾਂ ਪੂਰੀ ਵਾਕਫੀਅਤ ਨਹੀਂ ਯਾ ਕੋਈ ਹੋਰ ਵਜਾਹ ਹੈ ਅਤੇ ਸਾਨੂੰ ਕਹਿੰਦੇ ਹਨ ਕਿ criticism for the sake of criticism ਕਰਦੇ ਹਨ।

ਇਨ੍ਹਾਂ ਨੇ Animal husbandry ਦੇ ਮੁਤੱਲਿਕ ਵੀ ਕਿਹਾ ਹੈ ਤੇ artificial insemination ਦਾ ਜ਼ਿਕਰ ਕੀਤਾ ਹੈ। ਇਹ ਸਮਝਦੇ ਹਨ ਕਿ artificial insemination ਨਾਲ ਜਾਨਵਰਾਂ ਦੀ ਨਸਲ ਬਦਲ ਜਾਏਗੀ। ਇਨ੍ਹਾਂ ਨੇ ਨਸਲ ਨੂੰ ਸੰਭਾਲ ਕੇ ਨਹੀਂ ਰਖਿਆ। ਇਹ ਦੱਸਣ ਕਿ ਕਿਸੇ ਵੀ ਗਊ ਯਾ ਭੈਂਸ ਦਾ ਬਚਾ ਸੰਭਾਲ ਕੇ ਰਖਿਆ ਹੈ। ਇਸ ਲਈ ਕੋਈ ਸੈਂਟਰ ਖੋਲ੍ਹੇ ਹਨ। Artificial insemination ਨਾਲ ਪੈਦਾ ਹੋਏ ਪਸ਼ੂਆਂ ਦੇ ਬੱਚੇ ਸੰਭਾਲ ਕੇ ਨਹੀਂ ਰਖਦੇ। ਇਕ ਮਹਿੰ artificial insemination ਨਾਲ ਬੱਚਾ ਪੈਦਾ ਹੁੰਦਾ ਹੈ। ਉਹ ਮਹਿੰ ਬੰਬਈ ਜਾਂ ਕਲਕਤੇ ਵਲ ਲੈ ਜਾਂਦੇ ਹਨ, ਨਾਲ ਹੀ ਬੱਚਾ ਚਲਿਆ ਜਾਂਦਾ ਹੈ। ਕੀ ਇਨ੍ਹਾਂ ਦੇ ਰਿਕਾਰਡ ਵਿਚ ਦਰਜ ਹੈ ਕਿ ਪੰਜਾਬ ਨੇ ਇਹੋ ਜਿਹੀ ਕਿੰਨੀ breed ਬਾਹਰ ਭੇਜੀ। ਮੈਂ ਜ਼ਿਮੀਂਦਾਰ

ਤਬਕੇ ਵਲੋਂ elect ਹੋ ਕੇ ਆਇਆ ਹਾਂ। ਸਰਦਾਰ ਗੁਰਬੰਤਾ ਸਿੰਘ ਜੀ agriculture ਦੇ ਮਨਿਸਟਰ ਹਨ। ਕੁਛ ਅਰਸਾ ਹੋਇਆ ਹਿੰਦੁਸਤਾਨ ਦੇ Prime Minister ਪੰਡਤ ਜਵਾਹਰ ਲਾਲ ਨੇ ਕਿਹਾ ਕਿ agriculture ਇਕ ਬੜਾ ਅਹਿਮ ਮਸਲਾ ਹੈ। ਇਸ ਨੂੰ Chief Minister ਆਪ ਰਖੇ ਪਰ ਇਨ੍ਹਾਂ ਨੇ Industry ਤੇ ਇਕ ਦੋ ਹੋਰ ਮਹਿਕਮੇ ਰਖੇ ਹਨ। ਪਿਛਲੇ 5 ਸਾਲ ਤੋਂ agriculture ਦਾ ਮਹਿਕਮਾ ਗਿਆਨੀ ਕਰਤਾਰ ਸਿੰਘ ਯਾ ਸਰਦਾਰ ਗੁਰਬੰਤਾ ਸਿਘ ਦੇ ਦਰਮਿਆਨ ਹੀ ਰਿਹਾ ਹੈ। ਜੇ ਗਿਆਨੀ ਕਰਤਾਰ ਸਿੰਘ ਨੂੰ ਸਜ਼ਾ ਦੇਣੀ ਹੋਈ ਤਾਂ agriculture ਦਾ ਮਹਿਕਮਾ ਦੇ ਦਿਤਾ, ਜੇ ਖੁਸ਼ੀ ਹੋਈ ਤਾਂ ਕੋਈ ਹੋਰ ਮਹਿਕਮਾ ਦੇ ਦਿਤਾ। ਹੁਣ ਸਰਦਾਰ ਗੁਰਬੰਤਾ ਸਿੰਘ ਕੋਲ ਇਹ ਮਹਿਕਮਾ ਹੈ। ਮੇਰਾ ਖਿਆਲ ਹੈ ਕਿ ਸਰਦਾਰ ਗੁਰਬੰਤਾ ਸਿੰਘ ਨੂੰ ਰਬ੍ਹੀ ਤੇ ਖ਼ਰੀਫ ਦਾ ਵੀ ਸ਼ਾਇਦ ਪਤਾ ਨਾ ਹੋਵੇ।

ਸਪੀਕਰ ਸਾਹਿਬ, ਮੈਂ hon. Minister ਦੇ ਸਾਹਮਣੇ ਕੁਝ ਤਜਵੀਜ਼ਾਂ ਰਖਣੀਆਂ ਹਨ ਜਿਨ੍ਹਾਂ ਦੇ ਨਾਲ ਜ਼ਿਮੀਂਦਾਰਾਂ ਦਾ ਫਾਇਦਾ ਹੋ ਸਕਦਾ ਹੈ। (ਵਿਘਨ) ਮੈਂ ਤਾਂ ਹਰ ਸਾਲ ਹਜ਼ਾਰ ਮਣ ਨਰਮਾ ਪੈਦਾ ਕਰਦਾ ਹਾਂ, ਜੱਟ ਹਾਂ। ਇਹ practically ਲੋਕਾਂ ਦੀ ਮਦਦ ਨਹੀਂ ਕਰਦੇ। ਇਹ ਕਹਿੰਦੇ ਹਨ ਕਿ ਅਨਾਜ ਦੀ ਉਪਜ ਵਧ ਗਈ ਹੈ। ਅਨਾਜ ਦੀ ਉਪਜ ਤਾਂ ਵਧੀ ਹੈ ਕਿਉਂਕਿ ਜ਼ਮੀਨ ਦੀ ਤਕਸੀਮ ਹੋ ਗਈ ਹੈ, ਛੋਟੀਆਂ ਛੋਟੀਆਂ Holdings ਹਨ, ਲੋਕ ਬੜੀ ਮਿਹਨਤ ਕਰਦੇ ਹਨ। ਉਹ unemployed ਹਨ, ਹੋਰ ਪਾਸੇ ਜਾ ਨਹੀਂ ਸਕਦੇ। ਇਹ ਛੋਟੇ ਜ਼ਿਮੀਂਦਾਰਾਂ ਦੀ ਕੀ ਮਦਦ ਕਰਦੇ ਹਨ? ਕਿਥੋਂ ਤਕ ਉਨ੍ਹਾਂ ਦੀ ਤਰੱਕੀ ਕੀਤੀ ਹੈ? ਸਿਵਾਏ ਇਸ ਦੇ ਕਿ ਉਨ੍ਹਾਂ ਨੂੰ target ਬਣਾ ਲੈਂਦੇ ਹਨ। Agriculture ਦੇ ਮਹਿਕਮੇ ਵਲੋਂ ਇਕ ਕਮੇਟੀ ਬਣਾਈ ਗਈ। ਥੋੜਾ ਚਿਰ ਮੈਂ ਉਸ ਕਮੇਟੀ ਦਾ ਮੈਂਬਰ ਰਿਹਾ। ਫੀਰੋਜ਼ਪੁਰ ਡੀ. ਸੀ. ਨੂੰ ਦੱਸਿਆ ਗਿਆ ਕਿ ਕਣਕ ਦੀ ਉਪਜ 70 ਮਣ ਤੇ ਪੁਜ ਗਈ ਹੈ। ਉਹ ਕਹਿਣ ਲਗੇ ਕਿ ਜੇ ਤੁਹਾਨੂੰ ਨਾ ਰੋਕਿਆ ਗਿਆ ਤਾਂ ਤੁਸੀਂ ਸੈਂਕੜੇ ਦੀ ਉਪਜ ਤੇ ਪਹੁੰਚ ਜਾਉਗੇ।

ਸਪੀਕਰ ਸਾਹਿਬ, ਮੈਂ ਅਰਜ਼ ਕਰਾਂ ਕਿ ਪੰਜਾਬ ਵਿਚ ਇਨ੍ਹਾਂ ਨੇ Agriculture seed farms ਬਣਾਏ ਹੋਏ ਨੇ। ਪਰ ਇਨ੍ਹਾਂ ਦਾ ਕੋਈ ਫਾਇਦਾ ਜ਼ਮੀਂਦਾਰਾਂ ਨੂੰ ਨਹੀਂ ਮਿਲ ਸਕਿਆ। ਜੇਕਰ ਬਾਹਰ ਜ਼ਮੀਨ ਦੀ yield ਜ਼ਿਆਦਾ ਹੈ ਤਾਂ ਇਨ੍ਹਾਂ Seed Farms ਦੀ yield ਘਟ ਹੈ ਹਾਲਾਂਕਿ ammonium sulphate ਦੀ ਵਰਤੋਂ ਕੀਤੀ ਜਾਂਦੀ ਹੈ। ਫਿਰ ਪਤਾ ਨਹੀਂ ਇਹ ਕਿਸ ਤਰ੍ਹਾਂ ਕਲੇਮ ਕਰਦੇ ਹਨ ਕਿ ਪੰਜਾਬ ਦਾ ਸੂਬਾ ਤਰੱਕੀ ਤੇ ਹੈ ਅਤੇ yield ਵਧਾ ਦਿਤੀ ਗਈ ਹੈ। ਜੇਕਰ ammonium sulphate ਨਾਲ yield ਵਧ ਜਾਂਦੀ ਹੈ ਤਾਂ seed farms ਵਿਚ ਕੀ ਕਾਰਨ ਹੈ ਕਿ yield ਘਟ ਗਈ ਹੈ। ਇਸ ਦਾ ਮੂਲ ਕਾਰਨ ਇਹ ਹੈ ਕਿ ਜਿਥੇ ਵੀ seed farms ਬਣਾਈਆਂ ਹੋਈਆਂ ਹਨ ਉਹ ਜ਼ਮੀਨਾਂ ਨਾਕਸ ਹਨ ਅਤੇ ਸਿਰਫ ਕਿਸੇ ਵਜ਼ੀਰ ਦੇ ਮਿਲਣ ਵਾਲੇ ਨੂੰ ਜਾਂ ਕਿਸੇ ਹੋਰ ਸਬੰਧੀ ਨੂੰ ਖੁਸ਼ ਕਰਨ ਲਈ ਇਸ ਤਰ੍ਹਾਂ ਦੀਆਂ ਨਾਕਸ ਜ਼ਮੀਨਾਂ ਉਨ੍ਹਾਂ ਪਾਸੋਂ ਖਰੀਦ ਲਈਆਂ ਗਈਆਂ ਹਨ ਅਤੇ ਇਸ ਤਰ੍ਹਾਂ ਸੂਬੇ ਦੇ ਰੁਪਏ ਨੂੰ ਬਰਬਾਦ ਕੀਤਾ ਗਿਆ ਹੈ।

ਇਸ ਤੋਂ ਬਾਅਦ ਇਕ ਗਲ ਮੈਂ ਟਰੈਕਟਰਾਂ ਦੇ ਦੇਣ ਦੇ ਸਿਸਟਮ ਬਾਰੇ ਜ਼ਿਕਰ ਕਰਨਾ ਚਾਹੁੰਦਾ ਹਾਂ। ਅਜ ਕਲ ਟਰੈਕਟਰ ਸੈਂਕੜੇ ਪਿੰਡਾਂ ਪਿਛੇ ਇਕ ਦਿਤਾ ਜਾਂਦਾ ਹੈ ਅਤੇ ਉਹ ਵੀ ਵਜ਼ੀਰ ਜ਼ਰਾਇਤ ਜਾਂ Chief Minister ਜਾਂ ਕਿਸੇ ਤਕੜੇ ਆਦਮੀ ਦੇ ਦੋਸਤ ਨੂੰ ਸੌਂਪ ਦਿਤਾ ਜਾਂਦਾ ਹੈ। ਇਸ ਨਾਲ ਉਨਾਂ ਲਾਭ ਨਹੀਂ ਲਿਆ ਜਾ ਸਕਦਾ ਜਿੰਨਾਂ ਕਿ ਲੈਣਾ ਚਾਹੀਦਾ ਹੈ। ਇਸ ਲਈ, ਸਪੀਕਰ ਸਾਹਿਬ, ਮੈਂ ਆਪ ਦੀ ਰਾਹੀਂ ਸਰਕਾਰ ਨੂੰ ਇਕ suggestion ਦੇਣਾ ਚਾਹੁੰਦਾ ਹਾਂ ਕਿ ਹੁਣ

[ਸਰਦਾਰ ਗੁਰਚਰਨ ਸਿੰਘ]

ਜਦ ਕਿ ਸਾਰੇ ਸੂਬੇ ਵਿਚ development blocks ਬਣ ਗਏ ਹਨ ਇਸ ਲਈ ਉਨ੍ਹਾਂ Blocks ਵਿਚ Tractor Unit ਬਣ ਜਾਣ ਅਤੇ ਇਨ੍ਹਾਂ ਨੂੰ no profit no loss basis ਤੇ ਕੰਮ ਕਰਨ ਲਈ ਇਜਾਜ਼ਤ ਹੋਵੇ ਤਾਂ ਜੋ ਜਿਹੜਾ ਵੀ ਜ਼ਿਮੀਂਦਾਰ ਚਾਹੇ ਇਸ ਟਰੈਕਟਰ ਨੂੰ ਲੈ ਸਕੇ ਅਤੇ ਇਸ ਤੋਂ ਲਾਭ ਉਠਾ ਸਕੇ। ਇਸ ਲਈ ਮੈਂ ਇਨ੍ਹਾਂ ਸ਼ਬਦਾਂ ਨਾਲ, ਸਪੀਕਰ ਸਾਹਿਬ, ਆਪ ਤੋਂ ਖਿਮਾ ਮੰਗਦਾ ਹਾਂ ਅਤੇ ਗਵਰਨਰ ਸਾਹਿਬ ਵਲੋਂ ਦਿਤੇ ਗਏ ਭਾਸ਼ਨ ਨਾਲ ਆਪਣੀ ਅਸੰਮਤੀ ਪਰਗਟ ਕਰਦਾ ਹਾਂ।

ਮਾਲ ਮੰਤਰੀ (ਸਰਦਾਰ ਅਜਮੇਰ ਸਿੰਘ) : ਮਾਨਯੋਗ ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ address ਤੇ ਜੋ motion of thanks ਪੇਸ਼ ਕੀਤਾ ਗਿਆ ਹੈ ਉਸ ਦੇ ਬਾਰੇ ਵਿੱਚ ਮੇਰੇ ਅਪੋਜ਼ੀਸ਼ਨ ਦੇ ਦੋਸਤਾਂ ਵਲੋਂ ਬਹੁਤ ਕੁਝ ਆਖਿਆ ਗਿਆ ਹੈ। ਸਪੀਕਰ ਸਾਹਿਬ, ਤੁਸੀਂ, ਮੈਨੂੰ ਆਸ ਹੈ ਕਿ ਮਾਫ ਕਰੋਗੇ ਜੇ ਕਰ ਮੈਂ ਇਹ ਆਖਾਂ ਕਿ ਦੋ ਅਪੋਜ਼ੀਸ਼ਨਾਂ ਤੁਸੀਂ ਵੀ ਵੇਖੀਆਂ ਹਨ ਅਤੇ ਮੈਂ ਵੀ ਵੇਖੀਆਂ ਹਨ ਪਰ ਇਹ ਅਪੋਜ਼ੀਸ਼ਨ ਆਪਣੀ ਕਿਸਮ ਦੀ ਆਪ ਹੀ ਹੈ ਜਿਸ ਨਾਲ ਸਾਡਾ ਵਾਸਤਾ ਪਿਆ ਹੈ। (ਵਿਘਨ)

ਸਪੀਕਰ ਸਾਹਿਬ, ਮੈਂ ਆਪਣੇ ਸਾਥੀਆਂ ਨੂੰ, ਜੋ ਸਰਕਾਰੀ ਬੈਂਚਾਂ ਤੇ ਬੈਠੇ ਹਨ, ਆਖਾਂਗਾ ਕਿ ਉਹ ਕਿਉਂ ਇਨ੍ਹਾਂ ਤੇ ਗਿਲਾ ਕਰਦੇ ਹਨ। ਮੇਰੇ ਵੀਰ ਸ੍ਰੀ ਹਰਬੰਸ ਲਾਲ ਜੀ ਇਨ੍ਹਾਂ ਤੇ ਗਿਲਾ ਕਰਦੇ ਹਨ। ਪਰ ਤੁਸੀਂ ਮੇਰੇ ਅਪੋਜ਼ੀਸ਼ਨ ਦੇ ਦੋਸਤਾਂ ਨਾਲ ਕਿਸ ਗਲ ਤੇ ਗਿਲਾ ਕਰਦੇ ਹੋ। ਮੈਂ ਤਾਂ ਅਪੋਜ਼ੀਸ਼ਨ ਨਾਲ ਮੁਤਫਿਕ ਹਾਂ ਕਿ ਜੋ ਕੁਝ ਇਹ ਕਿਹਾ ਕਰਦੇ ਹਨ ਠੀਕ ਹੈ। ਜੇ ਕਰ ਗਵਰਨਰ ਸਾਹਿਬ ਦੇ address ਤੇ ਬੋਲਣ ਤੋਂ ਪਹਿਲਾਂ ਇਨ੍ਹਾਂ ਨੇ ਉਸ ਨੂੰ ਪੜ੍ਹਿਆ ਹੀ ਨਹੀਂ ਤਾਂ ਮੈਂ ਆਪਣੇ ਸਾਥੀ ਯਸ਼ ਜੀ ਤੋਂ ਪੁਛਦਾ ਹਾਂ ਕਿ ਕੀ ਤੁਸੀਂ ਇਨ੍ਹਾਂ ਨੂੰ ਬੋਲਣ ਤੋਂ ਪਹਿਲਾਂ ਪੜ੍ਹਾ ਦਿਉਗੇ? (ਹਾਸਾ) ਤੁਸੀਂ ਮਲੋ ਮਲੀ ਇਨ੍ਹਾਂ ਨੂੰ ਕਿਵੇਂ ਇਹ address ਪੜ੍ਹਵਾ ਸਕਦੇ ਹੋ। ਪੰਜਾਬ ਵਿੱਚ ਕਿੰਨੇ ਹੀ ਸਕੂਲ ਖੋਲ੍ਹੇ ਗਏ, ਕਾਲਜ ਚਲਾਏ ਗਏ, ਡੈਮ ਤਿਆਰ ਕੀਤੇ ਗਏ ਅਤੇ ਘਰ ਘਰ ਬਿਜਲੀ ਪਹੁੰਚਾਈ ਗਈ ਤਾਂ ਜਿਨ੍ਹਾਂ ਦੀਆਂ ਅਖਾਂ ਦੇ lens ਹੀ ਨਾ ਹੋਣ, eye sight ਹੀ ਨਾ ਹੋਵੇ ਤਾਂ ਕੀ ਉਨ੍ਹਾਂ ਨੂੰ ਤੁਸੀਂ ਮਲੋ ਮਲੀ ਅਖਾਂ ਦੀ ਰੋਸ਼ਨੀ ਦੇ ਸਕਦੇ ਹੋ? ਜੇਕਰ ਇਹ ਕਿਸੇ ਗਲ ਨੂੰ ਨਹੀਂ ਸੁਣਦੇ ਅਤੇ ਅਪੋਜ਼ੀਸ਼ਨ ਕਰੀ ਜਾਂਦੇ ਹਨ ਤਾਂ ਤੁਸੀਂ ਇਨ੍ਹਾਂ ਅਪੋਜ਼ੀਸ਼ਨ ਵਾਲਿਆਂ ਨੂੰ ਜਾਂ ਕਿਸੇ deaf ਅਤੇ dumb ਨੂੰ, ਜਿਸ ਨੂੰ ਸੁਣਾਈ ਹੀ ਨਾ ਦੇਵੇ, ਕਿਵੇਂ ਸੁਣਾ ਸਕਦੇ ਹੋ। ਸਪੀਕਰ ਸਾਹਿਬ, ਕਹਿੰਦੇ ਨੇ ਕਿ ਕਿਸੇ ਘੋੜੇ ਜਾਂ ਗਧੇ ਨੂੰ ਪਾਣੀ ਪਿਲਾਣਾ ਹੋਵੇ ਤਾਂ ਉਸ ਨੂੰ ਟੋਭੇ ਤਕ ਲਿਜਾਇਆ ਜਾਂਦਾ ਹੈ, ਉਸ ਨੂੰ ਮਾਰ ਕੇ ਪਾਣੀ ਨਹੀਂ ਪਿਲਾਇਆ ਜਾ ਸਕਦਾ। (ਹਾਸਾ) ਠੀਕ ਇਹ ਹਾਲਤ ਅਸਾਡੀ ਅਪੋਜ਼ੀਸ਼ਨ ਦੀ ਹੈ। (ਵਿਘਨ)

ਇਕ ਆਵਾਜ਼ : ਤੁਸੀਂ ਕਿਥੋਂ ਅਕਲ ਲੈ ਕੇ ਆਏ ਹੋ ?

ਮਾਲ ਮੰਤਰੀ : ਇਹੀ ਅਕਲ ਦੀ ਗਲ ਕਰਦੇ ਹਨ, ਸਪੀਕਰ ਸਾਹਿਬ, ਇਨ੍ਹਾਂ ਦੀ ਅਕਲ ਦੇ ਬਾਰੇ ਮੈਂ ਕੁਝ ਨਹੀਂ ਕਹਿੰਦਾ, ਕੇਵਲ ਇੰਨਾਂ ਹੀ ਅਰਜ਼ ਕਰਦਾ ਹਾਂ ਕਿ ਇਨ੍ਹਾਂ ਵਿਚੋਂ ਤਿੰਨ, ਚਾਰ ਅਪੋਜ਼ੀਸ਼ਨ ਦੇ ਮੈਂਬਰਾਂ ਦੀਆਂ ਬਹੁਤ long tongues ਹਨ। ਮੈਂ ਉਨ੍ਹਾਂ ਨੂੰ ਛੋਕਰੇ ਨਹੀਂ ਕਹਿੰਦਾ, ਮੁੰਡੇ ਨਹੀਂ ਆਖਦਾ, ਅਗਲੀਆਂ ਸੀਟਾਂ ਤੇ ਬੈਠਣ ਵਾਲੇ ਨੌਜਵਾਨ ਮੈਂਬਰ ਆਖਦਾ ਹਾਂ। Does it behove an hon. Member to go on speaking like this and not allow the House to hear what the other hon. Member says?

Pandit Chiranji Lal Sharma : If it behoves the Treasury Benches the Opposition Benches have strength enough to pay in the same coin.

ਮਾਲ ਮੰਤਰੀ : ਫਿਰ ਇਹ ਜਿਸ ਤਰ੍ਹਾਂ ਦੇ ਇਤਰਾਜ਼ ਕਰਦੇ ਹਨ ਉਹ ਤੁਹਾਡੇ ਸਾਹਮਣੇ ਹੈ। ਤੁਸੀਂ ਆਪ ਵੇਖ ਲਉ ਕਿ ਜਿੰਨੀ long rope ਤੁਸੀਂ ਇਨ੍ਹਾਂ ਨੂੰ ਦਿਉਗੇ ਉਨ੍ਹਾਂ ਹੀ ਇਹ ਇਸ ਕਿਸਮ ਦੇ ਇਤਰਾਜ਼ ਕਰਨਗੇ ਅਤੇ ਇਸ ਤਰ੍ਹਾਂ ਅਸੀਂ ਆਪਣੇ ਕੰਮ ਵਿੱਚ ਅਤੇ ਆਪਣੀ ਜ਼ਿੰਮੇਵਾਰੀ ਨਾਲ justice ਨਹੀਂ ਕਰ ਸਕਾਂਗੇ ।

ਇਕ ਆਵਾਜ਼ : ਫਿਰ ਕੀ ਤੁਸੀਂ ਅਹੁਦੇ ਤੇ ਵਜ਼ੀਰੀਆਂ ਛਡ ਜਾਉਗੇ ?

ਮਾਲ ਮੰਤ੍ਰੀ : ਸਪੀਕਰ ਸਾਹਿਬ, ਤੁਸੀਂ ਆਪ ਹੀ ਅੰਦਾਜ਼ਾ ਲਗਾ ਲਉ ਕਿ ਕਿਸ ਤਰ੍ਹਾਂ ਦਾ ਰੱਵਈਆ ਇਹ ਹਾਊਸ ਵਿਚ adopt ਕਰਦੇ ਹਨ। ਮੈਨੂੰ ਰਾਗ ਗਾਉਣ ਵਾਲਿਆਂ ਦੀ ਗਲ ਯਾਦ ਆਉਂਦੀ ਹੈ ਕਿ ਕੋਈ ਬੋਲੀ ਪਾਉਣ ਵਾਲਾ ਕੋਈ ਬੋਲੀ ਚੁਕਣ ਵਾਲਾ ਹੁੰਦਾ ਹੈ ਪਰ ਕੋਈ ਕੇਵਲ ਆਪਣੀ ਡਫਲੀ ਹੀ ਵਜਾਂਦਾ ਹੈ।

ਇਕ ਆਵਾਜ਼ : ਤਾਂ ਫਿਰ ਇਹ ਡਫਲੀ ਵਜਾਣ ਵਾਲੇ ਹੀ ਹਨ । (ਹਾਸਾ)

ਮਾਲ ਮੰਤਰੀ : ਇਹ ਦੂਜੇ ਨੂੰ ਇਕ ਲਫ਼ਜ਼ ਵੀ ਨਹੀਂ ਕਹਿਣ ਦਿੰਦੇ । ਇਨ੍ਹਾਂ ਵਿਚ ਧਿਆਨ ਨਾਲ ਸੁਣਨ ਦੀ ਸ਼ਕਤੀ ਨਹੀਂ । ਇਹ ਆਪਣੇ chance ਤੇ ਬੋਲੇ ਹਨ ਅਤੇ ਜੋ ਕੁਝ ਆਪਣੀ ਪਾਰਟੀ ਵਲੋਂ ਇਨ੍ਹਾਂ ਨੇ ਕਿਹਾ ਹੈ ਇਨ੍ਹਾਂ ਦੀਆਂ speeches ਤੇ ਇਤਰਾਜ਼ ਤਾਂ ਅਸੀਂ ਕੀ ਕਰਨਾ ਹੈ ਅਤੇ ਮੈਂ nonsense ਤਾਂ ਨਹੀਂ ਕਹਿੰਦਾ ਪਰ senseless ਆਖ ਸਕਦਾ ਹਾਂ । ਸਪੀਕਰ ਸਾਹਿਬ, ਮੈਂ ਆਪ ਪਾਸ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਕਲ ਇਨ੍ਹਾਂ ਨੇ ਜੋ ਕੁਝ ਇਸ ਹਾਊਸ ਵਿਚ ਕੀਤਾ ਉਹ ਇਨ੍ਹਾਂ ਨੂੰ ਸ਼ੋਭਾ ਨਹੀਂ ਦਿੰਦਾ ਸੀ । ਆਪ ਉਸ ਸਮੇਂ ਹਾਊਸ ਵਿਚ ਨਹੀਂ ਸਉ, ਡਿਪਟੀ ਸਪੀਕਰ ਸਾਹਿਬਾ preside ਕਰ ਰਹੇ ਸਨ ਤਾਂ ਇਨ੍ਹਾਂ ਨੇ ਜੋ ਕੁਝ ਕੀਤਾ ਨਿਹਾਇਤ ਅਫਸੋਸਨਾਕ ਬਾਤ ਹੈ । ਜੇ ਕਰ ਇਹ ਹਰ ਗਲ ਤੇ ਇਤਰਾਜ਼ ਕਰਦੇ ਹਨ ਤਾਂ ਇਨ੍ਹਾਂ ਦਾ ਜਵਾਬ ਵੀ ਇਨ੍ਹਾਂ ਨੂੰ ਸੁਣਨਾ ਚਾਹੀਦਾ ਹੈ । ਬਜਟ ਸੈਸ਼ਨ ਸਾਲ ਵਿਚ ਇਕ ਵੇਰ ਆਉਂਦਾ ਹੈ, ਅਤੇ ਇਨ੍ਹਾਂ ਨੂੰ ਵਧੀਆਂ ਘਟੀਆ ਗੱਲਾਂ ਮਾਰਨ ਦਾ ਮੌਕਾ ਵੀ ਮਿਲਦਾ ਹੈ ਪਰ ਹਰ ਗਲ ਤਰੀਕੇ ਨਾਲ, ਇਕ ਜ਼ਾਬਤੇ ਵਿਚ ਆਖਣੀ ਚਾਹੀਦੀ ਹੈ ਅਤੇ ਉਸ ਦਾ ਜਵਾਬ ਸੁਣਨਾ ਚਾਹੀਦਾ ਹੈ । ਜੀ ਤਾਂ ਕਰਦਾ ਹੈ ਕਿ ਮੈਂ ਇਨ੍ਹਾਂ ਵਲੋਂ ਕੀਤੇ ਹਰ ਇਤਰਾਜ਼ ਦਾ ਜਵਾਬ ਦੇਵਾਂ ਪਰ ਇਸ ਤਰ੍ਹਾਂ ਵਕਤ ਬਹੁਤ ਲਗ ਜਾਵੇਗਾ ਅਤੇ ਹਾਊਸ ਦਾ ਵਕਤ ਜ਼ਾਇਆ ਨਾ ਕਰਦਾ ਹੋਇਆ ਕੇਵਲ ਕੁਝ ਗੱਲਾਂ ਦਾ ਜਵਾਬ ਮੈਂ ਦੇਣਾ ਚਾਹੁੰਦਾ ਹਾਂ । ਮੈਨੂੰ ਅਫਸੋਸ ਹੈ ਕਿ ਕੁਝ ਮੈਂਬਰ ਜਿਨ੍ਹਾਂ ਨੂੰ ਪਹਿਲਾਂ ਵਾਕਫੀ ਨਹੀਂ, ਉਹ ਬੋਲੇ ਹਨ ਅਤੇ ਉਨ੍ਹਾਂ ਨੇ ਕੁਝ ਇਤਰਾਜ਼ ਕੀਤੇ ਹਨ ਨਾਵਾਕਫੀਅਤ ਵਿਚ, ਪਰ ਇਕ ਸਿਆਣੇ ਅਤੇ ਬਜ਼ੁਰਗ ਅਪੋਜ਼ੀਸ਼ਨ ਦੇ ਮੈਂਬਰ ਨੇ, ਮੇਰਾ ਭਾਵ ਸ੍ਰੀ ਮੋਹਨ ਲਾਲ ਦੱਤ ਤੋਂ ਹੈ, ਕੁਝ ਇਤਰਾਜ਼ ਕੀਤੇ ਹਨ ਅਤੇ ਕਿਹਾ ਹੈ ਕਿ ਜਿਥੋਂ ਤਕ agrarian reforms ਦਾ ਤਅਲੁੱਕ ਹੈ ਗੌਰਮਿੰਟ ਇਸ ਵਿਚ ਫੇਲ ਹੋਈ ਹੈ ਪਰ ਇਸ ਦੇ ਨਾਲ ਕੋਈ ਦਲੀਲ ਉਨ੍ਹਾਂ ਨੇ ਨਹੀਂ ਦਿੱਤੀ। ਨਾਲ ਹੀ ਇਹ ਵੀ ਕਹਿ ਦਿੱਤਾ ਕਿ ਜ਼ਮੀਨ surplus ਕੋਈ ਨਹੀਂ ਕਢੀ, tenants ਨੂੰ ਜ਼ਮੀਨਾਂ ਨਹੀਂ ਦਿੱਤੀਆਂ ਗਈਆਂ, ਜੋ ਜ਼ਮੀਨਾਂ ਕਢੀਆਂ ਗਈਆਂ ਹਨ ਉਹ ਰੇਤਲੀਆਂ ਹਨ, Land Reclamation Act ਅਧੀਨ ਕੋਈ ਜ਼ਮੀਨ reclaim ਨਹੀਂ ਕੀਤੀ ਗਈ । ਮੁਜ਼ਾਰਿਆਂ ਦਾ ਮਸਲਾ ਹੱਲ ਨਹੀਂ ਕੀਤਾ ਗਿਆ, ਜ਼ਮੀਨ ਦੇ ਮਸਲੇ ਨੂੰ ਹਲ ਕਰਨ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਗਈ। ਇਨ੍ਹਾਂ ਸਾਰਿਆਂ ਇਤਰਾਜ਼ਾਂ ਦੇ ਬਾਰੇ ਜੇਕਰ ਮੈਂ ਇਹ ਕਹਾਂ ਕਿ ਇਨ੍ਹਾਂ ਨੇ ਨਾਵਾਕਫੀ ਦਾ ਇਜ਼ਹਾਰ ਕੀਤਾ ਹੈ ਤਾਂ ਇਹ ਗਲਤ ਨਹੀਂ ਹੋਵੇਗਾ । ਮੈਂ, ਸਪੀਕਰ ਸਾਹਿਬ, ਆਪ ਦੇ ਰਾਹੀਂ ਕੁਝ facts and figures ਹਾਊਸ ਦੇ ਸਾਹਮਣੇ ਰਖਣਾ ਚਾਹੁੰਦਾ ਹਾਂ ਜਿਨ੍ਹਾਂ ਤੋਂ ਚੰਗੀ ਤਰ੍ਹਾਂ ਅੰਦਾਜ਼ਾ ਲਗ ਸਕਦਾ ਹੈ ਕਿ ਇਸ ਸਰਕਾਰ ਨੇ ਸਾਲ 1952 ਤੋਂ ਲੈ ਕੇ ਹੁਣ ਤਕ ਇਸ ਸਬੰਧ ਵਿਚ ਕੀ ਕੁਝ ਕੀਤਾ ਹੈ, ਕਿਸ

[ਮਾਲ ਮੰਤ੍ਰੀ]

ਤਰ੍ਹਾਂ 1952 ਤੋਂ ਲੈ ਕੇ ਸਰਕਾਰ ਨੇ ਕਾਨੂੰਨ ਬਣਾ ਕੇ ਇਕ ਤਰੀਕੇ ਨਾਲ ਜ਼ਮੀਨਾਂ ਵੰਡੀਆਂ ਹਨ ਅਤੇ 30 standard acres limit ਮੁਕਰਰ ਕੀਤੀ ਹੈ । ਕਿੰਨੇ Area ਨੂੰ surplus declare ਕੀਤਾ ਗਿਆ ਹੈ ਅਤੇ ਕਿੰਨੇ ਆਦਮੀਆਂ ਨੂੰ ਫਾਇਦਾ ਪਹੁੰਚਿਆ ਹੈ । Erstwhile Punjab ਵਿਚ ਹੁਣ ਤਕ ਫਰਵਰੀ ਤਕ 3,21,888 standard acres ਜ਼ਮੀਨ surplus declare ਕੀਤੀ ਗਈ ਹੈ ਅਤੇ erstwhile Pepsu ਵਿਚ 34,277 ਏਕੜ ਜ਼ਮੀਨ surplus ਕਢੀ ਹੈ । ਇਸ ਤਰ੍ਹਾਂ ਕੁਲ 3,56,160 ਏਕੜ ਜ਼ਮੀਨ ਕਢੀ ਗਈ । ਇਸ ਵਿਚੋਂ erstwhile Punjab ਵਿਚ 26,567 ਏਕੜ ਤੇ 15,305 tenants ਨੂੰ ਵਸਾਇਆ ਗਿਆ ਹੈ ਅਤੇ Pepsu ਵਿਚ 4,402 standard acres ਤੇ 1,459 tenants ਨੂੰ ਜ਼ਮੀਨ ਅਲਾਟ ਕੀਤੀ ਗਈ ਹੈ । ਬਾਕੀ ਜਿਹੜੇ resettled tenants ਹਨ ਉਨ੍ਹਾਂ ਦੀ ਤਾਦਾਦ ਹੈ 532 । ਇਸ ਤੋਂ ਇਲਾਵਾ West Punjab Land Utilization Act ਦੇ ਤਹਿਤ ਜੋ land reclaim ਹੋਈ ਉਹ ਹੈ 93,996 ਏਕੜ । ਇਸ ਵਿਚੋਂ 60,000 ਏਕੜ ਤਾਂ ਹਰੀਜਨਾਂ ਨੂੰ ਦਿੱਤੀ ਗਈ ਹੈ । ਇਸ ਤੋਂ ਇਲਾਵਾ, ਸਪੀਕਰ ਸਾਹਿਬ, 12,352 ਏਕੜ ਜ਼ਮੀਨ landless tenants ਨੂੰ ਦਿੱਤੀ ਗਈ ਹੈ । ਦਫਾ 18 ਹੇਠ ਜਿਹੜੀ ਜ਼ਮੀਨ ਦਿੱਤੀ ਗਈ ਹੈ ਉਸ ਦਾ ਕੁਲ ਰਕਬਾ 73,035 ਏਕੜ ਹੈ । ਹੋਰ tenants ਨੂੰ ਜਿਹੜੀਆਂ ਰਿਆਇਤਾਂ ਦਿੱਤੀਆਂ ਜਾ ਰਹੀਆਂ ਹਨ ਉਨ੍ਹਾਂ ਦੇ ਵਿਚੋਂ ਕੁਝ ਮੈਂ ਅਰਜ਼ ਕਰ ਦਿਆਂ । ਉਹ ਇਹ ਹਨ ਕਿ 500 ਰੁਪਏ construction of houses ਦੇ ਵਾਸਤੇ, 100 reclamation ਦੇ ਵਾਸਤੇ ਗਰਾਂਟ ਦੇ ਤੌਰ ਤੇ ਦਿੱਤਾ ਜਾਂਦਾ ਹੈ ਅਤੇ 1,000 sinking of wells ਦੇ ਵਾਸਤੇ ਵੀ ਦਿੱਤਾ ਜਾਂਦਾ ਹੈ । ਮੇਰਾ ਅਰਜ਼ ਕਰਨ ਦਾ ਮਤਲਬ ਇਹ ਹੈ ਕਿ ਇਸ ਤਰ੍ਹਾਂ ਲੱਖਾਂ ਰੁਪਿਆ ਮੁਜ਼ਾਰਿਆਂ ਦੀ ਹਾਲਤ ਨੂੰ ਸੁਧਾਰਨ ਦੇ ਵਾਸਤੇ provide ਕੀਤਾ ਜਾਂਦਾ ਹੈ । ਅਪੋਜ਼ੀਸ਼ਨ ਵਲੋਂ ਬਾਬੂ ਅਜੀਤ ਕੁਮਾਰ ਨੇ ਆਖਿਆ ਸੀ......................................

ਪੰਡਤ ਮੋਹਨ ਲਾਲ ਦੱਤ : On a point of Order, Sir. ਕੀ ਵਜ਼ੀਰ ਸਾਹਿਬ ਇਹ ਗੱਲ ਦੱਸਣਗੇ ਕਿ ਕਿਤਨੇ ਐਸੇ ਮੁਜ਼ਾਰੇ ਹਨ ਜਿਨ੍ਹਾਂ ਨੂੰ ਪੰਜਾਬ ਵਿਚ resettle ਕਰਨਾ ਹੈ ।

ਮਾਲ ਮੰਤ੍ਰੀ : ਇਸ ਬਾਰੇ ਜੇਕਰ ਪਹਿਲਾਂ ਤੁਸੀਂ ਮੈਨੂੰ notice ਦਿਉਗੇ ਤਾਂ ਮੈਂ ਦਸ ਸਕਦਾ ਹਾਂ । ਜਿਥੋਂ ਤਕ ਮੇਰੀ ਯਾਦਾਸ਼ਤ ਕੰਮ ਕਰਦੀ ਹੈ ਇਹ ਕੋਈ ਡੇਢ ਲੱਖ ਦੇ ਕਰੀਬ ਹਨ ਪਰ ਇਹ ਗੱਲ verify ਕਰਨ ਵਾਲੀ ਹੈ ।

ਪੰਡਤ ਮੋਹਨ ਲਾਲ ਦੱਤ : ਕੀ ਤੁਸੀਂ ਇਹ ਦਰਿਯਾਫਤ ਕਰ ਕੇ ਦਸ ਸਕਦੇ ਹੋ ਕਿ ਹੁਣ ਤੱਕ ਪੰਜਾਬ ਵਿਚ ਕਿਤਨੇ ਮੁਜ਼ਾਰੇ ਕਾਬਜ਼ ਹੋਏ ਹਨ ?

ਮਾਲ ਮੰਤ੍ਰੀ : ਸਪੀਕਰ ਸਾਹਿਬ, ਜਦੋਂ ਮੈਂ ਖੜ੍ਹਾ ਹਾਂ ਤਾਂ ਇਨ੍ਹਾਂ ਨੂੰ ਕਿਹਾ ਜਾਵੇ speech ਅੰਦਰ speech ਨਾ ਕਰਨ । Land Utilisation Act ਦੇ ਤਹਿਤ ਜੋ ਜ਼ਮੀਨ ਦਿੱਤੀ ਜਾਂਦੀ ਹੈ ਉਹ ਤੁਸੀਂ ਵੇਖੋਗੇ ਕਿ ਪਹਿਲਾਂ ਜਿਹੜੀਆਂ landless ਹਰੀਜਨਾਂ ਦੀਆਂ Co-operative Societies ਬਣੀਆਂ ਹਨ ਉਨ੍ਹਾਂ ਨੂੰ ਦਿੱਤੀ ਜਾਂਦੀ ਹੈ । ਉਨ੍ਹਾਂ ਨੂੰ ਇਸ ਦੇ ਨਾਲ ਹੀ ਨਵੇਂ implements ਵੀ ਦਿੱਤੇ ਜਾਂਦੇ ਹਨ । ਫੇਰ ਉਨ੍ਹਾਂ ਹਰੀਜਨਾਂ ਨੂੰ ਦਿੱਤੀ ਜਾਂਦੀ ਹੈ ਜਿਨ੍ਹਾਂ ਪਾਸ 5 ਏਕੜ ਤੋਂ ਘਟ ਜ਼ਮੀਨ ਹੈ, ਇਸ ਤੋਂ ਬਾਅਦ ਉਨ੍ਹਾਂ ਨੂੰ ਜਿਨ੍ਹਾਂ ਪਾਸ 5 acre reclaimed ਅਤੇ 10 standard acre ਬੰਜਰ ਜਾਂ unreclaimed

ਹੈ । Land Utilization ਐਕਟ ਦੀ ਸਕੀਮ ਦੇ ਤਹਿਤ ਇਹ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਸਰਕਾਰ ਨੇ ਕੀ ਕੁਝ ਕੀਤਾ ਹੈ ।

ਜਿੱਥੋਂ ਤਕ ਮੁਰੱਬਾ ਬੰਦੀ ਦਾ ਤਅਾਲੁਕ ਹੈ 96 ਪ੍ਰਤੀਸ਼ਤ surplus ਰਕਬਾ Erstwhile Pepsu ਦਾ ਅਤੇ 87 ਪ੍ਰਤੀ ਸ਼ਤ ਰਕਬਾ ਪੰਜਾਬ ਦਾ ਐਸਾ ਹੈ ਜਿਸ ਦੀ consolidation ਹੋ ਚੁਕੀ ਹੈ । ਏਥੇ ਇਕ ਗੱਲ ਇਕ ਮਾਨਯੋਗ ਮੈਂਬਰ , ਚੌਧਰੀ ਰਾਮ ਸਿੰਘ, ਨੇ ਤਕਰੀਰ ਕਰਦੇ ਹੋਏ ਕਹੀ ਸੀ ਕਿ ਇਕ ਕਮਿਸ਼ਨ ਬਣਾਇਆ ਗਿਆ ਹੈ ਜਿਸ ਨੂੰ ਇਸ ਲਈ ਬਣਾਇਆ ਹੈ ਕਿ ਉਨ੍ਹਾਂ ਨੇ ਆਪਣੇ ਕੁਝ ਆਦਮੀ provide ਕਰਨੇ ਸਨ । ਇਹ ਉਨ੍ਹਾਂ ਦਾ ਖਿਆਲ ਬਿਲਕੁਲ ਗ਼ਲਤ ਹੈ ਔਰ ਬੇਬੁਨਿਆਦ ਹੈ । ਇਸ ਕਮਿਸ਼ਨ ਦੇ ਚੇਅਰਮੈਨ ਸਰਦਾਰ ਤੇਜਾ ਸਿੰਘ retired judge ਹਾਈਕੋਰਟ ਅਤੇ retired Chief Justice ਪੈਪਸੂ ਹਾਈਕੋਰਟ ਹਨ । ਇਸ ਨਾਲ ਤਿੰਨ ਮੈਂਬਰ ਹਨ । ਸਰਦਾਰ ਤੇਜਾ ਸਿੰਘ ਨੂੰ 200 ਰੁਪਏ per day ਦਿੱਤਾ ਜਾਂਦਾ ਹੈ ਅਤੇ ਦੂਸਰੇ ਮੈਂਬਰ ਸਾਹਿਬਾਨ ਨੂੰ 100 ਰੁਪਏ ਉਸ ਦਿਨ ਦਾ ਦਿੱਤਾ ਜਾਂਦਾ ਹੈ ਜਿਸ ਦਿਨ ਕਿ ਉਹ ਮੀਟਿੰਗ ਕਰਨ। ਮੈਨੂੰ ਪਤਾ ਹੈ ਕਿ ਇਨ੍ਹਾਂ ਦੇ ਰਾਹੀਂ ਕਿਤਨਾ ਕੰਮ ਹੋ ਰਿਹਾ ਹੈ । ਉਨ੍ਹਾਂ ਦੇ 87 ਕੇਸ per month ਦੇ ਬਣਦੇ ਹਨ । ਇਨ੍ਹਾਂ ਪਾਸ ਹੁਣ ਤੱਕ 1,817 ਕੇਸ refer ਕੀਤੇ ਗਏ ਅਤੇ ਇਸ ਦੇ ਵਿਚੋਂ 1,749 cases decide ਕਰ ਦਿੱਤੇ ਗਏ ਅਤੇ pending cases ਇਨ੍ਹਾਂ ਵਿਚ ਸਿਰਫ 68 ਹਨ । ਇਨ੍ਹਾਂ ਵਿਚੋਂ ਵੀ ਫਰਵਰੀ ਵਿਚ 28 ਅਤੇ ਏਸੇ ਤਰ੍ਹਾਂ ਮਾਰਚ ਵਿਚ 23 decide ਕਰ ਦਿੱਤੇ ਗਏ ਸੀ ਅਤੇ ਹੁਣ ਜਿਹੜੇ pending cases ਹਨ ਉਹ ਬਹੁਤ ਹੀ ਥੋੜੇ ਹਨ। ਇਹ ਲਫ਼ਜ਼ ਉਨ੍ਹਾਂ ਨੇ ਬੜੀ ਜ਼ਿੰਮੇਵਾਰੀ ਨਾਲ ਕਹੇ ਕਿ ਇਨ੍ਹਾਂ ਆਪਣੇ ਆਦਮੀ ਇਸ ਲਈ ਲਾਏ ਹਨ ਤਾਂ ਜੋ ਇਨ੍ਹਾਂ ਤੋਂ ਆਪੋ ਆਪਣੇ farms exempt ਕਰਵਾਏ ਜਾ ਸਕਣ । ਮੈਂ ਸਮਝਦਾ ਹਾਂ ਕਿ ਚੇਅਰਮੈਨ ਸਾਹਿਬ, ਸਰਦਾਰ ਤੇਜਾ ਸਿੰਘ ਵਰਗੇ ਵਿਅਕਤੀ ਤੇ ਇਸ ਕਿਸਮ ਦਾ ਇਲਜ਼ਾਮ ਲਗਾਇਆ ਜਾਣਾ ਔਰ ਇਕ ਐਸੇ ਆਦਮੀ ਦੀ ਤਰਫੋਂ ਲਗਾਇਆ ਜਾਣਾ ਜਿਹੜੇ ਕਿ ਪੈਪਸੂ ਵਿਚ ਮਨਿਸਟਰ ਰਹੇ ਹਨ, ਠੀਕ ਨਹੀਂ ਹੈ । ਉਨ੍ਹਾਂ ਨੇ ਇਸ ਤਰ੍ਹਾਂ ਦਾ ਇਲਜ਼ਾਮ ਲਾਉਂਦੇ ਹੋਏ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਨਹੀਂ ਕੀਤਾ । ਮੈਂ ਅਰਜ਼ ਕਰਾਂ ਕਿ ਲੋਕਾਂ ਦੇ claims decide ਕਰਨ ਵਾਸਤੇ ਕਈ ਖਾਸ rules ਹਨ ਜਿਨ੍ਹਾਂ ਦੇ ਮੁਤਾਬਿਕ ਉਨ੍ਹਾਂ ਨੂੰ decide ਕਰਨਾ ਹੈ। ਉਸ ਦੇ ਵਿਚ recognised farms ਦੀਆਂ conditions ਹਨ । ਮਿਸਾਲ ਦੇ ਤੌਰ ਤੇ ਕਿਤਨੀ land farm ਲਈ ਦੇਣੀ ਹੈ ਔਰ ਜਿਹੜਾ area exempt ਨਹੀਂ ਕੀਤਾ ਕੀ ਉਹ ਵੀ ਕੋਈ ਉਸ ਦੇ ਨਾਲ ਲਗਦਾ ਹੈ ਜਾਂ ਨਹੀਂ ਅਤੇ limit ਕਿਤਨੀ ਹੈ। ਇਹ ਸਾਰੀਆਂ ਗੱਲਾਂ ਇਸ ਤਰ੍ਹਾਂ ਦੀਆਂ ਹਨ ਜਿਹੜੀਆਂ ਕਿ ਕਿਸੇ ਫੈਸਲੇ ਤੋਂ ਪਹਿਲਾਂ ਵੇਖਣ ਵਾਲੀਆਂ ਹਨ । ਸਾਬਕਾ ਮਨਿਸਟਰ ਸਾਹਿਬ ਨੇ ਏਥੇ ਇਸ ਤਰ੍ਹਾਂ ਦੀਆਂ ਗੱਲਾਂ ਕੀਤੀਆਂ ਹਨ ਜਿਸ ਤਰ੍ਹਾਂ ਕਿ ਪੈਪਸੂ ਦੇ ਵਿਚ ਜੁਰਮ ਕੋਈ ਨਾ ਹੋਇਆ ਹੋਵੇ । ਉਨ੍ਹਾਂ ਦੀ ਗੱਲ ਮੈਨੂੰ ਯਾਦ ਆ ਗਈ ਉਨ੍ਹਾਂ ਨੇ ਸ਼ਾਇਦ ਵਜ਼ਾਰਤ by way of threat ਛੱਡੀ ਸੀ। ਬਾਕੀ ਚੌਧਰੀ ਸਾਹਿਬ ਵਕੀਲ ਹਨ ਅਤੇ ਉਹ ਬਖੂਬੀ ਜਾਣਦੇ ਹਨ ਕਿ ਮੁਕਦਮੇ ਅਕਸਰ ਹੋ ਜਾਂਦੇ ਹਨ, ਉਨ੍ਹਾਂ ਵਿਚੋਂ ਕਈ ਐਸੇ ਹੁੰਦੇ ਹਨ ਜਿਹੜੇ ਇਕ ਪਾਰਟੀ ਦੇ ਹਕ ਵਿਚ ਹੁੰਦੇ ਹਨ ਅਤੇ ਦੂਸਰੇ ਦੇ ਖਿਲਾਫ ਜਾਂਦੇ ਹਨ । ਕਈ ਐਸੇ ਹੁੰਦੇ ਹਨ ਜਿਨ੍ਹਾਂ ਵਿਚ ਮੁਜਰਮ ਬਰੀ ਹੋ ਜਾਂਦਾ ਹੈ ਅਤੇ ਕਈਆਂ ਵਿਚ ਬੇਗੁਨਾਹ ਫਸ ਵੀ ਜਾਂਦਾ ਹੈ । ਇਸ ਦਾ ਇਹ ਮਤਲਬ ਤਾਂ ਨਹੀਂ ਕਿ ਜੁਰਮ ਹੁੰਦਾ ਹੀ ਨਹੀਂ । ਇਸ ਲਈ ਮੈਂ ਸਮਝਦਾ ਹਾਂ ਕਿ ਜੇ ਕੋਈ ਗੱਲ ਆਖਣੀ ਵੀ ਹੋਵੇ ਤਾਂ ਉਹ ਸੋਚ ਸਮਝ ਕੇ ਆਖਣੀ ਚਾਹੀਦੀ ਹੈ, ਖਾਸ ਤੌਰ ਤੇ ਉਸ ਆਦਮੀ ਲਈ ਤਾਂ ਇਹ ਹੋਰ ਵੀ ਜ਼ਰੂਰੀ ਹੈ ਜਿਹੜਾ ਇਤਨੀ ਜ਼ਿੰਮੇਵਾਰ ਪੋਜ਼ੀਸ਼ਨ ਤੇ ਰਿਹਾ ਹੋਵੇ । (ਤਾੜੀਆਂ)

[ਮਾਲ ਮੰਤ੍ਰੀ]

(*At this stage Shri Ram Partap Gargar Member of the Panel of the Chairmen accupied the Chair.*)

ਏਥੇ ਇਕ ਗੱਲ ਹੋਰ ਸਰਦਾਰ ਗੁਰਬਖਸ਼ ਸਿੰਘ ਜੀ ਨੇ ਕਹੀ । ਉਹ ਬੜੇ ਸਿਆਣੇ ਆਦਮੀ ਹਨ ਅਤੇ ਮੈਨੂੰ ਉਨ੍ਹਾਂ ਦੇ ਜਜ਼ਬਾਤ ਦੀ ਕਦਰ ਹੈ । I have great respect for him. ਉਨ੍ਹਾਂ ਨੇ ਇਹ ਕਿਹਾ ਕਿ ਸਾਰੇ ਡੇਢ ਲੱਖ ਤਾਂ ਮੁਜ਼ਾਰ ਹਨ ਅਤੇ ਜਿਹੜੀ ਇਨ੍ਹਾਂ ਨੂੰ ਜ਼ਮੀਨ ਦੇਣੀ ਹੈ ਉਹ 3 ਲੱਖ ਏਕੜ ਦੇ ਕਰੀਬ ਹੈ । ਇਸ ਤਰ੍ਹਾਂ ਇਨ੍ਹਾਂ ਮੁਜ਼ਾਰਿਆਂ ਨੂੰ ਮਹਿਜ਼ 2, 2 ਏਕੜ ਜ਼ਮੀਨ ਆਵੇਗੀ । ਇਹ ਇਕ ਤਰ੍ਹਾਂ ਨਾਲ uneconomic holding ਹੋਵੇਗਾ । ਮੈਂ ਅਰਜ਼ ਕਰਾਂ ਇਹ ਉਨ੍ਹਾਂ ਦਾ ਖਿਆਲ ਗ਼ਲਤ ਹੈ । ਵਾਹੀ ਕਰਨ ਵਾਲੇ ਕੋਲ ਘਟੋ ਘਟ 5 ਐਕੜ ਜ਼ਰੂਰ ਹੋਵੇਗੀ । (*Interruptions*)

ਇਹ ਗੱਲ ਏਥੇ ਹੀ ਛੱਡਦਾ ਹੋਇਆ ਮੈਂ ਹਾਊਸ ਦੀ ਤਵਜੋ ਦੂਸਰੀ ਗੱਲ ਵਲ ਦਿਵਾਉਣੀ ਚਾਹੁੰਦਾ ਹਾਂ । ਪੰਜਾਬ ਵਿਚ ਇਹ ਕਹਿੰਦੇ ਹਨ ਕਿ ਇਤਨੀ ਜ਼ਮੀਨ ਨਹੀਂ ਕਿ ਸਾਰਿਆਂ ਨੂੰ 30 ਸਟੈਂਡਰਡ ਏਕੜ ਦਿੱਤੀ ਜਾ ਸਕੇ, ਇਹ ਕਹਿੰਦੇ ਹਨ ਕਿ ਵਾਹੀ ਕਰਨ ਵਾਲੇ ਇਤਨੇ ਹਨ ਜਿਤਨੀ ਕਿ ਜ਼ਮੀਨ ਵੀ ਨਹੀਂ ਜਿਹੜੀ ਸਾਰਿਆਂ ਨੂੰ ਦਿੱਤੀ ਜਾ ਸਕੇ । ਦੂਸਰੇ ਪਾਸੇ ਜਦੋਂ industry ਦੀ ਗੱਲ ਕਰਦੇ ਹਾਂ ਤਾਂ ਇਹ ਕਹਿੰਦੇ ਹਨ ਕਿ ਤੁਸੀਂ Industry ਵਿਚ ਸਾਰਾ ਪੈਸਾ provide ਕਰ ਰਹੇ ਹੋ, ਇਹ ਨਹੀਂ ਹੋਣਾ ਚਾਹੀਦਾ । ਦੂਸਰੇ ਪਾਸੇ ਕਹਿੰਦੇ ਹਨ ਕਿ ਸਰਕਾਰ ਜ਼ਮੀਨ ਦਾ ਮਸਲਾ ਹਲ ਕਰਨ ਵਿਚ ਫੇਲ ਹੋਈ ਹੈ । ਮੈਂ ਕਹਿੰਦਾ ਹਾਂ ਤੁਸੀਂ ਕਿਸੇ ਇਕ ਫੈਸਲੇ ਤੇ ਸਾਡੇ ਨਾਲ ਗੱਲ ਕਰੋ ਅਤੇ ਉਸ ਤੇ ਪਾਬੰਦ ਰਹੋ ।

ਬਾਬੂ ਬਚਨ ਸਿੰਘ : ਤੁਸੀਂ ਇਨ੍ਹਾਂ ਗੱਲਾਂ ਦਾ ਫੈਸਲਾ ਕਰਨ ਵਾਸਤੇ ਇਕ ਕਮੇਟੀ ਬਣਾ ਦਿਉ ।

ਮਾਲ ਮੰਤਰੀ : ਮੈਂ ਅਰਜ਼ ਕਰਾਂ ਕਿ ਤੁਸੀਂ ਤਾਂ ਹਰ ਚੰਗੇ ਕੰਮ ਤੇ ਨੁਕਤਾਚੀਨੀ ਕਰਨੀ ਹੈ ਉਸ ਨੂੰ ਸਿਰੇ ਨਹੀਂ ਲਾਉਣਾ । ਮੈਂ ਅਰਜ਼ ਕਰਾਂ try to form any *via media.* ਇਕ ਗੱਲ ਜਿਹੜੀ ਸਿਰੇ ਚੜ੍ਹਨ ਨਹੀਂ ਦੇਂਦੀ ਉਹ ਇਹ ਹੈ ਕਿ ਜੇ ਇਕ ਗੱਲ ਕਮਿਉਨਸਟ ਕਰਦੇ ਹਨ ਤਾਂ ਉਸੇ ਗੱਲ ਦੀ ਜਨਸੰਘ ਮੁਖਾਲਫਤ ਕਰਦੇ ਹਨ । ਇਹ ਜਿਹੜੀ ਤਰ੍ਹਾਂ ਤਰ੍ਹਾਂ ਦੀ ਆਵਾਜ਼ ਆਉਂਦੀ ਹੈ, ਚੇਅਰਮੈਨ ਸਾਹਿਬ, ਇਹ ਕਿਸੇ ਗੱਲ ਨੂੰ ਸਿਰੇ ਚੜ੍ਹਨ ਨਹੀਂ ਦਿੰਦੀ ਅਤੇ ਇਹ ਰੌਲੇ-ਗੌਲੇ ਵਿਚ ਹੀ ਰਹਿ ਜਾਂਦੀ ਹੈ, ਇਹ ਤਾਂ ਬੇਸੁਰੇ ਸਾਜ਼ ਦੀ ਆਵਾਜ਼ ਹੈ, ਇਕ ਪਾਰਟੀ ਦੀ ਅਵਾਜ਼ ਦੂਸਰੀ ਨਾਲੋਂ ਮੁਖਤਲਿਫ ਹੈ । ਅਤੇ ਇਹ ਬੇਸੁਰਾ ਸਾਜ਼ ਤਾਂ ਅਪੋਜ਼ੀਸ਼ਨ ਵਲੋਂ ਵਜਦਾ ਹੀ ਰਹਿਣਾ ਹੈ ।

ਬਾਬੂ ਬਚਨ ਸਿੰਘ : ਫੇਰ ਤੁਸੀਂ ਕਮੇਟੀ ਬਣਾਉਂਦੇ ਕਿਉਂ ਘਬਰਾਉਂਦੇ ਹੋ ?

ਮਾਲ ਮੰਤਰੀ : ਮੈਂ ਅਰਜ਼ ਕਰਾਂ ਕਿ ਫੈਸਲਾ ਕਿਵੇਂ ਹੋਵੇ ? ਜੇ ਇਕ ਪਾਰਟੀ ਦੀ ਮਰਜ਼ੀ ਦੇ ਮੁਤਾਬਿਕ ਕਰਦੇ ਹਾਂ ਤਾਂ ਦੂਸਰਿਆਂ ਦੀ ਮਰਜ਼ੀ ਹੈ ਕਿ ਇਸ ਤਰ੍ਹਾਂ ਨਾ ਕਰੋ । ਚੇਅਰਮੈਨ ਸਾਹਿਬ, ਇਹ ਜ਼ਰੂਰੀ ਨਹੀਂ ਕਿ ਕਮੇਟੀ ਬਣਾ ਕੇ ਔਰ ਕਮਿਸ਼ਨ ਦੇ ਕੇ ਹੀ ਆਪੋਜ਼ੀਸ਼ਨ ਵਾਲਿਆਂ ਕੋਲੋਂ ਕੰਮ ਲਿਆ ਜਾਵੇ । ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਆਪ ਹੀ ਗ਼ੌਰ ਕਰ ਕੇ ਕੋਈ ਚੰਗਾ ਸੁਝਾਉ ਦੇਣ ਜਿਸ ਦੇ ਨਾਲ ਮਸਲਾ ਹਲ ਹੋ ਸਕੇ ।

ਪੰਡਤ ਮੋਹਨ ਲਾਲ ਦੱਤ : ਤੁਸੀਂ ਕਮੇਟੀ ਬਣਾਉ ਅਸੀਂ ਤੁਹਾਡੇ ਕੋਲੋਂ ਕੋਈ ਪੈਸਾ ਨਹੀਂ ਲਵਾਂਗੇ । (ਸ਼ੋਰ)

ਮਾਲ ਮੰਤਰੀ : ਚੇਅਰਮੈਨ ਸਾਹਿਬ, ਰਾਗ ਵਿਦਿਆ ਵਿਚ ਬਹੁਤ ਸਾਰੇ ਰਾਗ ਹੁੰਦੇ ਹਨ ਮਗਰ ਇਨ੍ਹਾਂ ਨੂੰ ਸਿਰਫ ਘਰਾਟ ਰਾਗ ਹੀ ਆਉਂਦਾ ਹੈ । (ਸ਼ੋਰ) ਚੇਆਰਮੈਨ ਸਾਹਿਬ, ਆਪੋਜ਼ੀਸ਼ਨ ਵਾਲੇ ਆਖਦੇ ਹਨ ਕਿ ਪੰਜਾਬ ਦੇ ਵਿਚ ਬਹੁਤ ਸਾਰੀਆਂ movements ਚੱਲੀਆਂ ਇਸ ਕਰਕੇ ਗੌਰਮੈਂਟ

ਨਾਅਹਿਲ ਹੈ । ਮਗਰ ਇਨ੍ਹਾਂ ਨੂੰ ਇਹ ਪਤਾ ਨਹੀਂ ਕਿ ਉਹ ਨਾਜਾਇਜ਼ movements ਚਲਾਉਣ ਦੀ ਔਰ ਉਨ੍ਹਾਂ ਤੇ ਲੱਖਾਂ ਰੁਪਿਆ ਜ਼ਾਇਆ ਕਰਾਉਣ ਦੀ ਜ਼ਿੰਮੇਵਾਰੀ ਇਨ੍ਹਾਂ ਦੀ ਆਪਣੀ ਹੈ । ਚੇਅਰਮੈਨ ਸਾਹਿਬ, ਇਨ੍ਹਾਂ ਨੇ ਜਿਹੜੀਆਂ movements ਚਲਾਇਆਂ ਉਨ੍ਹਾਂ ਦੇ ਨਾਲ national ਹਿਤਾਂ ਨੂੰ ਬਹੁਤ ਧੱਕਾ ਪਹੁੰਚਿਆ ਹੈ। ਇਹ ਗੱਲ ਠੀਕ ਹੈ ਕਿ Democracy ਦੇ ਵਿਚ ਮੁਖਤਲਿਫ outlook ਹੁੰਦੇ ਹਨ, ਲੇਕਿਨ ਜੇ ਤੁਸੀਂ ਤਸ਼ਦਦ ਨਾਲ ਅਮਨ ਨੂੰ ਭੰਗ ਕਰਨ ਵਾਸਤੇ ਕੋਈ movement ਸ਼ੁਰੂ ਕਰੋ ਤਾਂ ਉਸ ਨੂੰ ਰੋਕਣਾ ਸਰਕਾਰ ਦਾ ਫਰਜ਼ ਬਣਦਾ ਹੈ।

ਬਾਬੂ ਬਚਨ ਸਿੰਘ : On a point of order, Sir. ਕੀ ਮੈਂ ਪੁਛ ਸਕਦਾ ਹਾਂ ਕਿ ਜਿਹੜੀ ਗਲ 1955 ਦੇ ਵਿਚ ਠੀਕ ਸੀ ਉਹ ਹੁਣ ਗਲਤ ਹੋ ਸਕਦੀ ਹੈ ?

डाक्टर बलदेव प्रकाश : On a point of order, Sir. क्या कोई मैंम्बर यह कह सकता है कि फलां आदमी की लम्बी ज़बान है ?

श्री सभापति : आप बैठ जाइये । यह point of order नहीं है । (The hon. Member should resume his seat. This is no point of order.)

ਮਾਲ ਮੰਤਰੀ : ਚੇਅਰਮੈਨ ਸਾਹਿਬ, ਸਚਾਈ ਕਾਫੀ ਕੜਵੀ ਹੁੰਦੀ ਹੈ । ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਪੰਜਾਬ ਬਹੁਤ ਤਰੱਕੀ ਕਰ ਰਿਹਾ ਹੈ ।

श्री सभापति : श्री मक्खन सिंह जी आप बैठ जाइये । वह बोल रहे हैं उन्हें बोलने दीजिये (I would request Shri Makhan Singh to please resume his seat and let the hon. Minister continue his speech.)

चौधरी राम सिंह : On a point order, Sir. मन्त्री महोदय ने अपने भाषण में कहा है कि मैंने झूठ बोला है । मैं यह उन्हें बता देना चाहता हूं कि मैंने कोई झूठ नहीं बोला क्योंकि मैंने दो definite नाम दिये हैं कि सरदार प्रताप सिंह की mother-in-law (*Interruptions*) दूसरी जमीन सरदार गुरबख्श सिंह जींद वाले की है । यह दो..... (*Interruptions*)

Mr. Chairman : (*Addressing Chaudhri Ram Singh*) Please resume your seat.

ਮਾਲ ਮੰਤਰੀ : ਚੇਅਰਮੈਨ ਸਾਹਿਬ, ਏਥੇ ਇਤਰਾਜ਼ ਕੀਤਾ ਗਿਆ ਕਿ erstwhile Punjab ਨਾਲੋਂ erstwhile Pepsu ਦੇ ਵਿਚ ਜ਼ਮੀਨ ਦਾ ਮਾਮਲਾ ਜ਼ਿਆਦਾ ਹੈ । ਮੈਂ ਇਸ ਦੇ ਮੁਤੱਲਿਕ ਇਕ ਜ਼ਿਲੇ ਦਾ ਪਤਾ ਕਰ ਲਿਆ ਹੈ ਔਰ ਦੂਸਰੇ ਜ਼ਿਲੇ ਦਾ ਪਤਾ ਕਰ ਰਿਹਾ ਹਾਂ । ਇਕ ਗੱਲ ਮੈਂ ਏਥੇ ਦਸਣਾ ਚਾਹੁੰਦਾ ਹਾਂ ਕਿ ਇਹ ਜ਼ਰੂਰੀ ਨਹੀਂ ਕਿ ਜਿਤਨਾ ਮਾਮਲਾ ਇਕ ਜ਼ਿਲ੍ਹੇ ਦੇ ਵਿਚ ਹੋਵੇ ਉਤਨਾ ਹੀ ਦੂਸਰੇ ਜ਼ਿਲੇ ਦੇ ਵਿਚ ਹੋਵੇ । ਮਾਮਲੇ ਦਾ ਇਹ ਤਰੀਕਾ ਹੁੰਦਾ ਹੈ ਕਿ ਇਕ Unit ਬਣਾਇਆ ਜਾਂਦਾ ਹੈ, ਉਥੋਂ ਦੀ ਪੈਦਾਵਾਰ ਅਤੇ ਹੋਰ ਕਈ ਚੀਜ਼ਾਂ ਨੂੰ ਦੇਖ ਕੇ ਮਾਮਲਾ assess ਕੀਤਾ ਜਾਂਦਾ ਹੈ । ਇਸ ਕਰਕੇ ਜੇ ਇਕ Unit ਦੇ ਵਿਚ ਕੋਈ ਫਰਕ ਨਜ਼ਰ ਆਵੇ ਤਾਂ ਉਸ ਤੇ ਗੌਰ ਕੀਤਾ ਜਾ ਸਕਦਾ ਹੈ । ਵੈਸੇ Land Revenue Act ਦੇ ਮੁਤਾਬਿਕ ਮਾਮਲੇ ਦੀ ਤਬਦੀਲੀ ਨਹੀਂ ਕੀਤੀ ਜਾ ਸਕਦੀ । ਇਸ ਕਰਕੇ ਜੇ ਕਿਸੇ ਮੈਂਬਰ ਸਾਹਿਬ ਨੂੰ within the same unit ਮਾਮਲੇ ਬਾਰੇ ਸ਼ਿਕਾਇਤ ਹੋਵੇ ਤਾਂ ਉਹ ਮੈਨੂੰ ਲਿਖ ਕੇ ਦੇ ਦੇਣ ਮੈਂ ਉਸ ਨੂੰ ਦਰੁਸਤ ਕਰਨ ਲਈ ਸੋਚ ਸਕਦਾ ਹਾਂ । ਲੇਕਿਨ ਜੇ ਕੋਈ ਨੁਕਤਾ-ਚੀਨੀ ਦੀ ਖਾਤਰ ਗਲ ਕਰਦਾ ਹੈ ਤਾਂ ਉਸ ਦਾ ਕੋਈ ਫਾਇਦਾ ਨਹੀਂ ਹੋ ਸਕਦਾ । ਬਸ, ਚੇਅਰਮੈਨ ਸਾਹਿਬ, ਮੈਂ ਇਤਨਾ ਕਹਿ ਕੇ ਆਪ ਦਾ ਸ਼ੁਕਰੀਆ ਅਦਾ ਕਰਦਾ ਹਾਂ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ (ਰੋਪੜ) :ਚੇਅਰਮੈਨ ਸਾਹਿਬ, ਅਜ Governor's address ਤੇ ਧੰਨਵਾਦ ਦੇ ਪ੍ਰਸਤਾਵ ਤੇ ਬਹਿਸ ਹੋ ਰਹੀ ਹੈ । ਮੈਂ ਇਸ ਐਡਰੈਸ ਨੂੰ ਹਰ ਪਖ ਤੋਂ ਪੜ੍ਹਿਆ ਔਰ ਮੈਂ ਇਹ ਵੇਖ ਕੇ ਬਹੁਤ ਹੈਰਾਨ ਹੋਇਆ ਹਾਂ ਕਿ ਨਾ ਸਰਕਾਰ ਨੇ ਤੇ ਨਾ ਗਵਰਨਰ ਸਾਹਿਬ ਨੇ ਇਸ ਵਿਚ ਕਿਸੇ ਵੀ ਆਪਣੀ failure ਨੂੰ ਮੰਨਿਆ ਹੈ । ਇਥੇ ਬਾਰ ਬਾਰ ਅਪੋਜ਼ੀਸ਼ਨ ਵਲੋਂ ਇਹ ਕਿਹਾ ਜਾਂਦਾ ਹੈ ਕਿ ਅਪੋਜ਼ੀਸ਼ਨ ਜੋ ਨੁਕਤਾਚੀਨੀ ਕਰਦੀ ਹੈ ਉਹ ਮਹਿਜ਼ ਅਪੋਜ਼ੀਸ਼ਨ ਦੀ ਖਾਤਰ ਹੀ ਕਰਦੀ ਹੈ । ਜੇ ਕਰ ਮੈਂ ਇਹ ਕਹਾਂ ਤਾਂ ਗਲਤ ਨਹੀਂ ਹੋਵੇਗਾ ਕਿ ਸਰਕਾਰੀ ਬੈਂਚਾਂ ਵਲੋਂ ਜਿਤਨੀਆਂ ਵੀ ਸਪੀਚਾਂ ਹੁੰਦੀਆਂ ਹਨ ਉਨ੍ਹਾਂ ਵਿਚ ਸਰਕਾਰ ਦੀ ਸਫਲਤਾਵਾਂ ਦਾ ਹੀ ਜ਼ਿਕਰ ਹੁੰਦਾ ਹੈ ਅਤੇ ਇਹ ਸਰਕਾਰ ਦੀ ਕਿਸੇ failure ਦਾ ਜ਼ਿਕਰ ਕਰਨਾ ਗੁਨਾਹ ਸਮਝਦੇ ਹਨ । ਕੀ ਉਹ ਮਹਿਸੂਸ ਕਰਦੇ ਹਨ ਕਿ ਸਰਕਾਰ ਦੀ ਕਿਤੇ ਵੀ failure ਨਹੀਂ ਹੋਈ, ਜੇਕਰ ਹੋਈ ਹੈ ਤਾਂ ਇਹ ਉਸਨੂੰ ਦਸਣ ਤੋਂ ਕਿਉਂ ਡਰਦੇ ਹਨ ? ਜਿਥੋਂ ਤਕ ਸਰਕਾਰ ਦੀ ਨਵੀਂ ਨੀਤੀ ਦਾ ਸਵਾਲ ਹੈ ਉਸ ਦਾ ਇਸ ਵਿਚ ਬਿਲਕੁਲ ਕੋਈ ਜ਼ਿਕਰ ਨਹੀਂ ਕੀਤਾ ਗਿਆ ਅਤੇ ਨਾ ਹੀ ਸਰਕਾਰੀ ਬੈਂਚਾਂ ਵਲੋਂ, ਮੇਰਾ ਮਤਲਬ ਹੈ, ਮਿਨਿਸਟਰਾਂ ਵਲੋਂ ਕੋਈ ਨਵੀਂ ਨੀਤੀ ਦੱਸੀ ਗਈ ਹੈ । ਸਿਰਫ ਇਹੋ ਕਿਹਾ ਗਿਆ ਕਿ ਚੂੰਕ ਵਕਤ ਥੋੜਾ ਸੀ ਇਸ ਲਈ ਨਵੀਂ ਨੀਤੀ ਨਹੀਂ ਦਸੀ ਗਈ । ਦਰਅਸਲ ਇਨ੍ਹਾਂ ਦੀ ਨਵੀਂ ਨੀਤੀ ਹੈ ਹੀ ਨਹੀਂ ਅਤੇ ਇਹ ਪੁਰਾਣੀਆਂ ਲੀਹਾਂ ਤੇ ਹੀ ਚਲ ਰਹੇ ਹਨ । ਇਸ ਸਰਕਾਰ ਨੇ ਇਸ ਗੱਲ ਤੋਂ ਵੀ ਕੋਈ ਸਬਕ ਨਹੀਂ ਸਿਖਿਆ ਕਿ ਪੰਜਾਬ ਦੇ electorate ਨੇ ਕਾਂਗਰਸ ਸਰਕਾਰ ਦੀ ਪਾਲੀਸੀ ਦੇ ਖਿਲਾਫ verdict ਦਿੱਤਾ ਹੈ । (*Interruptions*) ਅਪੋਜ਼ੀਸ਼ਨ ਨੇ ਇਹ elections, taxation ਦੇ ਸਵਾਲ ਤੇ ਅਤੇ corruption ਦੇ ਸਵਾਲ ਤੇ ਲੜੇ ਹਨ ਔਰ ਇਹੋ ਕਾਰਣ ਹੈ ਕਿ ਅਪੋਜ਼ੀਸ਼ਨ ਦੀ ਤਾਦਾਦ 30 ਤੋਂ ਵਧ ਕੇ 62 ਹੋ ਗਈ ਹੈ ਅਤੇ ਗਾਂਗਰਸ ਵਾਲੇ 120 ਤੋਂ ਘਟ ਕੇ 90 ਹੋ ਗਏ ਹਨ.................................

ਆਵਾਜ਼ਾਂ : ਪਰ ਤੁਹਾਡੇ ਲੀਡਰ ਸਾਰੇ ਹਾਰ ਗਏ ਹਨ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਤੁਹਾਡੇ ਚੌਧਰੀ ਸੂਰਜ ਮਲ ਜੀ ਕਿਧਰ ਗਏ ਜਿਹੜੇ ਮੁਖ ਮੰਤਰੀ ਦੇ ਦਸਤੇ ਰਾਸਤ ਸਨ ਅਤੇ ਸ੍ਰੀ ਹੰਸ ਰਾਜ ਸ਼ਰਮਾ ਜਿਹੜੇ ਕਿ ਮੁਖ ਮੰਤਰੀ ਦੇ ਰੂਹੇ ਰਵਾਂ ਸਨ ਉਹ ਵੀ ਤਾਂ ਨਹੀਂ ਆਏ । ਤਾਂ ਮੈਂ ਅਰਜ਼ ਕਰ ਰਿਹਾ ਸੀ ਕਿ ਪੰਜਾਬ ਦੇ electorate ਨੇ ਪੰਜਾਬ ਸਰਕਾਰ ਦੀ ਪਾਲੀਸੀ ਦੇ ਖਿਲਾਫ ਫੈਸਲਾ ਦਿੱਤਾ ਹੈ । ਪਿਛਲੇ ਸਾਲ ਇਸ ਸਰਕਾਰ ਨੇ ਮਾਲੀਆ $1\frac{1}{2}$ ਗੁਣਾ ਕੀਤਾ ਸੀ, registration fee 6 ਗੁਣਾ ਵਧਾਈ ਸੀ, ਲਾਊਡ ਸਪੀਕਰਾਂ ਦੀ ਫੀਸ ਵਧਾਈ, ਅਤੇ ਮਰਲਾ ਟੈਕਸ ਲਗਾਇਆ ਸੀ । ਇਸ ਭਾਰੀ taxation ਦੇ ਖਿਲਾਫ ਆਵਾਜ਼ ਉਠਾਣ ਲਈ ਇਸੇ ਹਾਊਸ ਦੇ ਸਾਹਮਣੇ 22 ਮਾਰਚ, 1961 ਨੂੰ ਹਜ਼ਾਰਾਂ ਦੀ ਤਾਦਾਦ ਵਿਚ ਲੋਕ ਮੁਜ਼ਾਹਰਾ ਕਰਨ ਲਈ ਆਏ ਸਨ ਲੇਕਿਨ ਉਨ੍ਹਾਂ ਨੂੰ ਅਸੈਂਬਲੀ ਤਕ ਨਹੀਂ ਆਉਣ ਦਿੱਤਾ ਗਿਆ ਸੀ । ਲੋਕ ਆਪਣੀ ਤਕਲੀਫਾਤ ਦਸਣ ਵਾਸਤੇ ਆਉਣਾ ਚਾਹੁੰਦੇ ਸਨ ਲੇਕਿਨ ਉਨ੍ਹਾਂ ਤੇ ਲਾਠੀ ਚਾਰਜ ਕੀਤਾ ਗਿਆ ਸੀ । ਉਨ੍ਹਾਂ ਲਾਠੀਆਂ ਖਾਣ ਵਾਲਿਆਂ ਵਿਚੋਂ ਮੈਂ ਵੀ ਸਾਂ । ਮੈਂ ਇਨ੍ਹਾਂ ਚੋਣਾਂ ਵਿਚ ਲੋਕਾਂ ਨੂੰ ਸਿਰਫ ਇਹੋ ਗਲ ਕਹੀ ਕਿ ਜੇਕਰ ਤੁਸੀਂ ਕਾਂਗਰਸ ਸਰਕਾਰ ਦੀ ਟੈਕਸਾਂ ਦੀ ਪਾਲੀਸੀ ਨਾਲ ਸਹਿਮਤ ਹੋ ਤਾਂ ਬੇਸ਼ਕ ਕਾਂਗਰਸ ਨੂੰ ਵੋਟ ਪਾਉ ਪਰ ਜੇਕਰ ਤੁਸੀਂ ਟੈਕਸਾਂ ਦਾ ਭਾਰ ਜ਼ਿਆਦਾ ਸਮਝਦੇ ਹੋ ਤੇ corruption ਨੂੰ ਖਤਮ ਕਰਨਾ ਚਾਹੁੰਦੇ ਹੋ ਤਾਂ ਮੈਨੂੰ ਵੋਟ ਦਿਉ । ਮੇਰੇ ਹਲਕੇ ਦੇ ਲੋਕਾਂ ਨੇ ਇਨ੍ਹਾਂ ਦੀਆਂ corrupt ਤੇ ਟੈਕਸ ਲਾਉਣ ਵਾਲੀਆਂ ਪਾਲਸੀਆਂ ਨੂੰ reject ਕੀਤਾ ਹੈ ਅਤੇ ਲਾਠੀਆਂ ਚਲਾਉਣ ਵਾਲੀ ਕਾਂਗਰਸ ਸਰਕਾਰ ਦੇ ਪ੍ਰਤਿਨਿਧ ਨੂੰ ਹਰਾ ਕੇ ਮੈਨੂੰ ਏਥੇ ਭੇਜਿਆ ਹੈ (Cheers from the Opposition.)

ਹੁਣੇ ਹੀ ਸਾਡੇ ਮਾਲ ਮੰਤਰੀ ਜੀ ਨੇ ਪੰਡਤ ਮੋਹਣ ਲਾਲ ਦੱਤ ਜੀ ਦੀ ਇਸ ਗੱਲ ਦੀ ਤਰਦੀਦ ਕੀਤੀ ਹੈ ਕਿ ਕਾਂਗਰਸ ਸਰਕਾਰ ਦੀ agrarian reforms policy ਬਿਲਕੁਲ ਫੇਲ੍ਹ ਹੋਈ ਹੈ । ਇਨ੍ਹਾਂ ਨੇ ਤਾਂ ਤਰਦੀਦ ਕੀਤੀ ਹੈ ਅਤੇ ਕਰਨੀ ਹੀ ਸੀ ਕਿਉਂ ਜੋ ਇਨ੍ਹਾਂ ਨੇ ਆਪਣੀ failure ਮੰਨਣੀ ਹੀ ਨਹੀਂ । ਲੇਕਿਨ ਮੈਂ ਉਨ੍ਹਾਂ ਦੀ ਤਾਈਦ ਕਰਦਾ ਹਾਂ ਅਤੇ ਤਾਈਦ ਵੀ ਦਲੀਲਾਂ ਦੇ ਕੇ ਕਰਦਾ ਹਾਂ । ਇਹ ਸਬੂਤ ਮੈਂ ਕਮਿਊਨਿਸਟ ਪਾਰਟੀ, P.I.P. ਜਾਂ ਜੰਨ ਸੰਘ ਵਲੋਂ ਦਿੱਤੇ ਗਏ ਆਂਕੜਿਆਂ ਨਾਲ ਨਹੀਂ ਦੇਵਾਂਗਾ ਬਲਕਿ ਖੁਦ ਇਸ ਸਰਕਾਰ ਦੇ ਜ਼ਿੰਮੇਵਾਰ ਲੀਡਰਾਂ ਤੇ ਸਰਕਾਰੀ ਕਰਮਚਾਰੀਆਂ ਦੀ ਕਲਮ ਨਾਲ ਲਿਖੀਆਂ ਹੋਈਆਂ ਗੱਲਾਂ ਦੀ ਬਿਨਾ ਤੇ ਦੇਵਾਂਗਾ । ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਇਸ ਕਾਂਗਰਸ ਪਾਰਟੀ ਦੇ ਸਾਬਕ ਪਰਧਾਨ ਸ਼੍ਰੀ ਢੇਬਰ ਵਲੋਂ ਜ਼ਿਲ੍ਹਾ ਗੁਰਦਾਸਪੁਰ ਵਿਚ tenancy problem ਨੂੰ study ਕਰਨ ਲਈ ਸ਼੍ਰੀ ਭਾਗ ਰਾਮ ਸ਼ਰਮਾ ਨੂੰ ਮੁਕਰਰ ਕੀਤਾ ਗਿਆ ਸੀ । ਉਨ੍ਹਾਂ ਨੇ ਜੋ study ਕੀਤੀ ਸੀ ਉਸ ਦਾ ਹਵਾਲਾ All India Congress ਦੇ ਅਖਬਾਰ Economic Review ਵਿਚ 15 ਸਤੰਬਰ 1957 ਨੂੰ ਨਿਕਲਿਆ ਸੀ । ਵਜ਼ੀਰ ਸਾਹਿਬ ਬੇਸ਼ਕ ਪੜ੍ਹ ਲੈਣ । ਉਨ੍ਹਾਂ ਨੇ ਉਸ ਵਿਚ ਲਿਖਿਆ ਹੈ—

"Problems of landless tenants in Gurdaspur" in A.I.C.C. organ 'Economic Review of 15th September, 1957."

> "By 1949-50, the land reforms introduced in other states had their repercussion in this State also. The demand for security of tenure and rights in land grew on the part of tenants. On the other hand, the land-owners, fearing that their lands which were being cultivated by tenants, might be lost to them as a result of land reforms, took recourse to wide-spread ejectments and started taking lands under cultivation. This meant harassment to the tenants. The land-lords also began to partition their lands transferring them in the name of their relatives and selling them with the result that the tenants were ejected in a large number of cases."

ਫੇਰ ਚੇਅਰਮੈਨ ਸਾਹਿਬ, ਸਰਦਾਰ ਪਰਤਾਪ ਸਿੰਘ ਕੈਰੋਂ ਜੋ ਅਜ ਚੀਫ ਮਿਨਿਸਟਰ ਹਨ ਜਦੋਂ ਮਾਲ ਮੰਤਰੀ ਸਨ ਉਨ੍ਹਾਂ ਇਸੇ ਹਾਊਸ ਵਿਚ ਇਕ ਸਵਾਲ ਦੇ ਜਵਾਬ ਵਿਚ ਦਸਿਆ ਸੀ ਕਿ 1948 ਵਿਚ ਪੰਜਾਬ ਵਿਚ 1,85,000 ਮਾਲਕ ਸਨ ਜਿਨ੍ਹਾਂ ਕੋਲ 30 ਸਟੈਂਡਰਡ ਏਕੜ ਜਾਂ ਇਸ ਤੋਂ ਵਧ ਜ਼ਮੀਨ ਸੀ ਲੇਕਿਨ 1952 ਵਿਚ ਜਦੋਂ tenancy laws ਬਣੇ ਤਾਂ ਉਨ੍ਹਾਂ ਦੀ ਤਾਦਾਦ ਸਿਰਫ 39 ਹਜ਼ਾਰ ਹੀ ਰਹਿ ਗਈ ਅਤੇ ਜਦੋਂ 1955 ਵਿਚ ਇਨ੍ਹਾਂ ਕਾਨੂੰਨਾਂ ਤੇ ਅਮਲ ਹੋਇਆ ਤਾਂ ਅਜਿਹੇ ਮਾਲਕ ਸਾਰੇ ਹੀ 28,836 ਰਹਿ ਗਏ ਜਿਨ੍ਹਾਂ ਕੋਲ 30 ਸਟੈਂਡਰਡ ਏਕੜ ਤੋਂ ਵਧ ਜ਼ਮੀਨ ਸੀ । ਤੁਸੀਂ ਹਿਸਾਬ ਲਾਉ ਕਿ ਕਿਸ ਤਰ੍ਹਾਂ ਹਰ ਸਾਲ ਜ਼ਮੀਨ ਖੁਰਦੀ ਹੀ ਚਲੀ ਗਈ। ਫੇਰ ਇਨ੍ਹਾਂ ਜਵਾਬ ਵਿਚ ਦਸਿਆ ਸੀ ਕਿ ਜੋ ਮੁਜ਼ਾਰੇ ਬੇਦਖਲ ਹੋਏ ਹਨ ਅਸੀਂ ਉਨ੍ਹਾਂ ਨੂੰ ਆਬਾਦ ਕਰ ਦਿੱਤਾ ਹੈ। ਇਨ੍ਹਾਂ ਨੇ ਦਸਿਆ ਕਿ 13,500 ਮੁਜ਼ਾਰੇ ਹਨ ਜਿਨ੍ਹਾਂ ਨੂੰ ਜ਼ਮੀਨ ਦਿੱਤੀ ਗਈ ਹੈ । ਜਿਹੜੀ ਜ਼ਮੀਨ ਦਿਤੀ ਹੈ ਉਹ ਵੀ ਸੁਣ ਲਉ । ਇਨ੍ਹਾਂ ਭੁੱਲਰ ਪਿੰਡ ਵਿਚ ਇਕ ਈਸਾਈ ਮੁਜ਼ਾਰੇ ਨੂੰ ਜ਼ਮੀਨ ਅਲਾਟ ਕਰ ਦਿਤੀ। ਉਹ ਜਦੋਂ ਆਪਣੀ ਜ਼ਮੀਨ ਵੇਖਣ ਗਿਆ ਕਿ ਕਿਥੇ ਹੈ ਤਾਂ ਉਸ ਨੂੰ ਪਤਾ ਲਗਾ ਕਿ ਉਹ ਤਾਂ ਦਰਿਆ ਦੇ ਹੇਠਾਂ ਹੈ (ਹਾਸਾ) ਇਸੇ ਤਰ੍ਹਾਂ ਜੋ ਜ਼ਮੀਨਾਂ ਸਰਕਾਰ ਨੇ ਮੁਜ਼ਾਰਿਆਂ ਨੂੰ ਦਿੱਤੀਆਂ ਉਹ ਜਾਂ ਤਾਂ ਦਰਿਆਵਾਂ ਵਿਚ ਸਨ ਜਾਂ ਖੱਡਾਂ ਵਿਚ ਜਾਂ ਫੇਰ ਸਾਡੇ ਅੰਬਾਲੇ ਵਿਚ ਮਾਰਕੰਡੇ ਦੇ ਭੂੰਡਾਂ ਵਿਚ ਹਨ । ਜੋ ਚੰਗੀ ਜ਼ਮੀਨ ਹੈ ਉਸ ਨੂੰ ਜਾਂ ਤਾਂ ਇਹ ਨੀਲਾਮ ਕਰਨਾ ਚਾਹੁੰਦੇ ਹਨ ਜਾਂ ਮਾਲਕਾਂ ਨੂੰ ਹੋਰ ਮੌਕਾ ਦੇਣਾ ਚਾਹੁੰਦੇ ਹਨ ਕਿ ਬਾਗ ਬਗੀਚੇ ਲਾ ਕੇ ਖੁਰਦ ਬੁਰਦ ਕਰ ਲਉ । ਫੇਰ ਇਹ ਕਹਿਣ ਲਗੇ ਕਿ ਕਿਹੜੇ ਮੁਜ਼ਾਰੇ ਬੇਦਖਲ ਹੋਏ ਹਨ ਸਾਨੂੰ ਤਾਂ ਪਤਾ ਨਹੀਂ । ਮੈਂ ਉਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ 1947 ਤੋਂ ਲੈ ਕੇ 1953 ਤਕ ਪੰਡਤ ਮੋਹਨ ਲਾਲ ਦੱਤ ਜੀ ਦੇ ਜ਼ਿਲ੍ਹਾ

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਹੁਸ਼ਿਆਰਪੁਰ ਦੀ ਤਹਿਸੀਲ ਊਨਾ ਵਿਚ 29,125 ਮੁਜ਼ਾਰੇ ਕਾਨੂੰਨ ਦੀ ਮਦਦ ਨਾਲ ਅਦਾਲਤਾਂ ਰਾਹੀਂ ਬੇਦਖਲ ਕੀਤੇ ਗਏ ਹਨ । ਜਿਹੜੇ ਗੈਰ-ਕਾਨੂੰਨੀ ਤੌਰ ਤੇ ਬੇਦਖਲ ਕੀਤੇ ਗਏ, ਉਹ ਇਸ ਵਿਚ ਸ਼ਾਮਲ ਨਹੀਂ । ਇਹ ਇਸ ਸਰਕਾਰ ਦੀ ਜ਼ਰੱਈ ਪਾਲੀਸੀ ਦੀ ਤਸਵੀਰ ਹੈ । ਚੇਅਰਮੈਨ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਇਸ ਸਰਕਾਰੀ ਪਾਲੀਸੀ ਕਰਕੇ ਮੁਜ਼ਾਰਿਆਂ ਦੇ ਕਤਲਾਂ ਤਕ ਨੌਬਤ ਪੁਜੀ । ਜ਼ਿਲ੍ਹਾ ਅੰਬਾਲੇ ਦੇ ਪਿੰਡ ਮੱਕੋਵਾਲ ਵਿਚ 29 ਮਈ, 1958 ਨੂੰ ਜਾਗੀਰਦਾਰਾਂ ਦੀ ਜੁੰਡੀ ਨੇ ਅਫਸਰਾਂ ਦੀ ਸ਼ਹਿ ਪੁਰ ਖੇਤਾਂ ਵਿਚ ਕੰਮ ਕਰਦੇ ਚਾਰ ਮੁਜ਼ਾਰੇ ਕਤਲ ਕੀਤੇ, ਮੋਹਣਗੜ੍ਹ ਵਿਚ 18 ਕਤਲ ਹੋਏ ਅਤੇ ਹੋਰ ਕਈ ਥਾਵਾਂ ਤੇ ਪੰਜਾਬ ਦੇ ਕੋਨੇ ਕੋਨੇ ਵਿਚ ਕਤਲ ਹੋਏ ਤੇ ਇਨ੍ਹਾਂ ਤੇ ਹੋਰ ਵੀ ਜ਼ੁਲਮ ਕੀਤੇ ਗਏ । ਇਹ ਹੈ ਇਨ੍ਹਾਂ ਦੀ ਜ਼ਰੱਈ ਨੀਤੀ ਦਾ ਚਮਤਕਾਰ । ਠੀਕ ਹੈ ਕੁਝ ਕਦਮ ਉਠਾਏ ਵੀ ਗਏ ਹਨ ਲੇਕਿਨ ਉਹ ਕਦਮ ਚੁਕਣ ਲਗਿਆਂ ਜਾਗੀਰਦਾਰਾਂ ਨੂੰ ਕਿਹਾ 'ਤਗੜੇ ਹੋ ਜਾਉ ਅਸੀਂ ਇਹ ਕਾਨੂੰਨ ਬਣਾਉਣ ਲਗੇ ਹਾਂ' ਅਤੇ ਦੂਜੇ ਪਾਸੇ ਮੁਜ਼ਾਰਿਆਂ ਨੂੰ ਕਿਹਾ ਕਿ 'ਫਿਕਰ ਨਾ ਕਰੋ ਤੁਹਾਨੂੰ ਜ਼ਮੀਨ ਦੇਣ ਲਈ ਕਾਨੂੰਨ ਬਣਾ ਰਹੇ ਹਾਂ' । ਇਨ੍ਹਾਂ ਦੀ ਪਾਲੀਸੀ ਤਾਂ ਇਹ ਹੈ ਕਿ ਚੋਰਾਂ ਨੂੰ ਕਹਿੰਦੇ ਹਨ ਛੇਤੀ ਜਾਉ ਪੰਡਾਂ ਚੁਕ ਕੇ ਲੈ ਜਾਉ ਦੂਜੇ ਪਾਸੇ ਲੋਕਾਂ ਨੂੰ ਕਹਿੰਦੇ ਹਨ ਹੁਸ਼ਿਆਰ ਹੋ ਜਾਉ ਚੋਰ ਆ ਰਹੇ ਹਨ (ਹਾਸਾ) । ਨਤੀਜਾ ਇਹ ਹੁੰਦਾ ਹੈ ਕਿ ਨਾ ਮੁਜ਼ਾਰਿਆਂ ਨੂੰ ਕੁਝ ਮਿਲਦਾ ਹੈ ਤੇ ਨਾ ਦੂਜੇ ਪਾਸੇ ਕੁਝ ਬਣਦਾ ਹੈ । ਕਾਨੂੰਨਾਂ ਤੇ ਹੀ ਝਗੜੇ ਹੁੰਦੇ ਰਹਿੰਦੇ ਹਨ । ਮੁਜ਼ਾਰੇ ਇਸ ਵਿਚੋਂ ਕਈ ਨਵੀਆਂ ਆਸਾਂ ਰਖਦੇ ਸਨ ਤੇ ਅਦਾਲਤਾਂ ਕੁਝ ਹੋਰ ਹੀ interpretation ਕਰਦੀਆਂ ਹਨ । ਜੋ ਪਰਤਾਪ ਸਿੰਘ ਦੌਲਤੇ ਵਰਗੇ ਮੁਜ਼ਾਰਿਆਂ ਨੂੰ ਮਾਰਨ ਵਾਲੇ ਹੁੰਦੇ ਹਨ ਉਨ੍ਹਾਂ ਨੂੰ ਮੁਖ ਮੰਤਰੀ ਜੱਫੀਆਂ ਪਾ ਲੈਂਦੇ ਹਨ ਤੇ ਆਪਣੀ ਬੁਕਲ ਵਿਚ ਸਮੋ ਲੈਂਦੇ ਹਨ । ਏਥੇ ਹੀ ਬਸ ਨਹੀਂ ਖੁਦ ਪੰਜਾਬ ਦੇ Finance Minister ਨੇ 9 ਮਾਰਚ, 1956 ਨੂੰ ਪੰਜਾਬ ਅਸੈਂਬਲੀ ਵਿਚ ਮੁਜ਼ਾਰਿਆਂ ਬਾਰੇ ਆਪਣੀ ਨੀਤੀ ਨੂੰ failure ਮੰਨਿਆ—

> "Unfortunately the Punjab Security of Land Tenures Act, 1953, did not prove very effective with the result that a large number of tenants came to be ejected."

ਪੰਜਾਬ ਦੀ ਵਿਧਾਨ ਸਭਾ ਦੇ ਸਮਾਗਮ ਵਿਚ Finance Minister ਪੰਜਾਬ ਨੇ ਖੁਦ ਇਹ ਗੱਲ ਮੰਨੀ । ਮੈਂ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਜ਼ਰੱਈ ਮਾਮਲਿਆਂ ਵਿਚ ਸਾਡੇ ਦੇਸ਼ ਦੀ ਤਰੱਕੀ ਲਈ, ਸਾਡੇ ਦੇਸ਼ ਨੂੰ ਸਨਅਤੀ ਤੌਰ ਤੇ ਉਸਾਰਨ ਲਈ, ਸਾਡੇ ਮੁਲਕ ਦੀ ਜ਼ਰੱਈ ਪੈਦਾਵਾਰ ਵਧਾਉਣ ਲਈ ਠੋਸ ਜ਼ਰੱਈ ਸੁਧਾਰ ਬੜੇ ਜ਼ਰੂਰੀ ਹਨ ।

ਦੂਸਰੀ ਗੱਲ ਜਿਹੜੀ ਮੈਂ ਕਰਨੀ ਚਾਹੁੰਦਾ ਹਾਂ ਉਹ ਇਹ ਹੈ ਕਿ ਇਸ address ਵਿਚ ਸਰਕਾਰੀ ਕਰਮਚਾਰੀਆਂ ਨਾਲ ਲਗਾਤਾਰ ਕੀਤੇ ਜਾ ਰਹੇ ਧੱਕੇ ਤੇ ਬੇਇਨਸਾਫੀ ਦਾ ਕੋਈ ਜ਼ਿਕਰ ਨਹੀਂ, ਖਾਸ ਕਰਕੇ ਕਲਾਸ III ਤੇ IV ਦੇ ਸਰਕਾਰੀ ਕਰਮਚਾਰੀਆਂ ਵਲ ਇਹ ਕਮੀ ਹੈ। ਅਜਿਹੇ ਦੋ ਹਜ਼ਾਰ ਕਰਮਚਾਰੀ Secretariat ਵਿਚ ਹਨ । ਇਨ੍ਹਾਂ ਦੀ ਤਨਖਾਹ ਦੇ 1946 ਵਾਲੇ ਗਰੇਡ ਹੀ ਚਲੇ ਆਉਂਦੇ ਹਨ ਜਦ ਕਿ ਕੀਮਤਾਂ ਤੇ ਭਾ ਏਨੇ ਵਧ ਚੁਕੇ ਹਨ । ਪਟਵਾਰੀਆਂ ਦੀਆਂ ਤਨਖਾਹਾਂ ਵਧਾਈਆਂ ਗਈਆਂ ਹਨ । ਇਹ ਬੜੀ ਚੰਗੀ ਗਲ ਹੈ । ਇਹ ਉਨ੍ਹਾਂ ਤੇ ਕੋਈ ਮਿਹਰਬਾਨੀ ਨਹੀਂ ਸਗੋਂ ਉਨ੍ਹਾਂ ਨੇ ਡਾਂਗਾਂ ਖਾ ਕੇ , ਜੇਲ੍ਹਾਂ ਵਿਚ ਜਾ ਕੇ ਆਪਣੇ ਮੁਤਾਲਬੇ ਮਨਵਾਏ ਹਨ । ਸਰਕਾਰ ਨੇ ਇਹ ਗਲ ਐਵੇਂ ਹੀ ਨਹੀਂ ਮੰਨੀ । ਬਾਕੀ ਛੋਟੇ ਸਰਕਾਰੀ ਕਰਮਚਾਰੀਆਂ ਦੇ ਗਰੇਡਾਂ ਵਿਚ 1946 ਤੋਂ ਲੈ ਕੇ ਹੁਣ ਤਕ ਕੋਈ ਤਬਦੀਲੀ ਨਹੀਂ ਕੀਤੀ । ਹੈਰਾਨੀ ਦੀ ਗਲ

ਹੈ ਕਿ ਕੇਂਦਰੀ ਤੇ ਰਾਜ ਸਰਕਾਰ ਦੇ ਇਕੋ ਸਤਹ ਦੇ ਸਰਕਾਰੀ ਕਰਮਚਾਰੀਆਂ ਦੇ ਗਰੇਡਾਂ ਵਿਚ ਬੜਾ ਭਾਰੀ ਵਖੇਵਾਂ ਹੈ । ਪੰਜਾਬ ਸਰਕਾਰ ਇਕ ਚਪੜਾਸੀ ਨੂੰ dearness allowance ਮਿਲਾ ਕੇ 65 ਰੁਪਏ ਮਾਹਵਾਰ ਦਿੰਦੀ ਹੈ । ਜਿਹੜਾ ਚੰਡੀਗੜ੍ਹ ਵਿਚ ਕੇਂਦਰੀ ਸਰਕਾਰ ਦਾ ਚਪੜਾਸੀ ਹੈ ਉਸ ਨੂੰ 80 ਰੁਪਏ ਮਿਲਦੇ ਹਨ । ਏਥੋਂ ਦੇ ਕਲਰਕ ਨੂੰ 100 ਰੁਪਏ ਤੇ ਕੇਂਦਰੀ ਸਰਕਾਰ ਦੇ ਕਲਰਕ ਨੂੰ 120 ਰੁਪਏ ਮਿਲਦੇ ਹਨ । ਏਥੋਂ ਦੇ ਅਸਿਸਟੈਂਟ ਨੂੰ 172 ਰੁਪਏ ਤੇ ਕੇਂਦਰੀ ਸਰਕਾਰ ਦੇ ਅਸਿਸਟੈਂਟ ਨੂੰ 230 ਰੁਪਏ ਮਿਲਦੇ ਹਨ । ਪੰਜਾਬ ਸਰਕਾਰ ਜਮਾਦਾਰ ਨੂੰ 65 ਰੁਪਏ ਦਿੰਦੀ ਹੈ ਤੇ ਕੇਂਦਰੀ ਸਰਕਾਰ ਵਲੋਂ ਜਮਾਦਾਰ ਨੂੰ 85 ਰੁਪਏ ਮਿਲਦੇ ਹਨ, ਮੁਲਾਜ਼ਮਾਂ ਦੀਆਂ ਤਨਖਾਹਾਂ ਵਿਚ ਇਸ ਵਖੇਵੇਂ ਨੂੰ ਦੂਰ ਕੀਤਾ ਜਾਏ । ਕੇਂਦਰੀ ਸਰਕਾਰ ਤੇ ਪੰਜਾਬ ਸਰਕਾਰ ਦੇ ਕਰਮ-ਚਾਰੀਆਂ ਦੀਆਂ ਤਨਖਾਹਾਂ ਵਿਚ ਇਹ ਵਖੇਵਾਂ unjustified ਹੈ । (ਘੰਟੀ) ਪਿਛੇ ਜਿਹੇ ਇਕ ਲੇਬਰ ਕਾਨਫਰੰਸ ਹੋਈ ਸੀ । ਉਸ ਨੇ ਵੀ ਇਹ ਫੈਸਲਾ ਕੀਤਾ ਸੀ ਕਿ ਅਸੀਂ ਇਕ norm ਤੈ ਕਰਾਂਗੇ ਤੇ ਕਿਹਾ ਸੀ ਕਿ 4 ਮੈਂਬਰਾਂ ਦੇ ਇਕ ਟੱਬਰ ਨੂੰ 209 ਰੁਪਏ ਮਹੀਨਾ ਮਿਲਣੇ ਚਾਹੀਦੇ ਹਨ । ਦੁਨੀਆਂ ਦੇ ਕਿਸੇ ਮਲਕ ਵਿਚ ਕਿਸੇ ਮੁਲਾਜ਼ਮ ਨੂੰ 8 ਆਨੇ ਸਾਲ ਤਰੱਕੀ ਨਹੀਂ ਮਿਲਦੀ, 8 ਆਨੇ ਸਾਲ ਤਰੱਕੀ ਦੇਣ ਦਾ ਮਾਣ ਪੰਜਾਬ ਸਰਕਾਰ ਨੂੰ ਹੀ ਹਾਸਲ ਹੈ ਕਿਉਂਕਿ ਏਥੇ ਚਪੜਾਸੀ ਨੂੰ 8 ਆਨੇ ਸਾਲਾਨਾ ਤਰੱਕੀ ਦਿੱਤੀ ਜਾਂਦੀ ਹੈ, ਦੂਜੇ ਪਾਸੇ secretaries ਦੀਆਂ ਤਰੱਕੀਆਂ 125 ਰੁਪਏ ਸਾਲ ਤਕ ਹੁੰਦੀਆਂ ਹਨ । ਇਕ ਚਪੜਾਸੀ ਦੀ ਤਨਖਾਹ 80 ਰੁਪਏ ਤੋਂ ਵੀ ਘਟ ਹੈ (ਘੰਟੀ), ਇਸ point ਵਲ ਧਿਆਨ ਦੇਣਾ ਚਾਹੀਦਾ ਹੈ । ਇਸ ਤਰ੍ਹਾਂ ਕਰ ਕੇ ਸਰਕਾਰ Second Pay Commission ਦੀਆਂ ਸਫਾਰਸ਼ਾਂ ਨੂੰ ਰੱਦ ਕਰ ਰਹੀ ਹੈ ।

Government Servants Conduct Rules ਵਿਚ ਹੁਣ ਇਨ੍ਹਾਂ ਨੇ demonstration ਉਤੇ ਪਾਬੰਦੀ ਲਗਾ ਦਿੱਤੀ ਹੈ ।

Mr. Chairman : The hon. Member should now wind up his speech.

Comrade Shamsher Singh Josh : All right, Sir. I have to make this point and, therefore, will take only a minute or two. Thereafter I will resume my seat.

ਇਹ ਪਾਬੰਦੀ ਸਰਕਾਰੀ ਮੁਲਾਜ਼ਮਾਂ ਤੇ ਨਹੀਂ ਲਗਣੀ ਚਾਹੀਦੀ । ਇਹ ਗਲ ਉਂਝ ਵੀ ਕਿਸੇ ਜਮਹੂਰੀ ਸਰਕਾਰ ਲਈ ਠੀਕ ਨਹੀਂ । ਬਿਹਾਰ ਦੀ ਇਕ representation ਤੇ Supreme Court ਨੇ ਸਰਕਾਰੀ ਕਰਮਚਾਰੀਆਂ ਨੂੰ demonstration ਦਾ ਹਕ ਦਿੱਤਾ ਹੈ । ਇਸ ਲਈ ਮੈਂ ਗਵਰਨਰ ਦੇ address ਤੇ ਧੰਨਵਾਦ ਦੇ ਪਰਸਤਾਵ ਵਿਚ ਸ਼ਾਮਲ ਨਹੀਂ ਹੋ ਸਕਦਾ ।

ਮੈਂ ਇਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ । ਕੱਲ ਏਥੇ ਸ੍ਰੀ ਯਸ਼ ਜੀ ਬੋਲੇ । ਉਨ੍ਹਾਂ ਨੇ ਬੜਾ ਕੁਝ ਕਿਹਾ (ਘੰਟੀ) । (*The hon. Member resumed his seat.*)

ਸਮੂਹਿਕ ਵਿਕਾਸ ਮੰਤਰੀ (ਸਰਦਾਰ ਦਰਬਾਰਾ ਸਿੰਘ) : ਚੇਅਰਮੈਨ ਸਾਹਿਬ, ਗਵਰਨਰ ਸਾਹਿਬ ਨੇ ਜੋ ਏਥੇ ਆਪਣਾ ਭਾਸ਼ਨ ਦਿਤਾ ਉਸ ਦੇ ਉਤੇ ਕਾਫੀ ਸਾਰੇ ਮੈਂਬਰਾਂ ਨੇ ਆਪਣੇ ਆਪਣੇ ਖਿਆਲਾਤ ਦਾ ਇਜ਼ਹਾਰ ਕੀਤਾ ਹੈ । ਚੇਅਰਮੈਨ ਸਾਹਿਬ, ਉਨ੍ਹਾਂ ਦੇ ਭਾਸ਼ਨ ਵਿਚ ਸਰਕਾਰ ਨੇ ਜੋ ਪਿਛਲੇ ਸਾਲ ਵਿਚ ਕੰਮ ਕੀਤਾ ਉਸ ਦੀ ਵਿਆਖਿਆ ਕੀਤੀ ਗਈ ਹੈ ਅਤੇ ਉਸ ਵਿਆਖਿਆ ਵਿਚ ਉਨ੍ਹਾਂ ਨੇ ਪੂਰੇ confidence ਨਾਲ ਜੋ ਗੱਲਾਂ ਕੀਤੀਆਂ ਹਨ ਉਨ੍ਹਾਂ ਤੇ ਆਪੋਜ਼ੀਸ਼ਨ ਨੂੰ ਮੁਖਾਲਫਤ ਹੋ ਸਕਦੀ ਹੈ । ਲੇਕਿਨ ਇਸ ਗਲ ਤੋਂ ਇਨਕਾਰ ਨਹੀਂ ਕਰ ਸਕਦੇ ਕਿ ਪਿਛਲੇ ਸਾਲ ਵਿਚ ਜੋ progress ਕੀਤੀ ਹੈ ਉਹ ਠੀਕ ਹੈ । ਇਹ progress ਬਿਲਕੁਲ ਸਹੀ ਹੈ । ਸਾਡੇ ਸੋਚਣ ਦਾ ਨੁਕਤਾ ਸਹੀ ਹੋਵੇ, ਨੁਕਤਾਚੀਨੀ constructive ਹੋਵੇ ਤਾਂ ਚੰਗਾ ਹੈ, ਉਹ helpful ਹੁੰਦੀ ਹੈ । ਜੋ ਲੋਕ ਸਰਕਾਰ

[ਸਮੂਹਿਕ ਵਿਕਾਸ ਮੰਤਰੀ]

ਚਲਾਉਂਦੇ ਹਨ ਉਨ੍ਹਾਂ ਲਈ ਇਸ ਅਸੈਂਬਲੀ ਵਿਚ ਇਹ ਨੁਕਤਾਚੀਨੀ ਲਾਜ਼ਮੀ ਤੌਰ ਤੇ ਹੋਣੀ ਚਾਹੀਦੀ ਹੈ। ਕੁਝ ਗੱਲਾਂ ਜੋ ਉਨ੍ਹਾਂ ਨੇ ਕੀਤੀਆਂ ਹਨ ਉਨ੍ਹਾਂ ਬਾਰੇ ਮੈਂ ਅਰਜ਼ ਕਰਾਂਗਾ। ਮੈਂ general ਤੌਰ ਤੇ ਅਰਜ਼ ਕਰਨਾ ਚਾਹੁੰਦਾ ਹਾਂ ਕਿ ਸਰਕਾਰ ਵਲੋਂ ਜੋ ਕੰਮ ਕੀਤੇ ਗਏ ਹਨ, ਗਵਰਨਰ ਸਾਹਿਬ ਨੇ ਜੋ ਦਸਿਆ ਹੈ, ਜੋ progress ਕੀਤੀ ਹੈ, ਬਾਵਜੂਦ ਉਨ੍ਹਾਂ ਹਾਲਾਤ ਦੇ ਕੀਤੀ ਹੈ ਜੋ ਪਿਛਲੇ ਸਾਲਾਂ ਵਿਚ agitations ਚਲੀਆਂ। Agitations ਬਾਰੇ ਮੈਂ ਫਿਰ ਅਰਜ਼ ਕਰਾਂਗਾ। ਲੇਕਿਨ ਇਸ ਤੋਂ ਇਨਕਾਰ ਨਹੀਂ ਕਰ ਸਕਦੇ ਕਿ ਪਿਛਲੇ ਦੋ ਤਿੰਨ ਸਾਲ ਵਿਚ ਜੋ agitations ਚਲੀਆਂ ਹਨ ਉਨ੍ਹਾਂ ਨਾਲ ਸੂਬੇ ਦਾ ਨੁਕਸਾਨ ਜ਼ਰੂਰ ਹੋਇਆ ਹੈ, ਭਾਵੇਂ ਉਹ ਹਿੰਦੀ ਰਕਸ਼ਾ ਸੰਮਤੀ ਨੇ ਚਲਾਈ ਹੋਵੇ, ਭਾਵੇਂ ਅਕਾਲੀ ਦਲ ਨੇ ਚਲਾਈ ਹੋਵੇ, ਭਾਵੇਂ anti-betterment levy ਦੇ ਨਾਉਂ ਤੇ ਚਲੀ ਹੋਵੇ। ਇਨ੍ਹਾਂ ਨਾਲ ਇਸ ਸੂਬੇ ਦਾ ਨੁਕਸਾਨ ਹੀ ਹੋਇਆ ਹੈ। ਇਸ ਤੋਂ ਇਨਕਾਰ ਨਹੀਂ ਕਿ ਜੋ ਐਸੀਆਂ agitations ਚਲਦੀਆਂ ਹਨ ਉਹ progress ਨੂੰ retard ਕਰਦੀਆਂ ਹਨ। ਮੇਰੇ ਆਪੋਜ਼ੀਸ਼ਨ ਦੇ ਭਾਈ ਇਸ ਗਲ ਤੇ ਇਖਤਲਾਫ ਕਰ ਸਕਦੇ ਹਨ ਕਿ agitations ਇਸ ਲਈ ਚਲਾਈਆਂ ਗਈਆਂ ਕਿਉਂਕਿ ਸਰਕਾਰ ਠੀਕ ਨਹੀਂ ਚਲੀ। ਉਨ੍ਹਾਂ ਦਾ ਇਹ ਨੁਕਤਾ ਨਿਗਾਹ ਹੋ ਸਕਦਾ ਹੈ। ਪਰ ਇਸ ਗਲ ਤੋਂ ਇਹ ਇਨਕਾਰ ਨਹੀਂ ਕਰ ਸਕਦੇ ਕਿ ਜਦੋਂ agitations ਚਲਣ ਉਹ ਸੂਬੇ ਦੀ ਤਰੱਕੀ ਨੂੰ ਖੋ ਦਿੰਦੀਆਂ ਹਨ। ਇਹ ਕਹਿੰਦੇ ਹਨ ਕਿ progress ਨਹੀਂ ਹੋਈ ਤੇ progress ਕਰਨ ਵਿਚ ਰੁਕਾਵਟਾਂ ਇਹ ਆਪ ਪਾਉਂਦੇ ਹਨ। ਮੈਂ ਸੰਖੇਪ ਰੂਪ ਵਿਚ ਅਰਜ਼ ਕਰਨਾ ਚਾਹੁੰਦਾ ਹਾਂ ਕਿ ਗਵਰਨਰ ਸਾਹਿਬ ਨੇ ਸਭ ਤੋਂ ਵੱਡੀ ਗਲ ਇਹ ਕਹੀ ਹੈ ਕਿ ਸਰਕਾਰ ਨੇ Co-ordination Committees ਬਣਾਈਆਂ ਹਨ। o-ordination ਤੋਂ ਮੁਰਾਦ ਇਹ ਹੈ ਕਿ ਜ਼ਿਲ੍ਹਾ ਪੱਧਰ ਤੇ ਮਨਿਸਟਰ ਜਾ ਕੇ ਲੋਕਾਂ ਦੀਆਂ ਸ਼ਕਾਇਤਾਂ ਸੁਣਨ, ਉਨ੍ਹਾਂ ਲੋਕਾਂ ਦੀਆਂ ਜਿਨ੍ਹਾਂ ਦੀ ਅੱਗੇ ਘਟ ਸੁਣਵਾਈ ਹੁੰਦੀ ਸੀ ਯਾ ਦੇਰ ਲਗਦੀ ਸੀ। ਜੋ ਸ਼ਕਾਇਤਾਂ ਮੌਕੇ ਤੇ ਦੂਰ ਹੋ ਸਕਣ, ਕੀਤੀਆਂ ਜਾਣ। ਇਹ ਤਜਰਬਾ ਕੀਤਾ ਗਿਆ ਹੈ। ਆਪੋਜ਼ੀਸ਼ਨ ਦੇ ਸੱਜਣ ਭਾਵੇਂ ਇਸ ਗਲ ਨੂੰ ਆਪੋਜ਼ੀਸ਼ਨ ਦੇ ਤੌਰ ਤੇ ਕਹਿਣ ਲੇਕਿਨ ਇਨ੍ਹਾਂ ਨੂੰ ਵੀ ਪਤਾ ਹੈ ਕਿ ਜ਼ਿਲ੍ਹਾ ਪੱਧਰ ਤੇ ਜੋ ਕੰਮ ਅਗੇ ਨਹੀਂ ਹੁੰਦੇ ਸਨ, ਜੋ ਗੱਲਾਂ ਅੱਗੇ ਨਹੀਂ ਸਨ ਕੀਤੀਆਂ ਉਨ੍ਹਾਂ ਸਾਰੀਆਂ ਨੂੰ ਅੱਗੇ ਚਲਾਉਣ ਵਾਸਤੇ ਕੋਸ਼ਿਸ਼ ਕੀਤੀ ਗਈ ਹੈ। ਇਸ ਦਾ ਜ਼ਿਕਰ ਉਨ੍ਹਾਂ ਨੇ ਖਾਸ ਕਰਕੇ ਇਸ ਵਿਚ ਕੀਤਾ ਹੈ। ਜੋ surplus area ਹੈ ਉਹ recover ਕੀਤਾ ਗਿਆ ਹੈ। ਸਰਕਾਰ ਨੇ ਇਹ ਫੈਸਲਾ ਕੀਤਾ ਕਿ ਜਿਨ੍ਹਾਂ ਦੀ 30 acre ਤੋਂ ਜ਼ਿਆਦਾ ਜ਼ਮੀਨ ਹੈ ਉਨ੍ਹਾਂ ਦਾ surplus area recover ਕੀਤਾ ਜਾਏ। ਉਹ recover ਕੀਤਾ ਹੈ। Surplus areas ਦੀ ਸਾਢੇ ਤਿੰਨ ਲਖ ਏਕੜ ਜ਼ਮੀਨ recover ਕਰ ਲਈ ਹੈ। ਇਸ ਦੀ distribution ਉਨ੍ਹਾਂ ਲੋਕਾਂ ਨੂੰ ਕੀਤੀ ਜਾਣੀ ਹੈ ਜਿਹੜੇ ejected tenants ਹਨ ਯਾ ਜਿਨ੍ਹਾਂ ਦੇ ਖਿਲਾਫ ਅਦਾਲਤਾਂ ਤੋਂ ਫੈਸਲੇ ਹੋਏ ਹਨ। ਸਰਕਾਰ ਦੀ ਇਹ ਮਰਜ਼ੀ ਹੈ ਕਿ ਉਨ੍ਹਾਂ ਸਾਰੇ ਲੋਕਾਂ ਨੂੰ ਉਨ੍ਹਾਂ ਜ਼ਮੀਨਾਂ ਤੇ ਬਿਠਾ ਦਿਤਾ ਜਾਏ। ਉਨ੍ਹਾਂ ਨੂੰ ਆਪਣੀ ਰੋਟੀ ਕਮਾਉਣ ਲਈ ਗੁਜ਼ਾਰਾ ਦਿਤਾ ਜਾਏ ਜਿਹੜੇ landless ਹਨ, ਉਨ੍ਹਾਂ ਲੋਕਾਂ ਨੂੰ ਜੋ ਵਾਹੀ ਕਰ ਸਕਣ ਇਨ੍ਹਾਂ ਵਿਚ share ਦਿਤਾ ਜਾਏ, ਉਹ ਵਾਹੀ ਕਰਕੇ ਆਪਣੀ ਰੋਟੀ ਕਮਾ ਸਕਣ। ਸਰਕਾਰ ਚਾਹੁੰਦੀ ਹੈ ਕਿ ਜਿਹੜੇ ਨਿਕੰਮੇ ਬੰਦੇ ਹਨ ਉਨ੍ਹਾਂ ਨੂੰ ਕੰਮ ਤੇ ਲਾਇਆ ਜਾਏ। ਜਿਨ੍ਹਾਂ ਕੋਲ ਜ਼ਮੀਨ ਨਹੀਂ ਉਨ੍ਹਾਂ ਨੂੰ surplus area ਵਿਚੋਂ ਜ਼ਮੀਨ ਦਿਤੀ ਜਾਏ। ਜੋ ਉਨ੍ਹਾਂ ਨੇ ਆਪਣੇ ਭਾਸ਼ਨ ਵਿਚ point out ਕੀਤਾ ਹੈ ਮੈਂ ਸਮਝਦਾ ਹਾਂ ਉਹ ਲਾਜ਼ਮੀ ਤੌਰ ਤੇ ਸਾਡੇ ਪੰਜਾਬੀ ਵੀਰਾਂ ਦੇ ਹਕ ਵਿਚ ਜਾਏਗਾ ਜੋ ਲੋਕ ਆਪਣੀ ਰੋਟੀ ਲਈ ਤਰਲੇ ਮਾਰਦੇ ਹਨ।

Consolidation ਦੇ ਮੁਤੱਲਿਕ ਗਵਰਨਰ ਸਾਹਿਬ ਨੇ ਕਿਹਾ ਹੈ ਕਿ ਇਹ ਇਸ ਸੂਬੇ ਵਿਚ 1965 ਤਕ ਮੁਕੰਮਲ ਹੋ ਜਾਏਗੀ। Consolidation ਵਿਚ ਪਹਿਲਾਂ ਜਿਹੜੇ ਕੰਮ ਅਧੂਰੇ ਰਹਿ ਗਏ ਸਨ ਉਹ ਹੁਣ ਦੀ consolidation ਨਾਲ ਪੂਰੇ ਹੋ ਰਹੇ ਹਨ। ਇਕ ਆਪੋਜ਼ੀਸ਼ਨ ਦੇ ਭਰਾ, ਜੋ ਅਜ ਏਥੇ ਨਹੀਂ ਬੈਠੇ, ਦਾ ਨੁਕਤਾ ਨਿਗਾਹ ਇਹ ਸੀ ਕਿ ਜ਼ਿਮੀਦਾਰਾਂ ਦੀ ਜ਼ਮੀਨ ਲੈ ਕੇ non-agriculturists ਨੂੰ ਕਿਉਂ ਦਿਤੀ ਜਾ ਰਹੀ ਹੈ। ਕਿਸੇ ਦੇਸ਼ ਦੀ ਹਾਲਤ ਬਦਲਣ ਲਈ ਜਾਂ ਸੂਬੇ ਦੀ ਹਾਲਤ ਬਦਲਣ ਲਈ ਕਿਸੇ ਨਿੱਗਰ ਕੰਮ ਲਈ ਜਾਂ ਲੋਕਾਂ ਲਈ ਚੰਗਾ ਰਸਤਾ ਬਣਾਉਣ ਲਈ ਚੰਗੇ ਕੰਮ ਕਰਨ ਦੀ ਲੋੜ ਹੈ। ਉਨ੍ਹਾਂ ਲੋਕਾਂ ਨੂੰ ਜ਼ਮੀਨਾਂ ਦੇ ਕੇ ਉਨ੍ਹਾਂ ਦੇ ਬਚਿਆਂ ਵਾਸਤੇ ਖੇਡਣ ਲਈ ਗਰਾਊਂਡਾਂ ਤੇ ਸਕੂਲਾਂ ਦਾ ਇੰਤਜ਼ਾਮ ਕੀਤਾ ਹੈ। ਇਹ ਦਰੁਸਤ ਹੈ। ਇਸ ਤੇ ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ।

ਇਥੇ, ਚੇਅਰਮੈਨ ਸਾਹਿਬ, Rehabilitation Department ਦਾ ਜ਼ਿਕਰ ਕੀਤਾ ਗਿਆ। ਜਦ ਪੰਜਾਬ ਦੀ partition ਹੋਈ ਤਾਂ ਅਸੀਂ ਬਹੁਤ ਔਖੇ ਹੋਏ। ਇਸ ਪਾਸੇ ਦੀ ਆਬਾਦੀ ਨੂੰ West ਪਾਕਿਸਤਾਨ ਦੀ ਆਬਾਦੀ ਨਾਲ ਤਬਦੀਲ ਕਰਨਾ ਪਿਆ। ਇਧਰ ਦੀ ਆਬਾਦੀ ਉਧਰ ਤੇ ਉਧਰ ਦੀ ਆਬਾਦੀ ਏਧਰ ਲਿਆਣੀ ਪਈ। ਇਹ ਠੀਕ ਹੈ ਕਿ ਇਨ੍ਹਾਂ ਨੂੰ amenities ਦੇਣ ਵਿਚ ਦੇਰ ਜ਼ਰੂਰ ਲਗੀ ਹੈ ਪਰ ਸਰਕਾਰ ਲਈ ਇਹ ਕੋਈ ਮਾਮੂਲੀ ਕੰਮ ਨਹੀਂ ਸੀ ਜੋ ਸਰਕਾਰ ਨੂੰ ਕਰਨਾ ਪਿਆ। ਭਾਵੇਂ ਉਨ੍ਹਾਂ ਨੂੰ ਜ਼ਮੀਨ ਦੇ ਮਾਮਲੇ ਵਿਚ ਜਾਂ ਦੁਕਾਨ ਦੇ ਮਾਮਲੇ ਵਿਚ ਸਾਧਨ ਦੇਣ ਵਿਚ ਚਿਰ ਲਗਾ ਪਰ ਇਸ ਗਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਸ ਮਹਿਕਮੇ ਨੂੰ ਕਿੰਨਾ ਕੁਝ ਕਰਨਾ ਪਿਆ ਹੈ ਅਤੇ ਪੂਰੇ ਤੌਰ ਤੇ ਇਸ Rehabilitation ਦੇ ਮਹਿਕਮੇ ਦੀ ਸਾਨੂੰ ਪ੍ਰਸੰਸਾ ਕਰਨੀ ਚਾਹੀਦੀ ਸੀ ਅਤੇ ਇਸ ਤੇ ਇਤਰਾਜ਼ ਕਰਨ ਤੋਂ ਪਹਿਲਾਂ, ਆਉਣ ਵਾਲੇ ਸਮੇਂ ਨੂੰ ਵੀ ਸਾਹਮਣੇ ਰਖਣਾ ਚਾਹੀਦਾ ਹੈ। ਇਹ ਇਕ ਭਿਆਨਕ ਸਿੱਟਾ ਸੀ ਦੇਸ਼ ਦੀ ਵੰਡ ਦਾ ਜਿਸ ਦੇ ਅਸਰਾਤ ਤੋਂ ਅਸੀਂ ਅਜੇ ਤਕ ਪਾਕ ਸਾਫ ਨਹੀਂ ਹੋ ਸਕੇ ਅਤੇ ਇਹ ਅਜੇ ਵੀ ਸਾਡੇ ਸਿਰਾਂ ਤੇ hang over ਕਰੀ ਜਾ ਰਹੇ ਹਨ ਅਤੇ ਬਾਕੀ ਹਨ ਜਿਨ੍ਹਾਂ ਵਲ ਸਰਕਾਰ ਪੂਰਾ ਧਿਆਨ ਦੇ ਰਹੀ ਹੈ। ਇਸ ਲਈ ਇਸ ਸੂਬੇ ਨੂੰ ਵੰਡਣ ਬਾਰੇ ਜਿੰਨੀਆਂ ਵੀ agitations ਚਲਾਈਆਂ ਗਈਆਂ ਅਤੇ ਸੂਬੇ ਦੀ ਵੰਡ ਕਰਨ ਦੀ ਇਨ੍ਹਾਂ ਦੀ ਖਾਹਸ਼ ਸੀ ਉਸ ਨੂੰ ਰੋਕਣ ਵਾਸਤੇ ਇਸ ਸਰਕਾਰ ਨੇ ਕੋਸ਼ਿਸ਼ ਕੀਤੀ ਹੈ। ਇਹ Rehabilitation ਦਾ ਮਹਿਕਮਾ ਲੋਕਾਂ ਨੂੰ claim ਦੇਣ ਵਿਚ ਅਤੇ ਉਨ੍ਹਾਂ ਵਿਚ ਹਿੰਮਤ ਪੈਦਾ ਕਰਨ ਵਿਚ, ਤਾ ਕਿ ਉਹ ਆਪਣੇ ਆਪ ਨੂੰ ਫਿਰ ਆਪਣੇ ਪੈਰਾਂ ਤੇ ਖੜ੍ਹਾ ਕਰ ਸਕਣ, ਜੋ ਕੰਮ ਕਰਦਾ ਪਿਆ ਹੈ ਇਸ ਦਾ ਜ਼ਿਕਰ ਇਸ ਗਵਰਨਰ ਸਾਹਿਬ ਦੇ address ਵਿਚ ਹੈ, ਇਸ ਲਈ ਅਸੀਂ ਗਵਰਨਰ ਸਾਹਿਬ ਦਾ ਧੰਨਵਾਦ ਕਰਦੇ ਹਾਂ।

ਇਸ ਦੇ ਨਾਲ ਹੀ ਨਾਲ co-operative ਬਾਰੇ ਜ਼ਿਕਰ ਮੇਰੇ ਵੀਰਾਂ ਨੇ ਕੀਤਾ ਹੈ। ਮੈਂ ਇਸ ਸਬੰਧ ਵਿਚ ਜ਼ਿਕਰ ਕਰਾਂ ਕਿ ਇਸ ਮਹਿਕਮੇ ਸਬੰਧੀ ਅਤੇ co-operative ਦੇ ਬਾਰੇ ਵਿਚ ਆਪੋਜ਼ੀਸ਼ਨ ਦੇ ਇਕ ਬੜੇ ਹੀ progressive ਮੈਂਬਰ ਨੇ ਕਿਹਾ ਸੀ ਕਿ Co-operative Department ਦਾ ਕੰਮ ਇਕ bogus ਕੰਮ ਹੈ ਅਤੇ ਇਸੇ ਤਰ੍ਹਾਂ ਮੇਰੇ ਇਕ Communist ਵੀਰ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਇਸ ਬਾਰੇ ਮੇਰੀ ਕਹੀ ਗਲ ਸਮਝ ਨਹੀਂ ਲਗੀ ਸੀ। ਮੈਂ ਇਕ ਮਿੰਟ ਵਿਚ ਉਸ ਸਮੇਂ ਦੀ ਕਹੀ ਗਲ ਨੂੰ ਦੁਹਰਾਉਂਦਾ ਹਾਂ। ਮੈਂ ਉਸ ਸਮੇਂ ਇਹ ਅਰਜ਼ ਕੀਤਾ ਸੀ ਕਿ ਅਸੀਂ co-operative sector ਨੂੰ ਮਜ਼ਬੂਤ ਕਰਨਾ ਚਾਹੁੰਦੇ ਹਾਂ ਅਤੇ ਦੂਜਿਆਂ sectors ਨਾਲੋਂ ਇਸ ਨੂੰ ਤਰਜੀਹ ਦਿੰਦੇ ਹਾਂ। Service Co-operative ਅਤੇ Joint Co-operative Farming ਦੇ ਸਬੰਧ ਵਿਚ ਅਸੀਂ ਸਾਰਿਆਂ ਨਾਲੋਂ ਪਹਿਲਾਂ ਤਰੱਕੀ ਕਰਨੀ ਚਾਹੁੰਦੇ ਹਾਂ ਅਤੇ ਇਸ ਸਬੰਧ ਵਿਚ ਅਸੀਂ ਇਸ ਸੈਕਟਰ ਨੂੰ ਮਜ਼ਬੂਤ ਕਰਨ ਦੀ

[ਸਮੂਹਿਕ ਵਿਕਾਸ ਮੰਤਰੀ]

ਕੋਸ਼ਿਸ਼ ਕੀਤੀ ਹੈ । Service Co-operative ਦੇ ਬਾਰੇ ਵਿਚ ਇਹ ਕਿਹਾ ਗਿਆ ਹੈ ਕਿ ਇਨ੍ਹਾਂ ਨੂੰ ਚਾਲੂ ਕਰਕੇ ਸੁਤੰਤਰ ਪਾਰਟੀ ਅਤੇ ਹੋਰ ਜੋ ਪਿਛਾਂਹ ਖਿਚੂ ਪਾਰਟੀਆਂ ਹਨ ਉਨ੍ਹਾਂ ਦੇ ਹਥ ਮਜ਼ਬੂਤ ਕੀਤੇ ਗਏ ਹਨ। ਪਰ ਇਨ੍ਹਾਂ ਨੂੰ ਖਤਮ ਕਰਨ ਲਈ ਹੀ ਤਾਂ ਅਸੀਂ ਇਹ ਚਾਹੁੰਦੇ ਹਾਂ ਕਿ Service Co-operative ਕਾਮਯਾਬ ਬਣਾਈਆਂ ਜਾਣ। ਚੇਅਰਮੈਨ ਸਾਹਿਬ, Joint Co-operative Farmings ਅਜ ਵੀ ਕੰਮ ਕਰ ਰਹੀਆਂ ਹਨ ਅਤੇ ਜਿਨ੍ਹਾਂ ਮੈਂਬਰ ਸਾਹਿਬਾਨ ਨੂੰ ਕਿਸੇ ਗਲ ਤੇ ਸ਼ਕ ਹੋਵੇ ਤਾਂ ਉਹ ਆਪ ਜਾਕੇ ਇਨ੍ਹਾਂ ਦੀ working ਨੂੰ ਵੇਖ ਸਕਦੇ ਹਨ ਅਤੇ ਅਸੀਂ ਸਮਝਦੇ ਹਾਂ ਕਿ Joint Co-operative Farming ਨੂੰ ਚਾਲੂ ਰਖਣਾ ਚਾਹੀਦਾ ਹੈ ਅਤੇ ਆਉਣ ਵਾਲੇ ਸਾਲਾਂ ਵਿਚ co-operatives ਨੂੰ ਤਕਵੀਅਤ ਦੇਣਾ ਜ਼ਰੂਰੀ ਬਣ ਜਾਂਦਾ ਹੈ। ਸਾਂਝ ਵਿਚ ਲਾਜ਼ਮੀ ਤੌਰ ਤੇ ਸੂਬਾ ਤਰੱਕੀ ਕਰਦਾ ਹੈ ਅਤੇ ਪੈਦਾਵਾਰ ਵੀ ਵਧਦੀ ਹੈ ਅਤੇ ਕੰਮ ਕਰਨ ਦੇ ਸਾਧਨ ਵੀ ਵਧਦੇ ਹਨ। ਕਈਆਂ ਵੀਰਾਂ ਦਾ ਇਹ ਖਿਆਲ ਹੈ ਕਿ joint farming ਇਕ collective farming ਦਾ ਰੂਪ ਹੈ ਅਤੇ ਇਸ ਤਰ੍ਹਾਂ ਸੁਤੰਤਰ ਪਾਰਟੀ ਅਤੇ ਦੂਜੀਆਂ ਪਿਛਾਂਹ ਖਿਚੂ ਪਾਰਟੀਆਂ ਦੇ ਨੁਕਤਾ ਨਿਗਾਹ ਤੋਂ ਜੋ joint farmings ਬਣਾਈਆਂ ਜਾ ਰਹੀਆਂ ਹਨ ਉਸ ਬਾਰੇ ਉਹ ਸਹਿਮਤ ਨਹੀਂ। ਇਹ ਠੀਕ ਹੈ ਕਿ ਇਸ ਵਿਚ ਊਣਤਾਈਆਂ ਹਨ ਅਤੇ ਇਹ ਮੁਕੰਮਲ ਤਸਵੀਰ ਨਹੀਂ. ਪਰ ਇਸ ਤੋਂ ਸਾਡੀ ਸਰਕਾਰ ਦੀ ਨੀਅਤ ਤਾਂ clear ਹੋ ਜਾਂਦੀ ਹੈ ਅਤੇ ਇਹ ਪਤਾ ਲਗ ਜਾਂਦਾ ਹੈ ਕਿ ਸਰਕਾਰ ਦੀ intention ਕੀ ਦਸਦੀ ਹੈ ਅਤੇ ਅਸੀਂ ਇਹ ਚਾਹੁੰਦੇ ਹਾਂ ਕਿ co-operative sector ਨੂੰ ਕਿਸੇ ਨਾ ਕਿਸੇ ਤਰਾਂ ਮਜ਼ਬੂਤ ਕੀਤਾ ਜਾਵੇ ਭਾਵੇਂ ਇਹ co-operative ਕਿਸੇ ਵੀ ਸ਼ੋਅਬੇ ਨਾਲ ਤਅਲੁਕ ਰਖਦੀਆਂ ਹੋਣ ਅਤੇ ਅਸੀਂ ਇਸ sector ਨੂੰ ਆਹਿਸਤਾ ਆਹਿਸਤਾ ਮਜ਼ਬੂਤ ਕਰ ਰਹੇ ਹਾਂ।

ਭਾਖੜਾ ਡੈਮ completion ਦੇ ਨੇੜੇ ਪਹੁੰਚ ਚੁਕਾ ਹੈ। ਇਸ ਰਾਹੀਂ ਬਿਜਲੀ, ਪਾਣੀ ਅਤੇ ਨਹਿਰਾਂ ਦੇ ਸਾਧਨ ਵਧਾਏ ਗਏ ਹਨ ਅਤੇ ਇਨ੍ਹਾਂ ਨਹਿਰਾਂ ਨਾਲ ਰਾਜਿਸਥਾਨ ਦੇ ਥਲਾਂ ਨੂੰ ਪਾਣੀ ਨਾਲ ਸੈਰਾਬ ਕੀਤਾ ਗਿਆ ਹੈ ਅਤੇ ਇਸ ਨਾਲ ਸਾਡੀ ਤਰੱਕੀ ਦਾ ਰਾਜ਼ ਵਾਬਸਤਾ ਹੈ ਅਤੇ ਜੇ ਇਸ ਤੇ ਕਿਸੇ ਨੂੰ ਇਤਰਾਜ਼ ਕਰਨ ਦਾ ਮੌਕਾ ਹੋਵੇ ਜਾਂ ਇਸ ਦੀ ਆਪੋਜ਼ੀਸ਼ਨ ਹੋਵੇ, ਤਾਂ ਮੈਂ ਨਹੀਂ ਸਮਝਦਾ ਕਿ ਇਸ ਗਲ ਦੇ ਲਾਭ ਤੋਂ ਕੋਈ ਇਨਕਾਰ ਕਰ ਸਕਦਾ ਹੈ। ਜੇਕਰ ਇਨ੍ਹਾਂ ਵਲੋਂ agitations ਨਾ ਚਲਾਈਆਂ ਜਾਂਦੀਆਂ ਅਤੇ ਰੁਪਿਆ ਇਸ ਕੰਮ ਤੇ ਖਰਚ ਨਾ ਹੁੰਦਾ ਤਾਂ ਇਨ੍ਹਾਂ ਤਰੱਕੀ ਦੇ ਕੰਮਾਂ ਨੂੰ ਵਧੇਰੇ ਜਲਦੀ ਪੂਰਾ ਕਰ ਲਿਆ ਜਾਂਦਾ। ਬਿਜਲੀ, ਪਾਣੀ ਅਤੇ ਬਾਕੀ ਸਾਰੀਆਂ ਸਕੀਮਾਂ ਨੂੰ ਜੋ ਭਾਖੜੇ ਪ੍ਰਾਜੈਕਟ ਨਾਲ ਸਬੰਧਤ ਹਨ ਇਨ੍ਹਾਂ ਦੇ ਪੂਰੇ ਹੋਣ ਤੇ ਪੰਜਾਬ ਦੀ ਤਰੱਕੀ ਹੋਵੇਗੀ ਪਰ ਇਹ ਇਸ ਤਰੱਕੀ ਵਿਚ ਰੁਕਾਵਟ ਪਾਉਣਾ ਚਾਹੁੰਦੇ ਹਨ। ਮੇਰੇ ਸਾਥੀ State Minister ਸਾਹਿਬ ਨੇ ਬਿਜਲੀ ਦੇ ਬਾਰੇ ਵਿਚ ਦਸ ਹੀ ਦਿਤਾ ਹੈ ਕਿ ਇਸ ਸਾਲ ਅਸੀਂ 3600 ਪਿੰਡਾਂ ਨੂੰ ਬਿਜਲੀ ਸਪਲਾਈ ਕਰ ਰਹੇ ਹਾਂ। ਜਿਥੋਂ ਤਕ ਪਾਣੀ ਦਾ ਤਅੱਲੁਕ ਹੈ ਪੰਜਾਬ ਵਿਚ ਪਾਣੀ ਜ਼ਮੀਨਾਂ ਲਈ ਅਤੇ ਖੇਤੀ ਬਾੜੀ ਦੀਆਂ ਦੂਜੀਆਂ ਸਕੀਮਾਂ ਲਈ ਖਰਚ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਆਮਦਨ ਵੀ ਵਧਦੀ ਹੈ। ਇਸੇ ਤਰ੍ਹਾਂ ਦੀਆਂ ਹੋਰ ਸਕੀਮਾਂ ਵੀ ਇਸ ਸਰਕਾਰ ਵਲੋਂ ਮਨਜ਼ੂਰ ਕੀਤੀਆਂ ਗਈਆਂ ਹਨ। ਮੈਂ ਵਧੇਰੇ ਤਫਸੀਲ ਵਿਚ ਨਹੀਂ ਜਾਣਾ ਚਾਹੁੰਦਾ। Pong Dam ਅਤੇ ਦੂਜੀਆਂ ਡੈਮਾਂ ਨਾਲ ਲਾਜ਼ਮੀ ਤੌਰ ਤੇ ਸੂਬੇ ਵਿਚ ਤਰੱਕੀ ਹੋਵੇਗੀ ਅਤੇ ਹਰ sector ਵਿਚ ਤਰੱਕੀ ਹੋਵੇਗੀ। ਸੋਸ਼ਲ ਤਰੱਕੀ ਤਾਂ ਹੀ ਹੋ ਸਕਦੀ ਹੈ ਜੇਕਰ economic welfare ਦੀਆਂ ਸਕੀਮਾਂ ਨੂੰ ਤਰੱਕੀ ਮਿਲੇ। ਇਸ ਦੇ ਨਾਲ ਹੀ ਦੂਜੀਆਂ ਚੀਜ਼ਾਂ follow ਕਰਦੀਆਂ ਹਨ।

ਇਸ ਸਰਕਾਰ ਨੇ ਇਸ ਗਲ ਦਾ ਫੈਸਲਾ ਕੀਤਾ ਹੈ ਕਿ ਆਹਿਸਤਾ ਆਹਿਸਤਾ ਪੰਜਾਬ ਵਿਚ Socialistic Pattern of Society ਕਾਇਮ ਕੀਤਾ ਜਾਵੇ ਅਤੇ Socialistic Pattern of Society ਦਾ ਮਤਲਬ ਇਹ ਹੁੰਦਾ ਹੈ ਕਿ ਲੋਕਾਂ ਦੀ ਆਮਦਨ ਦੇ ਸਾਧਨ ਮਜ਼ਬੂਤ ਕੀਤੇ ਜਾਣ। ਜੀਵਨ ਦੀ ਪੱਧਰ ਨੂੰ ਉਚਿਆਂ ਚੁਕਿਆ ਜਾਵੇ। ਜਿਸ ਜਿਸ ਕੰਮ ਵਿਚ ਕੋਈ ਲੱਗਾ ਹੋਇਆ ਹੈ ਉਸ ਵਿਚ ਉਸ ਨੂੰ ਸਹਾਇਤਾ ਕੀਤੀ ਜਾਵੇ ਅਤੇ ਕੰਮ ਕਰਨ ਦੇ ਅਵਸਰ ਦਿਤੇ ਜਾਣ, ਤਾਂ ਕਿ ਗਰੀਬ ਵੀ ਉਸ ਤੋਂ ਲਾਭ ਉਠਾ ਸਕੇ। ਅਸੀਂ ਕੰਮ ਕਰਨ ਦੀ ਭਾਵਨਾ ਪੈਦਾ ਕਰਨੀ ਹੈ ਅਤੇ ਕੀਤੀ ਹੈ। ਇਸ ਤਰ੍ਹਾਂ ਦੀਆਂ ਸਕੀਮਾਂ ਨੂੰ ਸਿਰੇ ਚਾੜ੍ਹ ਕੇ ਜਿਨ੍ਹਾਂ ਨਾਲ ਪੁਖਤੀ ਨਾਲ ਅਸੀਂ ਅਗੇ ਵਧ ਸਕੀਏ ਇਨ੍ਹਾਂ ਗੱਲਾਂ ਦਾ ਜ਼ਿਕਰ ਗਵਰਨਰ ਸਾਹਿਬ ਨੇ ਆਪਣੇ ਭਾਸ਼ਨ ਵਿਚ ਕੀਤਾ ਹੈ।

ਇਸ ਤੋਂ ਅਗੇ transport ਦੇ ਬਾਰੇ ਵਿਚ ਜ਼ਿਕਰ ਕੀਤਾ ਗਿਆ ਹੈ। ਸਰਕਾਰ ਨੇ ਇਸ ਪੱਖ ਵਿਚ ਇਹ ਫੈਸਲਾ ਕੀਤਾ ਹੈ ਕਿ 50 : 50 ਦੀ ਨਿਸਬਤ ਨਾਲ transport ਨੂੰ nationalise ਕੀਤਾ ਜਾਵੇ। ਇਸ ਤਰ੍ਹਾਂ ਕਰਨ ਨਾਲ 50 ਫੀ ਸਦੀ transporters ਵਿਚ incentive ਆ ਗਿਆ ਹੈ ਕੰਮ ਕਰਨ ਦਾ ਅਤੇ ਬਿਹਤਰ ਤਰੀਕੇ ਨਾਲ ਕਰਨ ਦਾ। ਜੋ ਇਸ ਪੱਖ ਵਿਚ ਕੰਮ ਕਰਦੇ ਸਨ ਉਨ੍ਹਾਂ ਨੂੰ ਇਸ ਤਰ੍ਹਾਂ ਦੇ ਫੈਸਲੇ ਤੇ ਖੁਸ਼ੀ ਹੈ ਅਤੇ ਸਰਕਾਰ ਦਾ ਇਹ ਫੈਸਲਾ ਹੈ ਕਿ ਆਹਿਸਤਾ ਆਹਿਸਤਾ ਆਉਣ ਵਾਲੇ 10 ਸਾਲਾਂ ਵਿਚ ਸਰਕਾਰ ਸਾਰੇ routes ਨੂੰ nationalise ਕਰ ਲਏਗੀ। Transporters ਨੂੰ ਇਸ ਗਲ ਦਾ ਮੌਕਾ ਮਿਲ ਗਿਆ ਹੈ ਕਿ ਉਹ transport ਨੂੰ ਚੰਗੀ ਤਰ੍ਹਾਂ ਚਲਾ ਸਕਣ ਅਤੇ ਬਿਹਤਰ ਬਣਾ ਸਕਣ। ਇਸ ਨਾਲ ਸਰਕਾਰ ਦੀ ਪਾਲਸੀ ਵਿਚ ਕਿਸੇ ਕਿਸਮ ਦਾ ਫਰਕ ਨਹੀਂ ਪਿਆ। ਅਤੇ ਇਹ ਕਹਿ ਦੇਣਾ ਕਿ ਸਰਕਾਰ ਨੇ nationalisation ਕਰਨ ਤੋਂ ਇਨਕਾਰ ਕਰ ਦਿਤਾ ਹੈ ਇਹ ਗਲਤ notion ਹੈ ਜੋ ਆਪੋਜ਼ੀਸ਼ਨ ਦੇ ਮਨ ਵਿਚ ਆ ਗਈ ਹੈ।

ਇਸੇ ਤਰ੍ਹਾਂ Technical Education ਦਾ ਤਅੱਲੁਕ ਹੈ। Technical Education, industry ਦੇ ਫੈਲਾਣ ਲਈ ਜ਼ਰੂਰੀ ਹੈ ਅਤੇ ਅਸੀਂ Industry ਦੇ ਫੈਲਾਣ ਵਿਚ ਹੁਣ ਪਿੰਡਾਂ ਵਲ ਰੁਖ ਕਰ ਰਹੇ ਹਾਂ। ਅਗਲੇ ਪੰਜਾਂ ਸਾਲਾਂ ਵਿਚ ਆਹਿਸਤਾ ਆਹਿਸਤਾ ਅਸੀਂ ਪਿੰਡਾਂ ਵਿਚ Industrial Estates ਕਾਇਮ ਕਰ ਦੇਣੀਆਂ ਹਨ। ਜਿਸ ਤਰ੍ਹਾਂ ਕਿ ਸਾਡੇ ਚੀਫ ਮਨਿਸਟਰ ਸਾਹਿਬ ਨੇ ਇਲਾਨ ਕੀਤਾ ਹੈ ਕਿ 10 ਫੀ ਸਦੀ ਖਰਚ ਦੀ ਸਹਾਇਤਾ ਉਨ੍ਹਾਂ ਨੂੰ ਦਿਤੀ ਜਾਵੇਗੀ ਜੋ Industry ਲਈ ਮਸ਼ੀਨਰੀ ਖਰੀਦ ਕਰਨਗੇ ਜਾਂ ਜਿੰਨਾਂ ਕੁਝ ਇਮਾਰਤ ਤੇ ਖਰਚ ਆਵੇਗਾ ਉਸ ਦਾ 10 ਫੀ ਸਦੀ ਤਕ ਸਰਕਾਰ ਵਲੋਂ ਸਹਾਇਤਾ ਦਿਤੀ ਜਾਵੇਗੀ। ਇਸ ਨਾਲ ਪਿੰਡਾਂ ਵਾਲਿਆਂ ਨੂੰ ਉਤਸ਼ਾਹ ਹੋਵੇਗਾ ਕਿ ਉਹ ਜਿਥੇ ਜਿਥੇ ਵੀ ਸੰਭਵ ਹੋਵੇ ਦਰਿਆ ਦੇ ਕਿਨਾਰੇ ਜਾਂ ਹੋਰ ਹਰ ਪਾਸੇ Industry ਨੂੰ ਤਰੱਕੀ ਦੇਣ ਅਤੇ ਇਸ ਨੂੰ ਕਾਇਮ ਕਰਨ। ਫਿਰ Industry ਲਈ ਇਹ ਜ਼ਰੂਰੀ ਹੈ ਕਿ ਜਿਥੇ ਇਸ ਨੂੰ ਕਾਇਮ ਕੀਤਾ ਜਾਵੇ ਉਥੇ ਸੜਕਾਂ ਹੋਣ, ਬਿਜਲੀ ਪਹੁੰਚੇ ਅਤੇ ਪਾਣੀ ਹੋਵੇ। ਇਸ ਤਰ੍ਹਾਂ ਦੇ ਪ੍ਰਬੰਧ ਵੀ ਸਰਕਾਰ ਨੇ ਉਨ੍ਹਾਂ ਇਲਾਕਿਆਂ ਲਈ ਕਰਨੇ ਹਨ ਅਤੇ ਇਸ ਤਰੀਕੇ ਨਾਲ ਅਸੀਂ state economy ਨੂੰ ਦਰੁਸਤ ਕਰਕੇ ਸੂਬੇ ਨੂੰ ਅਗਾਂਹ ਲਿਜਾਵਾਂਗੇ। ਇਸ ਦਾ ਜ਼ਿਕਰ ਵੀ ਗਵਰਨਰ ਸਾਹਿਬ ਦੇ Address ਵਿਚ ਕੀਤਾ ਗਿਆ ਹੈ।

ਜਿਥੋਂ ਤੱਕ Hilly Areas ਦਾ ਤਅੱਲੁਕ ਹੈ ਇਸ ਬਾਰੇ ਵੀ ਬੜੀ ਚਰਚਾ ਕੀਤੀ ਜਾ ਰਹੀ ਹੈ। ਬਦਕਿਸਮਤੀ ਇਸ ਗੱਲ ਦੀ ਹੈ ਕਿ ਇਕ ਪਾਸੇ ਪੰਜਾਬੀ region ਅਤੇ ਹਿੰਦੀ region ਦਾ ਸਵਾਲ ਹੈ। ਇਸ ਦੇ ਨਾਲ ਨਾਲ Hilly Area ਦੀ ਵੀ ਚਰਚਾ ਜਾਰੀ ਹੈ। ਮੈਂ ਅਰਜ਼ ਕਰਾਂ ਕਿ economical point of view ਨਾਲ Hilly Area

[ਸਮੂਹਕ ਵਿਕਾਸ ਮੰਤਰੀ]

ਨੂੰ ਵੀ develop ਕਰਨਾ ਜ਼ਰੂਰੀ ਹੈ। ਇਸ ਇਲਾਕੇ ਦੀ development ਵਾਸਤੇ ਪੰਜ ਸਾਲਾ plan ਵਿੱਚ 22½ ਲੱਖ ਰੁਪਏ ਦੀ provision ਕੀਤੀ ਗਈ ਹੈ। ਆਉਂਦੇ ਸਾਲ ਵਿੱਚ ਹਰਿਆਨੇ ਦਾ area ਜਾਂ ਇਉਂ ਕਹੋ ਹਿੰਦੀ region ਲਈ....

(ਘੰਟੀ ਦੀ ਆਵਾਜ਼)

I am sorry, I will not be able to do justice to my point of view. ਮੇਰੀ ਅਰਜ਼ ਇਹ ਹੈ ਕਿ ਹਰ ਹਿੱਸੇ ਦੀ development ਦਾ ਖ਼ਿਆਲ ਰਖਿਆ ਜਾਂਦਾ ਹੈ।

ਏਸੇ ਤਰ੍ਹਾਂ ਤਾਲੀਮ ਦੇ ਸਿਲਸਿਲੇ ਵਿੱਚ ਅਸੀਂ ਉਹ ਗੱਲਾਂ ਕਰਨ ਲੱਗੇ ਹਾਂ ਜਿਹੜੀਆਂ ਲਾਜ਼ਮੀ ਤੌਰ ਤੇ ਕਿਸੇ ਵੀ ਆਜ਼ਾਦ ਮੁਲਕ ਵਿੱਚ ਹੋਣੀਆਂ ਚਾਹੀਦੀਆਂ ਹਨ। ਏਥੇ free education ਅਠਵੀਂ ਜਮਾਤ ਤੱਕ ਸਰਕਾਰੀ ਸਕੂਲਾਂ ਵਿੱਚ ਕਰ ਦਿੱਤੀ ਹੈ ਅਤੇ ਨੌਵੀਂ ਜਮਾਤ ਦੀ ਇਸ ਸਾਲ ਕਰ ਰਹੇ ਹਾਂ। ਲੜਕੀਆਂ ਨੂੰ ਵਧ ਤੋਂ ਵਧ ਤਾਲੀਮ ਦਿੱਤੀ ਜਾਵੇ ਇਹ ਸਰਕਾਰ ਦਾ ਨਿਸ਼ਾਨਾ ਹੈ । ਹੋਰ, ਲੜਕੀਆਂ ਨੂੰ ਜੋ ਵੀ ਤਾਲੀਮ ਦਿੱਤੀ ਜਾ ਸਕਦੀ ਹੋਵੇ ਜਿਸ ਤਰ੍ਹਾਂ ਕਿ Nursery training ਵਗੈਰਾ ਸਰਕਾਰ ਹਰ ਤਰ੍ਹਾਂ ਨਾਲ ਇਮਦਾਦ ਕਰ ਰਹੀ ਹੈ । ਸਰਕਾਰ ਦਾ main aim ਇਹੋ ਹੈ ਕਿ ਅਸੀਂ ਲੋਕਾਂ ਨੂੰ ਵਧ ਤੋਂ ਵਧ ਤਾਲੀਮ-ਯਾਫਤਾ ਕਰਨਾ ਹੈ ਤਾਂ ਜੋ ਲੋਕ ਪੜ੍ਹ ਲਿਖ ਕੇ ਆਪਣੇ rights ਔਰ duties ਵਿੱਚ ਤਮੀਜ਼ ਕਰ ਸਕਣ। ਜੇ ਲੋਕਾਂ ਨੂੰ ਇਹ ਤਮੀਜ਼ ਆ ਗਈ ਤਾਂ ਉਹ ਆਪਣੇ ਫਰਜ਼ ਵੀ ਪੂਰੀ ਤਰ੍ਹਾਂ ਅਦਾ ਕਰ ਸਕਣਗੇ। ਜਿਹੜੇ ਲੋਕ ਆਪਣੀ ਡਿਊਟੀ ਔਰ rights ਨੂੰ ਇੱਕਠੇ ਕਰਕੇ ਚਲਾਉਂਦੇ ਹਨ ਉਹ ਲਾਜ਼ਮੀ ਤੌਰ ਤੇ ਭੁਲੇਖਾ ਖਾਣਗੇ।

ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪਿਛਲੀ ਸਰਕਾਰ ਦੇ development ਦੇ ਕੰਮ ਬਾਰੇ ਇਸ ਸਰਕਾਰ ਦੇ Address ਵਿੱਚ ਦੱਸਿਆ ਗਿਆ ਹੈ ਕਿ ਬਾਵਜੂਦ ਸਾਡੇ ਰਸਤੇ ਵਿੱਚ ਇਤਨੀਆਂ ਰੁਕਾਵਟਾਂ ਪੈਣ ਦੇ ਵੀ ਅਤੇ ਮੁਸ਼ਕਲਾਂ ਆਉਣ ਦੇ ਵੀ ਅਸੀਂ ਤਰੱਕੀ ਦੇ ਰਸਤੇ ਵੱਲ ਗਏ ਹਾਂ। ਮੇਰੇ ਇਕ ਦੋਸਤ ਨੇ ਇਹ ਗੱਲ ਮੇਰੇ ਨੋਟਿਸ ਵਿੱਚ ਲਿਆਂਦੀ ਕਿ ਮੁਜ਼ਾਰਿਆਂ ਤੇ ਜ਼ੁਲਮ ਹੋਇਆ ਹੈ। ਮੈਂ ਇਹ ਗੱਲ ਮੰਨਦਾ ਹਾਂ ਕਿ ਜ਼ਮੀਨ ਦੇ ਝਗੜੇ ਬੜੇ ਪੁਰਾਣੇ ਝਗੜੇ ਹਨ। ਪਰ ਫੇਰ ਵੀ ਇਹ ਸੂਬਾ ਅਗੇ ਵਧਿਆ ਹੈ।

ਚੋਣਾਂ ਦੇ ਮੁਤੱਲਿਕ ਮੁਖ਼ਤਲਿਫ ਕਿਸਮ ਦੀਆਂ ਗੱਲਾਂ ਕਹੀਆਂ ਗਈਆਂ ਹਨ । ਇਹ ਵੀ ਕਿਹਾ ਗਿਆ ਹੈ ਕਿ opposition ਵਾਲਿਆਂ ਨੇ ਸਾਂਝ ਪਾ ਕੇ ਚੋਣਾਂ ਲੜੀਆਂ ਹਨ। ਮੈਂ ਬਾਬੂ ਬਚਨ ਸਿੰਘ ਦੇ ਦਿਲ ਦੀ ਗੱਲ ਜਾਣਦਾ ਹਾਂ। ਮੈਂ ਇਸ ਗੱਲ ਤੇ ਵੀ ਬਾਬੂ ਬਚਨ ਸਿੰਘ ਨਾਲ ਇਤਫਾਕ ਨਹੀਂ ਕਰ ਸਕਦਾ ਕਿ ਉਹ ਪੰਜਾਬੀ ਸੂਬੇ ਦੇ ਹਾਮੀਆਂ ਨਾਲ ਮਿਲਣ। ਇਤਨੇ ਚਿਰ ਬਾਹਰ ਰਹਿਣ ਤੋਂ ਬਾਅਦ ਅੱਜ ਉਹ ਅਸੈਂਬਲੀ ਵਿੱਚ ਆਏ ਹਨ ।

ਬਾਬੂ ਬਚਨ ਸਿੰਘ : On a point of order, Sir. ਕੀ ਕੋਈ ਆਦਮੀ ਕਿਸੇ ਦੂਸਰੇ ਦੇ ਦਿਲ ਦੀ ਗੱਲ ਦੱਸ ਸਕਦਾ ਹੈ। (ਹਾਸਾ)

ਸਮੂਹਕ ਵਿਕਾਸ ਮੰਤਰੀ : ਚੇਅਰਮੈਨ ਸਾਹਿਬ, ਬੜੀ ਦੇਰ ਤੱਕ ਕਿਸੇ ਦੇ ਨਾਲ ਰਹਿਣ ਤੋਂ ਬਾਅਦ, ਉਹਦੀ ਅਕਲ, ਉਹਦੇ ਚਿਹਰੇ ਮੁਹਰੇ ਤੋਂ ਇਹ ਅਦਾਜ਼ਾ ਲਾਇਆ ਜਾ ਸਕਦਾ ਹੈ ਕਿ ਉਸ ਦੇ ਮਨ ਵਿੱਚ ਕੀ ਹੈ। ਇਹ ਉਸ ਇਰਦ ਗਿਰਦ ਦੇ ਮਾਹੌਲ ਤੋਂ ਵੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ । ਇਹ ਜੋ combination ਹੋਇਆ ਹੈ ਕਿ ਅਕਾਲੀਆਂ ਨੇ ਪੰਜਾਬੀ ਸੂਬੇ ਦੀ ਐਜੀਟੇਸ਼ਨ ਲੜੀ ਅਤੇ Communists ਨੇ Betterment levy ਦੀ ਲੜਾਈ ਲੜੀ। ਪਰ ਚੋਣਾਂ ਵਿੱਚ ਇਹ ਸ਼ਖਸੀਅਤਾਂ ਵੀ ਇੱਕਠੀਆਂ ਸਨ। ਇਸ ਲਈ ਚੋਣਾਂ ਦੀ ਜੰਗ

ਜਿਤਣ ਲਈ ਜੋ ਲੜਾਈ ਲੜੀ ਗਈ ਉਹ ਸਾਰਿਆਂ ਨੇ ਇਕਠੇ ਹੋ ਕੇ ਲੜੀ। ਇਹ ਫਖਰ ਕਰਨਾ ਕਿ ਅਸੀਂ ਤਕੜੇ ਹਾਂ ਇਹ ਵੀ ਕਿਸੇ ਹਦ ਤੱਕ ਠੀਕ ਹੈ ਕਿਉਂਕਿ ਕਾਮਿਆਬੀ ਕਾਫੀ ਹੱਦ ਤੱਕ ਹੋਈ ਹੈ। ਪਰ ਮੈਂ ਅਰਜ਼ ਕਰਾਂ Communists ਨੇ ਜੋ ਅਕਾਲੀਆਂ ਨਾਲ compromise ਕੀਤਾ ਉਹ Compromise ਐਸਾ ਹੈ ਜਿਨ੍ਹਾਂ ਦਾ ਮਨ ਇਕ ਪਾਸੇ ਨਹੀਂ ਜਾ ਰਿਹਾ। Communist Party ਜਿਸ ਦਾ ਕਿ ਨੁਕਤਾ-ਨਜ਼ਰ ਬਿਲਕੁਲ ਹੀ ਵਖਰਾ ਹੈ ਉਸ ਅਕਾਲੀ party ਨਾਲ ਜਿਹੜੀ ਕਿ ਬਦਤਰੀਂ ਕਿਸਮ ਦੀ ਫਿਰਕਾ ਪ੍ਰਸਤ ਜਮਾਤ ਹੈ ਇਹ ਚੀਜ਼ ਕਮਿਊਨਿਸਟਾਂ ਨੇ ਆਪਣੇ ਚੋਣ manifesto ਵਿੱਚ ਦੱਸੀ ਹੈ ਇਸ ਵਿੱਚ ਉਹ ਇਸ ਪਾਰਟੀ ਨੂੰ ਫਿਰਕਾ ਪ੍ਰਸਤ ਕਹਿੰਦੇ ਰਹੇ ਹਨ। ਇਨ੍ਹਾਂ ਦੋਨਾਂ ਦਾ ਮੇਲ ਹੋਣਾਂ ਵੀ ਜ਼ਾਹਰ ਕਰਦਾ ਹੈ।

ਸਰਦਾਰ ਗੁਰਨਾਮ ਸਿੰਘ : ਕੀ ਕੇਰਾਲਾ ਵਿੱਚ ਕਾਂਗਰਸ ਪਾਰਟੀ ਦਾ ਮੁਸਲਮ ਲੀਗ ਨਾਲ ਕੋਈ Compromise ਨਹੀਂ ਹੋਇਆ ਸੀ ?

ਸਮੂਹਕ ਵਿਕਾਸ ਮੰਤਰੀ : ਮੈਂ ਅਰਜ਼ ਕਰਦਾ ਹਾਂ ਕਿ ਦੂਸਰੀ ਤਰਫ ਧਰਮ ਦੇ ਨਾਂ ਤੇ ਦੋ Blocks ਨੂੰ ਇਕੱਠਾ ਕੀਤਾ ਗਿਆ। ਇਹ ਉਨ੍ਹਾਂ ਅਕਾਲੀ ਲੀਡਰਾਂ ਦੀਆਂ ਸਪੀਚਾਂ ਵਿੱਚੋਂ ਹੀ ਮੈਂ ਹਵਾਲਾ ਦਿੰਦਾ ਹਾਂ ਜਿਨ੍ਹਾਂ ਵਿਚ ਉਨ੍ਹਾਂ ਨੇ ਇਹ ਕਿਹਾ ਹੈ ਕਿ ਇਕ ਸਿਖ Communist ਬਣ ਸਕਦਾ ਹੈ ਪਰ ਇਕ Communist ਅਕਾਲੀ ਨਹੀਂ ਹੋ ਸਕਦਾ।

ਬਾਬੂ ਬਚਨ **ਸਿੰਘ** : ਇਹ ਦੱਸੋ ਜਦੋਂ ਅਕਾਲੀ ਨਾਲ ਕੋਈ ਰਲੇ ਫੇਰ ਕੀ ਹੁੰਦਾ ਹੈ ?

ਸਮੂਹਕ ਵਿਕਾਸ ਮੰਤਰੀ : ਮੈਂ ਇਹ ਅਰਜ਼ ਕਰ ਰਿਹਾ ਹਾਂ ਕਿ ਜੋ ਉਹ ਕਹਿੰਦੇ ਹਨ ਉਹ ਕਰਦੇ ਨਹੀਂ। ਭਾਵੇਂ ਇਨ੍ਹਾਂ ਦਾ compromise ਹੋਇਆ ਪਰ ਇਹ ਮੁਖਤਲਿਫ ਕਿਸਮ ਦੇ ਰੂਪ ਧਾਰਨ ਕਰਨ ਵਾਲੀਆਂ ਪਾਰਟੀਆਂ ਹਨ। ਮੈਂ ਅਰਜ਼ ਕਰਾਂ ਕਿ ਇਸ ਸੂਬੇ ਵਿੱਚ ਇਤਨੇ development ਦੇ ਕੰਮ ਹੋਏ। ਕੀ ਇਨ੍ਹਾਂ ਨੇ ਕਿਸੇ ਇਕ ਕੰਮ ਵਿੱਚ ਆਪਣਾ ਹਿੱਸਾ ਪਾਇਆ ? ਇਨ੍ਹਾਂ ਨੇ ਕੋਈ ਉਪਰਾਲਾ ਨਹੀਂ ਕੀਤਾ। ਇਸ ਲਈ ਮੈਂ ਕਹਿ ਸਕਦਾ ਹਾਂ ਕਿ ਜਿਤਨੀ ਦੇਰ ਤਕ ਇਹ ਕੋਈ ਅਮਲੀ ਕੰਮ ਨਾ ਕਰਨ, ਉਤਨੀ ਦੇਰ ਤੱਕ ਇਨ੍ਹਾਂ ਦੀ ਨੁਕਤਾਚੀਨੀ ਦਾ ਲੋਕਾਂ ਤੇ ਕੋਈ ਅਸਰ ਨਹੀਂ ਹੋ ਸਕਦਾ। ਜਿਤਨੀ ਦੇਰ ਤਕ ਅਸੀਂ ਮਿਲਕੇ development ਦੇ ਕੰਮ ਨਹੀਂ ਕਰਦੇ ਸੂਬੇ ਦੀ education ਵਿੱਚ ਹਿਸਾ ਨਹੀ ਲੈਂਦੇ, ਮੈਂ ਅਰਜ਼ ਕਰਾਂ, ਕਾਮਿਆਬੀ ਹਾਸਲ ਨਹੀਂ ਹੋ ਸਕਦੀ। ਮੈਂ ਸਾਰੀਆਂ ਗੱਲਾਂ ਬਜਟ ਦੀ ਬਹਿਸ ਤੇ ਹੀ ਅਰਜ਼ ਕਰਾਂਗਾ, ਇਸ ਵੇਲੇ ਵਕਤ ਥੋੜ੍ਹਾ ਹੈ। ਬਾਕੀ ਉਨ੍ਹਾਂ ਨੇ elections ਵਿੱਚ ਇੱਕਠੇ ਰਹਿਣ ਦੀ ਭਾਵੇਂ ਕੋਸ਼ਸ਼ ਕੀਤੀ ਹੈ ਪਰ ਇਸ ਵਿੱਚ ਉਨ੍ਹਾਂ ਨੂੰ ਕਾਮਿਆਬੀ ਕੋਈ ਨਹੀ ਹੋਈ। Consolidated ਤੌਰ ਤੇ ਲੋਕ ਸਾਡੇ ਨਾਲ ਰਹਿਣਾ ਚਾਹੁੰਦੇ ਹਨ, ਇਸ ਗੱਲ ਦਾ ਸਬੂਤ ਲੋਕਾਂ ਨੇ ਵੋਟਾਂ ਪਾ ਕੇ ਦਿੱਤਾ ਹੈ। ਮੈਂ ਕਾਂਗਰਸ ਤੇ communalism ਦੇ charge ਨੂੰ refute ਕਰਦਾ ਹਾਂ। ਇਹ ਫਤਵਾ ਉਨ੍ਹਾਂ ਸਾਰੀਆਂ ਪਾਰਟੀਆਂ ਲਈ ਹੈ ਜੋ ਪੰਜਾਬੀ ਸੂਬੇ ਦੇ ਨਾਅਰੇ ਲਾਉਣ ਵਾਲੇ ਹਨ, ਜੋ ਬਾਹਰ ਵਾਲਿਆ ਤੇ ਆਸਾਂ ਲਾਈ ਬੈਠੇ ਹਨ ਜਾਂ ਜੋ American type ਦੇ ਹਨ।

ਸਰਦਾਰ ਸ਼ਮਸ਼ੇਰ ਸਿੰਘ (ਲੁਧਿਆਣਾ ਦੱਖਣ) : ਚੇਅਰਮੈਨ ਸਾਹਿਬ, ਇਸ ਰਿਆਸਤ ਵਿੱਚ ਜੋ ਪਸ਼ੂ ਧਨ ਹੈ ਮੈਂ ਇਸ ਦੇ ਬਾਰੇ ਕੁਝ ਬੇਨਤੀ ਕਰਨੀ ਚਾਹੁੰਦਾ ਹਾਂ। Governor ਸਾਹਿਬ ਦੇ Address ਵਿੱਚ Cattle Breeding ਦੇ ਬਾਰੇ ਸਰਸਰੀ ਤੌਰ ਤੇ ਕੁਝ ਜ਼ਿਕਰ ਕੀਤਾ ਗਿਆ ਹੈ। ਸਾਡਾ ਪਸ਼ੂ ਧਨ ਦਿਨੋਂਦਿਨ ਨਿਕੰਮਾ ਹੁੰਦਾ ਜਾ ਰਿਹਾ ਹੈ ਖਾਸ ਤੌਰ ਤੇ ਦੁਧ ਦੇਣ ਵਾਲੇ ਪਸ਼ੂ। ਇਸ ਦੀ ਵਜ੍ਹਾ ਇਹ ਹੈ ਕਿ ਪਹਿਲਾਂ ਹਰ ਕਸਬੇ ਜਾਂ ਪਿੰਡ ਵਿੱਚ ਸਾਂਝੀਆਂ grazing

[ਸਰਦਾਰ ਸ਼ਮਸ਼ੇਰ ਸਿੰਘ]

grounds ਹੁੰਦੀਆਂ ਸਨ। ਹਰ ਇਕ ਅਮੀਰ ਗਰੀਬ ਦਾ ਪਸ਼ੂ ਸਵੇਰੇ ਚਰਾਗਾਹ ਵਿੱਚ ਜਾਂਦਾ ਸੀ ਅਤੇ ਸ਼ਾਮ ਨੂੰ ਚਰਕੇ ਘਰ ਆ ਜਾਂਦਾ ਸੀ। ਦੂਸਰੀ ਲੜਾਈ ਤੋਂ ਬਾਅਦ Grow More Food Campaign ਵਿੱਚ ਇਹ ਸਾਰੀਆਂ ਚਰਾਗਾਹਾਂ ਖਤਮ ਹੋ ਗਈਆਂ। ਅਸੀਂ ਇਹੋ ਸੋਚਦੇ ਰਹੇ ਕਿ ਚਰਾਗਾਹ ਦੀ ਜ਼ਮੀਨ ਦੀ ਆਮਦਨੀ ਹੋਵੇਗੀ ਪਰ ਇਹ ਨਾ ਸੋਚਿਆ ਕਿ ਸਾਡੇ ਡੰਗਰਾਂ ਦਾ ਕੀ ਹਾਲ ਹੋਵੇਗਾ। ਇਸ ਲਈ ਹੁਣ ਇਸ ਚੀਜ਼ ਦੀ ਜ਼ਰੂਰਤ ਹੈ ਕਿ ਹਰ ਪਿੰਡ ਦੇ ਨਾਲ ਉਸਦੇ ਆਪਣੇ ਡੰਗਰ ਚਾਰਨ ਲਈ ਕਿਸੇ ਚਰਾਗਾਹ ਦਾ ਹੋਣਾ ਵੀ ਲਾਜ਼ਮੀ ਹੈ। ਅਜ ਅਸੀਂ ਕੀ ਵੇਖਦੇ ਹਾਂ ਕਿ ਸੜਕਾਂ ਤੇ ਆਵਾਰਾ ਗਾਈਆਂ, ਵਹਿੜੀਆਂ ਅਤੇ ਵਛੀਆਂ ਆਮ ਫਿਰਦੀਆਂ ਹਨ। ਅਗਰ ਇਨ੍ਹਾਂ ਦੀ ਨਸਲ ਦਾ ਸੁਧਾਰ ਕਰ ਦਿੱਤਾ ਜਾਵੇ ਤਾਂ ਦੁਧ ਦੀ ਪੈਦਾਵਾਰ ਵਧ ਸਕਦੀ ਹੈ।

ਦੂਸਰੀ ਗੱਲ ਮੈਂ ਅਰਜ਼ ਕਰ ਦਿਆਂ ਕਿ ਸਾਡੇ bulls ਦੀ ਬੜੀ ਕਮੀ ਹੈ। Bulls ਜੋ ਰੱਖੇ ਜਾਂਦੇ ਹਨ ਉਹ ਬੜੇ ਹੀ ਨਿਕੰਮੇ ਰੱਖੇ ਜਾਂਦੇ ਹਨ। ਜਿਥੋਂ ਤੱਕ ਹਰਿਆਨਾ bulls ਦਾ ਤਅਾਲੁਕ ਹੈ ਉਹ ਤਾਂ ਹਿਸਾਰ family ਤੋਂ ਲਿਆਉਂਦੇ ਹਨ ਇਹ ਕੁਝ ਚੰਗੇ ਵੀ ਹਨ ਪਰ ਜਿਥੇ Buffalo Bulls ਦਾ ਤਅਲੁਕ ਹੈ ਇਹ ਤਾਂ ਬੜੀ ਨਿਕੰਮੀ ਕਿਸਮ ਦੇ ਹਨ। ਜਿਹੜੇ ਨਸਲ ਨੂੰ ਵਧੀਆ ਬਣਾਉਣ ਦੀ ਬਜਾਏ ਨਿਕੰਮਾ ਬਣਾ ਰਹੇ ਹਨ। ਬਾਹਰਲੇ ਮੁਲਕਾਂ ਵਿੱਚ improved Bulls ਹਾਸਲ ਕਰਨ ਦੀ ਬਜਾਏ ਦੁਧ ਵਧਾਉਣ ਵਾਸਤੇ Artificial insemination ਦੇ ਢੰਗ ਨੂੰ ਵਰਤਿਆ ਜਾਂਦਾ ਹੈ ਜਿਹੜਾ ਕਿ ਬੜਾ ਕਾਮਿਆਬ ਸਾਬਤ ਹੋਇਆ ਹੈ। ਜਿਹੜੀਆਂ Services ਇਸ ਪਾਸੇ ਕੰਮ ਕਰ ਰਹੀਆਂ ਹਨ ਉਨ੍ਹਾਂ ਦੀ ਹਾਲਤ ਵੀ ਕਾਬਲੇ ਰਹਿਮ ਹੈ। ਜਿਹੜੇ ਸਾਈਸ artificial insemination bulls ਨੂੰ ਸਾਂਭਦੇ ਹਨ, ਉਹ 2 Centres ਵਾਸਤੇ ਇਕ ਆਦਮੀ ਰਖਿਆ ਹੋਇਆ ਹੈ। ਉਨ੍ਹਾਂ ਨੂੰ 55 ਯਾਨੀ $27\frac{1}{2}$ ਰੁਪਏ per Centre ਦੇ ਹਿਸਾਬ ਨਾਲ ਮਾਹਵਾਰੀ ਤਨਖਾਹ ਦਿੱਤੀ ਜਾਂਦੀ ਹੈ। ਇਸ ਬਾਰੇ ਕੋਈ ਠੀਕ ਪਰਬੰਧ ਹੋਣਾ ਚਾਹੀਦਾ ਹੈ। ਪਸ਼ੂ ਧਨ ਦੀ ਥੁੜ ਕਾਰਨ ਦੁਧ ਦੀ ਹਰ ਪਾਸੇ ਕਮੀ ਹੈ ਤੇ ਇਸਦੇ ਫਲਰੂਪ ਸਾਨੂੰ balanced ਖੁਰਾਕ ਤਾਂ ਮਿਲਦੀ ਨਹੀਂ। ਅਸੀਂ ਦਾਲ ਰੋਟੀ ਹੀ ਖਾਂਦੇ ਹਾਂ। ਦੁਧ ਦੇ ਨਾਲ ਸਿਹਤ ਠੀਕ ਬਣ ਸਕਦੀ ਹੈ। ਲੇਕਿਨ ਦੁਧ ਅਜ ਕਲ੍ਹ ਪਿੰਡਾਂ ਦੇ ਵਿਚ ਵੀ ਨਹੀਂ ਮਿਲਦਾ। ਦੁਧ ਤਾਂ ਜ਼ਿਆਦਾ ਹੋ ਸਕਦਾ ਹੈ ਜੇਕਰ ਪਸ਼ੂਆਂ ਦੀ ਨਸਲ ਨੂੰ ਸੁਧਾਰਨ ਵਲ ਧਿਆਨ ਦਿੱਤਾ ਜਾਵੇ। ਯਸ਼ ਹੋਰਾਂ ਨੇ ਦਸਿਆ ਸੀ ਕਿ ਅਸੀਂ ਪਿੰਡਾਂ ਵਿਚ ਸਕੂਲਾਂ ਦੇ ਬਚਿਆਂ ਨੂੰ ਮੁਫਤ ਦੁਧ ਪਿਆਵਾਂਗੇ। ਪਰ ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਸਾਨੂੰ ਇਸ ਗੱਲ ਦੀ ਸ਼ਰਮ ਨਹੀਂ ਮਹਿਸੂਸ ਕਰਨੀ ਚਾਹੀਦੀ ਕਿ ਅਸੀਂ ਅਮਰੀਕਾ ਕੋਲੋਂ ਸੁੱਕਾ ਦੁਧ ਮੰਗ ਕੇ ਆਪਣੇ ਬਚਿਆਂ ਨੂੰ ਦੇਈਏ। ਇਸ ਦੀ ਬਜਾਏ ਅਸੀਂ ਆਪਣੇ ਦੇਸ਼ ਦੇ ਵਿਚ ਹੀ ਦੁਧ ਦੀ ਪੈਦਾਵਾਰ ਕਿਉਂ ਨਾ ਵਧਾਈਏ। ਇਸ ਤੋਂ ਇਲਾਵਾ, ਚੇਅਰਮੈਨ ਸਾਹਿਬ, ਇਨ੍ਹਾਂ ਨੇ ਬੁਢੀਆਂ ਗਾਈਆਂ ਗਊਸ਼ਾਲਾ ਦੇ ਵਿਚ ਭੇਜਣ ਦਾ ਇੰਤਜ਼ਾਮ ਕੀਤਾ ਹੋਇਆ ਹੈ। ਲੇਕਿਨ ਉਨ੍ਹਾਂ ਗਊਸ਼ਾਲਾਂ ਨੂੰ ਜੇ ਮੈਂ ਬੁਚੜਖਾਨਾ ਕਹਾਂ ਤਾ ਗਲਤ ਨਹੀਂ ਹੋਵੇਗਾ। ਉਥੇ ਪਸ਼ੂਆਂ ਦੇ ਚਾਰੇ ਦਾ ਕੋਈ ਇੰਤਜ਼ਾਮ ਨਹੀਂ। ਜਦੋਂ ਉਹ ਭੁਖ ਦੇ ਨਾਲ ਮਰ ਜਾਦੇ ਹਨ ਤਾਂ ਉਨ੍ਹਾਂ ਦੀ ਚਮੜੀ ਉਤਾਰ ਲਈ ਜਾਂਦੀ ਹੈ। ਉਨ੍ਹਾਂ ਦੀ ਗਿਣਤੀ ਵਗੈਰਾ ਦਾ ਕੋਈ ਹਿਸਾਬ ਕਿਤਾਬ ਨਹੀ ਹੁੰਦਾ। ਚੇਅਰਮੈਨ ਸਾਹਿਬ, ਮੈਨੂੰ ਤਾਂ ਡਰ ਹੈ ਕਿ ਇਨ੍ਹਾਂ ਨੇ ਜਿਹੜੇ ਬੁਢਿਆਂ ਲਈ ਆਸ਼ਰਮ ਬਣਾਉਣੇ ਹਨ ਉਨ੍ਹਾਂ ਨੂੰ ਵੀ ਕਿਤੇ ਭੁਖਾ ਮਾਰ ਕੇ ਪਿੰਜਰ ਨਾ ਵੇਚ ਲੈਣ।

ਇਸ ਤੋਂ ਇਲਾਵਾ, ਚੇਅਰਮੈਨ ਸਾਹਿਬ, ਸਾਡੇ ਸੂਬੇ ਵਿਚ ਇਤਨੀ ਬੇਰੋਜ਼ਗਾਰੀ ਹੈ ਕਿ ਹਰੇਕ ਆਦਮ ਨੂੰ ਰੋਟੀ ਦਾ ਫਿਕਰ ਪਿਆ ਰਹਿੰਦਾ ਹੈ। ਪਿੰਡਾਂ ਦੇ ਵਿਚ ਲੋਕਾਂ ਨੂੰ ਜ਼ਮੀਨਾਂ ਦੀ ਖੇਤੀ ਦਾ

ਕੰਮ ਵੀ ਜ਼ਿਆਦਾ ਨਹੀਂ ਮਿਲਦਾ ਕਿਉਂਕਿ ਹੁਣ ਸਾਰਾ ਕੰਮ ਮਸ਼ੀਨਾਂ ਦੇ ਨਾਲ ਹੋਣਾ ਸ਼ੁਰੂ ਹੋ ਰਿਹਾ ਹੈ। ਪਿੰਡਾਂ ਦੇ ਲੋਕਾਂ ਦੀ ਬੜੀ ਕਾਬਲੇ ਰਹਿਮ ਹਾਲਤ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਜਿਹੜੇ ਪਿੰਡ ਸ਼ਹਿਰਾਂ ਤੋਂ ਜ਼ਿਆਦਾ ਦੂਰ ਹਨ ਉਨ੍ਹਾਂ ਲਈ ਕੋਈ ਰੋਜ਼ਗਾਰ ਦੇਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਮੈਂ ਦੇਖਿਆ ਹੈ ਕਿ ਬਾਜ਼ਾਰ ਦੇ ਵਿਚ ਜਾ ਕੇ ਕੋਈ ਚੀਜ਼ ਖਰੀਦੀ ਜਾਵੇ ਉਹ ਖਾਲਸ ਨਹੀਂ ਮਿਲਦੀ। ਕੁਝ ਦਿਨ ਹੋਏ ਮੈਂ Horticulture ਵਾਲਿਆਂ ਦਾ ਲਿਖਿਆ ਹੋਇਆ ਪੜ੍ਹਿਆ ਸੀ ਕਿ ਸੇਬ ਸੰਖੀਏ ਵਗੈਰਾ ਦੀ ਭਾਫ ਦੇ ਕੇ ਪਕਾਏ ਜਾਂਦੇ ਹਨ ਔਰ ਏਸੇ ਤਰ੍ਹਾਂ ਕੇਲਾ ਵੀ ਕਿਸੇ ਗੈਸ ਦੇ ਨਾਲ ਪਕਾਇਆ ਜਾਂਦਾ ਹੈ। ਇਸ ਦਾ ਮਤਲਬ ਇਹ ਹੈ ਕਿ ਸ਼ਹਿਰਾਂ ਦੇ ਵਿਚ ਜ਼ਹਿਰ ਮਿਲੀ ਖੁਰਾਕ ਲੋਕਾਂ ਨੂੰ ਖਾਣ ਨੂੰ ਮਿਲਦੀ ਹੈ ਜਿਸ ਦੇ ਨਾਲ ਕਈ ਕਿਸਮ ਦੀਆਂ ਬੀਮਾਰੀਆਂ ਪੈਦਾ ਹੁੰਦੀਆਂ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਖੁਰਾਕ ਵਿਚ ਮਲਾਵਟ ਕਰਨ ਵਾਲਿਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾਵਾਂ ਦੇਵੇ ਤਾਕਿ ਲੋਕਾਂ ਨੂੰ ਡਰ ਰਹੇ ਔਰ ਕੋਈ ਆਦਮੀ ਖੁਰਾਕ ਦੀਆਂ ਚੀਜ਼ਾਂ ਦੇ ਵਿਚ ਮਿਲਾਵਟ ਨਾ ਕਰੇ। ਇਸ ਤੋਂ ਬਾਅਦ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ 15 ਸਾਲ ਆਜ਼ਾਦੀ ਮਿਲਣ ਤੋਂ ਬਾਅਦ ਸਾਡੀ ਸਰਕਾਰ ਕੌਮੀ ਕੈਰੈਕਟਰ develop ਨਹੀਂ ਕਰ ਸਕੀ। ਏਥੇ ਹਕੂਮਤ ਵੱਲੋਂ ਬੜੀਆਂ ਟਾਹ-ਰਾਂ ਮਾਰੀਆਂ ਗਈਆਂ ਹਨ ਕਿ ਅਸੀਂ ਬੜੇ ਕਾਮਯਾਬ ਹਾਂ। ਮੈਂ ਕਹਿੰਦਾ ਹਾਂ ਕਿ ਜੇ ਇਨ੍ਹਾਂ ਦੀ ਕਾਮਿ-ਆਬੀ ਦੀਆਂ ਗੱਲਾਂ ਸੁਣਨੀਆਂ ਹੋਣ ਤਾਂ ਲੌਬੀ ਦੇ ਵਿਚ ਇਨ੍ਹਾਂ ਦੀ ਪਾਰਟੀ ਦੇ ਮੈਂਬਰਾਂ ਦੇ ਮੂੰਹੋਂ ਹੀ ਸੁਣਨੀਆਂ ਚਾਹੀਦੀਆਂ ਹਨ। ਹੁਣੇ ਸਰਦਾਰ ਅਜਮੇਰ ਸਿੰਘ ਹੋਰਾਂ ਨੇ ਕਿਹਾ ਸੀ ਕਿ ਆਪੋਜ਼ੀਸ਼ਨ ਵਾਲਿਆਂ ਦੇ ਕੋਲ ਉਹ ਸ਼ੀਸ਼ਾ ਨਹੀਂ ਹੈ ਜਿਸ ਦੇ ਵਿਚੋਂ ਇਨ੍ਹਾਂ ਨੂੰ ਚੰਗੀਆਂ ਚੀਜ਼ਾਂ ਨਜ਼ਰ ਆਉਣ। ਮੈਂ ਕਹਿੰਦਾ ਹਾਂ ਕਿ ਇਨ੍ਹਾਂ ਦੀਆਂ ਅੱਖਾਂ ਦੇ ਅਗੇ ਵੀ ਉਹ ਸ਼ੀਸ਼ਾ ਉਤਨਾ ਚਿਰ ਹੀ ਰਹਿੰਦਾ ਹੈ ਜਿਤਨਾ ਚਿਰ ਇਹ ਵਜ਼ੀਰ ਬਣੇ ਰਹਿਣ। ਜਿਹੜੇ ਹੁਣ ਵਜ਼ੀਰ ਨਹੀਂ ਰਹੇ ਉਨ੍ਹਾਂ ਨੂੰ ਬਾਹਰ ਜਾ ਕੇ ਪੁਛੋ ਕਿ ਉਹ ਕੀ ਦਸਦੇ ਹਨ। ਏਥੇ ਗੌਰਮਿੰਟ ਵੱਲੋਂ ਬੜੀ ਤਾਰੀਫ ਕੀਤੀ ਗਈ ਕਿ ਅਨਾਜ ਦੀ ਪੈਦਾਵਾਰ ਬਹੁਤ ਵਧੀ ਹੈ। ਮੈਂ ਮੰਨਦਾ ਹਾਂ ਕਿ ਪੈਦਾਵਾਰ ਵਿਚ ਕੁਝ ਵਾਧਾ ਹੋਇਆ ਹੈ ਲੇਕਿਨ ਏਨਾ ਨਹੀਂ ਹੋਇਆ ਜਿਤਨਾ ਕਿ ਇਹ ਦਸ ਰਹੇ ਹਨ। ਗਵਰਨਰ ਦਾ ਐਡਰੈਸ ਇਨ੍ਹਾਂ ਨੇ ਦੇਖਣ ਨੂੰ ਬੜਾ ਸੋਹਣਾ ਬਣਾਇਆ ਹੈ ਲੇਕਿਨ ਅਮਲੀ ਤੌਰ ਤੇ ਉਸ ਦੇ ਵਿਚ ਕੁਝ ਵੀ ਨਹੀਂ ਹੈ। ਮੈਂ ਕਹਿੰਦਾ ਹਾਂ ਕਿ ਜਿਤਨਾ ਚਿਰ ਰੋਟੀ ਖਾਣ ਨੂੰ ਨਹੀਂ ਮਿਲਦੀ ਰੋਟੀ ਦੀ ਤਸਵੀਰ ਬਣਾਉਣ ਦੇ ਨਾਲ ਭੁਖ ਨਹੀਂ ਮਿਟ ਸਕਦੀ। ਤੁਸੀਂ ਲੋਕਾਂ ਦੀ ਭੁਖ ਦੂਰ ਨਹੀਂ ਕਰ ਸਕੇ, ਬੇਰੋਜ਼ਗਾਰੀ ਦੂਰ ਨਹੀਂ ਕਰ ਸਕੇ ਔਰ national character ਪੈਦਾ ਨਹੀਂ ਕਰ ਸਕੇ। ਇਸ ਵੇਲੇ ਆਮ ਜਨਤਾ ਮੁਸੀਬਤਾਂ ਦੇ ਵਿਚੋਂ ਲੰਘ ਰਹੀ ਹੈ। ਸੋ ਇਨ੍ਹਾਂ ਸਾਰੀਆਂ ਗੱਲਾਂ ਨੂੰ ਮੁਖ ਰਖਦਾ ਹੋਇਆ ਮੈਂ ਗਵਰਨਰ ਸਾ-ਹਿਬ ਦੇ ਭਾਸ਼ਣ ਦੀ ਤਾਰੀਫ ਨਹੀਂ ਕਰ ਸਕਦਾ।

ਸਰਦਾਰ ਜਸਦੇਵ ਸਿੰਘ ਸੰਧੂ (ਰਾਏਪੁਰ) : ਚੇਅਰਮੈਨ ਸਾਹਿਬ, ਪਿਛਲੇ ਕਈ ਦਿਨਾਂ ਤੋਂ ਗਵਰਨਰ ਸਾਹਿਬ ਦੇ Address ਤੇ ਸ਼ੁਕਰੀਏ ਦਾ ਜਿਹੜਾ ਮਤਾ ਪੇਸ਼ ਹੋਇਆ ਹੋਇਆ ਹੈ ਉਸ ਤੇ ਬਹਿਸ ਹੋ ਰਹੀ ਹੈ ਔਰ ਉਸ ਦੇ ਵਿਚ ਵਿਰੋਧੀ ਪਾਰਟੀਆਂ ਵੱਲੋਂ ਸਿਰਫ ਇਸ ਗਲ ਤੇ ਜ਼ਿਆਦਾ ਜ਼ੋਰ ਦਿੱਤਾ ਜਾਂਦਾ ਰਿਹਾ ਹੈ ਕਿ ਚੋਣਾਂ ਠੀਕ ਨਹੀਂ ਹੋਈਆਂ। ਇਹ ਇਲਜ਼ਾਮ ਲਗਾਇਆ ਜਾਂਦਾ ਰਿਹਾ ਹੈ ਕਿ ਕਾਂਗਰਸ ਅਫਸਰਾਂ ਦੀ ਮਦਦ ਨਾਲ ਜਿਤ ਕੇ ਆਈ ਹੈ। ਮੈਂ ਕਹਿੰਦਾ ਹਾਂ ਕਿ ਅਫਸਰਾਂ ਦੀ ਵਜ੍ਹਾ ਕਰਕੇ ਸਾਨੂੰ ਨੁਕਸਾਨ ਬੇਸ਼ਕ ਹੋਇਆ ਹੋਵੇਗਾ ਮਗਰ ਆਪੋਜ਼ੀਸ਼ਨ ਵਾਲਿਆਂ ਨੂੰ ਜ਼ਰੂਰ ਉਨ੍ਹਾਂ ਦੀ ਤਰਫੋਂ ਫਾਇਦਾ ਪਹੁੰਚਿਆ ਹੈ। ਸਪੀਕਰ ਸਾਹਿਬ, ਜੇ ਕਿਤੇ ਅਫਸਰਾਂ ਨੇ ਕਿਸੇ ਦੀ ਕੋਈ ਸ਼ਿਕਾਇਤ ਸੁਣਨ ਤੋਂ ਕੋਤਾਹੀ ਕੀਤੀ ਹੋਵੇਗੀ, ਜੇ ਪੰਜ ਸਾਲਾ ਪਲਾਨ ਨੂੰ ਨੇਪਰੇ ਚਾੜ੍ਹਨ ਵਿਚ ਕਿਤੇ ਢਿਲ ਹੋਈ ਹੋਵੇਗੀ ਤਾਂ ਉਨ੍ਹਾਂ ਸਾਰੀਆਂ ਚੀਜ਼ਾਂ ਨੂੰ ਆਪੋਜ਼ੀਸ਼ਨ ਵਾਲਿਆਂ ਨੇ ਸਾਡੇ ਖਿਲਾਫ ਵਰਤ ਕੇ ਫਾਇਦਾ ਉਠਾਇਆ ਹੈ। ਬਾਕੀ ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਅਸੀਂ ਪਰਮਿਟ ਜਾਂ ਕੋਟੇ ਵਗੈਰਾ ਦੇ ਕੇ ਜਿਤ ਕੇ ਆਏ ਹਾਂ

[ਸਰਦਾਰ ਜਸਦੇਵ ਸਿੰਘ ਸੰਧੂ]

ਇਹ ਗੱਲ ਵੀ ਗਲਤ ਹੈ। ਮੈਂ ਇਹ ਗਲ ਦਾਅਵੇ ਨਾਲ ਕਹਿ ਸਕਦਾ ਹਾਂ ਕਿ 90 ਫੀ ਸਦੀ ਕਾਂਗਰਸੀ ਗਰੀਬ ਲੋਕਾਂ ਦੀਆਂ ਵੋਟਾਂ ਲੈ ਕੇ ਜਿਤ ਕੇ ਆਏ ਹਨ। ਅਮੀਰਾਂ, ਸਰਮਾਏਦਾਰਾਂ ਅਤੇ ਕਾਰਖਾਨੇਦਾਰਾਂ ਨੇ ਕਾਂਗਰਸ ਦੇ ਖਿਲਾਫ ਕੰਮ ਕੀਤਾ ਸੀ। ਮੈਂ ਕਹਿੰਦਾ ਹਾਂ ਕਿ ਇਕ ਕਮਿਊ-ਨਿਸਟ ਭਰਾਵਾਂ ਨੂੰ ਛਡ ਕੇ ਬਾਕੀ ਅਕਾਲੀ ਔਰ ਸਵਤੰਤਰ ਪਾਰਟੀ ਵਾਲੇ ਤੇ ਹੋਰ ਸਭ ਸਰਮਾਏ-ਦਾਰਾਂ ਦੀਆਂ ਵੋਟਾਂ ਨਾਲ ਜਿਤ ਕੇ ਆਏ ਹਨ ਔਰ ਗਰੀਬਾਂ ਨੇ ਇਨ੍ਹਾਂ ਨੂੰ ਕੋਈ ਵੋਟ ਨਹੀਂ ਪਾਈ।

(At this stage Mr. Speaker occupied the Chair)

ਇਸ ਲਈ, ਸਪੀਕਰ ਸਾਹਿਬ, ਸਾਡੀ ਸਰਕਾਰ ਦਾ ਇਹ ਫਰਜ਼ ਹੈ ਕਿ ਪਛੜੀਆਂ ਹੋਈਆਂ ਸ਼੍ਰੇਣੀਆਂ ਵਲ, ਗਰੀਬ ਕਿਸਾਨਾਂ ਵਲ ਵਧੇਰੇ ਧਿਆਨ ਦੇਵੇ ਕਿਉਂ ਜੋ ਉਨ੍ਹਾਂ ਲੋਕਾਂ ਕਰਕੇ ਹੀ ਅਸੀਂ ਕਾਮਿਆਬ ਹੋਏ ਹਾਂ। ਜੋ ਸਰਮਾਏਦਾਰ ਹਨ ਉਹ ਤਾਂ ਕਾਰਾਂ ਲੈਕੇ ਕਾਂਗਰਸ ਦੇ ਖਿਲਾਫ ਦੌੜਦੇ ਰਹੇ ਹਨ। ਲੇਕਿਨ ਜਦੋਂ ਲੋੜ ਹੁੰਦੀ ਹੈ ਤਾਂ ਇਹੋ ਸਰਮਾਏਦਾਰ ਵਜ਼ੀਰਾਂ ਦੇ ਅਗੇ ਪਿਛੇ ਘੁੰਮਦੇ ਹਨ। ਮੇਰੇ ਕਹਿਣ ਦਾ ਮਤਲਬ ਹੈ ਕਿ ਕਾਂਗਰਸ ਪਾਰਟੀ ਹੀ ਆਮ ਲੋਕਾਂ ਦੀ ਨੁਮਾਇੰਦਗੀ ਕਰਦੀ ਹੈ ਲੇਕਿਨ ਸਰਮਾਏਦਾਰ ਗਰੀਬਾਂ ਨੂੰ exploit ਕਰਨ ਦੀ ਕੋਸ਼ਸ਼ ਕਰਦੇ ਹਨ ਇਸ ਲਈ ਸਾਡੀ ਸਰਕਾਰ ਦੀ ਪਾਲੀਸੀ ਉਨ੍ਹਾਂ ਲੋਕਾਂ ਨੂੰ ਸਰਮਾਏਦਾਰਾਂ ਦੇ ਚੁੰਗਲ ਤੋਂ ਬਚਾਉਣ ਦੀ ਚਾਹੀਦੀ ਹੈ। ਮੈਂ ਅਰਜ਼ ਕਰਦਾ ਹਾਂ ਕਿ ਕਾਂਗਰਸ ਪਾਰਟੀ ਨੂੰ ਜੇਕਰ discredit ਮਿਲਦਾ ਹੈ ਉਹ ਇਸ ਕਰਕੇ ਨਹੀਂ ਮਿਲਦਾ ਕਿ ਇਸਦੀ ਪਾਲਿਸੀ ਵਿਚ ਨੁਕਸ ਹੈ ਜਾਂ ਇਸਦੇ programme ਵਿਚ ਨੁਕਸ ਹੈ ਬਲਕਿ ਜ਼ਿਆਦਾ ਤਾਂ official ਮਸ਼ੀਨਰੀ ਦੀ ਖਰਾਬੀ ਕਰਕੇ ਮਿਲਦਾ ਹੈ ਕਿਉਂਕਿ ਇਸ ਵਲੋਂ ਲੋਕਾਂ ਦੀ ਸ਼ਿਕਾਇਤਾਂ ਵਲ ਕੋਈ ਧਿਆਨ ਨਹੀਂ ਦਿਤਾ ਜਾਂਦਾ। ਸਾਲਾਂ ਤਕ ਸ਼ਿਕਾਇਤਾਂ ਦਬੀਆਂ ਪਈਆਂ ਰਹਿੰਦੀਆਂ ਹਨ ਪਰ ਕੋਈ ਧਿਆਨ ਨਹੀਂ ਦਿੰਦਾ। ਲੋਕ ਉਸਾਰੀ ਦੇ ਜੋ ਕੰਮ ਹਨ ਉਨਾਂ ਵਿਚ ਢਿਲ ਪਾਈ ਜਾਂਦੀ ਹੈ। ਕਿਤੇ ਸੇਮ ਨਾਲੀ-ਆਂਦੀ ਖੁਦਾਈ ਹੋਣੀ ਸੀ ਲੇਕਿਨ ਉਹ ਵੇਲੇ ਸਿਰ ਨਹੀਂ ਹੋਈ। ਕਿਤੇ ਕੋਈ ਸੜਕ ਅਧੂਰੀ ਰਹਿ ਗਈ ਫਿਰ ਜੋ ਕਰਜ਼ੇ ਵਗੈਰਾ ਲੈਣ ਲਈ ਅਰਜ਼ੀਆਂ ਸਨ ਉਨ੍ਹਾਂ ਨੂੰ ਨੰਬਰ ਵਾਰ ਕਰਜ਼ੇ ਨਹੀਂ ਦਿਤੇ ਗਏ ਅਤੇ ਨੰਬਰ ਤੋੜ ਕੇ ਕਰਜ਼ੇ ਦਿਤੇ ਗਏ। ਇਹ ਸਭ ਚੀਜ਼ਾਂ ਸਾਡੇ ਖਿਲਾਫ ਚੋਣਾਂ ਵਿਚ ਇਸ-ਤੇਮਾਲ ਕੀਤੀਆਂ ਗਈਆਂ। ਟਰੈਕਟਰਾਂ ਦਾ ਜਿਨ੍ਹਾਂ ਲੋਕਾਂ ਨੂੰ ਕਰਜ਼ਾ ਮਿਲਿਆ ਹੈ ਉਨ੍ਹਾਂ ਵਿਚੋਂ 90 ਫੀ ਸਦੀ ਇਨ੍ਹਾਂ ਚੋਣਾਂ ਵਿਚ ਕਾਂਗਰਸ ਦੇ ਖਿਲਾਫ ਸਨ। ਟਰੈਕਟਰਾਂ ਵਾਲੇ ਅਪੋਜ਼ੀਸ਼ਨ ਨਾਲ ਸਨ ਪਰ ਸਾਡੇ ਨਾਲ ਤਾਂ ਪੈਦਲ ਚਲਣ ਵਾਲੇ ਗਰੀਬ ਕਿਸਾਨ ਹੀ ਸਨ। ਇਸ ਲਈ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਾਨੂੰ ਇਨ੍ਹਾਂ ਲੋਕਾਂ ਤੇ ਮਾਣ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ exploit ਨਹੀਂ ਹੋਣ ਦੇਣਾ ਚਾਹੀਦਾ ਜੋ ਪਿਛਲੇ ਸਾਲਾਂ ਵਿਚ ਤਰੱਕੀ ਦੇ ਕੰਮ ਹੋਏ ਹਨ ਉਹ ਸ਼ਲਾਘਾ ਯੋਗ ਹਨ ਲੇਕਿਨ ਅੱਗੇ ਨੂੰ ਜਿਤਨੀਆਂ ਵੀ ਤਰੱਕੀ ਦੀਆਂ ਸਕੀਮਾਂ ਹਨ ਉਨ੍ਹਾਂ ਨੂੰ ਪੂਰੇ ਜ਼ੋਰ ਨਾਲ ਚਲਾਉਣਾ ਚਾਹੀਦਾ ਹੈ ਅਤੇ ਅਫਸਰਾਂ ਵਿਚ zeal ਪੈਦਾ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਕਹਿਣਾ ਚਾਹੀਦਾ ਹੈ ਕਿ ਉਹ ਲੋਕਾਂ ਨੂੰ ਸਰਕਾਰ ਦੀ ਪਾਲਿਸੀ ਦਸਣ ਅਤੇ ਫੇਰ ਸਰਕਾਰੀ ਪਾਲਿਸੀ ਦੇ ਮੁਤਾਬਿਕ ਲੋਕ ਭਲਾਈ ਲਈ ਕੰਮ ਕਰਨ। ਮੈਂ ਕੁਝ land reforms ਬਾਰੇ ਵੀ ਅਰਜ਼ ਕਰਨੀ ਚਾਹੁੰਦਾ ਹਾਂ। ਸਾਡੀ ਸਰਕਾਰ ਨੇ ਇਸ ਬਾਰੇ ਬਹੁਤ ਕਾਨੂੰਨ ਬਣਾਏ ਹਨ ਅਤੇ 1955 ਤੋਂ ਉਹ ਕਾਨੂੰਨ ਲਾਗੂ ਕੀਤੇ ਹਨ। ਜਿਨ੍ਹਾਂ ਵਜ਼ੀਰ ਸਾਹਿਬਾਨ ਕੋਲ ਵੀ ਮਾਲ ਦਾ ਮਹਿਕਮਾ ਰਿਹਾ ਹੈ ਉਨ੍ਹਾਂ ਨੇ ਪੂਰੀ ਕੋਸ਼ਸ਼ ਕੀਤੀ ਹੈ ਕਿ ਇਨ੍ਹਾਂ ਨੂੰ ਅਮਲ ਵਿਚ ਲਿਆਂਦਾ ਜਾਵੇ ਲੇਕਿਨ ਜੋ ਹੇਠਲੇ ਅਫਸਰ ਹਨ ਉਨ੍ਹਾਂ ਨੇ ਇਨ੍ਹਾਂ ਕਾਨੂੰਨਾਂ ਤੇ ਅਮਲ ਨਹੀਂ ਹੋਣ ਦਿਤਾ। ਮੈਨੂੰ ਜ਼ਿਲਾ ਪਟਿਆਲਾ ਤੇ ਸੰਗਰੂਰ ਦਾ ਪਤਾ ਹੈ ਉਥੇ ਹੇਠਲੇ ਅਫਸਰਾਂ ਨੇ land reforms ਦੇ ਕਾਨੂੰਨਾਂ ਉਪਰ ਅਮਲ ਨਹੀਂ ਹੋਣ ਦਿਤਾ ਹੈ।

ਉਥੇ ਸੈਂਕੜਿਆਂ ਮੁਜ਼ਾਰਿਆਂ ਨੂੰ ਜ਼ਮੀਨ ਮਿਲਣੀ ਸੀ ਲੇਕਿਨ ਬਿਸਵੇਦਾਰਾਂ ਨੇ ਹੇਠਲੇ ਅਫਸਰਾਂ ਨਾਲ ਮਿਲ ਕੇ ਉਨ੍ਹਾਂ ਨੂੰ ਜ਼ਮੀਨ ਤੋਂ ਵਾਂਝਿਆ ਕਰ ਦਿਤਾ ਹੈ ਅਤੇ ਗਿਰਦਾਵਰੀਆਂ ਵਿਚ ਹੇਰਾ ਫੇਰੀ ਕਰ ਲਈ ਹੈ। ਮੈਂ ਅਰਜ਼ ਕਰਦਾ ਹਾਂ ਕਿ ਕਾਂਗਰਸ ਦੀ ਪਾਲਿਸੀ ਵਿਚ ਕੋਈ ਨੁਕਸ ਨਹੀਂ ਲੇਕਿਨ ਜੋ ਨੁਕਸ ਹੈ ਉਹ implementation ਤੇ ਪੈਦਾ ਹੁੰਦਾ ਹੈ (*interruptions*) ਮੈਂ ਸਮਝਦਾ ਹਾਂ ਕਿ ਸਾਡੇ ਪੰਜਾਬ ਵਿਚ ਇਸ ਵਕਤ ਜੋ ਮਸਲਾ ਬੜਾ ਅਹਿਮ ਹੈ ਉਹ land reforms ਦਾ ਹੈ। ਇਸ ਨੂੰ ਛੇਤੀ ਹੱਲ ਕਰਨ ਦੀ ਲੋੜ ਹੈ। ਇਸ ਬਾਰੇ ਮੇਰੀ ਅਰਜ਼ ਹੈ ਕਿ ਜੇਕਰ ਇਸ ਵਕਤ ਕੋਈ ਐਸਾ ਕਾਨੂੰਨ ਨਹੀਂ ਜਿਸ ਨਾਲ ਅਫਸਰਾਂ ਨਾਲ ਮਿਲਕੇ ਗਿਰਦਾ-ਵਰੀਆਂ ਵਿਚ ਮੁਜ਼ਾਰਿਆਂ ਨਾਲ ਕੀਤੀ ਗਈ ਹੇਰਾਫੇਰੀ ਦੂਰ ਨਹੀਂ ਹੋ ਸਕਦੀ ਤਾਂ ਕੋਈ special ਕਾਨੂੰਨ ਬਣਾਇਆ ਜਾਵੇ ਅਤੇ ਮੁਜ਼ਾਰਿਆਂ ਨੂੰ ਉਸ ਜ਼ਮੀਨ ਤੇ ਬਹਾਲ ਕੀਤਾ ਜਾਵੇ। ਮੈਂ ਸਮਝਦਾ ਹਾਂ ਕਿ ਇਹੋ ਗਰੀਬ ਲੋਕ ਹਨ ਜੋ ਮਦਦ ਦੇ ਮੁਸਤਹਿਕ ਹਨ ਅਤੇ ਸਹੀ ਤੌਰ ਤੇ ਸਾਡੇ ਨਾਲ ਹਨ। ਅਸੀਂ ਉਨ੍ਹਾਂ ਦੀ ਹੀ ਇਥੇ ਨੁਮਾਇੰਦਗੀ ਕਰਦੇ ਹਾਂ ....

Mr. Speaker : Please wind up now.

ਸਰਦਾਰ ਜਸਦੇਵ ਸਿੰਘ ਸੰਧੂ : ਮੈਂ development ਬਲਾਕਾਂ ਬਾਰੇ ਵੀ ਕਹਿਣਾ ਹੈ ਮੇਰੀ ਅਰਜ਼ ਹੈ ਕਿ ਜਿਥੇ ਬਲਾਕ ਨਹੀਂ ਖੁਲ੍ਹੇ ਹਨ ਉਥੇ ਤੁਰਤ ਖੋਲ੍ਹਣੇ ਚਾਹੀਦੇ ਹਨ। ਜੋ ਤਰੱਕੀ ਦੇ ਕੰਮ ਹਨ ਉਹ ਖਾਸ ਖਾਸ ਇਲਾਕਿਆਂ ਵਿਚ ਹੀ ਹੁੰਦੇ ਰਹੇ ਹਨ। ਮੈਂ ਸਮਝਦਾ ਹਾਂ ਕਿ ਜੋ ਪਛੜੇ ਹੋਏ ਇਲਾਕੇ ਹਨ ਉਨ੍ਹਾਂ ਦੀ ਤਰੱਕੀ ਵਲ ਹੁਣ ਵਧ ਧਿਆਨ ਦੇਣਾ ਚਾਹੀਦਾ ਹੈ। ਇਹ ਨਹੀਂ ਹੋਣਾ ਚਾਹੀਦਾ ਕਿ ਇਕ ਇਲਾਕਾ ਤਾਂ ਵਧੇਰੇ ਤਰੱਕੀ ਕਰ ਜਾਵੇ ਅਤੇ ਦੂਜੇ ਪਿਛੇ ਰਹਿ ਜਾਣ। (ਘੰਟੀ) ਮੈਂ ਇਕ ਗੱਲ ਪੰਜਾਬੀ ਯੂਨੀਵਰਸਟੀ ਦੇ ਮੁਤੱਲਕ ਕਹਿ ਕੇ ਬੈਠ ਜਾਂਦਾ ਹਾਂ। ਇਸ ਵਕਤ ਪਟਿਆਲਾ ਡਿਵੀਜ਼ਨ ਹੀ ਐਸਾ ਇਲਾਕਾ ਹੈ ਜਿਥੇ ਕੋਈ ਯੂਨੀਵਰਸਿਟੀ ਨਹੀਂ ਹੈ। ਜਲੰਧਰ ਡਵੀਜ਼ਨ ਵਿਚ ਇਕ ਤੇ ਅੰਬਾਲਾ ਡਿਵੀਜ਼ਨ ਵਿਚ ਦੋ ਯੂਨੀਵਰਸਟੀਆਂ ਹਨ। ਇਸ ਲਈ ਮੇਰੀ ਅਰਜ਼ ਹੈ ਪੰਜਾਬੀ ਯੂਨੀਵਰਸਟੀ ਪਟਿਆਲੇ ਵਿਚ ਖੋਲ੍ਹੀ ਜਾਵੇ। ਤਾਲੀਮੀ ਤੌਰ ਤੇ ਵੀ ਜੇਕਰ ਵੇਖਿਆ ਜਾਵੇ ਤਾਂ ਪਟਿਆਲਾ ਵਿਦਿਆ ਦਾ ਸੈਂਟਰ ਹੈ। ਇਸ ਤਰ੍ਹਾਂ ਦਾ ਪੰਜਾਬ ਵਿਚ ਹੋਰ ਕੋਈ ਵਿਦਿਆ ਕੇਂਦਰ ਨਹੀਂ ਹੈ। ਪਟਿਆਲੇ ਦਾ ਇਸ ਕਰਕੇ ਵੀ ਹੱਕ ਬਣਦਾ ਹੈ ਕਿ ਪੈਪਸੂ ਪੰਜਾਬ ਵਿਚ merge ਹੋਇਆ ਹੈ ਅਤੇ ਉਹ ਬਰਾਬਰ ਦਾ ਹਿਸੇਦਾਰ ਸੀ। ਅਤੇ ਪੈਪਸੂ ਹੀ ਸੀ ਜਿਸ ਨੇ ਪੰਜਾਬੀ ਬੋਲੀ ਦੀ ਤਰੱਕੀ ਲਈ ਸਭ ਤੋਂ ਪਹਿਲਾਂ ਕਦਮ ਚੁੱਕਿਆ ਸੀ। ਇਸ ਤੋਂ ਇਲਾਵਾ ਜੇਕਰ ਇਹ ਵੇਖਿਆ ਜਾਵੇ ਕਿ ਕਿਹੜੇ area ਵਿਚੋਂ ਵਧ ਕਾਂਗਰਸ ਦੇ ਮੈਂਬਰ ਆਏ ਹਨ ਤਾਂ ਵੀ ਪਟਿਆਲੇ ਦਾ ਹਕ ਬਣਦਾ ਹੈ ਕਿਉਂ ਜੋ ਪਟਿਆਲਾ ਜ਼ਿਲੇ ਤੋਂ ਸਾਰੇ ਕਾਂਗਰਸ ਦੇ ਉਮੀਦਵਾਰ ਕਾਮਿਆਬ ਹੋਏ ਹਨ (*interruptions*) ਮੇਰੀ ਅਰਜ਼ ਹੈ ਕਿ ਪੰਜਾਬੀ ਯੂਨੀਵਰਸਟੀ ਪਟਿਆਲੇ ਵਿਚ ਖੋਲ੍ਹੀ ਜਾਵੇ। ਇਨ੍ਹਾਂ ਸ਼ਬਦਾਂ ਨਾਲ, ਸਪੀਕਰ ਸਾਹਿਬ, ਮੈਂ ਇਸ ਧੰਨਵਾਦ ਦੇ ਮਤੇ ਦੀ ਤਾਈਦ ਕਰਦਾ ਹਾਂ ਅਤੇ ਇਸ ਵਿਚ ਜੋ ਪਰੋਗਰਾਮ ਦਸਿਆ ਹੈ ਉਸਦੀ ਤਾਈਦ ਕਰਦਾ ਹਾਂ।

चौधरी मुख्तियार सिंह (सोनीपत) : स्पीकर साहिब, गवर्नर साहिब के address के मुताल्लिक दोनों तरफ से बहुत कुछ कहा गया । मैं अर्ज़ करना चाहता हूं कि जिस तरह से Military Department में King's Commission होती है और उस के नीचे V.C.Os. और Non Commissioned Officers होते हैं उसी तरह से चीफ मिनिस्टर साहिब ने Ministers, Ministers of State और Deputy Ministers बना कर अपनी Defence line तैयार कर ली है । उन में से हर एक यह

[चौधरी मुख्तियार सिंह]
सोचता है कि अगर मैं न बोला तो कहीं मैं अपने हक से खाली न रह जाऊं। इस लिये हर एक उठता है और आपोजीशन पर बरसता है । एक साहिब बोले और आपोजीशन पर बरसते हुए कहने लगे कि आपोजीशन को हमारे साथ सहमत होना चाहिये । सूबे में जो Law and Order का ढोल पीटा जा रहा है और जिस तरह से democracy का खून किया जा रहा है वह किसी से छिपा नहीं है । जम्हूरियत का नंगा नाच नचाया जा रहा है, तो क्या हमारे दोस्त इसी लिये हम से उम्मीद करते हैं कि हम शुक्रिये के प्रस्ताव में इन के साथ शामिल हों ? भला यह कैसे हो सकता है ? हमारी तरफ एक मिसल मशहूर है "कि खस्म करे नानी और दंड भरे दोहता" गलतियां तो यह करते हैं, ज्यादतियां तो यह करते हैं और उनका जवाब जनता को हम दें और इस काम में हम इन की मदद करें, यह कैसे हो सकता है ? एक साहिब उठे और वह भी आपोजीशन पर बरसने लगे, कहने लगे कि अब की दफा जो आपोजीशन है It is devoid of sense, दूसरे कहने लगे कि Political adultery है। मैं वज़ीर साहिब से कहना चाहता हूं कि अगर आप का Medical Examination करवाया जाए तो आप में बहुत से mental asylum के अंदर शरण लेने वाले होंगे । आप के अस्पताल तो बिना डाक्टरों के हैं वहां तो आप को जगह मिल नहीं सकती । अभी एक साहिब ने कहा कि गोशालाओं का भी यही हाल है सो वहां भी आप को जगह मिलनी मुश्किल होगी। (*Interruptions*) यही नहीं बल्कि Besides, if this test is held they are to be adjudged as political moral wrecks.

मैं अर्ज़ करना चाहता हूं कि सूबे के अन्दर जब इस किस्म की irregularities हो रही हों, services को demoralise किया जाये, अवाम के character को झूठे वायदे करके demoralise किया जाए और फिर भी हम से उम्मीद की जाए कि हम इन के साथ शुक्रिया करने में शमूलियत करें तो यह भला कैसे हो सकता है ?

स्पीकर साहिब, अगर आप मुझे मौका दें तो मैं अर्ज़ करना चाहता हूं कि किस तरह से P.C.S. की services, जिन्हें शानदार services माना जाता था, उनमें postings, promotions और transfers के लिये conventions rules और regulations को observe किया जाता था, उन्हीं में आज इन rules को बालाएताक रखा जाता है । थोड़ी थोड़ी services के आदमियों को यहां Under Secretaries लगाया जाता है, promotions के लिये पचास पचास आदमियों को supersede किया जाता है । आप मौजूदा Chief Secretary के जमाने की Civil list को उठा कर देखें तो आप को सैंकड़ों ऐसी मिसालें मिल जायेंगी । जब कोई मिनिस्टर अपने एक दो आदमियों के लिये दूसरों को supersede कराकर नाजायज़ favour मांगता है उसकी आड़ में चीफ सैक्रेटरी अपने कई आदमियों को नाजायज़ तौर पर favour कर जाता है जिस से P.C.S. और I.A.S. की services के अन्दर आज discontentment और resentment पायी जाती है (घण्टी)।

श्री अध्यक्ष : अब आप खत्म कर दें बाकी बातें general administration की demand के वक्त कह लेना (The hon. Member may please wind

up now. He may discuss the rest of the matters during the discussion on the general administration.)

चौधरी मुख्तियार सिंह : मैं एक बात और कह कर खत्म कर दूंगा । सरदार अजमेर सिंह ने कहा कि आपोजीशन वालों की बातों से मजबूर होकर उन्हें बोलना पड़ा (घण्टी) बस एक बात कह कर खत्म करता हूं । एक मिसाल आप की इजाज़त से देना चाहता हूं । एक गीदड़ इधर उधर जंगल में चला गया । वहां पर उसे एक चिट्ठी मिल गई । वह उसे उठा कर ले आया और दूसरे साथियों में जा मिला । उन्होंने पूछा, "क्या लाए हो" तो इस पर उस गीदड़ ने जवाब दिया कि "यह परवाना लाया हूं अब हमें खुली छुट्टी है कि चाहे जिस गांव के अन्दर चाहें चले जाएं और जो मर्ज़ी हो खाएं पीएं" । अगले रोज सब गीदड़ एक गांव के अन्दर चले गये । वहां पर कुत्ते भौंकने लगे । साथी गीदड़ ने कहा कि परवाना दिखाओ तो वह गीदड़ बोला कि परवाना किसे दिखाऊं यहां पर तो सभी अनपढ़ हैं । यही हालत, स्पीकर साहिब, यहां पर है । आपोजीशन को कहा जाता है कि वह लोग constructive suggestions नहीं देते । Suggestions आखिर दें किस को ? वह सही बातों को तो सुनना ही नहीं चाहते । जब हम उन की गलतियां बयान करते हैं तो उन्हें सुनने के लिये इनकी patience exhaust हो जाती है । अगर इन में constructive suggestions को जानने की हिम्मत हो तो patience के साथ सुनें और जरूरी इसलाहात करने की कोशिश करें । इन लफ़ज़ों के साथ मैं आप का शुक्रिया अदा करते हुए अपनी जगह पर बैठता हूं ।

ਯੋਜਨਾ ਮੰਤਰੀ (ਗਿਆਨੀ ਕਰਤਾਰ ਸਿੰਘ) : ਸਪੀਕਰ ਸਾਹਿਬ, ਮੈਂ ਇਕ ਦੋ ਮਸਲਿਆਂ ਤੇ ਅਰਜ਼ ਕਰਨੀ ਹੈ। ਇਸ ਹਾਉਸ ਵਿਚ ਇਹ ਕਿਹਾ ਗਿਆ ਹੈ ਕਿ ਪੈਪਸੂ ਦੇ ਇਲਾਕੇ ਵਿਚ ਹਾਲਾ ਜ਼ਿਆਦਾ ਲਗਦਾ ਹੈ। ਇਹ ਠੀਕ ਨਹੀਂ ਕਿਹਾ ਗਿਆ । ਇਸ ਸਬੰਧ ਵਿਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪੈਪਸੂ ਦੇ ਹਾਲੇ ਦੇ ਮੁਤੱਲਿਕ ਤਿੰਨ ਅਫਸਰ ਮੁਕੱਰਰ ਕੀਤੇ ਗਏ, ਪੜਤਾਲ ਕੀਤੀ ਗਈ, ਪੁਰਾਣੇ ਇਦਾਦੋਸ਼ੁਮਾਰ ਦੇਖੇ ਗਏ। ਪੰਜਾਬ ਦੀਆਂ ਤਹਿਸੀਲਾਂ ਨਾਲ ਉਨ੍ਹਾਂ ਦਾ ਮੁਕਾਬਲਾ ਕੀਤਾ ਗਿਆ । ਨਾਲ ਲਗਦੀਆਂ ਤਹਿਸੀਲਾਂ ਦੇ, ਪੈਪਸੂ ਦਾ ਹਾਲਾ ਪੰਜਾਬ ਦੇ ਬਰਾਬਰ ਕੀਤਾ ਗਿਆ। ਐਸਾ ਕਰਨ ਲਈ ਗੌਰਮੈਂਟ ਨੂੰ 27 ਲਖ ਰੁਪਿਆ ਛਡਣਾ ਪਿਆ। ਇਹ ਚੀਜ਼ ਕੋਈ ਮਾਮੂਲੀ ਨਹੀਂ ਹਾਲੇ ਵਿਚ 27 ਲਖ ਰੁਪਿਆ ਘਟ ਕਰਨਾ ਤੇ ਪੈਪਸੂ ਵਿਚ ਲੋਕਲ ਰੇਟ ਥੋੜਾ ਸੀ। ਉਹ ਵੀ ਪੰਜਾਬ ਦੇ ਬਰਾਬਰ ਕੀਤਾ ਗਿਆ। ਉਸ ਵਿਚੋਂ 10 ਲਖ ਰੁਪਿਆ ਫਾਇਦਾ ਕਰਨ ਨਾਲ ਬਰਾਬਰ ਹੁੰਦਾ ਸੀ। ਉਨ੍ਹਾਂ ਦਾ ਹਾਲਾ ਵੀ ਘਟ ਕੀਤਾ ਗਿਆ। ਇਸ ਤਰ੍ਹਾਂ ਪੈਪਸੂ ਵਿਚ 17 ਲਖ ਰੁਪਿਆ ਘਟ ਕੀਤਾ ਗਿਆ ਹੈ। ਪੰਜਾਬ ਦੀਆਂ ਜੋ ਤਹਿਸੀਲਾਂ ਪੈਪਸੂ ਦੀਆਂ ਤਹਿਸੀਲਾਂ ਨਾਲ ਮਿਲਦੀਆਂ ਹਨ ਉਨ੍ਹਾਂ ਦੇ ਬਰਾਬਰ ਹਾਲਾ ਕੀਤਾ ਗਿਆ। ਇਹ ਗ਼ਲਤ-ਫਹਿਮੀ ਹੈ ਤੇ ਇਹ ਖਿਆਲ ਦਿਲ ਵਿਚੋਂ ਕਢ ਦੇਣਾ ਚਾਹੀਦਾ ਹੈ ਕਿ ਹਾਲਾ ਬਰਾਬਰ ਨਹੀਂ ਕੀਤਾ ਗਿਆ। ਲੰਮੇ ਚੌੜੇ ਇਦਾਦੋਸ਼ੁਮਾਰ ਇਕੱਠੇ ਕੀਤੇ ਗਏ ਕਿ ਪਹਿਲਾਂ ਕਿੰਨਾਂ ਹਾਲਾ ਸੀ ਤੇ ਹੁਣ ਕਿੰਨਾ ਹੋਇਆ ਹੈ; assessment circle ਘਟ ਕੀਤੇ ਗਏ, ਉਹ ਇਦਾਦੋ-ਸ਼ੁਮਾਰ ਮਿਲ ਸਕਦੇ ਹਨ। ਮੈਂਬਰਾਂ ਦੀ ਵਾਕਫੀਅਤ ਲਈ ਇਹ ਦਿਤੇ ਜਾ ਸਕਦੇ ਹਨ। ਹਾਲਾ ਪੰਜਾਬ ਦੇ ਬਰਾਬਰ ਕੀਤਾ ਗਿਆ ਹੈ ।

ਬਾਬੂ ਬਚਨ ਸਿੰਘ : ਤਕਸੀਮ ਕਰਵਾ ਦਿਓ।

ਯੋਜਨਾ ਮੰਤ੍ਰੀ : ਕਰਵਾ ਦਿਆਂਗੇ । ਹਰੀਜਨਾਂ ਦੇ ਮੁਤੱਲਿਕ ਕਿਹਾ ਗਿਆ ਕਿ ਜੋ ਪਠਾਨਕੋਟ ਵਿਚ ਮਰਲੇ ਮਰਲੇ ਦੀਆਂ ਝੋਂਪੜੀਆਂ ਵਿਚ ਬੈਠੇ ਹਨ ਉਨ੍ਹਾਂ ਵਲ ਗੌਰਮੈਂਟ ਤਵੱਜੋ ਦੇਵੇ। ਇਕ ਮੈਂਬਰ ਰਾਏਪੁਰ ਤੋਂ ਆਏ ਹੋਏ ਬੋਲੇ ਹਨ। ਉਨ੍ਹਾਂ ਨੇ ਵੀ ਗੌਰਮੈਂਟ ਦੀ ਤਵੱਜੋ ਦਿਲਾਈ ਹੈ ਕਿ ਹਰੀਜਨਾਂ ਤੇ backward classes ਦੀ ਹਾਲਤ ਬਿਹਤਰ ਕਰਨ ਲਈ ਉਦਮ ਕੀਤਾ ਜਾਵੇ। ਮੈਂ Harijan welfare ਦਾ ਇਨਚਾਰਜ ਹਾਂ। ਇਸ ਸਬੰਧ ਵਿਚ ਜੋ ਸਾਡੇ ਵਲੋਂ ਵਿਚਾਰ ਹੁੰਦੀ ਰਹਿੰਦੀ ਹੈ ਉਸ ਦੀ ਬਿਨਾ ਤੇ ਹਾਊਸ ਨੂੰ ਤਸੱਲੀ ਦਿਲਾਉਣਾ ਚਾਹੁੰਦਾ ਹਾਂ ਕਿ ਅਸੀਂ ਹਰੀਜਨਾਂ ਲਈ ਐਨੇ ਯਤਨ ਕਰਾਂਗੇ ਜਿੰਨੇ ਸ਼ਾਇਦ ਇਸ ਹਾਊਸ ਦੇ ਮੈਂਬਰਾਂ ਦਾ ਖਿਆਲ ਨਾ ਹੋਵੇ। (ਸਰਕਾਰੀ ਪਖ ਵਲੋਂ ਪਰਸੰਸਾ) ਇਸ ਸਬੰਧ ਵਿਚ ਮੈਂ ਉਮੀਦ ਕਰਦਾ ਹਾਂ ਕਿ ਇਸ ਸੈਸ਼ਨ ਵਿਚ ਐਸੇ measures ਲਿਆਵਾਂਗੇ, ਉਸ ਵੇਲੇ ਮੌਕਾ ਹੋਏਗਾ ਦੇਖਣ ਦਾ ਕਿ ਹਰੀਜਨਾ ਦੀ ਕਿੰਨੀ ਕਿੰਨੀ ਤੇ ਕੌਣ ਹਿਮਾਇਤ ਕਰਦਾ ਹੈ। (ਸਰਕਾਰੀ ਪਖ ਵਲੋਂ ਪਰਸੰਸਾ)। ਹਰੀਜਨ ਯਕੀਨ ਰਖਣ ਅਸੀਂ ਉਨ੍ਹਾਂ ਦੀ ਪੂਰੀ ਮਦਦ ਕਰਾਂਗੇ। ਉਨ੍ਹਾਂ ਦੀ ਹਾਲਤ ਬਿਹਤਰ ਬਣਾਵਾਂਗੇ। ਉਹ ਹੱਕਦਾਰ ਹਨ। ਇਸ ਸੂਬੇ ਦੀ ਜੋ ਸੇਵਾ ਕਰਦੇ ਹਨ, ਜੋ ਘਟੀਆ ਕੰਮ ਉਨ੍ਹਾਂ ਦੇ ਸਪੁਰਦ ਰਹੇ ਹਨ, ਜੋ ਵੀ ਉਨ੍ਹਾਂ ਤੋਂ ਕੰਮ ਕਾਰ ਲਏ ਹਨ, ਉਹ ਹੱਕ ਰਖਦੇ ਹਨ ਕਿ ਉਨ੍ਹਾਂ ਦੀ ਹਾਲਤ ਨੂੰ ਬਿਹਤਰ ਕੀਤਾ ਜਾਏ। ਸਾਡੀ ਗੌਰਮੈਂਟ ਪਾਰਟੀ ਦਾ ਇਹ ਖਾਸ ਤੌਰ ਤੇ ਹਿਸਾ ਹੈ। ਅਸੀਂ ਉਨ੍ਹਾਂ ਦੀ ਹਾਲਤ ਬਿਹਤਰ ਕਰਾਂਗੇ। (ਸਰਕਾਰੀ ਪਖ ਵਲੋਂ ਪਰਸ਼ੰਸਾ)।

ਤੀਜੀ ਗਲ ਇਹ ਹੈ ਕਿ ਏਥੇ ਪੰਜਾਬੀ ਯੂਨੀਵਰਸਟੀ ਦੇ ਮੁਤੱਲਿਕ ਜ਼ਿਕਰ ਕੀਤਾ ਗਿਆ ਹੈ। ਸਰਦਾਰ ਜੰਗੀਰ ਸਿੰਘ ਜੀ ਬੋਲੇ ਹਨ। ਉਨ੍ਹਾਂ ਨੇ ਕਿਹਾ ਹੈ ਕਿ ਇਸ ਦੀ ਥਾਂ ਮੁਕੱਰਰ ਨਹੀਂ ਕੀਤੀ ਗਈ। ਜੋ ਕੁਝ ਮੈਨੂੰ ਇਲਮ ਹੈ ਥੋੜੇ ਦਿਨਾਂ ਦੇ ਅੰਦਰ ਉਸ ਦੀ location ਦਾ ਪਤਾ ਲਗ ਜਾਵੇਗਾ। ਇਸ ਹਾਊਸ ਵਿਚ, ਸੈਸ਼ਨ ਦੇ ਖਤਮ ਹੋਣ ਤੋਂ ਪਹਿਲਾਂ ਮੈਂ ਸਮਝਦਾ ਹਾਂ ਚੀਫ ਮਨਿਸਟਰ ਸਾਹਿਬ ਇਸ ਦੇ ਮੁਤੱਲਿਕ ਐਲਾਨ ਕਰਨਗੇ ਅਤੇ ਉਸ ਨੂੰ ਬਣਾਉਣ ਲਈ ਅਸੀਂ ਕਾਰਵਾਈ ਕਰਾਂਗੇ।

ਇਸ ਦੇ ਇਲਾਵਾ ਪੰਜਾਬੀ ਬੋਲੀ ਦਾ ਜ਼ਿਕਰ ਕੀਤਾ ਗਿਆ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ District ਪੱਧਰ ਤਕ ਪੰਜਾਬੀ ਰਿਜਨ ਵਿਚ ਪੰਜਾਬੀ ਅਤੇ ਹਿੰਦੀ ਰਿਜਨ ਵਿਚ ਹਿੰਦੀ ਨੂੰ ਲਾਗੂ ਕਰਨ ਲਈ ਬੜੇ ਜ਼ੋਰ ਨਾਲ ਉਦਮ ਹੋ ਰਿਹਾ ਹੈ। 1800 stenographers ਨੂੰ ਇਨ੍ਹਾਂ ਬੋਲੀਆਂ ਵਿਚ type-writing ਦੀ ਟਰੇਨਿੰਗ ਦਿਤੀ ਜਾ ਰਹੀ ਹੈ। 70,000 ਮੁਲਾਜ਼ਮ ਐਸੇ ਹਨ ਜਿਨ੍ਹਾਂ ਵਿਚੋਂ 40,000 ਪੰਜਾਬੀ ਰਿਜਨ ਵਿਚ ਤੇ 30,000 ਹਿੰਦੀ ਰਿਜਨ ਵਿਚ ਹਨ ਜਿਨ੍ਹਾਂ ਨੂੰ ਕਿ ਅਸੀਂ ਦੋ ਅਕਤੂਬਰ ਤਕ ਜ਼ਿਲਾ ਪਧਰ ਤਕ ਕੰਮ ਕਾਰ ਦੇ ਪਰਬੰਧ ਲਈ ਤਿਆਰ ਕਰ ਲਵਾਂਗੇ ਤਾਂ ਜੋ ਉਹ ਇਨ੍ਹਾਂ ਬੋਲੀਆਂ ਵਿਚ ਕਾਮਿਆਬੀ ਨਾਲ ਕੰਮ ਚਲਾ ਸਕਣ। ਇਸ ਸਿਲਸਲੇ ਵਿਚ ਭਾਸ਼ਾ-ਵਿਭਾਗ ਬੜਾ ਯਤਨ ਕਰ ਰਿਹਾ ਹੈ ਨਵੀਆਂ ਕਿਤਾਬਾਂ ਬਣਾਉਣ ਲਈ, ਪੰਜਾਬੀ ਬੋਲੀ ਦਾ ਕੋਸ਼ ਤਿਆਰ ਕਰਨ ਲਈ। Technical terms ਦੇ ਮੁਤੱਲਿਕ ਨਵਾਂ ਕੋਸ਼ ਤਿਆਰ ਕੀਤਾ ਜਾ ਰਿਹਾ ਹੈ। ਪੰਜਾਬੀ ਦੀ ਇਕ ਵਡੀ ਡਿਕਸ਼ਨਰੀ ਤਿਆਰ ਕੀਤੀ ਜਾ ਰਹੀ ਹੈ ਜਿਸ ਵਿਚ 1,25,000 ਸ਼ਬਦ ਹੋਣਗੇ ਅਤੇ ਉਨ੍ਹਾਂ ਵਿਚੋਂ ਪਹਿਲੀ ਤੇ ਦੂਜੀ ਜਿਲਦ ਛਪ ਚੁਕੀ ਹੈ। ਇਹ ਚਾਰ ਜਿਲਦਾਂ ਵਿਚ, ਆਉਣ ਵਾਲੇ ਸਾਲ ਵਿਚ, ਛਪ ਜਾਏਗੀ। ਐਨੀਆਂ ਗਲਾਂ ਕਹਿ ਕੇ ਮੈਂ ਆਪਣਾ ਕਥਨ ਸਮਾਪਤ ਕਰਦਾ ਹਾਂ।

ਮੁਖ ਮੰਤਰੀ (ਸਰਦਾਰ ਪਰਤਾਪ ਸਿੰਘ ਕੈਰੋਂ) : ਮਾਨਯੋਗ ਸਪੀਕਰ ਸਾਹਿਬ, ਨਵੇਂ ਹਾਊਸ ਵਿਚ ਨਵੇਂ ਮੈਂਬਰਾਂ ਨੇ ਇਥੇ ਆਕੇ ਗਵਰਨਰ ਸਾਹਿਬ ਵਲੋਂ ਦਿਤੇ ਗਏ ਭਾਸ਼ਨ ਤੇ ਵਿਚਾਰ ਪਰਗਟ ਕੀਤੇ ਹਨ। ਇਨ੍ਹਾਂ ਵਿਚੋਂ ਕਈਆਂ ਦੇ ਵਿਚਾਰ ਮੈਂ ਪੜ੍ਹ ਲਏ ਹਨ। ਅਤੇ ਕਈਆਂ ਦੇ ਵਿਚਾਰਾਂ ਨੂੰ ਸੁਣ ਲਿਆ ਹੈ। ਹੁਣ ਕੋਈ ਵੀ

12 00 noon

ਅਜਿਹਾ ਮੈਂਬਰ ਨਹੀਂ ਰਿਹਾ ਜਿਸ ਦੇ ਵਿਚਾਰਾਂ ਤੋਂ ਮੈਂ ਆਪਣੇ ਆਪ ਨੂੰ ਜਾਣੂ ਨਾ ਕਰ ਲਿਆ ਹੋਵੇ। ਮੇਰੀ ਖਾਹਿਸ਼ ਸੀ ਕਿ ਇਸ ਨਵੇਂ ਹਾਊਸ ਵਿਚ ਜਿਸ ਤਰ੍ਹਾਂ ਗਵਰਨਰ ਸਾਹਿਬ ਨੇ ਆ ਕੇ ਭਾਸ਼ਨ ਦਿਤਾ ਹੈ ਨਵੀਆਂ ਸਕੀਮਾਂ ਅਤੇ ਨਵੇਂ ਕੰਮਾਂ ਬਾਰੇ ਜ਼ਿਕਰ ਕੀਤਾ ਹੈ ਕਿ ਕਿਸ ਤਰੀਕੇ ਨਾਲ ਇਹ ਸਰਕਾਰ ਲੋਕਾਂ ਦਾ ਜੀਵਨ ਉਚਾ ਕਰਨਾ ਚਾਹੁੰਦੀ ਹੈ ਕਿਸ ਤਰ੍ਹਾਂ ਉਨ੍ਹਾਂ ਦਾ standard of living ਉਚਾ ਕਰਨਾ ਚਾਹੁੰਦੀ ਹੈ ਇਸ ਦੇ ਬਾਰੇ ਵਿਚ ਵਿਰੋਧੀ ਪਖ ਵਿਚ ਬੈਠੇ ਸਜਣ ਕੁਝ ਸੁਝਾਓ ਦੇਣਗੇ ਪਰ ਇਨ੍ਹਾਂ ਵਿਚੋਂ ਸਿਵਾਏ ਦੋ ਤਿੰਨ ਸਜਣਾਂ ਦੇ ਇਹ ਕੰਮ ਇਨ੍ਹਾਂ ਵਲੋਂ ਨਹੀਂ ਹੋਇਆ। ਮੈਂ ਇਸ ਚੀਜ਼ ਵਲ ਨਹੀਂ ਜਾਣਾ ਚਾਹੁੰਦਾ ਕਿ ਕਿਸ ਤਰੀਕੇ ਨਾਲ ਉਨ੍ਹਾਂ ਵਲੋਂ ਇਸ ਬਹਿਸ ਵਿਚ ਹਿਸਾ ਲਿਆ ਗਿਆ ਕਿਉਂਕਿ ਮੈਂ ਜਾਣਦਾ ਹਾਂ ਕਿ ਇਨ੍ਹਾਂ ਵਿਚੋਂ ਬਹੁਤ ਸਾਰਿਆਂ ਲਈ ਇਹ ਪਹਿਲਾ ਮੌਕਾ ਸੀ, ਉਨ੍ਹਾਂ ਲਈ ਇਹ ਪਹਿਲਾ ਸੈਸ਼ਨ ਸੀ ਅਤੇ ਕਈਆਂ ਨੂੰ ਅਸੈਂਬਲੀ ਵਿਚ ਬੋਲਣ ਦੇ ਢੰਗ ਦਾ ਪਤਾ ਨਹੀਂ ਸੀ। ਮੈਨੂੰ ਆਸ ਹੈ ਅਤੇ ਭਰੋਸਾ ਹੈ ਕਿ ਆਉਂਦੇ ਪੰਜਾਂ ਸਾਲਾਂ ਵਿਚ ਉਨ੍ਹਾਂ ਦਾ ਬੋਲਣ ਢੰਗ ਪੱਕਾ ਹੋ ਜਾਵੇਗਾ ਅਤੇ ਉਹ ਬਹੁਤ improve ਕਰ ਲੈਣਗੇ। ਜਿਸ ਚੀਜ਼ ਦੀ ਗਵਰਨਰ ਸਾਹਿਬ ਨੇ ਆਪਣੇ ਭਾਸ਼ਨ ਵਿਚ ਮੰਗ ਕੀਤੀ ਹੈ ਉਸ ਦਾ ਅਹਿਸਾਸ ਇਨ੍ਹਾਂ ਵਿਚ ਵੀ ਪੈਦਾ ਹੋ ਜਾਵੇਗਾ। ਮੈਂ ਇਨ੍ਹਾਂ ਸਾਰੀਆਂ ਚੀਜ਼ਾਂ ਦਾ ਜ਼ਿਕਰ ਇਸ ਸਮੇਂ ਨਹੀਂ ਕਰਾਂਗਾ। ਜਿੰਨੀਆਂ ਤਕਰੀਰਾਂ ਮੈਂ ਸੁਣੀਆਂ ਹਨ ਉਨ੍ਹਾਂ ਵਿਚੋਂ ਖਾਸ ਤੌਰ ਤੇ ਅਕਾਲੀ ਪਾਰਟੀ ਦੇ ਲੀਡਰ ਦੀ ਤਕਰੀਰ ਦਾ ਉਤਰ, ਸਪੀਕਰ ਸਾਹਿਬ, ਮੈਂ ਇਸ ਵੇਲੇ ਦੇਣਾ ਚਾਹੁੰਦਾ ਹਾਂ। ਬਾਕੀ ਸਾਰੀਆਂ ਗੱਲਾਂ ਦਾ ਉਤਰ ਸਹਿਜੇ ਸਹਿਜੇ ਵਕਤ ਸਿਰ ਦਿਆਂਗੇ ਕਿਉਂਕਿ ਅਜੇ ਬਜਟ ਤੇ ਬਹਿਸ ਹੋਣੀ ਹੈ ਅਤੇ ਇਸ ਤੋਂ ਬਾਅਦ demands ਵੀ ਆਉਣੀਆਂ ਹਨ ਅਤੇ ਬਾਕੀ ਦੇ ਮਹਿਕਮਿਆਂ ਦੇ ਵਜ਼ੀਰ ਸਾਹਿਬਾਨ ਨੇ ਵੀ ਉਨ੍ਹਾਂ ਦਾ ਉੱਤਰ ਦੇਣਾ ਹੈ ਇਸ ਲਈ ਮੈਂ ਸਾਰੀਆਂ ਚੀਜ਼ਾਂ ਦਾ ਜਵਾਬ ਇਸ ਵੇਲੇ ਨਹੀਂ ਦਿਆਂਗਾ। ਇਹ ਵੀ ਖਿਆਲ ਹੈ ਕਿ ਹਾਊਸ ਦਾ ਬਹੁਤ ਵਕਤ ਨਾ ਲੈ ਲਵਾਂ ਅਤੇ ਇਕ ਵਿਚਾਰ ਇਹ ਵੀ ਹੈ ਕਿ ਮੈਂ ਮਾਨਯੋਗ ਮੈਂਬਰਾਂ ਦੇ ਵਿਚਾਰਾਂ ਤੋਂ ਜ਼ਰਾ ਵਧੇਰੇ ਜਾਣੂ ਹੋ ਜਾਵਾਂ। ਜੋ ਕੁਝ ਇਹ ਕਹਿੰਦੇ ਹਨ ਇਨ੍ਹਾਂ ਬਾਰੇ ਸਰੇਦਸਤ ਕੁਝ ਨਾ ਕਹਾਂ, ਸਗੋਂ ਇਨ੍ਹਾਂ ਦੀਆਂ ਗੱਲਾਂ ਤੋਂ ਜਾਣੂ ਹੋਕੇ ਉਸ ਦੇ ਬਾਰੇ ਵਿਚ ਆਪਣੇ ਪਾਸ facts ਅਤੇ figures ਇਕੱਠੇ ਕਰ ਲਵਾਂ ਅਤੇ ਬਜਾਏ ਇਨ੍ਹਾਂ ਨੂੰ ਕੋਸਣ ਦੇ ਇਸ ਗਲ ਦੀ ਕੋਸ਼ਿਸ਼ ਕਰਾਂ ਕਿ ਇਨ੍ਹਾਂ ਦਾ ਜਵਾਬ facts ਨਾਲ ਦਿਆਂ। ਮਿਠਾ ਬਣ ਕੇ ਜਾਂ ਕਰੜੇ ਢੰਗ ਵਿਚ, ਹਾਲਾਂ ਤਾਂ ਇਕ ਗੱਲ ਖੁਸ਼ੀ ਦੀ ਹੈ ਕਿ ਇਸ ਹਾਊਸ ਵਿਚ ਪਹਿਲੀ ਵੇਰ ਅਪੋਜ਼ੀਸ਼ਨ ਇਤਨੀ ਵਧ ਗਿਣਤੀ ਵਿਚ ਆਈ ਹੈ ਬਹਰ ਹਾਲ ਇਨ੍ਹਾਂ ਨੂੰ ਲੋਕਾਂ ਨੇ return ਕੀਤਾ ਹੈ ਅਤੇ ਬਾਹਿਰ ਦੇ ਲੋਕਾਂ ਦੀ ਵੀ ਤਸੱਲੀ ਹੋਣੀ ਚਾਹੀਦੀ ਹੈ ਕਿ ਆਇਆ ਇਹ ਲੋਕ ਜੋ ਕੁਝ ਕਹਿੰਦੇ ਹਨ ਉਹ ਨਿਰੀ ਨਿੰਦਾ ਹੀ ਕਰਦੇ ਹਨ ਜਾਂ ਰਾਜ ਪ੍ਰਬੰਧ ਨੂੰ ਬਿਹਤਰ ਬਣਾਉਣ ਲਈ ਕੁਝ ਤਜਵੀਜ਼ਾਂ ਪੇਸ਼ ਕਰਦੇ ਹਨ। ਜੇਕਰ ਨਿਰੀ ਨਿੰਦਾ ਹੀ ਕਰੀ ਜਾਈਏ ਤਾਂ ਬਾਹਰ ਦੇ ਵੋਟਰਾਂ ਨੂੰ ਧੱਕਾ ਲਗੇਗਾ। ਇੰਨੀ ਮਜ਼ਬੂਤ ਗਿਣਤੀ ਵਿਚ ਪਹਿਲਾਂ ਕਦੇ ਅਪੋਜ਼ੀਸ਼ਨ ਨਹੀਂ ਆਈ। ਮੈਨੂੰ ਇਸ ਗਲ ਦੀ ਖੁਸ਼ੀ ਹੈ ਅਤੇ ਇਹ ਵਿਚਾਰ ਵੀ ਹੈ ਕਿ ਜੇਕਰ ਸਾਡੀਆਂ ਊਣਤਾਈਆਂ ਕਰਕੇ ਇਨ੍ਹਾਂ ਦੀ ਗਿਣਤੀ ਵਧ ਗਈ ਹੈ ਤਾਂ ਸਾਨੂੰ ਵਧੇਰੇ ਧਿਆਨ ਦੇਣ ਦੀ ਲੋੜ ਹੈ ਤੇ ਜੇਕਰ ਇਹ ਲੋਕਾਂ ਨੂੰ, ਵੋਟਰਾਂ ਨੂੰ ਗੁਮਰਾਹ ਕਰਕੇ ਜਾਂ ਧੋਖਾ ਦੇ ਕੇ ਆਏ ਹਨ ਤਾਂ ਲੋਕਾਂ ਨੂੰ ਅਸਲੀਅਤ ਤੋਂ ਜਾਣੂ ਕਰਾਉਣਾ ਚਾਹੀਦਾ ਹੈ। ਫਰਜ਼ ਤਾਂ ਹਰ ਤਰ੍ਹਾਂ ਸਾਡਾ ਹੀ ਹੈ ਅਤੇ ਸਾਡੇ ਤੇ ਜ਼ਿਮੇਵਾਰੀ ਆਉਂਦੀ ਹੈ, ਪੰਜਾਬ ਸਰਕਾਰ ਦੇ ਰਾਜ ਪ੍ਰਬੰਧ ਨੂੰ ਚਲਾਉਣ ਵਾਲਿਆਂ ਤੇ ਆਉਂਦੀ ਹੈ। ਮੈਂ ਅਕਾਲੀ ਪਾਰਟੀ, ਜੰਨ ਸੰਘ ਪਾਰਟੀ ਅਤੇ ਕਮਿਊਨਿਸਟ ਪਾਰਟੀ ਦੀਆਂ ਗੱਲਾਂ ਧਿਆਨ ਨਾਲ ਸੁਣੀਆਂ ਹਨ। ਮੈਂ ਇਹ ਮੰਨਦਾ ਹਾਂ ਕਿ ਕਮਿਊਨਿਸਟ ਪਾਰਟੀ ਇਕ ਮੁਨੱਜ਼ਮ ਪਾਰਟੀ ਹੈ ਅਤੇ ਇਨ੍ਹਾਂ ਦੇ ਗਰੁੱਪ ਵਲੋਂ ਜਿੰਨ੍ਹਾਂ ਦੋ ਸਜਨਾਂ ਨੇ ਤਕਰੀਰਾਂ ਕੀਤੀਆਂ ਹਨ ਇਕ ਨਿਹਾਲ ਸਿੰਘ ਵਾਲੇ ਤੋਂ ਅਤੇ ਦੂਜੇ ਮਹਿਲਾਂ ਵਾਲੇ ਤੋਂ ਆਏ ਹੋਏ ਮੈਂਬਰਾਂ ਨੇ ਜੋ ਸੁਝਾਓ ਦਿਤੇ ਹਨ ਅਤੇ ਤਕਲੀਫਾਂ ਦਾ ਬਿਆਨ ਕੀਤਾ ਹੈ ਮੈਂ ਉਨ੍ਹਾਂ ਦੀ ਕਦਰ ਕਰਦਾ

[ਮੁੱਖ ਮੰਤਰੀ]

ਹਾਂ । ਇਨ੍ਹਾਂ ਨੇ ਕੁਝ ਉਸਾਰੂ ਗੱਲਾਂ ਕਹੀਆਂ ਹਨ ਜਿਨ੍ਹਾਂ ਬਾਰੇ ਅਸੀਂ ਅਵੱਸ਼ ਪਤਾ ਲਗਾਵਾਂਗੇ ਅਤੇ ਮੇਰੀ ਸਰਕਾਰ ਤਾਂ ਇਸ ਗੱਲ ਲਈ determined ਹੈ ਕਿ ਜਿੰਨੇ ਵੀ ਤੁਸੀਂ ਇਥੇ ਬੈਠੇ ਹੋ ਅਤੇ ਇਥੇ ਆ ਕੇ ਦਿੱਕਤਾਂ ਦਸੋ ਉਨ੍ਹਾਂ ਨੂੰ ਦੂਰ ਕਰਨ ਦਾ ਉਪਰਾਲਾ ਕੀਤਾ ਜਾਵੇ । ਮੈਂ, ਜਦੋਂ ਇਨ੍ਹਾਂ ਵੀਰਾਂ ਨੇ ਡਰੇਨਾਂ ਦੀ ਬਾਬਤ ਕਹਿਣਾ ਸ਼ੁਰੂ ਕੀਤਾ ਤਾਂ Irrigation Minister ਸਾਹਿਬ ਨੂੰ ਬੁਲਾ ਕੇ request ਕੀਤੀ ਸੀ ਕਿ ਉਹ ਇਨ੍ਹਾਂ ਗੱਲਾਂ ਨੂੰ note ਕਰ ਲੈਣ ਅਤੇ ਆਪ ਵੇਖੋ ਕਿ ਕੀ ਤਕਲੀਫ ਹੈ । ਮੇਰੀ ਆਪਣੀ ਵੀ ਖਾਹਿਸ਼ ਹੈ ਕਿ ਮੈਂ ਆਪ ਜਾ ਕੇ ਇਨ੍ਹਾਂ ਡਰੇਨਾਂ ਨੂੰ ਵੇਖਾਂ ਜਿਨ੍ਹਾਂ ਦਾ ਜ਼ਿਕਰ ਇਨ੍ਹਾਂ ਵੀਰਾਂ ਨੇ ਕੀਤਾ ਹੈ । ਪੰਜਾਬ ਸਰਕਾਰ ਦਾ ਮੁਖ ਮਨੋਰਥ ਲੋਕਾਂ ਦੀ ਭਲਾਈ ਹੈ ਭਾਵੇਂ ਉਹ ਕਿਰਤੀ ਹੋਵੇ ਜਾਂ ਕਿਸਾਨ ਹੋਵੇ, ਜ਼ਿਮੀਂਦਾਰ ਹੋਵੇ ਜਾਂ ਛੋਟਾ ਕਾਰਖਾਨੇਦਾਰ ਹੋਵੇ, ਸਾਂਝੀ ਹੋਵੇ ਜਾਂ ਸੀਰੀ, ਅਸੀਂ ਹਰ ਇਕ ਦੀ ਭਲਾਈ ਲਈ ਸੋਚਣਾ ਹੈ ਅਤੇ ਇਸ ਪਖ ਵਲ ਧਿਆਨ ਦੇਣਾ ਸਾਡਾ ਫਰਜ਼ ਬਣ ਜਾਂਦਾ ਹੈ । Drains ਪੁੱਟਣ ਨਾਲ water-logging ਦੀ problem ਹਲ ਹੋ ਜਾਂਦੀ ਹੈ ਅਤੇ ਇਹ ਮਾਨਯੋਗ ਮੈਂਬਰ ਫਿਕਰ ਨਾ ਕਰਨ ਅਸੀਂ ਇਸ ਪਖ ਵਲ ਧਿਆਨ ਦੇਣਾ ਕਲ੍ਹ ਤੋਂ ਹੀ ਸ਼ੁਰੂ ਕਰ ਦਿਤਾ ਹੈ । ਹੋ ਸਕਦਾ ਹੈ ਸਾਡੇ ਕੰਮਾਂ ਵਿਚ ਕੁਝ ਖਾਮੀਆਂ ਹੋਣ ਇਨ੍ਹਾਂ ਨੂੰ ਠੀਕ ਕਰਨਾ ਸਾਡਾ ਫਰਜ਼ ਹੈ ਇਸੇ ਲਈ ਤਾਂ ਇਲਾਕੇ ਵੰਡ ਦਿਤੇ ਜਾਂਦੇ ਹਨ ਤਾਂ ਜੋ ਮੈਂਬਰ ਸਾਹਿਬਾਨ ਆਪਣੇ ਇਲਾਕਿਆਂ ਦੇ ਨੁਮਾਇੰਦੇ ਦੇ ਰੂਪ ਵਿਚ ਇਥੇ ਆ ਸਕਣ ਅਤੇ ਇਥੇ ਇਸ ਹਾਊਸ ਵਿਚ ਆਕੇ ਆਪਣੇ ਇਲਾਕੇ ਦੀਆਂ ਤਕਲੀਫਾਂ ਅਤੇ ਦੁਖ ਦਸ ਸਕਣ ਜਿਨਾਂ ਨੂੰ ਦੂਰ ਕਰਨ ਲਈ ਅਸੀਂ ਹਰ ਸਮੇਂ ਖਾਹਿਸ਼ਮੰਦ ਰਹਿੰਦੇ ਹਾਂ ਅਤੇ ਜਿਥੋਂ ਤਕ ਮੈਨੂੰ ਪਤਾ ਲਗਦਾ ਹੈ ਮੈਂ ਉਨ੍ਹਾਂ ਤਕਲੀਫਾਂ ਨੂੰ ਦੂਰ ਕਰਾਉਣ ਦਾ ਯਤਨ ਕਰਦਾ ਹਾਂ ।

ਅਕਾਲੀ ਗਰੁੱਪ ਦੇ ਲੀਡਰ ਵਲੋਂ ਜੋ ਤਕਰੀਰ ਕੀਤੀ ਗਈ ਹੈ ਹੁਣ ਮੈਂ ਆਪ ਦੀ ਰਾਹੀਂ ਉਸ ਦਾ ਜਵਾਬ ਦੇਣਾ ਚਾਹੁੰਦਾ ਹਾਂ । ਸਪੀਕਰ ਸਾਹਿਬ, ਮੈਂ ਆਪ ਤੋਂ ਆਗਿਆ ਮੰਗਦਾ ਹਾਂ ਕਿ ਮੈਂ ਇਸ ਕੇਸ ਦੀ ਕੁਝ background ਦੇਵਾਂ । ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਜਦੋਂ ਲੜੀਆਂ ਗਈਆਂ ਤਾਂ ਪੰਜਾਬੀ ਸੂਬੇ ਦਾ ਨਾਹਰਾ ਲਾ ਕੇ ਚੋਣਾਂ ਜਿੱਤੀਆਂ ਗਈਆਂ, ਇਨ੍ਹਾਂ ਚੋਣਾਂ ਵਿਚ ਜੋ ਕੁਝ ਕੀਤਾ ਗਿਆ ਮੈਂ ਉਨ੍ਹਾਂ ਸਾਰੀਆਂ ਗਲਾਂ ਦਾ ਵਰਣਨ ਨਹੀਂ ਕਰਨਾ ਚਾਹੁੰਦਾ ਅਤੇ ਬਾਕੀ ਦੇ ਧਰਮਾਂ ਦੇ ਲੋਕਾਂ ਨੂੰ ਆਪਣੇ ਭਰਾਵਾਂ ਦਾ ਮਖੌਲ ਉਡਾਣ ਦਾ ਵਿਚਾਰ ਨਹੀਂ ਰਖਦਾ ਅਤੇ ਹਾਸੋ ਹੀਣੀ ਪੋਜ਼ੀਸ਼ਨ ਵਿਚ ਨਹੀਂ ਪਾਉਣਾ ਚਾਹੁੰਦਾ । ਮੈਂ ਇਨ੍ਹਾਂ ਗਲਾਂ ਨੂੰ ਛਡ ਕੇ ਅਸਲ ਵਿਸ਼ੇ ਵਲ ਆਉਂਦਾ ਹਾਂ । ਇਹ ਸ਼੍ਰੋਮਣੀ ਗੁਰਦਵਾਰਾ ਕਮੇਟੀ ਵਿਚ ਇਨ੍ਹਾਂ ਨਾਹਰਿਆਂ ਕਰਕੇ ਮੈਂਬਰ ਚੁਣੇ ਗਏ । ਸ਼੍ਰੋਮਣੀ ਕਮੇਟੀ ਇਕ statutory body ਹੈ ਪਰ ਇਨ੍ਹਾਂ ਨੇ ਇਸ ਗੱਲ ਦੀ ਪਰਵਾਹ ਨਾ ਕੀਤੀ ਅਤੇ ਇਨ੍ਹਾਂ ਮੈਂਬਰਾਂ ਨੂੰ ਜੋ ਇਸ body ਤੇ ਚੁਣੇ ਗਏ ਉਨ੍ਹਾਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੇ ਲਿਜਾ ਕੇ ਕਸਮ ਦਿਵਾਈ ਗਈ ਕਿ ਅਸੀਂ ਪੰਜਾਬੀ ਸੂਬਾ ਲੈ ਕੇ ਦਿਆਂਗੇ ਇਸ ਤੇ ਜੋ ਕੁਝ ਹੋਇਆ ਤੁਸੀਂ ਸਭ ਜਾਣਦੇ ਹੋ, ਮੋਰਚੇ ਲਗਾਏ ਗਏ ਅਤੇ ਕੀ ਕੁਝ ਨਹੀਂ ਕੀਤਾ ਗਿਆ । ਅਕਾਲੀ ਗਰੁੱਪ ਦੇ ਲੀਡਰ ਨੇ ਜੋ ਕੁਝ ਇਸ ਹਾਊਸ ਵਿਚ ਕਿਹਾ ਹੈ ਮੈਂ ਇਸ ਦੀ reference ਦੇ ਰਿਹਾ ਹਾਂ । ਇਨ੍ਹਾਂ ਨੂੰ ਵੀ ਪਤਾ ਹੈ ਅਤੇ ਇਹ ਆਪ ਵੀ ਮੰਨਦੇ ਹਨ ਕਿ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਇਕ statutory body ਹੈ ਜਿਸ ਦਾ ਪੰਜਾਬੀ ਸੂਬੇ ਨਾਲ ਕਿਸੇ ਕਿਸਮ ਦਾ ਵੀ ਤਅੱਲੁਕ ਨਹੀਂ । ਫਿਰ ਵੀ ਅਕਾਲ ਤਖਤ ਸਾਹਿਬ ਤੇ ਇਨਾਂ ਮੈਂਬਰਾਂ ਨੂੰ ਸਹੁੰ ਖਵਾਈ ਗਈ । ਇਹ ਇਕ ਸਿਧੀ ਗਲ ਸੀ ਕਿ ਇਸ ਤਰ੍ਹਾਂ ਸੌਂਹ ਖਾਣ ਤੋਂ ਬਾਅਦ ਇਹ ਗੱਲ ਦਾ ਅਸਰ ਲੋਕਾਂ ਤੇ ਪਾਉਣਾ ਚਾਹੁੰਦੇ ਸਨ ਕਿ ਕਿਉਂਕਿ ਤੁਸੀਂ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਹਮਣੇ ਸੌਂਹ ਖਾਧੀ ਹੈ ਇਸ ਲਈ ਪੰਜਾਬੀ ਸੂਬਾ ਹੁਣ ਤੁਹਾਡੇ ਧਰਮ ਦਾ ਇਕ ਹਿੱਸਾ ਬਣ ਗਿਆ ਹੈ ਅਤੇ ਇਹ ਇਕ ਧਾਰਮਿਕ ਮੰਗ ਬਣ ਗਈ ਹੈ । ਹਾਲਾਂਕਿ

ਸ਼੍ਰੋਮਣੀ ਕਮੇਟੀ ਦਾ ਕੰਮ ਕੇਵਲ ਗੁਰਦਵਾਰਿਆਂ ਦੀ ਦੇਖ ਭਾਲ ਤੇ ਪ੍ਰਬੰਧ ਕਰਨਾ ਹੀ ਹੈ। ਇਸ ਤਰ੍ਹਾਂ ਇਨ੍ਹਾਂ ਨੇ ਇਸ ਮੰਗ ਨੂੰ ਧਰਮ ਦਾ ਮਸਲਾ ਬਣਾ ਦਿਤਾ। ਇਸ ਦੇ ਨਾਲ ਦੂਸਰੇ ਫਿਰਕੇ ਵਾ- ਲਿਆਂ ਨੇ ਡਰਾਉਣਾ ਸੀ ਅਤੇ ਚਿਤਾਵਨੀ ਦੇਣੀ ਸੀ ਕਿ ਕਿਸ ਤਰ੍ਹਾਂ ਧਰਮ ਦੀ ਆੜ ਲੈਕੇ ਤੁਸੀਂ ਅਗੇ ਵਧ ਸਕਦੇ ਹੋ। ਫਿਰ ਕਹਿੰਦੇ ਹਨ ਕਿ ਸਰਕਾਰ ਨੇ ਇਹ ਕਿਉਂ ਕੀਤਾ ਅਤੇ ਉਹ ਕਿਸ ਤਰ੍ਹਾਂ ਕੀਤਾ। ਫਿਰ ਮਾਸਟਰ ਤਾਰਾ ਸਿੰਘ ਜੀ ਨੇ ਪੰਜਾਬੀ ਸੂਬੇ ਦੀ ਮੰਗ ਪੇਸ਼ ਕਰ ਦਿਤੀ।

Sardar Gurnam Singh: Punjabi Suba demand is not banned.

ਮੁੱਖ ਮੰਤਰੀ : ਮੈਂ ਮੰਨਦਾ ਹਾਂ ਕਿ ਇਹ ਪੰਜਾਬੀ ਸੂਬੇ ਦੀ ਮੰਗ banned ਨਹੀਂ ਤੇ ਮੈਂ ਇਸ ਵੇਲੇ ਇਸ ਮੰਗ ਦੇ merits ਤੇ demerits ਤੇ ਨਹੀਂ ਜਾਣਾ ਚਾਹੁੰਦਾ ਮੈਂ ਤਾਂ ਕੇਵਲ ਇਨੀ ਅਰਜ਼ ਕਰ ਰਿਹਾ ਹਾਂ ਕਿ ਅਕਾਲ ਤਖਤ ਸਾਹਿਬ ਤੇ ਜਾ ਕੇ ਇਸ ਤਰ੍ਹਾਂ ਦੀ ਸੌਂਹ ਖਾਣਾ ਕਿੰਨਾਂ ਮਾੜਾ ਸੀ।

ਇਕ ਆਵਾਜ਼ : ਤੁਸੀਂ ਸੂਬੇ ਦੀ ਮੰਗ ਦਾ ਵੀ ਜਵਾਬ ਦੇ ਦਿਓ।

ਮੁਖ ਮੰਤਰੀ : ਇਸ ਦਾ ਜਵਾਬ ਵੀ ਦੇ ਦਿਆਂਗਾ, ਜਦੋਂ ਵਕਤ ਆਵੇਗਾ ਅਤੇ ਮੌਕਾ ਮਿਲੇਗਾ। ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਪੰਜਾਬੀ ਸੂਬੇ ਦਾ ਨਾਅਰਾ ਲਾਕੇ ਇਹ ਤਰੀਕਾ ਇਖਤਿਆਰ ਕੀਤਾ ਗਿਆ। ਦੂਜਿਆਂ ਧਰਮਾਂ ਵਾਲਿਆਂ ਨੂੰ ਤੰਗ ਕਰਨ ਦਾ, ਫਿਰਕੂ ਅਗ ਨੂੰ ਭੜਕਾਣ ਦਾ ਅਤੇ ਸੂਬੇ ਵਿਚ 1947 ਦਾ ਰੰਗ ਲਿਆਉਣ ਦਾ। ਮੈਂ ਪੰਜਾਬੀ ਸੂਬੇ ਦੀ ਮੰਗ ਦੇ ਖਿਲਾਫ ਨਹੀਂ। ਪਰ ਮੇਰੀ ਇਹ ਜ਼ਾਤੀ ਰਾਏ ਹੈ ਅਤੇ ਮੈਂ ਇਸ ਫੈਸਲੇ ਤੇ ਪੁੱਜਾ ਹਾਂ ਕਿ ਅਕਾਲੀ ਪਾਰਟੀ ਪੰਜਾਬ ਵਿਚ ਇਕ ਐਸੀ ਜਮਾਤ ਹੈ ਜਿਹੜੀ ਹਿੰਦੂਆਂ ਅਤੇ ਸਿਖਾਂ ਨੂੰ ਭੜਕਾਉਣ ਦਾ ਕੰਮ ਕਰ ਰਹੀ ਹੈ। ਮੈਂ ਅਰਜ਼ ਕਰਾਂ ਜੇ ਉਨ੍ਹਾਂ ਨੂੰ ਪੰਜਾਬੀ ਸੂਬੇ ਦੀ ਮੰਗ ਕਰਨੀ ਹੈ ਤਾਂ ਉਹ ਸਿਧੀ ਤਰ੍ਹਾਂ ਕਰਨ ਪਰ public ਵਿੱਚ ਜਲਸੇ ਕਰਕੇ ਧਰਮ ਦੇ ਨਾਉਂ ਤੇ ਭੜਕਾਊ ਲੈਕਚਰ ਨਾ ਦੇਣ।

ਇਨ੍ਹਾਂ elections ਵਿੱਚ ਜਿਹੜਾ ਪਹਿਲਾਂ ਕਦੀ ਵੀ ਨਹੀਂ ਸੀ ਕੀਤਾ ਗਿਆ ਉਹ ਵੀ ਕੀਤਾ ਗਿਆ। ਪੰਜਾਬੀ ਸੂਬੇ ਦੀ ਗਲ ਨੂੰ ਵੀ ਨਾਲ ਨਾਲ ਇਹ ਜਾਰੀ ਰਖਦੇ ਰਹੇ। ਹੁਣ ਤਾਂ ਤੁਸੀਂ elections ਲੜ ਲਈਆਂ ਹਨ ਪਰ ਜੇਕਰ ਹੁਣ ਵੀ ਕਿਸੇ ਤਰ੍ਹਾਂ ਦੀਆਂ ਮੋਰਚੇ ਲਾਉਣ ਵਾਲੀਆਂ ਗੱਲਾਂ ਜਾਰੀ ਰਹਿਣਗੀਆਂ ਤਾਂ ਉਹ ਬਰਦਾਸ਼ਤ ਨਹੀਂ ਕੀਤੀਆਂ ਜਾਣਗੀਆਂ। ਮੈਂ ਇਹ ਮੰਨਦਾ ਹਾਂ ਕਿ ਪੰਜਾਬੀ ਸੂਬੇ ਦੀ demand ਜੇ ਕੋਈ ਕਰਦਾ ਹੈ ਤਾਂ ਇਹ ਕਰਨਾ ਉਸ ਦਾ constitutional ਹਕ ਹੈ। ਪਰ ਜੇ ਕੋਈ ਕਹੇ ਕਿ ਉਹ ਇਸ demand ਨੂੰ ਇਸ ਢੰਗ ਨਾਲ ਪੇਸ਼ ਕਰੇ ਕਿ ਜਿਸ ਨਾਲ ਇਕ ਦੂਸਰੇ ਫਿਰਕੇ ਵਿਚ ਉਕਸਾਹਟ ਹੋਵੇ ਮੈਂ ਸਮਝਦਾ ਹਾਂ ਇਹ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਜੇ ਤੁਸੀਂ ਲੋਕ ਕਹੋ ਕਿ "ਟੋਪੀ ਤੇ ਧੋਤੀ ਪਾੜ ਦਿਆਂਗੇ" ਜਾਂ ਇਸ ਤਰ੍ਹਾਂ ਦੀਆਂ ਹੋਰ ਗੱਲਾਂ ਕਰਨੀਆਂ ਚਾਹੋ ਤਾਂ ਇਹ ਨਹੀਂ ਹੋ ਣ ਦਿਆਂਗੇ। ਮੈਂ ਇਹ ਵੀ ਜਾਣਦਾ ਹਾਂ ਕਿ ਸਰਦਾਰ ਗੁਰਨਾਮ ਸਿੰਘ ਇਸ ਤਰ੍ਹਾਂ ਦੇ ਲੈਕਚਰ ਨਹੀਂ ਦੇ ਸਕਦੇ। ਭਾਵੇਂ ਉਹ ਮਾਸਟਰ ਤਾਰਾ ਸਿੰਘ ਦੇ adviser ਹਨ, ਪਰ adviser ਉਹ ਇਸ ਗੱਲ ਦੇ ਹਨ ਕਿ ਜਿਹੜੇ ਮਾਸਟਰ ਜੀ ਦੇ ਗੰਦੇ ਅਤੇ ਭੈੜੇ ਵਿਚਾਰ ਹਨ ਉਨ੍ਹਾਂ ਦੇ ਉਤੇ constitutional ਬੁਰਕਾ ਪਾ ਸਕਣ। ਉਨ੍ਹਾਂ ਦੀ ਕਹੀ ਹੋਈ ਗੱਲ ਸੁਣਨ ਵਾਲੇ ਨੂੰ ਮਿਠਾਈ ਵਾਂਗ ਲੱਗੇ। ਅਸੀਂ ਇਹ ਵੀ ਜਾਣਦੇ ਹਾਂ ਕਿ ਸਰਦਾਰ ਸਾਹਿਬ ਨੇ ਪੰਜਾਬੀ ਸੂਬੇ ਦੀ agitation ਵਿੱਚ ਬਤੌਰ ਪੰਜਾਬੀ ਸੂਬੇ ਦੇ adviser ਦੇ ਖੜੇ ਕੰਮ ਕੀਤੇ ਹਨ। ਮਾਸਟਰ ਤਾਰਾ ਸਿੰਘ ਨੂੰ ਵੀ ਉਸ ਵੇਲੇ ਤੱਕ ਅਸੀਂ ਗਰਿਫਤਾਰ ਨਹੀਂ ਸੀ ਕੀਤਾ ਜਦੋਂ ਤੱਕ ਉਹ constitutionally peaceful

[ਮੁੱਖ ਮੰਤਰੀ]

ਰਹਿੰਦੇ ਹੋਏ ਇਹ demand ਕਰਦੇ ਰਹੇ। ਪਰ ਜਦੋਂ ਉਨ੍ਹਾਂ ਨੇ ਇਸ ਤਰ੍ਹਾਂ ਦੀਆਂ ਗੱਲਾਂ ਕਰਨੀਆਂ ਚਾਹੀਆਂ, ਲੋਕਾਂ ਨੂੰ ਭੜਕਾਉਣ ਵਾਸਤੇ ਸੌ, ਸੌ ਆਦਮੀਆਂ ਦੇ ਪੈਦਲ ਜੱਥੇ ਜਾ ਕੇ ਘਰ ਘਰ ਇਸ ਤਰ੍ਹਾਂ ਦਾ ਪਰਚਾਰ ਕਰਨਾ ਚਾਹਿਆ ਕਿ ਜਿਵੇਂ ਕੋਈ ਕਹੇ ਕਿ ਲਕੜਾਂ ਇਕਠੀਆਂ ਕਰ ਲਉ ਕਖ ਇਕਠੇ ਕਰ ਲਉ ਤੇ ਫੇਰ ਤੀਲੀ ਲਾ ਦਿਓ। ਇਨ੍ਹਾਂ ਨੇ ਵੀ ਐਨ ਏਸੇ ਢੰਗ ਨਾਲ ਇਸ agitation ਦਾ ਪਰਚਾਰ ਕਰਨਾ ਚਾਹਿਆ। ਪਰ ਪੁਰਾਣੀ ਪੰਜਾਬ ਸਰਕਾਰ ਨੇ ਆਪਣੀ ਜ਼ਿਮੇਵਾਰੀ ਨੂੰ ਕਾਇਮ ਰੱਖਿਆ। ਇਨ੍ਹਾਂ ਨੇ ਜੋ ਗੱਲਾਂ ਗੁਰਦਵਾਰਿਆਂ ਦੇ ਅੰਦਰ ਕੀਤੀਆਂ ਧਰਮ ਦੇ ਨਾਉਂ ਤੇ ਜੋ ਲੋਕਾਂ ਵਿੱਚ ਅਫਵਾਹਾਂ ਫੈਲਾਈਆਂ ਉਹ ਕਿਸੇ ਤੋਂ ਵੀ ਛੁਪੀਆਂ ਹੋਈਆਂ ਨਹੀਂ। ਜਿਹੜੀ ਪੰਜਾਬੀ ਸੂਬਾ ਕਾਨਫਰੰਸ ਹੋਈ ਜਿਸ ਦੀ ਗਿਣਤੀ ਇਹ 50,000 ਕਹਿੰਦੇ ਹਨ ਬੜੀ ਮੁਸ਼ਕਲ ਨਾਲ ਇਸਦਾ 5 ਫੀ ਸਦੀ ਯਾ 10 ਫੀ ਸਦੀ ਹੋਵੇਗੀ। ਸਪੀਕਰ ਸਾਹਿਬ, ਜਿਹੜਾ ਇਹ ਕਹਿੰਦੇ ਹਨ ਕਿ ਐਨੇ ਹਿੰਦੂ ਅਤੇ ਐਨੇ ਸਿਖ ਆਏ ਅਤੇ ਐਨੇ ਮੁਸਲਮਾਨ ਇਸ ਕਾਨਫਰੰਸ ਵਿੱਚ ਆਏ ਇਹ ਬਿਲਕੁਲ ਹੀ ਬੇ ਬੁਨਿਆਦ ਅਤੇ ਗ਼ਲਤ ਹੈ। ਏਥੇ ਇਕ ਹਿੰਦੂ ਅਤੇ ਇਕ ਮੁਸਲਮਾਨ ਆਏ ਉਹ ਵੀ ਕਸ਼ਮੀਰ ਤੋਂ ਇਨ੍ਹਾਂ ਦੀ ਕਾਨੰਫਰੰਸ ਵਿੱਚ ਸ਼ਾਮਲ ਹੋਇਆ।

ਇਕ ਮਾਨਯੋਗ ਮੈਂਬਰ : ਚੌਧਰੀ ਪ੍ਰਤਾਪ ਸਿੰਘ ਦੌਲਤਾ M.P. ਵੀ ਤਾਂ ਏਥੇ ਆਏ ਸਨ।

ਮੁੱਖ ਮੰਤਰੀ : ਹਾਂ ਉਹ ਵੀ ਆਏ ਸਨ ਪਰ ਇਹ ਵੇਖਣ ਆਏ ਸੀ ਕਿ ਇਹ ਕਰਦੇ ਕੀ ਹਨ। ਏਸੇ ਤਰ੍ਹਾਂ communist ਪਾਰਟੀ ਦਾ ਤਮਾਸ਼ਾ ਵੇਖਣ ਦਾ ਇਰਾਦਾ ਸੀ ਕਿ ਚੜ੍ਹ ਜਾ ਬੱਚਾ ਸੂਲੀ ਤੇ ਰਾਮ ਭਲੀ ਕਰੇਗਾ। ਪਰ ਤੁਸੀਂ ਸਮਝਦੇ ਰਹੇ ਕਿ ਇਹ ਤੁਹਾਡੇ ਨਾਲ ਰਲ ਕੇ ਕੋਈ ਕੰਮ ਕਰਨਗੇ ਪਰ ਇਨ੍ਹਾਂ ਦੀ ਤਾਂ ਕਖ ਕਠੇ ਕਰਕੇ ਤੀਲੀ ਲਗਾਉਣ ਵਾਲੀ ਗੱਲ ਸੀ। ਮੈਂ ਬੁਰਾ ਨਹੀਂ ਕਹਿੰਦਾ ਪਰ ਇਹ ਗੱਲਾਂ communist party ਦੇ ਨਾਲ ਜਿਨ੍ਹਾਂ ਦਾ ਸਬੰਧ ਹੈ ਉਹ ਵੀ ਜਾਣਦੇ ਹਨ ਕਿ ਜੇ ਇਹ ਕਿਸੇ ਨੂੰ ਰੱਸੇ ਨਾਲ ਫਾਂਸੀ ਵੀ ਦੇਣ ਤਾਂ ਕਹਿਣ ਗੇ ਇਹ ਕਿ ਅਸੀਂ ਇਸ ਦੀ ਰੱਸੇ ਨਾਲ ਸਹਾਇਤਾ ਕਰਦੇ ਹਾਂ।

ਸਰਦਾਰ ਗੁਰਨਾਮ ਸਿੰਘ : ਤੁਸੀਂ ਅਕਾਲੀਆਂ ਨਾਲ ਕੀ ਇਹ ਰੱਸੇ ਵਾਲੀ ਗੱਲ ਨਹੀਂ ਕੀਤੀ ?

ਮੁਖ ਮੰਤਰੀ : ਤੁਹਾਡੇ ਅਣਜਾਣਪੁਣੇ ਦੀ ਵਜ੍ਹਾ ਨਾਲ ਇਹ ਗੱਲਾਂ ਹੋਈਆਂ। ਮੈਨੂੰ ਤਾਂ ਸਭ ਤੋਂ ਵੱਡੀ ਹੈਰਾਨੀ ਦੀ ਗੱਲ ਇਹ ਲਗਦੀ ਹੈ ਕਿ ਤੁਸੀਂ ਮਾਸਟਰ ਤਾਰਾ ਸਿੰਘ ਦੇ ਚਲਾਏ ਹੋਏ ਐਜੀਟੇਸ਼ਨ ਨੂੰ ਵੀ non-violent ਅਤੇ constitutional ਹੀ ਸਮਝਦੇ ਰਹੇ। ਮਾਸਟਰ ਤਾਰਾ ਸਿੰਘ ਨੂੰ ਮੈਂ ਜਾਣਦਾ ਹਾਂ ਜਿਹੜਾ ਉਹਦੇ ਨਾਲ 25 ਵਰ੍ਹੇ ਰਿਹਾ ਹਾਂ। ਮੈਂ ਜਾਣਦਾ ਹਾਂ ਉਸ ਦੀਆਂ political ਚਾਲਾਂ ਨੂੰ। ਮੈਂ ਜਾਣਦਾ ਹਾਂ ਉਸ ਦੀਆਂ ਗੱਲਾਂ ਨੂੰ ਕਿ ਸਰਦਾਰ ਸੁੰਦਰ ਸਿੰਘ ਦੇ ਮਰਵਾਉਣ ਵਿੱਚ ਉਸ ਦਾ ਕਿਤਨਾ ਕੁ ਹਥ ਸੀ। ਫੇਰ ਵੀਰ ਭਾਰਤ ਅਖਬਾਰ ਦੇ ਐਡੀਟਰ, ਪ੍ਰੀਤਮ ਜ਼ਿਆਈ ਨੂੰ ਮਰਵਾਉਣ ਲਈ ਜੋ ਮਾਸਟਰ ਤਾਰਾ ਸਿੰਘ ਨੇ ਯਤਨ ਕੀਤਾ ਮੈਂ ਇਹ ਵੀ ਜਾਣਦਾ ਹਾਂ। ਮੈਂ ਮਾਸਟਰ ਤਾਰਾ ਸਿੰਘ ਦੇ ਨਾਲ ਰਿਹਾ ਹਾਂ ਮੈਨੂੰ ਪਤਾ ਹੈ ਕਿ ਉਸ ਦੇ ਮਨ ਦੇ ਅੰਦਰ ਕਿਸ ਤਰ੍ਹਾਂ ਦੇ ਵਿਚਾਰ ਹਨ। ਤੁਸੀਂ ਤਾਂ ਅੱਜ ਨਵੇਂ ਆਕੇ ਰਲੇ ਹੋ (*Interruptions*) ਸਰਦਾਰ ਲਛਮਣ ਸਿੰਘ! ਤੂੰ ਤਾਂ ਠੇਕੇਦਾਰੀ ਕਰਦਾ ਆਇਆ ਹੈਂ; ਤੈਨੂੰ ਕੀ ਪਤਾ ਇਨ੍ਹਾਂ political ਗੱਲਾਂ ਦਾ। ਜੇ ਇਕ ਦਬਕੀ ਦਿੱਤੀ ਤੂੰ ਭੱਜ ਜਾਣਾ ਹੈ। ਮੈਨੂੰ ਇਨ੍ਹਾਂ ਦੀਆਂ ਗੱਲਾਂ ਦਾ ਫਿਕਰ ਨਹੀਂ ਪਰ ਮੈਂ ਮਾਸਟਰ ਤਾਰਾ ਸਿੰਘ ਦੀ ਗੱਲ ਨੂੰ seriously ਲੈਂਦਾ ਹਾਂ। ਕਿਉਂਕਿ ਉਸ ਵਿੱਚ ਖੂਬੀ ਇਹ ਹੈ ਕਿ ਉਹ ਧਰਮ ਦਾ ਨਾਉਂ ਲੈਕੇ ਲੋਕਾਂ ਨੂੰ ਗੁਮਰਾਹ ਕਰਕੇ ਲੋਕਾਂ ਤੋਂ ਮਾੜੇ ਕੰਮ ਕਰਾਉਂਦਾ ਹੈ। ਅਸੀਂ ਇਸ ਕਾਨਫਰੰਸ ਦੀ position ਨੂੰ ਵੇਖਿਆ ਹੈ ਕਿ ਕੌਣ ਕੌਣ ਆਏ ਅਤੇ ਅੜੇ ਕਿਤਨੇ ਆਦਮੀਆਂ ਦਾ ਇਕੱਠ ਹੋਇਆ। ਪੰਜ, ਦਸ ਹਿੰਦੂ ਵੀ

ਸਨ ਅਤੇ ਇਕ ਦੋ ਮੁਸਲਮਾਨ ਵੀ ਸਨ। ਜਦੋਂ ਤੱਕ ਇਨ੍ਹਾਂ ਵੱਲੋਂ peaceful ਗੱਲ ਦੀ ਖਬਰ ਮਿਲਦੀ ਰਹੀ ਅਸੀਂ ਵੇਖਦੇ ਰਹੇ। ਪਰ ਜਦੋਂ ਇਹੋ ਜਿਹੀਆਂ ਖਬਰਾਂ ਆਉਣ ਲੱਗੀਆਂ ਕਿ ਉਹ ਇਸ ਕਿਸਮ ਦੀਆਂ ਤਿਆਰੀਆਂ ਵੀ ਕਰ ਰਹੇ ਹਨ ਕਿ ਅਸੀਂ ਪੰਜਾਬ ਵਿੱਚ ਅੱਗ ਲਾਉਣੀ ਹੈ ਉਸ ਤਰ੍ਹਾਂ ਦੀ ਜਿਸ ਤਰ੍ਹਾਂ ਕਿ ਆਂਧਰਾ ਵਿਚ ਗੜ ਬੜ ਹੋਈ। ਓਸੇ ਤਰ੍ਹਾਂ ਕਰਨਾ ਹੈ ਜਿਸ ਤਰ੍ਹਾਂ ਕਿ ਬੰਬਈ ਵਿੱਚ ਹੋਇਆ ਸੀ, ਫੇਰ ਸਾਨੂੰ ਵੀ ਫਿਕਰ ਹੋਇਆ। ਪਰ ਮੈਂ ਉਨ੍ਹਾਂ ਨੂੰ ਦੱਸ ਦਿਆਂ ਕਿ ਪੰਜਾਬ ਵਿੱਚ ਕਿਸੇ ਤਰ੍ਹਾਂ ਦੀ ਗੜ ਬੜ ਹੋਣ ਨਹੀਂ ਦਿੱਤੀ ਜਾਵੇਗੀ। ਅਸੀਂ 24 ਤਾਰੀਖ ਦੀ ਰਾਤ ਨੂੰ ਜਿਹੜੇ ਕਿ ਪਿਛੇ ਰਹਿ ਗਏ ਸੀ ਅਤੇ ਉਹ ਇਸ ਤਰ੍ਹਾਂ ਦੇ ਸੁਨੇਹੇ ਬਾਹਰ ਲੈ ਜਾਣਾ ਚਾਹੁੰਦੇ ਸੀ ਉਨ੍ਹਾਂ ਨੂੰ ਗਰਿਫਤਾਰ ਕੀਤਾ ਸੀ। ਮੈਂ ਇਸ ਤਰ੍ਹਾਂ ਦੀਆਂ ਗੱਲਾਂ ਕਹਿਣੀਆਂ ਨਹੀਂ ਸੀ ਚਾਹੁੰਦਾ ਪਰ ਮੈਂ ਇਹ ਇਸ ਕਰ ਕੇ ਕਹਿ ਰਿਹਾ ਹਾਂ ਕਿਉਂਕਿ ਮੈਂ ਉਨ੍ਹਾਂ ਬਾਰੇ ਚੰਗੀ ਤਰ੍ਹਾਂ ਜਾਣਦਾ ਹਾਂ।

I would like to say that I can tolerate anything, but not the exploitation of religion for the satisfaction of one's personal vanity.

ਮੈਂ ਹੁਣ ਵੀ ਸਮਝਦਾ ਹਾਂ ਅਤੇ ਆਖਦਾ ਹਾਂ ਕਿ ਇਸ ਤਹਿਰੀਕ ਦਾ ਧਰਮ ਨਾਲ ਬਿਲਕੁਲ ਵੀ ਕੋਈ ਸਬੰਧ ਨਹੀਂ ਪਰ ਇਸ ਤਰ੍ਹਾਂ ਦੀਆਂ ਅਕਾਲ ਤਖਤ ਤੇ ਜਾ ਕੇ ਗੱਲਾਂ ਕਰਨੀਆਂ ਇਹ ਸਾਬਤ ਕਰਦੀਆਂ ਹਨ ਕਿ ਉਹ ਇਕ ਆਦਮੀ ਦੀ personal importance ਬਣਾਈ ਰਖਣਾ ਚਾਹੁੰਦੇ ਹਨ।

I can suffer even those who, through mistake and misunderstanding, resort to these methods but a deliberare attempt of that type, made by anyone, is difficult to put up with.

ਜਿਸ ਕਰਕੇ 24 ਦੀ ਰਾਤ ਨੂੰ ਮੈਨੂੰ action ਲੈਣਾ ਪਿਆ। ਉਸ ਰਾਤ ਸਾਨੂੰ ਪੰਜਾਬੀ ਸੂਬੇ ਦੇ ਮੁਰਦੇ ਦਾ post-mortem ਕਰਨਾ ਪਿਆ ਅਤੇ ਉਸ ਨੂੰ ਮਿਟੀ ਵਿੱਚ ਦਫਨਾ ਦਿੱਤਾ। ਮੈਂ ਇਸ ਮੁਰਦੇ ਦਾ post-mortem ਉਸ ਹਦ ਤੱਕ ਹੀ ਕੀਤਾ ਹੈ ਜਿਸ ਹਦ ਤੱਕ ਇਨ੍ਹਾਂ ਨੇ ਗੱਲਾਂ ਕੀਤੀਆਂ ਹਨ। ਉਹ ਹਟ ਗਏ ਅਸੀਂ post-mortem ਕਰਨਾ ਛਡ ਦਿੱਤਾ ਪਰ ਇਹ ਚੀਜ਼ ਅਸਲ ਵਿੱਚ ਅਸੀਂ ਜਨਤਾ ਨੂੰ ਦੱਸਣੀ ਹੈ। (*Interruption*)

Mr. Speaker No. interruption please.

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਇਕ ਇਹ statement ਜਿਹੜਾ ਕਿ ਮਾਸਟਰ ਤਾਰਾ ਸਿੰਘ ਦੀ ਪੰਜਾਬੀ ਸੂਬਾ ਐਜੀਟੇਸ਼ਨ ਵੇਲੇ ਦਿੱਤਾ ਗਿਆ ਸੀ House ਦੀ table ਤੇ lay ਕਰਦਾ ਹਾਂ। ਇਹ ਉਹ picture ਹੈ ਜਿਸ ਦੀ ਲਾਈਨ ਮੁਤਾਬਿਕ ਚਲਣ ਨਾਲ ਉਹ ਸਮਝਦੇ ਹਨ ਕਿ ਭਾਂਬੜ ਮਚ ਜਾਏਗਾ। ਮੈਨੂੰ ਤੁਸੀਂ ਦੱਸੋ ਕਿ Administration capture ਕਰਨੀ ਚਾਹੁਣ ਪੰਜਾਬ ਵਿੱਚ, ਅਤੇ ਮੋਰਚੇ ਲਾਉਣ ਦਿੱਲੀ ਵਿੱਚ, ਇਹ ਕਿਥੋਂ ਦੀ ਅਕਲਮੰਦੀ ਹੈ। (*Interruption*)

ਸਰਦਾਰ ਲਛਮਣ ਸਿੰਘ ਗਿਲ : ਕੈਰੋਂ ਸਾਹਿਬ, ਤੁਸੀਂ ਇਕ instance ਦਿਉ ਅਸੀਂ ਅਸਤੀਫਾ ਦੇ ਕੇ ਚਲੇ ਜਾਵਾਂਗੇ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਆਪੋਜ਼ੀਸ਼ਨ ਵਾਲੇ ਸਾਰੇ ਮੈਂਬਰ ਸਾਹਿਬਾਨ ਨੂੰ ਨਹੀਂ ਕਹਿੰਦਾ ਲੇਕਿਨ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਕਮਿਊਨਿਸਟ ਪਾਰਟੀ ਵਾਲਿਆਂ ਨੇ ਇਨ੍ਹਾਂ ਦੀ ਮਦਦ ਕੀਤੀ ਸੀ ਤਾਂ ਇਹ ਜਿਤ ਕੇ ਆਏ ਹਨ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਬਿਲਕੁਲ ਗਲਤ ਹੈ ਇਹ ਗੱਲ।

ਮੁੱਖ ਮੰਤਰੀ : ਮੈਂ ਮੋਗੇ ਤੋਂ ਆਏ ਹੋਏ ਆਨਰੇਬਲ ਮੈਂਬਰ ਨੂੰ ਕਹਿੰਦਾ ਹਾਂ ਕਿ ਉਹ ਉਤਨੀ ਕੁ ਗੱਲ ਕਰਨ ਜਿਤਨੀ ਉਨ੍ਹਾਂ ਨੂੰ ਵਾਕਫੀਅਤ ਹੈ। ਮੈਂ ਬਾਕੀ ਦੇ ਮੈਂਬਰਾਂ ਦਾ ਸਤਿਕਾਰ ਕਰਦਾ ਹਾਂ ਕਿਉਂਕਿ ਉਹ ਵੀ ਜਨਤਾ ਦੀਆਂ ਵੋਟਾਂ ਲੈ ਕੇ ਏਥੇ ਆਏ ਹਨ। ਮੈਨੂੰ ਉਨ੍ਹਾਂ ਤੇ ਕੋਈ ਗਿਲਾ

[ਮੁੱਖ ਮੰਤਰੀ]

ਨਹੀਂ ਔਰ ਨਾ ਹੀ ਲੋਕਾਂ ਤੇ ਗਿਲਾ ਹੈ ਜਿਨ੍ਹਾਂ ਨੇ ਉਨ੍ਹਾਂ ਨੂੰ ਚੁਣ ਕੇ ਭੇਜਿਆ ਹੈ । ਲੇਕਿਨ ਇਹ ਗੱਲ ਮੈਂ ਕਹੇ ਬਗੈਰ ਨਹੀਂ ਰਹਿ ਸਕਦਾ ਕਿ ਅਕਾਲੀ ਪਾਰਟੀ ਵਾਲੇ ਕਮਿਊਨਿਸਟ, ਸਵਤੰਤਰ, ਜਨ ਸੰਘ ਅਤੇ ਸੋਸ਼ਲਿਸਟਾਂ ਦੀ ਮਦਦ ਤੋਂ ਬਗੈਰ ਜਿਤ ਕੇ ਨਹੀਂ ਸਨ ਆ ਸਕਦੇ । ਇਨ੍ਹਾਂ ਨੇ ਇਸ ਦਫਾ 45 ਸੀਟਾਂ ਤੋਂ ਆਪਣੇ ਮੈਂਬਰ ਖੜੇ ਕੀਤੇ ਸਨ ਮਗਰ ਜਿਤ ਕੇ ਉਨ੍ਹਾਂ ਦੇ ਵਿੱਚੋਂ ਸਿਰਫ 19 ਹੀ ਆਏ ਹਨ । ਸਪੀਕਰ ਸਾਹਿਬ, ਜਿਹੜੀਆਂ ਇਹ ਕਰਤੂਤਾਂ ਕਰਦੇ ਸਨ ਉਨ੍ਹਾਂ ਦਾ ਮੈਨੂੰ ਚੰਗੀ ਤਰ੍ਹਾਂ ਨਾਲ ਪਤਾ ਸੀ । ਇਸ ਕਰ ਕੇ ਮੈਂ ਸਭ ਕੁਝ ਜਾਣਦਾ ਹੋਇਆ ਕਿਸ ਤਰ੍ਹਾਂ ਚੁਪ ਕਰ ਕੇ ਬੈਠ ਸਕਦਾ ਸਾਂ । ਮੇਰਾ ਕਿਸੇ ਨੂੰ ਫੜਨ ਨੂੰ ਨਹੀਂ ਸੀ ਦਿਲ ਕਰਦਾ ਔਰ ਮੈਂ ਨਹੀਂ ਸੀ ਚਾਹੁੰਦਾ ਕਿ ਜਨਤਾ ਦੇ ਰੁਪਏ ਨੂੰ ਇਨ੍ਹਾਂ ਦੀਆਂ ਰੋਟੀਆਂ ਤੇ ਖਰਚ ਕਰੀ ਜਾਵਾਂ ਲੇਕਿਨ ਸੂਬੇ ਦੇ ਵਿਚ ਅਮਨ ਰਖਣ ਦੇ ਵਾਸਤੇ ਮੈਨੂੰ ਸਭ ਕੁਝ ਕਰਨਾ ਪਿਆ । ਸਪੀਕਰ ਸਾਹਿਬ, ਜਿਸ ਤਰ੍ਹਾਂ ਇਕ ਮੈਂਬਰ ਸਾਹਿਬ ਨੇ ਦਸਿਆ ਹੈ ਇਕ ਲੱਖ ਰੁਪਏ ਦੀ ਤਾਂ ਇਹ ਮਾਹਾਂ ਦੀ ਦਾਲ ਹੀ ਖਾ ਗਏ ਸਨ ।

Sardar Gurnam Singh : Cheap observations by the Leader of the House.

ਮੁੱਖ ਮੰਤਰੀ : ਸਪੀਕਰ ਸਾਹਿਬ, constitution ਦੇ points ਨੂੰ ਛਡ ਕੇ ਅਕਾਲੀ ਪਾਰਟੀ ਦੇ ਲੀਡਰ ਸਾਹਿਬ ਬਾਹਰ ਜਿਹੜੀਆਂ ਤਕਰੀਰਾਂ ਕਰਦੇ ਰਹੇ ਹਨ ਉਹ ਤਕੀਏ ਦੇ ਵਿਚ ਬੋਲਣ ਵਾਲਿਆਂ ਦੇ ਬਰਾਬਰ ਸਨ । ਅਸੀਂ ਅੰਗਰੇਜ਼ਾਂ ਦੇ ਵੇਲੇ ਆਪ agitations ਕਰਦੇ ਰਹੇ ਹਾਂ, ਮੈਨੂੰ ਪਤਾ ਹੈ ਉਨ੍ਹਾਂ ਦੇ ਵਿਚ ਕਮਜ਼ੋਰੀ ਕੀ ਹੁੰਦੀ ਹੈ, ਮੈਨੂੰ ਇਹ ਵੀ ਪਤਾ ਹੈ ਕਿ agitation ਨੂੰ ਦਬਾਇਆ ਕਿਸ ਤਰ੍ਹਾਂ ਜਾਂਦਾ ਹੈ, ਮੈਂ ਇਹ ਵੀ ਜਾਣਦਾ ਹਾਂ ਕਿ ਉਨ੍ਹਾਂ ਦੀਆਂ ਧੁਰਾਂ ਕਿੱਥੇ ਹੁੰਦੀਆਂ ਹਨ । ਮੇਰੇ ਕੋਲੋਂ ਕੋਈ ਗੱਲ ਭੁੱਲੀ ਹੋਈ ਨਹੀਂ । ਸਪੀਕਰ ਸਾਹਿਬ, ਇਨ੍ਹਾਂ ਦੀ ਪੁਰਅਮਨ agitations ਦਾ ਮੈਂ ਤੁਹਾਨੂੰ ਹਾਲ ਦਸਦਾ ਹਾਂ । 29 ਤਾਰੀਖ ਨੂੰ ਇਨ੍ਹਾਂ ਦਾ ਇਕ ਜੱਥਾ ਜਿਸ ਨੂੰ ਮਾਸਟਰ ਤਾਰਾ ਸਿੰਘ ਨੇ lead ਕਰਨਾ ਸੀ ਉਸ ਦੇ ਨਾਲ ਦੋ ਢਾਈ ਹਜ਼ਾਰ Rowdy element ਸੀ । ਜਦੋਂ ਪੁਲੀਸ ਉਨ੍ਹਾਂ ਨੂੰ ਕਹਿਣ ਲਗੀ ਕਿ ਅਸੀਂ ਤੁਹਾਨੂੰ ਗਰਿਫਤਾਰ ਕਰਨਾ ਹੈ ਤਾਂ ਉਨ੍ਹਾਂ ਨੇ ਪਸਤੌਲ ਖੋਹਣ ਦੀ ਕੋਸ਼ਿਸ਼ ਕੀਤੀ ਔਰ ਇੱਟਾਂ ਮਾਰ ਕੇ ਪੁਲੀਸ ਦੀਆਂ ਗੱਡੀਆਂ ਦੇ ਸ਼ੀਸ਼ੇ ਤੋੜੇ ।

ਸਰਦਾਰ ਗੁਰਨਾਮ ਸਿੰਘ : ਸ਼ੀਸ਼ੇ ਤਾਂ ਹੁਣ ਤਰਨਤਾਰਨ ਦੇ ਵਿਚ ਵੀ ਟੁਟੇ ਹਨ ।

ਮੁੱਖ ਮੰਤਰੀ : ਉਸ ਦੇ ਬਾਰੇ ਵੀ ਦਸ ਦਿਆਂਗਾ । ਮੈਂ ਅਰਜ਼ ਕਰ ਰਿਹਾ ਸੀ ਕਿ ਦਰਬਾਰ ਸਾਹਿਬ ਜਿਹੜੀ ਗੁਰੂ ਰਾਮਦਾਸ ਜੀ ਦੀ ਸਰਾਂ ਹੈ ਉਸ ਦੇ ਬਾਹਰ ਦੂਸਰੀ ਵਾਰੀ ਗਰਿਫਤਾਰੀਆਂ ਹੋਈਆਂ । ਫੇਰ ਉਸ ਤੋਂ ਅਗਲੇ ਦਿਨ ਹੋਈਆਂ । ਦੋ ਤਾਰੀਖ ਨੂੰ ਖੁਸ਼ਬਖ਼ਤ ਰਾਏ ਪੁਲੀਸ ਦਾ ਥਾਣੇਦਾਰ ਉਥੇ ਸਾਈਕਲ ਲੈ ਕੇ ਖੜਾ ਸੀ । ਉਸ ਵੇਲੇ ਸਰਾਂ ਦਾ ਦਰਵਾਜ਼ਾ ਖੁਲ੍ਹਾ ਸੀ ਇਕ ਆਦਮੀ ਨੇ ਅਠ ਵਜ ਕੇ ਪੰਜ ਮਿਨਟ ਤੇ ਖੁਸ਼ਬਖ਼ਤ ਰਾਏ ਨੂੰ ਪਸਤੌਲ ਨਾਲ ਗੋਲੀ ਮਾਰ ਦਿੱਤੀ ਔਰ ਸਣੇ ਪਸਤੌਲ ਦਰਬਾਰ ਸਾਹਿਬ ਨੂੰ ਭਜ ਤੁਰਿਆ । (ਸ਼ੋਰ) (ਇਕ ਆਵਾਜ਼ : question) ਤੁਸੀਂ ਜ਼ਰਾ ਸਬਰ ਨਾਲ ਸੁਣੋ । ਉਸ ਦੇ ਬਾਅਦ ਦਰਵਾਜ਼ਾ ਮਾਰ ਦਿੱਤਾ ਗਿਆ । ਪਹਿਰੇਦਾਰ ਉਥੇ ਦਰਵਾਜ਼ੇ ਦੇ ਵਿਚ ਬਰਛੇ ਲੈ ਕੇ ਖੜੇ ਸਨ । ਉਨ੍ਹਾਂ ਨੇ ਉਸ ਨੂੰ ਅੰਦਰ ਭੇਜ ਕੇ ਦਰਵਾਜ਼ਾ ਬੰਦ ਕਰ ਦਿੱਤਾ । ਹੁਣ ਤੁਸੀਂ ਦੱਸੋ ਕਿ ਕੀ ਇਹ ਇਨ੍ਹਾਂ ਦਾ ਫਰਜ਼ ਨਹੀਂ ਸੀ ਕਿ ਉਸ ਆਦਮੀ ਨੂੰ ਫੜ ਕੇ ਪੁਲੀਸ ਦੇ ਹਵਾਲੇ ਕਰ ਦਿੰਦੇ । ਅਸੀਂ ਇਨ੍ਹਾਂ ਦੇ ਆਦਮੀਆਂ ਨੂੰ ਇਕ ਘੰਟਾ ਬਾਅਦ ਕਿਹਾ ਕਿ ਸਾਨੂੰ ਤਲਾਸ਼ੀ ਲੈ ਲੈਣ ਦਿਉ । (ਸ਼ੋਰ)

ਕਾਮਰੇਡ ਮੱਖਣ ਸਿੰਘ ਤਰਸਿੱਕਾ : ਸਪੀਕਰ ਸਾਹਬ, ਮੈਂ ਮੁੱਖ ਮੰਤ੍ਰੀ ਸਾਹਿਬ ਦੀ ਏਸ statement ਨੂੰ ਚੈਲਿੰਜ ਕਰਦਾ ਹਾਂ । ਇਹ ਗ਼ਲਤ ਬਿਆਨੀ ਕਰ ਰਹੇ ਹਨ । ਉਸ ਥਾਣੇਦਾਰ ਨੂੰ ਇਨ੍ਹਾਂ ਨੇ ਆਪ ਮਰਵਾਇਆ ਸੀ । ਅਤੇ ਕਾਤਲ ਨੂੰ ਇਨ੍ਹਾਂ ਦੇ ਬੰਦਿਆਂ ਨੇ ਹੀ ਲੁਕਾਇਆ ਹੈ।

ਮੁੱਖ ਮੰਤਰੀ : ਸਪੀਕਰ ਸਾਹਿਬ, ਜਾਦੂ ਉਹ ਜਿਹੜਾ ਸਿਰ ਚੜ੍ਹ ਕੇ ਬੋਲੇ । ਅਸੀਂ ਇਨ੍ਹਾਂ ਨੂੰ ਤਲਾਸ਼ੀ ਲਈ ਕਿਹਾ । ਪਹਿਲਾਂ ਤਾਂ ਇਹ ਮੰਨਦੇ ਨਹੀਂ ਸਨ । ਲੇਕਿਨ ਫੇਰ ਕਹਿਣ ਲਗੇ ਸਰਾਂ ਦੇਖ ਲਉ, ਸ਼ਿਰੋਮਣੀ ਕਮੇਟੀ ਦਾ ਦਫਤਰ ਦੇਖ ਲਉ ਲੇਕਿਨ ਬੁੰਗਿਆਂ ਤਕ ਪੁਲੀਸ ਨੂੰ ਨਹੀਂ ਜਾਣ ਦਿੱਤਾ ਜਾਵੇਗਾ । ਮੈਂ ਕਹਿੰਦਾ ਹਾਂ ਕਿ ਈਮਾਨਦਾਰੀ ਨਾਲ ਇਨ੍ਹਾਂ ਨੂੰ ਉਸ ਕਾਤਲ ਨੂੰ ਫੜਾਉਣਾ ਚਾਹੀਦਾ ਸੀ । ਸਪੀਕਰ ਸਾਹਿਬ, ਮੈਂ ਗ਼ਲਤ ਬਿਆਨੀ ਨਹੀਂ ਕਰਦਾ, ਅਜੇ ਵੀ ਇਨ੍ਹਾਂ ਨੇ ਦੋ ਚਾਰ ਆਦਮੀ ਉਥੇ ਲੁਕਾਏ ਹੋਏ ਹਨ । ਜੇ ਸ਼ਾਇਦ ਉਹ ਸਾਡੇ ਹਥ ਆ ਗਏ ਤਾਂ ਅਸੀਂ ਖ਼ੁਸ਼ਬਖ਼ਤ ਰਾਏ ਦਾ ਕਾਤਲ ਕੱਢ ਕੇ ਦਿਖਾਵਾਂਗੇ ।

ਬਹੁਤ ਸਾਰੀਆਂ ਆਵਾਜ਼ਾਂ: ਸਾਰੀ ਦੁਨੀਆ ਜਾਣਦੀ ਹੈ ਕਿ ਉਸ ਨੂੰ ਤੁਸੀਂ ਆਪ ਮਰਵਾਇਆ ਹੈ ।

ਮੁੱਖ ਮੰਤਰੀ : ਸਪੀਕਰ ਸਾਹਿਬ, ਜੇ ਸੱਪ ਲੜੇ ਤੋਂ ਦੋ ਘੰਟੇ ਬਾਅਦ ਲਾਠੀ ਲੈ ਕੇ ਕੋਈ ਜਾਵੇ ਤਾਂ ਉਥੇ ਮਾਰ ਕਿਸ ਨੂੰ ਸਕਦਾ ਹੈ । ਇਹ ਆਖਦੇ ਹਨ ਕਿ ਉਸ ਦੇ ਟੱਬਰ ਨੂੰ ਵੀਹ ਹਜ਼ਾਰ ਰੁਪਿਆ ਕਿਉਂ ਦਿੱਤਾ ਗਿਆ ਸੀ । ਮੈਂ ਇਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਉਸ ਨੂੰ ਜਦੋਂ ਮਾਰਿਆ ਗਿਆ ਸੀ ਉਦੋਂ ਉਹ duty ਤੇ ਸੀ ਔਰ ਬਾਵਰਦੀ ਸੀ । ਉਸ ਨੂੰ ਉਦੋਂ ਮਾਰਿਆ ਗਿਆ ਸੀ ਜਦੋਂ ਅਕਾਲੀ ਗਰਿਫਤਾਰੀਆਂ ਦੇ ਰਹੇ ਸੀ । ਇਸ ਵਾਸਤੇ ਜੇ ਉਸ ਦੇ ਬਚਿਆਂ ਨੂੰ 20 ਹਜ਼ਾਰ ਰੁਪਿਆ ਦੇ ਦਿੱਤਾ ਤਾਂ ਉਸ ਤੇ ਇਤਰਾਜ਼ ਕਿਉਂ ਕੀਤਾ ਜਾਂਦਾ ਹੈ ।

ਬਾਬੂ ਬਚਨ ਸਿੰਘ: ਫੇਰ ਫਰੀਦਾਬਾਦ ਵਾਲੇ ਨੂੰ ਕਿਉਂ ਨਹੀਂ ਸੀ ਦਿੱਤਾ ਗਿਆ । ਫਰੀਦਾਬਾਦ ਕਿਉਂ ਪੈਸੇ ਘਟ ਦਿੱਤੇ ਹਨ ਇਹ ਵੀ ਦਸ ਦਿਉ (noise)

ਮੁੱਖ ਮੰਤ੍ਰੀ: ਉਸ ਦੀ ਵੀ enquiry ਕਰ ਰਹੇ ਹਾਂ ਲੇਕਿਨ ਇਸ ਵਕਤ ਮੈਂ ਉਸਦਾ ਜ਼ਿਕਰ ਨਹੀਂ ਕਰਾਂਗਾ, ਜਦੋਂ ਉਸ ਦੀ ਗੱਲ ਆਵੇਗੀ ਤਾਂ ਉਹ ਵੀ ਦਸ ਦੇਵਾਂਗਾ ਫਿਕਰ ਨਾ ਕਰੋ (*Interruptions*) ਤੇ ਮੈਂ ਅਰਜ਼ ਕਰ ਰਿਹਾ ਸੀ ਕਿ ਉਥੇ ਮੈਨੇਜਰ ਸਾਹਿਬ ਨੂੰ ਚਾਹੀਦਾ ਸੀ ਅਤੇ ਉਥੇ ਜੋ ਐਨੇ ਵਡੇ ਲੀਡਰ ਲੁਕੇ ਬੈਠੇ ਸਨ ਉਹ ਉਸ ਦੇ ਕਾਤਲ ਨੂੰ ਦਰਬਾਰ ਸਾਹਿਬ ਵਿਚ ਨਾ ਘੁਸਣ ਦਿੰਦੇ ਅਤੇ ਜੇ ਘੁਸ ਗਿਆ ਸੀ ਤਾਂ ਉਸ ਨੂੰ ਕਾਨੂੰਨ ਦੇ ਹਵਾਲੇ ਕਰਦੇ । ਇਹ ਤਾਂ ਇਨ੍ਹਾਂ ਨੇ ਨਹੀਂ ਕੀਤਾ ਬਲਕਿ ਹੁਣ ਕਹਿੰਦੇ ਹਨ ਕਿ ਇਹ 20 ਹਜ਼ਾਰ ਦੀ ਰਕਮ ਕਿਉਂ ਦੇ ਦਿੱਤੀ ਹੈ । ਤੁਹਾਡਾ ਮਕਸਦ ਤਾਂ ਇਹ ਸੀ ਕਿ ਪੁਲਸ ਨੂੰ demoralise ਕੀਤਾ ਜਾਵੇ । ਕੀ ਉਸ ਨੂੰ ਅਸੀਂ ਹਰਜਾਨਾ ਨਾ ਦਿੰਦੇ ਜਿਸ ਨੇ ਕਾਨੂੰਨ ਦੀ ਹਿਫਾਜ਼ਤ ਕਰਦੇ ਹੋਏ ਜਾਨ ਦਿੱਤੀ । ਜੇਕਰ ਅਸੀਂ ਹਰਜਾਨਾ ਨਾ ਦਿੰਦੇ ਤਾਂ ਅਫਸਰਾਂ ਵਿਚ ਜਾਨ ਨਾ ਆਉਂਦੀ ਅਤੇ ਤੁਹਾਡਾ ਮਨੋਰਥ ਪੂਰਾ ਹੋ ਜਾਣਾ ਸੀ ਅਤੇ ਮੈਨੂੰ ਲੋਕ ਵੀ ਪੁਛਦੇ ਕਿ ਤੂੰ ਕਿਹੜੀ ਨੀਂਦ ਸੁੱਤਾ ਹੈਂ । ਕੱਲ ਇਨ੍ਹਾਂ ਨੇ ਇਕ statement ਪੜ੍ਹੀ ਅਤੇ ਕਿਹਾ ਕਿ ਪਰਤਾਪ ਸਿੰਘ ਨੇ ਇਹ ਕਿਹਾ ਸੀ । ਲੇਕਿਨ ਜੋ ਮੈਨੂੰ ਅਜ ਦਫਤਰ ਤੋਂ ਉਸ ਦੀ ਕਾਪੀ ਮਿਲੀ ਹੈ ਉਹ ਵੀ ਮੈਂ ਪੜ੍ਹ ਦਿੰਦਾ ਹਾਂ ਉਸ ਵਿਚ......
(*Interruptions*)

ਇਕ ਮਾਣਯੋਗ ਮੈਂਬਰ : ਮੋਗੇ ਵਾਲੇ ਬਿਆਨ ਦੀ ਗੱਲ ਕਰੋ। (noise)

ਮੁੱਖ ਮੰਤਰੀ : ਉਸ ਦੀ ਵੀ ਗੱਲ ਕਰਾਂਗਾ । ਉਹ ਵੀ ਕੋਈ ਬਿਆਨ ਹੋਵੇਗਾ ਤਾਂ ਉਸਤੋਂ ਵੀ ਮੈਂ ਮੁਕਰਾਂਗਾ ਨਹੀਂ । ਉਹ ਮੇਰੇ ਆਪਣੇ ਜਜ਼ਬਾਤ ਹੀ ਹੋਣਗੇ । ਤੇ ਇਸ ਵਿਚ ਇਹ ਲਿਖਿਆ ਹੈ :—

"I learnt with great shock last night of the murder of one of my Police Officers, Assistant Sub-Inspector Khushbakht Rai, at Amritsar while at the post of duty. I made an immediate announcement from Delhi regarding assistance to his family. I condemn with all the emphasis at my command, action of violence of this type and I am quite determined to take the fullest measures to ensure that the peace is not disturbed in the State. I am sure that all sane elements in the public, of all communities, will be with me in extending the greatest sympathy to the family of the deceased and in supporting me fully in maintaining the rule of law and tranquillity throughout the Punjab."

ਆਵਾਜ਼ਾਂ : ਮੋਗੇ ਵਾਲੇ ਬਿਆਨ ਨੂੰ ਵੀ ਪੜ੍ਹ ਦਿਉ (noise) ।

ਮੁੱਖ ਮੰਤ੍ਰੀ : ਸਪੀਕਰ ਸਾਹਿਬ, ਇਹ ਮੋਗੇ ਦੀ ਗੱਲ ਕਰਦੇ ਹਨ । ਮੈਂ ਅਰਜ਼ ਕਰਦਾ ਹਾਂ ਕਿ ਮੈਨੂੰ ਨਹੀਂ ਪਤਾ ਉਹ ਕਿਹੜੀ statement ਹੈ । ਜੇਕਰ ਮੈਨੂੰ ਪਤਾ ਲਗ ਗਿਆ ਕਿ ਉਹ statement ਮੇਰੇ ਨਾਮ ਤੇ ਛਪੀ ਹੈ ਤਾਂ I will own it ਮੈਂ ਮੁਕਰਾਂਗਾ ਨਹੀਂ । ਤੇ ਮੇਰੀ ਅਰਜ਼ ਹੈ ਕਿ ਮਾਸਟਰ ਤਾਰਾ ਸਿੰਘ ਤਾਂ ਆਪਣੀ personal vanity satisfy ਕਰਦਾ ਹੈ ਅਤੇ ਜਿਹੜਾ ਉਸ ਦੀ ਇਸ vanity ਨੂੰ satisfy ਨਹੀਂ ਕਰਦਾ ਉਸ ਨੂੰ ਉਹ tolerate ਨਹੀਂ ਕਰਦਾ । ਅਗੇ ਉਸ ਨੇ ਕਿਸ ਨੂੰ tolerate ਕੀਤਾ ਹੈ ? ਉਸ ਨੇ ਨਾ ਖੜਕ ਸਿੰਘ ਨੂੰ ਨਾ ਅਮਰ ਸਿੰਘ ਨੂੰ, ਨਾ ਮੰਗਲ ਸਿੰਘ ਨੂੰ, ਨਾ ਝਬਾਲੀਆਂ ਨੂੰ, ਨਾ ਸ਼ੇਰ ਸਿੰਘ ਅਤੇ ਨਾ ਸੁੰਦਰ ਸਿੰਘ ਮਜੀਠੀਏ ਨੂੰ tolerate ਕੀਤਾ । ਪਰਤਾਪ ਸਿੰਘ ਨੂੰ ਇਸ ਨੇ ਕਿਥੇ ਝਲਣਾ ਹੈ ਕਿਉਂ ਜੋ ਮੈਂ ਉਸ ਦੀ vanity satisfy ਨਹੀਂ ਕਰ ਸਕਦਾ । ਸਪੀਕਰ ਸਾਹਿਬ, ਇਹ ਮੈਨੂੰ ਕਹਿੰਦੇ ਸਨ ਕਿ ਮੈਂ ਉਸ ਨੂੰ ਮਾਰ ਦੇਣਾ ਹੈ । ਸਪੀਕਰ ਸਾਹਿਬ, ਮੈਂ ਉਸ ਨੂੰ ਮਾਰ ਕੇ ਕੀ ਲੈਣਾ ਹੈ ਉਸ ਨੇ ਤਾਂ ਖੁਦ ਹੀ ਇਨ੍ਹਾਂ ਰਗੜਿਆਂ ਵਿਚ ਮਰ ਜਾਣਾ ਹੈ (ਹਾਸਾ) ਉਸ ਨੂੰ ਤਾਂ ਉਸਦੇ ਸਾਥੀਆਂ ਤੇ ਵਡੇ ਵਡੇ ਸਲਾਹ-ਕਾਰਾਂ ਨੇ ਹੀ ਮਾਰ ਦੇਣਾ ਹੈ । ਮੈਂ ਮਾਸਟਰ ਤਾਰਾ ਸਿੰਘ ਦੇ ਰਹਿਮ ਤੇ ਨਹੀਂ ਹਾਂ ਮੈਂ ਤਾਂ ਜਨਤਾ ਦੇ ਰਹਿਮ ਤੇ ਹਾਂ । ਇਹ ਠੀਕ ਹੈ ਕਿ ਉਸ ਦੇ ਹਥ ਵਿਚ ਹਥਿਆਰ ਹੈ ਗ਼ਲਤ ਇਸ਼ਤਹਾਰ ਕਢਣ ਦਾ ਤੇ ਜਨਤਾ ਦੇ ਜਜ਼ਬਾਤ ਨੂੰ ਭੜਕਾਉਣ ਦਾ, ਪਰ ਹੁਣ ਲੋਕ ਸਿਆਣੇ ਹੋ ਗਏ ਹਨ ਅਤੇ ਇਨ੍ਹਾਂ ਝਾਂਸਿਆਂ ਵਿਚ ਘਟ ਆਉਂਦੇ ਹਨ । ਖੈਰ, ਤੇ ਮੈਂ ਅਰਜ਼ ਕਰਦਾ ਹਾਂ ਕਿ ਖੁਸ਼ਬਖ਼ਤ ਰਾਏ ਨੂੰ ਕਤਲ ਕਰਾ ਕੇ ਇਨ੍ਹਾਂ ਦਾ ਮਕਸਦ ਦਹਿਸ਼ਤ ਫੈਲਾਉਣਾ ਸੀ ਅਤੇ ਪੁਲੀਸ ਨੂੰ demoralise ਕਰਨਾ ਸੀ । ਇਸ ਤੋਂ ਇਲਾਵਾ ਇਨ੍ਹਾਂ ਦੀ ਇਕ ਹੋਰ ਚਾਲ ਵੀ ਸੀ । ਇਨ੍ਹਾਂ ਦਾ ਖਿਆਲ ਸੀ ਕਿ ਇਸ ਕਤਲ ਤੋਂ ਬਾਅਦ ਪੁਲਸ ਗੁੱਸੇ ਵਿਚ ਆ ਕੇ ਧੜਾ ਧੜ ਦਰਬਾਰ ਸਾਹਿਬ ਵਿਚ ਘੁਸ ਆਵੇਗੀ ਅਤੇ ਫੇਰ ਇਹ ਇਸ ਚੀਜ਼ ਨੂੰ exploit ਕਰ ਕੇ ਲੋਕਾਂ ਦੇ religious sentiments ਨੂੰ ਭੜਕਾਉਣਗੇ ਪਰ ਅਸੀਂ ਇਨ੍ਹਾਂ ਦੀ ਚਾਲ ਵਿਚ ਨਹੀਂ ਆਏ । ਅਸੀਂ ਇਨ੍ਹਾਂ ਦੀ ਦਮ ਤੋੜਦੀ ਹੋਈ ਐਜੀਟੇਸ਼ਨ ਨੂੰ ਤਾਕਤ ਨਹੀਂ ਦੇਣਾ ਚਾਹੁੰਦੇ ਸੀ । ਅਸੀਂ ਉਸ ਦੁਖ ਨੂੰ ਬਰਦਾਸ਼ਤ ਕੀਤਾ ਅਤੇ ਉਸਦੀ family ਨੂੰ ਵੀ compensation ਦੇ ਕੇ ਉਨ੍ਹਾਂ ਦੇ ਦੁਖ ਨੂੰ ਘਟ ਕਰਨ ਦਾ ਜਤਨ ਕੀਤਾ । ਇਹ ਠੀਕ ਹੈ ਕਿ ਸਾਨੂੰ ਉਸ ਕਾਤਲ ਦੇ ਮਗਰ ਜਾਣਾ ਚਾਹੀਦਾ ਸੀ ਲੇਕਿਨ ਅਸੀਂ ਇਸ ਚਾਲ ਨੂੰ ਸਮਝ ਲਿਆ ਅਤੇ patience ਨਾਲ ਕੰਮ ਲਿਆ । ਤਾਕਿ ਇਹ ਇਸ ਚਾਲ ਵਿਚ ਕਾਮਯਾਬ ਨਾ ਹੋ ਜਾਣ। ਅਸੀਂ ਕਿਹਾ ਕਿ ਚਲੋ ਇਨ੍ਹਾਂ ਨੂੰ ਧੱਕੇ ਵੀ ਮਾਰਨ ਦਿਓ, ਕਿਲਾ ਬੰਦੀ ਵੀ ਕਰਨ ਦਿਓ, aggressive ਕੰਮ ਵੀ ਕਰਨ ਦਿਓ ਤੇ constitution ਦੇ ਟੁਕੜੇ ਵੀ ਉਡਾਉਣ ਦਿਓ ਪਰ ਅਸੀਂ

ਇਨ੍ਹਾਂ ਦਾ ਇਹ purpose ਨਹੀਂ ਹੱਲ ਹੋਣ ਦੇਣਾ ਕਿ ਕੋਈ ਚੀਜ਼ ਲੋਕਾਂ ਦੇ sentiments ਉਭਾਰਨ ਲਈ ਇਨ੍ਹਾਂ ਨੂੰ ਮਿਲ ਜਾਵੇ । ਦਸੋ ਅਸੀਂ ਇਸ ਤੋਂ ਵੱਧ ਹੋਰ ਕੀ patience ਵਿਖਾਂਦੇ । ਇਨ੍ਹਾਂ ਨੂੰ ਅਸੀਂ ਨਹੀਂ ਮਾਰਿਆ । ਜੇਕਰ ਇਨ੍ਹਾਂ ਨੂੰ ਮਾਰਿਆ ਹੈ ਤਾਂ ਗੁਰੂ ਰਾਮ ਦਾਸ ਜੀ ਨੇ ਮਾਰਿਆ ਹੈ ਜਿਸ ਦੇ ਪਵਿਤਰ ਸਥਾਨ ਦੀ ਇਨ੍ਹਾਂ ਨੇ ਬੇਹੁਰਮਤੀ ਕੀਤੀ ਹੈ ਅਤੇ ਉਥੇ ਕਾਤਲਾਂ ਨੂੰ ਛੁਪਾ ਕੇ ਉਸ ਪਵਿਤਰ ਸਥਾਨ ਨੂੰ ਬਦਨਾਮ ਕੀਤਾ ਹੈ । ਇਹ ਤਾਂ ਖੁਦ ਆਪਣੀ ਮੌਤ ਮਰ ਗਏ ਹਨ ਕਿਉਂਕਿ ਇਨ੍ਹਾਂ ਨੇ ਦਰਬਾਰ ਸਾਹਿਬ ਵਰਗੀ ਪਵਿਤਰ ਥਾਂ ਨੂੰ ਤਖਰੀਬੀ ਕਾਰਵਾਈਆਂ ਲਈ ਵਰਤਿਆ । ਜੇ ਤੁਸੀਂ ਮੈਨੂੰ ਸਚ ਪੁਛਦੇ ਹੋ ਤਾਂ ਮਾਸਟਰ ਤਾਰਾ ਸਿੰਘ ਮਰ ਚੁਕਾ ਹੈ (*noise*) ਉਸਦੀ ਸਿਆਸੀ ਮੌਤ ਹੋ ਚੁਕੀ ਹੈ । ਹੁਣ ਤਾਂ ਚੋਣਾਂ ਦੀਆਂ ਗੱਲਾਂ ਕਰ ਕਰ ਕੇ ਜੀਣਾ ਚਾਹੁੰਦਾ ਹੈ । ਉਸਦੇ ਜਿਤਨੇ ਸਾਹ ਹਨ ਉਹ ਤਾਂ ਉਸ ਨੇ ਭੋਗ ਕੇ ਹੀ ਜਾਣਾ ਹੈ ਪਰ ਉਸ ਦੇ ਸਿਆਸੀ ਸਾਹ ਮੁਕ ਚੁਕੇ ਹਨ ਅਤੇ ਉਹ ਸਿਆਸੀ ਤੌਰ ਤੇ ਮਰ ਚੁਕਾ ਹੈ । ਫੇਰ ਮੈਨੂੰ ਕਹਿੰਦੇ ਹਨ ਕਿ ਐਨੇ ਆਦਮੀ ਫੜ ਲਏ । ਮੈਂ ਪੁਛਦਾ ਹਾਂ ਕਿ is not prevention better than cure ? ਜਿਹੜੇ ਪਕੜੇ ਹਨ ਉਹ ਬਾਕਾਇਦਾ ਅਦਾਲਤਾਂ ਤੋਂ warrant ਲੈ ਕੇ ਹੀ ਪਕੜੇ ਹਨ । ਫੇਰ ਕਹਿੰਦੇ ਹਨ ਕਿ ਅਸੀਂ ਹੁਕਮ ਜਾਰੀ ਕੀਤਾ ਕਿ 50 ਹਜ਼ਾਰ ਤੋਂ ਘਟ ਜ਼ਮਾਨਤ ਨਾ ਲਉ । ਇਹ ਬਿਲਕੁਲ ਗ਼ਲਤ ਹੈ । ਹਾਂ ਸਾਡੀ prosecuting agency ਨੂੰ ਹਦਾਇਤ ਸੀ ਕਿ ਜ਼ਮਾਨਤ ਦਾ ਮੌਕਾ ਆਵੇ ਤਾਂ ਮੌਕੇ ਅਨੁਸਾਰ gravity of situation ਜੱਜਾਂ ਦੇ ਸਾਹਮਣੇ ਰਖੋ। ਇਸੇ ਤਰ੍ਹਾਂ ਹੋਇਆ ਅਤੇ ਜਿਸ ਤਰ੍ਹਾਂ ਜਿਹੜਾ ਆਦਮੀ ਜਿਤਨਾ capable of playing mischief and doing violence ਸੀ ਉਸ ਦੇ ਮੁਤਾਬਕ ਹੀ ਜੱਜਾਂ ਨੇ gravity of situation ਦੇ ਅਨੁਸਾਰ 20 ਹਜ਼ਾਰ, ੨੫ ਹਜਾਰ 30 ਜਾਂ 35 ਹਜ਼ਾਰ ਦੀ ਜ਼ਮਾਨਤ ਮੰਗੀ (*Interruptions*) ਜਿਹੜੀ ਤੁਸੀਂ ਹਾਈ ਕੋਰਟ ਦੀ ਗਲ ਕਰਦੇ ਹੋ ਉਸ ਨੇ ਵੀ 15-20 ਹਜ਼ਾਰ ਤੋਂ ਘਟ ਤੇ ਜ਼ਮਾਨਤ ਨਹੀਂ ਕੀਤੀ ਹਾਲਾਂਕਿ ਉਸ ਵਕਤ ਹਾਲਾਤ ਕੁਝ ਹੋਰ ਹੋ ਗਏ ਸਨ (*Interruptions*)

Sardar Gurnam Singh : The High Court accepted personal bonds in cases where bails of rupees one lakh each were demanded.

ਮੁੱਖ ਮੰਤ੍ਰੀ: ਸਾਰਿਆਂ ਦੇ ਨਹੀਂ ਹੋਏ ਹਨ ਲੇਕਿਨ ਕਿਤਨੇ ਮਹੀਨਿਆਂ ਤੋਂ ਬਾਅਦ ਹਾਈ ਕੋਰਟ ਵਿਚ ਆਏ ਹੋ ? ਜੇ ਕਰ ਦੂਸਰੇ ਦਿਨ ਹੀ ਹਾਈ ਕੋਰਟ ਵਿਚ ਜਾਂਦੇ ਤਾਂ ਤੁਹਾਨੂੰ ਪਤਾ ਲਗਦਾ । ਦੇਸ਼ ਨਾਲ Executive ਤੇ Legislature ਨੂੰ ਹੀ ਪਿਆਰ ਨਹੀਂ ਹਾਈ ਕੋਰਟ ਯਾਨੀ Judiciary ਨੂੰ ਵੀ ਉਤਨਾ ਹੀ ਪਿਆਰ ਹੈ । ਇਹ ਤਿੰਨੋਂ ਅੰਗ ਬਰਾਬਰ ਹਨ । ਤੇ ਮੇਰੀ ਅਰਜ਼ ਹੈ ਕਿ ਤੁਸੀਂ 5 ਮਹੀਨਿਆਂ ਬਾਅਦ ਹਾਈ ਕੋਰਟ ਵਿਚ ਗਏ ਹੋ ਜਦੋਂ gravity of situation ਬਦਲ ਚੁਕੀ ਸੀ । ਹਾਂ ਜੇਕਰ ਤੁਸੀਂ ਦੂਜੇ ਦਿਨ ਹੀ ਚਲੇ ਜਾਂਦੇ ਤਾਂ ਮੈਂ ਵੀ ਵੇਖਦਾ ਤਾਂ ਤੁਸੀਂ ਵੀ ਵੇਖ ਲੈਂਦੇ ਕਿ ਹਾਈ ਕੋਰਟ ਨੇ ਕੀ ਕੁਝ ਕਰਨਾ ਸੀ । ਹਾਂ ਜੇ ਕਰ ਹਾਈ ਕੋਰਟ ਫੇਰ ਵੀ ਛਡ ਦਿੰਦੀ ਤਾਂ ਵੀ ਮੈਂ ਉਸ ਦੇ ਫੈਸਲੇ ਅਗੇ ਸਿਰ ਝੁਕਾਉਂਦਾ ।

ਆਵਾਜ਼ਾਂ : ਹੋਰ ਤੁਸੀਂ ਕਰ ਵੀ ਕੀ ਸਕਦੇ ਸੀ । (*noise*)

ਮੁੱਖ ਮੰਤ੍ਰੀ: ਚਾਰ ਪੰਜ ਮਹੀਨੇ ਬਾਅਦ ਤੁਸੀਂ ਗਏ ਹੋ ਤਾਂ ਫੇਰ ਇਹ ਹਾਲਾਤ ਮੁਤਾਬਕ ਘਟੀ ਹੈ । ਫੇਰ ਜਦੋਂ ਕਿ ਇਕ Advocate ਖੜਾ ਹੋ ਕੇ ਕਹਿ ਦੇਵੇ ਕਿ ਅਸੀਂ ਜ਼ਿਮੇਵਾਰੀ ਲੈਂਦੇ ਹਾਂ ਤਾਂ ਹਾਈ ਕੋਰਟ ਦੇ Judges ਨੂੰ ਕੁਝ ਨਰਮੀ ਕਰਨੀ ਹੀ ਪੈਂਦੀ ਹੈ । ਤੇ ਮੈਂ ਅਰਜ਼ ਕਰਦਾ ਹਾਂ ਕਿ ਮੈਂ ਜੇਕਰ ਉਸ ਵਕਤ ਇਸ ਤਰ੍ਹਾਂ ਨਾ ਕਰਦਾ ਤਾਂ ਲੋਕਾਂ ਕੋਲੋਂ ਗਾਲ੍ਹਾਂ

[ਮੁੱਖ ਮੰਤ੍ਰੀ]

ਖਾਂਦਾ ਕਿ ਮੈਂ ਅਮਨ ਦੀ ਰਖਿਆ ਕਰਨ ਵਿਚ ਕੋਤਾਹੀ ਕੀਤੀ ਹੈ । ਸਿਆਣੇ ਕਹਿੰਦੇ ਹਨ ਕਿ ਜੇਕਰ ਵਕਤ ਸਿਰ ਇਕ ਤੋਪਾ ਨਾ ਲਗੇ ਫੇਰ 10 ਤੋਪੇ ਲਾਉਣੇ ਪੈਂਦੇ ਹਨ (ਹਾਸਾ) ਫੇਰ ਅਸੀਂ ਜਿਨ੍ਹਾਂ ਨੂੰ ਫੜਿਆ ਉਨ੍ਹਾਂ ਨੂੰ ਚੰਗੀ ਤਰ੍ਹਾਂ ਰਖਿਆ ਹੈ ਔਖੇ ਨਹੀਂ ਹੋਣ ਦਿੱਤਾ । ਜਦੋਂ ਕਿਸੇ ਨੇ ਕਿਹਾ ਕਿ ਗ਼ਲਤੀ ਹੋ ਗਈ ਹੈ ਤਾਂ ਕਿਹਾ ਘਰ ਨੂੰ ਜਾਹ ਅਤੇ ਦੂਜਿਆਂ ਨੂੰ ਵੀ ਜਾ ਕੇ ਸਮਝਾ, ਕਿ ਇਹ ਗ਼ਲਤੀ ਨਾ ਕਰਨ (*Interruptions*) ਇਕ ਮੈਂਬਰ ਨੇ ਕਿਹਾ ਕਿ ਦਫਾ 107 ਦੇ ਇਤਨੇ ਹਜ਼ਾਰ ਚਲਾਨ ਹੋਏ । ਮੈਂ ਕਹਿੰਦਾ ਹਾਂ ਕਿ ਐਜੀਟੇਸ਼ਨ period ਨੂੰ ਹੀ ਕਿਉਂ ਗਿਣਦੇ ਹੋ । ਜਿਹੜੇ ਪਕੜੇ ਹਨ ਕੋਰਟ ਤੋਂ warrant ਲੈ ਕੇ ਪਕੜੇ ਹਨ ਅਤੇ ਜੇ ਕਰ ਨਾ ਪਕੜਦੇ ਤਾਂ ਫੇਰ ਵੇਖਦੇ ਕਿ ਇਹ ਕਿਤਨਾ ਘੱਲੂ ਘਾਰਾ ਕਰਦੇ ਅਤੇ ਮੈਨੂੰ ਦੇਸ਼ ਕਦੇ ਮੁਆਫ ਨਾ ਕਰਦਾ । ਜਿਹੜੇ ਇਸ ਪਾਸੇ ਬੈਠੇ ਹਨ ਅਤੇ ਉਸ ਪਾਸੇ ਵੀ ਜੋ ਸਾਡੇ ਪੁਰਾਣੇ ਸਾਥੀ ਬੈਠ ਗਏ ਹਨ ਉਨ੍ਹਾਂ ਨੂੰ ਦੇਸ਼ ਨਾਲ ਪਿਆਰ ਹੈ ਅਤੇ ਉਹ ਵੀ ਬਰਦਾਸ਼ਤ ਨਾ ਕਰਦੇ ਕਿ ਪੰਜਾਬ ਵਿਚ ਗੜ ਬੜ ਹੁੰਦੀ । ਲੇਕਿਨ ਉਨ੍ਹਾਂ ਨੂੰ ਪੰਜਾਬ ਨਾਲ ਦਰਦ ਨਹੀਂ ਸੀ ਜਿਹੜੇ service ਤੋਂ retire ਹੋ ਕੇ ਸਿਆਸਤ ਵਿਚ ਆ ਗਏ ਹਨ (noise) ਮੈਨੂੰ ਕਹਿੰਦੇ ਹਨ ਕਿ ਮੈਂ Judiciary ਨੂੰ Executive ਨਾਲੋਂ ਜੁਦਾ ਕਰਕੇ ਹਾਈ ਕੋਰਟ ਥਲੇ ਕਿਉਂ ਨਹੀਂ ਕਰਦਾ । ਠੀਕ ਹੈ ਹਾਈ ਕੋਰਟ ਤੇ ਸਭ ਨੂੰ ਯਕੀਨ ਹੈ ਲੇਕਿਨ ਜੇਕਰ ਕੋਈ ਆਦਮੀ ਹਾਈ ਕੋਰਟ ਦੀ ਨਿਰਪਖ ਤੇ ਉਚੀ ਕੁਰਸੀ ਤੋਂ ਉਤਰ ਕਰ ਕੇ, ਫਿਰਕਾਦਾਰ ਪਾਰਟੀ ਵਿਚ ਸ਼ਾਮਲ ਹੋ ਜਾਵੇ ਤਾਂ ਫੇਰ ਲੋਕਾਂ ਨੂੰ ਯਕੀਨ ਕਿਸ ਤਰ੍ਹਾਂ ਰਹੇਗਾ (cheers) (*Interruptions and noise*) ਠੀਕ ਹੈ ਵਿਧਾਨ ਵਿਚ ਕੋਈ ਇਸ ਦੀ hitch ਨਹੀਂ ਲੇਕਿਨ, ਸਪੀਕਰ ਸਾਹਿਬ, ਕੋਈ convention ਵੀ ਤਾਂ ਹੋਣੀ ਚਾਹੀਦੀ ਹੈ । ਜੋ ਆਦਮੀ ਇਤਨੇ ਉਚੇ ਥਾਂ ਤੇ ਰਿਹਾ ਹੋਵੇ ਜਿਸ ਦੇ ਹਥ ਵਿਚ ਇਨਸਾਫ ਦੀ ਤੱਕੜੀ ਰਹੀ ਹੋਵੇ ਅਤੇ ਜਿਸ ਦਾ ਕੰਮ ਬਗੈਰ ਮਜ਼ਹਬੋ ਮਿਲਤ ਦੇ ਇਨਸਾਫ ਵੰਡਣਾ ਹੋਵੇ ਉਸ ਨੂੰ ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ ਸੀ ਕਿ ਉਹ ਇਸ level ਤੇ ਆ ਜਾਵੇ । ਮੇਰੇ ਵਰਗਾ ਆਦਮੀ ਜੇ ਕਰਦਾ ਤਾਂ ਕਾਬਲੇ ਮੁਆਫੀ ਸੀ ਕਿਉਂ ਜੋ ਮੈਂ ਹਾਈ ਕੋਰਟ ਦਾ ਜਜ ਤਾ ਕੁਜਾ ਮਾਮੂਲੀ ਜੱਜ ਵੀ ਨਹੀਂ ਰਿਹਾ ਲੇਕਿਨ ਮੈਨੂੰ ਫੇਰ ਵੀ ਗੁਰੂ ਮਹਾਰਾਜ ਨੇ ਸਮਝ ਦਿੱਤੀ ਹੋਈ ਹੈ । ਮੇਰੇ ਪੈਪਸੂ ਦੇ ਵੀਰ ਗੁੱਸਾ ਨਾ ਕਰਨ ਜੇ ਮੈਂ ਇਹ ਕਹਾਂ ਕਿ ਤੁਹਾਡੇ ਪੈਪਸੂ ਵਿਚ ਤਾਂ ਤੁਸੀਂ ਕਹਿੰਦੇ ਹੋ Judiciary ਤੇ Executive ਜੁਦਾ 2 ਸਨ ਪਰ ਫੇਰ ਤੁਸੀਂ ਇਹ ਗਿਲਾ ਕਿਉਂ ਕਰਦੇ ਹੋ ਕਿ ਉਥੇ ਅਦਾਲਤਾਂ ਰਾਹੀਂ ਮੁਜ਼ਾਰੇ ਬੇਦਖਲ ਕੀਤੇ ਗਏ । ਮੈਨੂੰ ਤੁਸੀਂ ਦਸੋ ਕਿ ਜਿਨ੍ਹਾਂ ਮੁਜ਼ਾਰਿਆਂ ਦਾ ਕਮਿਊਨਿਸਟ ਵੀਰ ਰੋਣਾ ਰੋਂਦੇ ਹਨ ਤੇ ਸੰਧੂ ਸਾਹਿਬ ਗਿਲਾ ਕਰਦੇ ਹਨ ਉਨ੍ਹਾਂ ਨਾਲ ਧੱਕਾ ਕਿਨ੍ਹਾਂ ਨੇ ਕੀਤਾ ਹੈ ? ਤੁਸੀਂ ਖੁਦ ਹੀ ਕਹਿੰਦੇ ਹੋ ਕਿ ਉਨ੍ਹਾਂ ਅਦਾਲਤਾਂ ਨੇ ਧੱਕਾ ਕੀਤਾ ਹੈ । ਹੁਣ ਸਾਨੂੰ ਤੁਸੀਂ ਕੀ ਕਹਿੰਦੇ ਹੋ ? ਇਸ ਦੇ ਨਾਲੋਂ ਸੌਖਾ ਮੇਰੇ ਲਈ ਕੋਈ ਬਹਾਨਾ ਨਹੀਂ । ਕੋਰਟ ਨੇ ਫੈਸਲਾ ਕੀਤਾ ਹੈ । ਜਨਾਬ, Feudal ਆਦਮੀਆਂ ਨੇ, ਅਹਿਲਕਾਰਾਂ ਨੇ, ਰਾਜਿਆਂ ਦੇ ਅਹਿਲਕਾਰਾਂ ਨੇ Judiciary ਬਣਾ ਦਿੱਤੀ । ਹਾਈ ਕੋਰਟ ਵਾਲੇ ਅਜਿਹੇ ਲੋਕਾਂ ਨੂੰ ਕਿਧਰ ਲਈ ਫਿਰਨਗੇ । ਸਿਫਾਰਸ਼ਾਂ ਨਾਲ ਕਰ ਕਰਾ ਕੇ ਉਨ੍ਹਾਂ ਦੇ ਮੁਕਦਮਿਆਂ ਦੇ ਫੈਸਲੇ ਕਰਾਏ ਜਾਣ, ਮੁਜ਼ਾਰੇ ਕਢੇ ਜਾਣ, ਉਨ੍ਹਾਂ ਨੂੰ ਇਨਸਾਫ ਨਾ ਮਿਲੇ ਤਾਂ ਕੀ ਕੀਤਾ ਜਾਏ । ਜੇ ਸਾਨੂੰ ਕਹੋ ਤਾਂ ਭਲਕੇ ਪੰਜਾਬ ਵਿਚ Cabinet ਨੂੰ ਮਨਾ ਕੇ ਕਰ ਦਿਆਂਗਾ । ਅਫਸਰਾਂ ਵਿਚ Communalism ਨਹੀਂ ਛਡਣੀ । ਜਿਸ ਤੇ ਸ਼ੁਬ੍ਹਾ ਹੈ ਉਸ ਨੂੰ ਠੀਕ ਕਰਾਂਗੇ । ਮੈਨੂੰ ਪਤਾ ਲਗ ਜਾਏ ਕਿ ਜਿਹੜੇ ਸਰਵਿਸਾਂ ਵਿਚ ਆਉਂਦੇ ਹਨ ਉਹ ਧਰਮ ਦੇ ਨਾਉਂ ਤੇ ਕੰਮ ਕਰਦੇ ਹਨ ਤਾਂ ਇਹ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ । ਜਿਹੜਾ ਇਸ ਤਰ੍ਹਾਂ ਸਿਫਾਰਸ਼ਾਂ ਮੰਨੇ ਉਹ ਮੇਰੇ

ਕੋਲੋਂ ਨਹੀਂ ਝਲਿਆ ਜਾਂਦਾ । ਕੀ ਇਸ ਤਰ੍ਹਾਂ ਇਸ ਹਾਊਸ ਵਿਚ ਬਦਨਾਮ ਹੋਈਏ ? ਜੇ ਕੋਰਟ ਨੇ ਕੀਤਾ ਹੈ ਤਾਂ ਅਸੀਂ ਕੀ ਕਰ ਸਕਦੇ ਹਾਂ । ਇਹ transitional period ਹੈ ।

ਸਰਦਾਰ ਗੁਰਨਾਮ ਸਿੰਘ: ਕੀ ਇਹ ਸੌ ਸਾਲ ਰਹੇਗਾ ?

ਮੁੱਖ ਮੰਤਰੀ: ਜੇ ਇਨ੍ਹਾਂ ਵਰਗੇ ਆਦਮੀ ਸਮਝਣ ਲਗ ਜਾਣਗੇ ਤਾਂ ਉਹ ਸਮਾਂ ਛੇਤੀ ਆ ਜਾਏਗਾ । ਜਿੰਨਾਂ ਚਿਰ ਗਰੰਟੀ ਨਹੀਂ ਕਰਦੇ, ਜਨਤਾ ਵਿਚੋਂ ਅਤੇ ਅਫਸਰਾਂ ਵਿਚੋਂ Communalism ਨਹੀਂ ਕਢਾਂਗੇ ਉਤਨਾ ਚਿਰ ਕੰਮ ਠੀਕ ਨਹੀਂ ਹੋ ਸਕਦਾ । ਜਿਥੇ ਸਾਨੂੰ ਪਤਾ ਲਗ ਜਾਏ ਅਸੀਂ ਉਸ ਅਫਸਰ ਨੂੰ ਬਦਲ ਦਿੰਦੇ ਹਾਂ । ਅਸੀਂ ਜਜ ਦੇ ਫੈਸਲੇ ਨੂੰ ਨਹੀਂ ਆਖਦੇ ਕਿ ਉਹ ਗ਼ਲਤ ਹੈ । Executive ਦੇ ਫੈਸਲੇ ਵਿਚ ਕਿਉਂ ਨਾ ਆਖੀਏ ? ਕੰਮਿਊਨਿਸਟ ਪਾਰਟੀ ਦੇ ਜਿਹੜੇ ਸਜਣ ਅਗਲੇ ਬੈਂਚ ਤੇ ਬੈਠੇ ਹਨ ਉਨ੍ਹਾਂ ਦਾ ਕੋਈ ਕੰਮ ਨਹੀਂ ਸਿਵਾਏ ਇਸ ਦੇ ਕਿ ਉਨ੍ਹਾਂ ਨੇ ਆਪਣਾ ਇਕ nucleus ਬਣਾਇਆ ਹੋਇਆ ਹੈ ਅਫਸਰਾਂ ਦੇ ਨਾਲ । ਉਨ੍ਹਾਂ ਨੂੰ ਹੋਰ ਪੱਕਿਆਂ ਕਰਨ ਦੀ ਖਾਤਰ ਸਾਡੇ ਨਾਲੋਂ ਵੀ ਜ਼ਿਆਦਾ ਉਨ੍ਹਾਂ ਦੀ ਤਾਰੀਫ ਕਰਦੇ ਹਨ । ਉਹ ਇਸ ਕਰਕੇ ਕਰਦੇ ਹਨ ਕਿ ਇਨ੍ਹਾਂ ਨੇ ਉਨ੍ਹਾਂ ਤੋਂ ਨਾਜਾਇਜ਼ ਕੰਮ ਕਰਾਉਣੇ ਹਨ । ਇਨ੍ਹਾਂ ਨੇ ਦਫਤਰਾਂ ਵਿਚ nucleus ਬਣਾਏ ਹੋਏ ਹਨ । ਕੋਈ nucleus ਨਹੀਂ ਰਹਿਣ ਦੇਣਾ—ਨਾ ਜਨ ਸੰਘ ਦਾ, ਨਾ ਕਮਿਊਨਿਸਟਾਂ ਦਾ, ਨਾ ਅਕਾਲੀਆਂ ਦਾ ਤੇ ਨਾ ਕਿਸੇ ਹੋਰ ਦਾ । (ਚੌਧਰੀ ਦੇਵੀ ਲਾਲ ਵਲੋਂ ਵਿਘਨ) ਦੇਵੀ ਲਾਲ ਹੋਰੀਂ ਕਹਿਣਗੇ ਕਿ independents ਦਾ ਨਾਉਂ ਕਿਉਂ ਨਹੀਂ ਲਿਆ । ਇਹ ਤਾਂ ਊਠ ਦੇ ਬੁਲ੍ਹ ਵਾਂਗੂ ਹਨ । Independents ਨੂੰ ਨਕੇਲ ਨਹੀਂ, ਬਾਕੀ ਸਾਰਿਆਂ ਨੂੰ ਨਕੇਲ ਹੈ । ਇਹ ਤਾਂ ਮੁਖ਼ਤਲਿਫ ਢੰਗ ਦੇ ਆਦਮੀ ਹਨ । ਇਨ੍ਹਾਂ ਵਿਚੋਂ ਕਈ ਇਕ ਸਜਣ ਆਪਣੀ ਸ਼ਖ਼ਸੀਅਤ ਦੇ ਸਿਰ ਤੇ ਜਿਤ ਕੇ ਆਏ ਹਨ । ਪਰ ਜਿਥੋਂ ਤਕ ਚੌਧਰੀ ਦੇਵੀ ਲਾਲ ਦਾ ਤਅੱਲੁਕ ਹੈ ਇਹ ਜਿਥੋਂ ਇਨ੍ਹਾਂ ਨੂੰ ਕਿਹਾ ਸੀ ਉਥੋਂ ਨਹੀਂ ਖੜ੍ਹੇ ਹੋਏ । ਜੇ ਓਥੋਂ ਖੜ੍ਹੇ ਹੁੰਦੇ ਤਾਂ ਫੇਰ ਕਿਵੇਂ ਆ ਜਾਂਦੇ ? ਜਿਥੇ ਬਾਗੜੀਏ ਤੇ ਬਿਸ਼ਨੋਈ ਸਨ ਉਥੇ ਫਰਕ ਪੈ ਗਿਆ ਤੇ ਜਨ ਸੰਘ ਦੀ ਮਦਦ ਨਾਲ ਪੰਜ ਸੱਤ ਹਜ਼ਾਰ ਵੋਟਾਂ ਨਾਲ ਆਏ ਹਨ । (ਵਿਘਨ, ਸ਼ੋਰ) ਅਸੀਂ ਫਿਰਕਾਦਾਰੀ ਤੇ agitations ਦਾ ਮੁਕਾਬਲਾ ਕੀਤਾ ਹੈ । ਜਿੰਨਾ ਪੈਸਾ ਮਾਸਟਰ ਤਾਰਾ ਸਿੰਘ ਗੱਡੀਆਂ ਵਿਚ ਰੱਖੀਂ ਪਿੰਡ ੨ ਫਿਰਦਾ ਸੀ ਉਹ ਕਦੇ ਫੇਰ ਦੱਸਾਂਗਾ । Agitations ਨੂੰ ਦਬਾਉਣ ਵਿਚ ਸਾਡੀ ਸਰਕਾਰ ਕਾਮਿਆਬ ਹੋਈ ਹੈ । ਫ਼ਤਹਿ-ਆਬਾਦ ਵਾਲਾ ਆਨਰੇਬਲ ਮੈਂਬਰ ਕਹਿੰਦਾ ਸੀ ਕਿ ਮੈਨੂੰ ਸਰਸੇ ਤੋਂ ਖੜ੍ਹਾ ਨਾ ਕਰੋ, ਫਤਿਹ-ਆਬਾਦ ਤੋਂ ਖੜ੍ਹਾ ਕਰੋ, ਮੈਂ ਸਰਸੇ ਤੋਂ ਨਹੀਂ ਜਿਤ ਸਕਦਾ। ਹੁਣ ਉਹ ਇਥੇ ਇਸ ਤਰ੍ਹਾਂ ਬੋਲਦੇ ਹਨ । ਹਾਈ ਕਮਾਂਡ ਨੂੰ ਕਹਿ ਕੇ ਹੋਰ ਥਾਂ ਤੋਂ ਟਿਕਟ ਲਿਆ ।

ਚੌਧਰੀ ਦੇਵੀ ਲਾਲ: ਕੀ ਤੁਸੀਂ ਜਿਤ ਕੇ ਆਏ ਹੋ ? ਮੈਂ ਭਾਵੇਂ ਕਿਸੇ ਥਾਂ ਤੋਂ ਟਿਕਟ ਲਿਆ। ਕੀ ਸਰਹਾਲੀ ਤੋਂ ਲੜਾਂ ?

ਮੁੱਖ ਮੰਤਰੀ: ਇਹ ਵੀ ਕਿਹਾ ਗਿਆ ਕਿ Ordinance ਜਾਰੀ ਕਰ ਦਿੱਤਾ, ਇਸ ਤਰ੍ਹਾਂ constitution ਨੂੰ ਮਾਰ ਦਿੱਤਾ । ਸਾਡੀ ਇਕ Press Statement ਹੈ, ਮੈਂ ਉਸ ਵਿਚੋਂ ਪੜ੍ਹ ਕੇ ਸੁਣਾਉਂਦਾ ਹਾਂ ।

> "Government is most anxious to preserve the sanctity of places of worship but at the same time cannot permit their misuse for advancing political agitations, exhorting people to defy law, affording refuge and protection to proclaimed offenders and persons against whom security proceedings have been initiated and their apprehension has been ordered. Commission of crime inside the places of worship has no protection in law and in fact such a crime is most condemnable.

[ਮੁੱਖ ਮੰਤਰੀ]

* * * * *

Government feel that such unlawfull of activities should be taken serious notice of and dealt with firmly. As the existing provisions of law were not sufficiently deterrent, an Ordinance to supplement the Criminal Law was promulgated and since passed as Act. Its main feature is to provide enhanced punishment for :—

(i) giving assistance to offenders to avoid their apprehension ;

(ii) disobedience of proclamations under section 87 Criminal Procedure Code ;

(iii) instigation, incitement or encouragement of disobedience of orders under section 144 Criminal Procedure Code ;

(iv) giving of false name, parentage or place of residence during investigation and trial of certain offences."

ਇਸ ਨੂੰ ਤੱਕੋ। ਇਹ Law and order ਸੀ। ਅਸੀਂ ਇਹ ਚੀਜ਼ ਨਹੀਂ ਕਰਦੇ ਜਦੋਂ ਤਕ ਲੋੜ ਨਾ ਪਵੇ। ਮੈਂ ਤੁਹਾਨੂੰ ਦਸਦਾ ਹਾਂ ਕਿ ਕਿਸੇ ਨੂੰ ਐਵੇਂ ਫੜ ਕੇ ਅੰਦਰ ਕਿਉਂ ਸੁਟਿਆ ਜਾਏ। ਇਹ ਸੱਚ ਹੈ ਕਿ ਅਸੀਂ ਚਾਹੁੰਦੇ ਹਾਂ ਕਿ ਕੋਈ ਵੀ ਗਰਿਫਤਾਰ ਨਾ ਹੋਵੇ ਲੇਕਿਨ ਜਦੋਂ ਲੋਕ ਪੰਜਾਬ ਦੇ ਵਾਯੂ ਮੰਡਲ ਨੂੰ ਖਰਾਬ ਕਰਨ ਲਈ ਤੁਲੇ ਹੋਏ ਹੋਣ ਤਾਂ ਮਜਬੂਰੀ ਹੈ, ਹੋਰ ਕੋਈ ਚਾਰਾ ਨਹੀਂ। ਕੀ ਆਜ਼ਾਦੀ ਤੋਂ ਪਹਿਲਾਂ ਅੰਗਰੇਜ਼ਾਂ ਦੇ ਵੇਲੇ ਕੋਈ ਫੜਦਾ ਨਹੀਂ ਸੀ? ਇਹ ਆਪਣੀ ਸਰਕਾਰ ਦੇ ਗਲ ਪੈਣਾ ਚਾਹੁੰਦੇ ਹਨ। ਇਹ ਵੀ ਅਸੀਂ ਉਸ ਵੇਲੇ ਕਰਦੇ ਹਾਂ ਜਦੋਂ ਸਮਝਦੇ ਹਾਂ ਕਿ ਆਦਮੀ ਅੰਦਰੋਂ ਹੀ ਫੜਿਆ ਜਾਂਦਾ ਹੈ। ਜੇ ਫੜਦੇ ਹਾਂ ਤਾਂ ਉਹ ਕੋਈ ਗਵਾਹ ਨਹੀਂ ਭੁਗਤਣ ਦਿੰਦੇ, ਗਲਤ ਨਾਉਂ ਦਸਦੇ ਹਨ। ਇਹ ਸਾਰੀਆਂ ਚੀਜ਼ਾਂ ਨੂੰ ਮੁੱਖ ਰਖ ਕੇ ਕੀਤਾ ਹੈ। ਮੈਂ ਹਾਊਸ ਵਿਚ ਆਖਿਆ ਸੀ ਕਿ ਧਰਮ ਦਾ ਨਾਉਂ ਲਓ ਤੇ ਇਸ ਨੂੰ ਸਿਆਸਤ ਨਾਲ ਨਾ ਜੋੜੋ, ਮੈਂ ਸਿਆਸਤ ਕੱਲ੍ਹ ਛਡ ਦਿਆਂਗਾ। ਮੈਂ ਆਪੋਜ਼ੀਸ਼ਨ ਦੇ ਆਦਮੀਆਂ ਨੂੰ ਆਖਿਆ ਸੀ ਕਿ ਗੁਰਦੁਆਰਿਆਂ ਵਿਚੋਂ ਅਜਿਹੇ ਆਦਮੀਆਂ ਨੂੰ ਕਢ ਦਿਓ ਭਲਕੇ ਆਰਡੀਨੈਂਸ ਵਾਪਸ ਲੈ ਲੈਂਦਾ ਹਾਂ, ਜਿਹੜਾ ਬਾਅਦ ਵਿਚ ਐਕਟ ਬਣ ਗਿਆ। ਇਨ੍ਹਾਂ ਦੀ ਪਾਰਟੀ ਦੇ ਆਦਮੀ ਬਰੀ ਹੋ ਗਏ। ਕੋਈ ਕਿਸੇ ਨੂੰ ਫੜਦਾ ਨਹੀਂ, ਕੋਈ ਖਿਆਲ ਨਹੀਂ। ਏਥੋਂ ਤਕ ਹੀ ਗਲਾਂ ਹਨ ਅਜੇ ਮੈਂ agitations ਦੀਆਂ ਗਰਿਫਤਾਰੀਆਂ ਵਿਚ ਨਹੀਂ ਜਾਂਦਾ। ਅਜੇ ਮੈਂ ਸੰਤ ਫਤਿਹ ਸਿੰਘ ਦੀ ਭੁਖ ਹੜਤਾਲ ਤੇ ਮਾਸਟਰ ਤਾਰਾ ਸਿੰਘ ਦੀ ਭੁਖ ਹੜਤਾਲ ਬਾਰੇ ਨਹੀਂ ਕਿਹਾ। ਜੋ ਕੁਛ ਉਨ੍ਹਾਂ ਪੰਜਾਬੀ ਸੂਬੇ ਦੀ agitation ਵੇਲੇ ਕਿਹਾ ਸੀ ਉਹ ਨਹੀਂ ਦੱਸਿਆ। (ਚੌਧਰੀ ਦੇਵੀ ਲਾਲ: ਹੋਰ ਕੁਛ ਕਹਿਣਾ ਹੈ?) ਜੋ ਨਾਲ ਰਹਿ ਕੇ ਸਿਖਾਇਆ ਹੈ ਉਹੀ ਕਹਿਣਾ ਹੈ (ਹਾਸਾ) ਜੇ ਦੋ ਚਾਰ ਦਿਨਾਂ ਬਾਅਦ ਏਧਰ ਹੀ ਆਉਣਾ ਹੈ ਤਾਂ ਫਿਰ ਉਧਰ ਕਿਉਂ ਡਿਗੇ। ਮੈਨੂੰ ਪਤਾ ਹੈ ਜਿਨ੍ਹਾਂ ਆਦਮੀਆਂ ਨੇ ਏਧਰ ਆਉਣਾ ਹੈ ਉਨ੍ਹਾਂ ਨੇ ਹੁਣੇ ਹੀ ਕਹਿ ਦਿਤਾ ਹੈ।

ਮੈਨੂੰ ਤਾਂ ਪਤਾ ਹੈ ਕਿ ਰਾਏ-ਕੋਟ ਦੇ ਆਗੂ ਨੇ ਕੁਝ ਚਿਰ ਹੋਰ ਆਪੋਜ਼ੀਸ਼ਨ ਵਿਚ ਰਹਿਣਾ ਹੈ। ਮੈਂ ਚਾਹੁੰਦਾ ਵੀ ਹਾਂ ਕਿ ਉਥੇ ਉਹ ਰਹਿਣ ਕਿਉਂਕਿ ਸਿਆਣੇ ਹਨ ਅਤੇ ਕਦੋਂ ਤਕ ਉਨ੍ਹਾਂ ਪਾਸੋਂ ਗ਼ਲਤ ਮਲਤ ਗਲਾਂ ਸੁਣਦੇ ਰਿਹਾ ਕਰਾਂਗੇ। ਸਪੀਕਰ ਸਾਹਿਬ, ਇਨ੍ਹਾਂ ਦਿਨਾਂ ਦੀ ਗਿਣਤੀ ਤਾਂ ਇਕ ਮਾਮੂਲੀ upsurge ਹੈ। I can understand it ਰੂਸ, ਅਮਰੀਕਾ ਵਿਚ, ਫਰਾਂਸ ਵਿਚ, ਇਟਲੀ ਵਿਚ ਅਤੇ ਹਰ ਦੇਸ਼ ਵਿਚ ਦਸਾਂ ਵੀਹਾਂ ਵਰ੍ਹਿਆਂ ਬਾਅਦ vested interests ਇਕੱਠੇ ਹੋ ਕੇ, ਸਾਰੇ extremists ਰਲ ਕੇ ਇਕ ਅੰਦੋਲਨ ਖੜਾ ਕਰ ਦਿੰਦੇ ਹਨ। ਜੇਕਰ ਦੇਸ਼ ਸੰਭਲ ਜਾਵੇ ਤਾਂ ਬਹੁਤ ਤਰੱਕੀ ਕਰਦਾ ਹੈ ਤੇ ਜੇਕਰ ਨਾ ਸੰਭਲੇ ਤਾਂ ਉਜੜ ਜਾਂਦਾ ਹੈ। ਚੀਨ ਵਿਚ ਚਿਆਂਗ ਦੇ ਜਾਣ ਤੇ ਕੀ ਹੋਇਆ ਕਮਿਊਨਿਸਟ ਪਾਰਟੀ ਨੇ 10–15 ਸਾਲਾਂ ਵਿਚ ਕਿਤੇ

ਸਿਰ ਚੁਕਿਆ ਤਾਂ ਦਬਾ ਦਿਤੀ ਗਈ। ਹਰ ਦੇਸ਼ ਵਿਚ ਇਸ ਤਰ੍ਹਾਂ ਦੀ upsurge ਹੁੰਦੀ ਹੈ। ਰੂਸ ਵਿਚ ਕੀ ਹੋਇਆ, ਇਟਲੀ ਵਿਚ ਕੀ ਹੋਇਆ, ਫਰਾਂਸ ਵਿਚ ਕੀ ਹੋਇਆ ਸਾਡੇ ਦੇਸ਼ ਵਿਚ ਕੀ ਹੋ ਰਿਹਾ ਹੈ ? ਦਸਾਂ ਵੀਹਾਂ ਸਾਲਾਂ ਵਿਚ ਵਿਰੋਧੀ ਪਾਰਟੀਆਂ ਇਕਠੀਆਂ ਹੋ ਕੇ ਮੁਖਾਲਫਿਤ ਕਰਦੀਆਂ ਹਨ ਅਤੇ ਇਸ ਤਰ੍ਹਾਂ ਅਪੋਜ਼ੀਸ਼ਨ ਦੀ ਗਿਣਤੀ ਵਧ ਜਾਂਦੀ ਹੈ । ਇਹ ਤਾਂ ਇਕ historical fact ਹੈ ਇਸ ਨੂੰ ਕੋਈ deny ਨਹੀਂ ਕਰ ਸਕਦਾ । ਇਹ ਇਕ ਤਰ੍ਹਾਂ ਦਾ historical process ਹੈ । ਇਸ ਨਾਲ ਦੇਸ਼ ਦੀ ਸੁਤੰਤਰਤਾ ਵਿਚ ਫਰਕ ਨਹੀਂ ਪੈਂਦਾ । ਅਸੀਂ ਆਪਣੇ ਸੂਬੇ ਵਿਚ ਇਸ ਤਰ੍ਹਾਂ ਦੇ ਵਿਚਾਰਾਂ ਨੂੰ ਸਦਾ ਲਈ ਖਤਮ ਕਰਨ ਲਈ ਹਰ ਪਾਸੇ ਤਰੱਕੀ ਕਰ ਰਹੇ ਹਾਂ ਭਾਵੇਂ ਕੋਈ ਜ਼ਿਮੀਂਦਾਰ ਹੋਵੇ ਜਾਂ ਛੋਟੇ ਕਾਰਖਾਨੇਦਾਰ ਹੋਣ, ਸਾਨੂੰ ਚਾਹੀਦਾ ਹੈ ਸਾਰਿਆਂ ਨੂੰ ਨਾਲ ਮਿਲਾ ਕੇ ਦੇਸ਼ ਦੀ ਤਰੱਕੀ ਵਿਚ ਹਿਸਾ ਪਾਈਏ ਅਤੇ ਇਹੋ ਜਿਹੇ ਸਮੇਂ ਨੂੰ ਸੰਭਾਲ ਲਈਏ ਤਾਂ ਹੀ ਮੇਰਾ ਦੇਸ਼ ਤਰੱਕੀ ਕਰ ਸਕਦਾ ਹੈ । ਪੰਜਾਬ ਇਕ ਬਾਰਡਰ ਦਾ ਸੂਬਾ ਹੈ ਅਤੇ ਮੈਂ ਜਾਂ ਇਹ ਸਰਕਾਰ ਕਦੇ ਵੀ ਇਹ ਬਰਦਾਸ਼ਤ ਨਹੀਂ ਕਰ ਸਕਦੀ ਕਿ ਇਸ ਤਰ੍ਹਾਂ ਦੀਆਂ ਵੰਡੀਆਂ ਪਾਉਣ ਲਈ ਕੋਈ ਕਾਰਵਾਈ ਕੀਤੀ ਜਾਵੇ ਅਤੇ ਸੂਬੇ ਦੀ ਫਿਜ਼ਾ ਨੂੰ ਖਰਾਬ ਕਰ ਦਿਤਾ ਜਾਵੇ ਜਿਥੇ ਕੰਮ ਠੀਕ ਨਹੀਂ ਕੀਤਾ ਉਥੇ ਤੁਸੀਂ opposition ਵਲੋਂ ਸ਼ੋਭਾ ਨਾ ਦਿਉ ਨਾ ਸਹੀ ਪਰ ਇਹ ਗਲ ਮੰਨਣ ਤੋਂ ਤੁਹਾਨੂੰ ਇਨਕਾਰ ਨਹੀਂ ਕਰਨਾ ਚਾਹੀਦਾ ਕਿ ਜੋ agitation ਅੰਮ੍ਰਿਤਸਰ ਵਿਚ ਚਲੀ, ਜੋ ਗੜ ਬੜ ਪਾਣ ਦਾ ਯਤਨ ਅੰਮ੍ਰਿਤਸਰ ਵਿਚ ਕੀਤਾ ਗਿਆ ਉਹ ਇਸ ਸਰਕਾਰ ਨੇ ਉਸ ਸ਼ਹਿਰ ਦੇ ਤੰਗ ਜਿਹੇ ਦਾਇਰੇ ਤੋਂ ਬਾਹਰ ਨਹੀਂ ਜਾਣ ਦਿਤੀ। ਖੁਸ਼ਬਖਤ ਰਾਏ ਨੂੰ ਮਾਰ ਕੇ ਇਹ ਕੋਸ਼ਿਸ਼ ਕੀਤੀ ਗਈ ਕਿ ਫਿਜ਼ਾ ਨੂੰ ਹੋਰ ਵਿਗਾੜਿਆ ਜਾਵੇ ਪਰ ਸਰਕਾਰ ਨੇ ਇਸ ਗਲ ਦਾ ਯਤਨ ਕੀਤਾ ਅਤੇ ਸਫਲ ਰਹੀ ਕਿ ਇਸ ਗੜ ਬੜ ਨੂੰ ਬਾਹਰ ਨਹੀਂ ਜਾਣ ਦਿਤਾ ਅਤੇ ਸੂਬੇ ਵਿਚ ਵੀ ਫੈਲਣ ਤੋਂ ਰੋਕ ਲਿਆ। ਮੈਂ ਵਕਤ ਆਉਣ ਤੇ ਦਸਾਂਗਾ ਕਿ ਕਿਥੇ ਇਨ੍ਹਾਂ ਨੇ ਪਟਰੌਲ ਦੇ ਟੀਨ ਰਖੇ ਹੋਏ ਸਨ (ਵਿਘਨ) ਜਦੋਂ ਇਸ ਗਲ ਦਾ ਵਕਤ ਆਵੇਗਾ ਤਾਂ ਆਪ ਨੂੰ ਦਸਾਂਗਾ ਜਾਂ ਜਦੋਂ ਅਕਾਲੀ ਗਰੁਪ ਦੇ ਲੀਡਰ ਵਲੋਂ ਇਸ ਗਲ ਨੂੰ ਹਾਊਸ ਸਾਹਮਣੇ ਲਿਆਂਦਾ ਗਿਆ ਤਾਂ ਉਸ ਦਾ post mortem ਵੀ ਕਰ ਦਿਆਂਗਾ ।

ਸਪੀਕਰ ਸਾਹਿਬ, ਪੰਜਾਬ ਦੇ ਸੂਬੇ ਦੀ ਪਾਲਿਸੀ ਦਾ ਜ਼ਿਕਰ ਇਨ੍ਹਾਂ ਕੀਤਾ ਹੈ। ਤੁਸੀਂ ਆਪ ਹੀ ਅੰਦਾਜ਼ਾ ਲਗਾਉ ਕਿ ਕਿਦਣ ਵਜ਼ਾਰਤ ਬਣੀ ਤੇ 20 ਦਿਨਾਂ ਵਿਚ ਬਜਟ ਸਪੀਚ ਨੂੰ ਤਿਆਰ ਕਰਨਾ ਫਿਰ ਬਾਕੀ ਦੇ ਕੰਮ ਨੂੰ ਚਲਾਉਣਾ ਕਿੰਨਾ ਮੁਸ਼ਕਿਲ ਹੋ ਜਾਂਦਾ ਹੈ। ਗਵਰਨਰ ਸਾਹਿਬ ਦੇ ਭਾਸ਼ਨ ਵਿਚ ਵੀ ਇਸ ਗੱਲ ਦਾ ਜ਼ਿਕਰ ਸੀ ਕਿ ਨਵੀਂ ਵਜ਼ਾਰਤ ਨੂੰ ਬਣਿਆਂ ਬਹੁਤ ਚਿਰ ਨਹੀਂ ਹੋਇਆ ਅਤੇ ਨਵੀਆਂ ਲੀਹਾਂ ਤੁਹਾਡੇ ਸਾਹਮਣੇ ਆਹਿਸਤਾ ਆਹਿਸਤਾ ਆਉਣਗੀਆਂ । ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਮੈਨੂੰ ਖੁਸ਼ੀ ਹੈ ਕਿ ਜਿੰਨੀ ਅਪੋਜ਼ੀਸ਼ਨ ਆਈ ਹੈ ਇਹ ਇਨ੍ਹਾਂ ਨਵੀਆਂ ਲੀਹਾਂ ਪਾਉਣ ਵਿਚ ਸਰਕਾਰ ਦੀ ਮਦਦ ਕਰੇਗੀ। ਫਿਰ ਮਨਿਸਟਰਾਂ ਦੀ ਗਿਣਤੀ ਤੇ ਗਿਲਾ ਕੀ ਕਰਨਾ ਹੈ। ਇਨ੍ਹਾਂ ਪਾਸ ਕੇਵਲ ਗਾਲ੍ਹਾਂ ਹੀ ਰਹਿ ਗਈਆਂ ਹਨ ਜੇਕਰ ਇਹ ਲੋਕਾਂ ਦੇ ਦੁਖ ਦਸਣ ਤਾਂ ਤੇ ਇਨ੍ਹਾਂ ਵਜ਼ੀਰਾਂ ਦੀ ਗਿਣਤੀ ਦੀ ਲੋੜ ਹੈ ਤਾਂ ਜੋ ਇਨ੍ਹਾਂ ਵਲੋਂ ਦਸੀਆਂ ਤਕਲੀਫਾਂ ਨੂੰ ਦੂਰ ਕੀਤਾ ਜਾਵੇ ਤੇ ਮੈਂ ਤਾਂ ਆਪਣੇ ਸਾਰੇ ਸਾਥੀਆਂ ਨੂੰ ਕਿਹਾ ਹੈ ਕਿ ਤੁਸੀਂ ਇਨ੍ਹਾਂ ਵਿਚੋਂ ਇਕ ਇਕ ਮੈਂਬਰ ਨੂੰ ਮਿਲ ਕੇ ਇਨ੍ਹਾਂ ਦੀਆਂ ਤਕਲੀਫਾਂ ਨੂੰ ਸੁਣੋ, ਪੜਤਾਲ ਕਰੋ ਅਤੇ ਸਚਾਈ ਤਕ ਪਹੁੰਚ ਕੇ ਉਨ੍ਹਾਂ ਨੂੰ ਦੂਰ ਕਰਨ ਦਾ ਯਤਨ ਕਰੋ। ਇਹ ਤਾਂ ਤੁਹਾਡੀ ਸਹਾਇਤਾ ਲਈ ਰਖੇ ਗਏ ਹਨ ਤਾਂ ਜੋ ਪੰਜਾਬ ਦੀ ਤਰੱਕੀ ਕੀਤੀ ਜਾ ਸਕੇ। ਤੁਹਾਡੇ ਦੁੱਖ ਅਤੇ ਸ਼ਿਕਾਇਤਾਂ ਦਾ ਇਲਾਜ ਕਰਨ ਲਈ ਅਤੇ ਤੁਹਾਡੀਆਂ ਸੱਚੀਆਂ ਗਲਾਂ ਦੀ respect ਕਰਨ ਲਈ, ਉਨ੍ਹਾਂ ਦੀ ਪੁਛ ਪੜਤਾਲ ਲਈ ਸਾਨੂੰ ਗਿਣਤੀ ਵਧਾਣੀ ਪਈ ਹੈ। ਜੇਕਰ ਤੁਸੀਂ ਸਚਾਈ ਨਾਲ ਆਏ ਹੋ ਤਾਂ ਆਪ ਹੀ ਮਹਿਸੂਸ ਕਰੋਗੇ ਕਿ ਇਨ੍ਹਾਂ ਦੀ ਗਿਣਤੀ ਦੀ ਲੋੜ ਹੈ ਜਾਂ ਨਹੀਂ। ਜੇਕਰ ਧੋਖੇ ਨਾਲ ਆਏ ਹੋ ਤਾਂ ਇਸ ਦਾ ਕੀ ਇਲਾਜ ਹੋ ਸਕਦਾ ਹੈ। ਸਾਡੀ ਸਰਕਾਰ ਨੇ ਫੈਸਲਾ ਕੀਤਾ ਹੈ ਕਿ

[ਮੁੱਖ ਮੰਤਰੀ)

ਪੰਜਾਬ ਨੂੰ ਤਰੱਕੀ ਵਲ ਲਿਜਾਣਾ ਹੈ ਇਸ ਵਿਚ ਮੈਂ ਚਾਹੁੰਦਾ ਹਾਂ ਕਿ ਤੁਹਾਡੀ ਮਦਦ ਲਈ ਜਾਵੇ ਜਿਨ੍ਹਾਂ ਡਰੇਨਾਂ ਦਾ, ਸਕੂਲਾਂ ਦਾ ਅਤੇ ਹੋਰ ਕਈ ਗੱਲਾਂ ਦਾ ਤੁਸੀਂ ਜ਼ਿਕਰ ਕੀਤਾ ਹੈ ਉਨ੍ਹਾਂ ਦੇ ਬਾਰੇ ਵਿਚ ਮੈਂ ਕਿਹਾ ਹੈ ਕਿ ਸਰਕਾਰੀ ਮਹਿਕਮੇ ਵੇਖਣ ਕਿ ਕਿਥੇ ਅਟਕਾਉ ਪਾਇਆ ਗਿਆ ਹੈ ਅਤੇ ਉਸ ਨੂੰ ਦੂਰ ਕੀਤਾ ਜਾਵੇ ਪਰ ਇਹ ਤਾਂ ਹੀ ਹੋ ਸਕਦਾ ਹੈ ਜੇਕਰ ਤੁਸੀਂ ਸਾਰੇ ਜੋ ਅਪੋਜ਼ੀਸ਼ਨ ਵਿਚ ਹੋ co-operation ਦਿਉਗੇ ਹੁਣ ਤਾਂ ਅਜੇ ਤੁਸੀਂ ਆਏ ਹੀ ਹੋ। ਸਰਕਾਰ ਨੂੰ ਸੁਝਾਉ ਦਿਉ ਤਾਂ ਕਿ ਸੂਬਾ ਤਰੱਕੀ ਕਰ ਸਕੇ । ਚਾਰ ਸਾਲ ਤਾਂ ਘਟੋ ਘਟ ਤੁਸੀਂ ਸਾਨੂੰ co-operation ਦਿਉ ਫਿਰ ਜਦ ਇਕ ਸਾਲ ਅਗਲੀਆਂ ਚੋਣਾਂ ਵਿਚ ਰਹਿ ਜਾਵੇਗਾ ਤਾਂ ਤੁਸੀਂ ਜਿਸ ਤਰ੍ਹਾਂ ਚਾਹੋ ਸਾਡੇ ਨਾਲ ਲੜ ਝਗੜ ਕੇ ਆਪਣੇ ਵੋਟਰਾਂ ਨੂੰ ਗੁਮਰਾਹ ਕਰ ਲੈਣਾ। ਪੰਜਾਬ ਦੀ ਧਰਤੀ ਲਈ ਹੁਣ ਸਾਰਿਆਂ ਨੂੰ ਮਿਲਕੇ ਹੰਭਲਾ ਮਾਰਨਾ ਚਾਹੀਦਾ ਹੈ। ਇਹ ਉਹ ਧਰਤੀ ਹੈ ਜਿਸ ਨੂੰ ਸ਼ਹੀਦਾਂ ਦੀ ਧਰਤੀ ਕਹਿੰਦੇ ਹਨ । ਜਿਥੇ ਰਿਸ਼ੀ ਮੁਨੀ ਤੇ ਅਵਤਾਰਾਂ ਦਾ ਆਗਮਨ ਹੋਇਆ। ਇਸ ਧਰਤੀ ਦੀ sacredness ਤੇ ਹਰ ਕੋਈ ਮਾਣ ਤੇ ਗੌਰਵ ਕਰਦਾ ਹੈ ਇਸ ਲਈ ਇਸ ਨੂੰ ਤਰੱਕੀ ਵਲ ਜਾਣ ਦਿਉ ਅਤੇ ਆਪਣੇ ਬਜ਼ੁਰਗਾਂ ਦਾ ਜੋ ਕਰਜ਼ਾ ਉਨ੍ਹਾਂ ਦੀਆਂ ਕੁਰਬਾਨੀਆਂ ਦਾ ਸਾਡੇ ਉਪਰ ਹੈ ਉਸ ਨੂੰ ਲਾਹੁਣ ਦਿਉ ਮੈਂ ਸਮਝਦਾ ਹਾਂ ਤਾਂ ਹੀ ਅਸੀਂ ਅਗੇ ਵਧ ਸਕਾਂਗੇ ਅਤੇ ਇਹ ਮੇਰਾ ਪੰਜਾਬ ਤਰੱਕੀ ਕਰੇਗਾ ।

Mr. Speaker : I shall now put the amendments to the vote of the House one by one.

Mr. Speaker : Question is—

That in the motion, the following be *added* at the end, namely,—

"but regret that—

(a) the Hodal, Nuh, Pataudi and Pataudа Road has not been completed as yet ;

(b) the Government has not connected Halley Mandi to Farukhnagar Town which suffers a lot in respect of transport etc. ; and

(c) the dry mountains of the Nuh Tehsil have not been released and this has created a great lot of troubles to the inhabitants for earning their livelihood".

The motion was lost.

Mr. Speaker : Question is—

That in the motion, the following be *added* at the end, namely,—

"but regret that—

(a) there is no mention of large scale official interference in the recent General Elections and of other irregularities committed by officials ;

(b) no action has been taken on complaints against Deputy Commissioner, Sangrur for open interference in the elections ;

(c) no action has been taken against the Kotwal of Sangrur for torturing peaceful Satyagrahis in Sangrur Kotwali in the month of September, 1961.

(d) no effective steps have been proposed to overcome the menace of water logging ;

(e) no effective steps have been proposed to ameliorate the deteriorating economic conditions of Harijans and other backward classes ;

(f) no justification has been offered for appointment of a horde of Ministers and Deputy Ministers far in excess of actual requirements ;

(g) no note has been taken of increasing lawlessness on the part of the police ;

(h) no mention has been made regarding the implementation of recommendations of betterment levy committee ; and

(i) no proposals have been made to improve the pay-scales and other service conditions of Government employees".

After ascertaining the votes of the Members present by voices, Mr. Speaker gave an opinion. The opinion was challenged. The bells were scunded. The question was put again and lost by a voice vote.

The motion was declared lost

Mr. Speaker : Question is—

That in the motion, the following be *added* at the end, namely,—

"but regret that—

(a) no mention has been made to separate the Judiciary from the Executive ;

(b) no mention has been made to enforce prohibition in the State ; and

(c) nothing has been said about the progress and development of Co-operative Farming".

The House then divided.

Ayes : 46

Noes : 77

The motion was declared lost.

AYES

1. Ajit Kumar, Babu.
2. Amar Singh, Shri.
3. Babu Singh, Comrade.
4. Bachan Singh, Babu.
5. Baldev Parkash, Dr.
6. Balramji Dass Tandon, Shri.
7. Banwari Lal, Shri.
8. Bhan Singh Bhaura, Comrade.
9. Chiranji Lal, Pandit.
10. Devi Lal, Chaudhri.
11. Fakiria, Shri.
12. Gurmej Singh, Sardar. (Fatehgarh).
13. Gurbux Singh, Comrade. (Dhurkot).
14. Gurbakhsh Singh, Sardar (Dhariwal)
15. Gurcharan Singh, Sardar.
16. Gurnam Singh, Sardar.
17. Hardit Singh, Sardar.
18. Hardit Singh Bhathal, Comrade.
19. Honna Mal, Shri.
20. Inder Singh, Shri.
21. Jagan Nath, Shri.
22. Jagjit Singh, Sardar (Naraingarh).
23. Jagjit Singh, Sardar (Zira).
24. Jangir Singh Joga, Comrade.
25. Kartar Singh, Sardar.
26. Kultar Singh, Sardar.
27. Lachhman Singh, Sardar.
28. Lakhi Singh, Sardar.
29. Makhan Singh, Comrade (Tarsikka).
30. Makhan Singh, Sardar (Haruwal).
31. Manphul Singh, Shri.

[Mr Speaker]

32. Mohan Lal Dutt, Pandit.
33. Mukhtiar Singh, Shri.
34. Net Ram, Shri.
35. Nihal Singh, Shri.
36. Om Parkash, Shri.
37. Ram Dhari Gaur, Shri (Gohana).
38. Ram Dhari, Shri.
39. Ram Sarup, Chaudhri.
40. Ram Singh, Chaudri.
41. Sat Dev, Shri.
42. Shamsher Singh, Comrade.
43. Shamsher Singh, Sardar (Ludhiana).
44. Tara Singh, Sardar.
45. Teja Singh, Sardar.
46. Tek Ram, Chaudhri.

NOES

1. Ajmer Singh, Sardar.
2. Amar Nath, Shri.
3. Babu Dayal, Shri.
4. Bal Krishan, Shri.
5. Baloo Ram, Chaudhri.
6. Balwant Singh, Sardar.
7. Benarsi Das Gupta, Shri.
8. Bhagirath Lal, Shri.
9. Bhag Singh, Sardar.
10. Bhagwant Dayal, Shri.
11. Brish Bhan, Shri.
12. Chand Ram, Shri.
13. Chandrawati, Shrimati.
14. Chuhar Singh, Chaudhri.
15. Darbara Singh, Sardar
16. Dilbagh Singh, Sardar.
17. Dina Nath, Shri.
18. Gian Chand, Shri.
19. Gian Singh Rarewala, Sardar.
20. Gulab Singh, Sardar.
21. Gurmej Singh, Sardar (Gumanpura).
22. Gurmit Singh 'Mit', Sardar.
23. Guran Das Hans, Bhagat.
24. Gurbanta Singh, Sardar.
25. Gurdarshan Singh, Sardar
26. Gurmail, Shri.
27. Gurdial Singh Dhillon, Sardar.
28. Harbans Lal, Shri.
29. Harcharan Singh, Sardar.
30. Harchand Singh, Sardar.
31. Hardwari Lal, Shri.
32. Harinder Singh, Sardar.
33. Hari Ram, Chaudhri.
34. Hira Lal, Shri.
35. Jagat Ram, Chaudhri.
36. Jagir Singh, Sardar.
37. Jai Inder Singh, Sardar.
38. Jasdev Singh Sandhu, Sardar.
39. Kanhiya Lal, Shri.
40. Kartar Singh Gyani, Sardar.
41. Khurshed Ahmed, Shri.
42. Mehar Singh, Thakur.
43. Mohan Lal, Shri.
44. Multan Singh, Shri.
45. Narain Singh, Sardar (Shahbazpuri).
46. Nihal Singh, Shri (Mahindergarh).
47. Narinjan Singh 'Talib', Sardar.
48. Om Prabha Jain, Shrimati.
49. Parsani Devi, Shrimati.
50. Partap Singh Kairon, Sardar.
51. Piara Singh, Sardar.
52. Prem Singh 'Prem', Sardar.
53. Pritam Singh Sahoke, Sardar.
54. Ram Chandra, Comrade.
55. Ram Kishan, Shri.
56. Ram Pal Singh, Shri.
57. Ram Partap Garg, Shri.
58. Ram Piara, Comrade.
59. Ram Parkash, Shri.
60. Ram Rattan, Shri.
61. Ram Saran Chand Mital, Shri.
62. Ranbir Singh, Chaudhri.
63. Ran Singh, Chaudhri.
64. Rattan Singh, Shri.
65. Roop Lal, Shri.
66. Rup Singh 'Phul', Shri.
67. Sarla Devi, Shrimati.
68. Satnam Singh, Sardar.
69. Sita Ram, Shri.
70. Sumitra Devi, Rajkumari.
71. Sunder Singh, Chaudhri.
72. Tirlochan Singh, Sardar.
73. Tayya Hussain Khan, Chaudhri.

74. Ujagar Singh, Sardar.
75. Yash Paul, Shri.
76. Yusuf Zaman Begum, Her Highness.
77. Zail Singh, Sardar.

Mr. Speaker : Question is—

That in the motion, the following be *added* at the end namely,—

"but regret that no mention has been made to—

(a) check the political interference in day-to-day Administration ;

(b) set up an enquiry to probe into irregularities done and partisan attitude of the Government servants in general elections of 1962 ;

(c) assess and remove unemployment in the State ;

(d) implement the Supreme Court's decision to apply the rule of reservation in promotions to the Scheduled Castes and Scheduled Tribes Government Servants in the State ; and

(e) promote and improve the leather industry in the State."

The motion was lost.

Mr. Speaker : Question is—

That in the motion, the following be *added* at the end, namely,—

"but regret that—

(a) no mention has been made in the Address of the weakening of democracy in the State and consequent curtailment and loss of the Civil liberties ;

(b) the extravagance, lack of simplicity and austerity in the administration has not been deplored in the Address ;

(c) no mention has been made in the Address of the inability of the Government to advance towards the attainment of a socialistic pattern of society ;

(d) no notice has been taken in the Address of the heavy burden of taxation ; and

(e) there is no mention in the Address of the hardship to the landless tenants due to wrong and unjust policies regarding land."

The motion was lost.

Mr. Speaker : Question is—

That in the motion, the following be *added* at the end, namely,—

"but regret that no assurance has been given that in case of Police Firing Judicial Enquiry shall be made."

The motion was lost.

Mr. Speaker: Now I come to amendment No. 13 It stands in the name of Chaudhri Devi Lal.

चौधरी देवी लाल : स्पीकर साहिब, यह बहुत जरूरी amendment है और यह Leader of the Opposition की है, इस लिये इस पर जरूर division होनी चाहिये ।

Mr. Speaker : Question is—

That in the motion, the following be *added* at the end, namely,—

"but regret that—

(i) no mention has been made of the high-handedness and interference of the Government during the general elections of 1962 about which there is so much unrest and agitation in the State ;

(ii) it gives a misleading picture of the law and order situation in the State ;

(iii) no mention has been made of the discriminatory treatment meted out to the people of Haryana and the Hindi Region in all spheres of Governmental activities ;

(iv) no mention has been made of the grievances of the people of Haryana and Hindi Region put before the Dass Commission and of the appointment of an independent Commission to go into the matter of differential treatment meted out to them ;

(v) it fails to suggest a final solution of the question of betterment levy in the State ;

(vi) it fails to give a solution of the language problem of the Punjab for which a Committee under the chairmanship of the Governor was appointed in 1960 ; and

(vii) it fails to implement the Regional Formula as promised every now and then by all concerned and specially in so far as it affected the Hindi Region of the State."

After ascertaining the votes of the Members by voices, Mr. Speaker said "I think the Noes have it". This opinion was challenged and division was claimed. Mr. Speaker after calling upon those Members who were for "Aye" and those who were for "No" respectively to rise in their places and on a count having been taken, declared that the motion was lost.

The motion was lost.

Mr. Speaker : Now I will put amendment No. 14 given notice of by Shri Rup Singh Phul, M.L.A.

Shri Rup Singh Phul : Sir, I withdraw my amendment.

Mr. Speaker : Has the Hon. Member the leave of the House to withdraw his amendment ?

Some Hon. Members : Yes.

Some Hon. Members : No.

Mr. Speaker : As the Hon. Member has not got the leave to withdraw his amendment, I shall put the amendment to the vote of the House.

Mr. Speaker : Question is—

That in the motion, the following be *added* at the end, namely,—

"but regret that no mention has been made to—

(i) speed up road construction and their communicational development of the hilly areas of the State at top priority level ;

(ii) separate the judiciary from the executive in the entire State in the near future ;

(iii) give proprietary rights to the classified tenants of district Kangra ;

(iv) raise the salaries of the Revenue Chowkidars in the State ;

(v) fix the salary of the Forest Rakhas ;

(vi) open a P. W.D. (B&R) Division at Hamirpur ;

(vii) carry the Family Planning programme in the Rural areas more vigorously;

(viii) convert the Primary Health Centre Hamirpur into Referral Hospital ;

(ix) open a Degree College at Hamirpur ;

(x) resettle the evicted Harijan tenants on culturable lands very shortly ;

(xi) raise the pay scales of Class III and Class IV Government employees ;

(xii) provide reservation in the matter of promotion to the members of the Scheduled Castes ;

(xiii) allocate substantial amount for the construction of houses for the Harijans ; and

(xiv) include 'Tarkhan' community along with lohar community in the list of the 'Backward Classes'."

The motion was lost.

Mr. Speaker : Question is—

That in the motion, the following be *added* at the end, namely,—

"but regret that—

(i) there is no mention of such a big, expanded and unwanted Cabinet of the State ;

(ii) there is no mention of the large State interference by the Government servants in the elections ;

(iii) there is no mention of abolition of multi-taxation either in the form of House-Tax or Immovable Urban Property Tax ;

(iv) there is no mention of controlling the day-to-day worsening law and order position in the State ;

(v) of requesting the Union Government to take suitable steps to check ever-rising prices of essential commodities ;

(vi) there is no mention of fixing at least Rs 100 per month for fourth grade employees in the State ; and

(vii) there is no mention for making provision of free education in privately-managed schools as is being done in Government-managed schools."

The motion was lost.

Mr. Speaker : Question is—

That in the motion, the following be *added* at the end, namely,—

"but regret that no mention has been made—

(i) for the implementation of the powers of the Regional Committees ; and

(ii) Specifically for the development of Industries in the so-called "Backward Area of Haryana"

The Motion was lost

[Mr. Speaker]

(7) the construction of the following roads :—

(i) Dera Baba Jaimal Singh to Sairon Baga (distance 4 miles), (ii) Darbar Sahib Baba Bakala to Batala Road (distance 1/4 mile), (iii) Batala to Kartarpur (distance 1½ miles) and (iv) Baba Bakala to Jalalusman *via* Wadala Bhilai Pur ;

(8) the completion of Patti and Khilchian Drains near villages Arjan Manga, Chananka, Saidoke and Chung ;

(9) the construction of bridges over the Patti and Khilchian drains near the following villages :—

(i) Arjan Manga, (ii) Chanan Kai and (iii) Dherdev ;

(10) the grant to village Bhoaiwal for the State permanent outline dispensary ;

(11) the opening of State permanent Government outline dispensary in village Chajalwadi ;

(12) the opening of maternity home at Baba Bakala and Sathiala villages (Buildings available) ;

(13) the opening of Primary Health Centre at Baba Bakala ; and

(14) the opening of N.E.S. Block, Raya."

The motion was lost.

Mr. Speaker : Question is—

That in the motion, the following be *added* at the end, namely,—

"but regret that no mention has been made to—

(1) abolish the Upper House of the State ;

(2) relax the burden of heavy taxes on the general population in the State ;

(3) adopt a uniform practice for the upgradation of schools in the State ;

(4) make the officials feel that they are not the masters of the masses but they should realize that they are servants of the public."

The motion was lost.

Mr. Speaker : Question is—

That in the motion, the following be *added* at the end, namely,—

"but regret that no mention has been made about—

(a) the menace of stray cattle in the State ;

(b) any protective measures to save the river side villages in the Sub-Tehsil Mukerian from the imminent danger of extinction due to the terrible erosions made by river Beas on the Mukerian side ; and

(c) the problem of serious water-logging in Mukerian Sub-Tehsil."

The motion was lost.

(6) the construction of bridges over the Patti Drain and Kasur Drains and others between the following :—

(a) Fatoobhilla and Shahzada,
(b) Tarsikka and Dehriwala,
(c) Malowal and Talwandi,
(d) Rana Kala and Jabowal,
(e) Naraingarh and Kotla,
(f) Jand and Chhapa,
(g) Bundala and Varpal,
(h) Chhina and Makhanwind,
(i) Mehoka and Talwandi, and
(j) Taragarh and Timowal ;

(7) the opening of Dispensaries at villages Nawanpind, Kaleke, Ram Diwali Musalmana and Varpal of Amrisar District ;

(8) the opening of Veterinary Hospital at Chhijalwadi Tangra district Amritsar ;

(9) the electrification of villages Naraingarh, Ranakala, Kotla, Talwandi, Malowal, Tanel, Bhatike, Jand Sarai Bulara of Amritsar District ;

(10) the opening of Women Hospital at Jandiala Guru ;

(11) the declaring of Jandiala Guru as industrial area ;

12) the upgrading of Government Higher Secondary School, Jandiala Guru to a College ;

(13) the opening of Primary Health Centre at Tarsikka ; and

(14) the construction of a building for Government Girls College, Amritsar."

The motion was lost.

Mr. Speaker : Question is—

That in the motion, the following be *added* at the end, namely,—

"but regret that no mention has been made about—

(1) the taking over of the National College, Sathiala with Agriculture Classes under the Government control ;

(2) the taking over of the following privately-managed high schools under the Government control :—

(i) Janta High School, Khalchian, and

(ii) Gram Panchayat High School, Bhorchi Rajputan ;

(3) the upgrading of the following Girls High Schools to Higher Secondary :—

(i) Mata Nanki Girls High School, Baba Bokala, and

(ii) Chajalwadi Girls High School ;

(4) (i) the upgrading of Girls Middle School, Sathiala to Higher Secondary, and

(ii) the upgrading of Boys Middle School, Raya to Higher Secondary ;

(5) the upgrading of Government Primary Schools, Beas, Khanpur, Butter Sivia, Jodha, Timowal, Tilawan, Wadala and Chananka ;

(6) the demand of opening new Primary Schools in following villages :—

(i) Bhoaiwal, (ii) Shahpur, (iii) Jalluwal, (iv) Jamalpur, (v) Gadli and vi Chung ;

Mr. Speaker : Question is—

That in the motion, the following be *added* at the end, namely,—

"but regret that no mention has been made about—

(a) the problem of water-logging in Palwal Sub-Division ;

(b) flood havoc in Gurgaon District ;

(c) the construction of—

(i) Hassanpur—Mohana Road in Khadar area,

(ii) Bami Khera—Dighot—Hassanpur Road, and

(iii) Palwal—Rasulpur—Hassanpur Road ;

(d) the check of floods likely to be caused by the Gaunchhi drain in Gurgaon District ; and

(e) shortage of power supply in Palwal Sub-Division."

The motion was lost

Mr. Speaker : Question is —

That the Members of the Vidhan Sabha assembled in this Session are deeply grateful to the Governor for the Address which he has been pleased to deliver to both the Houses of the State Legislature assembled together on the 15th March, 1962.

After ascertaining the votes of the Members by voices, Mr. Speaker said "I think the Ayes have it". This opinion was challenged and division was claimed. Mr. Speaker after calling upon those Members who were for "Aye" and those who were for "No", respectively, to rise in their places and on a count having been taken, declared that the motion was carried.

The motion was carried (Cheers)

1—16 p.m.

Mr. Speaker : The House stands adjourned till 9 a.m. on Thursday, the 5th April, 1962.

(*The Sabha then adjourned till* 9.00 a. *m. on Thursday, the 5th April*, 1962).

———

17425P.V.S.—375—31-10-62—C., P. & S., Pb., Chandigarh.